**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage



Blue Diamond
BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924
Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237



**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455
Raj Shergill
rajsshergill@yahoo.com
Associate Broker



Twenty-Second Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 20, May 15th, 2021
20451 N. Plum Grove Rd., Palatine, IL 60074
Ph:847-359-0746, Fax:847-705-9388


# ਕਰੋਨਾ ਕਾਰਨ ਮੋਦੀ ਸਰਕਾਰ ਨੂੰ ਤਕੜਾ ਹਲੂਣਾ

## ਸਿਹਤ ਪ੍ਰਬੰਧਾਂ ਦੀ ਪੋਲ ਖੁੱਲ੍ਹੀ; ਸੁਪਰੀਮ ਕੋਰਟ ਵੱਲੋਂ ਸਵਾਲ-ਦਰ-ਸਵਾਲ

**ਨਵੀਂ ਦਿੱਲੀ:** ਭਾਰਤ ਵਿਚ ਕਰੋਨਾ ਮਹਾਮਾਰੀ ਦੇ ਦੂਜੇ ਹੱਲੇ ਕਾਰਨ ਹਾਲਾਤ ਲਗਾਤਾਰ ਵਿਗੜ ਰਹੇ ਹਨ। ਕਰੋਨਾ ਦੇ ਨਵੇਂ ਮਰੀਜ਼ਾਂ ਅਤੇ ਮੌਤਾਂ ਦੀ ਗਿਣਤੀ ਵਿਚ ਵਾਧਾ ਹਾਲਾਤ ਹੋਰ ਗੰਭੀਰ ਹੋਣ ਦੇ ਸੰਕੇਤ ਦੇ ਰਹੇ ਹਨ। ਪਿਛਲੇ ਕੁਝ ਦਿਨਾਂ ਤੋਂ ਮੁਲਕ ਦੇ ਦਰਿਆਵਾਂ ਵਿਚ ਤੈਰਦੀਆਂ ਮਿਲ ਰਹੀਆਂ ਲਾਸ਼ਾਂ ਇਸ਼ਾਰਾ ਕਰ ਰਹੀਆਂ ਹਨ ਕਿ ਹਾਲਾਤ ਸਰਕਾਰ ਵੱਲੋਂ ਪੇਸ਼ ਕੀਤੇ ਜਾ ਰਹੇ ਅੰਕੜਿਆਂ ਤੋਂ ਕਿਤੇ ਵੱਧ ਡਰਾਉਣੇ ਹਨ।

ਕਰੋਨਾ ਮਹਾਮਾਰੀ ਨਾਲੋਂ ਮਾੜੇ ਸਿਹਤ ਪ੍ਰਬੰਧ ਲੋਕਾਂ ਦੀਆਂ ਵੱਧ ਜਾਨਾਂ ਲੈ ਰਹੇ ਹਨ। ਹਸਪਤਾਲਾਂ ਵਿਚ ਬੈੱਡਾਂ ਅਤੇ ਆਕਸੀਜਨ ਦੀ ਕਮੀ ਕਾਰਨ ਮਰੀਜ਼ ਦਮ ਤੋੜ ਰਹੇ ਹਨ। ਦੇਸ਼ ਦੀ ਸੁਪਰੀਮ ਕੋਰਟ ਲਗਾਤਾਰ ਮਹਾਮਾਰੀ ਦੇ ਟਾਕਰੇ ਲਈ ਕੇਂਦਰ ਦੀ ਮਾੜੀ ਕਾਰਗੁਜ਼ਾਰੀ ਉਤੇ ਸਵਾਲ ਚੁੱਕ ਰਹੀ ਹੈ। ਕੇਂਦਰ ਸਰਕਾਰ ਆਪਣੇ ਦਮ ਉਤੇ ਪ੍ਰਬੰਧਾਂ ਦੀ ਥਾਂ ਵਿਦੇਸ਼ੀ ਸਹਾਇਤਾ ਉਤੇ ਹੀ ਨਿਗ੍ਹਾ ਟਿਕਾਈ ਬੈਠੀ ਹੈ। ਮੁਲਕ ਵਿਚ ਕਰੋਨਾ ਵਿਰੁੱਧ ਟੀਕਾਕਰਨ ਮੁਹਿੰਮ ਦਮ ਤੋੜ ਰਹੀ ਹੈ।

ਸਰਕਾਰ ਉਤੇ ਦੋਸ਼ ਲੱਗ ਰਹੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਲੋਕਾਂ ਦੀ ਪਰਵਾਹ ਕੀਤੇ ਬਿਨਾ ਆਪਣੀ ਵਾਹ-ਵਾਹ ਕਰਵਾਉਣ ਲਈ ਹੋਰ ਮੁਲਕਾਂ ਨੂੰ ਕਰੋਨਾ ਵਾਇਰਸ ਵਿਰੋਧੀ ਵੈਕਸੀਨ ਵੇਚ ਦਿੱਤੀ। ਅੰਕੜਿਆਂ ਮੁਤਾਬਕ ਕੇਂਦਰ ਸਰਕਾਰ ਨੇ 93 ਮੁਲਕਾਂ ਨੂੰ ਵੈਕਸੀਨ ਵੇਚੀ ਹੈ ਜਿਨ੍ਹਾਂ ਵਿਚੋਂ 60 ਫੀਸਦ 'ਚ ਕੋਵਿਡ-19 ਕੰਟਰੋਲ ਹੇਠ ਸੀ ਅਤੇ ਉਥੇ ਵਾਇਰਸ ਕਾਰਨ ਲੋਕਾਂ ਦੀ ਜਾਨ ਨੂੰ ਖਤਰਾ ਨਹੀਂ ਸੀ। ਇਕ ਅੰਗਰੇਜ਼ੀ ਅਖਬਾਰ 'ਚ ਛਪੀ ਖਬਰ ਮੁਤਾਬਕ ਜੇਕਰ ਟੀਕਾਕਰਨ ਦੀ ਇਹੀ ਰਫਤਾਰ ਰਹੀ ਤਾਂ ਜਿਨ੍ਹਾਂ ਲੋਕਾਂ ਨੇ ਹੁਣ ਤੱਕ ਰਜਿਸਟ੍ਰੇਸ਼ਨ ਕਰਵਾਈ ਹੈ, ਉਨ੍ਹਾਂ ਦਾ ਟੀਕਾਕਰਨ ਹੋਣ 'ਚ ਹੀ 3 ਸਾਲ ਲੱਗ ਜਾਣਗੇ।

ਮਸ਼ਹੂਰ ਮੈਡੀਕਲ ਮੈਗਜ਼ੀਨ 'ਦਿ ਲੈਂਸੇਟ' ਦੀ ਸੰਪਾਦਕੀ 'ਚ ਮਹਾਮਾਰੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। 'ਦਿ ਲੈਂਸੇਟ' ਅਨੁਸਾਰ ਅਜਿਹੇ ਮੁਸ਼ਕਿਲ ਸਮੇਂ 'ਚ ਮੋਦੀ ਦੀ ਸੋਸ਼ਲ ਮੀਡੀਆ 'ਤੇ ਆਪਣੀ ਆਲੋਚਨਾ ਅਤੇ ਖੁੱਲ੍ਹੀ ਚਰਚਾ ਨੂੰ ਦਬਾਉਣ ਦੀ ਕੋਸ਼ਿਸ਼ ਮੁਆਫੀ ਯੋਗ ਨਹੀਂ ਹੈ। ਭਾਰਤੀ ਮੈਡੀਕਲ ਐਸੋਸੀਏਸ਼ਨ ਨੇ ਸਵਾਲ ਕੀਤਾ ਹੈ ਕਿ ਮੌਤਾਂ ਦੀ ਗਿਣਤੀ ਬਾਰੇ ਅਸਲੀਅਤ ਕਿਉਂ ਛੁਪਾਈ ਜਾ ਰਹੀ ਹੈ?

ਸਭ ਤੋਂ ਭਿਆਨਕ ਪੱਖ ਇਸ ਮਹਾਮਾਰੀ ਦੌਰਾਨ ਦਵਾਈਆਂ ਤੇ ਆਕਸੀਜਨ ਦੀ ਵਧ ਰਹੀ ਕਾਲਾਬਾਜ਼ਾਰੀ ਦਾ ਹੈ। ਦੇਸ਼ ਦੇ ਵੱਖ-ਵੱਖ ਥਾਵਾਂ ਤੋਂ ਕੋਵਿਡ-19 ਦੇ ਇਲਾਜ ਲਈ ਨਕਲੀ ਦਵਾਈਆਂ ਬਣਾਉਣ, ਆਕਸੀਜਨ ਬਲੈਕ (ਮਹਿੰਗੇ ਭਾਅ) ਵਿਚ ਵੇਚਣ, ਆਕਸੀਜਨ ਕੰਸੈਂਟਰੇਟਰਾਂ ਦੀ ਜ਼ਖ਼ੀਰੇਬਾਜ਼ੀ ਅਤੇ ਐਂਬੂਲੈਂਸਾਂ ਦੀ ਵਰਤੋਂ ਲਈ ਬਹੁਤ ਜ਼ਿਆਦਾ ਪੈਸੇ ਵਸੂਲਣ ਦੀਆਂ ਖਬਰਾਂ ਆ ਰਹੀਆਂ ਹਨ।

ਸਵਾਲ ਇਹ ਵੀ ਹੈ ਕਿ ਇਕ ਪਾਸੇ ਸਰਕਾਰਾਂ ਕੋਵਿਡ-19 ਦੇ ਮਰੀਜ਼ਾਂ ਦੇ ਇਲਾਜ ਲਈ ਐਮ.ਬੀ.ਬੀ.ਐਸ. ਦੇ ਆਖਰੀ ਸਾਲ ਦੇ ਵਿਦਿਆਰਥੀਆਂ ਅਤੇ ਸੇਵਾਮੁਕਤ ਡਾਕਟਰਾਂ ਦੀਆਂ ਸੇਵਾਵਾਂ ਲੈ ਰਹੀਆਂ ਹਨ, ਉਥੇ ਹਸਪਤਾਲਾਂ ਦੇ ਦੂਸਰੇ ਵਾਰਡ ਲਗਭਗ ਬੰਦ ਪਏ ਹਨ। ਲੋਕ



ਇਹ ਸਵਾਲ ਪੁੱਛ ਰਹੇ ਹਨ ਕਿ ਜੇਕਰ ਵਿਦਿਆਰਥੀ ਅਤੇ ਸੇਵਾਮੁਕਤ ਡਾਕਟਰ ਕੋਵਿਡ-19 ਦੇ ਮਰੀਜ਼ਾਂ ਦਾ ਇਲਾਜ ਕਰ ਸਕਦੇ ਹਨ ਤਾਂ ਦੂਸਰੇ ਰੋਗਾਂ ਦੇ ਸਪੈਸ਼ਲਿਸਟ ਡਾਕਟਰ ਇਨ੍ਹਾਂ ਮਰੀਜ਼ਾਂ ਦਾ ਇਲਾਜ ਕਿਉਂ ਨਹੀਂ ਕਰ ਸਕਦੇ? ਇਹ ਸਵਾਲ

*(ਬਾਕੀ ਸਫਾ 6 ਉਤੇ)*

## ਕਾਂਗਰਸੀ ਮੰਤਰੀਆਂ ਤੇ ਵਿਧਾਇਕਾਂ ਦਾ ਕੈਪਟਨ ਖਿਲਾਫ ਮੋਰਚਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਤਕਰੀਬਨ 8 ਮਹੀਨੇ ਪਹਿਲਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ ਵੱਡੇ ਪੱਧਰ ਉਤੇ ਅੰਦਰੂਨੀ ਬਗਾਵਤ ਉਠ ਖਲੋਤੀ ਹੈ। ਮੰਤਰੀ, ਵਿਧਾਇਕ ਤੇ ਸੀਨੀਅਰ ਆਗੂ ਕੈਪਟਨ ਖਿਲਾਫ ਮੋਰਚਾ ਖੋਲ੍ਹਣ ਦੀ ਰਣਨੀਤੀ ਬਣਾਈ ਬੈਠੇ ਹਨ। ਇਸ ਲਈ ਲਗਾਤਾਰ ਮੀਟਿੰਗਾਂ ਦਾ ਦੌਰ ਜਾਰੀ ਹੈ।

ਕਾਂਗਰਸੀ ਸੰਸਦ ਮੈਂਬਰਾਂ ਪ੍ਰਤਾਪ ਸਿੰਘ ਬਾਜਵਾ, ਰਵਨੀਤ ਸਿੰਘ ਬਿੱਟੂ, ਕੈਬਨਿਟ ਮੰਤਰੀਆਂ ਚਰਨਜੀਤ ਸਿੰਘ ਚੰਨੀ ਤੇ ਗੁਰਪ੍ਰੀਤ ਸਿੰਘ ਕਾਂਗੜ ਨੇ ਗੁਪਤ ਮੀਟਿੰਗ ਕਰ ਕੇ ਫੈਸਲਾ ਕੀਤਾ ਗਿਆ ਕਿ ਸੂਬੇ ਵਿਚ ਕਾਂਗਰਸ ਦੀ ਹੋਂਦ ਬਚਾਉਣ ਲਈ ਬੇਅਦਬੀਆਂ ਸਮੇਤ ਮੁੱਖ ਮੁੱਦਿਆਂ 'ਤੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਬਿਨਾਂ ਕਿਸੇ ਦੇਰੀ ਪੂਰਾ ਕਰਵਾਉਣ ਲਈ ਮੁੱਖ ਮੰਤਰੀ ਨੂੰ ਮਜਬੂਰ ਕੀਤਾ ਜਾਵੇ। ਇਸ ਮੀਟਿੰਗ ਦੇ ਅਗਲੇ ਹੀ ਦਿਨ ਦਲਿਤ ਕਾਂਗਰਸੀ ਵਿਧਾਇਕਾਂ ਨੇ ਇਹੀ ਤੇਵਰ ਦਿਖਾਏ। ਅਜਿਹੇ ਆਗੂਆਂ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਹਾਈਕਮਾਨ ਤੱਕ ਵੀ ਪਹੁੰਚ ਕੀਤੀ ਹੈ ਤੇ ਜੇਕਰ ਕੈਪਟਨ ਹੁਣ ਵੀ ਨਾ ਜਾਗੇ ਤਾਂ ਉਹ ਅਗਲੀ ਰਣਨੀਤੀ ਉਤੇ ਵਿਚਾਰ ਕਰਨਗੇ।

ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਜੋ 'ਬਾਗੀ' ਧੜੇ ਦੀ ਅਗਵਾਈ ਕਰਦੇ ਜਾਪ ਰਹੇ ਹਨ, ਦਾ ਮੰਨਣਾ ਹੈ ਕਿ ਜੇਕਰ ਹੁਣ ਵੀ ਸਰਕਾਰ ਨੇ ਕੰਮ ਨਾ ਕੀਤਾ ਤਾਂ ਚੋਣਾਂ ਵਿਚ ਵੱਡਾ ਨੁਕਸਾਨ ਝੱਲਣਾ ਪਵੇਗਾ। ਰਵਨੀਤ ਸਿੰਘ ਬਿੱਟੂ ਨੇ ਦੋ-ਟੁੱਕ ਆਖਿਆ ਹੈ ਕਿ ਵਿਧਾਇਕ ਤੇ ਮੰਤਰੀ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੀ ਮੰਗ ਕਰ ਰਹੇ ਹਨ ਅਤੇ ਇਸ ਲਈ ਹਾਈਕਮਾਨ ਤੱਕ ਵੀ ਪਹੁੰਚ ਕਰਾਂਗੇ। ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵੱਲੋਂ ਵੀ ਨਵੀਂ ਜਾਂਚ ਟੀਮ ਨੂੰ 6 ਮਹੀਨੇ ਦਾ ਸਮਾਂ ਦੇਣ ਦਾ ਸਖਤ ਇਤਰਾਜ਼ ਕੀਤਾ। ਅਸਲ ਵਿਚ, ਮੰਤਰੀ ਤੇ ਵਿਧਾਇਕ ਕੈਪਟਨ ਸਰਕਾਰ ਦੀ ਚਾਰ ਸਾਲਾਂ ਦੀ ਮਾੜੀ ਕਾਰਗੁਜ਼ਾਰੀ ਤੋਂ ਖਫਾ ਹਨ। ਇਹ ਵੀ ਦੋਸ਼ ਲੱਗ ਰਹੇ ਹਨ ਕਿ ਕੈਪਟਨ ਆਪਣੀ ਕਿਸੇ ਮਜਬੂਰੀ ਕਾਰਨ ਬਾਦਲਾਂ ਦੇ ਥੱਲੇ ਲੱਗ ਕੇ ਕੰਮ ਕਰ ਰਹੇ ਹਨ।

ਇਸ ਤੋਂ ਪਹਿਲਾਂ ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਵੱਲੋਂ ਕੈਪਟਨ ਅਮਰਿੰਦਰ ਸਿੰਘ ਖਿਲਾਫ ਟਵੀਟਾਂ ਦੀ ਵਾਛੜ ਕਰ ਕੇ ਤਿੱਖੇ ਵਾਰ ਕੀਤੇ ਜਾ ਰਹੇ ਸਨ। ਹੁਣ ਵੱਡੀ ਗਿਣਤੀ ਵਿਧਾਇਕਾਂ ਤੇ ਮੰਤਰੀਆਂ ਦੇ ਬਾਗੀ ਸੁਰਾਂ ਤੋਂ ਜਾਪ ਰਿਹਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਇਨ੍ਹਾਂ ਆਗੂਆਂ ਦਾ ਏਕਾ ਕੈਪਟਨ ਸਰਕਾਰ ਦੀ ਕੁਰਸੀ ਹਿਲਾ ਸਕਦਾ ਹੈ।


**India Palace Restaurant**
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
Restaurant-Fine Indian Cuisine
12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com



**MOVING To INDIANA?**
ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ
*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ
*ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ
*ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
Contact me today to BUY/SELL/INVEST in Indiana.
Ph: (317) 670-1055
Beenu.sikand@gmail.com
www.LegacyHomesInternational.com
Successfully Selling Real Estate for 17 Years!
Beenu Sikand
Legacy Homes Intl.
Broker Owner,
Realtor, CRS, MBA



**BIG BAZAAR**
Grocery, Sweets & Catering
5425 E. Thompson Rd.
Indianapolis IN 46237
Buffet
Mon to Sat. 11am to 3pm
Sunday 2pm to 7pm
*Fresh Vegetables Every Thursday
*Book your catering now.
Ask for, Baljinder S. Ben
Ph: 317-640-2400
Like our Facebook page:
BigBazaarIndianGrocery



Now Open 7 Days a Week
**Regal Jewels**
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਮਾਹਿਰਾਂ ਵੱਲੋਂ ਹੁਣ ਭਾਰਤ ਵਿਚ ਕਰੋਨਾ ਦੇ ਤੀਜੇ ਹੱਲੇ ਬਾਰੇ ਚਿਤਾਵਨੀ

## ਸਰਕਾਰ ਨੂੰ ਮਹਾਮਾਰੀ ਦੇ ਟਾਕਰੇ ਲਈ ਹੁਣ ਤੋਂ ਤਿਆਰੀ ਖਿੱਚਣ ਦੀ ਸਲਾਹ



**ਨਵੀਂ ਦਿੱਲੀ:** ਕਰੋਨਾ ਵਾਇਰਸ ਮਹਾਮਾਰੀ ਦੀ ਦੂਜੀ ਲਹਿਰ ਦੇ ਤਬਾਹਕੁਨ ਪ੍ਰਭਾਵਾਂ ਵਿਚਾਲੇ ਮਾਹਿਰਾਂ ਨੇ ਇਸ ਦੀ ਤੀਜੀ ਲਹਿਰ ਦੀ ਸੰਭਾਵਨਾ ਪ੍ਰਗਟਾਉਂਦੇ ਹੋਏ ਅਪੀਲ ਕੀਤੀ ਹੈ ਕਿ ਜੇਕਰ ਲੋਕ ਸਾਵਧਾਨੀਆਂ ਵਰਤਣ, ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦਾ ਪਾਲਣ ਕਰਨ ਅਤੇ ਆਬਾਦੀ ਦੇ ਵੱਡੇ ਹਿੱਸੇ ਨੂੰ ਕਰੋਨਾ ਵਿਰੋਧੀ ਵੈਕਸੀਨ ਦੀ ਡੋਜ਼ ਲਗਾ ਦਿੱਤੀ ਜਾਵੇ ਤਾਂ ਅਗਲੀ ਲਹਿਰ ਮੌਜੂਦਾ ਲਹਿਰ ਦੇ ਮੁਕਾਬਲੇ ਘੱਟ ਗੰਭੀਰ ਹੋ ਸਕਦੀ ਹੈ।

ਸਰਕਾਰ ਨੇ ਕਿਹਾ ਕਿ ਕਰੋਨਾ ਵਾਇਰਸ ਮਹਾਮਾਰੀ ਦੀ ਤੀਜੀ ਲਹਿਰ 'ਅਟੱਲ' ਹੈ। ਹਾਲਾਂਕਿ ਇਹ ਕਦੋਂ ਆਵੇਗੀ, ਇਸ ਬਾਰੇ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ। ਕੇਂਦਰ ਸਰਕਾਰ ਦੇ ਪ੍ਰਮੁੱਖ ਵਿਗਿਆਨਕ ਸਲਾਹਕਾਰ ਕੇ ਵਿਜੈ ਰਾਘਵਨ ਨੇ ਕਿਹਾ ਕਿ ਇਸ ਮਹਾਮਾਰੀ ਨਾਲ ਨਜਿੱਠਣ ਲਈ ਹੁਣੇ ਤੋਂ ਤਿਆਰੀ ਖਿੱਚ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਾਇਰਸ ਦੇ ਵੱਡੇ ਪੱਧਰ 'ਤੇ ਫੈਲਣ ਦੇ ਮੱਦੇਨਜਰ ਤੀਜਾ ਗੇੜ ਅਟੱਲ ਹੈ, ਪਰ ਤੀਜੀ ਲਹਿਰ ਆਉਣ ਦੇ ਸਮੇਂ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਸਾਨੂੰ ਨਵੀਆਂ ਚੁਣੌਤੀਆਂ ਲਈ ਤਿਆਰ ਰਹਿਣਾ ਚਾਹੀਦਾ ਹੈ।

ਵੱਖ-ਵੱਖ ਮਾਹਿਰਾਂ ਦਾ ਮੰਨਣਾ ਹੈ ਕਿ ਪਹਿਲੀ ਲਹਿਰ ਵਿਚ ਕੇਸ ਘੱਟ ਹੋਣ ਕਰ ਕੇ ਲੋਕ ਲਾਪਰਵਾਹ ਹੋ ਗਏ ਜੋ ਕਿ ਸੰਭਾਵੀ ਤੌਰ 'ਤੇ ਮਹਾਮਾਰੀ ਦਾ ਪ੍ਰਕੋਪ ਮੁੜ ਵਧਣ ਦਾ ਇਕ ਕਾਰਨ ਹੋ ਸਕਦਾ ਹੈ ਜਦਕਿ ਬਾਕੀਆਂ ਦਾ ਕਹਿਣਾ ਹੈ ਕਿ ਵਾਇਰਸ ਵਿਚ ਆਏ ਬਦਲਾਅ ਅਤੇ ਹੋਰ ਰੂਪ ਵਧੇਰੇ ਖਤਰਨਾਕ ਹਨ।

ਪ੍ਰਮੁੱਖ ਵਿਗਿਆਨਕ ਸਲਾਹਕਾਰ ਕੇ ਵਿਜੈਰਾਘਵਨ ਨੇ ਪਿਛਲੇ ਹਫਤੇ ਕਿਹਾ ਸੀ ਕਿ ਕਰੋਨਾ ਦੀ ਤੀਜੀ ਲਹਿਰ ਆਉਣੀ ਤੈਅ ਹੈ ਅਤੇ ਸਾਨੂੰ ਨਵੀਆਂ ਲਹਿਰਾਂ ਲਈ ਤਿਆਰ ਰਹਿਣਾ ਜਰੂਰੀ ਹੈ ਪਰ ਦੋ ਦਿਨਾਂ ਬਾਅਦ ਹੀ ਉਨ੍ਹਾਂ ਸਪੱਸ਼ਟ ਕੀਤਾ ਸੀ, "ਸਾਵਧਾਨੀ, ਚੌਕਸੀ, ਰੋਕਥਾਮ, ਇਲਾਜ ਤੇ ਟੈਸਟਿੰਗ ਸਬੰਧੀ ਹਦਾਇਤਾਂ ਦਾ ਜੇਕਰ ਪਾਲਣ ਕੀਤਾ ਜਾਵੇ ਤਾਂ ਬਿਮਾਰੀ ਦੇ ਬਿਨਾਂ ਲੱਛਣਾਂ ਵਾਲੇ ਸੰਚਾਰ ਨੂੰ ਰੋਕਿਆ ਜਾ ਸਕਦਾ ਹੈ।" ਉਨ੍ਹਾਂ ਕਿਹਾ, "ਜੇਕਰ ਅਸੀਂ ਸਖਤ ਕਦਮ ਉਠਾਉਂਦੇ ਹਾਂ ਤਾਂ ਹਰ ਥਾਂ 'ਤੇ ਤੀਜੀ ਲਹਿਰ ਨਹੀਂ ਆਵੇਗੀ ਤੇ ਹੋ ਸਕਦਾ ਹੈ ਕਿਤੇ ਵੀ ਨਾ ਆਵੇ। ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਰਾਜਾਂ, ਜਿਲ੍ਹਿਆਂ ਤੇ ਸ਼ਹਿਰਾਂ ਵਿਚ ਸਾਰੇ ਪਾਸੇ ਸਥਾਨਕ ਪੱਧਰ 'ਤੇ ਦਿਸ਼ਾ-ਨਿਰਦੇਸ਼ਾਂ ਨੂੰ ਕਿੰਨੇ ਪ੍ਰਭਾਵੀ ਢੰਗ ਨਾਲ ਲਾਗੂ ਕੀਤਾ ਗਿਆ ਹੈ।"

ਮਾਹਿਰਾਂ ਅਨੁਸਾਰ ਕੁਝ ਮਹੀਨਿਆਂ ਵਿਚ ਜਦੋਂ ਕੁਦਰਤੀ ਤੌਰ 'ਤੇ ਜਾਂ ਵੈਕਸੀਨ ਦੀ ਮਦਦ ਨਾਲ ਵਿਕਸਤ ਕੀਤੀ ਗਈ ਰੋਗਾਂ ਨਾਲ ਲੜਨ ਦੀ ਸ਼ਕਤੀ ਕਮਜ਼ੋਰ ਹੋ ਜਾਵੇਗੀ ਤਾਂ ਲੋਕ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰ ਕੇ ਹੀ ਲਾਗ ਤੋਂ ਆਪਣਾ ਬਚਾਅ ਕਰ ਸਕਣਗੇ। ਜੀਨੋਮਿਕਸ ਤੇ ਅੰਦਰੂਨੀ ਜੀਵ ਵਿਗਿਆਨ ਸੰਸਥਾ, ਨਵੀਂ ਦਿੱਲੀ ਦੇ ਡਾਇਰੈਕਟਰ ਡਾ. ਅਨੁਰਾਗ ਅਗਰਵਾਲ ਨੇ ਕਿਹਾ, "ਇਸ ਸਾਲ ਦੇ ਸ਼ੁਰੂ ਵਿਚ ਜਿਵੇਂ ਹੀ ਨਵੇਂ ਕੇਸ ਘਟਣੇ ਸ਼ੁਰੂ ਹੋਏ ਲੋਕਾਂ ਨੇ ਇਕ-ਦੂਜੇ ਨਾਲ ਇਸ ਤਰ੍ਹਾਂ ਮਿਲਣਾ ਸ਼ੁਰੂ ਕਰ ਦਿੱਤਾ ਜਿਵੇਂ ਕਿ ਵਾਇਰਸ ਹੈ ਹੀ ਨਹੀਂ। ਰੋਗਾਂ ਤੋਂ ਲੜਨ ਦੀ ਸ਼ਕਤੀ ਪਹਿਲਾਂ ਹੀ ਘਟਣੀ ਸ਼ੁਰੂ ਹੋ ਚੁੱਕੀ ਹੈ। ਲੋਕਾਂ ਨੇ ਵੱਡੇ ਇਕੱਠ ਕਰਨੇ ਸ਼ੁਰੂ ਕਰ ਦਿੱਤੇ, ਮਾਸਕ ਪਾਉਣੇ ਬੰਦ ਕਰ ਦਿੱਤੇ ਅਤੇ ਵਾਇਰਸ ਨੂੰ ਮੁੜ ਹਮਲਾ ਕਰਨ ਦਾ ਮੌਕਾ ਮਿਲ ਗਿਆ।"

ਉਨ੍ਹਾਂ ਕਿਹਾ, "ਅਸੀਂ ਤੀਜੀ ਲਹਿਰ ਦੀ ਸੰਭਾਵਨਾ ਪ੍ਰਗਟਾਈ ਹੈ ਪਰ ਅਸੀਂ ਇਹ ਨਹੀਂ ਕਹਿ ਸਕਦੇ ਇਹ ਕਦੋਂ ਆਵੇਗੀ ਤੇ ਕਿੰਨੀ ਗੰਭੀਰ ਹੋਵੇਗੀ ਪਰ ਜੇਕਰ ਲੋਕ ਆਉਣ ਵਾਲੇ ਮਹੀਨਿਆਂ ਵਿਚ ਸਾਵਧਾਨੀ ਵਰਤਦੇ ਹਨ, ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦਾ ਪਾਲਣ ਕਰਦੇ ਹਨ ਅਤੇ ਅਸੀਂ ਵੱਡੀ ਗਿਣਤੀ ਲੋਕਾਂ ਦਾ ਟੀਕਾਕਰਨ ਕਰ ਸਕੀਏ ਤਾਂ ਤੀਜੀ ਲਹਿਰ ਘੱਟ ਗੰਭੀਰ ਹੋ ਸਕਦੀ ਹੈ।"ਹਾਲਾਂਕਿ, ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਬਦਲਾਅ ਇਕ ਆਮ ਪ੍ਰਕਿਰਿਆ ਹੈ ਅਤੇ ਬਦਲਾਅ ਆਮ ਤੌਰ 'ਤੇ ਸਾਵਧਾਨੀ, ਇਲਾਜ ਜਾਂ ਟੀਕਾਕਰਨ ਨੂੰ ਪ੍ਰਭਾਵਿਤ ਨਹੀਂ ਕਰਦਾ ਹੈ। ਕੌਮੀ ਬਾਇਓਮੈਡੀਕਲ ਜੀਨੋਮਿਕਸ ਸੰਸਥਾ, ਕਲਿਆਣੀ ਦੇ ਡਾਇਰੈਕਟਰ ਅਤੇ ਭਾਰਤੀ ਵਿਗਿਆਨ ਸੰਸਥਾ, ਬੰਗਲੌਰ ਦੇ ਪ੍ਰੋਫੈਸਰ ਡਾ. ਸੌਮਿੱਤਰਾ ਦਾਸ ਨੇ ਕਿਹਾ, "ਹਰ ਵਾਇਰਸ ਸਰੀਰ ਵਿਚ ਆਪਣੇ ਦੁਹਰਾਓ ਦੌਰਾਨ ਬਦਲਾਅ ਕਰਦਾ ਹੈ ਪਰ ਉਸ ਦੇ ਦੁਹਰਾਓ ਵਿਚ ਕਮੀਆਂ ਹੁੰਦੀਆਂ ਹਨ ਅਤੇ ਵਾਇਰਸ ਦੀ ਹਰ ਕਾਪੀ ਉਸ ਦਾ ਸਟੀਕ ਦੁਹਰਾਓ ਨਹੀਂ ਹੋ ਸਕਦੀ ਹੈ। ਵਾਇਰਸ ਦੇ ਰੂਪ ਵਿਚ ਛੋਟੇ ਜਾਂ ਵੱਡੇ, ਕਿਸੇ ਵੀ ਬਦਲਾਅ ਨੂੰ ਮਿਊਟੇਸ਼ਨ ਕਹਿੰਦੇ ਹਨ। ਇਕ ਵਾਇਰਸ ਵਿਚ ਅਜਿਹੇ ਹਜ਼ਾਰਾਂ ਬਦਲਾਅ ਹੁੰਦੇ ਹਨ।"


## ਨਵਾਂ ਕਰੋਨਾ ਘੱਟ ਉਮਰ ਵਾਲਿਆਂ ਨੂੰ ਬਣਾ ਰਿਹੈ ਸ਼ਿਕਾਰ

**ਅਮਰਾਵਤੀ:** ਆਂਧਰਾ ਪ੍ਰਦੇਸ਼, ਕਰਨਾਟਕ ਤੇ ਤੇਲੰਗਾਨਾ 'ਚ ਕਰੋਨਾ ਵਾਇਰਸ ਦਾ ਬਹੁਤ ਹੀ ਘਾਤਕ ਨਵਾਂ ਰੂਪ ਬੀ.1.617 ਤੇ ਬੀ.1. ਤੇਜੀ ਨਾਲ ਫੈਲ ਰਿਹਾ ਹੈ ਤੇ ਚਿੰਤਾ ਦੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਰੂਪ ਬਾਲਗਾਂ ਤੋਂ ਇਲਾਵਾ ਘੱਟ ਉਮਰ ਵਰਗ ਨੂੰ ਵੀ ਤੇਜੀ ਨਾਲ ਆਪਣਾ ਸ਼ਿਕਾਰ ਬਣਾ ਰਿਹਾ ਹੈ। ਆਂਧਰਾ ਪ੍ਰਦੇਸ਼ ਦੇ ਸਿਹਤ ਵਿਭਾਗ ਨੇ ਸੈਲੂਲਰ ਤੇ ਅਣੂ-ਬਾਇਓਲੋਜੀ ਕੇਂਦਰ ਦੇ ਅਧਿਐਨ ਦੇ ਹਵਾਲੇ ਨਾਲ ਕਿਹਾ ਕਿ ਕਰੋਨਾ ਦੇ ਐਨ440ਕੇ ਰੂਪ ਦੇ ਮਾਮਲੇ ਉਕਤ ਸੂਬੇ 'ਚ ਨਾ ਦੇ ਬਰਾਬਰ ਹਨ ਤੇ ਨਾ ਹੀ ਇਹ ਉਕਤ ਖੇਤਰ 'ਚ ਇਸ ਸਮੇਂ ਕਰੋਨਾ ਵਾਇਰਸ ਦੇ ਫੈਲਣ ਦਾ ਕਾਰਨ ਹੈ। ਸਰਕਾਰ ਅਨੁਸਾਰ ਦੱਖਣੀ ਭਾਰਤ (ਆਂਧਰਾ ਪ੍ਰਦੇਸ਼, ਕਰਨਾਟਕ, ਤੇਲੰਗਾਨਾ) ਵਿਚ ਅਪਰੈਲ ਮਹੀਨੇ ਕਰੋਨਾ ਪਾਜੀਟਿਵ ਮਰੀਜ਼ਾਂ ਦੇ ਲਏ ਗਏ ਨਮੂਨਿਆਂ 'ਚ ਬੀ.1.617 ਤੇ ਬੀ.1 ਦੀ ਪਛਾਣ ਹੋਈ ਹੈ, ਜੋ ਕਿ ਬਹੁਤ ਹੀ ਘਾਤਕ ਹੈ ਤੇ ਬਾਲਗਾਂ ਤੋਂ ਇਲਾਵਾ ਛੋਟੀ ਉਮਰ ਵਰਗ ਦੇ ਲੋਕਾਂ ਨੂੰ ਵੀ ਆਪਣਾ ਸ਼ਿਕਾਰ ਬਣਾ ਰਿਹਾ ਹੈ।

## ਦਿੱਲੀ ਵਿਚ ਤਾਲਾਬੰਦੀ ਹੋਰ ਵਧਾਈ

**ਨਵੀਂ ਦਿੱਲੀ:** ਦਿੱਲੀ ਵਿਚ ਕਰੋਨਾ ਵਾਇਰਸ ਦੇ ਮਰੀਜ਼ਾਂ ਦੀ ਗਿਣਤੀ ਭਾਵੇਂ ਕੁਝ ਘਟਣ ਲੱਗੀ ਹੈ ਪਰ ਫਿਰ ਵੀ ਦਿੱਲੀ ਸਰਕਾਰ ਨੇ ਲੋਕਾਂ ਤੇ ਖਾਸ ਕਰ ਕੇ ਵਪਾਰੀ ਵਰਗ ਦੀ ਰਾਇ ਨਾਲ ਸਹਿਮਤ ਹੁੰਦੇ ਹੋਏ ਕੌਮੀ ਰਾਜਧਾਨੀ ਵਿਚ ਚੌਥੀ ਵਾਰ ਤਾਲਾਬੰਦੀ ਵਧਾਉਣ ਦਾ ਫੈਸਲਾ ਲਿਆ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਿੱਲੀ ਵਿਚ ਕਰੋਨਾ ਵਾਇਰਸ ਦੀ ਪਾਜ਼ੇਟਿਵਿਟੀ ਦਰ ਘੱਟ ਗਈ ਹੈ ਪਰ ਫਿਰ ਵੀ ਨਵੇਂ ਮਰੀਜ਼ ਵੱਡੀ ਗਿਣਤੀ ਵਿਚ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਹਾਲਾਂਕਿ ਤਾਲਾਬੰਦੀ ਦੇ ਪੱਖ ਵਿਚ ਨਹੀਂ ਸੀ ਪਰ ਇਸ ਵਿਚ ਵਾਧਾ ਕਰਨਾ ਪਿਆ ਹੈ। ਉਨ੍ਹਾਂ ਕਿਹਾ ਕਿ 20 ਅਪਰੈਲ ਨੂੰ ਮਜਬੂਰੀਵੱਸ ਤਾਲਾਬੰਦੀ ਕੀਤੀ ਗਈ ਤੇ 26 ਅਪਰੈਲ ਨੂੰ ਪਾਜ਼ੇਟਿਵਿਟੀ ਦਰ 35 ਫੀਸਦ ਤੱਕ ਪਹੁੰਚ ਗਈ ਸੀ, ਜੋ ਹੁਣ ਘਟੀ ਹੈ। ਤਾਲਾਬੰਦੀ ਕਰਨ ਨਾਲ ਕੌਮੀ ਰਾਜਧਾਨੀ ਵਿਚ ਕਰੋਨਾ ਦੀ ਪਾਜੇਟਿਵਿਟੀ ਦਰ 23 ਫੀਸਦ ਤੱਕ ਆ ਗਈ। ਉਨ੍ਹਾਂ ਕਿਹਾ ਕਿ ਪਹਿਲਾਂ 10 ਮਈ ਨੂੰ ਖਤਮ ਹੋਣ ਵਾਲੀ ਤਾਲਾਬੰਦੀ ਹੁਣ 17 ਮਈ ਨੂੰ ਸਵੇਰੇ 5 ਵਜੇ ਤੱਕ ਲਾਗੂ ਰਹੇਗੀ।

ਸ੍ਰੀ ਕੇਜਰੀਵਾਲ ਨੇ ਕਿਹਾ ਕਿ ਇਸ ਵਾਰ ਵੱਧ ਸਖਤੀ ਵਰਤਦੇ ਹੋਏ ਸਾਰੀਆਂ ਮੈਟਰੋ ਸੇਵਾਵਾਂ ਬੰਦ ਰਹਿਣਗੀਆਂ। ਵਿਆਹ ਵੀ ਘਰਾਂ ਵਿਚ ਜਾਂ ਅਦਾਲਤਾਂ ਵਿਚ ਹੀ ਹੋਣਗੇ ਅਤੇ ਇਨ੍ਹਾਂ ਵਿਚ 20 ਤੋਂ ਜ਼ਿਆਦਾ ਵਿਅਕਤੀ ਇਕੱਤਰ ਨਹੀਂ ਹੋ ਸਕਣਗੇ।

Low Interest Rates in History
No Cost Refinancing Available!
Call Madan Khatri
Ph: 847-530-1550
Madan@MoonstarMortgage.com
IL and CA Mortgage Loan Licensee
We Works From Start to End!

Madan Khatri
NMLS # 1980752
Moonstar Mortgage Inc.
MOONSTAR Mortgage
953 Plum Grove Road, Unit B, Schaumburg, IL 60173

LAW OFFICES OF VIVEK MALIK
Follow us on :
ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law
Come talk to an experienced immigration attorney
Toll Free No.
866-424-4000
OUR OFFICES
• 432 S Emerson Ave, Suite 220, Greenwood, IN 46143 Phone: 317.560.4777
• 1067 N Mason Rd., Suite 4, St Louis, Missouri 63141 Phone: 314.416.8000
• 2440 W Shaw Ave., Suite 205, Fresno, California 93711 Phone: 559.578.4344
www.usa-immigrationlaw.com
Business Immigration & Worksite Compliance
ਬਿੰਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੁਵਲ ਡਿਫੈਂਸੀ ਐਂਡ ਵੈਵੇਰਸ
Languages SPOKEN Punjabi | Hindi | Urdu | Spanish & English

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA

Gurdip Singh Sandhu
Live on Jas TV
Saturday 9:30AM and Sunday 4PM (Pacific Time)
Email: Homeomedicine@yahoo.com
7021 Village Park Way, Dublin, CA 94568

# ਕੇਂਦਰ ਨੂੰ ਆਕਸੀਜਨ ਤੇ ਵੈਕਸੀਨ ਕੋਟਾ ਵਧਾਉਣ ਦੀ ਅਪੀਲ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਸੂਬੇ ਨੂੰ ਮਿਲਦਾ ਆਕਸੀਜਨ ਸਪਲਾਈ ਦਾ ਕੋਟਾ 267 ਮੀਟਰਿਕ ਟਨ ਤੋਂ ਵਧਾ ਕੇ 300 ਮੀਟਰਿਕ ਟਨ ਕੀਤਾ ਜਾਵੇ ਤੇ ਕਰੋਨਾ ਵਾਇਰਸ ਤੋਂ ਬਚਾਅ ਲਈ ਵੈਕਸੀਨ ਦੀਆਂ ਲੋੜੀਂਦੀਆਂ ਖੁਰਾਕਾਂ ਦੀ ਸਪਲਾਈ ਯਕੀਨੀ ਬਣਾਈ ਜਾਵੇ। ਕੈਪਟਨ ਨੇ ਕਿਹਾ ਕਿ ਸੂਬੇ ਨੂੰ ਆਕਸੀਜਨ ਤੇ ਵੈਕਸੀਨ ਦੀ ਕਿੱਲਤ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ। ਕੈਪਟਨ ਨੇ ਇਹ ਦੋਵੇਂ ਮਸਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕੋਵਿਡ-19 ਦੇ ਹਾਲਾਤ ਸਬੰਧੀ ਸਮੀਖਿਆ ਲਈ ਕੀਤੀ ਚਰਚਾ ਦੌਰਾਨ ਉਠਾਏ। ਇਸ ਦੌਰਾਨ ਕਰੋਨਾ ਸੰਕਟ ਨਾਲ ਨਜਿੱਠਣ ਦੇ ਢੰਗ ਤੇ ਤਰੀਕਿਆਂ ਬਾਰੇ ਵੀ ਚਰਚਾ ਕੀਤੀ ਗਈ। ਪ੍ਰਧਾਨ



ਮੰਤਰੀ ਨੇ ਪੰਜਾਬ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ ਹੈ।

ਮੀਟਿੰਗ ਉਪਰੰਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਸ ਜਤਾਈ ਕਿ ਕੇਂਦਰ ਸਰਕਾਰ ਆਕਸੀਜਨ ਦੀ ਸਪਲਾਈ ਵਧਾਉਣ ਲਈ ਫੌਰੀ ਕਦਮ ਉਠਾਏਗੀ। ਉਨ੍ਹਾਂ ਕਿਹਾ ਕਿ ਕਰੋਨਾ ਵਾਇਰਸ ਮਹਾਮਾਰੀ ਦੀ ਬੇਕਾਬੂ ਹੋਈ ਦੂਜੀ ਲਹਿਰ ਕਰ ਕੇ ਪੈਦਾ ਹੋਏ ਹਾਲਾਤ ਨਾਲ ਅਸਰਦਾਰ ਤਰੀਕੇ ਨਾਲ ਨਜਿੱਠਣ ਲਈ ਕਰੋਨਾ ਵਿਰੋਧੀ ਵੈਕਸੀਨ ਤਰਜੀਹੀ ਆਧਾਰ 'ਤੇ ਪੰਜਾਬ ਭੇਜਣੀਆਂ ਯਕੀਨੀ ਬਣਾਈਆਂ ਜਾਣ। ਕੈਪਟਨ ਨੇ ਕਿਹਾ ਕਿ 45 ਸਾਲ ਤੋਂ ਵੱਧ ਉਮਰ ਵਰਗ ਲਈ ਵੀ ਵੈਕਸੀਨ ਡੋਜ਼ ਦੀ ਵੱਡੀ ਘਾਟ ਹੈ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਦੱਸਿਆ ਕਿ ਸੂਬੇ ਵਿਚ ਕਰੋਨਾ ਦੀ ਲਾਗ ਤੋਂ ਪੀੜਤ ਗੰਭੀਰ ਮਰੀਜ਼ਾਂ ਦੀ ਵਧਦੀ ਗਿਣਤੀ ਦੇ ਮੱਦੇਨਜ਼ਰ ਪੰਜਾਬ ਨੂੰ ਫੌਰੀ 300 ਮੀਟਰਿਕ ਟਨ ਆਕਸੀਜਨ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਹਸਪਤਾਲਾਂ ਵਿਚ ਦਾਖਲ ਵੱਡੀ ਗਿਣਤੀ ਮਰੀਜ਼ ਕੌਮੀ ਰਾਜਧਾਨੀ ਸਮੇਤ ਹੋਰਨਾਂ ਸੂਬਿਆਂ ਤੋਂ ਹਨ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਹਫਤਿਆਂ ਦੌਰਾਨ ਲੈਵਲ-2 ਤੇ 3 ਵਾਲੇ ਸਰਕਾਰੀ ਤੇ ਨਿੱਜੀ ਹਸਪਤਾਲਾਂ ਵਿਚ ਕਰੋਨਾ ਦੇ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ ਵਧਣ ਕਰ ਕੇ ਆਕਸੀਜਨ ਦੀ ਮੰਗ ਵੀ ਇਕਦਮ ਵਧੀ ਹੈ।

## ਇਹ ਸਮਾਂ ਸਿਆਸਤ ਦੀ ਥਾਂ ਜਾਨਾਂ ਬਚਾਉਣ ਦਾ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖ ਬੀਰ ਸਿੰਘ ਬਾਦਲ ਨੇ ਆਖਿਆ ਕਿ ਉਹ ਪਾਰਟੀ ਤੇ ਪਾਰਟੀ ਤੋਂ ਬਾਹਰਲੇ ਹਰ ਇਕ ਬੰਦੇ ਨੂੰ ਬੇਨਤੀ ਕਰਦੇ ਹਨ ਕਿ ਇਸ ਵੇਲੇ ਸਿਆਸਤ ਲਾਂਭੇ ਰੱਖੋ ਅਤੇ ਜਾਨਾਂ ਬਚਾਉਣ ਲਈ ਇਕਜੁੱਟ ਹੋਵੋ। ਉਨ੍ਹਾਂ ਆਖਿਆ ਕਿ ਇਸ ਸਮੇਂ ਨਾ ਕੋਈ ਕਾਂਗਰਸੀ, ਨਾ ਅਕਾਲੀ, ਨਾ 'ਆਪ' ਅਤੇ ਨਾ ਭਾਜਪਾ ਅਤੇ ਨਾ ਹੀ ਕੋਈ ਕਾਮਰੇਡ ਹੈ। ਇਸ ਵੇਲੇ ਅਸੀਂ ਸਾਰੇ ਮਹਿਜ ਮਨੁੱਖ ਹਾਂ। ਸਾਨੂੰ ਸਾਰਿਆਂ ਨੂੰ ਇਕਜੁੱਟ ਹੋ ਕੇ ਇਸ ਅੰਧਕਾਰ ਵਿਚੋਂ ਬਾਹਰ ਆਉਣਾ ਤੇ ਇਸ ਨੂੰ ਹਰਾਉਣਾ ਚਾਹੀਦਾ ਹੈ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਦੀਵਾਨ ਹਾਲ ਵਿਚ 50 ਬਿਸਤਰਿਆਂ ਵਾਲਾ ਕਰੋਨਾ ਸਹਾਇਤਾ ਕੇਂਦਰ ਤੇ ਆਕਸੀਜਨ ਲੰਗਰ ਖੋਲ੍ਹਿਆ ਗਿਆ ਜਿਸ ਦਾ ਉਦਘਾਟਨ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੀਤਾ।

## ਹਰਿਆਣਾ 'ਚ 17 ਮਈ ਤੱਕ ਪਾਬੰਦੀਆਂ

**ਚੰਡੀਗੜ੍ਹ:** ਹਰਿਆਣਾ ਵਿਚ ਕਰੋਨਾ ਵਾਇਰਸ ਦੇ ਵਧਦੇ ਕੇਸਾਂ ਨੂੰ ਦੇਖਦਿਆਂ ਸੂਬਾ ਸਰਕਾਰ ਨੇ 17 ਮਈ ਤੱਕ ਪਾਬੰਦੀਆਂ ਜਾਰੀ ਰੱਖਣ ਦਾ ਫੈਸਲਾ ਲਿਆ ਹੈ। ਸੂਬੇ ਵਿਚ ਪਹਿਲਾਂ ਤੋਂ ਲੱਗੀਆਂ ਪਾਬੰਦੀਆਂ 17 ਤੱਕ ਜਾਰੀ ਰਹਿਣਗੀਆਂ। ਇਹ ਜਾਣਕਾਰੀ ਹਰਿਆਣਾ ਦੇ ਗ੍ਰਹਿ ਤੇ ਸਿਹਤ ਮੰਤਰੀ ਅਨਿਲ ਵਿੱਜ ਨੇ ਟਵੀਟ ਕਰ ਕੇ ਦਿੱਤੀ। ਦੱਸਣਯੋਗ ਹੈ ਕਿ ਹਰਿਆਣਾ ਸਰਕਾਰ ਨੇ ਪਹਿਲਾਂ 3 ਮਈ ਤੋਂ 9 ਮਈ ਤੱਕ ਇਕ ਹਫਤੇ ਲਈ ਤਾਲਾਬੰਦੀ ਕੀਤੀ ਸੀ। ਇਸ ਦੌਰਾਨ ਸਿਰਫ ਜ਼ਰੂਰੀ ਵਸਤਾਂ ਦੀਆਂ ਦੁਕਾਨਾਂ ਖੋਲ੍ਹਣ ਦੇ ਆਦੇਸ਼ ਦਿੱਤੇ ਗਏ ਹਨ ਜਦਕਿ ਸੜਕਾਂ 'ਤੇ ਆਵਾਜਾਈ ਬੰਦ ਰਹੇਗੀ। ਹਰਿਆਣਾ ਸਰਕਾਰ ਨੇ ਸੂਬੇ ਵਿਚ ਐਮਰਜੈਂਸੀ ਸੇਵਾਵਾਂ ਨੂੰ ਛੱਡ ਕੇ ਸਾਰੇ ਗੈਰ-ਜ਼ਰੂਰੀ ਕੰਮ-ਧੰਦੇ ਬੰਦ ਰੱਖਣ ਦਾ ਫੈਸਲਾ ਲਿਆ ਹੈ।

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available



ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ
ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।
ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ:
ਫੋਨ: 651-353-9584
18-21



ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ
ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ
ਕਾਲ ਕਰੋ: ਮਿ. ਸਿੰਘ
ਫੋਨ: 515-291-1961
18-21

ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ ਲੋੜ ਹੈ
ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।
ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ
ਸੰਪਰਕ ਕਰੋ, ਫੋਨ: 317-406-9924
13-16+




ਵੇਟਰ, ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਰਹਿਣ ਦਾ ਪ੍ਰਬੰਧ
ਸੰਪਰਕ ਕਰੋ, ਮਿਸਟਰ ਸਿੰਘ
ਫੋਨ: 608-886-2500
12+

# ਨਵੀਂ ਸਿੱਟ ਦੇ ਗਠਨ ਪਿੱਛੋਂ ਕੈਪਟਨ ਸਰਕਾਰ ਦੀ ਨੀਅਤ 'ਤੇ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕੋਟਕਪੂਰਾ ਪੁਲਿਸ ਗੋਲੀ ਕਾਂਡ ਦੀ ਜਾਂਚ ਲਈ ਤਿੰਨ ਸੀਨੀਅਰ ਪੁਲਿਸ ਅਧਿਕਾਰੀਆਂ 'ਤੇ ਅਧਾਰਿਤ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕੀਤਾ ਗਿਆ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਨੂੰ ਤਰਜੀਹੀ ਆਧਾਰ 'ਤੇ ਛੇ ਮਹੀਨਿਆਂ ਵਿਚ ਮੁਕੰਮਲ ਕਰਨ ਲਈ ਨਿਰਦੇਸ਼ ਦਿੱਤੇ ਗਏ ਹਨ।

ਨਵੀਂ ਗਠਿਤ ਐਸ.ਆਈ.ਟੀ. ਕੋਟਕਪੂਰਾ ਗੋਲੀਬਾਰੀ ਦੀਆਂ ਘਟਨਾਵਾਂ ਸਬੰਧੀ ਦਰਜ ਦੋ ਐਫ.ਆਈ.ਆਰਜ. (ਮਿਤੀ 14 ਅਕਤੂਬਰ 2015 ਅਤੇ 7 ਅਗਸਤ, 2018) ਦੀ ਜਾਂਚ ਕਰਨਗੇ। ਉਧਰ, ਸਿੱਖ ਜਥੇਬੰਦੀਆਂ ਤੇ ਵਿਰੋਧੀ ਧਿਰਾਂ ਸਰਕਾਰ ਦੀ ਨੀਅਤ ਉਤੇ ਸਵਾਲ ਚੁੱਕ ਰਹੀਆਂ ਹਨ। ਕੈਪਟਨ ਸਰਕਾਰ ਉਤੇ ਦੋਸ਼ ਲੱਗ ਰਹੇ ਹਨ ਕਿ ਸਰਕਾਰ ਚੋਣ ਜ਼ਾਬਤਾ ਲੱਗਣ ਤੱਕ ਮਾਮਲੇ ਨੂੰ ਲਟਕਾਉਣ ਦੀ ਰਣਨੀਤੀ ਉਤੇ ਕੰਮ ਕਰ ਰਹੀ ਹੈ। ਕੈਪਟਨ ਸਰਕਾਰ ਦੇ ਕੁਝ ਆਪਣੇ ਮੰਤਰੀ ਤੇ ਵਿਧਾਇਕ ਵੀ ਵੱਡੇ ਸਵਾਲ ਖੜ੍ਹੇ ਕਰ ਰਹੇ ਹਨ।



ਉਧਰ, ਕਾਨੂੰਨੀ ਮਾਹਰ ਵੀ ਦਾਅਵਾ ਕਰ ਰਹੇ ਹਨ ਕਿ ਸਰਕਾਰ ਨੇ ਭਾਵੇਂ 5ਵੀਂ ਜਾਂਚ ਟੀਮ ਗਠਿਤ ਕਰ ਦਿੱਤੀ ਹੈ ਪਰ ਹੁਣ ਇਸ ਕਾਂਡ ਦੀ ਅਸਲੀਅਤ ਸਾਹਮਣੇ ਲਿਆਉਣ ਅਤੇ ਮੁਲਜ਼ਮਾਂ ਨੂੰ ਸਲਾਹਾਂ ਪਿੱਛੇ ਭੇਜਣਾ ਆਸਾਨ ਨਹੀਂ ਹੋਵੇਗਾ। ਬੇਅਦਬੀ ਤੋਂ ਬਾਅਦ ਵਾਪਰੇ ਕੋਟਕਪੂਰਾ ਗੋਲੀ ਕਾਂਡ ਦੀ ਹੁਣ ਤੱਕ ਜਸਟਿਸ ਜੋਰਾ ਸਿੰਘ ਕਮਿਸ਼ਨ, ਜਸਟਿਸ ਰਣਜੀਤ ਸਿੰਘ ਕਮਿਸ਼ਨ, ਕੁੰਵਰ ਵਿਜੈ ਪ੍ਰਤਾਪ ਦੀ ਵਿਸ਼ੇਸ਼ ਜਾਂਚ ਟੀਮ, ਪੰਜਾਬ ਪੁਲਿਸ ਦੀ ਜਿਲ੍ਹਾ ਵਿਸ਼ੇਸ਼ ਟੀਮ ਜਾਂਚ ਕਰ ਚੁੱਕੇ ਹਨ ਅਤੇ ਹੁਣ ਏ.ਡੀ.ਜੀ.ਪੀ. ਐੱਲ.ਕੇ.ਯਾਦਵ ਦੀ ਅਗਵਾਈ ਵਿਚ ਬਣੀ ਵਿਸ਼ੇਸ਼ ਜਾਂਚ ਟੀਮ ਨੇ ਆਪਣੀ ਰਿਪੋਰਟ ਪੰਜਾਬ ਸਰਕਾਰ ਨੂੰ ਛੇ ਮਹੀਨਿਆਂ ਵਿਚ ਸੌਂਪਣੀ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਦੀਆਂ ਕਈ ਏਜੰਸੀਆਂ ਆਪਣੇ ਪੱਧਰ 'ਤੇ ਇਸ ਮਾਮਲੇ ਦੀ ਜਾਂਚ ਕਰ ਚੁੱਕੀਆਂ ਹਨ ਪਰ ਕੋਈ ਵੀ ਪੜਤਾਲ ਰਿਪੋਰਟ ਅਜੇ ਤੱਕ ਅੰਜ਼ਾਮ ਤੱਕ ਨਹੀਂ ਪੁੱਜੀ। ਹਾਲਾਂਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿਚ ਨਵੀਂ ਐਫ.ਆਈ.ਆਰ. ਦਰਜ ਕਰਕੇ ਸਾਰੇ ਮਾਮਲੇ ਦੀ ਜਾਂਚ ਕਰਨ ਦੀ ਸਿਫਾਰਸ਼ ਕੀਤੀ ਸੀ। ਇਸੇ ਸਿਫਾਰਸ਼ ਦੇ ਆਧਾਰ 'ਤੇ ਪੰਜਾਬ ਸਰਕਾਰ ਨੇ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਵਿਸ਼ੇਸ਼ ਜਾਂਚ ਟੀਮ ਵਿਚ ਮੈਂਬਰ ਵਜੋਂ ਨਾਮਜ਼ਦ ਕਰਕੇ ਪੜਤਾਲ ਮੁਕੰਮਲ ਕਰਨ ਲਈ ਕਿਹਾ ਸੀ ਪਰ ਕੁੰਵਰ ਵਿਜੈ ਪ੍ਰਤਾਪ ਦੀ ਜਾਂਚ ਟੀਮ ਨੇ ਅਜਿਹੇ ਖਲਾਅ ਪੈਦਾ ਕਰ ਦਿੱਤੇ ਹਨ ਜਿਨ੍ਹਾਂ 'ਚੋਂ ਨਿਕਲਣ ਲਈ ਨਵੀਂ ਜਾਂਚ ਟੀਮ ਨੂੰ ਕਾਫੀ ਮੁਸ਼ੱਕਤ ਕਰਨੀ ਹੋਵੇਗੀ।

ਨਵੀਂ ਜਾਂਚ ਟੀਮ ਉਨ੍ਹਾਂ 77 ਪੁਲਿਸ ਮੁਲਾਜ਼ਮਾਂ ਦੀ ਸ਼ਿਕਾਇਤ ਉੱਪਰ ਵੀ ਕਾਰਵਾਈ ਕਰੇਗੀ ਜੋ 14 ਅਕਤੂਬਰ 2015 ਨੂੰ ਧਰਨਾਕਾਰੀਆਂ ਨਾਲ ਟਕਰਾਅ ਦੌਰਾਨ ਜਖਮੀ ਹੋ ਗਏ ਸਨ। ਪੀੜਤਾਂ ਦਾ ਕਹਿਣਾ ਹੈ ਕਿ ਇਨਸਾਫ ਦੇਣ ਵਿਚ ਪੰਜਾਬ ਸਰਕਾਰ ਨੇ ਪਹਿਲਾਂ ਹੀ ਬਹੁਤ ਦੇਰੀ ਕਰ ਦਿੱਤੀ ਹੈ ਅਤੇ ਨਵੀਂ ਜਾਂਚ ਟੀਮ ਤੋਂ ਵੀ ਉਨ੍ਹਾਂ ਨੂੰ ਜ਼ਿਆਦਾ ਉਮੀਦ ਨਹੀਂ ਹੈ।

ਕੋਟਕਪੂਰਾ ਗੋਲੀ ਕਾਂਡ ਵਿਚ ਸਿਖਰਲੇ ਸੱਤ ਪੁਲਿਸ ਅਧਿਕਾਰੀਆਂ ਖਿਲਾਫ ਚਲਾਨ ਪੇਸ਼ ਹੋ ਗਏ ਸਨ ਪਰ ਕਾਨੂੰਨ ਦੀ ਨਜ਼ਰ ਵਿਚ ਇਹ ਚਲਾਨ ਇੰਨੇ ਕਮਜ਼ੋਰ ਸਨ ਕਿ ਅਦਾਲਤ ਵਿਚ ਮੁਲਜ਼ਮਾਂ ਖਿਲਾਫ ਮੁਢਲੀ ਸੁਣਵਾਈ ਵੀ ਸ਼ੁਰੂ ਨਹੀਂ ਹੋ ਸਕੀ।

## ਨਵੀਂ ਪੜਤਾਲੀਆ ਟੀਮ ਧੋਖਾ ਕਰਾਰ

**ਚੰਡੀਗੜ੍ਹ:** ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਗੁਰਦੀਪ ਸਿੰਘ ਬਠਿੰਡਾ ਅਤੇ ਅਕਾਲੀ ਦਲ (ਅ) ਦੇ ਸਕੱਤਰ ਜਨਰਲ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬੇਅਦਬੀ ਗੋਲੀ ਕਾਂਡ ਸਬੰਧੀ ਨਵੀਂ ਸਿਟ ਨੂੰ 6 ਮਹੀਨੇ ਦਾ ਸਮਾਂ ਦੇਣ ਬਾਰੇ ਲੋਕਾਂ ਨਾਲ ਵੱਡਾ ਮਜ਼ਾਕ ਅਤੇ ਧੋਖਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਹਾਈ ਕੋਰਟ ਦੇ ਫੈਸਲੇ ਨੂੰ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ। ਗੋਲੀ ਕਾਂਡ ਸਬੰਧੀ ਜਾਂਚ ਪਹਿਲਾਂ ਹੀ ਮੁਕੰਮਲ ਹੋ ਚੁੱਕੀ ਹੈ। ਜੇਕਰ ਦੁਬਾਰਾ ਕਾਨੂੰਨੀ ਕਾਰਵਾਈ ਕਰਨ ਲਈ ਜਾਂਚ ਕਰਨੀ ਹੈ ਤਾਂ ਸਾਰੇ ਗਵਾਹਾਂ ਦੇ ਦੁਬਾਰਾ ਬਿਆਨ ਲੈ ਕੇ ਮਹੀਨੇ ਤੋਂ ਘੱਟ ਸਮੇਂ ਵਿਚ ਦੁਬਾਰਾ ਚਲਾਨ ਪੇਸ਼ ਕੀਤਾ ਜਾ ਸਕਦਾ ਹੈ। ਜੇ ਸਰਕਾਰ ਚਾਹੇ ਤਾਂ ਕੇਸ ਦੀ ਰੋਜ਼ਾਨਾ ਸੁਣਵਾਈ ਲਈ ਕੈਬਨਿਟ ਵਿਚ ਮਤਾ ਪਾਸ ਕਰ ਸਕਦੀ ਹੈ ਪਰ ਕੈਪਟਨ ਨੇ 4 ਸਾਲ ਤੋਂ ਵੱਧ ਸਮਾਂ ਤਾਂ ਬਾਦਲ ਸਰਕਾਰ ਦੀ ਲੁੱਟ ਅਤੇ ਜ਼ੁਲਮਾਂ ਉਪਰ ਪਰਦਾ ਪਾਉਣ ਵਿਚ ਹੀ ਲੰਘਾ ਦਿੱਤਾ ਹੈ।

## ਸਰਕਾਰ ਮਾਮਲਾ ਲਟਕਾਉਣ ਦੀ ਕੋਸ਼ਿਸ਼ ਵਿਚ: ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਕੋਟਕਪੂਰਾ ਗੋਲੀ ਕਾਂਡ ਵਿਚ ਲੋਕਾਂ ਨੂੰ ਇਨਸਾਫ ਦਿਵਾਉਣ ਦੀ ਜਗ੍ਹਾ ਨਵੀਂ ਵਿਸ਼ੇਸ਼ ਜਾਂਚ ਕਮੇਟੀ ਬਣਾ ਕੇ ਮਾਮਲਾ ਲਮਕਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ 2015 'ਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੌਰਾਨ ਬਰਗਾੜੀ ਵਿਚ ਸਾਜ਼ਿਸ਼ ਤਹਿਤ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ 2017 'ਚ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਮੁੱਖ ਮੰਤਰੀ ਬਣਨ 'ਤੇ ਬੇਅਦਬੀ ਕਾਂਡ ਦੇ ਮੁਲਜ਼ਮਾਂ ਨੂੰ ਸਜਾ ਦਿਵਾਉਣ ਦਾ ਵਾਅਦਾ ਕੀਤਾ ਪਰ ਲਗਭਗ ਸਾਢੇ ਚਾਰ ਸਾਲ ਬੀਤਣ 'ਤੇ ਵੀ ਇਹ ਵਾਅਦਾ ਵਫ਼ਾ ਨਹੀਂ ਹੋ ਸਕਿਆ।

# ਪੰਜਾਬ ਵਿਚ ਹੁਣ ਬਰਡ ਫਲੂ ਦੀ ਦਸਤਕ

**ਲੁਧਿਆਣਾ:** ਕਿਲ੍ਹਾ ਰਾਏਪੁਰ ਦੇ ਇਕ ਪੋਲਟਰੀ ਫਾਰਮ 'ਚ ਬਰਡ ਫਲੂ ਦਾ ਸੈਂਪਲ ਪਾਜੀਟਿਵ ਆਉਣ ਮਗਰੋਂ ਫਾਰਮ 'ਚ 19,200 ਮੁਰਗੀਆਂ ਮਾਰ ਕੇ ਮਿੱਟੀ ਵਿਚ ਦੱਬ ਦਿੱਤੀਆਂ ਗਈਆਂ। ਸੂਬਾ ਸਿੰਘ ਨਾਮੀ ਪੋਲਟਰੀ ਫਾਰਮ ਵਿਚ ਬਰਡ ਫਲੂ ਹੋਣ ਦੀ ਸੂਚਨਾ ਮਿਲਦਿਆਂ ਹੀ ਪਸ਼ੂ ਪਾਲਣ ਵਿਭਾਗ ਨੇ ਟੀਮਾਂ ਬਣਾ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪਹਿਲੇ ਦਿਨ ਪੋਲਟਰੀ ਫਾਰਮ ਦੀਆਂ 19,200 ਮੁਰਗੀਆਂ ਨਸ਼ਟ ਕੀਤੀਆਂ ਗਈਆਂ। ਮੁਰਗੀਆਂ ਵੱਡੀ ਗਿਣਤੀ ਵਿਚ ਹੋਣ ਕਾਰਨ ਇਸ ਕੰਮ ਨੂੰ ਤਿੰਨ-ਚਾਰ ਦਿਨ ਹੋਰ ਲੱਗਣ ਦੀ ਸੰਭਾਵਨਾ ਹੈ। ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਵੱਲੋਂ ਇਸ ਸਬੰਧੀ ਜਾਰੀ ਕੀਤੇ ਪਲਾਨ ਤਹਿਤ ਸਬੰਧਤ ਪੋਲਟਰੀ ਫਾਰਮ ਤੋਂ ਇਲਾਵਾ ਇਸ ਦੇ ਇਕ ਕਿਲੋਮੀਟਰ ਦੇ ਘੇਰੇ 'ਚ ਪੈਂਦੇ ਸਮੁੱਚੇ ਪੋਲਟਰੀ ਪੰਛੀਆਂ, ਆਂਡਿਆਂ ਅਤੇ ਇਨ੍ਹਾਂ ਦੀ ਫੀਡ ਨਸ਼ਟ ਕੀਤੀ ਜਾਣੀ ਹੈ।


A & I Transport Inc.

123 E Lee Rd Watsonville, CA Ph: 831-763-7805


ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ


ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ

ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ


ਅਮੋਲਕ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*

• Class A Driver. • Clean driving record • Ability to pass DOT drug test.

*We offer the following benefits of employment*

• 55 Cents Per Mile or loaded-Solo • 70 Cents Per Mile-Teams.
• Newer equipment for Driver comfort (2019-2021).
• *$3,000 Signing Bonus For Drivers for 11 western states.
• *$1,000 Signing Bonus For Regional Drivers.
• We pay $75 to $150 for 34 hours reset. • Weekly pay.
• Yearly mileage bonus. • We offer 3,500-3,800+ miles
• Medical, Vision, and Dental Benefits. • Stop Pay & Bonus Layover Pay.
• Referral-Bonus for referring other Class A Drivers. • 401k Plan.

**Signing bonus subject to terms and conditions.*

For More Information Call (24 hours) Armando or Vicente, Ph: (831) 763-7805

# ਪ੍ਰਧਾਨ ਦੀ ਧੀ ਨੂੰ ਪ੍ਰਿੰਸੀਪਲ ਬਣਾਉਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਦੀ ਬੇਟੀ ਨੂੰ ਸਕੂਲ ਦੀ ਪ੍ਰਿੰਸੀਪਲ ਨਿਯੁਕਤ ਕਰਨ ਦਾ ਮਾਮਲਾ ਗਰਮਾ ਗਿਆ ਹੈ। ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਨੇ ਇਸ ਨਿਯੁਕਤੀ 'ਤੇ ਇਤਰਾਜ਼ ਕਰਦਿਆਂ ਇਸ ਨੂੰ ਦੀਵਾਨ ਦੇ ਨਿਯਮਾਂ ਦੀ ਉਲੰਘਣਾ ਕਰਾਰ ਦਿੱਤਾ ਹੈ। ਦੂਜੇ ਪਾਸੇ ਪ੍ਰਧਾਨ ਨਿਰਮਲ ਸਿੰਘ ਨੇ ਇਸ ਨੂੰ ਨਿਯਮਾਂ ਅਨੁਸਾਰ ਕੀਤੀ ਨਿਯੁਕਤੀ ਕਰਾਰ ਦਿੱਤਾ।

ਸਾਬਕਾ ਪ੍ਰਧਾਨ ਚੱਢਾ ਨੇ ਦੀਵਾਨ ਦੇ ਮੌਜੂਦਾ ਪ੍ਰਧਾਨ ਖਿਲਾਫ ਕਈ ਗੰਭੀਰ ਦੋਸ਼ ਲਾਏ ਹਨ। ਇਨ੍ਹਾਂ ਵਿਚ ਪ੍ਰਧਾਨ ਨਿਰਮਲ ਸਿੰਘ ਦੀ ਬੇਟੀ ਦੀ ਅਟਾਰੀ ਦੇ ਸਕੂਲ ਵਿਚ ਬਤੌਰ ਪ੍ਰਿੰਸੀਪਲ ਨਿਯੁਕਤੀ ਵੀ ਸ਼ਾਮਲ ਹੈ। ਚੱਢਾ ਨੇ ਕਿਹਾ ਕਿ ਨਾ ਸਿਰਫ ਪਰਿਵਾਰਕ ਮੈਂਬਰ ਨੂੰ ਨੌਕਰੀ ਦਿੱਤੀ ਗਈ ਹੈ ਸਗੋਂ ਸ਼ੁਰੂਆਤੀ ਤਨਖਾਹ ਵੀ ਵਧੇਰੇ ਦਿੱਤੀ ਗਈ ਹੈ। ਉਸ ਨੂੰ ਇਕ ਕਾਰ ਤੇ ਡਰਾਈਵਰ ਦੀ ਸਹੂਲਤ ਵੀ ਦੀਵਾਨ ਦੇ ਖਰਚੇ 'ਤੇ ਦਿੱਤੀ ਗਈ ਹੈ। ਦੀਵਾਨ ਦੇ ਖਰਚੇ 'ਤੇ ਕਾਰ ਲੈਣ ਵਾਸਤੇ ਕਾਰਜਕਾਰੀ ਕਮੇਟੀ ਦੀ ਮਨਜ਼ੂਰੀ ਵੀ ਨਹੀਂ ਲਈ। ਉਨ੍ਹਾਂ ਸਵਾਲ ਕੀਤਾ ਕਿ ਕੀ ਇਹ ਸਭ ਸਹੂਲਤਾਂ ਹੋਰਨਾਂ ਪ੍ਰਿੰਸੀਪਲਾਂ ਨੂੰ ਵੀ ਦਿੱਤੀਆਂ ਜਾ ਰਹੀਆਂ ਹਨ। ਇਸ ਦੌਰਾਨ ਉਨ੍ਹਾਂ ਕਰਮਚਾਰੀਆਂ ਨਾਲ ਵਧੀਕੀ ਕਰਨ ਦੇ ਵੀ ਦੋਸ਼ ਲਾਏ ਤੇ ਕਿਹਾ ਕਿ ਕਰਮਚਾਰੀਆਂ ਦਾ ਬੀਮਾ ਸਰਕਾਰੀ ਕੰਪਨੀ ਦੀ ਥਾਂ ਹੁਣ ਨਿੱਜੀ ਕੰਪਨੀ ਨੂੰ ਦੇ ਦਿੱਤਾ ਗਿਆ ਹੈ।

ਉਧਰ, ਦੀਵਾਨ ਦੇ ਮੌਜੂਦਾ ਪ੍ਰਧਾਨ ਨਿਰਮਲ ਸਿੰਘ, ਭਾਗ ਸਿੰਘ ਅਣਖੀ ਅਤੇ ਆਨਰੇਰੀ ਸਕੱਤਰ ਅਜੀਤ ਸਿੰਘ ਬਸਰਾ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਕਿ ਚੱਢਾ ਨੂੰ ਦੀਵਾਨ ਦੇ ਕੈਂਪਸ ਵਿਚ ਜਬਰੀ ਦਾਖਲ ਹੋਣ ਤੋਂ ਰੋਕਣ ਕਾਰਨ ਉਨ੍ਹਾਂ ਵੱਲੋਂ ਅਜਿਹੇ ਬੇਬੁਨਿਆਦ ਦੋਸ਼ ਲਾਏ ਜਾ ਰਹੇ ਹਨ। ਆਪਣੀ ਬੇਟੀ ਦੀ ਪ੍ਰਿੰਸੀਪਲ ਵਜੋਂ ਨਿਯੁਕਤੀ ਬਾਰੇ ਨਿਰਮਲ ਸਿੰਘ ਨੇ ਕਿਹਾ ਕਿ ਇਹ ਨਿਯੁਕਤੀ ਚੋਣ ਕਮੇਟੀ ਨੇ ਨਿਯਮਾਂ ਅਨੁਸਾਰ ਕੀਤੀ ਹੈ। ਸਰਹੱਦੀ ਖੇਤਰ ਵਿਚ ਯੋਗ ਪ੍ਰਿੰਸੀਪਲ ਨਾ ਮਿਲਣ ਕਾਰਨ ਚੋਣ ਕਮੇਟੀ ਨੇ ਇਹ ਤੀਜੀ ਵਾਰ ਨਿਯੁਕਤੀ ਕੀਤੀ ਹੈ। ਨਿਯੁਕਤ ਕੀਤੀ ਪ੍ਰਿੰਸੀਪਲ ਨੂੰ ਪਿਛਲੀ ਪ੍ਰਿੰਸੀਪਲ ਤੋਂ ਘੱਟ ਤਨਖਾਹ ਦਿੱਤੀ ਗਈ ਹੈ। ਉਸ ਨੂੰ ਨੀਯਤ ਸਮੇਂ ਤੋਂ ਬਾਅਦ ਪ੍ਰਿੰਸੀਪਲ ਦੀ ਅਸਾਮੀ ਦਾ ਗਰੇਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਚੱਢਾ ਆਪਣੇ 'ਤੇ ਲੱਗੇ ਦੋਸ਼ਾਂ ਬਾਰੇ ਚਿੰਤਨ ਕਰਨ।

## ਫਰਿਜ਼ਨੋ ਵਿਖੇ ਪੰਜਾਬੀ ਟਰੱਕ ਡਰਾਈਵਰ ਦੀ ਮੌਤ

**ਫਰਿਜ਼ਨੋ (ਬਿਊਰੋ):** ਸਥਾਨਕ ਟਰੱਕ ਡਰਾਈਵਰ ਜਰਨੈਲ ਸਿੰਘ (38) ਦੀ ਪਿਛਲੇ ਦਿਨੀਂ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਉਹ ਪੰਜ ਕੁ ਸਾਲ ਪਹਿਲਾਂ ਆਪਣੇ ਚੰਗੇ ਭਵਿੱਖ ਲਈ ਅਮਰੀਕਾ ਆਇਆ ਸੀ ਅਤੇ ਇੱਥੇ ਰਾਣੀ ਟਰਾਂਸਪੋਰਟ ਲਈ ਬਤੌਰ ਡਰਾਈਵਰ ਕੰਮ ਕਰ ਰਿਹਾ ਸੀ।



ਰਾਣੀ ਟਰਾਂਸਪੋਰਟ ਦੇ ਮਾਲਕ ਸਤਨਾਮ ਸਿੰਘ ਪ੍ਰਧਾਨ ਅਨੁਸਾਰ ਜਰਨੈਲ ਸਿੰਘ ਬਹੁਤ ਮਿਹਨਤੀ ਤੇ ਇਮਾਨਦਾਰ ਇਨਸਾਨ ਸੀ। ਉਸ ਦਾ ਪਿਛਲਾ ਪਿੰਡ ਅਲਮਾਂ, ਨੇੜੇ ਤਪਾ (ਜਿਲਾ ਗੁਰਦਾਸਪੁਰ) ਹੈ। ਉਹ ਆਪਣੇ ਪਿੱਛੇ ਪਤਨੀ, ਧੀ, ਮਾਤਾ ਅਤੇ ਭਰਾ ਛੱਡ ਗਏ ਹਨ, ਜੋ ਸਾਰੇ ਪੰਜਾਬ ਹੀ ਰਹਿੰਦੇ ਹਨ। ਸਤਨਾਮ ਸਿੰਘ ਨੇ ਦੱਸਿਆ ਕਿ ਸਵਰਗੀ ਜਰਨੈਲ ਸਿੰਘ ਦੀ ਮ੍ਰਿਤਕ ਦੇਹ ਪੰਜਾਬ ਭੇਜਣੀ ਹੈ ਅਤੇ ਇਸ ਕਾਰਜ ਲਈ ਫੰਡ ਇਕੱਤਰ ਕਰਨਾ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਭਾਈਚਾਰੇ ਨੂੰ ਮਦਦ ਦੀ ਅਪੀਲ ਕੀਤੀ ਹੈ।

## ਘਰ ਉੱਤੇ ਡਿੱਗਿਆ ਛੋਟਾ ਜਹਾਜ਼, 4 ਲੋਕਾਂ ਦੀ ਮੌਤ

**ਹੈਟਿਸਬਰਗ, ਮਿਸੀਸਿਪੀ (ਬਿਊਰੋ):** ਮਿਸੀਸਿਪੀ ਵਿਚ ਇੱਕ ਛੋਟਾ ਜਹਾਜ਼ ਹਾਦਸਾਗ੍ਰਸਤ ਹੋਣ ਪਿਛੋਂ ਇੱਕ ਘਰ ਉੱਤੇ ਡਿੱਗ ਗਿਆ, ਜਿਸ ਨਾਲ ਘਰ ਦੇ ਚਾਰ ਲੋਕਾਂ ਵਿਚੋਂ ਇੱਕ ਅਤੇ ਜਹਾਜ਼ ਵਿਚ ਸਵਾਰ ਟੈਕਸਸ ਦੇ ਤਿੰਨ ਨਿਵਾਸੀਆਂ ਦੀ ਮੌਤ ਹੋ ਗਈ। ਹਾਦਸੇ ਵਿਚ ਮਰਨ ਵਾਲਾ 55 ਸਾਲਾ ਗੈਰੀ ਸਟੈਂਡਲੀ ਉਸ ਘਰ ਦਾ ਵਸਨੀਕ ਸੀ, ਜਿਥੇ ਜਹਾਜ਼ ਹਾਦਸਾਗ੍ਰਸਤ ਹੋਇਆ। ਇਸ ਤੋਂ ਇਲਾਵਾ 67 ਸਾਲਾਂ ਲੂਇਸ ਪ੍ਰੋਵੈਂਜ਼ਾ, 23 ਸਾਲਾ ਅੰਨਾ ਕੈਲਹੋਨ ਅਤੇ 2 ਸਾਲਾ ਹਾਰਪਰ ਪ੍ਰੋਵੈਂਜ਼ਾ ਵੀ ਇਸ ਹਾਦਸੇ ਵਿਚ ਮਾਰੇ ਗਏ। ਹੈਟਿਸਬਰਗ, ਜੈਕਸਨ ਸਿਟੀ ਤੋਂ 90 ਮੀਲ ਦੱਖਣ ਪੂਰਬ ਵੱਲ ਸਥਿਤ ਹੈ।

ਯੂਨੀਵਰਸਿਟੀ ਆਫ ਸਾਊਦਰਨ ਮਿਸੀਸਿਪੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਜਹਾਜ਼ ਵਿਚ ਸਵਾਰ ਤਿੰਨ ਵਿਅਕਤੀ ਇੱਕ ਯੂਨੀਵਰਸਿਟੀ ਗ੍ਰੈਜੂਏਸ਼ਨ ਸਮਾਰੋਹ ਵਿਚ ਸ਼ਾਮਿਲ ਹੋਣ ਲਈ ਹੈਟਿਸਬਰਗ ਆ ਰਹੇ ਸਨ। ਲੋਕ ਸੰਪਰਕ ਨਿਰਦੇਸ਼ਕ ਜੂਲੀ ਗੈਨੌਰ ਨੇ ਦੱਸਿਆ ਕਿ ਕੈਲਹੋਨ ਮਿਡਵੈਸਟਰਨ ਸਟੇਟ ਯੂਨੀਵਰਸਿਟੀ ਵਿਚਿਟਾ ਫਾਲਜ਼ ਵਿਚ ਜੀਵ ਵਿਗਿਆਨ ਦਾ ਅਧਿਐਨ ਕਰਨ ਵਾਲਾ ਇੱਕ ਜੂਨੀਅਰ ਸੀ।


# Matrimonials

### ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

Jatt Sikh smart girl 27 yrs old, 5'-6", MS Computer Science from US, Software Engineer at top company on H1B visa, Brother US citizen, Educated green card family, Vegetarian, Looking for suitable good looking educated cultured match residing in USA, Contact with bio-data and photos: jsp558792@gmail.com; Ph. 608-770-9437 14-17

### ਲੜਕੀ ਦੀ ਲੋੜ ਹੈ

Looking for a suitable girl for Sikh Professional Engineer, 27 Years, 5'-9", BS & MS (USA) working in Top MNC in Silicon Valley, San Jose (CA). Boy is clean shaven/Ramgarhia. NO CASTE BAR. Contact, Ph: 408-398-4644; Email: jrksnn@gmail.com 20-23

Wanted Suitable girl for US Citizen Khatri Gursikh boy, 36 years, height 5'-10', BS & MS (USA), working as a Pharmaceutical Engineer in Chicago area. Serious inquiries only. Contact, Ph: 630-290-1375 or neenakr2016@gmail.com 14-18

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624

ਪੰਜਾਬ ਟਾਈਮਜ਼

*To Advertise with Punjab Times Call: 847-359-0746*
*Visit us on the web:**wwwpunjabtimesusa.com***




ਭਾਈ ਮਨਜੀਤ ਸਿੰਘ (ਮਟਰੋਲਾ ਵਾਲੇ) ਦੇ ਬੇਟੇ ਬੋਨੋਮੀਤ ਸਿੰਘ ਦਾ ਜਨਮ ਦਿਨ ਗੁਰਦੁਆਰਾ ਪੈਲਾਟਾਈਨ ਵਿਖੇ ਮਨਾਇਆ ਗਿਆ। ਗੁਰੂਘਰ ਦੇ ਭਾਈ ਸਾਹਿਬ ਨੇ ਬੋਨੋਮੀਤ ਸਿੰਘ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸ ਮੌਕੇ ਬੋਰਡ ਤੇ ਸੰਗਤ ਮੈਂਬਰ ਬੋਨੋਮੀਤ ਸਿੰਘ ਨੂੰ ਵਧਾਈ ਤੇ ਅਸ਼ੀਰਵਾਦ ਦੇਣ ਲਈ ਸ਼ਾਮਿਲ ਹੋਏ।


ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ

ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ

ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼

**Restaurant Help**

**Immediately hiring Kitchen Helper & Dishwasher for Indian restaurant in Indiana. Good Salary and free accommodation.**

ਸੰਪਰਕ ਕਰੋ: ਟੋਨੀ

ਫੋਨ: 317-340-1470

17-20



**KULJEET (KJ) SINGH**
Managing Broker Realtor

GAYA Realty

**Interested in:**
Buying Selling
Investing Renting
Gas Stations, Motels & Shopping Malls

ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ




*Kuljeet Singh*

Over 20 Years of Experience
*Contact Information:*
**Cell: 224-305-3250**
Email: ksingh4622@gmail.com
MLS REALTOR
Serving All Chicagoland & Surrounding Suburbs
**Looking for new agents.**



**Sistar Mortgage**

Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
*Residential & Commercial Loans*

(734) 330-8859 Mobile
(586) 802-7385 Fax
Balbir.Grewal@SistarMortgage.com

*Loans Available In Most States!*

**Refinance up to 125% value of the house.*

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅਮਰੀਕਾ 'ਚ ਗੋਲੀਬਾਰੀ ਦੀਆਂ ਦੋ ਘਟਨਾਵਾਂ, ਨੌਂ ਮੌਤਾਂ

**ਕੋਲੋਰਾਡੋ ਸਪਰਿੰਗਸ:** ਅਮਰੀਕਾ ਦੇ ਕੋਲੋਰਾਡੋ ਸੂਬੇ ਵਿਚ ਇਕ ਜਨਮ ਦਿਨ ਸਮਾਰੋਹ ਦੌਰਾਨ ਬੰਦੂਕਧਾਰੀ ਨੇ ਛੇ ਵਿਅਕਤੀਆਂ ਦੀ ਹੱਤਿਆ ਕਰਨ ਤੋਂ ਬਾਅਦ ਗੋਲੀ ਮਾਰ ਕੇ ਆਪਣੀ ਵੀ ਜਾਨ ਲੈ ਲਈ। ਪੁਲਿਸ ਮੁਤਾਬਕ ਕੋਲੋਰਾਡੋ ਸਪਰਿੰਗਜ ਦੇ ਇਕ ਘਰ ਵਿਚ ਅੱਧੀ ਰਾਤ ਤੋਂ ਬਾਅਦ ਗੋਲੀਬਾਰੀ ਹੋਈ। ਹਮਲਾਵਰ ਪਾਰਟੀ ਵਿਚ ਮੌਜੂਦ ਇਕ ਮੁਟਿਆਰ ਦਾ ਮਿੱਤਰ ਦੱਸਿਆ ਜਾ ਰਿਹਾ ਹੈ। ਪਾਰਟੀ ਵਿਚ ਬੱਚੇ ਵੀ ਸਨ। ਬੰਦੂਕਧਾਰੀ ਅੰਦਰ ਆਇਆ ਤੇ ਗੋਲੀਆਂ ਚਲਾਉਣ ਤੋਂ ਬਾਅਦ ਆਪਣੇ ਆਪ ਨੂੰ ਵੀ ਗੋਲੀ ਮਾਰ ਲਈ। ਜਿਸ ਵਿਅਕਤੀ ਦਾ ਜਨਮ ਦਿਨ ਸੀ, ਉਸ ਦੀ ਵੀ ਮੌਤ ਹੋ ਗਈ ਹੈ। ਹਮਲੇ ਦਾ ਕਾਰਨ ਅਜੇ ਪਤਾ ਨਹੀਂ ਲੱਗ ਸਕਿਆ ਹੈ।

ਇਕ ਵੱਖਰੀ ਘਟਨਾ 'ਚ ਮੈਰੀਲੈਂਡ ਸੂਬੇ ਵਿਚ ਇਕ ਵਿਅਕਤੀ ਨੇ ਤਿੰਨ ਜਣਿਆਂ ਦੀ ਹੱਤਿਆ ਕਰ ਦਿੱਤੀ ਤੇ ਮਗਰੋਂ ਆਪਣੇ ਘਰ ਨੂੰ ਅੱਗ ਲਾ ਦਿੱਤੀ। ਬਾਅਦ 'ਚ ਪੁਲਿਸ ਨੇ ਹਮਲਾਵਰ ਨੂੰ ਮਾਰ ਦਿੱਤਾ। ਹਮਲਾ ਕਰਨ ਵਾਲੇ ਵਿਅਕਤੀ ਦੇ ਗੁਆਂਢੀਆਂ ਦਾ ਕਹਿਣਾ ਹੈ ਕਿ ਉਸ ਦਾ ਸੁਭਾਅ ਲੰਮੇ ਸਮੇਂ ਤੋਂ ਬੇਹੱਦ ਗੁੱਸੇ ਵਾਲਾ ਹੀ ਰਿਹਾ ਹੈ। ਪੁਲਿਸ ਮੁਤਾਬਕ ਮੁਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ 56 ਸਾਲਾ ਐਵਰਟਨ ਬਰਾਊਨ ਧੱਕੇ ਨਾਲ ਗੁਆਂਢੀਆਂ ਦੇ ਘਰ ਦਾਖਲ ਹੋਇਆ ਤੇ 41 ਸਾਲਾ ਇਸਮਾਈਲ ਦੇ ਗੋਲੀ ਮਾਰ ਦਿੱਤੀ।

ਇਸੇ ਦੌਰਾਨ ਜਦ ਸਾਰਾ ਅਲਕੋਟ (37) ਜਾਨ ਬਚਾਉਣ ਲਈ ਭੱਜੀ ਤਾਂ ਬਰਾਊਨ ਨੇ ਉਸ ਦੇ ਮਗਰ ਭੱਜ ਕੇ ਕਈ ਗੋਲੀਆਂ ਮਾਰੀਆਂ। ਜਦ ਦੋ ਹੋਰ ਗੁਆਂਢੀ ਘਰੋਂ ਬਾਹਰ ਨਿਕਲੇ ਤਾਂ ਬਰਾਊਨ ਨੇ ਉਨ੍ਹਾਂ ਦੇ ਵੀ ਗੋਲੀਆਂ ਮਾਰ ਦਿੱਤੀਆਂ। ਇਨ੍ਹਾਂ ਦੋਵਾਂ ਵਿਚੋਂ ਇਕ ਸਾਗਰ ਘਿਮਿਰੇ ਦੀ ਮਗਰੋਂ ਮੌਤ ਹੋ ਗਈ। ਇਕ ਹੋਰ ਜਖਮੀ ਦਾ ਇਲਾਜ ਚੱਲ ਰਿਹਾ ਹੈ।

# ਪੰਜਾਬ ਵਿਚ ਸ਼ਰਾਬ ਦੀ ਹੋਮ ਡਿਲਿਵਰੀ ਦੀ ਤਿਆਰੀ

**ਜਲੰਧਰ:** ਸ਼ਰਾਬ ਪੀਣ ਦੇ ਸ਼ੌਕੀਨਾਂ ਦੀਆਂ ਹੁਣ ਕੋਵਿਡ ਦੌਰਾਨ ਮੌਜਾਂ ਲੱਗ ਗਈਆਂ ਹਨ। ਹੁਣ ਉਹ ਘਰ ਬੈਠੇ ਵੀ ਸ਼ਰਾਬ ਮੰਗਵਾ ਸਕਦੇ ਹਨ। ਸ਼ਰਾਬ ਵੀ ਹੁਣ ਦੁੱਧ, ਫਲ ਅਤੇ ਸਬਜ਼ੀਆਂ ਵਾਂਗ 'ਜ਼ਰੂਰੀ ਵਸਤਾਂ' ਵਿਚ ਆ ਗਈ ਹੈ। ਕਮਿਸ਼ਨਰੇਟ ਪੁਲਿਸ ਵੱਲੋਂ ਕੋਵਿਡ ਸਬੰਧੀ ਜਿਹੜੀਆਂ ਪਾਬੰਦੀਆਂ ਤੇ ਦੁਕਾਨਾਂ ਖੋਲ੍ਹਣ ਦੇ ਸਮੇਂ ਬਾਰੇ ਜਾਣਕਾਰੀ ਦਿੱਤੀ ਗਈ ਹੈ, ਉਸ ਅਨੁਸਾਰ ਸ਼ਰਾਬ ਦੇ ਹੋਲਸੇਲ ਤੇ ਪ੍ਰਚੂਨ ਦੇ ਠੇਕੇ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 7 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਖੁੱਲ੍ਹੇ ਰਹਿਣਗੇ ਅਤੇ 3 ਵਜੇ ਤੋਂ 5 ਵਜੇ ਤੱਕ ਦੋ ਘੰਟਿਆਂ ਲਈ ਸ਼ਰਾਬ ਦੀ ਹੋਮ ਡੀਲੀਵਰੀ ਕੀਤੀ ਜਾ ਸਕਦੀ ਹੈ।

ਪੁਲਿਸ ਵੱਲੋਂ ਜਾਰੀ ਕੀਤੀਆਂ ਗਈਆਂ ਇਨ੍ਹਾਂ ਹਦਾਇਤਾਂ ਵਿਚ ਦੁੱਧ, ਡੇਅਰੀ ਉਤਪਾਦ, ਫਲ ਤੇ ਸਬਜ਼ੀਆਂ ਦੀਆਂ ਦੁਕਾਨਾਂ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਖੁੱਲ੍ਹਣ ਦਾ ਸਮਾਂ ਦਿੱਤਾ ਗਿਆ ਹੈ ਤੇ ਇਹ ਦੁਕਾਨਾਂ ਵੀ ਸਵੇਰੇ 7 ਵਜੇ ਤੋਂ 3 ਵਜੇ ਤੱਕ ਖੁੱਲ੍ਹਣਗੀਆਂ। ਜਿਹੜੀਆਂ ਗੈਰ ਜ਼ਰੂਰੀ ਵਸਤਾਂ ਵਾਲੀਆਂ ਸਾਰੀਆਂ ਦੁਕਾਨਾਂ ਹਨ ਉਹ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 9 ਤੋਂ 3 ਵਜੇ ਤੱਕ ਖੁੱਲ੍ਹਣਗੀਆਂ। ਸਾਰੇ ਹਸਪਤਾਲ ਤੇ ਦਵਾਈ ਦੀਆਂ ਦੁਕਾਨਾਂ ਸਾਰੇ ਦਿਨ 24 ਘੰਟੇ ਖੁੱਲ੍ਹੀਆਂ ਰਹਿਣਗੀਆਂ।

ਇਸੇ ਤਰ੍ਹਾਂ ਪੈਟਰੋਲ ਪੰਪ ਤੇ ਐਲ.ਪੀ.ਜੀ. ਗੈਸ ਸਟੇਸ਼ਨ ਵੀ ਸਾਰੇ ਦਿਨ 24 ਘੰਟੇ ਖੁੱਲ੍ਹੇ ਰਹਿਣਗੇ। ਪੁਲਿਸ ਵੱਲੋਂ ਜਾਰੀ ਕੀਤੀ ਸੂਚੀ ਵਿਚ ਇਨ੍ਹਾਂ ਦੁਕਾਨਾਂ ਦੀਆਂ ਜਿਹੜੀਆਂ ਸ਼੍ਰੇਣੀਆਂ ਬਣਾਈਆਂ ਗਈਆਂ ਹਨ ਉਨ੍ਹਾਂ ਵਿਚ ਜ਼ਰੂਰੀ ਤੇ ਗੈਰ ਜ਼ਰੂਰੀ ਵਸਤਾਂ ਦਾ ਜ਼ਿਕਰ ਕੀਤਾ ਗਿਆ ਹੈ। ਸਿਰਫ ਸ਼ਰਾਬ ਵੇਚਣ ਦੇ ਸਮੇਂ ਅੱਗੇ ਭਾਵੇਂ ਪੁਲਿਸ ਨੇ ਇਸ ਨੂੰ ਜ਼ਰੂਰੀ ਤੇ ਗੈਰ ਜ਼ਰੂਰੀ ਨਹੀਂ ਲਿਖਿਆ ਪਰ ਇਸ ਦਾ ਸਮਾਂ ਜ਼ਰੂਰੀ ਵਸਤਾਂ ਨਾਲ ਮੇਲ ਖਾਂਦਾ ਹੈ। ਜਿਵੇਂ ਜ਼ਰੂਰੀ ਵਸਤਾਂ ਦੀ ਹੋਮ ਡੀਲੀਵਰੀ ਹੋ ਸਕਦੀ ਹੈ ਉਸੇ ਤਰ੍ਹਾਂ ਸ਼ਰਾਬ ਦੀ ਵੀ ਹੋਮ ਡੀਲੀਵਰੀ ਹੋਵੇਗੀ।

# ਕਰੋਨਾ ਕਾਰਨ ਮੋਦੀ ਸਰਕਾਰ ਨੂੰ ਤਕੜਾ ਹਲੂਣਾ

*(ਸਫਾ ਇਕ ਦੀ ਬਾਕੀ)*

ਵੀ ਪੁੱਛੇ ਜਾ ਰਹੇ ਹਨ ਕਿ ਦੂਸਰੇ ਵਾਰਡਾਂ ਵਿਚ ਆਕਸੀਜਨ ਦਾ ਬੰਦੋਬਸਤ ਕਰ ਕੇ ਅਤੇ ਸਾਰੇ ਡਾਕਟਰਾਂ ਨੂੰ ਇਸੇ ਡਿਊਟੀ 'ਤੇ ਲਾ ਕੇ ਬੈੱਡ ਕਿਉਂ ਨਹੀਂ ਵਧਾਏ ਜਾ ਰਹੇ।

ਸਿਹਤ ਖੇਤਰ ਵਿਚ ਇਕ ਹੋਰ ਵੱਡਾ ਮੁੱਦਾ ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਮਰੀਜ਼ਾਂ ਨੂੰ ਸਪੈਸ਼ਲਿਸਟ ਡਾਕਟਰੀ ਸਹਾਇਤਾ ਨਾ ਮਿਲਣ ਦਾ ਹੈ। ਦੇਸ਼ ਵਿਚ ਜਿਗਰ, ਦਿਲ, ਗੁਰਦਿਆਂ ਅਤੇ ਹੋਰ ਅੰਗਾਂ ਦੀਆਂ ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਕਰੋੜਾਂ ਮਰੀਜ਼ ਹਨ। ਕਰੋਨਾ ਤੋਂ ਪਹਿਲਾਂ ਸਰਕਾਰੀ ਅਤੇ ਪ੍ਰਾਈਵੇਟ ਖੇਤਰ ਦੇ ਹਸਪਤਾਲਾਂ ਵਿਚ ਭੀੜ ਦੇਖੀ ਜਾਂਦੀ ਸੀ। ਸਵਾ ਸਾਲ ਤੋਂ ਉਹ ਭੀੜ ਗਾਇਬ ਹੈ। ਇਸ ਲਈ ਇਹ ਸਵਾਲ ਪੁੱਛਿਆ ਜਾ ਰਿਹਾ ਹੈ ਕਿ ਉਹ ਮਰੀਜ਼ ਕਿੱਥੇ ਗਏ? ਇਸ ਸਮੇਂ ਦੇਸ਼ ਦੇ 12 ਰਾਜ ਬੇਹੱਦ ਪ੍ਰਭਾਵਿਤ ਨਜ਼ਰ ਆ ਰਹੇ ਹਨ। ਹਰ ਕੋਈ ਆਕਸੀਜਨ, ਟੀਕੇ ਅਤੇ ਮੁਢਲੀਆਂ ਸਹੂਲਤਾਂ ਦੀ ਮੰਗ ਕਰਦਾ ਨਜ਼ਰ ਆ ਰਿਹਾ ਹੈ। ਥਾਂ-ਥਾਂ ਤੋਂ ਆਕਸੀਜਨ ਦੀ ਮੰਗ ਆ ਰਹੀ ਹੈ। ਇਸ ਦੇ ਨਾਲ ਹੀ ਵਾਇਰਸ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਜਨਜੀਵਨ 'ਤੇ ਵੱਡੀਆਂ ਰੋਕਾਂ ਅਤੇ ਰਾਜਾਂ ਵਲੋਂ ਤਾਲਾਬੰਦੀ ਦੇ ਐਲਾਨ ਕੀਤੇ ਜਾ ਰਹੇ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਚਾਹੇ ਇਨ੍ਹਾਂ ਨੂੰ ਕੁਝ ਹੱਦ ਤੱਕ ਪ੍ਰਭਾਵੀ ਜ਼ਰੂਰ ਮੰਨਿਆ ਜਾਂਦਾ ਹੈ ਪਰ ਇਨ੍ਹਾਂ ਤੋਂ ਨਿਕਲਦੇ ਨਤੀਜੇ ਆਮ ਲੋਕਾਂ ਲਈ ਵੱਡੀ ਪੱਧਰ 'ਤੇ ਮਾਰੂ ਸਿੱਧ ਹੋ ਰਹੇ ਹਨ। ਸਰਕਾਰ ਦੇ ਮੌਜੂਦਾ ਰਵੱਈਏ ਤੋਂ ਜਾਪ ਰਿਹਾ ਹੈ ਕਿ ਇੰਨੇ ਮਾੜੇ ਹਾਲਾਤਾਂ ਦੇ ਬਾਵਜੂਦ ਉਹ (ਸਰਕਾਰ) ਕੁਝ ਕਰਨ ਦੇ ਮੂਡ ਵਿਚ ਨਹੀਂ ਹੈ। ਲੋਕਾਂ ਨੂੰ ਉਨ੍ਹਾਂ ਦੀ ਆਪਣੀ ਹੋਣੀ ਉਤੇ ਹੀ ਛੱਡਣ ਵਾਲੀ ਰਣਨੀਤੀ ਅਪਣਾਈ ਜਾ ਰਹੀ ਹੈ।

## ਕੈਪਟਨ ਦੀ ਡੇਰਿਆਂ 'ਤੇ ਟੇਕ

ਕੇਂਦਰੀ ਸਿਹਤ ਮੰਤਰਾਲਾ ਦਾਅਵਾ ਕਰ ਰਿਹਾ ਹੈ ਕਿ ਪੰਜਾਬ ਉਨ੍ਹਾਂ 16 ਰਾਜਾਂ ਵਿਚ ਹੈ ਜਿਥੇ ਕਰੋਨਾ ਦੇ ਮਾਮਲੇ ਵਧਣ ਕਾਰਨ ਹਾਲਾਤ ਮਾੜੇ ਹਨ। ਉਧਰ, ਕੈਪਟਨ ਅਮਰਿੰਦਰ ਸਿੰਘ ਸਰਕਾਰੀ ਪੱਧਰ ਉਤੇ ਕੁਝ ਕਰਨ ਦੀ ਥਾਂ ਪੰਜਾਬੀ ਐਨ.ਆਰ.ਆਈ. ਅਤੇ ਡੇਰਿਆਂ ਤੋਂ ਮਦਦ ਲਈ ਤਰਲੇ ਮਾਰ ਰਹੇ ਹਨ। ਡੇਰੇ ਰਾਧਾ ਸੁਆਮੀ ਨੂੰ ਮੁੱਖ ਮੰਤਰੀ ਨੇ ਬਕਾਇਦਾ ਪੱਤਰ ਲਿਖ ਕੇ ਮਦਦ ਮੰਗੀ ਹੈ। ਮਹਾਮਾਰੀ ਦੀ ਦੂਜੀ ਲਹਿਰ ਸ਼ੁਰੂ ਹੋਣ ਤੋਂ ਹੁਣ ਤੱਕ ਕੈਪਟਨ ਸਰਕਾਰ ਸਿਰਫ ਕੇਂਦਰ ਸਰਕਾਰ ਉਤੇ ਮਦਦ ਨਾ ਦੇਣ ਦੇ ਦੋਸ਼ ਮੜ੍ਹ ਕੇ ਹੀ ਬੁੱਤਾ ਸਾਰ ਰਹੀ ਹੈ। ਇਕ ਰਿਪੋਰਟ ਮੁਤਾਬਕ ਸੂਬੇ ਦੇ ਹਸਪਤਾਲਾਂ ਵਿਚ ਵੈਂਟੀਲੇਟਰ ਤੇ ਹੋਰ ਸਾਧਨਾਂ ਦੀ ਕਮੀ ਨਹੀਂ ਹੈ ਪਰ ਇਨ੍ਹਾਂ ਨੂੰ ਚਲਾਉਣ ਲਈ ਮਾਹਿਰ ਡਾਕਟਰ ਹੀ ਨਹੀਂ ਹਨ। ਸ੍ਰੀ ਮੁਕਤਸਰ ਜ਼ਿਲ੍ਹੇ ਦੇ ਹਸਪਤਾਲਾਂ ਵਿਚ 11 ਵੈਂਟੀਲੇਟਰ ਹਨ ਪਰ ਚਲਾਉਣ ਵਾਲਾ ਇਕ ਵੀ ਮਾਹਰ ਨਹੀਂ। ਹੁਣ ਇਹ ਵੈਂਟੀਲੇਟਰ ਪ੍ਰਾਈਵੇਟ ਹਸਪਤਾਲਾਂ ਹਵਾਲੇ ਕੀਤੇ ਜਾ ਰਹੇ ਹਨ। ਅਸਲ ਵਿਚ, ਕੈਪਟਨ ਸਰਕਾਰ ਦਾ ਸਾਰਾ ਜ਼ੋਰ ਸਖਤੀ ਕਰ ਕੇ ਲੋਕਾਂ ਨੂੰ ਘਰਾਂ ਵਿਚ ਬੰਦ ਕਰਨ ਤੇ ਕੇਂਦਰ ਉਤੇ ਦੋਸ਼ ਮੜ੍ਹਨ ਉਤੇ ਹੀ ਲੱਗਾ ਹੋਇਆ ਹੈ।

# ਅਮਰੀਕਾ 'ਚ ਹੁਣ ਤੱਕ ਦਾ ਸਭ ਤੋਂ ਵੱਡਾ ਸਾਈਬਰ ਹਮਲਾ

**ਵਾਸ਼ਿੰਗਟਨ:** ਅਮਰੀਕਾ ਦੀ ਸਭ ਤੋਂ ਵੱਡੀ ਤੇਲ ਪਾਈਪਲਾਈਨ 'ਤੇ ਹੋਏ ਹੁਣ ਤੱਕ ਦੇ ਸਭ ਤੋਂ ਵੱਡੇ ਸਾਈਬਰ ਹਮਲੇ ਤੋਂ ਬਾਅਦ ਬਾਈਡਨ ਪ੍ਰਸ਼ਾਸਨ ਨੇ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਇਸ ਤਰ੍ਹਾਂ ਪਹਿਲੀ ਵਾਰ ਹੋਇਆ ਹੈ ਕਿ ਜਦੋਂ ਕਿਸੇ ਦੇਸ਼ ਨੇ ਸਾਈਬਰ ਹਮਲੇ ਕਾਰਨ ਐਮਰਜੈਂਸੀ ਲਗਾਈ ਹੋਵੇ। ਜਾਣਕਾਰਾਂ ਦਾ ਮੰਨਣਾ ਹੈ ਕਿ ਜਿਸ ਕੋਲੋਨੀਅਲ ਪਾਈਪਲਾਈਨ ਕੰਪਨੀ ਉਤੇ ਸਾਈਬਰ ਹਮਲਾ ਹੋਇਆ ਹੈ, ਉਹ ਰੋਜ਼ਾਨਾ 25 ਲੱਖ ਬੈਰਲ ਤੇਲ ਸਪਲਾਈ ਕਰਦੀ ਹੈ। ਅਮਰੀਕੀ ਮੀਡੀਆ ਰਿਪੋਰਟਾਂ ਵਿਚ ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਸਾਈਬਰ ਹਮਲੇ ਕਾਰਨ ਤੇਲ ਦੀਆਂ ਕੀਮਤਾਂ 2-3 ਫੀਸਦੀ ਤੱਕ ਵਧ ਸਕਦੀਆਂ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਜੇਕਰ ਇਸ ਨੂੰ ਜਲਦ ਹੀ ਬਹਾਲ ਨਾ ਕੀਤਾ ਗਿਆ ਤਾਂ ਇਸ ਦਾ ਅਸਰ ਵਿਆਪਕ ਹੋ ਸਕਦਾ ਹੈ। ਕਈ ਅਮਰੀਕੀ ਸੂਤਰਾਂ ਨੇ ਪੁਸ਼ਟੀ ਕੀਤੀ ਹੈ ਕਿ ਇਹ ਰੈਨਸਮਵੇਅਰ ਹਮਲਾ 'ਡਾਰਕਸਾਇਡ' ਨਾਂ ਦੇ ਇਕ ਸਾਈਬਰ ਅਪਰਾਧੀ ਗਰੋਹ ਨੇ ਕੀਤਾ ਹੈ। ਜਿਨ੍ਹਾਂ ਨੇ ਲਗਭਗ 100 ਜੀ.ਬੀ. ਡਾਟਾ ਚੋਰੀ ਕੀਤਾ ਹੈ। ਹੈਕਰਾਂ ਨੇ ਕੁਝ ਕੰਪਿਊਟਰਾਂ ਅਤੇ ਸਰਵਰਾਂ ਉਤੇ ਡਾਟਾ ਲਾਕ ਕਰ ਦਿੱਤਾ ਹੈ ਤੇ ਫਿਰੌਤੀ ਦੀ ਮੰਗ ਕੀਤੀ ਜਾ ਰਹੀ ਹੈ।

# ਕੈਨੇਡਾ 'ਚ ਜਬਰੀ ਵਸੂਲੀ ਦੇ ਦੋਸ਼ ਹੇਠ ਤਿੰਨ ਪੰਜਾਬੀ ਗ੍ਰਿਫਤਾਰ

**ਟੋਰਾਂਟੋ:** ਕੈਨੇਡਾ ਵਿਚ ਭਾਰਤੀ ਮੂਲ ਦੇ ਤਿੰਨ ਨੌਜਵਾਨਾਂ ਨੂੰ 80 ਸਾਲਾ ਬਜ਼ੁਰਗ ਔਰਤ ਕੋਲੋਂ ਦੇਸ਼ ਦੀ ਰੈਵੇਨਿਊ ਏਜੰਸੀ ਦੇ ਨਾਂ ਉਤੇ ਜਬਰਦਸਤੀ ਵਸੂਲੀ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਤਰਨਵੀਰ ਸਿੰਘ (19), ਰਣਵੀਰ ਸਿੰਘ (19) ਤੇ ਚਮਨਜੋਤ ਸਿੰਘ (21) ਬਰੈਂਪਟਨ ਦੇ ਰਹਿਣ ਵਾਲੇ ਹਨ ਤੇ ਇਨ੍ਹਾਂ ਉਤੇ ਜਬਰੀ ਵਸੂਲੀ ਕਰਨ, ਗੰਭੀਰ ਅਪਰਾਧ ਲਈ ਸਾਜਿਸ਼ ਘੜਨ ਤੇ ਹੋਰ ਦੋਸ਼ ਲਾਏ ਗਏ ਹਨ। ਯੌਰਕ ਪੁਲਿਸ ਮੁਤਾਬਕ ਤਿੰਨ ਮਈ ਨੂੰ ਬਜ਼ੁਰਗ ਨੂੰ ਕੈਨੇਡਾ ਰੈਵੇਨਿਊ ਏਜੰਸੀ ਦੇ ਨਾਂ ਉਤੇ ਮੁਲਜ਼ਮ ਨੇ ਫੋਨ ਕੀਤਾ। ਬਜ਼ੁਰਗ ਨੂੰ ਬੈਂਕ 'ਚੋਂ ਦਸ ਹਜ਼ਾਰ ਰੁਪਏ ਕਢਵਾ ਕੇ ਬਰੈਂਪਟਨ ਦੇ ਇਕ ਪਤੇ ਉਤੇ ਕੂਰੀਅਰ ਕਰਨ ਲਈ ਕਿਹਾ ਗਿਆ। ਬਜ਼ੁਰਗ ਔਰਤ ਨੂੰ ਕਿਹਾ ਗਿਆ ਕਿ ਜੇ ਉਹ ਅਜਿਹਾ ਨਹੀਂ ਕਰੇਗੀ ਤਾਂ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਪੁਲਿਸ ਨੇ ਸੂਚਨਾ ਮਿਲਣ 'ਤੇ ਨਿਗਰਾਨੀ ਰੱਖੀ ਅਤੇ ਡਿਲਿਵਰੀ ਪੈਕੇਜ ਚੁੱਕਣ ਆਏ ਨੌਜਵਾਨ ਨੂੰ ਗ੍ਰਿਫਤਾਰ ਕਰ ਲਿਆ। ਮਗਰੋਂ ਜਾਂਚ ਵਿਚ ਸਾਹਮਣੇ ਆਇਆ ਕਿ ਇਸ ਸਾਜਿਸ਼ ਵਿਚ ਹੋਰ ਵੀ ਸ਼ਾਮਲ ਹਨ। ਪੈਸੇ ਮਹਿਲਾ ਨੂੰ ਮੋੜ ਦਿੱਤੇ ਗਏ ਹਨ। ਤਿੰਨਾਂ ਨੂੰ ਗ੍ਰਿਫਤਾਰ ਕਰ ਲਿਆ।

# ਚੀਫ ਖਾਲਸਾ ਦੀਵਾਨ ਦੇ ਅੰਮ੍ਰਿਤਸਰ ਦੇ ਪ੍ਰਧਾਨ ਹਰਮਿੰਦਰ ਸਿੰਘ ਦਾ ਦੇਹਾਂਤ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੇ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਜੁਆਇੰਟ ਸਕੱਤਰ ਹਰਮਿੰਦਰ ਸਿੰਘ ਫਰੀਡਮ ਦੀ ਕਰੋਨਾ ਕਾਰਨ ਮੌਤ ਹੋ ਗਈ। ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਨੇ ਦੱਸਿਆ ਕਿ ਹਰਮਿੰਦਰ ਸਿੰਘ 1979 ਤੋਂ ਚੀਫ ਖਾਲਸਾ ਦੀਵਾਨ ਨਾਲ ਜੁੜੇ ਸਨ। ਉਹ ਦੋ ਸਾਲ ਦੀਵਾਨ ਦੇ ਕਾਰਜਕਾਰੀ ਪ੍ਰਧਾਨ ਵੀ ਰਹੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ, ਸਰਪ੍ਰਸਤ ਰਾਜਮਹਿੰਦਰ ਸਿੰਘ ਮਜੀਠਾ, ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ, ਸੀਕੇਡੀ ਸਕੂਲਜ ਦੇ ਚੇਅਰਮੈਨ ਭਾਗ ਸਿੰਘ ਅਣਖੀ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਸਮੇਤ ਹੋਰਾਂ ਨੇ ਹਰਮਿੰਦਰ ਸਿੰਘ ਫਰੀਡਮ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ ਹੈ।

# ਕਰੋਨਾ: ਅਦਾਲਤੀ ਦਖਲ ਤੋਂ ਮੋਦੀ ਸਰਕਾਰ ਔਖੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਹੈ ਕਿ ਉਸ ਨੇ ਕਰੋਨਾ ਵਾਇਰਸ ਨਾਲ ਨਜਿੱਠਣ ਲਈ 'ਤਰਕਸੰਗਤ ਤੇ ਪੱਖਪਾਤ ਰਹਿਤ' ਟੀਕਾਕਰਨ ਨੀਤੀ ਤਿਆਰ ਕੀਤੀ ਹੈ ਅਤੇ ਕਿਸੇ ਵੀ ਤਰ੍ਹਾਂ ਦੇ ਦਖਲ ਦੇ ਅਣਕਿਆਸੇ ਨਤੀਜੇ ਸਾਹਮਣੇ ਆ ਸਕਦੇ ਹਨ। ਕੇਂਦਰ ਨੇ ਸਿਖਰਲੀ ਅਦਾਲਤ ਵੱਲੋਂ ਚੁੱਕੇ ਕੁਝ ਨੁਕਤਿਆਂ ਦਾ ਜਵਾਬ ਦਿੰਦਿਆਂ ਇਕ ਹਲਫਨਾਮਾ ਦਾਇਰ ਕੀਤਾ ਹੈ। ਇਸ ਹਲਫਨਾਮੇ 'ਚ ਕੇਂਦਰ ਨੇ ਕਿਹਾ ਹੈ ਕਿ ਆਲਮੀ ਮਹਾਮਾਰੀ ਦੇ ਅਚਾਨਕ ਤੇਜੀ ਨਾਲ ਫੈਲਣ ਅਤੇ ਟੀਕਿਆਂ ਦੀਆਂ ਖੁਰਾਕਾਂ ਦੀ ਸੀਮਤ ਮਾਤਰਾ ਹੋਣ ਕਾਰਨ ਪੂਰੇ ਦੇਸ਼ ਦਾ ਇਕੋ ਸਮੇਂ ਟੀਕਾਕਰਨ ਸੰਭਵ ਨਹੀਂ ਹੈ। ਸੁਪਰੀਮ ਕੋਰਟ ਨੇ ਕੋਵਿਡ-19 ਆਲਮੀ ਮਹਾਮਾਰੀ ਦੌਰਾਨ ਜਰੂਰੀ ਵਸਤਾਂ ਤੇ ਸੇਵਾਵਾਂ ਦੀ ਸਪਲਾਈ ਯਕੀਨੀ ਬਣਾਉਣ ਸਬੰਧੀ ਖੁਦ ਹੀ ਨੋਟਿਸ ਲਿਆ ਸੀ ਅਤੇ ਇਸੇ ਮਾਮਲੇ 'ਚ ਕੇਂਦਰ ਨੇ ਇਹ ਹਲਫਨਾਮਾ ਦਾਇਰ ਕੀਤਾ ਹੈ।

ਕੇਂਦਰ ਸਰਕਾਰ ਨੇ ਕਿਹਾ ਕਿ ਟੀਕਾਕਰਨ ਨੀਤੀ ਆਰਟੀਕਲ-14 ਤੇ ਆਰਟੀਕਲ 21 ਅਨੁਸਾਰ ਹੈ ਅਤੇ ਇਹ ਮਾਹਿਰਾਂ ਨਾਲ ਕਈ ਦੌਰਾਂ ਦੀ ਵਾਰਤਾ ਤੇ ਵਿਚਾਰ ਚਰਚਾ ਤੋਂ ਬਾਅਦ ਤਿਆਰ ਕੀਤੀ ਗਈ ਹੈ। ਕੇਂਦਰ ਨੇ ਕਿਹਾ ਕਿ ਸੂਬਾ ਸਰਕਾਰਾਂ ਤੇ ਟੀਕਾ ਬਣਾਉਣ ਵਾਲੀਆਂ ਕੰਪਨੀਆਂ ਦੇ ਕੰਮ 'ਚ ਸੁਪਰੀਮ ਕੋਰਟ ਨੂੰ ਕੋਈ ਦਖਲ ਨਹੀਂ ਦੇਣਾ ਚਾਹੀਦਾ। ਕੇਂਦਰ ਨੇ 200 ਸਫਿਆਂ ਦੇ ਹਲਫਨਾਮੇ 'ਚ ਕਿਹਾ, 'ਇਸ ਮਾਮਲੇ 'ਚ ਵਧੇਰੇ ਨਿਆਇਕ ਦਖਲ ਦੇ ਅਣਕਿਆਸੇ ਨਤੀਜੇ ਸਾਹਮਣੇ ਆ ਸਕਦੇ ਹਨ ਫਿਰ ਭਾਵੇਂ ਇਹ ਦਖਲ ਚੰਗੀ ਨੀਅਤ ਨਾਲ ਕੀਤਾ ਗਿਆ ਹੋਵੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕਰੋਨਾ ਦੇ ਕਹਿਰ 'ਚ ਮਦਦ ਲਈ ਦੁਨੀਆਂ ਭਰ 'ਚ ਸਿੱਖਾਂ ਦੀ ਵਾਹ-ਵਾਹ

**ਨਵੀਂ ਦਿੱਲੀ:** ਕਰੋਨਾ ਦੇ ਕਹਿਰ ਵਿਚ ਸਿੱਖ ਭਾਈਚਾਰਾ ਮੁੜ ਲੋਕਾਂ ਦੀ ਮਦਦ ਲਈ ਅੱਗੇ ਆਇਆ ਹੈ। ਦੇਸ਼ ਭਰ ਵਿਚ ਸਿੱਖ ਸੰਸਥਾਵਾਂ ਵੱਲੋਂ ਆਕਸੀਜਨ ਦੇ ਲੰਗਰ ਦੀਆਂ ਖਬਰਾਂ ਆ ਰਹੀਆਂ ਹਨ। ਸਿੱਖ ਭਾਈਚਾਰੇ ਨੇ ਮਹਾਮਾਰੀ ਦੇ ਖਤਰਨਾਕ ਦੌਰ 'ਚ ਵੱਖ-ਵੱਖ ਸ਼ਹਿਰਾਂ ਦੀਆਂ ਸੜਕਾਂ, ਬਾਜ਼ਾਰਾਂ, ਮੁਹੱਲਿਆਂ ਅਤੇ ਜਨਤਕ ਸਥਾਨਾਂ ਉਤੇ 'ਆਕਸੀਜਨ ਲੰਗਰ' ਦੀ ਨਿਵੇਕਲੀ ਸੇਵਾ ਦੀ ਸ਼ੁਰੂਆਤ ਕਰਕੇ ਪੂਰੀ ਦੁਨੀਆਂ ਦਾ ਦਿਲ ਜਿੱਤ ਲਿਆ ਹੈ। ਸਿੱਖ ਭਾਈਚਾਰੇ ਵੱਲੋਂ ਮਨੁੱਖੀ ਜਾਨਾਂ ਬਚਾਉਣ ਲਈ ਸ਼ੁਰੂ ਕੀਤੀ ਪਹਿਲ ਦੀ ਸ਼ਲਾਘਾ ਕੀਤੀ ਜਾ ਰਹੀ ਹੈ।



ਕੋਵਿਡ ਮਾਮਲਿਆਂ 'ਚ ਹੋਏ ਵਾਧੇ ਤੋਂ ਬਾਅਦ ਆਕਸੀਜਨ ਸਪਲਾਈ ਅਤੇ ਡਾਕਟਰੀ ਸਹਾਇਤਾ ਦੀ ਭਾਰੀ ਘਾਟ ਦੌਰਾਨ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਅਤੇ ਸਿੱਖ ਭਾਈਚਾਰੇ ਨੇ ਨਿੱਜੀ ਪੱਧਰ ਉਤੇ ਲੋਕਾਂ ਦੀ ਸੇਵਾ ਕਰਨ ਦੀ ਜਿੰਮੇਵਾਰੀ ਆਪਣੇ ਸਿਰ ਲਈ ਹੋਈ ਹੈ ਅਤੇ 'ਆਕਸੀਜਨ ਲੰਗਰ' ਦੇ ਨਾਂ ਉਤੇ ਗੁਰਦੁਆਰਿਆਂ ਅਤੇ ਲੋਕਾਂ ਦੇ ਦਰਵਾਜ਼ਿਆਂ 'ਤੇ ਇਹ ਸੇਵਾ ਮੁਹੱਈਆ ਕਰਨ ਦੇ ਨਵੇਂ ਤਰੀਕੇ ਲੱਭੇ ਹਨ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਜਿੱਥੇ ਮਰੀਜ਼ਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਭੋਜਨ ਮੁਹੱਈਆ ਕਰਵਾ ਰਹੀ ਹੈ, ਉਥੇ ਹੀ ਉਨ੍ਹਾਂ ਨੇ ਸ਼ਹਿਰ ਦੇ ਕਈ ਗੁਰਦੁਆਰਿਆਂ ਦੇ ਬਾਹਰ ਵੀ ਆਕਸੀਜਨ ਲੰਗਰ ਲਗਾਏ ਹਨ। ਕਮੇਟੀ ਵੱਲੋਂ ਮਰੀਜ਼ਾਂ ਨੂੰ ਮੁਫਤ ਐਂਬੂਲੈਂਸ ਸੇਵਾ ਅਤੇ ਦਵਾਈਆਂ ਵੀ ਵੰਡੀਆਂ ਜਾ ਰਹੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਕਰੋਨਾ ਮਰੀਜ਼ਾਂ ਦੇ ਇਲਾਜ ਲਈ ਆਕਸੀਜਨ ਪਲਾਂਟ ਸਥਾਪਿਤ ਕਰਨ ਦੇ ਨਾਲ-ਨਾਲ ਕਾਨਸੰਟ੍ਰੇਟਰ ਰਾਹੀਂ ਹਵਾ ਤੋਂ ਆਕਸੀਜਨ ਤਿਆਰ ਕਰਕੇ ਮੈਡੀਕਲ ਸੇਵਾਵਾਂ ਦੇਣ ਦਾ ਫੈਸਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕਰੋਨਾ ਕਾਰਨ ਬਣੇ ਮੌਜੂਦਾ ਹਾਲਾਤਾਂ ਨਾਲ ਨਜਿੱਠਣ ਲਈ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ ਆਕਸੀਜਨ ਪਲਾਂਟ ਤਿਆਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਕਰੋਨਾ ਮਰੀਜ਼ਾਂ ਲਈ ਪਹਿਲਾਂ ਤੋਂ ਰਾਖਵੇਂ ਰੱਖੇ ਗਏ ਉਕਤ ਹਸਪਤਾਲ 'ਚ ਕਮੇਟੀ ਵੱਲੋਂ 100 ਬੈੱਡਾਂ ਅਤੇ 37 ਵੈਂਟੀਲੇਟਰਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਮੌਜੂਦਾ ਸਮੇਂ ਵਧ ਰਹੇ ਕਰੋਨਾ ਕੇਸਾਂ ਨੂੰ ਧਿਆਨ 'ਚ ਰੱਖਦਿਆਂ ਗੁਰਦੁਆਰਾ ਮੰਜੀ ਸਾਹਿਬ ਆਲਮਗੀਰ ਵਿਖੇ ਦੀਵਾਨ ਹਾਲ 'ਚ ਦੋ ਭਾਗਾਂ 'ਚ 25-25 ਬੈੱਡਾਂ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ 25 ਬੈੱਡਾਂ ਦਾ ਆਰਜ਼ੀ ਵਾਰਡ ਵੀ ਤਿਆਰ ਕੀਤਾ ਜਾ ਰਿਹਾ ਹੈ।

ਸਮਾਜ ਸੇਵੀ ਸੰਸਥਾ ਖਾਲਸਾ ਏਡ ਵੱਲੋਂ ਜਿੱਥੇ ਜ਼ਰੂਰਤਮੰਦਾਂ ਨੂੰ ਮੁਫਤ ਆਕਸੀਜਨ, ਮਾਸਕ, ਸੈਨੇਟਾਈਜ਼ਰ, ਰਾਸ਼ਨ ਅਤੇ ਹੋਰ ਲੋੜੀਂਦੀਆਂ ਵਸਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਉਥੇ ਹੀ ਵਲੰਟੀਅਰਾਂ ਵੱਲੋਂ ਸਸਕਾਰ ਲਈ ਮੁਫਤ ਲੱਕੜੀ ਵੀ ਮੁਹੱਈਆ ਕਰਵਾਈ ਜਾ ਰਹੀ ਹੈ। ਉਧਰ ਹੇਮਕੁੰਟ ਫਾਊਂਡੇਸ਼ਨ ਵੱਲੋਂ ਆਕਸੀਜਨ ਦੀ ਘਾਟ ਦੇ ਮੱਦੇਨਜਰ ਇਕ ਹੋਰ ਨਵੀਨਤਾਕਾਰੀ ਹੱਲ ਕੱਢਿਆ ਗਿਆ ਹੈ ਅਤੇ ਫਾਊਂਡੇਸ਼ਨ ਦੇ ਵਲੰਟੀਅਰ ਆਪਣੀਆਂ ਨਿੱਜੀ ਕਾਰਾਂ, ਟੈਕਸੀਆਂ ਅਤੇ ਆਟੋ ਰਿਕਸ਼ਿਆਂ 'ਚ ਮਰੀਜ਼ਾਂ ਨੂੰ ਲਿਟਾ ਕੇ ਆਕਸੀਜਨ ਉਪਲਬਧ ਕਰਵਾ ਰਹੇ ਹਨ। ਹੇਮਕੁੰਟ ਫਾਊਂਡੇਸ਼ਨ ਨੇ ਮਰੀਜ਼ਾਂ ਲਈ ਖਾਣਾ, ਬਿਸਤਰੇ, ਕੰਬਲ, ਵਾਟਰ ਕੂਲਰ, ਪਾਣੀ ਦੀਆਂ ਟੈਂਕੀਆਂ ਅਤੇ ਪੋਰਟੇਬਲ ਟਾਇਲਟ ਦੀ ਸਹੂਲਤ ਵੀ ਉਪਲਬਧ ਕਰਵਾਈ ਹੈ।

## ਖਾਲਸਾ ਏਡ ਵੱਲੋਂ ਸੌ ਆਕਸੀਜਨ ਕੰਸਨਟਰੇਟਰ ਭੇਟ

**ਮੁਹਾਲੀ:** ਪੰਜਾਬ ਸਰਕਾਰ ਦੀ ਕੋਵਿਡ-19 ਵਿਰੁੱਧ ਜੰਗ ਵਿਚ ਖਾਲਸਾ ਏਡ ਨੇ ਨੈਸ਼ਨਲ ਹੈਲਥ ਮਿਸ਼ਨ ਪੰਜਾਬ ਨੂੰ 100 ਆਕਸੀਜਨ ਕੰਸਨਟਰੇਟਰ ਦਾਨ ਕੀਤੇ ਹਨ। ਇਹ ਕੰਸਨਟਰੇਟਰ ਐਨ.ਐਚ.ਐਮ. ਦੇ ਪੰਜਾਬ ਮੰਡੀ ਬੋਰਡ ਕੰਪਲੈਕਸ ਦੇ ਸੈਕਟਰ-65 ਮੁਹਾਲੀ ਸਥਿਤ ਬਣਾਏ ਗਏ ਕੋਵਿਡ-19 ਸਟੋਰ ਵਿਖੇ ਡਲਿਵਰ ਕੀਤੇ ਗਏ ਹਨ। ਖਾਲਸਾ ਏਡ ਦੇ ਵਾਲੰਟੀਅਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਇਹ ਕੰਸਨਟਰੇਟਰ ਖੁਦ ਹੀ ਆਕਸੀਜਨ ਜਨਰੇਟ ਕਰ ਸਕਦੇ ਹਨ।

## ਅਮਿਤਾਭ ਵੱਲੋਂ ਸਿੱਖਾਂ ਦੀ ਪ੍ਰਸ਼ੰਸਾ, 2 ਕਰੋੜ ਦਾ ਯੋਗਦਾਨ

ਬਾਲੀਵੁੱਡ ਦੇ ਦਿੱਗਜ ਅਦਾਕਾਰ ਅਮਿਤਾਭ ਬਚਨ ਨੇ ਕਰੋਨਾ ਕਾਰਨ ਬਣੇ ਔਖੇ ਹਾਲਾਤ 'ਚ ਸਿੱਖਾਂ ਦੀ ਸੇਵਾ ਭਾਵਨਾ ਨੂੰ ਸਲਾਮ ਕੀਤਾ ਹੈ। ਇਸ ਤੋਂ ਇਲਾਵਾ ਬਾਲੀਵੁੱਡ ਸੁਪਰ ਸਟਾਰ ਨੇ ਕਿਹਾ ਕਿ ਸਿੱਖਾਂ ਦੀ ਸੇਵਾ ਨੂੰ ਸਲਾਮ ਹੈ। ਅਮਿਤਾਭ ਬੱਚਨ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਵਿਡ ਕੇਅਰ ਸੈਂਟਰ ਨੂੰ 2 ਕਰੋੜ ਦਾ ਦਾਨ ਦਿੱਤਾ ਹੈ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਇਹ ਜਾਣਕਾਰੀ ਸਾਂਝੀ ਕੀਤੀ ਹੈ। ਦਿੱਲੀ ਕਮੇਟੀ ਨੇ ਬਾਲੀਵੁੱਡ ਕਲਾਕਾਰ ਅਮਿਤਾਭ ਬੱਚਨ ਦਾ ਧੰਨਵਾਦ ਕੀਤਾ। ਸਿਰਸਾ ਨੇ ਦੱਸਿਆ ਕਿ ਵਿਸ਼ਵ ਪੰਜਾਬੀ ਸੰਸਥਾ ਦੇ ਮੁਖੀ ਵਿਕਰਮ ਸਿੰਘ ਸਾਹਨੀ ਨੇ 200 ਆਕਸੀਜਨ ਕੰਸਨਟਰੇਟਰ ਦਿੱਤੇ ਹਨ, ਜਦਕਿ ਇਸੇ ਤਰੀਕੇ ਕਈ ਲੋਕਾਂ ਨੇ ਅੱਗੇ ਆ ਕੇ ਵੱਖ-ਵੱਖ ਸੇਵਾਵਾਂ ਦੀ ਜ਼ਿੰਮੇਵਾਰੀ ਲਈ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਥੇ ਗੁਰਦੁਆਰਾ ਰਕਾਬਗੰਜ ਸਾਹਿਬ 'ਚ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਸਥਾਪਤ ਕੀਤੇ ਗੁਰੂ ਤੇਗ ਬਹਾਦਰ ਕਰੋਨਾ ਕੇਅਰ ਸੈਂਟਰ ਨੇ ਸੇਵਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ 300 ਬੈੱਡ ਮੁਹੱਈਆ ਹੋਣਗੇ ਜਦਕਿ 100 ਬੈੱਡ ਜਲਦੀ ਹੀ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਇਸ ਸੈਂਟਰ ਨੂੰ ਦੋ ਕਰੋੜ ਰੁਪਏ ਦੀ ਮਦਦ ਦੇਣ ਲਈ ਫਿਲਮ ਅਦਾਕਾਰ ਅਮਿਤਾਭ ਬੱਚਨ ਦਾ ਧੰਨਵਾਦ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ ਦੇ ਵਿਕਰਮ ਸਿੰਘ ਸਾਹਨੀ ਨੇ 200 ਆਕਸੀਜਨ ਕੰਸਨਟਰੇਟਰ ਦਿੱਤੇ ਹਨ ਤੇ ਹੋਰ ਗਈ ਕਈ ਲੋਕਾਂ ਨੇ ਸੇਵਾਵਾਂ ਦੀ ਜਿੰਮੇਵਾਰੀ ਲਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਪਹਿਲਾਂ ਇਹ ਕੇਂਦਰ 250 ਬੈੱਡਾਂ ਦਾ ਬਣਾਉਣ ਦਾ ਵਿਚਾਰ ਕੀਤਾ ਸੀ ਪਰ ਦਿੱਲੀ ਸਰਕਾਰ ਨੇ ਇਸ ਨੂੰ ਵਧਾ ਕੇ 400 ਬੈੱਡਾਂ ਦਾ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਥੇ ਮਰੀਜ਼ਾਂ ਨੂੰ ਆਕਸੀਜਨ ਤੋਂ ਇਲਾਵਾ ਦਵਾਈਆਂ ਤੇ ਖਾਣਾ ਮੁਫਤ ਮਿਲੇਗਾ।

# ਸ੍ਰੀਲੰਕਾ ਨੇ ਭਾਰਤ ਤੋਂ ਆਉਣ ਵਾਲੇ ਯਾਤਰੀਆਂ 'ਤੇ ਪਾਬੰਦੀ ਲਗਾਈ

**ਕੋਲੰਬੋ:** ਸ੍ਰੀਲੰਕਾ ਨੇ ਐਲਾਨ ਕੀਤਾ ਹੈ ਕਿ ਭਾਰਤ ਤੋਂ ਆਉਣ ਵਾਲੇ ਸਾਰੇ ਲੋਕਾਂ 'ਤੇ ਤੁਰਤ ਪ੍ਰਭਾਵ ਤੋਂ ਪਾਬੰਦੀ ਲਗਾ ਦਿੱਤੀ ਗਈ ਹੈ। ਇਹ ਫੈਸਲਾ ਗੁਆਂਢੀ ਮੁਲਕ ਵਿਚ ਕਰੋਨਾ ਵਾਇਰਸ ਦੇ ਕੇਸਾਂ ਦੀ ਗਿਣਤੀ ਵਿਚ ਹੋਏ ਭਾਰੀ ਵਾਧੇ ਦੇ ਮੱਦੇਨਜਰ ਲਿਆ ਗਿਆ ਹੈ। ਸ਼ਹਿਰੀ ਹਵਾਬਾਜ਼ੀ ਅਥਾਰਟੀ ਨੇ ਕਿਹਾ ਕਿ ਭਾਰਤ ਤੋਂ ਆਉਣ ਵਾਲੇ ਯਾਤਰੀਆਂ ਨੂੰ ਸ੍ਰੀਲੰਕਾ ਵਿਚ ਉਤਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸ਼ਹਿਰੀ ਹਵਾਬਾਜ਼ੀ ਦੇ ਡਾਇਰੈਕਟਰ ਜਨਰਲ ਨੇ ਕੌਮੀ ਹਵਾਈ ਸੇਵਾ ਸ੍ਰੀਲੰਕਨ ਏਅਰਲਾਈਨਜ ਦੇ ਸੀ.ਈ.ਓ. ਨੂੰ ਲਿਖੇ ਇਕ ਪੱਤਰ ਵਿਚ ਕਿਹਾ, "ਕਰੋਨਾ ਵਾਇਰਸ ਮਹਾਮਾਰੀ ਸਬੰਧੀ ਹਾਲਾਤ ਕਰ ਕੇ ਸ੍ਰੀਲੰਕਾਈ ਸਿਹਤ ਅਧਿਕਾਰੀਆਂ ਤੋਂ ਮਿਲੀਆਂ ਹਦਾਇਤਾਂ ਅਨੁਸਾਰ ਇਹ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਤੁਰਤ ਪ੍ਰਭਾਵ ਤੋਂ ਭਾਰਤ ਤੋਂ ਆਉਣ ਵਾਲੇ ਯਾਤਰੀਆਂ ਨੂੰ ਸ੍ਰੀਲੰਕਾ ਵਿਚ ਉਤਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ।"

# ਆਕਸਜੀਨ: ਸੁਪਰੀਮ ਕੋਰਟ ਵੱਲੋਂ ਵੰਡ ਲਈ ਟਾਸਕ ਫੋਰਸ ਕਾਇਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਵੱਖ-ਵੱਖ ਖੇਤਰਾਂ ਵਿਚ ਵਿਸ਼ੇਸ਼ ਮੁਹਾਰਤ ਰੱਖਣ ਵਾਲੇ 12 ਮੈਂਬਰਾਂ ਦੀ ਇਕ ਟੀਮ ਦਾ ਗਠਨ ਕੀਤਾ ਹੈ ਜੋ ਕਿ ਮਹਾਮਾਰੀ ਨਾਲ ਨਜਿੱਠਣ ਵਿਚ ਮੋਹਰੀ ਭੂਮਿਕਾ ਨਿਭਾਉਣਗੇ। ਕੌਮੀ ਟਾਸਕ ਫੋਰਸ ਦੇ ਮਾਹਿਰ ਵਿਗਿਆਨਕ ਤੇ ਵੱਖ-ਵੱਖ ਖੇਤਰਾਂ ਦੇ ਆਪਣੇ ਗਿਆਨ ਨੂੰ ਕੋਵਿਡ-19 ਦਾ ਟਾਕਰਾ ਕਰਨ ਲਈ ਵਰਤਣਗੇ।

ਜਸਟਿਸ ਡੀ.ਵਾਈ. ਚੰਦਰਚੂੜ ਤੇ ਐਮ.ਆਰ. ਸ਼ਾਹ ਦੇ ਬੈਂਚ ਨੇ ਕਿਹਾ ਕਿ ਟਾਕਸ ਫੋਰਸ ਬਣਾਉਣ ਦਾ ਮੰਤਵ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਆਕਸੀਜਨ ਦੀ ਵਿਗਿਆਨਕ ਪੱਖ ਤੋਂ ਵੰਡ ਯਕੀਨੀ ਬਣਾਉਣ ਲਈ ਕੋਈ ਢੰਗ-ਤਰੀਕਾ ਲੱਭਣਾ ਵੀ ਹੈ।

ਅਦਾਲਤ ਨੇ ਕਿਹਾ ਕਿ ਕੇਂਦਰੀ ਕੈਬਨਿਟ ਸਕੱਤਰ ਟਾਸਕ ਫੋਰਸ ਦਾ ਕਨਵੀਨਰ ਹੋਵੇਗਾ, ਜਦ ਲੋੜ ਪਵੇਗਾ ਉਹ ਆਪਣੇ ਲਈ ਵਧੀਕ ਸਕੱਤਰ ਰੈਂਕ ਦਾ ਅਧਿਕਾਰੀ ਨਿਯੁਕਤ ਕਰ ਸਕਦਾ ਹੈ। ਸਿਖਰਲੀ ਅਦਾਲਤ ਨੇ ਆਪਣੇ ਹੁਕਮ ਵਿਚ ਕਿਹਾ ਹੈ ਕਿ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਦਾ ਸਕੱਤਰ ਟਾਸਕ ਫੋਰਸ ਦਾ ਐਕਸ-ਆਫੀਸ਼ੀਓ ਮੈਂਬਰ ਹੋਵੇਗਾ।

# ਕਿਸਾਨਾਂ ਨੇ ਕਰੋਨਾ ਪਾਬੰਦੀਆਂ ਖਿਲਾਫ ਖੋਲ੍ਹਿਆ ਮੋਰਚਾ

**ਚੰਡੀਗੜ੍ਹ:** ਪੰਜਾਬ ਦੀਆਂ 32 ਕਿਸਾਨ-ਜਥੇਬੰਦੀਆਂ ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਕਰੋਨਾ ਦੇ ਨਾਂ ਹੇਠ ਲਾਈਆਂ ਪਾਬੰਦੀਆਂ ਖਿਲਾਫ ਕੀਤੇ ਵਿਰੋਧ ਪ੍ਰਦਰਸ਼ਨਾਂ ਨੂੰ ਰਲਵਾਂ-ਮਿਲਵਾਂ ਹੁੰਗਾਰਾ ਮਿਲਿਆ ਹੈ। ਕਿਸਾਨ-ਜਥੇਬੰਦੀਆਂ ਨੇ ਵਪਾਰੀਆਂ, ਦੁਕਾਨਦਾਰਾਂ ਅਤੇ ਮਜ਼ਦੂਰਾਂ ਨਾਲ ਇਕਜੁੱਟਤਾ ਜ਼ਾਹਿਰ ਕਰਦਿਆਂ ਸ਼ਹਿਰਾਂ ਦੇ ਬਾਜ਼ਾਰਾਂ ਅਤੇ ਪਿੰਡਾਂ 'ਚ ਰੋਸ ਮਾਰਚ ਕੱਢੇ ਅਤੇ ਦੁਕਾਨਾਂ ਖੋਲ੍ਹਣ ਦਾ ਸੱਦਾ ਦਿੱਤਾ। ਵਿਰੋਧ ਪ੍ਰਦਰਸ਼ਨਾਂ ਨੂੰ ਮਾਲਵੇ 'ਚ ਵੱਡਾ ਹੁੰਗਾਰਾ ਮਿਲਿਆ।



ਮੋਗਾ, ਬਰਨਾਲਾ, ਬਠਿੰਡਾ, ਮਾਨਸਾ, ਸੰਗਰੂਰ, ਪਟਿਆਲਾ, ਲੁਧਿਆਣਾ, ਜਲੰਧਰ, ਫਰੀਦਕੋਟ, ਫਿਰੋਜ਼ਪੁਰ, ਅੰਮ੍ਰਿਤਸਰ, ਤਰਨ ਤਾਰਨ ਜਿਲ੍ਹਿਆਂ ਸਮੇਤ ਪੰਜਾਬ 'ਚ 200 ਤੋਂ ਵੱਧ ਥਾਵਾਂ 'ਤੇ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਪਾਬੰਦੀਆਂ ਨਾਲ ਭੁੱਖੇ ਮਰਨ ਨਾਲੋਂ ਸੰਘਰਸ਼ ਕਰਦਿਆਂ ਮਰਨਾ ਕਿਤੇ ਚੰਗਾ ਹੈ। ਕੇਂਦਰ ਤੇ ਪੰਜਾਬ ਸਰਕਾਰ ਦੋਵੇਂ ਲੋਕਾਂ ਨੂੰ ਲੋੜੀਂਦੀਆਂ ਸਿਹਤ ਸਹੂਲਤਾਂ ਦੇਣ 'ਚ ਨਾਕਾਮ ਰਹੀਆਂ ਹਨ ਜਦਕਿ ਕਰੋਨਾ ਦੇ ਵਧਦੇ ਕੇਸਾਂ ਦਾ ਠੀਕਰਾ ਆਮ ਲੋਕਾਂ ਸਿਰ ਮੜ੍ਹਿਆ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਪਿਛਲੇ ਇਕ ਵਰ੍ਹੇ ਦੌਰਾਨ ਕੇਂਦਰ ਤੇ ਪੰਜਾਬ ਸਰਕਾਰ ਨੇ ਕਰੋਨਾ ਤੋਂ ਬਚਾਅ ਲਈ ਸਿਹਤ ਸਹੂਲਤਾਂ 'ਚ ਕਿਹੋ ਜਿਹਾ ਵਾਧਾ ਕੀਤਾ ਹੈ, ਉਹ ਕਿਸੇ ਤੋਂ ਲੁਕਿਆ ਨਹੀਂ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਉਹ ਜਬਰੀ ਠੋਸੀਆਂ ਜਾਣ ਵਾਲੀਆਂ ਪਾਬੰਦੀਆਂ ਖਿਲਾਫ ਹਰ ਵਰਗ ਨਾਲ ਖੜ੍ਹੇ ਹਨ, ਪਰ ਜਰੂਰਤ ਹੈ ਕਿ ਸਾਰੇ ਵਰਗ ਆਪਣੀ ਭੂਮਿਕਾ ਦੀ ਪਛਾਣ ਕਰਨ। ਕਿਸਾਨ ਆਗੂਆਂ ਨੇ ਕਿਹਾ ਕਿ ਚਲਾਨ ਕੱਟ ਕੇ ਲੋਕਾਂ ਦੀਆਂ ਜੇਬਾਂ ਖਾਲੀ ਕਰਵਾਈਆਂ ਜਾ ਰਹੀਆਂ ਹਨ ਜਦਕਿ ਕੇਂਦਰ ਸਰਕਾਰ ਦੇ ਜੀ.ਐਸ.ਟੀ. ਤੇ ਨੋਟਬੰਦੀ ਜਿਹੇ ਮਾਰੂ ਫੈਸਲਿਆਂ ਕਾਰਨ ਲੋਕ ਪਹਿਲਾਂ ਹੀ ਤੰਗੀਆਂ-ਤੁਰਸ਼ੀਆਂ 'ਚੋਂ ਲੰਘ ਰਹੇ ਹਨ। ਆਗੂਆਂ ਨੇ ਕਿਹਾ ਕਿ ਸਰਕਾਰ ਦੁਕਾਨਾਂ ਜਬਰੀ ਬੰਦ ਕਰਵਾ ਰਹੀ ਹੈ, ਜਿਸ ਕਾਰਨ ਪਹਿਲਾਂ ਹੀ ਇਕ ਸਾਲ ਦੇ ਘਾਟੇ ਦਾ ਸ਼ਿਕਾਰ ਦੁਕਾਨਦਾਰ ਮਰਨ ਕੰਢੇ ਖੜ੍ਹੇ ਹਨ। ਉਨ੍ਹਾਂ ਕੋਲ ਭੁੱਖੇ ਮਰਨ ਜਾਂ ਸੰਘਰਸ਼ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਰਿਹਾ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਨੇ ਕਿਸਾਨੀ ਅੰਦੋਲਨ ਨੂੰ ਖਤਮ ਕਰਨ ਲਈ ਲੌਕਡਾਊਨ ਲਗਾਇਆ ਹੈ ਤਾਂ ਜੋ ਕਰੋਨਾ ਤੋਂ ਡਰਦੇ ਲੋਕ ਘਰਾਂ ਅੰਦਰ ਕੈਦ ਹੋ ਜਾਣ ਅਤੇ ਦਿੱਲੀ ਦੇ ਬਾਰਡਰਾਂ 'ਤੇ ਲੱਗੇ ਮੋਰਚੇ ਖਾਲੀ ਹੋ ਜਾਣ। ਸਰਕਾਰ ਬਿਮਾਰੀ ਦੇ ਨਾਂ 'ਤੇ ਦਹਿਸ਼ਤ ਫੈਲਾਉਣ ਚਾਹੁੰਦੀ ਹੈ। ਇਸ ਕੰਮ ਵਿਚ ਕੈਪਟਨ ਸਰਕਾਰ, ਮੋਦੀ ਸਰਕਾਰ ਨਾਲ ਮਿਲੀ ਹੋਈ ਹੈ। ਉਨ੍ਹਾਂ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਉਹ ਲੌਕਡਾਊਨ ਦਾ ਵਿਰੋਧ ਕਰਦੇ ਹੋਏ ਆਪਣੀਆਂ ਦੁਕਾਨਾਂ ਖੋਲ੍ਹਣ। ਕਿਸਾਨ ਜਥੇਬੰਦੀਆਂ ਉਨ੍ਹਾਂ ਦਾ ਸਾਥ ਦੇਣਗੀਆਂ।

# ਵੱਡੀ ਗਿਣਤੀ ਮੁਲਕ ਭਾਰਤ ਦੀ ਮਦਦ ਲਈ ਅੱਗੇ ਆਏ

**ਨਵੀਂ ਦਿੱਲੀ:** ਕਰੋਨਾ ਮਹਾਮਾਰੀ ਕਾਰਨ ਬਣੇ ਔਖੇ ਹਾਲਾਤ ਵਿਚ ਵਿਸ਼ਵ ਦੇ ਵੱਡੇ ਗਿਣਤੀ ਮੁਲਕ ਭਾਰਤ ਦੀ ਮਦਦ ਲਈ ਅੱਗੇ ਆ ਰਹੇ ਹਨ। ਅਮਰੀਕਾ, ਕੈਨੇਡਾ, ਆਸਟਰੇਲੀਆ, ਸਿੰਗਾਪੁਰ ਸਣੇ ਕਈ ਮੁਲਕ ਆਪਣੇ ਪੱਧਰ ਉਤੇ ਮਦਦ ਲਈ ਹੱਥ ਵਧਾ ਰਹੇ ਹਨ।

ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕਿਹਾ ਹੈ ਕਿ ਬਾਇਡਨ ਪ੍ਰਸ਼ਾਸਨ ਲੋੜ ਦੇ ਸਮੇਂ ਹੁਣ ਭਾਰਤ ਦੀ ਮਦਦ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਕੋਵਿਡ-19 ਸੰਕਟ ਦੌਰਾਨ ਲਾਗ ਦੇ ਕੇਸ ਅਤੇ ਮੌਤਾਂ ਵਧ ਰਹੀਆਂ ਹਨ ਤੇ ਭਾਰਤ ਦੀ ਭਲਾਈ ਅਮਰੀਕਾ ਲਈ ਬੇਹੱਦ ਅਹਿਮ ਹੈ।

ਹੈਰਿਸ ਨੇ ਕਿਹਾ ਕਿ ਭਾਰਤ ਦੀ ਅਜੋਕੀ ਸਥਿਤੀ ਦਿਲ ਤੋੜਨ ਵਾਲੀ ਹੈ ਤੇ ਪੂਰਾ ਬਾਇਡਨ ਪ੍ਰਸ਼ਾਸਨ ਮਹਾਮਾਰੀ ਖਿਲਾਫ ਇਸ ਜੰਗ ਵਿਚ ਮੁਲਕ ਦੇ ਨਾਲ ਖੜ੍ਹਾ ਹੈ। ਹੈਰਿਸ ਨੇ ਕਿਹਾ ਕਿ ਮਹਾਮਾਰੀ ਦੀ ਸ਼ੁਰੂਆਤ ਵਿਚ ਜਦ ਅਮਰੀਕਾ ਦੇ ਹਸਪਤਾਲਾਂ ਵਿਚ ਬੈੱਡ ਘੱਟ ਪੈ ਰਹੇ ਸਨ ਤਾਂ ਭਾਰਤ ਨੇ ਮਦਦ ਭੇਜੀ। ਲੋੜ ਮੌਕੇ ਹੁਣ ਅਮਰੀਕਾ ਭਾਰਤ ਦੀ ਮਦਦ ਕਰੇਗਾ। ਹੈਰਿਸ ਨੇ ਕਿਹਾ ਕਿ ਅਜਿਹਾ ਉਹ ਭਾਰਤ ਦੇ ਮਿੱਤਰ ਵਜੋਂ, ਏਸ਼ਿਆਈ ਕੁਆਡ ਦੇ ਮੈਂਬਰ ਵਜੋਂ ਤੇ ਆਲਮੀ ਭਾਈਚਾਰੇ ਦੇ ਇਕ ਹਿੱਸੇ ਵਜੋਂ ਕਰ ਰਹੇ ਹਨ।




ਸਿੰਗਾਪੁਰ ਦੀ ਖੁਰਾਕ ਤੇ ਖੇਤੀਬਾੜੀ ਕਾਰੋਬਾਰ ਨਾਲ ਜੁੜੀ ਕੌਮਾਂਤਰੀ ਕੰਪਨੀ ਨੇ ਭਾਰਤੀ ਹਾਈ ਕਮਿਸ਼ਨ ਤੇ ਹੋਰ ਸਰਕਾਰੀ ਅਤੇ ਪ੍ਰਾਈਵੇਟ ਸੈਕਟਰ ਦੀਆਂ ਕੰਪਨੀਆਂ ਨਾਲ ਹੱਥ ਮਿਲਾ ਕੇ ਭਾਰਤ ਨੂੰ ਜਰੂਰੀ ਮੈਡੀਕਲ ਸਪਲਾਈ ਭੇਜਣ ਦਾ ਉਪਰਾਲਾ ਕੀਤਾ ਹੈ। ਓਲਮ ਇੰਟਰਨੈਸ਼ਨਲ ਸਿੰਗਾਪੁਰ ਵਿਚ ਇਕ ਫਾਊਂਡੇਸ਼ਨ, ਸਿੰਗਾਪੁਰ ਏਅਰਲਾਈਨਜ, ਏਅਰ ਇੰਡੀਆ ਤੇ ਹੋਰਾਂ ਨਾਲ ਮਿਲ ਕੇ ਭਾਰਤ ਵਿਚ ਆਕਸੀਜਨ ਦੀ ਲੋੜ ਅਤੇ ਹੋਰ ਦਵਾਈਆਂ ਦੀ ਪੂਰਤੀ ਕਰਨ ਲਈ ਕੰਮ ਕਰ ਰਹੀ ਹੈ। ਉਪਰਾਲੇ ਰਾਹੀਂ ਦਿੱਲੀ, ਕਰਨਾਟਕ, ਮਹਾਰਾਸ਼ਟਰ, ਤਾਮਿਲਨਾਡੂ, ਰਾਜਸਥਾਨ, ਜੰਮੂ ਤੇ ਕਸ਼ਮੀਰ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਨੂੰ ਮਦਦ ਭੇਜੀ ਜਾ ਰਹੀ ਹੈ।

## ਵਿਦੇਸ਼ੀ ਸਹਾਇਤਾ ਦੇ ਮੁੱਦੇ 'ਤੇ ਰਾਹੁਲ ਦੇ ਸਰਕਾਰ ਨੂੰ ਸਵਾਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਰੋਨਾ ਵਾਇਰਸ ਖਿਲਾਫ ਲੜਨ ਲਈ ਭਾਰਤ ਨੂੰ ਵਿਦੇਸ਼ਾਂ ਤੋਂ ਮਿਲ ਰਹੀ ਰਾਹਤ 'ਚ ਪਾਰਦਰਸ਼ਤਾ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਸਰਕਾਰ ਵਿਦੇਸ਼ੀ ਸਹਾਇਤਾ ਮਿਲਣ ਬਾਰੇ ਜਵਾਬ ਦੇਵੇ। ਉਨ੍ਹਾਂ ਟਵੀਟ ਕੀਤਾ ਕਿ ਕੋਵਿਡ ਲਈ ਵਿਦੇਸ਼ ਤੋਂ ਭਾਰਤ ਨੂੰ ਕਿੰਨੀ ਸਪਲਾਈ ਮਿਲੀ ਅਤੇ ਇਹ ਕਿਥੇ ਗਈ ਹੈ। ਉਨ੍ਹਾਂ ਕਿਹਾ ਕਿ ਇਸ ਦਾ ਲਾਹਾ ਕਿਸ ਨੂੰ ਮਿਲ ਰਿਹਾ ਹੈ। ਇਕ ਹੋਰ ਟਵੀਟ 'ਚ ਰਾਹੁਲ ਨੇ ਦੋਸ਼ ਲਾਇਆ ਕਿ ਸਰਕਾਰ ਕੋਵਿਡ-19 ਮਹਾਮਾਰੀ, ਟੀਕਾਕਰਨ ਅਤੇ ਰੁਜ਼ਗਾਰ ਦੇ ਮੌਕਿਆਂ ਨਾਲ ਨਜਿੱਠਣ 'ਚ ਪੂਰੀ ਤਰ੍ਹਾਂ ਨਾਲ ਨਾਕਾਮ ਰਹੀ ਹੈ। ਉਨ੍ਹਾਂ ਭਾਰਤੀ ਅਰਥਚਾਰੇ ਦੇ ਨਿਗਰਾਨ ਕੇਂਦਰ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਅਪਰੈਲ 'ਚ 75 ਲੱਖ ਵਿਅਕਤੀਆਂ ਨੂੰ ਆਪਣੇ ਰੁਜ਼ਗਾਰ ਤੋਂ ਹੱਥ ਧੋਣਾ ਪਿਆ ਹੈ।

# ਹਾੜ੍ਹੀ ਸਾਂਭਣ ਤੋਂ ਬਾਅਦ ਕਿਸਾਨਾਂ ਨੇ ਮੁੜ ਪਾਏ ਮੋਰਚਿਆਂ ਵੱਲ ਚਾਲੇ

## ਕਿਸਾਨੀ ਸੰਘਰਸ਼ ਨੂੰ ਆਜ਼ਾਦੀ ਸੰਗਰਾਮ ਵਾਂਗ ਭਖਾਉਣ ਦਾ ਸੱਦਾ

**ਚੰਡੀਗੜ੍ਹ:** ਹਾੜ੍ਹੀ ਦੀ ਫਸਲ ਸਾਂਭਣ ਤੋਂ ਬਾਅਦ ਖੇਤੀ ਕਾਨੂੰਨਾਂ ਖਿਲਾਫ ਆਰ-ਪਾਰ ਦੀ ਲੜਾਈ ਲਈ ਕਿਸਾਨਾਂ ਨੇ ਮੁੜ ਮੋਰਚਿਆਂ ਵੱਲ ਚਾਲੇ ਪਾ ਦਿੱਤੇ ਹਨ। ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਪਿਛਲੇ 5 ਮਹੀਨਿਆਂ ਤੋਂ ਲਗਾਤਾਰ ਦਿੱਲੀ ਦੀਆਂ ਬਰੂੰਹਾਂ 'ਤੇ ਡਟੇ ਕਿਸਾਨਾਂ ਕੋਲ ਕਣਕ ਦੀ ਫਸਲ ਦੀ ਸਾਂਭ-ਸੰਭਾਲ ਤੋਂ ਬਾਅਦ ਆਉਣ ਵਾਲੇ ਅਗਲੇ 6 ਮਹੀਨਿਆਂ ਦਾ ਰਾਸ਼ਨ ਪਹੁੰਚਣਾ ਸ਼ੁਰੂ ਹੋ ਗਿਆ ਹੈ। ਇਸ ਵਾਰ ਹਜ਼ਾਰਾਂ ਨਹੀਂ ਲੱਖਾਂ ਰੁਪਏ ਦੇ ਫੰਡ ਇਕੱਠੇ ਹੋ ਰਹੇ ਹਨ। ਕਹਾਣੀ ਇਥੋਂ ਤੱਕ ਪਹੁੰਚ ਗਈ ਹੈ ਕਿ ਕਿਸਾਨ ਵੱਡੀ ਮਾਤਰਾ ਵਿਚ ਫੰਡ ਦੇ ਕੇ ਰਸੀਦਾਂ ਵੱਟਸਐਪ ਗਰੁੱਪਾਂ ਵਿਚ ਆਪ ਮੁਹਾਰੇ ਪਾ ਰਹੇ ਹਨ ਤੇ ਪੰਜਾਬ ਅੰਦਰ ਵੱਡੀ ਪੱਧਰ 'ਤੇ ਪਿੰਡੋਂ ਪਿੰਡੀ ਦਿੱਲੀ ਆਉਣ ਲਈ ਤਿਆਰੀਆਂ ਚੱਲ ਰਹੀਆਂ ਹਨ। ਆਉਣ ਵਾਲੇ ਦਿਨਾਂ 'ਚ ਮੁੜ ਦਿੱਲੀ ਮੋਰਚੇ ਵਿਚ ਵੱਡੀ ਗਿਣਤੀ ਕਿਸਾਨ, ਮਜ਼ਦੂਰ ਅਤੇ ਛੋਟੇ ਕਾਰੋਬਾਰੀ ਪਹੁੰਚਣਗੇ।

ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਪੰਜਾਬੀਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਆਜ਼ਾਦੀ ਸੰਗਰਾਮ ਵਾਂਗ ਹੁਣ ਵੀ ਸੰਘਰਸ਼ ਦੀ ਅਗਵਾਈ ਪੰਜਾਬ ਦੇ ਹਿੱਸੇ ਆਈ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਕੁਰਬਾਨੀਆਂ ਭਰਿਆ ਇਤਿਹਾਸ ਸਿਰਫ ਪੜ੍ਹਿਆ ਹੀ ਨਹੀਂ ਗਿਆ, ਸਗੋਂ ਵਿਰਾਸਤ ਤੋਂ ਸੇਧ ਵੀ ਲਈ ਗਈ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਖੇਤੀ ਕਾਨੂੰਨ, ਬਿਜਲੀ ਸੋਧ ਬਿੱਲ-2020 ਅਤੇ ਪਰਾਲੀ ਆਰਡੀਨੈਂਸ ਰੱਦ ਕਰਵਾਉਣ ਲਈ ਕਿਸਾਨਾਂ ਦਾ ਜਜ਼ਬਾ ਬਰਕਰਾਰ ਹੈ। ਸੂਬੇ ਦੀਆਂ 32 ਕਿਸਾਨ ਜਥੇਬੰਦੀਆਂ ਦੇ ਪੱਕੇ ਜਾਰੀ ਹਨ। ਪੰਜਾਬ ਭਰ ਵਿਚ 108 ਥਾਵਾਂ, ਟੌਲ ਪਲਾਜ਼ਿਆਂ, ਰਿਲਾਇੰਸ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ, ਅਡਾਨੀਆਂ ਦੀ ਖੁਸ਼ਕ ਬੰਦਰਗਾਹ ਅਤੇ ਭਾਜਪਾ ਆਗੂਆਂ ਦੇ ਘਰਾਂ ਸਾਹਮਣੇ ਜਾਰੀ ਧਰਨਿਆਂ ਵਿੱਚ ਲਗਾਤਾਰ ਕੇਂਦਰ ਸਰਕਾਰ ਖਿਲਾਫ ਨਾਅਰੇ ਗੂੰਜ ਰਹੇ ਹਨ।

ਕਿਸਾਨ ਆਗੂਆਂ ਨੇ ਦੱਸਿਆ ਕਿ ਸਰਕਾਰੀ ਪਾਬੰਦੀਆਂ ਨੂੰ ਦਰਕਿਨਾਰ ਕਰਦਿਆਂ ਪੰਜਾਬ ਤੋਂ ਕਿਸਾਨਾਂ ਦੇ ਵੱਡੇ ਕਾਫਲੇ ਲਗਾਤਾਰ ਦਿੱਲੀ ਰਵਾਨਾ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੀ ਆਵਾਜ਼ ਵਿਸ਼ਵ ਪੱਧਰ 'ਤੇ ਗੂੰਜੀ ਹੈ ਪਰ ਤਾਨਾਸ਼ਾਹੀ ਰਵੱਈਏ 'ਤੇ ਉੱਤਰੀ ਕੇਂਦਰ ਸਰਕਾਰ ਕਾਨੂੰਨ ਵਿਚ ਗਲਤੀਆਂ ਮੰਨਣ ਦੇ ਬਾਵਜੂਦ ਰੱਦ ਕਰਨ ਤੋਂ ਟਾਲਾ ਵੱਟ ਰਹੀ ਹੈ ਪਰ ਇਸ ਦੇ ਬਾਵਜੂਦ ਕਿਸਾਨਾਂ ਦੇ ਹੌਂਸਲੇ ਬੁਲੰਦ ਹਨ ਅਤੇ ਉਹ ਅੰਦੋਲਨ ਜਿੱਤ ਕੇ ਹੀ ਘਰ ਮੁੜਨ ਦਾ ਤਹੱਈਆ ਕਰੀ ਬੈਠੇ ਹਨ।

ਕਿਸਾਨ ਆਗੂਆਂ ਨੇ ਖੇਤੀ ਕਾਨੂੰਨਾਂ ਦੇ ਸੰਘਰਸ਼ 'ਚ ਔਰਤਾਂ ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਟੇਜਾਂ 'ਤੇ ਬਾਹਾਂ ਉੱਚੀਆਂ ਕਰ ਕੇ ਜੋਸ਼ੀਲੀਆਂ ਤਕਰੀਰਾਂ ਦਿੰਦੀਆਂ ਭੈਣਾਂ ਸੱਤਾਧਾਰੀ ਜਮਾਤ ਅੱਗੇ ਵੰਗਾਰ ਬਣੀਆਂ ਖੜ੍ਹੀਆਂ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਸੰਯੁਕਤ ਕਿਸਾਨ ਮੋਰਚੇ ਦੇ ਸੱਦਿਆਂ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਆਗੂਆਂ ਨੇ ਕਿਹਾ ਕਿ ਦਿਨਾਂ ਦੀ ਗਿਣਤੀ ਕੋਈ ਅਹਿਮੀਅਤ ਨਹੀਂ ਰੱਖਦੀ, ਉਨ੍ਹਾਂ ਦਾ ਇਕੋ-ਇਕ ਨਿਸ਼ਾਨਾ ਆਪਣੀਆਂ ਮੰਗਾਂ ਮਨਵਾਉਣਾ ਹੈ, ਜਿਸ ਲਈ ਅੰਦੋਲਨ ਭਾਵੇਂ ਕਿੰਨਾ ਵੀ ਲੰਮਾ ਕਿਉਂ ਨਾ ਚਲਾਉਣਾ ਪਵੇ।

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਦੱਸਿਆ ਕਿ ਕਿਸੇ ਵੀ ਧਰਨੇ ਅੰਦਰ ਸਰਕਾਰ ਵੱਲੋਂ ਨਾ ਦਵਾਈ, ਨਾ ਸਿਹਤ ਸਹੂਲਤ ਅਤੇ ਨਾ ਹੀ ਕਿਸੇ ਸੈਮੀਨਾਰ ਦਾ ਪ੍ਰਬੰਧ ਕੀਤਾ ਗਿਆ, ਸਿਰਫ ਉਤੋਂ ਉਤੋਂ ਕਰੋਨਾ ਦਾ ਰੌਲਾ ਪਾਇਆ ਜਾ ਰਿਹਾ ਹੈ। ਨੌਜਵਾਨ ਆਗੂ ਦੀਨਾ ਸਿੰਘ ਸਿਵੀਆ ਨੇ ਕਿਹਾ ਕਿ ਮੁਕੇਸ਼ ਅੰਬਾਨੀ ਦੀ ਕਮਾਈ ਵਧ ਕੇ ਪ੍ਰਤੀ ਘੰਟਾ ਨੱਬੇ ਕਰੋੜ ਹੋ ਗਈ ਹੈ ਜਦੋਂਕਿ ਕਿਸਾਨਾਂ, ਮਜ਼ਦੂਰਾਂ ਅਤੇ ਛੋਟੇ ਕਾਰੋਬਾਰੀਆਂ ਦਾ ਰੁਜ਼ਗਾਰ ਖਤਮ ਹੋ ਰਿਹਾ ਹੈ। ਕਾਰਪੋਰੇਟ ਘਰਾਣੇ ਕਿਸਾਨਾਂ, ਮਜ਼ਦੂਰਾਂ ਦਾ ਖੂਨ ਚੂਸਦੇ ਹਨ ਜਿਸ ਕਰਕੇ ਦਿਨੋਂ ਦਿਨ ਆਰਥਿਕ ਪਾੜਾ ਵਧ ਰਿਹਾ ਹੈ।

ਜ਼ਿਲ੍ਹਾ ਲੁਧਿਆਣਾ ਦੇ ਨੌਜਵਾਨ ਆਗੂ ਗੁਰਪ੍ਰੀਤ ਸਿੰਘ ਨੂਰਪੁਰਾ ਨੇ ਕਿਹਾ ਕਿ ਪਿਛਲੇ ਦਿਨੀਂ ਹੋਈਆਂ ਚੋਣਾਂ ਦੇ ਨਤੀਜੇ ਦੱਸਦੇ ਹਨ ਕਿ ਭਾਜਪਾ ਦਿਨੋਂ-ਦਿਨ ਆਪਣੇ ਪਤਨ ਵੱਲ ਵਧ ਰਹੀ ਹੈ। ਲਿਹਾਜ਼ਾ ਇਸ ਘੋਲ ਅੰਦਰ ਕਿਸਾਨਾਂ ਦੀਆਂ ਹੋਈਆਂ ਸ਼ਹੀਦੀਆਂ ਅਜਾਈਂ ਨਹੀਂ ਜਾਣਗੀਆਂ। ਸਰਕਾਰ ਨੂੰ ਕਾਨੂੰਨ ਰੱਦ ਕਰਨੇ ਹੀ ਪੈਣਗੇ।



### ਸੰਯੁਕਤ ਕਿਸਾਨ ਮੋਰਚੇ ਦੀ ਕੌਮੀ ਕਨਵੈਨਸ਼ਨ ਮੁਲਤਵੀ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਦੀ 10 ਮਈ ਨੂੰ ਹੋਣ ਵਾਲੀ ਕੌਮੀ ਕਨਵੈਨਸ਼ਨ ਮੁਲਤਵੀ ਕਰ ਦਿੱਤੀ ਗਈ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਕੌਮੀ ਪੱਧਰ 'ਤੇ ਕਿਸਾਨ ਅੰਦੋਲਨ ਨੂੰ ਮਜ਼ਬੂਤ ਕਰਨ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਕਰਵਾਈ ਜਾਣ ਵਾਲੀ ਕਨਵੈਨਸ਼ਨ ਫਿਲਹਾਲ ਮੁਲਤਵੀ ਕਰ ਦਿੱਤੀ ਗਈ ਹੈ। ਇਸ ਦੀ ਅਗਲੀ ਤਰੀਕ ਦਾ ਐਲਾਨ ਜਲਦੀ ਹੀ ਕਰ ਦਿੱਤਾ ਜਾਵੇਗਾ। ਹਰਿਆਣਾ ਦੇ ਕਿਸਾਨ ਵੀ ਵੱਡੀ ਗਿਣਤੀ ਵਿਚ ਦਿੱਲੀ ਮੋਰਚਿਆਂ 'ਚ ਪਹੁੰਚਣਗੇ।

### ਮੋਰਚੇ ਨਾਲ ਜੁੜੇ ਸੋਸ਼ਲ ਮੀਡੀਆ ਖਾਤੇ ਮੁਅੱਤਲ ਕਰਨ ਦੀ ਨਿੰਦਾ

**ਨਵੀਂ ਦਿੱਲੀ:** ਕਿਸਾਨ ਆਗੂਆਂ ਨੇ ਸੰਯੁਕਤ ਕਿਸਾਨ ਮੋਰਚੇ ਨਾਲ ਜੁੜੇ ਸੋਸ਼ਲ ਮੀਡੀਆ ਖਾਤਿਆਂ ਜਾਂ ਉਨ੍ਹਾਂ ਦੇ ਸਮਰਥਕਾਂ ਦੇ ਖਾਤਿਆਂ ਨੂੰ ਮੁਅੱਤਲ ਕਰਨ ਜਾਂ ਬੰਦ ਕਰਨ ਦੀ ਸਖਤ ਸ਼ਬਦਾਂ 'ਚ ਨਿੰਦਾ ਕੀਤੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਪੱਖੀ ਮੀਡੀਆ ਦੇ ਟਾਕਰੇ ਲਈ ਕਿਸਾਨਾਂ ਦੀ ਹਮਾਇਤ ਕਰਦੇ ਆ ਰਹੇ ਮੀਡੀਆ ਨੂੰ ਸਰਕਾਰ ਵੱਲੋਂ ਮਿੱਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ, ''ਅਸੀਂ ਲੋਕ ਭਲਾਈ ਤੇ ਸੁਤੰਤਰ ਪੱਤਰਕਾਰੀ 'ਤੇ ਸਰਕਾਰ ਦੇ ਹਮਲੇ ਦੀ ਨਿੰਦਾ ਤੇ ਵਿਰੋਧ ਕਰਦੇ ਹੋਏ ਮੰਗ ਕਰਦੇ ਹਾਂ ਕਿ ਇਨ੍ਹਾਂ (ਸੋਸ਼ਲ ਮੀਡੀਆ) ਖਾਤਿਆਂ ਨੂੰ ਤੁਰਤ ਚਾਲੂ ਕੀਤਾ ਜਾਵੇ। ਜਿਵੇਂ ਹੀ ਵਾਢੀ ਦਾ ਸੀਜ਼ਨ ਲਗਭਗ ਖਤਮ ਹੋ ਗਿਆ ਹੈ, ਕਿਸਾਨ ਵਾਪਸ ਦਿੱਲੀ ਦੇ ਮੋਰਚਿਆਂ 'ਤੇ ਪਹੁੰਚਣੇ ਸ਼ੁਰੂ ਹੋ ਗਏ ਹਨ। ਆਉਣ ਵਾਲੇ ਦਿਨਾਂ ਵਿੱਚ ਵੱਡੀ ਗਿਣਤੀ ਕਿਸਾਨ ਦਿੱਲੀ ਮੋਰਚਿਆਂ 'ਤੇ ਪਹੁੰਚਣਗੇ ਤਾਂ ਜੋ ਕੇਂਦਰ ਸਰਕਾਰ ਤੇ ਦਬਾਅ ਬਣਾਇਆ ਜਾ ਸਕੇ।''

### ਅੰਦੋਲਨ ਦੀ ਸਾਬੋਤਾਜ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨ ਅੰਦੋਲਨ ਨੂੰ ਸਾਬੋਤਾਜ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਕਿਉਂ ਜੋ ਉਨ੍ਹਾਂ ਦੀ ਸਰਕਾਰ ਖੁਦ ਵੀ ਇਨ੍ਹਾਂ ਕਾਨੂੰਨਾਂ ਦੀ ਜ਼ੋਰਦਾਰ ਮੁਖ਼ਾਲਫ਼ਤ ਕਰਦੀ ਹੈ ਪਰ ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਮੁੜ ਦੁਹਰਾਉਂਦਿਆਂ ਕਿਹਾ ਕਿ ਸੂਬੇ ਦੀ ਮੌਜੂਦਾ ਗੰਭੀਰ ਸਥਿਤੀ ਦੇ ਮੱਦੇਨਜਰ ਕਿਸੇ ਵੀ ਕੀਮਤ ਉਤੇ ਹਫਤਾਵਾਰੀ ਲੌਕਡਾਊਨ ਅਤੇ ਹੋਰ ਬੰਦਿਸ਼ਾਂ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਨੇ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਅਤੇ ਭਾਰਤੀ ਕਿਸਾਨ ਯੂਨੀਅਨ (ਏਕਤਾ ਡਕੌਂਦਾ) ਦੇ ਨੇਤਾਵਾਂ ਨੂੰ ਇਸ ਮੁੱਦੇ ਉਤੇ ਬੀਤੇ ਦਿਨੀਂ ਉਨ੍ਹਾਂ ਵੱਲੋਂ ਕੀਤੀਆਂ ਟਿੱਪਣੀਆਂ ਨੂੰ ਹੋਰ ਰੰਗਤ ਨਾ ਦੇਣ ਦੀ ਅਪੀਲ ਕੀਤੀ ਹੈ।

## 'ਆਪ' ਨੇ ਸਬਜ਼ੀਆਂ ਲਈ ਐਮ.ਐਸ.ਪੀ. ਮੰਗਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੀ ਵਿਧਾਇਕਾ ਬਲਜਿੰਦਰ ਕੌਰ ਅਤੇ ਟਰਾਂਸਪੋਰਟ ਵਿੰਗ ਦੇ ਸੂਬਾ ਪ੍ਰਧਾਨ ਦਲਬੀਰ ਸਿੰਘ ਟੌਂਗ ਨੇ ਕਿਹਾ ਕਿ ਕਰੋਨਾ ਮਹਾਂਮਾਰੀ ਦੌਰਾਨ ਪੰਜਾਬ ਦੀ ਕਾਂਗਰਸ ਸਰਕਾਰ ਨੇ ਟਰਾਂਸਪੋਰਟ ਕਾਰੋਬਾਰੀਆਂ, ਡਰਾਈਵਰਾਂ ਅਤੇ ਰੇਹੜੀ ਚਾਲਕਾਂ ਨੂੰ ਕੋਈ ਰਾਹਤ ਨਹੀਂ ਦਿੱਤੀ, ਸਗੋਂ ਪਾਬੰਦੀਆਂ ਲਾ ਕੇ ਉਨ੍ਹਾਂ ਨੂੰ ਬੇਰੁਜ਼ਗਾਰ ਕਰ ਦਿੱਤਾ ਹੈ। ਉਨ੍ਹਾਂ ਮੰਗ ਕੀਤੀ ਕਿ ਦਿੱਲੀ ਦੀ ਕੇਜਰੀਵਾਲ ਸਰਕਾਰ ਦੀ ਤਰਜ਼ 'ਤੇ ਟਰਾਂਸਪੋਰਟ ਨਾਲ ਜੁੜੇ ਲੋਕਾਂ ਨੂੰ ਤੁਰਤ ਪੰਜ-ਪੰਜ ਹਜ਼ਾਰ ਰੁਪਏ ਦੀ ਆਰਥਿਕ ਮਦਦ ਦਿੱਤੀ ਜਾਵੇ।

ਵਿਧਾਇਕ ਅਤੇ ਕਿਸਾਨ ਵਿੰਗ ਦੇ ਸੂਬਾ ਪ੍ਰਧਾਨ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ 'ਚ ਲੱਗੇ ਮਿੰਨੀ ਲੌਕਡਾਊਨ ਕਰਕੇ ਸਬਜ਼ੀਆਂ ਦਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਸਬਜ਼ੀ ਉਤਪਾਦਕ ਕਿਸਾਨ ਦੇ ਨਾਲ ਨਾਲ ਵਿਕਰੇਤਾ ਨੂੰ ਕਾਫੀ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ। ਇਸ ਲਈ ਪੰਜਾਬ ਸਰਕਾਰ ਜ਼ਰੂਰੀ ਕਦਮ ਚੁੱਕਦਿਆਂ ਸਬਜ਼ੀਆਂ 'ਤੇ ਐਮ.ਐਸ.ਪੀ. ਲਾਗੂ ਕਰੇ। ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਸਬਜ਼ੀਆਂ ਨੂੰ ਮੰਡੀਆਂ ਵਿਚ ਲੈ ਕੇ ਜਾਣ ਅਤੇ ਦੁਕਾਨਦਾਰਾਂ ਵੱਲੋਂ ਢੋਆ ਢੁਆਈ 'ਤੇ ਕੀਤੇ ਜਾ ਰਹੇ ਖਰਚੇ ਵੀ ਪੂਰੇ ਨਹੀਂ ਪੈ ਰਹੇ। ਇਸ ਤਰ੍ਹਾਂ ਕਿਸਾਨਾਂ ਅਤੇ ਦੁਕਾਨਦਾਰਾਂ ਨੂੰ ਦੋਹਰਾ ਆਰਥਿਕ ਨੁਕਸਾਨ ਹੋ ਰਿਹਾ ਹੈ। ਸ੍ਰੀ ਸੰਧਵਾਂ ਨੇ ਕਿਹਾ ਕਿ ਤਾਲਾਬੰਦੀ ਕਾਰਨ ਦੂਜੇ ਸੂਬਿਆਂ ਨੂੰ ਕੀਤਾ ਜਾਂਦਾ ਕਾਰੋਬਾਰ ਵੀ ਠੱਪ ਹੋ ਕੇ ਰਹਿ ਗਿਆ ਹੈ, ਜਿਸ ਕਾਰਨ ਮੰਡੀਆਂ ਵਿਚ ਕਿਸਾਨਾਂ ਨੂੰ ਸਬਜ਼ੀਆਂ ਦਾ ਉਚਿਤ ਮੁੱਲ ਨਹੀਂ ਮਿਲ ਰਹੇ। ਕਾਰੋਬਾਰੀਆਂ ਵੱਲੋਂ ਸਟੋਰ ਕੀਤੀਆਂ ਸਬਜ਼ੀਆਂ ਅਤੇ ਕਿਸਾਨਾਂ ਵੱਲੋਂ ਮੰਡੀਆਂ ਵਿਚ ਪਹੁੰਚਾਈਆਂ ਸਬਜ਼ੀਆਂ ਖਰਾਬ ਹੋ ਰਹੀਆਂ ਹਨ। ਉਨ੍ਹਾਂ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਹੈ ਕਿ ਤਾਲਾਬੰਦੀ ਕਰਕੇ ਸਬਜ਼ੀ ਉਤਪਾਦਕਾਂ ਤੇ ਵਿਕਰੇਤਾ ਨੂੰ ਹੋ ਰਹੇ ਆਰਥਿਕ ਨੁਕਸਾਨ ਤੋਂ ਬਚਾਉਣ ਲਈ ਇੱਕ ਤਾਂ ਸਬਜ਼ੀਆਂ 'ਤੇ ਐਮ.ਐਸ.ਪੀ. ਲਾਗੂ ਕੀਤੀ ਜਾਵੇ ਅਤੇ ਦੂਜਾ ਇਕ ਉਚਿਤ ਏਜੰਸੀ ਬਣਾਈ ਜਾਵੇ, ਜੋ ਸਬਜ਼ੀਆਂ ਦੇ ਕਾਰੋਬਾਰ ਨੂੰ ਮਜ਼ਬੂਤ ਬਣਾਵੇ।

## ਯੂ. ਪੀ.: ਸਾਬਕਾ ਸਿੱਖ ਫੌਜੀ ਅਫਸਰ ਦੀ ਹਿਰਾਸਤੀ ਕੁੱਟਮਾਰ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਸਾਬਕਾ ਸਿੱਖ ਫੌਜੀ ਅਫਸਰ ਦੀ ਹਿਰਾਸਤ ਵਿਚ ਕੁੱਟਮਾਰ, ਗੈਰ ਕੁਦਰਤੀ ਅਪਰਾਧਾਂ ਤੇ ਧਰਮ ਦੇ ਅਪਮਾਨ ਖਿਲਾਫ ਯੂਪੀ ਪੁਲਿਸ ਤੇ ਪੀਲੀਭੀਤ ਪ੍ਰਸ਼ਾਸਨ ਖਿਲਾਫ ਫੌਜਦਾਰੀ ਸ਼ਿਕਾਇਤ ਦਰਜ ਕਰਵਾਈ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਾਇਰ ਕੀਤੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਯੂਪੀ ਪੁਲਿਸ ਨੇ ਸਾਬਕਾ ਸਿੱਖ ਫੌਜੀ ਅਫਸਰ 'ਤੇ ਤਸ਼ੱਦਦ ਢਾਹੁਣ, ਉਸ ਨਾਲ ਬਦਸਲੂਕੀ ਕਰਨ ਤੇ ਉਸ ਦੇ ਧਰਮ ਦਾ ਅਪਮਾਨ ਕਰਨ ਲਈ 8 ਪੁਲਿਸ ਮੁਲਾਜ਼ਮਾਂ ਖਿਲਾਫ ਕੇਸ ਦਰਜ ਕਰ ਲਿਆ ਹੈ ਤੇ ਮੁਲਜ਼ਮਾਂ ਨੂੰ ਛੇਤੀ ਹੀ ਗ੍ਰਿਫਤਾਰ ਕੀਤਾ ਜਾਵੇਗਾ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਜ਼ਿਲ੍ਹਾ ਪੀਲੀਭੀਤ ਦੇ ਥਾਣਾ ਪੂਰਨਪੁਰ ਵਿਚ ਪੁਲਿਸ ਮੁਲਾਜ਼ਮ ਰਾਮ ਨਰੇਸ਼ ਸਿੰਘ, ਰਈਸ ਅਹਿਮਦ ਤੇ 6 ਹੋਰਨਾਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਇਨ੍ਹਾਂ ਲੋਕਾਂ ਨੇ ਹੀ ਰੇਸ਼ਮ ਸਿੰਘ ਨਾਲ ਹਿਰਾਸਤੀ ਕੁੱਟਮਾਰ ਕੀਤੀ, ਉਸ 'ਤੇ ਅਣਮਨੁੱਖੀ ਤਸ਼ੱਦਦ ਢਾਹਿਆ ਤੇ ਉਸ ਦੇ ਧਰਮ ਦਾ ਅਪਮਾਨ ਕੀਤਾ।

ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਸਾਬਕਾ ਫੌਜੀ ਅਫਸਰ ਰੇਸ਼ਮ ਸਿੰਘ ਆਪਣੀ ਮਾਤਾ ਤੇ ਦੋ ਭੈਣਾਂ ਨਾਲ 3 ਮਈ ਨੂੰ ਆਪਣੇ ਰਿਸ਼ਤੇਦਾਰ ਦੇ ਅੰਤਿਮ ਸਸਕਾਰ ਵਿਚ ਸ਼ਾਮਲ ਹੋਣ ਲਈ ਪੀਲੀਭੀਤ ਤੋਂ ਲਖੀਮਪੁਰ ਖੇੜੀ ਜਾ ਰਿਹਾ ਸੀ। ਰਸਤੇ ਵਿਚ ਪੀਲੀਭੀਤ ਪੁਲਿਸ ਨੇ ਉਸ ਨੂੰ ਨਾਕੇ 'ਤੇ ਰੋਕਿਆ ਤੇ ਜਦੋਂ ਉਹ ਆਪਣੀ ਅਲਟੋ ਕਾਰ ਦੇ ਪੇਪਰ ਕੱਢ ਰਿਹਾ ਸੀ ਤਾਂ ਪੁਲਿਸ ਅਧਿਕਾਰੀ ਨੇ ਉਸ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਉਥੇ ਕੋਤਵਾਲੀ ਦਾ ਥਾਣੇਦਾਰ ਰਾਮ ਨਰੇਸ਼ ਸਿੰਘ ਤੇ ਹੋਰ ਪੁਲਿਸ ਵਾਲੇ ਵੀ ਆ ਗਏ ਤੇ ਰੇਸ਼ਮ ਸਿੰਘ ਨੂੰ ਬੇਰਹਿਮੀ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਉਸ ਨੂੰ ਪੁਲਿਸ ਥਾਣੇ ਲਿਜਾਇਆ ਗਿਆ ਤੇ ਤਸ਼ੱਦਦ ਢਾਹਿਆ ਗਿਆ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਪੁਲਿਸ ਮੁਲਾਜ਼ਮਾਂ ਨੇ ਸਿੱਖ ਕੌਮ ਦੀ ਧਾਰਮਿਕ ਭਾਵਨਾ ਦਾ ਅਪਮਾਨ ਕੀਤਾ ਤੇ ਰੇਸ਼ਮ ਸਿੰਘ ਦਾ ਤੇ ਉਸ ਦੇ ਧਰਮ ਦਾ ਵੀ ਨਿਰਾਦਰ ਕੀਤਾ।

## ਛੋਟੇ ਕਿਸਾਨਾਂ ਲਈ ਮੁਸੀਬਤ ਬਣਨ ਲੱਗੀ ਜਿਣਸਾਂ ਦੀ ਸਿੱਧੀ ਅਦਾਇਗੀ

**ਚੰਡੀਗੜ੍ਹ:** ਪੰਜਾਬ ਦੇ ਛੋਟੇ ਕਿਸਾਨਾਂ ਲਈ ਜਿਣਸਾਂ ਦੀ ਸਿੱਧੀ ਅਦਾਇਗੀ ਮੁਸੀਬਤ ਬਣਨ ਲੱਗੀ ਹੈ। ਸਿੱਧੀ ਅਦਾਇਗੀ ਮਗਰੋਂ ਕਿਸਾਨਾਂ ਨੂੰ ਅਗਲੀ ਫਸਲ ਦੀ ਤਿਆਰੀ ਲਈ ਆੜ੍ਹਤੀਆਂ ਤੋਂ ਅਗਾਊਂ ਕਰਜ਼ਾ ਮਿਲਣਾ ਬੰਦ ਹੋਣ ਲੱਗਾ ਹੈ। ਆੜ੍ਹਤੀਆਂ ਨੂੰ ਡਰ ਹੈ ਕਿ ਕਿਤੇ ਉਨ੍ਹਾਂ ਦਾ ਪੈਸਾ ਡੁੱਬ ਨਾ ਜਾਵੇ। ਇਸ ਲਈ ਬਹੁਤੇ ਆੜ੍ਹਤੀਆਂ ਵੱਲੋਂ ਕਿਸਾਨਾਂ ਤੋਂ ਅਗਾਊਂ ਚੈੱਕ ਵੀ ਲਏ ਗਏ ਹਨ। ਨਵੇਂ ਹਾਲਾਤ 'ਚ ਆੜ੍ਹਤੀਆਂ ਨੇ ਉਨ੍ਹਾਂ ਕਿਸਾਨਾਂ ਤੋਂ ਕਿਨਾਰਾ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਨ੍ਹਾਂ ਦੇ ਸਿਰ ਪਹਿਲਾਂ ਹੀ ਫਸਲ ਤੋਂ ਦੁੱਗਣਾ ਕਰਜ਼ਾ ਚੜ੍ਹਿਆ ਹੋਇਆ ਹੈ। ਸਿੱਧੀ ਅਦਾਇਗੀ ਦੇ ਇਹ ਨਵੇਂ ਅਸਰ ਵੇਖਣ ਨੂੰ ਮਿਲ ਰਹੇ ਹਨ।

ਵੇਰਵਿਆਂ ਅਨੁਸਾਰ ਪੰਜਾਬ ਭਰ ਵਿਚ ਕਰੀਬ 28 ਹਜ਼ਾਰ ਆੜ੍ਹਤੀ ਹਨ ਅਤੇ ਦੋਵੇਂ ਫਸਲਾਂ ਦਾ ਆੜ੍ਹਤੀਆਂ ਜਰੀਏ ਕਰੀਬ ਪੰਜਾਹ ਹਜ਼ਾਰ ਕਰੋੜ ਦਾ ਫਸਲੀ ਕਾਰੋਬਾਰ ਹੁੰਦਾ ਹੈ। ਖੇਤੀ ਕਾਨੂੰਨਾਂ ਮਗਰੋਂ ਕਿਸਾਨਾਂ ਤੇ ਆੜ੍ਹਤੀਆਂ ਦਰਮਿਆਨ ਨੇੜਤਾ ਵਧੀ ਹੈ, ਜਿਸ ਕਰਕੇ ਕਿਧਰੇ ਵੀ ਕੋਈ ਲੈਣ-ਦੇਣ ਦਾ ਰੌਲਾ ਸਾਹਮਣੇ ਨਹੀਂ ਆਇਆ ਹੈ। ਉਂਜ, ਆੜ੍ਹਤੀ ਨਵਾਂ ਕਰਜ਼ਾ ਨਹੀਂ ਦੇ ਰਹੇ ਹਨ। ਖੁਰਾਕ ਅਤੇ ਸਪਲਾਈ ਵਿਭਾਗ ਨੇ ਜੋ ਸਿੱਧੀ ਅਦਾਇਗੀ ਲਈ ਨਵਾਂ ਪੋਰਟਲ ਸ਼ੁਰੂ ਕੀਤਾ ਹੈ, ਉਸ 'ਤੇ ਕਣਕ ਦੇ ਸੀਜ਼ਨ ਦੌਰਾਨ ਕਰੀਬ 15 ਲੱਖ ਕਿਸਾਨ ਰਜਿਸਟਰਡ ਹੋਏ ਹਨ।



ਬਾਘਾ ਪੁਰਾਣਾ ਦਾ ਆੜ੍ਹਤੀ ਰਾਮ ਨਿਵਾਸ ਦੱਸਦਾ ਹੈ ਕਿ ਇਲਾਕੇ ਦੇ 25 ਤੋਂ 30 ਫੀਸਦੀ ਤਾਂ ਐਨ.ਆਰ.ਆਈ. ਹਨ, ਜੋ ਜ਼ਮੀਨਾਂ ਠੇਕੇ 'ਤੇ ਦਿੰਦੇ ਹਨ ਅਤੇ ਕਰੋਨਾ ਕਰਕੇ ਉਨ੍ਹਾਂ ਨੇ ਐਤਕੀਂ ਵਾਪਸ ਨਹੀਂ ਆਉਣਾ। ਉਸ ਨੇ ਦੱਸਿਆ ਕਿ ਆੜ੍ਹਤੀ ਹੁਣ ਐਡਵਾਂਸ ਦੇਣ ਤੋਂ ਗੁਰੇਜ਼ ਕਰ ਰਹੇ ਹਨ ਕਿਉਂਕਿ ਵਸੂਲੀ ਡੁੱਬਣ ਦਾ ਡਰ ਬਣਿਆ ਹੋਇਆ ਹੈ। ਕਈ ਆੜ੍ਹਤੀ ਕੰਮ ਵੀ ਸਮੇਟਣ ਲੱਗੇ ਹਨ। ਸੂਤਰ ਦੱਸਦੇ ਹਨ ਕਿ ਖਾਸ ਕਰਕੇ ਮਾਲਵੇ ਖਿੱਤੇ ਵਿਚ ਉਨ੍ਹਾਂ ਕਿਸਾਨਾਂ ਤੋਂ ਆੜ੍ਹਤੀਆਂ ਨੇ ਅਗਾਊਂ ਖਾਲੀ ਚੈੱਕ ਲੈ ਲਏ ਸਨ, ਜਿਨ੍ਹਾਂ ਵੱਲ ਜਿਆਦਾ ਕਰਜ਼ਾ ਖੜ੍ਹਾ ਸੀ।

ਮੋਟੇ ਅੰਦਾਜ਼ੇ ਅਨੁਸਾਰ ਪੰਜਾਬ ਵਿਚ ਕਿਸਾਨ ਹਰ ਵਰ੍ਹੇ ਆੜ੍ਹਤੀਆਂ ਤੋਂ ਕਰੀਬ 30 ਹਜ਼ਾਰ ਕਰੋੜ ਦਾ ਫਸਲੀ ਕਰਜ਼ਾ ਲੈਂਦੇ ਹਨ। ਸੰਗਤ ਮੰਡੀ ਦੇ ਆੜ੍ਹਤੀਆਂ ਦਾ ਕਹਿਣਾ ਸੀ ਕਿ ਆੜ੍ਹਤੀਆਂ ਨੇ ਸਿਰਫ ਉਨ੍ਹਾਂ ਕਿਸਾਨਾਂ ਨਾਲ ਕੰਮ ਘਟਾ ਲਿਆ ਹੈ, ਜਿਨ੍ਹਾਂ ਦਾ ਵਿਹਾਰ ਮਾੜਾ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਜਮ੍ਹਾਂਬੰਦੀ ਵਾਲਾ ਸਿਸਟਮ ਲਾਗੂ ਹੋ ਗਿਆ ਤਾਂ ਵੱਡਾ ਅਸਰ ਪਵੇਗਾ। ਚੇਤੇ ਰਹੇ ਕਿ ਛੋਟੀ ਤੇ ਦਰਮਿਆਨੀ ਕਿਸਾਨੀ ਤਾਂ ਪੂਰੀ ਤਰ੍ਹਾਂ ਆੜ੍ਹਤੀ 'ਤੇ ਨਿਰਭਰ ਹੈ ਕਿਉਂਕਿ ਉਸ ਕੋਲ ਸਮੇਂ-ਸਮੇਂ 'ਤੇ ਛੋਟੀ ਰਾਸ਼ੀ ਲੈਣ ਲਈ ਕੋਈ ਬਦਲਵਾਂ ਪ੍ਰਬੰਧ ਨਹੀਂ ਹੈ।

ਦੱਸਣਯੋਗ ਹੈ ਕਿ ਫਸਲੀ ਖਰੀਦ 'ਤੇ ਆੜ੍ਹਤੀਆਂ ਨੂੰ ਢਾਈ ਫੀਸਦੀ ਦਾਮੀ ਮਿਲਦੀ ਹੈ। ਪੰਜਾਬ ਵਿੱਚ ਆੜ੍ਹਤੀਆਂ ਨੂੰ ਦੋਵਾਂ ਫਸਲਾਂ 'ਤੇ ਕਰੀਬ ਇਕ ਹਜ਼ਾਰ ਰੁਪਏ ਦਾ ਕਮਿਸ਼ਨ ਮਿਲਦਾ ਹੈ। ਦੂਸਰੀ ਤਰਫ ਬੈਂਕਾਂ ਨੂੰ ਐਤਕੀਂ ਵਸੂਲੀ 'ਤੇ ਅਸਰ ਪੈਣ ਦਾ ਡਰ ਹੈ ਕਿਉਂਕਿ ਆੜ੍ਹਤੀ ਪਹਿਲਾਂ ਹੀ ਆਪਣੀ ਰਕਮ ਫਸਲ 'ਚੋਂ ਕੱਟ ਰਹੇ ਹਨ।

# ਅੰਦਰੂਨੀ ਕਲੇਸ਼ ਨੇ ਕੈਪਟਨ ਅਮਰਿੰਦਰ ਸਿੰਘ ਦੀਆਂ ਮੁਸ਼ਕਿਲਾਂ ਵਧਾਈਆਂ

## ਨਵਜੋਤ ਸਿੱਧੂ ਪਿੱਛੋਂ ਵਜ਼ੀਰਾਂ ਅਤੇ ਵਿਧਾਇਕਾਂ ਵੱਲੋਂ ਵੀ ਮੋਰਚਾ ਖੋਲ੍ਹਣ ਦੇ ਸੰਕੇਤ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਜਿਵੇਂ-ਜਿਵੇਂ ਨੇੜੇ ਆ ਰਹੀਆਂ ਹਨ, ਕੈਪਟਨ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਪਹਿਲੀ ਵਾਰ ਹੈ ਕਿ ਵਜ਼ੀਰ ਅਤੇ ਵਿਧਾਇਕ ਵੀ ਕੈਪਟਨ ਖਿਲਾਫ ਮੋਰਚਾ ਖੋਲ੍ਹਣ ਲਈ ਸਰਗਰਮ ਹੋਏ ਜਾਪਦੇ ਹਨ।

ਸੂਬੇ ਦੀ ਕਾਂਗਰਸ ਸਰਕਾਰ ਦਾ ਚਾਰ ਸਾਲ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਪਾਰਟੀ ਅੰਦਰੋਂ ਹੀ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੀਤੇ ਦਿਨੀਂ ਪਾਰਟੀ ਦੇ ਇਕ ਵਿਧਾਇਕ ਦੇ ਘਰ ਖਾਣੇ 'ਤੇ ਇਕੱਠੇ ਹੋਏ ਕਈ ਵਿਧਾਇਕਾਂ ਤੇ ਕੁਝ ਮੰਤਰੀਆਂ ਤੋਂ ਬਾਅਦ ਪੰਚਕੂਲਾ ਵਿਖੇ ਦੋ ਮੰਤਰੀਆਂ ਸੁਖਜਿੰਦਰ ਸਿੰਘ ਰੰਧਾਵਾ ਤੇ ਚਰਨਜੀਤ ਸਿੰਘ ਚੰਨੀ ਵੱਲੋਂ ਸੀਨੀਅਰ ਪਾਰਟੀ ਆਗੂ ਨਵਜੋਤ ਸਿੰਘ ਸਿੱਧੂ ਨਾਲ ਕੀਤੀ ਗਈ ਮੁਲਾਕਾਤ ਨੇ ਸਰਕਾਰੀ ਹਲਕਿਆਂ 'ਚ ਕਾਫੀ ਹਲਚਲ ਪੈਦਾ ਕਰ ਦਿੱਤੀ ਹੈ।

ਭਾਵੇਂ ਹੁਣ ਤੱਕ ਮੁੱਖ ਮੰਤਰੀ ਅੰਦਰੂਨੀ ਵਿਰੋਧ ਨੂੰ ਨਵਜੋਤ ਸਿੰਘ ਸਿੱਧੂ ਤੱਕ ਹੀ ਸੀਮਤ ਹੋਣ ਦਾ ਦਾਅਵਾ ਕਰ ਰਹੇ ਸਨ, ਪਰ ਹੁਣ ਉਨ੍ਹਾਂ ਦੇ ਮੰਤਰੀਆਂ ਤੇ ਵਿਧਾਇਕਾਂ ਦੇ ਹੀ ਸਿੱਧੂ ਨਾਲ ਜਾਣ ਨੂੰ ਵੱਡੀ ਚੁਣੌਤੀ ਮੰਨਿਆ ਜਾ ਰਿਹਾ ਹੈ। ਪਾਰਟੀ ਸੂਤਰਾਂ ਅਨੁਸਾਰ ਨਾਖੁਸ਼ ਧੜੇ ਵੱਲੋਂ ਬੇਅਦਬੀਆਂ ਦੇ ਮੁੱਦੇ ਉਤੇ ਸਰਕਾਰ ਦੀ ਅਸਫਲਤਾ ਤੇ ਬਾਦਲਾਂ ਪ੍ਰਤੀ ਨਰਮ ਰਵੱਈਏ ਕਾਰਨ ਪਾਰਟੀ ਨੂੰ ਲੱਗ ਰਹੀ ਢਾਹ ਦੇ ਮੁੱਦੇ ਨੂੰ ਲੈ ਕੇ ਪਾਰਟੀ ਹਾਈਕਮਾਨ ਨੂੰ ਜਾਣੂ ਕਰਵਾਉਂਦਿਆਂ ਦਖਲ ਦੀ ਵੀ ਮੰਗ ਕੀਤੀ ਹੈ।



ਸੂਚਨਾ ਅਨੁਸਾਰ ਇਨ੍ਹਾਂ ਨਾਖੁਸ਼ ਮੰਤਰੀਆਂ ਤੇ ਵਿਧਾਇਕਾਂ ਦੀਆਂ ਮੀਟਿੰਗਾਂ ਦੌਰਾਨ ਕੈਪਟਨ ਵੱਲੋਂ ਅਫਸਰਸ਼ਾਹੀ ਰਾਹੀਂ ਸਰਕਾਰ ਚਲਾਉਣ ਤੇ ਚੁਣੇ ਨੁਮਾਇੰਦਿਆਂ ਨੂੰ ਸਰਕਾਰੀ ਫੈਸਲਿਆਂ ਤੋਂ ਬਾਹਰ ਰੱਖਣ ਦਾ ਤਿੱਖਾ ਵਿਰੋਧ ਹੋਇਆ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਤੇ ਕੋਟਕਪੂਰਾ ਗੋਲੀਕਾਂਡ ਦੇ ਮਾਮਲੇ ਵਿਚ ਡੇਰਾ ਸਿਰਸਾ ਮੁਖੀ ਤੇ ਬਾਦਲਾਂ ਨੂੰ ਬਚਾਉਣ ਖਾਤਰ ਇਨ੍ਹਾਂ ਕੇਸਾਂ ਨੂੰ ਸਰਕਾਰੀ ਪੱਧਰ 'ਤੇ ਖਤਮ ਕਰਨ ਦੀਆਂ ਕੋਸ਼ਿਸ਼ਾਂ ਦੀ ਵੀ ਕਾਫੀ ਨੁਕਤਾਚੀਨੀ ਹੋਈ। ਮੀਟਿੰਗਾਂ ਦੌਰਾਨ ਬਾਦਲਾਂ ਨੂੰ ਬੱਸ ਟਰਾਂਸਪੋਰਟ ਤੇ ਕੇਬਲ ਮਾਫੀਆ ਜਾਰੀ ਰੱਖਣ ਲਈ ਸਰਕਾਰੀ ਪੱਧਰ 'ਤੇ ਮਿਲਦੇ ਰਹੇ ਸਮਰਥਨ ਦਾ ਵੀ ਵਿਰੋਧ ਹੋਇਆ। ਨਾਖੁਸ਼ ਧੜੇ ਦਾ ਦਾਅਵਾ ਹੈ ਕਿ ਪਾਰਟੀ ਵਿਧਾਇਕਾਂ ਤੇ ਮੰਤਰੀਆਂ ਦਾ ਬਹੁਮਤ ਇਸ ਵੇਲੇ ਪਰੇਸ਼ਾਨੀ ਤੇ ਨਿਰਾਸ਼ਾ 'ਚ ਹੈ, ਕਿਉਂਕਿ ਕਿਸੇ ਦੀ ਕੋਈ ਸੁਣਵਾਈ ਨਹੀਂ ਹੈ।

ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਇਸ ਮਾਮਲੇ ਵਿਚ ਇਕ ਹੋਰ ਟਵੀਟ ਕੀਤਾ, ਜਿਸ ਵਿਚ ਉਨ੍ਹਾਂ ਗ੍ਰਹਿ ਮੰਤਰੀ ਵਜੋਂ ਕੈਪਟਨ ਅਮਰਿੰਦਰ ਸਿੰਘ ਨੂੰ ਘੇਰਿਆ ਹੈ। ਉਨ੍ਹਾਂ ਲਿਖਿਆ ਕਿ ਜਿਸ ਮਾਮਲੇ ਨੂੰ ਲੈ ਕੇ ਸੂਬੇ ਦੇ ਲੋਕ ਨਿਰੰਤਰ ਆਵਾਜ਼ ਬੁਲੰਦ ਕਰ ਰਹੇ ਹਨ ਅਤੇ ਇਨਸਾਫ ਲੈਣ ਲਈ ਖੜ੍ਹੇ ਹੋਏ ਹਨ, ਉਸ ਮਾਮਲੇ ਵਿਚ ਗ੍ਰਹਿ ਮੰਤਰੀ ਦੀ ਨਾਕਾਬਲੀਅਤ ਕਾਰਨ ਸਰਕਾਰ ਹਾਈ ਕੋਰਟ ਦੇ ਆਦੇਸ਼ ਮੰਨਣ ਲਈ ਮਜਬੂਰ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਇਕ ਹੋਰ ਨਵੀਂ ਜਾਂਚ ਟੀਮ ਬਣਾਉਣ ਅਤੇ ਉਸ ਨੂੰ ਜਾਂਚ ਲਈ ਛੇ ਮਹੀਨੇ ਦੇਣ ਦਾ ਮਤਲਬ, ਸਰਕਾਰ ਵਲੋਂ ਲੋਕਾਂ ਨਾਲ ਕੀਤੇ ਸਭ ਤੋਂ ਵੱਡੇ ਚੋਣ ਵਾਅਦੇ ਨੂੰ ਪੂਰਾ ਕਰਨ ਵਿਚ ਹੋਰ ਦੇਰ ਕਰਨਾ ਹੈ। ਬਦਕਿਸਮਤੀ ਨਾਲ ਇਸ ਨੂੰ ਆਉਣ ਵਾਲੀਆਂ ਚੋਣਾਂ ਲਈ ਚੋਣ ਜ਼ਾਬਤਾ ਲਾਗੂ ਹੋਣ ਤੱਕ ਲਟਕਾਇਆ ਗਿਆ। ਆਪਣੀਆਂ ਕੁਝ ਸਤਰਾਂ ਰਾਹੀਂ ਸ੍ਰੀ ਸਿੱਧੂ ਨੇ ਅਸਿੱਧੇ ਤੌਰ 'ਤੇ ਦੋਸ਼ ਲਾਇਆ ਕਿ ਸਰਕਾਰ ਇਸ ਮਾਮਲੇ ਨੂੰ ਚੋਣ ਜ਼ਾਬਤਾ ਲਾਗੂ ਹੋਣ ਤੱਕ ਲਟਕਾਉਣਾ ਚਾਹੁੰਦੀ ਹੈ। ਉਨ੍ਹਾਂ ਇਸ ਨੂੰ ਦੁਖਦਾਈ ਦੱਸਿਆ।

## ਬਾਦਲਾਂ ਦੀ ਢਾਲ ਬਣੇ ਹੋਏ ਨੇ ਕੈਪਟਨ: ਸਿੱਧੂ

**ਚੰਡੀਗੜ੍ਹ:** ਕਾਂਗਰਸੀ ਨੇਤਾ ਨਵਜੋਤ ਸਿੰਘ ਸਿੱਧੂ ਨੇ ਮੁੜ ਮੁੱਖ ਮੰਤਰੀ ਕੈਪਟਨ ਅਮਰਿੰਦਰ ਨੂੰ ਘੇਰਾ ਪਾਉਂਦਿਆਂ ਕਿਹਾ ਕਿ ਉਹ ਬਾਦਲਾਂ ਦੀ ਢਾਲ ਬਣੇ ਹੋਏ ਹਨ ਤੇ ਮਾਫੀਆ ਰਾਜ ਨੂੰ ਉਤਸ਼ਾਹਤ ਕਰ ਰਹੇ ਹਨ। ਸਿੱਧੂ ਨੇ ਟਵੀਟ ਕੀਤਾ: ''ਵਿਧਾਇਕ ਇਸ ਗੱਲ 'ਤੇ ਸਹਿਮਤ ਹਨ ਕਿ ਪੰਜਾਬ 'ਚ ਕਾਂਗਰਸ ਦੀ ਥਾਂ ਬਾਦਲਾਂ ਦੀ ਸਰਕਾਰ ਹੈ। ਸਾਡੀ ਪਾਰਟੀ ਦੇ ਵਿਧਾਇਕਾਂ ਤੇ ਵਰਕਰਾਂ ਦੀ ਥਾਂ ਪੁਲਿਸ ਤੇ ਅਫਸਰਸ਼ਾਹੀ ਬਾਦਲ ਪਰਿਵਾਰ ਦੇ ਕਹੇ ਮੁਤਾਬਕ ਚਲਦੀ ਹੈ। ਰਾਜ ਦੀ ਸਰਕਾਰ ਲੋਕਾਂ ਦੀ ਭਲਾਈ ਕਰਨ ਦੀ ਥਾਂ ਮਾਫੀਆ ਰਾਜ ਦੇ ਅਧੀਨ ਹੈ। ਨਵਜੋਤ ਸਿੰਘ ਸਿੱਧੂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਨਿਸ਼ਾਨਾ ਸੇਧਦਿਆਂ ਆਖਿਆ ਕਿ ਗ੍ਰਹਿ ਮੰਤਰੀ ਦੀ ਨਾਕਾਬਲੀਅਤ ਕਾਰਨ ਸਰਕਾਰ ਨੂੰ ਹਾਈ ਕੋਰਟ ਦੇ ਹੁਕਮ ਮੰਨਣ ਲਈ ਮਜਬੂਰ ਹੋਣਾ ਪਿਆ ਹੈ, ਜੋ ਕਿ ਦੁਖਦਾਈ ਹੈ। ਆਪਣੀਆਂ ਇਹ ਭਾਵਨਾਵਾਂ ਉਨ੍ਹਾਂ ਸੋਸ਼ਲ ਮੀਡੀਆ ਰਾਹੀਂ ਪ੍ਰਗਟਾਈਆਂ ਹਨ।



# ਬਾਦਲ ਦਲ ਵੱਲੋਂ 'ਮਿਸ਼ਨ 2022' ਲਈ ਕਮਰਕੱਸੇ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀਆਂ 2022 ਵਿਚ ਹੋਣ ਵਾਲੀਆਂ ਚੋਣਾਂ ਦੀਆਂ ਤਿਆਰੀਆਂ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਜੰਗੀ ਪੱਧਰ ਉਤੇ ਤਿਆਰ ਆਰੰਭ ਕਰ ਦਿੱਤੀ ਗਈ ਹੈ। ਪਾਰਟੀ ਦੇ ਯੂਥ ਵਿੰਗ ਨੂੰ ਹੋਰ ਤਕੜਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ 'ਚ ਪ੍ਰਧਾਨ ਲਗਾਉਣ ਦੇ ਨਿਰਦੇਸ਼ ਦਿੱਤੇ ਹਨ ਅਤੇ ਇਸ ਤੋਂ ਬਿਨਾਂ ਯੂਥ ਵਿੰਗ ਦਾ ਢਾਂਚਾ ਛੇਤੀ ਤਿਆਰ ਕਰਨ ਲਈ ਉਪਰਾਲੇ ਕਰਨ ਲਈ ਵੀ ਕਿਹਾ ਹੈ।



ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਯੂਥ ਵਿੰਗ ਨਾਲ ਜੁੜੇ ਨੌਜਵਾਨਾਂ ਵਿਚ ਜੋਸ਼ ਭਰਨ ਲਈ ਸਾਰੇ ਪੰਜਾਬ ਦੇ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨਾਂ ਨਾਲ ਵਰਚੂਅਲ ਮੀਟਿੰਗ ਕੀਤੀ। ਮੀਟਿੰਗ ਵਿਚ ਬਾਦਲ ਵੱਲੋਂ ਪਾਰਟੀ ਨੂੰ ਮਜ਼ਬੂਤ ਕਰਨ ਲਈ ਸਾਰੇ ਹਲਕਿਆਂ ਦੇ ਪ੍ਰਧਾਨ, ਸਰਕਲਾਂ ਦੇ ਪ੍ਰਧਾਨ, ਵਾਰਡ ਪ੍ਰਧਾਨ, ਕੋਰ ਕਮੇਟੀਆਂ ਤੇ ਬੂਥ ਕਮੇਟੀਆਂ ਤਿਆਰ ਕਰਨ ਲਈ ਆਖਿਆ ਗਿਆ ਹੈ। ਸੁਖਬੀਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਨਾਲ ਵੱਧ ਤੋਂ ਵੱਧ ਨੌਜਵਾਨਾਂ ਨੂੰ ਜੋੜ ਕੇ 2022 ਦੀ ਵਿਧਾਨ ਸਭਾ ਚੋਣ ਦੀ ਤਿਆਰੀ ਵਿਚ ਡੱਟ ਜਾਣ ਦਾ ਸੱਦਾ ਦਿੱਤਾ ਹੈ।

ਉਨ੍ਹਾਂ ਨੇ ਯੂਥ ਵਿੰਗ ਦੇ ਸਾਰੇ ਆਗੂਆਂ ਤੇ ਵਰਕਰਾਂ ਨੂੰ ਪੰਜਾਬ ਦੇ ਹਰ ਜ਼ਿਲ੍ਹੇ, ਹਰ ਸ਼ਹਿਰ ਤੇ ਹਰ ਮੁਹੱਲੇ 'ਚ ਕਰੋਨਾ ਪੀੜਤਾਂ ਦੀ ਸਹਾਇਤਾ ਕਰਨ ਲਈ ਕਰੋਨਾ ਵਲੰਟੀਅਰ ਵਜੋਂ ਕੰਮ ਕਰਨ ਲਈ ਵੀ ਆਖਿਆ ਹੈ।

ਉਨ੍ਹਾਂ ਨੇ ਯੂਥ ਵਿੰਗ ਦੇ ਪ੍ਰਧਾਨ ਪਰਮਬੰਸ ਸਿੰਘ ਬੰਟੀ ਰੋਮਾਣਾ ਨੂੰ ਯੂਥ ਵਿੰਗ ਨੂੰ ਤਕੜਾ ਕਰਨ ਲਈ ਆਖਦਿਆਂ ਕਿਹਾ ਕਿ ਪੰਜਾਬ ਵਿਧਾਨ ਸਭਾ ਦੀ ਚੋਣ ਵਿਚ ਜਿੱਤ ਸਕਣ ਵਾਲੇ ਤੇ ਮਿਹਨਤੀ ਨੌਜਵਾਨਾਂ ਨੂੰ ਟਿਕਟਾਂ ਦਿੱਤੀਆਂ ਜਾਣਗੀਆਂ।

# ਅਕਾਲੀ ਦਲ ਨੇ ਕੈਪਟਨ ਦਾ ਇਕ ਹੋਰ ਮੰਤਰੀ ਘੇਰਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕੈਬਨਿਟ ਮੰਤਰੀ ਰਾਣਾ ਗੁਰਮੀਤ ਸੋਢੀ ਦੀ ਤੁਰਤ ਬਰਖਾਸਤਗੀ ਤੇ ਗ੍ਰਿਫਤਾਰੀ ਦੀ ਮੰਗ ਕੀਤੀ ਹੈ। ਪਾਰਟੀ ਦੇ ਸੀਨੀਅਰ ਆਗੂ ਮਹੇਸ਼ ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਕਾਂਗਰਸ ਮੰਤਰੀ ਅਤੇ ਉਨ੍ਹਾਂ ਦੇ ਪਰਿਵਾਰ ਨੇ ਪੀ.ਡਬਲਿਊ.ਡੀ. ਵੱਲੋਂ ਐਕੁਆਇਰ ਕੀਤੀ ਜ਼ਮੀਨ ਦਾ ਦੁੱਗਣਾ ਮੁਆਵਜ਼ਾ ਲਿਆ ਹੈ, ਇਹ ਗੱਲ ਸਾਬਤ ਹੋਣ ਮਗਰੋਂ ਮੁੱਖ ਮੰਤਰੀ ਨੂੰ ਮਾਮਲੇ ਵਿਚ ਤੁਰਤ ਕਾਰਵਾਈ ਕਰਨੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਦੇਖ ਰਹੇ ਹਨ ਕਿ ਮੰਤਰੀ ਰਾਣਾ ਸੋਢੀ ਤੇ ਉਨ੍ਹਾਂ ਦੇ ਪਰਿਵਾਰ ਨੇ 1962 ਵਿਚ ਜਿਸ ਜ਼ਮੀਨ ਦਾ ਮੁਆਵਜ਼ਾ ਲਿਆ ਸੀ, 2013 ਵਿਚ ਫਿਰ ਉਸ ਦਾ ਮੁਆਵਜ਼ਾ ਹਾਸਲ ਕਰਕੇ ਕਿਵੇਂ ਕਥਿਤ ਧੋਖਾਧੜੀ ਕੀਤੀ ਹੈ। ਸ੍ਰੀ ਗਰੇਵਾਲ ਮੁਤਾਬਕ ਪੀ.ਡਬਲਿਊ.ਡੀ. ਵਿਭਾਗ ਨੇ ਖੁਲਾਸਾ ਕੀਤਾ ਹੈ ਕਿ ਮੰਤਰੀ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਅਦਾਲਤ 'ਚ ਤੱਥ ਛੁਪਾ ਕੇ ਆਪਣੇ ਹੱਕ ਵਿਚ ਫੈਸਲਾ ਲੈਣ ਮਗਰੋਂ ਵਿਭਾਗ ਵੱਲੋਂ ਉਨ੍ਹਾਂ ਨੂੰ 1 ਕਰੋੜ 83 ਲੱਖ ਰੁਪਏ ਮੁਆਵਜ਼ਾ ਦਿੱਤਾ ਗਿਆ ਸੀ।

ਸ੍ਰੀ ਗਰੇਵਾਲ ਨੇ ਕਿਹਾ ਕਿ ਹੁਣ ਜਦੋਂ ਸੋਢੀ ਪਰਿਵਾਰ ਨੂੰ ਸੁਪਰੀਮ ਕੋਰਟ ਵੱਲੋਂ ਨੋਟਿਸ ਜਾਰੀ ਕੀਤਾ ਗਿਆ ਹੈ ਤਾਂ ਸੂਬਾ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਮੁਲਜ਼ਮਾਂ ਖਿਲਾਫ ਕਾਰਵਾਈ ਕਰੇ। ਕੈਪਟਨ ਅਮਰਿੰਦਰ ਸਿੰਘ ਇਸ ਮਾਮਲੇ 'ਚ ਤੁਰਤ ਕਾਰਵਾਈ ਕਰ ਕੇ ਮਿਸਾਲ ਪੇਸ਼ ਕਰਨ, ਕਿਉਂਕਿ ਸਰਕਾਰੀ ਖਜ਼ਾਨੇ ਨੂੰ ਲੁੱਟ ਤੋਂ ਬਚਾਉਣਾ ਮੁੱਖ ਮੰਤਰੀ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ। ਅਕਾਲੀ ਆਗੂ ਨੇ ਕਿਹਾ ਕਿ ਮਾਮਲੇ ਵਿਚ ਸਾਰੇ ਮੁਲਜ਼ਮਾਂ ਖਿਲਾਫ ਧੋਖਾਧੜੀ ਤੇ ਜਾਅਲਸਾਜ਼ੀ ਦਾ ਕੇਸ ਦਰਜ ਹੋਣਾ ਚਾਹੀਦਾ ਹੈ ਅਤੇ ਮੁੱਖ ਮੰਤਰੀ ਵੱਲੋਂ ਰਾਣਾ ਸੋਢੀ ਨੂੰ ਬਰਖਾਸਤ ਕਰਕੇ ਦੁੱਗਣੇ ਮੁਆਵਜ਼ੇ ਦੀ ਵਸੂਲੀ ਦੇ ਵੀ ਹੁਕਮ ਜਾਰੀ ਕਰਨੇ ਚਾਹੀਦੇ ਹਨ।

# ਢੀਂਡਸਾ ਤੇ ਬ੍ਰਹਮਪੁਰਾ ਵੱਲੋਂ ਨਵੀਂ ਪਾਰਟੀ ਲਈ ਸਰਗਰਮੀ ਤੇਜ਼

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੇਟਿਕ ਅਤੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਬੀਤੇ ਦਿਨੀਂ ਹੋਏ ਆਪਸੀ ਰਲੇਵੇਂ ਤੋਂ ਬਾਅਦ ਇਥੇ ਨਵੀਂ ਪਾਰਟੀ ਬਣਾਉਣ ਸਬੰਧੀ ਉਪਰੋਕਤ ਦੋਵੇਂ ਪਾਰਟੀਆਂ ਦੇ ਸੀਨੀਅਰ ਆਗੂਆਂ ਦੀ ਇਕ ਅਹਿਮ ਬੈਠਕ ਹੋਈ, ਜਿਸ 'ਚ ਨਵੀਂ ਪਾਰਟੀ ਦੇ ਸਰਪ੍ਰਸਤ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ 'ਚ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਅਤੇ ਪਾਰਟੀ ਦੇ ਨਾਂ ਬਾਰੇ ਆਪਣੇ-ਆਪਣੇ ਵਿਚਾਰ ਅਤੇ ਸੁਝਾਅ ਪੇਸ਼ ਕੀਤੇ।



ਮੀਟਿੰਗ 'ਚ ਪਾਰਟੀ ਦਾ ਜਥੇਬੰਦਕ ਢਾਂਚਾ ਬਣਾਉਣ ਅਤੇ ਇਸ ਸਬੰਧੀ ਕਮੇਟੀਆਂ ਬਣਾਉਣ ਦੇ ਅਧਿਕਾਰ ਵੀ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸੁਖਦੇਵ ਸਿੰਘ ਢੀਂਡਸਾ ਨੂੰ ਦਿੱਤੇ ਗਏ। ਪਾਰਟੀ ਦੇ ਆਗੂਆਂ ਨੇ ਸਰਪ੍ਰਸਤ ਅਤੇ ਪ੍ਰਧਾਨ ਵੱਲੋਂ ਲਏ ਗਏ ਫੈਸਲਿਆਂ ਨੂੰ ਖਿੜੇ-ਮੱਥੇ ਪ੍ਰਵਾਨ ਕਰਨ ਦਾ ਫੈਸਲਾ ਲਿਆ। ਇਸ ਦੌਰਾਨ ਕਿਸਾਨ ਅੰਦੋਲਨ ਦੀ ਪੁਰਜ਼ੋਰ ਹਮਾਇਤ ਕਰਦਿਆਂ ਸਮੁੱਚੇ ਆਗੂਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫੌਰੀ ਤਿੰਨੇ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ। ਮੀਟਿੰਗ 'ਚ ਦੋਵੇਂ ਸੀਨੀਅਰ ਆਗੂਆਂ ਨੇ ਪੱਛਮੀ ਬੰਗਾਲ ਦੀ ਤੀਜੀ ਵਾਰ ਮੁੱਖ ਮੰਤਰੀ ਬਣੀ ਮਮਤਾ ਬੈਨਰਜੀ ਨੂੰ ਵਧਾਈ ਦਿੱਤੀ।

# ਕੈਪਟਨ ਵੱਲੋਂ ਪ੍ਰੋਜੈਕਟ ਦਸੰਬਰ ਤੱਕ ਮੁਕੰਮਲ ਕਰਨ ਦੇ ਹੁਕਮ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ) ਨੂੰ ਨਿਰਦੇਸ਼ ਦਿੱਤੇ ਕਿ ਬਜਟ ਸੈਸ਼ਨ ਦੌਰਾਨ ਐਲਾਨੇ ਸਾਰੇ ਪ੍ਰੋਜੈਕਟਾਂ ਦੇ ਕੰਮਾਂ ਨੂੰ ਦਸੰਬਰ 2021 ਤੱਕ ਮੁਕੰਮਲ ਕੀਤਾ ਜਾਵੇ ਅਤੇ ਕੋਵਿਡ ਸੰਕਟ ਨਾਲ ਪਏ ਵਿੱਤੀ ਬੋਝ ਦੇ ਮੱਦੇਨਜ਼ਰ ਇਨ੍ਹਾਂ ਪ੍ਰੋਜੈਕਟਾਂ ਦੀਆਂ ਤਰਜੀਹਾਂ ਦਾ ਵੀ ਧਿਆਨ ਰੱਖਿਆ ਜਾਵੇ।

ਮੁੱਖ ਮੰਤਰੀ ਨੇ ਵਿਭਾਗ ਦੇ ਕੰਮਕਾਜ ਦੀ ਸਮੀਖਿਆ ਕਰਦਿਆਂ ਕਿਹਾ ਕਿ ਸਾਰੇ ਪ੍ਰਵਾਨਿਤ ਅਤੇ ਅਲਾਟ ਕੀਤੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਮੁਕੰਮਲ ਕਰਨ ਅਤੇ ਦਸੰਬਰ ਤੋਂ ਬਾਅਦ ਹੀ ਕੋਈ ਨਵਾਂ ਕੰਮ ਸ਼ੁਰੂ ਕਰਨ। ਉਨ੍ਹਾਂ ਲੋਕ ਨਿਰਮਾਣ ਵਿਭਾਗ ਨੂੰ ਹਲਵਾਰਾ ਹਵਾਈ ਅੱਡੇ ਦੀ ਪ੍ਰੀ-ਫੈਬ ਬਿਲਡਿੰਗ ਦੇ ਕੰਮ ਵਿਚ ਤੇਜੀ ਲਿਆਉਣ ਲਈ ਕਿਹਾ।

ਮੁੱਖ ਮੰਤਰੀ ਨੇ ਵਿੱਤ ਵਿਭਾਗ ਨੂੰ ਕਿਹਾ ਕਿ ਉਹ ਇੰਜੀਨੀਅਰਿੰਗ ਵਿਭਾਗਾਂ ਲਈ ਫੰਡ ਜਾਰੀ ਕਰਨ ਸਬੰਧੀ ਤਿਮਾਹੀ ਢਿੱਲ ਦੇਣ ਤਾਂ ਜੋ ਕੰਮ ਤੇਜੀ ਨਾਲ ਮੁਕੰਮਲ ਕੀਤੇ ਜਾ ਸਕਣ। ਮੁੱਖ ਮੰਤਰੀ ਨੇ ਆਨਲਾਈਨ ਮੀਟਿੰਗ ਦੌਰਾਨ ਪ੍ਰੋਜੈਕਟਾਂ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲਿਆ ਜਿਥੇ ਵਿਭਾਗ ਵੱਲੋਂ ਇਨ੍ਹਾਂ ਪ੍ਰੋਜੈਕਟਾਂ ਨੂੰ 28 ਫਰਵਰੀ, 2022 ਤੱਕ ਮੁਕੰਮਲ ਕਰਨ ਦੀ ਵਚਨਬੱਧਤਾ ਪ੍ਰਗਟਾਈ ਗਈ।

ਇਨ੍ਹਾਂ ਵਿਚ 2900 ਕਰੋੜ ਰੁਪਏ ਦੀ ਲਾਗਤ ਨਾਲ 21 ਕੌਮੀ ਰਾਜ ਮਾਰਗਾਂ ਦੀ ਉਸਾਰੀ/ਅਪਗ੍ਰੇਡੇਸ਼ਨ ਸਮੇਤ 7 ਪੁਲਾਂ ਦੀ ਉਸਾਰੀ ਅਤੇ 2412 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਵਿੱਚ 3675 ਕਿਲੋਮੀਟਰ ਲੰਬਾਈ ਵਾਲੇ ਰਾਜ ਮਾਰਗਾਂ, ਮੁੱਖ ਜ਼ਿਲ੍ਹਾ ਸੜਕਾਂ ਅਤੇ ਹੋਰ ਸੜਕਾਂ ਦੀ ਮੁਰੰਮਤ ਕਰਨਾ ਸ਼ਾਮਲ ਹੈ। ਸੂਬੇ ਭਰ ਵਿਚ ਵੱਖ-ਵੱਖ ਪ੍ਰਸ਼ਾਸਕੀ ਵਿਭਾਗਾਂ ਦੀਆਂ 175 ਇਮਾਰਤਾਂ ਵੀ 1862 ਕਰੋੜ ਰੁਪਏ ਦੀ ਲਾਗਤ ਨਾਲ ਬਣਾਈਆਂ ਜਾ ਰਹੀਆਂ ਹਨ।

ਲੋਕ ਨਿਰਮਾਣ ਮੰਤਰੀ ਵਿਜੇ ਇੰਦਰ ਸਿੰਗਲਾ ਨੇ ਦੱਸਿਆ ਕਿ ਹਾਈ ਸਪੀਡ ਇਕਨਾਮਿਕ ਕੌਰੀਡੋਰ ਦੇ ਨਿਰਮਾਣ ਲਈ ਸੂਬਾ ਸਰਕਾਰ ਨੇ ਐਕਸਪ੍ਰੈਸ ਵੇਅ, ਗ੍ਰੀਨਫੀਲਡ ਕੌਰੀਡੋਰ ਅਤੇ ਬਾਈਪਾਸਾਂ ਦਾ ਕੰਮ ਸ਼ੁਰੂ ਕਰਨ ਲਈ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ (ਐਨ.ਐਚ.ਏ.ਆਈ.) ਨਾਲ ਮਿਲ ਕੇ ਸਾਂਝੇਦਾਰੀ ਕੀਤੀ ਹੈ।

# ਅਫਗਾਨ ਸ਼ਰਨਾਰਥੀਆਂ ਦੀ ਮਦਦ ਲਈ ਹੱਥ ਵਧਾਇਆ

**ਅੰਮ੍ਰਿਤਸਰ:** ਸਰਬੱਤ ਦਾ ਭਲਾ ਟਰੱਸਟ ਨੇ ਕਰੋਨਾ ਮਹਾਮਾਰੀ ਦੌਰਾਨ ਪ੍ਰਭਾਵਿਤ ਹੋਏ ਲੋੜਵੰਦ ਪਰਿਵਾਰਾਂ ਦੀ ਮਦਦ ਮਗਰੋਂ ਹੁਣ ਅਫਗਾਨਿਸਤਾਨ ਤੋਂ ਉੱਜੜ ਕੇ ਭਾਰਤ ਆਏ ਲਗਭਗ 20 ਹਜ਼ਾਰ ਸ਼ਰਨਾਰਥੀਆਂ ਨੂੰ ਤਿੰਨ ਮਹੀਨਿਆਂ ਲਈ ਸੁੱਕਾ ਰਾਸ਼ਨ ਅਤੇ ਸਿਹਤ ਸੇਵਾਵਾਂ ਨਾਲ ਸਬੰਧਤ ਸਾਮਾਨ ਦੇਣ ਦਾ ਫੈਸਲਾ ਕੀਤਾ ਹੈ। ਇਹ ਜਾਣਕਾਰੀ ਟਰੱਸਟ ਦੇ ਮੁਖੀ ਡਾ. ਐਸ.ਪੀ. ਸਿੰਘ ਓਬਰਾਏ ਨੇ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਅਫਗਾਨਿਸਤਾਨ ਦੇ ਸਫਾਰਤਖਾਨੇ ਦੇ ਅਧਿਕਾਰੀਆਂ ਵੱਲੋਂ ਸੰਪਰਕ ਕਰ ਕੇ ਜਾਣੂ ਕਰਵਾਇਆ ਗਿਆ ਸੀ ਕਿ ਅਫਗਾਨਿਸਤਾਨ ਤੋਂ ਉੱਜੜ ਕੇ ਭਾਰਤ ਆਏ ਸ਼ਰਨਾਰਥੀਆਂ ਦੀ ਕਰੋਨਾ ਕਾਰਨ ਪੈਦਾ ਹੋਏ ਹਾਲਾਤ 'ਚ ਤਰਸਯੋਗ ਹਨ ਜਿਸ ਦੇ ਮੱਦੇਨਜ਼ਰ ਟਰੱਸਟ ਨੇ ਸਾਰੇ ਸ਼ਰਨਾਰਥੀਆਂ ਨੂੰ ਤਿੰਨ ਮਹੀਨੇ ਦਾ ਸੁੱਕਾ ਰਾਸ਼ਨ ਅਤੇ ਲੋੜੀਂਦਾ ਮੈਡੀਕਲ ਸਾਮਾਨ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਅਫਗਾਨਿਸਤਾਨ ਦੇ ਸਫੀਰ ਫਰੀਦ ਮਾਮੰਦਜ਼ਈ ਨਾਲ ਜ਼ੂਮ ਮੀਟਿੰਗ ਵੀ ਹੋਈ ਹੈ। ਉਨ੍ਹਾਂ ਦੱਸਿਆ ਕਿ ਸਫੀਰ ਨੂੰ ਜਾਣੂ ਕਰਾਇਆ ਹੈ ਕਿ ਸਰਬੱਤ ਦਾ ਭਲਾ ਟਰੱਸਟ ਵੱਲੋਂ ਦਿੱਲੀ, ਪੂਨਾ, ਹੈਦਰਾਬਾਦ ਅਤੇ ਕਲਕੱਤਾ ਆਦਿ ਸ਼ਹਿਰਾਂ 'ਚ ਰਹਿ ਰਹੇ ਸਾਰੇ ਸ਼ਰਨਾਰਥੀਆਂ ਨੂੰ ਹਰ ਮਹੀਨੇ 30 ਕਿੱਲੋ ਸੁੱਕਾ ਰਾਸ਼ਨ ਦਿੱਤਾ ਜਾਵੇਗਾ। ਰਾਸ਼ਨ ਦੀ ਇਕ ਕਿੱਟ 'ਚ 15 ਕਿੱਲੋ ਆਟਾ, 5 ਕਿੱਲੋ ਚਾਵਲ, 3 ਕਿੱਲੋ ਦਾਲ, 3 ਕਿੱਲੋ ਖੰਡ, 2 ਕਿੱਲੋ ਨਿਊਟਰੀ ਅਤੇ 2 ਲਿਟਰ ਖਾਣਾ ਬਣਾਉਣ ਵਾਲਾ ਤੇਲ ਸ਼ਾਮਲ ਹੋਵੇਗਾ। ਰਾਸ਼ਨ ਤੋਂ ਇਲਾਵਾ ਮੈਡੀਕਲ ਸਾਮਾਨ 'ਤੇ ਟਰੱਸਟ ਦਾ ਲਗਭਗ 2 ਕਰੋੜ ਰੁਪਏ ਖਰਚ ਆਏਗਾ।



# ਮਹਾਮਾਰੀ ਨੇ ਗਰੀਬੀ ਅਤੇ ਭੁੱਖਮਰੀ ਵੱਲ ਧੱਕੇ ਕਰੋੜਾਂ ਭਾਰਤੀ ਲੋਕ



**ਨਵੀਂ ਦਿੱਲੀ:** ਕਰੋਨਾ ਮਹਾਮਾਰੀ ਜਿਥੇ ਵੱਡਾ ਜਾਨੀ ਨੁਕਸਾਨੀ ਕਰ ਰਹੀ ਹੈ, ਉਥੇ ਮੁਲਕ ਦੀ ਆਰਥਿਕਤਾ ਨੂੰ ਵੀ ਝੰਬ ਸੁੱਟਿਆ ਹੈ। ਕਰੋਨਾ ਕਾਰਨ ਪਿਛਲੇ ਸਾਲ ਦੇਸ਼ ਵਿਚ ਲਾਗੂ ਹੋਈ ਤਾਲਾਬੰਦੀ ਨੇ ਦੇਸ਼ ਵਿਚ ਭੁੱਖਮਰੀ ਤੇ ਕੁਪੋਸ਼ਣ ਵਾਲੇ ਹਾਲਾਤ ਪੈਦਾ ਕਰ ਦਿੱਤੇ ਹਨ। ਅਜ਼ੀਮ ਪ੍ਰੇਮਜੀ ਯੂਨੀਵਰਸਿਟੀ ਦੁਆਰਾ ਕਰਾਏ ਗਏ ਸਰਵੇਖਣ ਅਨੁਸਾਰ ਇਸ ਮਹਾਮਾਰੀ ਨੇ 23.6 ਕਰੋੜ ਲੋਕਾਂ ਨੂੰ ਗਰੀਬੀ ਰੇਖਾ ਤੋਂ ਹੇਠਾਂ ਧੱਕ ਦਿੱਤਾ ਹੈ।

ਇਸ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਕਰੋਨਾ ਦੀ ਦੂਜੀ ਲਹਿਰ ਕਾਰਨ ਸਥਿਤੀ ਹੋਰ ਗੰਭੀਰ ਹੋ ਸਕਦੀ ਹੈ, ਜਿਸ ਕਾਰਨ ਜਿਥੇ ਗਰੀਬੀ ਦੇ ਪ੍ਰਸਾਰ ਅਤੇ ਗਰੀਬਾਂ ਦੀ ਗਿਣਤੀ ਵਿਚ ਹੋਰ ਵਾਧਾ ਹੋਵੇਗਾ, ਉਥੇ ਦੇਸ਼ ਵਿਚ ਖਾਣ ਵਾਲੀਆਂ ਵਸਤਾਂ ਦੀ ਸਥਿਤੀ ਵੀ ਚਿੰਤਾਜਨਕ ਹੋ ਸਕਦੀ ਹੈ। ਸੰਯੁਕਤ ਰਾਸ਼ਟਰ ਦੇ ਮੁਖੀ ਐਂਟੋਨੀਓ ਗੁਟਾਰੇਸ ਨੇ ਵੀ ਕਰੋਨਾ ਮਹਾਮਾਰੀ ਦੌਰ ਵਿਚ ਗਰੀਬੀ, ਬੇਰੁਜ਼ਗਾਰੀ ਅਤੇ ਭੁੱਖਮਰੀ ਵਰਗੀ ਸਥਿਤੀ ਦੇ ਵਿਸ਼ਵ ਪੱਧਰ 'ਤੇ ਵਧਣ ਦਾ ਖਦਸ਼ਾ ਜਤਾਇਆ ਹੈ। ਦੂਜੀ ਲਹਿਰ ਕਾਰਨ ਵੱਡੇ ਪੱਧਰ 'ਤੇ ਲੋਕਾਂ ਦੇ ਪੀੜਤ ਹੋਣ ਨਾਲ ਵੀ ਗਰੀਬੀ ਵਧਣ ਦਾ ਖਦਸ਼ਾ ਹੈ।

ਸਰਵੇਖਣ ਅਨੁਸਾਰ ਸਭ ਤੋਂ ਗਰੀਬ ਪਰਿਵਾਰਾਂ ਨੂੰ ਸਭ ਤੋਂ ਜ਼ਿਆਦਾ ਕਰਜ਼ੇ ਲੈਣੇ ਪਏ। ਜੇ ਇਨ੍ਹਾਂ ਕਰਜ਼ਿਆਂ ਨੂੰ ਗਰੀਬ ਪਰਿਵਾਰਾਂ ਦੀ ਆਮਦਨ ਦੇ ਹਿਸਾਬ ਨਾਲ ਦੇਖਿਆ ਜਾਏ ਤਾਂ ਉਨ੍ਹਾਂ ਲਈ ਇਹ ਕਰਜ਼ੇ ਮੋੜਨੇ ਬਹੁਤ ਮੁਸ਼ਕਲ ਹਨ। ਬਹੁਤੇ ਕਰਜ਼ੇ ਗੈਰ ਰਸਮੀ ਖੇਤਰ 'ਚੋਂ ਲਏ ਗਏ ਜਿਸ ਵਿਚ ਵਿਆਜ ਦੀ ਦਰ ਵੀ ਜ਼ਿਆਦਾ ਹੈ। ਇਸ ਤਰ੍ਹਾਂ ਕਰੋੜਾਂ ਪਰਿਵਾਰ ਕਈ ਵਰ੍ਹਿਆਂ ਤੱਕ ਅਤਿਅੰਤ ਗਰੀਬੀ ਵਿਚ ਜਿਊਣ ਲਈ ਮਜਬੂਰ ਹੋਣਗੇ ਜਿਸ ਦੇ ਸਭ ਤੋਂ ਵੱਡੇ ਅਰਥ ਇਹ ਹਨ ਕਿ ਉਨ੍ਹਾਂ ਪਰਿਵਾਰਾਂ ਦੀ ਵਿੱਦਿਆ ਅਤੇ ਸਿਹਤ-ਸੰਭਾਲ ਦੇ ਖੇਤਰਾਂ ਤੱਕ ਪਹੁੰਚ ਲਗਭਗ ਨਾਮੁਮਕਿਨ ਹੋ ਜਾਵੇਗੀ। ਸਰਵੇਖਣ ਵਿਚ ਇਹ ਵੀ ਕਿਹਾ ਗਿਆ ਕਿ ਸਰਕਾਰਾਂ ਨਾ ਤਾਂ ਤਾਲਾਬੰਦੀ ਦੇ ਅਰਥਚਾਰੇ 'ਤੇ ਪਏ ਪ੍ਰਭਾਵਾਂ ਬਾਰੇ ਸਪੱਸ਼ਟਤਾ ਦਿਖਾ ਰਹੀਆਂ ਅਤੇ ਨਾ ਹੀ ਉਨ੍ਹਾਂ ਘੱਟ ਸਾਧਨਾਂ ਵਾਲੇ ਪਰਿਵਾਰਾਂ ਦੀ ਸਹਾਇਤਾ ਕਰਨ ਦੀਆਂ ਨਿਸ਼ਚਿਤ ਯੋਜਨਾਵਾਂ ਬਣਾਈਆਂ ਗਈਆਂ ਹਨ।

ਦੂਸਰੇ ਪਾਸੇ ਦੇਸ਼ ਦੇ ਕੇਂਦਰੀ ਬੈਂਕ ਰਿਜ਼ਰਵ ਬੈਂਕ ਆਫ ਇੰਡੀਆ (ਆਰ.ਬੀ.ਆਈ.) ਦੇ ਗਵਰਨਰ ਸ਼ਕਤੀਕਾਂਤਾ ਦਾਸ ਅਨੁਸਾਰ ਵਿੱਤੀ ਸਾਲ 2021-22 ਵਿਚ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿਚ ਵਿਕਾਸ ਦੀ ਦਰ ਔਸਤਨ 10.5 ਫੀਸਦੀ ਹੋਵੇਗੀ। ਆਰ.ਬੀ.ਆਈ. ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦਿਹਾਤੀ ਇਲਾਕਿਆਂ 'ਚ ਵਸਤਾਂ ਦੀ ਮੰਗ ਮਜ਼ਬੂਤ ਰਹੇਗੀ ਅਤੇ ਸ਼ਹਿਰੀ ਖੇਤਰ ਵਿਚ ਵਧੇਗੀ। ਅਪਰੈਲ ਦੇ ਪਹਿਲੇ ਹਫਤੇ ਜਾਰੀ ਕੀਤੀ ਗਈ ਇਸ ਰਿਪੋਰਟ ਵਿਚ ਆਸ ਪ੍ਰਗਟਾਈ ਗਈ ਸੀ ਕਿ ਕੋਵਿਡ-19 ਦੇ ਕੇਸਾਂ ਦੇ ਘਟਣ ਅਤੇ ਵੈਕਸੀਨ ਦਾ ਟੀਕਾਕਰਨ ਵਧਣ ਨਾਲ ਅਰਥਚਾਰੇ ਨੂੰ ਹੁਲਾਰਾ ਮਿਲੇਗਾ। ਅਪਰੈਲ ਵਿਚ ਕੋਵਿਡ-19 ਦੇ ਕੇਸ ਬਹੁਤ ਤੇਜ਼ੀ ਨਾਲ ਵਧੇ ਅਤੇ ਦੇਸ਼ ਦਾ ਸਿਹਤ-ਸੰਭਾਲ ਦਾ ਢਾਂਚਾ ਬਿਖਰਦਾ ਨਜ਼ਰ ਆਇਆ ਹੈ। ਦੂਸਰੇ ਪਾਸੇ ਸਿਹਤ ਖੇਤਰ ਨਾਲ ਜੁੜੇ ਮਾਹਿਰਾਂ ਨੇ ਕਿਹਾ ਹੈ ਕਿ ਉਨ੍ਹਾਂ ਨੇ ਮਾਰਚ ਦੇ ਪਹਿਲੇ ਹਫਤੇ ਸਰਕਾਰ ਨੂੰ ਖਬਰਦਾਰ ਕੀਤਾ ਸੀ ਕਿ ਕੋਵਿਡ-19 ਦੇ ਬਦਲੇ ਹੋਏ ਰੂਪਾਂ ਕਾਰਨ ਵੱਡੀ ਗਿਣਤੀ ਵਿਚ ਲੋਕ ਇਸ ਮਹਾਮਾਰੀ ਤੋਂ ਪ੍ਰਭਾਵਿਤ ਹੋਣਗੇ ਅਤੇ ਉਸ ਲਈ ਅਗਾਊਂ ਤਿਆਰੀਆਂ ਕਰਨ ਦੀ ਜਰੂਰਤ ਹੈ।

ਅਜ਼ੀਮ ਪ੍ਰੇਮਜੀ ਯੂਨੀਵਰਸਿਟੀ ਦੇ ਸਰਵੇਖਣ ਅਨੁਸਾਰ ਮਹਾਮਾਰੀ ਕਾਰਨ ਬੇਰੁਜ਼ਗਾਰ ਹੋਏ ਮਰਦਾਂ ਵਿਚੋਂ 7 ਫੀਸਦੀ ਅਤੇ ਔਰਤਾਂ ਵਿਚੋਂ 46.6 ਫੀਸਦੀ ਨੂੰ ਮੁੜ ਰੁਜ਼ਗਾਰ ਨਹੀਂ ਮਿਲਿਆ। ਇਥੇ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਮਹਾਮਾਰੀ ਤੋਂ ਪਹਿਲਾਂ ਵੀ ਦੇਸ਼ ਵਿਚ ਬੇਰੁਜ਼ਗਾਰੀ ਦੀ ਦਰ ਪਿਛਲੇ 45 ਸਾਲਾਂ ਵਿਚ ਸਭ ਤੋਂ ਵੱਧ ਸੀ। ਸਰਵੇਖਣ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਪੱਕੀ ਤਨਖਾਹ ਪਾਉਣ ਵਾਲੇ ਕਾਮਿਆਂ ਵਿਚੋਂ 53 ਫੀਸਦੀ ਅਜਿਹੇ ਕੰਮਾਂ-ਕਾਰਾਂ ਵਿਚ ਚਲੇ ਗਏ ਜਿੱਥੇ ਪੱਕੀ ਤਨਖਾਹ ਨਹੀਂ ਮਿਲਦੀ; 9.8 ਫੀਸਦੀ ਦਿਹਾੜੀਦਾਰ ਬਣ ਗਏ, 8.5 ਫੀਸਦੀ ਅਸਥਾਈ ਨੌਕਰੀਆਂ ਅਤੇ 34.1 ਫੀਸਦੀ ਆਪਣਾ ਕੰਮ (ਸ੍ਵੈ-ਰੁਜ਼ਗਾਰ) ਕਰਨ ਲੱਗ ਪਏ। ਇਸ ਤਰ੍ਹਾਂ ਆਰ.ਬੀ.ਆਈ. ਦੇ ਦਾਅਵਿਆਂ ਅਤੇ ਤੱਥਾਂ ਵਿਚ ਕੋਈ ਮੇਲ ਦਿਖਾਈ ਨਹੀਂ ਦਿੰਦਾ। ਦੇਸ਼ ਦੀਆਂ ਮੁੱਖ ਸਨਅਤਾਂ ਜਿਵੇਂ ਸੈਰ-ਸਪਾਟਾ, ਇਮਾਰਤਸਾਜ਼ੀ, ਟਰਾਂਸਪੋਰਟ, ਕੱਪੜਾ, ਸਟੀਲ ਆਦਿ ਸਭ ਵਿਚ ਗਿਰਾਵਟ ਦਿਖਾਈ ਦਿੰਦੀ ਹੈ। ਲੋਕਾਂ ਦੀਆਂ ਉਜਰਤਾਂ ਘਟਣ ਨਾਲ ਮੰਡੀ ਵਿਚ ਵਸਤਾਂ ਦੀ ਮੰਗ ਵਧਣ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੈ। ਸਭ ਤੋਂ ਜ਼ਿਆਦਾ ਮੁਨਾਫਾ ਇੰਟਰਨੈੱਟ, ਮੋਬਾਈਲ ਅਤੇ ਦਵਾਈਆਂ ਦੀਆਂ ਕੰਪਨੀਆਂ ਨੂੰ ਹੋ ਰਿਹਾ ਹੈ।

## ਅਲੀਗੜ੍ਹ ਯੂਨੀਵਰਸਿਟੀ ਦੇ 34 ਅਧਿਆਪਕਾਂ ਦੀ ਮੌਤ

**ਅਲੀਗੜ੍ਹ:** ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ 34 ਅਧਿਆਪਕਾਂ ਤੇ ਸੇਵਾ ਮੁਕਤ ਕਰਮੀਆਂ ਦੀ ਕਰੋਨਾ ਜਾਂ ਕਰੋਨਾ ਵਰਗੇ ਲੱਛਣਾਂ ਕਾਰਨ ਮੌਤ ਹੋ ਗਈ ਜਿਸ ਕਾਰਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਆਈ.ਸੀ.ਐਮ.ਆਰ. ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਕੈਂਪਸ ਵਿਚ ਫੈਲ ਰਹੇ ਕਰੋਨਾ ਦੇ ਨਵੇਂ ਰੂਪ ਬਾਰੇ ਖੋਜ ਕੀਤੀ ਜਾਵੇ। ਤਾਰਿਕ ਮਨਸੂਰ ਨੇ ਇੰਡੀਅਨ ਕਾਉਂਸਲ ਆਫ ਮੈਡੀਕਲ ਰਿਸਰਚ ਨੂੰ ਪੱਤਰ ਲਿਖ ਕੇ ਕਿਹਾ ਕਿ ਪਿਛਲੇ 18 ਦਿਨਾਂ ਵਿਚ 16 ਕੰਮ ਕਰ ਰਹੇ ਤੇ 18 ਸੇਵਾਮੁਕਤ ਅਧਿਆਪਕਾਂ ਦੀ ਮੌਤ ਹੋ ਚੁੱਕੀ ਹੈ।

## ਕੈਨੇਡਾ 'ਚ 12 ਤੋਂ 15 ਸਾਲ ਦੇ ਬੱਚਿਆਂ ਦੇ ਕੋਵਿਡ ਟੀਕਾਕਰਨ ਲਈ ਹਰੀ ਝੰਡੀ



**ਓਟਵਾ:** ਕੈਨੇਡਾ12 ਤੋਂ 15 ਸਾਲ ਦੀ ਉਮਰ ਦੇ ਬੱਚਿਆਂ ਨੂੰ ਕੋਵਿਡ-19 ਤੋਂ ਬਚਾਅ ਲਈ ਫਾਈਜ਼ਰ ਵੱਲੋਂ ਤਿਆਰ ਟੀਕਾ ਲਾਉਣ ਦੀ ਮਨਜ਼ੂਰੀ ਦੇਣ ਵਾਲਾ ਪਹਿਲਾ ਮੁਲਕ ਬਣ ਗਿਆ ਹੈ। ਕੈਨੇਡੀਅਨ ਸੰਘੀ ਸਿਹਤ ਮੰਤਰਾਲੇ ਦੀ ਸੀਨੀਅਰ ਸਲਾਹਕਾਰ ਸੁਪ੍ਰਿਆ ਸ਼ਰਮਾ ਨੇ ਕਿਹਾ ਕਿ ਨਿਰਪੱਖ ਵਿਗਿਆਨਕ ਸਮੀਖਿਆ ਮਗਰੋਂ ਸਿਹਤ ਵਿਭਾਗ ਨੂੰ ਪੱਕਾ ਹੋ ਗਿਆ ਹੈ ਕਿ ਜਰਮਨ ਭਾਈਵਾਲ ਬਾਇਓਐਂਟੈੱਕ ਨਾਲ ਮਿਲ ਕੇ ਤਿਆਰ ਕੀਤਾ ਗਿਆ ਫਾਈਜ਼ਰ ਦਾ ਇਹ ਟੀਕਾ ਛੋਟੇ ਉਮਰ ਵਰਗ ਲਈ ਸੁਰੱਖਿਅਤ ਹੋਣ ਦੇ ਨਾਲ ਪ੍ਰਭਾਵਸ਼ਾਲੀ ਹੈ। ਸਿਨਹੂਆ ਖਬਰ ਏਜੰਸੀ ਨੇ ਕਿਹਾ ਕਿ ਕੈਨੇਡਾ 12 ਤੋਂ 15 ਸਾਲ ਉਮਰ ਵਰਗ ਦੇ ਛੋਟੇ ਬੱਚਿਆਂ ਨੂੰ ਫਾਈਜ਼ਰ ਦੀ ਦੋ ਖੁਰਾਕਾਂ ਵਾਲੀ ਵੈਕਸੀਨ ਨੂੰ ਪ੍ਰਵਾਨਗੀ ਦੇਣ ਵਾਲਾ ਪਹਿਲਾ ਮੁਲਕ ਹੈ। ਕੈਨੇਡੀਅਨ ਸਰਕਾਰ ਨੇ ਪਿਛਲੇ ਸਾਲ ਦਸੰਬਰ ਵਿਚ 16 ਸਾਲ ਤੇ ਇਸ ਤੋਂ ਵੱਧ ਉਮਰ ਵਾਲਿਆਂ ਨੂੰ ਵੈਕਸੀਨ ਲਾਉਣ ਲਈ ਹਰੀ ਝੰਡੀ ਦਿੱਤੀ ਸੀ। ਕੈਨੇਡਾ ਦੇ ਸਿਹਤ ਵਿਭਾਗ ਵੱਲੋਂ ਲਿਆ ਗਿਆ ਉਪਰੋਕਤ ਫੈਸਲਾ ਤੀਜੇ ਗੇੜ ਦੇ ਕਲੀਨਿਕਲ ਟਰਾਇਲਾਂ ਦੇ ਨਤੀਜਿਆਂ 'ਤੇ ਅਧਾਰਿਤ ਹੈ, ਜਿਸ ਵਿਚ 12 ਤੋਂ 15 ਸਾਲ ਦੇ ਬੱਚਿਆਂ ਨੂੰ ਟੀਕੇ ਲਾਏ ਗਏ ਸਨ।

## ਡੀ.ਆਰ.ਡੀ.ਓ. ਵਾਲੀ ਦਵਾਈ ਦੀ ਵਰਤੋਂ ਨੂੰ ਮਨਜ਼ੂਰੀ



**ਨਵੀਂ ਦਿੱਲੀ:** ਡਰੱਗਜ਼ ਕੰਟਰੋਲਰ ਜਨਰਲ ਆਫ ਇੰਡੀਆ ਨੇ ਡੀ.ਆਰ.ਡੀ.ਓ. ਵੱਲੋਂ ਤਿਆਰ ਕਰੋਨਾ ਰੋਕੂ ਦਵਾਈ ਦੀ ਐਮਰਜੈਂਸੀ ਵਰਤੋਂ ਲਈ ਮਨਜ਼ੂਰੀ ਦੇ ਦਿੱਤੀ ਹੈ। ਰੱਖਿਆ ਮੰਤਰਾਲੇ ਨੇ ਇਹ ਜਾਣਕਾਰੀ ਦਿੱਤੀ। ਰੱਖਿਆ ਮੰਤਰਾਲੇ ਨੇ ਕਿਹਾ ਕਿ ਇਹ ਦਵਾਈ ਪਾਊਡਰ ਦੇ ਰੂਪ ਵਿਚ ਹੈ ਅਤੇ ਇਸ ਨੂੰ ਪਾਣੀ ਵਿਚ ਘੋਲ ਕੇ ਪੀਤਾ ਜਾ ਸਕੇਗਾ। ਡੀ.ਆਰ.ਡੀ.ਓ. ਦੀ ਹੈਦਰਾਬਾਦ ਸਥਿਤ ਲੈਬਾਰਟਰੀ ਨਿਊਕਲੀਅਰ ਮੈਡੀਸਿਨ ਤੇ ਸਹਾਇਕ ਵਿਗਿਆਨ (ਆਈ.ਐਨ.ਐਮ.ਏ.ਐਸ.) ਨੇ ਡਾ. ਰੈਡੀ ਦੀ ਲੈਬਾਰਟਰੀ ਨਾਲ ਮਿਲ ਕੇ ਦਵਾਈ 2-ਡੀਓਕਸੀ-ਡੀ-ਗਲੂਕੋਜ਼ (2-ਡੀਜੀ) ਤਿਆਰ ਕੀਤੀ ਹੈ।

ਡਰੱਗਜ਼ ਕੰਟਰੋਲਰ ਜਨਰਲ ਆਫ ਇੰਡੀਆ ਦੱਸਿਆ ਕਿ 2-ਡੀਜੀ ਦਵਾਈ ਦੇ ਕਲੀਨਿਕਲ ਅਜ਼ਮਾਇਸ਼ ਦੇ ਨਤੀਜਿਆਂ ਤੋਂ ਬਾਅਦ ਪਤਾ ਲੱਗਿਆ ਹੈ ਕਿ ਇਹ ਦਵਾਈ ਹਸਪਤਾਲ ਵਿਚ ਦਾਖਲ ਮਰੀਜ਼ਾਂ ਦੀ ਸਿਹਤ ਵਿਚ ਤੇਜ਼ੀ ਨਾਲ ਸੁਧਾਰ ਕਰਦੀ ਹੈ ਅਤੇ ਉਨ੍ਹਾਂ ਦੀ ਵਧੇਰੇ ਆਕਸੀਜਨ 'ਤੇ ਨਿਰਭਰਤਾ ਘੱਟ ਕਰਦੀ ਹੈ। ਮੰਤਰਾਲੇ ਨੇ ਦੱਸਿਆ ਕਿ ਪਹਿਲੀ ਮਈ ਨੂੰ ਡਰੱਗਜ਼ ਕੰਟਰੋਲਰ ਨੇ ਕਰੋਨਾ ਦੇ ਦਰਮਿਆਨੇ ਤੇ ਗੰਭੀਰ ਲੱਛਣਾਂ ਵਾਲੇ ਮਰੀਜ਼ਾਂ ਲਈ ਇਹ ਦਵਾਈ ਦੀ ਵਰਤੋਂ ਦੀ ਮਨਜ਼ੂਰੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਇਸ ਦਵਾਈ ਦੀ ਵਰਤੋਂ ਮਗਰੋਂ ਕਰੋਨਾ ਦੇ ਮਰੀਜ਼ਾਂ ਦੀ ਸਿਹਤ 'ਚ ਸੁਧਾਰ ਦੇਖਣ ਨੂੰ ਮਿਲਿਆ ਹੈ।


## ਸੁਪਰੀਮ ਕੋਰਟ ਨੇ ਮੋਦੀ ਸਰਕਾਰ ਦੀ ਨਾਕਾਮੀ 'ਤੇ ਮੋਹਰ ਲਾਈ: ਮਾਨ



**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਕਰੋਨਾ ਮਹਾਮਾਰੀ ਸਬੰਧੀ ਕੇਸਾਂ ਦੀ ਸੁਣਵਾਈ ਕਰਦਿਆਂ ਦੇਸ਼ ਦੀ ਸਰਵਉੱਚ ਅਦਾਲਤ ਨੇ ਕੇਂਦਰ ਵਿਚਲੀ ਮੋਦੀ ਉਨ੍ਹਾਂ ਕਿਹਾ ਕਿ ਕਰੋਨਾ ਮਹਾਮਾਰੀ ਦੌਰਾਨ ਕੇਂਦਰ ਸਰਕਾਰ ਵੱਲੋਂ ਦੇਸ਼ ਭਰ 'ਚ ਸੁਚੱਜੀਆਂ ਸਿਹਤ ਸੇਵਾਵਾਂ ਦਾ ਪ੍ਰਬੰਧ ਨਾ ਕਰਨ ਖਿਲਾਫ ਸੁਪਰੀਮ ਕੋਰਟ ਨੇ ਸਖਤ ਟਿੱਪਣੀਆਂ ਕਰਨ ਦੇ ਨਾਲ-ਨਾਲ ਸੂਬਿਆਂ ਨਾਲ ਕੀਤੇ ਜਾ ਰਹੇ ਵਿਤਕਰੇ ਅਤੇ ਆਕਸੀਜਨ ਦੀ ਸਪਲਾਈ 'ਚ ਨਾਕਾਮ ਹੋਣ ਕਾਰਨ ਸਖਤ ਫੈਸਲਾ ਲਿਆ।

ਉਨ੍ਹਾਂ ਕਿਹਾ ਕਿ ਕਰੋਨਾ ਕਰਕੇ ਹੋ ਰਹੀਆਂ ਮੌਤਾਂ ਨੂੰ ਦੇਖਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਸਰਕਾਰ ਦੀ ਤਿਆਰੀ 'ਚ ਘਾਟ ਕਰਕੇ ਲੋਕਾਂ ਨੂੰ ਜਾਨਾਂ ਗੁਆਉਣੀਆਂ ਪਈਆਂ ਹਨ। ਇਸ ਲਈ ਆਕਸੀਜਨ ਦੀ ਬਰਾਬਰ ਵੰਡ ਯਕੀਨੀ ਬਣਾਉਣ ਲਈ ਸੁਪਰੀਮ ਕੋਰਟ ਨੇ ਟਾਸਕ ਫੋਰਸ ਦਾ ਗਠਨ ਕੀਤਾ ਹੈ।

## ਮਸ਼ਹੂਰ ਮੈਡੀਕਲ ਮੈਗਜ਼ੀਨ 'ਦਿ ਲੈਂਸੇਟ' ਵਿਚ ਮੋਦੀ ਦੀ ਤਿੱਖੀ ਆਲੋਚਨਾ



**ਵਾਸ਼ਿੰਗਟਨ:** ਭਾਰਤ ਵਿਚ ਕਾਲ ਦਾ ਰੂਪ ਬਣ ਕੇ ਆਈ ਕਰੋਨਾ ਵਾਇਰਸ ਮਹਾਮਾਰੀ ਦੀ ਦੂਜੀ ਲਹਿਰ ਨੇ ਪੂਰੀ ਦੁਨੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਵਿਗਿਆਨ ਤੇ ਖੋਜਕਰਤਾ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਆਖਰ ਹਾਲਾਤ ਇੰਨੇ ਭਿਆਨਕ ਕਿਵੇਂ ਬਣ ਗਏ। ਇਸੇ ਵਿਚਕਾਰ ਮਸ਼ਹੂਰ ਮੈਡੀਕਲ ਮੈਗਜ਼ੀਨ 'ਦਿ ਲੈਂਸੇਟ' ਦੀ ਸੰਪਾਦਕੀ 'ਚ ਮਹਾਮਾਰੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਸੰਪਾਦਕੀ 'ਚ ਕਿਹਾ ਗਿਆ ਹੈ ਕਿ ਹਸਪਤਾਲ ਮਰੀਜ਼ਾਂ ਨਾਲ ਭਰੇ ਪਏ ਹਨ, ਆਕਸੀਜਨ ਦੀ ਭਾਰੀ ਕਮੀ ਹੈ ਤੇ ਸੋਸ਼ਲ ਮੀਡੀਆ ਉਤੇ ਲੋਕ ਤੇ ਡਾਕਟਰ ਮੈਡੀਕਲ ਆਕਸੀਜਨ, ਹਸਪਤਾਲਾਂ 'ਚ ਬੈੱਡ ਤੇ ਦੂਜੀਆਂ ਜਰੂਰਤਾਂ ਲਈ ਗੁਹਾਰ ਲਗਾ ਰਹੇ ਹਨ ਪਰ ਇਸ ਮੁਸ਼ਕਲ ਸਮੇਂ 'ਚ ਉਨ੍ਹਾਂ ਦੀ ਮਦਦ ਤੇ ਉਕਤ ਹਾਲਾਤ ਲਈ ਜ਼ਿੰਮੇਵਾਰੀ ਲੈਣ ਵਾਲਾ ਕੋਈ ਨਹੀਂ ਹੈ। 'ਦਿ ਲੈਂਸੇਟ' ਅਨੁਸਾਰ ਅਜਿਹੇ ਮੁਸ਼ਕਲ ਸਮੇਂ 'ਚ ਮੋਦੀ ਦੀ ਸੋਸ਼ਲ ਮੀਡੀਆ 'ਤੇ ਆਪਣੀ ਆਲੋਚਨਾ ਤੇ ਖੁੱਲ੍ਹੀ ਚਰਚਾ ਨੂੰ ਦਬਾਉਣ ਦੀ ਕੋਸ਼ਿਸ਼ ਮੁਆਫੀ ਦੇ ਯੋਗ ਨਹੀਂ ਹੈ। ਤਨਜ ਕਸਦਿਆਂ ਕਿਹਾ ਗਿਆ ਹੈ ਕਿ ਲੱਗ ਰਿਹਾ ਹੈ ਕਿ ਮੋਦੀ ਸਰਕਾਰ ਦਾ ਧਿਆਨ ਟਵਿੱਟਰ ਉਤੇ ਆਪਣੀ ਆਲੋਚਨਾ ਨੂੰ ਹਟਾਉਣ 'ਤੇ ਜ਼ਿਆਦਾ ਤੇ ਮਹਾਮਾਰੀ ਨੂੰ ਕਾਬੂ ਕਰਨ 'ਤੇ ਘੱਟ ਸੀ। ਸੰਪਾਦਕੀ 'ਚ ਕਿਹਾ ਗਿਆ ਕਿ ਕਰੋਨਾ ਖਿਲਾਫ ਸ਼ੁਰੂਆਤੀ ਸਫਲਤਾ ਤੋਂ ਬਾਅਦ ਸਰਕਾਰ ਦੀ ਟਾਸਕ ਫੋਰਸ ਦੀ ਮੀਟਿੰਗ ਅਪਰੈਲ ਤੱਕ ਇਕ ਵਾਰ ਵੀ ਨਹੀਂ ਹੋਈ ਤੇ ਇਸ ਸਭ ਦਾ ਨਤੀਜਾ ਸਾਡੇ ਸਾਹਮਣੇ ਹੈ। 'ਦਿ ਲੈਂਸੇਟ' ਨੇ ਲਿਖਿਆ ਕਿ ਕੁਝ ਰਾਜਾਂ ਨੇ ਬੈੱਡ ਤੇ ਆਕਸੀਜਨ ਲਈ ਗੁਹਾਰ ਲਗਾ ਰਹੇ ਲੋਕਾਂ ਖਿਲਾਫ ਦੇਸ਼ ਦੀ ਸੁਰੱਖਿਆ ਨਾਲ ਜੁੜੇ ਕਾਨੂੰਨਾਂ ਦੀ ਵਰਤੋਂ ਕੀਤੀ। ਸੰਪਾਦਕੀ ਅਨੁਸਾਰ ਸਰਕਾਰ ਵੱਲੋਂ ਚਿਤਾਵਨੀ ਦੇ ਬਾਵਜੂਦ ਕੁੰਭ ਤੇ ਰਾਜਨੀਤਿਕ ਰੈਲੀਆਂ ਦੀ ਇਜਾਜ਼ਤ ਦੇ ਕੇ ਲੱਖਾਂ ਲੋਕਾਂ ਨੂੰ ਇਕੱਠਾ ਕੀਤਾ ਗਿਆ, ਜਿਸ ਨਾਲ ਦੇਸ਼ 'ਚ ਭਿਆਨਕ ਕਰੋਨਾ ਧਮਾਕਾ ਹੋ ਗਿਆ।

## ਮੌਤਾਂ ਦੀ ਅਸਲੀਅਤ ਕਿਉਂ ਛੁਪਾਈ ਜਾ ਰਹੀ?

**ਨਵੀਂ ਦਿੱਲੀ:** ਭਾਰਤੀ ਮੈਡੀਕਲ ਐਸੋਸੀਏਸ਼ਨ ਨੇ ਕੇਂਦਰੀ ਸਿਹਤ ਮੰਤਰਾਲੇ ਨੂੰ ਪੱਤਰ ਲਿਖ ਕੇ ਸਿਹਤ ਪ੍ਰਬੰਧਾਂ ਤੇ ਡਾਕਟਰਾਂ ਨੂੰ ਸਾਹ ਦਿਵਾਉਣ ਲਈ ਦੇਸ਼ ਵਿਚ ਤੁਰਤ ਤਾਲਾਬੰਦੀ ਕਰਨ ਦੀ ਮੰਗ ਕੀਤੀ ਹੈ। ਐਸੋਸੀਏਸ਼ਨ ਨੇ ਸਵਾਲ ਕੀਤਾ ਹੈ ਕਿ ਮੌਤਾਂ ਦੀ ਗਿਣਤੀ ਬਾਰੇ ਅਸਲੀਅਤ ਕਿਉਂ ਛੁਪਾਈ ਜਾ ਰਹੀ ਹੈ? ਦੇਸ਼ ਵਿਚ ਰੋਜ਼ਾਨਾ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਚਾਰ ਹਜ਼ਾਰ ਅਤੇ ਕੇਸ ਚਾਰ ਲੱਖ ਤੋਂ ਵੱਧ ਆਉਣ ਤੋਂ ਬਾਅਦ ਐਸੋਸੀਏਸ਼ਨ ਨੇ ਸਰਕਾਰ ਨੂੰ ਇਹ ਪੱਤਰ ਲਿਖਿਆ ਹੈ।

## ਕੇਂਦਰ ਨੇ ਵੈਕਸੀਨ ਬਰਾਮਦੀ ਦਾ ਅਪਰਾਧ ਕੀਤਾ: ਸਿਸੋਦੀਆ

**ਨਵੀਂ ਦਿੱਲੀ:** ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਰੋਨਾ ਵਾਇਰਸ ਰੋਕੂ ਵੈਕਸੀਨ ਬਰਾਮਦ ਕਰਨ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਹਮਲਾ ਕਰਦਿਆਂ ਕਿਹਾ ਕਿ ਬਰਾਮਦ ਕੀਤੀ ਗਈ ਵੈਕਸੀਨ ਦੀ ਡੋਜ਼ ਜੇਕਰ ਆਪਣੇ ਦੇਸ਼ ਵਿਚ ਲੋਕਾਂ ਨੂੰ ਲਗਾਈਆਂ ਹੁੰਦੀਆਂ ਤਾਂ ਭਾਰਤ ਵਿਚ ਵੱਡੀ ਗਿਣਤੀ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ ਸਨ। ਇਕ ਅਖਬਾਰ ਦੀ ਖਬਰ ਦਾ ਹਵਾਲਾ ਦਿੰਦਿਆਂ ਸ੍ਰੀ ਸਿਸੋਦੀਆ ਨੇ ਕਿਹਾ ਕਿ ਕੇਂਦਰ ਸਰਕਾਰ ਨੇ 93 ਮੁਲਕਾਂ ਨੂੰ ਵੈਕਸੀਨ ਵੇਚੀ ਹੈ ਜਿਨ੍ਹਾਂ ਵਿਚੋਂ 60 ਫੀਸਦ 'ਚ ਕੋਵਿਡ-19 ਕੰਟਰੋਲ ਹੇਠ ਸੀ ਤੇ ਉਥੇ ਵਾਇਰਸ ਕਾਰਨ ਲੋਕਾਂ ਦੀ ਜਾਨ ਨੂੰ ਖਤਰਾ ਨਹੀਂ ਸੀ।

# ਉਤਰ ਪ੍ਰਦੇਸ਼ ਪੰਚਾਇਤੀ ਚੋਣਾਂ ਵਿਚ ਭਾਜਪਾ ਨੂੰ ਲੱਗਾ ਵੱਡਾ ਝਟਕਾ



**ਲਖਨਊ:** ਉਤਰ ਪ੍ਰਦੇਸ਼ ਦੀਆਂ ਪੰਚਾਇਤੀ ਚੋਣਾਂ ਸੱਤਾਧਾਰੀ ਭਾਜਪਾ ਨੂੰ ਵੱਡਾ ਝਟਕਾ ਦੇ ਗਈਆਂ ਹਨ। ਸੂਬੇ ਵਿਚ 2022 ਵਿਚ ਵਿਧਾਨ ਸਭਾ ਚੋਣਾਂ ਹਨ, ਇਸ ਲਈ ਤਾਜ਼ਾ ਚੋਣ ਨਤੀਜਿਆਂ ਨੇ ਭਾਜਪਾ ਦਾ ਫਿਕਰ ਵਧਾ ਦਿੱਤਾ ਹੈ। ਦੱਸ ਦਈਏ ਕਿ ਪੰਜਾਬ ਤੇ ਹਰਿਆਣਾ ਤੋਂ ਬਾਅਦ ਉਤਰ ਪ੍ਰਦੇਸ਼ ਅਜਿਹਾ ਸੂਬਾ ਹੈ ਜਿਥੇ ਖੇਤੀ ਕਾਨੂੰਨਾਂ ਖਿਲਾਫ ਵਿੱਢੇ ਸੰਘਰਸ਼ ਨੂੰ ਵੱਡਾ ਹੁੰਗਾਰਾ ਮਿਲਿਆ ਹੈ। ਕਿਸਾਨ ਜਥੇਬੰਦੀਆਂ ਚੋਣ ਨਤੀਜਿਆਂ ਨੂੰ ਸੰਘਰਸ਼ ਦਾ ਅਸਰ ਮੰਨ ਰਹੀਆਂ ਹਨ।

ਭਾਵੇਂ ਪੰਚਾਇਤੀ ਚੋਣਾਂ ਪਾਰਟੀ ਚੋਣ ਨਿਸ਼ਾਨ ਉਤੇ ਨਹੀਂ ਲੜੀਆਂ ਜਾਂਦੀਆਂ ਪਰ ਭਾਰਤੀ ਜਨਤਾ ਪਾਰਟੀ ਨੇ ਹਾਲ ਵਿਚ ਉਤਰ ਪ੍ਰਦੇਸ਼ ਦੀਆਂ ਪੰਚਾਇਤ ਚੋਣਾਂ ਦੌਰਾਨ ਜਿਲ੍ਹਾ ਪ੍ਰੀਸ਼ਦ ਦੀਆਂ 3050 ਸੀਟਾਂ ਲਈ ਆਪਣੇ ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਸੀ। ਭਾਜਪਾ ਆਪਣੇ ਖਾਸ ਗੜ੍ਹਾਂ ਜਿਵੇਂ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਦੇ ਜ਼ਿਲ੍ਹੇ ਗੋਰਖਪੁਰ, ਪ੍ਰਧਾਨ ਮੰਤਰੀ ਦੇ ਹਲਕੇ ਵਾਰਾਨਸੀ ਅਤੇ ਅਯੁੱਧਿਆ ਵਿਚ 40-40 ਸੀਟਾਂ ਵਿਚੋਂ ਅੱਠ ਤੋਂ ਵੱਧ ਕਿਤੇ ਵੀ ਨਹੀਂ ਜਿੱਤ ਸਕੀ। 1238 ਆਜ਼ਾਦ ਉਮੀਦਵਾਰਾਂ ਨੇ ਬਾਜੀ ਮਾਰੀ ਹੈ। ਸਮਾਜਵਾਦੀ ਪਾਰਟੀ ਨੇ ਭਾਜਪਾ ਨੂੰ ਪੂਰੀ ਟੱਕਰ ਦਿੱਤੀ ਹੈ। ਜੇਕਰ ਵਿਰੋਧੀ ਧਿਰਾਂ ਅਤੇ ਭਾਜਪਾ ਦਾ ਮੁਕਾਬਲਾ ਕੀਤਾ ਜਾਵੇ ਤਾਂ ਭਾਜਪਾ ਨੇ ਮੁਸ਼ਕਲ ਨਾਲ 30 ਫੀਸਦੀ ਸੀਟਾਂ 'ਤੇ ਹੀ ਜਿੱਤ ਪ੍ਰਾਪਤ ਕੀਤੀ ਹੈ।

ਇਹ ਨਤੀਜੇ ਇਸ ਕਰ ਕੇ ਵੀ ਮਹੱਤਵਪੂਰਨ ਹਨ ਕਿਉਂਕਿ ਸੂਬੇ ਦੀ ਲਗਭਗ 77.73 ਫੀਸਦੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ। 2017 ਵਿਚ ਭਾਜਪਾ ਨੇ ਵਿਧਾਨ ਸਭਾ ਦੀਆਂ 403 ਸੀਟਾਂ ਵਿਚੋਂ 325 ਉਤੇ ਜਿੱਤ ਪ੍ਰਾਪਤ ਕਰ ਕੇ 49 ਫੀਸਦੀ ਤੋਂ ਵੱਧ ਵੋਟਾਂ ਹਾਸਲ ਕੀਤੀਆਂ ਸਨ। 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੇ 80 ਸੀਟਾਂ ਵਿਚੋਂ 62 ਸੀਟਾਂ ਉਤੇ ਜਿੱਤ ਹਾਸਲ ਕੀਤੀ ਸੀ। ਪੰਚਾਇਤਾਂ ਦੇ ਚੋਣ ਨਤੀਜਿਆਂ ਨੂੰ ਕਿਸਾਨ ਅੰਦੋਲਨ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਪੰਜਾਬ ਤੋਂ ਸ਼ੁਰੂ ਹੋਏ ਕਿਸਾਨ ਅੰਦੋਲਨ ਦੇ ਹਰਿਆਣਾ, ਉੱਤਰ ਪ੍ਰਦੇਸ਼ ਅਤੇ ਉਤਰਾਖੰਡ ਵਿਚ ਫੈਲ ਜਾਣ ਕਾਰਨ ਭਾਜਪਾ ਦੀ ਸਿਆਸਤ ਨੂੰ ਗਹਿਰਾ ਧੱਕਾ ਲੱਗਿਆ ਹੈ। ਵੱਡਾ ਸਵਾਲ ਇਹ ਪੁੱਛਿਆ ਜਾ ਰਿਹਾ ਹੈ ਕਿ ਕੀ ਪੰਚਾਇਤ ਚੋਣਾਂ ਦੇ ਨਤੀਜਿਆਂ ਦਾ ਸੂਬੇ ਦੀਆਂ 2022 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਉਤੇ ਕੋਈ ਅਸਰ ਪਵੇਗਾ ਜਾਂ ਨਹੀਂ। ਪੱਛਮੀ ਬੰਗਾਲ ਦੀ ਭਾਜਪਾ ਦੀ ਹਾਰ ਤੋਂ ਪਿੱਛੋਂ ਸੰਯੁਕਤ ਕਿਸਾਨ ਮੋਰਚੇ ਨੇ ਐਲਾਨ ਕੀਤਾ ਹੈ ਕਿ ਜੇਕਰ ਮੋਦੀ ਸਰਕਾਰ ਪੰਜ ਮਹੀਨਿਆਂ ਤੋਂ ਦਿੱਲੀ ਦੀਆਂ ਬਰੂੰਹਾਂ ਉਤੇ ਬੈਠੇ ਕਿਸਾਨਾਂ ਦੀ ਗੱਲ ਨਹੀਂ ਸੁਣਦੀ ਤਾਂ ਉਹ ਉੱਤਰ ਪ੍ਰਦੇਸ਼ ਵਿਚ ਹੁਣ ਤੋਂ ਹੀ ਭਾਜਪਾ ਖਿਲਾਫ ਮੁਹਿੰਮ ਸ਼ੁਰੂ ਕਰਨਗੇ। ਰਾਕੇਸ਼ ਟਿਕੈਤ ਦੇ ਵੱਡੇ ਕਿਸਾਨ ਆਗੂ ਵਜੋਂ ਉੱਭਰਨ ਤੋਂ ਬਾਅਦ ਯੂਪੀ ਦੀਆਂ ਕਿਸਾਨ ਜਥੇਬੰਦੀਆਂ ਅਤੇ ਖਾਪਾਂ ਦਾ ਕਿਸਾਨ ਅੰਦੋਲਨ ਨਾਲ ਸਹਿਯੋਗ ਵਧਿਆ ਹੈ। 2022 ਦੀਆਂ ਵਿਧਾਨ ਸਭਾ ਦੇ ਚੋਣ ਨਤੀਜਿਆਂ ਉਤੇ ਕਿਸਾਨ ਅੰਦੋਲਨ ਦਾ ਅਸਰ ਪੈਣਾ ਸੁਭਾਵਿਕ ਹੈ।

ਹਰ ਚੋਣ ਨੂੰ ਭਾਜਪਾ ਇਕ ਵੱਡੇ ਯੁੱਧ ਦੀ ਤਰ੍ਹਾਂ ਵੇਖਦੀ ਹੈ। ਉਤਰ ਪ੍ਰਦੇਸ਼ ਵਿਚ ਵੀ ਉਹ ਇੰਜ ਹੀ ਕਰ ਰਹੀ ਸੀ। ਸਾਰੇ ਮੰਤਰੀ ਅਤੇ ਸੰਸਦ ਮੈਂਬਰ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਦੀ ਜਿੱਤ ਨੂੰ ਯਕੀਨੀ ਬਣਾਉਣ ਵਿਚ ਲੱਗੇ ਹੋਏ ਸਨ। ਪਰ ਉਨ੍ਹਾਂ ਨੂੰ ਸਫਲਤਾ ਨਹੀਂ ਮਿਲੀ ਅਤੇ ਹਾਰ ਦਾ ਮੂੰਹ ਵੇਖਣਾ ਪਿਆ।

ਜੇਕਰ ਜਿੱਤੇ ਉਮੀਦਵਾਰਾਂ ਦੀ ਗਿਣਤੀ ਦੀ ਗੱਲ ਕੀਤੀ ਜਾਵੇ ਤਾਂ ਸਮਾਜਵਾਦੀ ਪਾਰਟੀ ਸਭ ਤੋਂ ਜ਼ਿਆਦਾ ਸੀਟਾਂ 'ਤੇ ਜਿੱਤੀ ਹੈ। ਪੱਛਮੀ ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਲੋਕ ਦਲ ਦਾ ਗੱਠਜੋੜ ਵੀ ਸੀ। ਇਸ ਗੱਠਜੋੜ ਨੂੰ ਪੱਛਮੀ ਉੱਤਰ ਪ੍ਰਦੇਸ਼ ਦੇ ਕਈ ਜ਼ਿਲ੍ਹਿਆਂ ਵਿਚ ਬਹੁਮਤ ਮਿਲਿਆ ਹੈ। ਜੇਕਰ ਪੂਰੇ ਪ੍ਰਦੇਸ਼ ਪੱਧਰ ਦੀ ਗੱਲ ਕੀਤੀ ਜਾਵੇ ਤਾਂ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਲੋਕ ਦਲ ਦੇ ਗੱਠਜੋੜ ਨੂੰ ਰਾਜ ਦੀਆਂ ਸਾਰੀਆਂ ਜ਼ਿਲ੍ਹਾ ਵਿਕਾਸ ਪ੍ਰੀਸ਼ਦਾਂ ਦੀਆਂ ਸੀਟਾਂ ਦਾ ਕਰੀਬ 30 ਫੀਸਦੀ ਪ੍ਰਾਪਤ ਹੋਇਆ ਹੈ। ਬਹੁਜਨ ਸਮਾਜ ਪਾਰਟੀ ਨੂੰ ਕਰੀਬ 10 ਸੀਟਾਂ ਪ੍ਰਾਪਤ ਹੋਈਆਂ ਹਨ।

ਉੱਤਰ ਪ੍ਰਦੇਸ਼ ਵਿਚ ਇਸ ਹਾਰ ਦਾ ਭਾਰਤੀ ਜਨਤਾ ਪਾਰਟੀ ਦੇ ਭਵਿੱਖ 'ਤੇ ਗੰਭੀਰ ਅਸਰ ਪੈ ਸਕਦਾ ਹੈ। ਇਹ ਗੁਜਰਾਤ ਤੋਂ ਬਾਅਦ ਉਸ ਦਾ ਸਭ ਤੋਂ ਵੱਡਾ ਗੜ੍ਹ ਰਿਹਾ ਹੈ। ਅਯੁੱਧਿਆ ਹੀ ਨਹੀਂ ਸਗੋਂ ਕਾਸ਼ੀ ਅਤੇ ਮਥੁਰਾ ਵੀ ਉੱਤਰ ਪ੍ਰਦੇਸ਼ ਵਿਚ ਹੀ ਹੈ ਅਤੇ ਇਨ੍ਹਾਂ ਤਿੰਨ ਸਥਾਨਾਂ ਨਾਲ ਜੁੜੀਆਂ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਉਹ ਅੱਗੇ ਦੀ ਰਾਜਨੀਤੀ ਦਾ ਸੁਪਨਾ ਵੀ ਦੇਖ ਰਹੀ ਹੈ। ਪਰ ਇਨ੍ਹਾਂ ਤਿੰਨਾਂ ਸਥਾਨਾਂ 'ਤੇ ਭਾਜਪਾ ਦੀ ਹਾਰ ਹੋਈ ਹੈ। ਅਯੁੱਧਿਆ, ਜਿਥੇ ਉਹ ਵਿਸ਼ਾਲ ਮੰਦਰ ਬਣਾ ਰਹੀ ਹੈ, ਉਥੋਂ ਤਾਂ ਉਹ ਹਾਰੀ ਹੀ, ਨਾਲ ਹੀ ਮਥੁਰਾ ਅਤੇ ਕਾਸ਼ੀ ਵਿਚ ਵੀ ਉਹ ਹਾਰ ਗਈ।

## ਮਮਤਾ ਬੈਨਰਜੀ ਨੇ ਤੀਜੀ ਵਾਰ ਲਿਆ ਮੁੱਖ ਮੰਤਰੀ ਵਜੋਂ ਹਲਫ



**ਕੋਲਕਾਤਾ:** ਟੀ.ਐਮ.ਸੀ. ਸੁਪਰੀਮੋ ਮਮਤਾ ਬੈਨਰਜੀ ਨੇ ਲਗਾਤਾਰ ਤੀਜੀ ਵਾਰ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਵਜੋਂ ਹਲਫ ਲਿਆ। ਉਨ੍ਹਾਂ ਸੂਬੇ 'ਚ ਚੋਣ ਨਤੀਜਿਆਂ ਤੋਂ ਬਾਅਦ ਹੋ ਰਹੀ ਸਿਆਸੀ ਹਿੰਸਾ ਦੇ ਦੋਸ਼ੀਆਂ ਨੂੰ ਨਾ ਬਖਸ਼ਣ ਦਾ ਅਹਿਦ ਵੀ ਲਿਆ। ਕੋਵਿਡ ਮਹਾਮਾਰੀ ਕਾਰਨ ਹੋਏ ਸਾਦੇ ਸਮਾਗਮ ਦੌਰਾਨ ਰਾਜ ਭਵਨ 'ਚ ਰਾਜਪਾਲ ਜਗਦੀਪ ਧਨਖੜ ਨੇ ਮਮਤਾ ਨੂੰ ਅਹੁਦੇ ਦੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਬਾਂਗਲਾ 'ਚ ਹਲਫ ਲੈਣ ਵਾਲੀ ਮਮਤਾ ਬੈਨਰਜੀ ਸੂਬੇ ਦੀ 21ਵੀਂ ਮੁੱਖ ਮੰਤਰੀ ਹੈ। ਉਂਜ ਮੁੱਖ ਮੰਤਰੀ ਬਣਨ ਵਾਲੀ ਉਹ ਪੱਛਮੀ ਬੰਗਾਲ ਦੀ 8ਵੀਂ ਆਗੂ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕਰਕੇ ਮਮਤਾ ਬੈਨਰਜੀ ਨੂੰ ਮੁੱਖ ਮੰਤਰੀ ਬਣਨ ਦੀ ਵਧਾਈ ਦਿੱਤੀ ਹੈ। ਹਲਫਦਾਰੀ ਸਮਾਗਮ 'ਚ ਭਾਜਪਾ, ਖੱਬੇ ਪੱਖੀ ਪਾਰਟੀਆਂ ਅਤੇ ਕਾਂਗਰਸ ਨੇ ਹਿੱਸਾ ਨਹੀਂ ਲਿਆ। ਇਸ ਮੌਕੇ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ, ਮਮਤਾ ਦਾ ਭਤੀਜਾ ਸੰਸਦ ਮੈਂਬਰ ਅਭਿਸ਼ੇਕ ਬੈਨਰਜੀ ਅਤੇ ਤ੍ਰਿਣਮੂਲ ਕਾਂਗਰਸ ਦੇ ਹੋਰ ਆਗੂ ਹਾਜਰ ਸਨ। ਹਲਫ ਲੈਣ ਤੋਂ ਬਾਅਦ ਮਮਤਾ ਬੈਨਰਜੀ ਨੇ ਕਿਹਾ,"ਸਰਕਾਰ ਦੀ ਪ੍ਰਾਥਮਿਕਤਾ ਬੇਕਾਬੂ ਹੋ ਰਹੇ ਕੋਵਿਡ ਹਾਲਾਤ ਨੂੰ ਕੰਟਰੋਲ 'ਚ ਕਰਨਾ ਹੈ।" ਸੂਬੇ 'ਚ ਚੋਣਾਂ ਤੋਂ ਬਾਅਦ ਹੋਈ ਹਿੰਸਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ,"ਅੱਜ ਤੋਂ ਮੈਂ ਅਮਨ-ਕਾਨੂੰਨ ਦੀ ਹਾਲਤ ਨਾਲ ਪੂਰੀ ਸਖਤੀ ਨਾਲ ਨਜਿੱਠਾਂਗੀ।

### ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ੁਕਰਾਨਾ ਕਰਨ ਆਵੇਗੀ ਮਮਤਾ

**ਚੰਡੀਗੜ੍ਹ:** ਟੀ.ਐਮ.ਸੀ. ਦੀ ਨੇਤਾ ਮਮਤਾ ਬੈਨਰਜੀ ਜਿਸ ਨੇ ਤੀਜੀ ਪਾਰ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ ਹੈ, ਦੇ ਸਮਾਂ ਪਾ ਕੇ ਅੰਮ੍ਰਿਤਸਰ ਆਉਣ ਦਾ ਪ੍ਰੋਗਰਾਮ ਹੈ। ਜਿਥੇ ਉਹ ਸ੍ਰੀ ਅੰਮ੍ਰਿਤਸਰ 'ਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕ ਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਅਦਾ ਕਰੇਗੀ। ਇਹ ਜਾਣਕਾਰੀ ਟੀ.ਐਮ.ਸੀ ਦੇ ਘੱਟ ਗਿਣਤੀ ਸੈੱਲ ਦੇ ਇੰਚਾਰਜ ਅਜੀਤ ਸਿੰਘ ਬਾਗੀ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣਾਂ ਵਿਚ ਸਿੱਖਾਂ ਤੇ ਘੱਟ ਗਿਣਤੀ ਮੁਸਲਮਾਨਾਂ ਨੇ ਦੱਬ ਕੇ ਮਮਤਾ ਨੂੰ ਵੋਟਾਂ ਪਾਈਆਂ ਹਨ।

## ਚੋਣ ਨਤੀਜਆਂ ਪਿੱਛੋਂ ਤੇਲ ਕੀਮਤਾਂ ਨੇ ਵੱਟੀ ਸ਼ੂਟ

**ਚੰਡੀਗੜ੍ਹ:** ਚਾਰ ਰਾਜਾਂ ਅਤੇ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਦੀਆਂ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਹਾਲਾਤ ਇਹ ਹਨ ਕਿ ਕਈ ਸੂਬਿਆਂ ਵਿਚ ਪੈਟਰੋਲ ਦੀਆਂ ਕੀਮਤਾਂ 102 ਰੁਪਏ ਨੂੰ ਪਾਰ ਕਰ ਗਈਆਂ ਹਨ। ਹੁਣ ਮਹਾਰਾਸ਼ਟਰ ਵਿਚ ਵੀ ਪੈਟਰੋਲ 100 ਰੁਪਏ ਪ੍ਰਤੀ ਲਿਟਰ ਦਾ ਅੰਕੜਾ ਪਾਰ ਕਰ ਗਿਆ ਹੈ। ਇਸ ਤੋਂ ਪਹਿਲਾਂ ਰਾਜਸਥਾਨ ਤੇ ਮੱਧ ਪ੍ਰਦੇਸ਼ ਵਿਚ ਪੈਟਰੋਲ ਸੌ ਰੁਪਏ ਤੋਂ ਉਪਰ ਪੁੱਜ ਚੁੱਕਾ ਹੈ।

ਪੰਜ ਸੂਬਿਆਂ ਵਿਚ ਚੋਣਾਂ ਦੇ ਐਲਾਨ ਤੋਂ ਪਹਿਲਾਂ ਤੇਲ ਕੀਮਤਾਂ ਲਗਾਤਾਰ ਵਧ ਰਹੀਆਂ ਸਨ ਤੇ ਇਸ ਨੂੰ ਲੈ ਕੇ ਕੇਂਦਰ ਸਰਕਾਰ ਦੀ ਚੁਫੇਰਿਓਂ ਘੇਰਾਬੰਦੀ ਕੀਤੀ ਜਾ ਰਹੀ ਸੀ ਪਰ ਚੋਣਾਂ ਦਾ ਅਮਲ ਖਤਮ ਹੋਣ ਤੱਕ ਵਾਧਾ ਰੁਕਿਆ ਰਿਹਾ। ਹੁਣ 2 ਮਈ ਨੂੰ ਚੋਣ ਨਤੀਜੇ ਆਉਣ ਪਿੱਛੋਂ ਤੇਲ ਕੀਮਤਾਂ ਨੇ ਫਿਰ ਸ਼ੂਟ ਵੱਟ ਲਈ ਹੈ।

ਇਹ ਵਾਧਾ ਸਰਕਾਰੀ ਤੇਲ ਕੰਪਨੀਆਂ- ਇੰਡੀਅਨ ਆਇਲ ਕਾਰਪੋਰੇਸ਼ਨ, ਭਾਰਤ ਪੈਟਰੋਲੀਅਮ ਲਿਮਟਿਡ ਅਤੇ ਹਿੰਦੋਸਤਾਨ ਪੈਟਰੋਲੀਅਮ ਲਿਮਟਿਡ ਆਦਿ ਨੇ ਵਧਾਈਆਂ ਹਨ। ਦਲੀਲ ਦਿੱਤੀ ਜਾ ਰਹੀ ਹੈ ਕਿ ਕੀਮਤਾਂ ਅੰਤਰਰਾਸ਼ਟਰੀ ਮੰਡੀ ਵਿਚ ਕੱਚੇ ਤੇਲ ਦੀਆਂ ਕੀਮਤਾਂ ਵਧ ਜਾਣ ਕਾਰਨ ਵਧ ਰਹੀਆਂ ਹਨ। ਸਰਕਾਰੀ ਨੀਤੀ ਅਨੁਸਾਰ ਤੇਲ ਦੀਆਂ ਕੀਮਤਾਂ ਨੂੰ ਖੁੱਲ੍ਹੀ ਮੰਡੀ ਨਾਲ ਜੋੜਿਆ ਹੋਇਆ ਹੈ। ਇਹ ਦਲੀਲ ਖਪਤਕਾਰਾਂ ਨੂੰ ਇਸ ਲਈ ਹਜ਼ਮ ਨਹੀਂ ਹੁੰਦੀ ਕਿਉਂਕਿ ਜਦੋਂ ਅੰਤਰਰਾਸ਼ਟਰੀ ਮੰਡੀ ਵਿਚ



ਕੱਚੇ ਤੇਲ ਦੀਆਂ ਕੀਮਤਾਂ ਘਟਦੀਆਂ ਹਨ ਤਾਂ ਲਾਭ, ਉਸ ਅਨੁਪਾਤ ਵਿਚ ਖਪਤਕਾਰਾਂ ਨੂੰ ਨਹੀਂ ਪਹੁੰਚਦਾ। ਹੁਣ ਤੱਕ ਵਧੀਆਂ ਤੇਲ ਕੀਮਤਾਂ ਨੇ 24 ਮਾਰਚ ਤੋਂ 15 ਅਪਰੈਲ 2021 ਵਿਚਕਾਰ ਕੀਮਤਾਂ ਵਿਚ ਹੋਈ ਥੋੜ੍ਹੀ ਕਮੀ ਕਾਰਨ ਹੋਏ ਲਾਭ ਨੂੰ ਖਤਮ ਕਰ ਦਿੱਤਾ ਹੈ। ਤੇਲ ਦੀਆਂ ਕੀਮਤਾਂ ਵਧਣ ਦਾ ਵੱਡਾ ਕਾਰਨ ਇਸ 'ਤੇ ਲਾਏ ਜਾਂਦੇ ਟੈਕਸਾਂ ਦਾ ਸਰਕਾਰਾਂ ਅਤੇ ਖਾਸ ਤੌਰ 'ਤੇ ਕੇਂਦਰ ਸਰਕਾਰ ਦਾ ਖਜਾਨਾ ਭਰਨ ਦਾ ਸਭ ਤੋਂ ਵੱਡਾ ਸੋਮਾ ਹੋਣਾ ਹੈ। ਭਾਵੇਂ ਜੀ.ਐਸ.ਟੀ. ਨੂੰ ਸਭ ਤੋਂ ਵੱਡਾ ਟੈਕਸ ਸੁਧਾਰ ਕਿਹਾ ਗਿਆ ਪਰ ਪੈਟਰੋਲੀਅਮ ਪਦਾਰਥਾਂ ਨੂੰ ਜੀ.ਐਸ.ਟੀ. ਤੋਂ ਬਾਹਰ ਰੱਖਿਆ ਗਿਆ ਹੈ। ਜੇਕਰ ਤੇਲ ਜੀ.ਐਸ.ਟੀ. ਦੇ ਤਹਿਤ ਆਉਂਦਾ ਤਾਂ ਟੈਕਸ ਦੀ ਵੱਧ ਤੋਂ ਵੱਧ ਦਰ 28 ਫੀਸਦੀ ਹੋਣੀ ਸੀ। ਹੁਣ ਕੇਂਦਰ ਸਰਕਾਰ ਦਾ ਆਬਕਾਰੀ ਕਰ, ਸਰਚਾਰਜ ਅਤੇ ਰਾਜ ਸਰਕਾਰਾਂ ਦੇ ਵੈਟ ਨੂੰ ਮਿਲਾ ਕੇ ਕੁਲ ਟੈਕਸ ਸੱਠ ਫੀਸਦੀ ਦੇ ਕਰੀਬ ਹੈ। ਨਵੰਬਰ 2014 ਤੋਂ ਬਾਅਦ ਕੇਂਦਰੀ ਆਬਕਾਰੀ ਕਰ ਵਿਚ 54 ਫੀਸਦੀ ਵਾਧਾ ਹੋਇਆ ਹੈ। ਤੇਲ ਦੀਆਂ ਕੀਮਤਾਂ ਦਾ ਵਾਧਾ ਹੋਰਾਂ ਵਸਤਾਂ ਦੀ ਮਹਿੰਗਾਈ ਸਿੱਧੇ ਤੌਰ 'ਤੇ ਜੁੜਿਆ ਹੁੰਦਾ ਹੈ ਕਿਉਂਕਿ ਢੋਆ-ਢੁਆਈ ਦਾ ਸਮੁੱਚਾ ਕੰਮ ਡੀਜ਼ਲ 'ਤੇ ਨਿਰਭਰ ਹੁੰਦਾ ਹੈ। ਕੇਂਦਰ ਸਰਕਾਰ ਆਬਕਾਰੀ ਕਰ ਉੱਤੇ ਸਰਚਾਰਜ ਲਗਾ ਕੇ ਸੂਬਿਆਂ ਨੂੰ ਦਿੱਤਾ ਜਾਣ ਵਾਲਾ ਹਿੱਸਾ ਵੀ ਲਗਾਤਾਰ ਮਾਰ ਰਹੀ ਹੈ।

ਕਰੋਨਾ ਮਹਾਮਾਰੀ ਦੇ ਇਸ ਦੌਰ ਵਿਚ ਲੋਕਾਂ ਉਤੇ ਘੱਟ ਤੋਂ ਘੱਟ ਬੋਝ ਪਾਉਣ ਅਤੇ ਸਰਕਾਰਾਂ ਵੱਲੋਂ ਪੈਸਾ ਲੋਕਾਂ ਤੱਕ ਪਹੁੰਚਾ ਕੇ ਵਸਤਾਂ ਦੀ ਮੰਗ ਪੈਦਾ ਕਰਨ ਨਾਲ ਹੀ ਅਰਥਚਾਰੇ ਨੂੰ ਹੁਲਾਰਾ ਮਿਲ ਸਕਦਾ ਹੈ। ਕਰੋਨਾ ਦੇ ਕਾਰਨ ਵੱਡੀ ਗਿਣਤੀ ਵਿਚ ਗਰੀਬਾਂ ਦਾ ਰੁਜ਼ਗਾਰ ਖੁੱਸਣ ਕਰ ਕੇ ਰੋਜ਼ੀ-ਰੋਟੀ ਦਾ ਸੰਕਟ ਖੜ੍ਹਾ ਹੋ ਗਿਆ ਹੈ। ਤਾਲਾਬੰਦੀਆਂ ਕਰ ਕੇ ਮੱਧਵਰਗ ਦੀਆਂ ਮੁਸ਼ਕਲਾਂ ਵੀ ਵਧ ਰਹੀਆਂ ਹਨ। ਅਜਿਹੇ ਮੌਕੇ ਲੋਕਾਂ ਦੀ ਬਾਂਹ ਫੜਨ ਦੀ ਥਾਂ ਸਰਕਾਰਾਂ ਨੂੰ ਆਪਣੀ ਕਮਾਈ ਵਧਾਉਣ ਵੱਧ ਫਿਕਰ ਜਾਪ ਰਿਹਾ ਹੈ।

## ਪਾਕਿਸਤਾਨ 'ਚ ਪਹਿਲੀ ਹਿੰਦੂ ਮਹਿਲਾ ਨੇ ਸਿਵਲ ਸੇਵਾਵਾਂ ਪ੍ਰੀਖਿਆ ਪਾਸ ਕੀਤੀ



**ਇਸਲਾਮਾਬਾਦ:** ਪਾਕਿਸਤਾਨ ਵਿਚ ਪਹਿਲੀ ਵਾਰ ਇਕ ਹਿੰਦੂ ਔਰਤ ਨੇ ਦੇਸ਼ ਦੀ ਸਭ ਤੋਂ ਅਹਿਮ ਸੈਂਟਰਲ ਸੁਪੀਰੀਅਰ ਸਰਵਿਸਿਜ (ਸੀ.ਐਸ.ਐਸ.) ਪ੍ਰੀਖਿਆ ਪਾਸ ਕੀਤੀ ਹੈ ਅਤੇ ਉਹ ਵਿਸ਼ੇਸ਼ ਪਾਕਿਸਤਾਨ ਪ੍ਰਬੰਧਕੀ ਸਰਵਿਸਿਜ (ਪੀ.ਏ.ਐਸ.) ਲਈ ਚੁਣੀ ਗਈ ਹੈ। ਪਾਕਿਸਤਾਨ ਵਿਚ ਸਭ ਤੋਂ ਵੱਧ ਹਿੰਦੂ ਵਸੋਂ ਵਾਲੇ ਸਿੰਧ ਸੂਬੇ ਦੇ ਸ਼ਿਕਾਰਪੁਰ ਜਿਲ੍ਹੇ ਦੇ ਪੇਂਡੂ ਖੇਤਰ ਵਿਚ ਰਹਿਣ ਵਾਲੀ ਸਨਾ ਰਾਮਚੰਦ ਐਮ.ਬੀ.ਬੀ.ਐਸ. ਡਾਕਟਰ ਹੈ। ਉਹ ਸੀ.ਐਸ.ਐਸ. ਦੀ ਪ੍ਰੀਖਿਆ ਪਾਸ ਕਰਨ ਵਾਲੀ ਸੂਚੀ ਵਿਚ 221ਵੇਂ ਨੰਬਰ 'ਤੇ ਆਈ ਹੈ। 18,553 ਪ੍ਰੀਖਿਆਰਥੀਆਂ ਨੇ ਇਹ ਲਿਖਤੀ ਇਮਤਿਹਾਨ ਦਿੱਤਾ ਸੀ। ਮੈਡੀਕਲ, ਮਨੋਵਿਗਿਆਨਕ ਅਤੇ ਜੁਬਾਨੀ ਪ੍ਰੀਖਿਆ ਤੋਂ ਬਾਅਦ ਆਖਰੀ ਨਤੀਜਾ ਆਵੇਗਾ। ਨਤੀਜਾ ਘੋਸ਼ਿਤ ਹੋਣ ਤੋਂ ਬਾਅਦ ਰਾਮਚੰਦ ਨੇ ਟਵੀਟ ਕੀਤਾ ਕਿ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ। ਉਸ ਨੇ ਕਿਹਾ ਕਿ ਮੈਨੂੰ ਇਹ ਦੱਸਣ 'ਤੇ ਖੁਸ਼ੀ ਹੋ ਰਹੀ ਹੈ ਕਿ ਅੱਲ੍ਹਾ ਦੀ ਬਦੌਲਤ ਮੈਂ ਪ੍ਰੀਖਿਆ ਪਾਸ ਕਰ ਲਈ ਹੈ ਅਤੇ ਪੀ.ਏ.ਐਸ. ਲਈ ਮੇਰੀ ਚੋਣ ਹੋ ਗਈ ਹੈ।

## ਗੈਂਗਸਟਰ ਗੈਵੀ ਦੇ ਪੰਜ ਸਾਥੀ ਗ੍ਰਿਫਤਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਗੈਂਗਸਟਰ ਗੈਵੀ ਸਿੰਘ ਉਰਫ ਗਿਆਨੀ ਦੇ ਪੰਜ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਹੈ। ਗ੍ਰਿਫਤਾਰ ਵਿਅਕਤੀਆਂ ਦੀ ਪਛਾਣ ਕਰਨਬੀਰ ਸਿੰਘ ਵਾਸੀ ਪਿੰਡ ਅਕਬਰਪੁਰਾ, ਹਰਮਨਜੀਤ ਸਿੰਘ ਵਾਸੀ ਪਿੰਡ ਜੋਹਲਾ, ਗੁਰਜਸਪ੍ਰੀਤ ਸਿੰਘ ਵਾਸੀ ਪਿੰਡ ਬਠਲ ਭਾਈ ਕੇ ਅਤੇ ਰਵਿੰਦਰ ਇਕਬਾਲ ਸਿੰਘ ਵਾਸੀ ਹੰਸਲਾਵਾਲਾ ਅਤੇ ਸੈਮੂਅਲ ਉਰਫ ਸੈਮ ਵਾਸੀ ਫਿਰੋਜ਼ਪੁਰ ਵਜੋਂ ਹੋਈ ਹੈ।

ਜ਼ਿਕਰਯੋਗ ਹੈ ਕਿ ਗੈਂਗਸਟਰ ਜੈਪਾਲ ਦੇ ਕਰੀਬੀ ਗੈਵੀ ਸਿੰਘ ਉਰਫ ਗਿਆਨੀ ਨੂੰ ਪੁਲਿਸ ਨੇ 26 ਅਪਰੈਲ ਨੂੰ ਝਾਰਖੰਡ ਤੋਂ ਗ੍ਰਿਫਤਾਰ ਕੀਤਾ ਸੀ। ਡੀ.ਜੀ.ਪੀ. ਦਿਨਕਰ ਗੁਪਤਾ ਨੇ ਦੱਸਿਆ ਕਿ ਪੁਲਿਸ ਨੇ ਖਰੜ ਵਿਚ ਗੈਵੀ ਦੇ ਫਲੈਟ ਤੋਂ 1.25 ਕਿਲੋ ਹੈਰੋਇਨ, ਤਿੰਨ ਗੱਡੀਆਂ ਅਤੇ ਵੱਖ-ਵੱਖ ਟਿਕਾਣਿਆਂ ਤੋਂ ਤਿੰਨ ਪਿਸਤੌਲ ਬਰਾਮਦ ਕੀਤੇ ਹਨ। ਉਨ੍ਹਾਂ ਦੱਸਿਆ ਕਿ ਜਮਸ਼ੇਦਪੁਰ ਵਿਚ ਗੈਵੀ ਨਾਲ ਰਹਿੰਦਾ ਸੈਮੂਅਲ, ਗੈਵੀ ਦੀ ਗ੍ਰਿਫਤਾਰੀ ਤੋਂ ਪਹਿਲਾਂ ਹੀ ਦਿੱਲੀ ਚਲਾ ਗਿਆ ਸੀ। ਉਹ ਪਾਕਿਸਤਾਨ ਤੋਂ ਲਿਆਂਦੀ ਹੈਰੋਇਨ ਵੰਡਣ ਦਾ ਕੰਮ ਕਰਦਾ ਸੀ। ਡੀ.ਜੀ.ਪੀ. ਨੇ ਦੱਸਿਆ ਕਿ



ਜਾਂਚ ਦੌਰਾਨ ਗੈਵੀ ਨੇ ਖੁਲਾਸਾ ਕੀਤਾ ਕਿ ਹੈ ਕਿ ਪਿਛਲੇ ਢਾਈ ਸਾਲਾਂ ਦੌਰਾਨ ਉਸ ਨੇ ਪਾਕਿਸਤਾਨ ਤੋਂ ਹਥਿਆਰਾਂ ਸਮੇਤ 500 ਕਿਲੋ ਤੋਂ ਵੱਧ ਹੈਰੋਇਨ ਦੀ ਤਸਕਰੀ ਕੀਤੀ ਹੈ। ਉਸ ਵੱਲੋਂ ਹਵਾਲਾ ਰੂਟ ਜਾਂ ਨਵੀਂ ਦਿੱਲੀ ਸਥਿਤ ਆਯਾਤ/ਨਿਰਯਾਤ ਕੰਪਨੀਆਂ ਰਾਹੀਂ ਭਾਰਤ, ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿਚ ਸਥਿਤ ਵਿਅਕਤੀਆਂ ਅਤੇ ਸੰਸਥਾਵਾਂ ਨਾਲ ਵੱਡੀ ਗਿਣਤੀ ਵਿਚ ਵਿੱਤੀ ਲੈਣ-ਦੇਣ ਵੀ ਕੀਤਾ ਜਾਂਦਾ ਸੀ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ। ਉਹ ਹੁਣ ਪੁਰਤਗਾਲ ਜਾਣ ਦੀ ਯੋਜਨਾ ਬਣਾ ਰਿਹਾ ਸੀ। ਡੀ.ਜੀ.ਪੀ. ਨੇ ਦੱਸਿਆ ਕਿ ਗੈਂਗਸਟਰ ਗੈਵੀ ਦੇ ਹੋਰ ਸਾਥੀਆਂ ਦੀ ਪਛਾਣ ਕਰ ਕੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

### ਜੇਲ੍ਹ 'ਚੋਂ ਚਲਾਏ ਜਾ ਰਹੇ ਨਸ਼ੇ ਦੇ ਕਾਰੋਬਾਰ ਦਾ ਪਰਦਾਫਾਸ਼


**ਬਟਾਲਾ:** ਪੁਲਿਸ ਨੇ ਪਿਛਲੇ ਕੁਝ ਸਮੇਂ ਤੋਂ ਜੇਲ੍ਹ ਵਿਚ ਬੰਦ ਗੈਂਗਸਟਰ ਹਰਵਿੰਦਰ ਸਿੰਘ ਮੰਨੂ ਵੱਲੋਂ ਜੇਲ੍ਹ 'ਚੋਂ ਹੀ ਚਲਾਏ ਜਾ ਰਹੇ ਡਰੱਗ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਐਸ.ਪੀ (ਆਈ) ਤੇਜਬੀਰ ਸਿੰਘ ਹੁੰਦਲ ਨੇ ਦੱਸਿਆ ਕਿ ਸੀ.ਆਈ.ਏ. ਸਟਾਫ ਬਟਾਲਾ ਦੇ ਇੰਚਾਰਜ ਦਲਜੀਤ ਸਿੰਘ ਪੱਡਾ ਅਤੇ ਥਾਣਾ ਡੇਰਾ ਬਾਬਾ ਨਾਨਕ ਦੇ ਮੁਖੀ ਅਨਿਲ ਪਵਾਰ ਦੀ ਟੀਮ ਨੇ ਯੋਜਨਾਬੱਧ ਤਰੀਕੇ ਨਾਲ ਗੈਂਗਸਟਰ ਮੰਨੂ ਵਾਸੀ ਮਹਿਮੇਚੱਕ ਵੱਲੋਂ ਜੇਲ੍ਹ 'ਚੋਂ ਚਲਾਏ ਜਾ ਰਹੇ ਨੈੱਟਵਰਕ ਦਾ ਪਰਦਾਫਾਸ਼ ਕਰ ਕੇ ਇੱਕ ਔਰਤ ਸਣੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।

## ਅਦਾਲਤ ਵੱਲੋਂ ਕੈਦੀਆਂ ਨੂੰ ਪੈਰੋਲ ਦੇਣ ਦੇ ਹੁਕਮ

**ਨਵੀਂ ਦਿੱਲੀ:** ਕੋਵਿਡ-19 ਦੇ ਕੇਸਾਂ 'ਚ ਤੇਜੀ ਨਾਲ ਵਾਧਾ ਹੋਣ ਦਾ ਨੋਟਿਸ ਲੈਂਦਿਆਂ ਸੁਪਰੀਮ ਕੋਰਟ ਨੇ ਜੇਲ੍ਹਾਂ 'ਚ ਭੀੜ ਘਟਾਉਣ ਦਾ ਨਿਰਦੇਸ਼ ਦਿੰਦਿਆਂ ਕਿਹਾ ਕਿ ਜਿਨ੍ਹਾਂ ਕੈਦੀਆਂ ਨੂੰ ਪਿਛਲੇ ਸਾਲ ਮਹਾਮਾਰੀ ਦੇ ਮੱਦੇਨਜਰ ਜ਼ਮਾਨਤ ਜਾਂ ਪੈਰੋਲ ਦਿੱਤੀ ਗਈ ਸੀ, ਉਨ੍ਹਾਂ ਨੂੰ ਮੁੜ ਤੋਂ ਉਹੀ ਰਾਹਤ ਦਿੱਤੀ ਜਾਵੇ। ਚੀਫ ਜਸਟਿਸ ਐਨ.ਵੀ. ਰਾਮੰਨਾ, ਜਸਟਿਸ ਐਲ ਨਾਗੇਸ਼ਵਰ ਰਾਓ ਤੇ ਜਸਟਿਸ ਸੂਰਿਆ ਕਾਂਤ ਦੇ ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਬਣਾਈ ਗਈ ਸੂਬਿਆਂ ਦੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਉਚ ਅਧਿਕਾਰ ਪ੍ਰਾਪਤ ਕਮੇਟੀਆਂ ਵੱਲੋਂ ਪਿਛਲੇ ਸਾਲ ਮਾਰਚ 'ਚ ਜਿਨ੍ਹਾਂ ਕੈਦੀਆਂ ਨੂੰ ਜ਼ਮਾਨਤ ਦਿੱਤੀ ਸੀ, ਉਨ੍ਹਾਂ ਨੂੰ ਦੁਬਾਰਾ ਵਿਚਾਰੇ ਬਿਨਾਂ ਉਹੀ ਰਾਹਤ ਦਿੱਤੀ ਜਾਵੇ।

# 2021 ਚੋਣਾਂ ਸੂਬਾ ਸਰਕਾਰਾਂ ਲਈ ਜਾਗਣ ਦਾ ਹੋਕਾ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ, ਅਸਾਮ ਤੇ ਪੁਡੂਚੇਰੀ ਦੇ ਚੋਣ ਨਤੀਜੇ ਖੁਸ਼ੀਆਂ ਲੱਦੀ ਹੈਰਾਨੀ ਦੇਣ ਵਾਲੇ ਹਨ। ਅਸਾਮ ਨੂੰ ਛੱਡ ਕੇ ਸਾਰੀਆਂ ਥਾਂਵਾਂ ਉਤੇ ਰੱਬਾਂ ਦਾ ਰੱਬ ਬਣੀ ਭਾਜਪਾ ਨੂੰ ਮੂੰਹ ਦੀ ਖਾਣੀ ਪਈ ਹੈ। ਪੱਛਮੀ ਬੰਗਾਲ ਵਿਚ ਭਾਜਪਾ ਦੇ ਭਰਮ ਜਾਲ ਵਿਚ ਫਸੇ ਤ੍ਰਿਣਮੂਲ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਣ ਵਾਲੇ 34 ਵਿਧਾਇਕਾਂ ਵਿਚੋਂ ਸਿਰਫ ਪੰਜ ਦਾ ਜਿੱਤਣਾ ਭਾਜਪਾ ਦੇ ਭਵਿੱਖੀ ਨਿਘਾਰ ਦਾ ਸੂਚਕ ਹੈ। ਚੋਣ ਪ੍ਰਚਾਰ ਦੇ ਦਿਨਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਹਰ ਆਏ ਦਿਨ ਭਰਮਾਊ ਰੈਲੀਆਂ ਕਰਨਾ ਤੇ ਜੈ ਸ੍ਰੀ ਰਾਮ ਦੇ ਨਾਅਰਿਆਂ ਤੇ ਹਿੰਦੂ ਮੰਦਰਾਂ ਵਿਚ ਨਤਮਸਤਕ ਹੋਣ ਨੇ ਭਾਜਪਾ ਦਾ ਹਿੰਦੂਤਵ ਏਜੰਡਾ ਉਭਾਰਿਆ, ਜਿਸ ਦਾ ਪ੍ਰਤੀਕਰਮ ਕਿਸੇ ਨੂੰ ਭੁੱਲਿਆ ਨਹੀਂ। ਨਰੇਂਦਰ ਮੋਦੀ ਦੇ 'ਇਕ ਦੇਸ਼ ਇੱਕ ਭਾਸ਼ਾ' ਦੇ ਨਾਅਰੇ ਵਿਚੋਂ ਇੱਕ ਧਰਮ ਦੀ ਬੂ ਆਉਣਾ ਵੀ ਭਾਜਪਾ ਨੂੰ ਲੈ ਡੁੱਬਿਆ ਹੈ।

ਵੱਡੀ ਗੱਲ ਇਹ ਕਿ ਕੇਂਦਰੀ ਸਰਕਾਰ ਦੇ ਸੂਬਾ ਸਰਕਾਰਾਂ ਨੂੰ ਕੇਂਦਰ ਅਧੀਨ ਲਿਆਉਣ ਦੇ ਉਪਰਾਲੇ ਵੀ ਗੁੱਝੇ ਨਹੀਂ ਰਹੇ। ਖੇਤੀ ਨਾਲ ਸਬੰਧਤ ਕਾਲੇ ਕਾਨੂੰਨਾਂ ਦਾ ਸੂਬਾ ਸਰਕਾਰਾਂ ਨੂੰ ਪੁੱਛੇ ਬਿਨਾ ਕੇਂਦਰ ਵਲੋਂ ਘੜੇ ਜਾਣਾ ਇਸ ਦਾ ਜਿਊਂਦਾ ਜਾਗਦਾ ਸਬੂਤ ਹੈ। ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਸੰਵਿਧਾਨਕ ਨਿਯਮਾਂ ਅਨੁਸਾਰ ਕੱਲ੍ਹ ਤੱਕ ਦਾ ਖੇਤੀ ਦਾ ਵਿਸ਼ਾ ਸੂਬਾ ਸਰਕਾਰਾਂ ਦੇ ਆਧਾਰ ਖੇਤਰ ਵਿਚ ਰਿਹਾ ਹੈ, ਜਿਸ ਨੂੰ ਕੇਂਦਰ ਦੀ ਵਰਤਮਾਨ ਸਰਕਾਰ ਕਾਰੋਪਰੇਟਾਂ ਦੀ ਝੋਲੀ ਵਿਚ ਸੁੱਟਣ ਦੀ ਪੂਰੀ ਟਿੱਲ ਲਾ ਰਹੀ ਹੈ। ਇਸ ਦੇ ਵਿਰੋਧ ਵਿਚ ਦਿੱਲੀ ਦੇ ਆਲੇ-ਦੁਆਲੇ ਲੱਗੇ ਅੰਦੋਲਨਕਾਰੀਆਂ ਦਾ ਹਠ ਦਸਦਾ ਹੈ ਕਿ ਅਗਾਊਂ ਚੋਣਾਂ ਵਿਚ ਭਾਜਪਾ ਕੁਝ ਹੋਰ ਸੂਬਿਆਂ ਵਿਚ ਵੀ ਆਪਣਾ ਆਧਾਰ ਗੰਵਾਉਣ ਜਾ ਰਹੀ ਹੈ। ਸੱਜਰੇ ਚੋਣ ਨਤੀਜਿਆਂ ਨੇ ਮੋਰਚਿਆਂ ਉਤੇ ਬੈਠੇ ਕਿਸਾਨਾਂ ਦੀ ਸੋਚ ਉਤੇ ਮੋਹਰ ਲਾ ਦਿੱਤੀ ਹੈ। ਅੱਗੇ ਤੋਂ ਪ੍ਰਧਾਨ ਮੰਤਰੀ ਅੰਦੋਲਨਕਾਰੀਆਂ ਨੂੰ ਅੰਦੋਲਨਜੀਵੀ ਜਾਂ ਪਰਜੀਵੀ ਕਹਿਣ ਤੋਂ ਪਹਿਲਾਂ ਸੌ ਵਾਰ ਸੋਚੇਗਾ। ਖਾਸ ਕਰਕੇ ਆਪਣੀਆਂ ਚੋਣ ਰੈਲੀਆਂ ਸਮੇਂ ਮਮਤਾ ਬੈਨਰਜੀ ਉਤੇ ਕੱਸੇ ਵਿਅੰਗਾਂ ਦਾ ਨਤੀਜਾ ਜਾਣਨ ਤੋਂ ਪਿੱਛੋਂ। ਭਾਜਪਾ ਨੇ ਉਸ ਸੂਬੇ ਵਿਚ ਜਿਹੜੀ ਉਡਾਣ ਲੋਕ ਸਭਾ ਸੀਟਾਂ ਜਿੱਤਣ ਸਮੇਂ ਭਰੀ ਸੀ, ਹੁਣ ਤ੍ਰਿਣਮੂਲ ਕਾਂਗਰਸ ਨੇ ਉਸ ਦੇ ਖੰਭ ਕੁਤਰ ਛੱਡੇ ਹਨ।

ਇਹ ਵਾਲੀਆਂ ਚੋਣਾਂ ਭਾਜਪਾ ਦੀ ਪੈਰ ਪਸਾਰੂ ਬਿਰਤੀ ਨੂੰ ਹੀ ਨਹੀਂ ਨਕਾਰਦੀਆਂ, ਸਰਬਹਿੰਦ ਕਾਂਗਰਸ ਦੇ ਵਧ ਰਹੇ ਨਿਘਾਰ ਵੱਲ ਵੀ ਇਸ਼ਾਰਾ ਕਰਦੀਆਂ ਹਨ। ਪੱਛਮੀ ਬੰਗਾਲ, ਤਾਮਿਲਨਾਡੂ ਤੇ ਕੇਰਲ ਵਿਚ ਕਾਂਗਰਸ ਦਾ ਸਫਾਇਆ ਦਸਦਾ ਹੈ ਕਿ ਇਸ ਨੂੰ ਆਪਣੀ ਮੰਜੀ ਥੱਲੇ ਸੋਟਾ ਫੇਰਨ ਦੀ ਫੌਰੀ ਲੋੜ ਹੈ। ਹੁਣ ਇਹ ਪਾਰਟੀ ਪਰਿਵਾਰਕ ਮੋਹ ਤੱਜੇ ਬਿਨਾ ਆਪਣੀ ਸਾਖ ਬਹਾਲ ਨਹੀਂ ਕਰ ਸਕਦੀ। ਰਾਹੁਲ ਗਾਂਧੀ ਆਪਣੀ ਮਾਂ ਜਿੰਨਾ ਸਿਆਣਾ ਨਹੀਂ। ਉਸ ਨੇ ਡਾ. ਮਨਮੋਹਨ ਸਿੰਘ ਦੀ ਅਰਥ ਸ਼ਾਸਤਰ ਵਿਦਿਆ ਨੂੰ ਪਛਾਣਦਿਆਂ ਪੂਰੇ ਦਸ ਸਾਲ ਦੇਸ਼ ਦੀ ਸਾਰੀ ਵਾਗਡੋਰ ਉਸ ਨੂੰ ਸੌਂਪੀ ਰੱਖੀ ਅਤੇ ਦੇਸ਼ ਨੂੰ ਆਰਥਕ ਸੰਕਟ ਵਿਚ ਗ੍ਰਸਤ ਹੋਣ ਤੋਂ ਬਚਾ ਰੱਖਿਆ। ਚੰਗਾ ਹੋਵੇ ਜੇ ਪੀ. ਚਿਦੰਬਰਮ ਤੇ ਗੁਲਾਮ ਨਬੀ ਆਜ਼ਾਦ ਵਰਗੇ ਸਿਰਕੱਢ ਨੇਤਾਵਾਂ ਨੂੰ ਉਨ੍ਹਾਂ ਦੇ ਆਧਾਰ ਵਾਲੇ ਸੂਬੇ ਤੇ ਪ੍ਰਾਂਤ ਸੌਂਪ ਕੇ ਹਾਲ ਦੀ ਘੜੀ ਆਪਣੀ ਸਾਰੀ ਸਮਰਥਾ ਉੱਤਰ ਪ੍ਰਦੇਸ਼ ਉਤੇ ਕੇਂਦਰਤ ਕਰੇ, ਜਿਸ ਨੂੰ ਉਨ੍ਹਾਂ ਦੇ ਵਡੇਰੇ ਆਪਣਾ ਸਿਆਸੀ ਪਟੜਾ ਬਣਾ ਕੇ ਮੱਲਾਂ ਮਾਰਦੇ ਰਹੇ ਹਨ। ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਨੇ ਕਾਂਗਰਸ ਨੂੰ ਜ਼ੀਰੋ ਕਰਕੇ ਤੇ ਭਾਜਪਾ ਦਾ ਰਥ ਰੋਕ ਕੇ ਸਾਬਤ ਕਰ ਦਿੱਤਾ ਹੈ ਕਿ ਦੇਸ਼ ਮੁੜ ਅਨੇਕਤਾ ਵਿਚ ਏਕਤਾ ਤੇ ਏਜੰਡੇ ਵਲ ਵਧ ਰਿਹਾ ਹੈ।

ਕਾਂਗਰਸ ਪਾਰਟੀ ਤਾਮਿਲਨਾਡੂ ਵਿਚ ਸਟਾਲਿਨ ਨੂੰ ਦਿੱਤੀ ਮਦਦ ਦੇ ਢੋਲ ਵੀ ਨਹੀਂ ਵਜਾ ਸਕਦੀ, ਕਿਉਂਕਿ ਸਟਾਲਿਨ ਨੇ ਕਾਂਗਰਸ ਦੀ ਮਦਦ ਤੋਂ ਬਿਨਾ ਵੀ ਮੱਲ ਮਾਰ ਲੈਣੀ ਸੀ। ਪੰਜਾਬ ਵਿਚ ਸੁਖਬੀਰ ਸਿੰਘ ਬਾਦਲ ਦਾ ਭਾਜਪਾ ਨਾਲੋਂ ਤੋੜ ਵਿਛੋੜਾ ਅਕਾਲੀਆਂ ਦੀ ਸਾਖ ਬਣਾਉਣ ਵਿਚ ਕਿੰਨਾ ਸਫਲ ਹੁੰਦਾ ਹੈ, ਸਮੇਂ ਨੇ ਦੱਸਣਾ ਹੈ। ਖਾਸ ਕਰਕੇ ਢੀਂਡਸਾ ਤੇ ਬ੍ਰਹਮਪੁਰਾ ਦੇ ਉੱਭਰ ਰਹੇ ਗਠਜੋੜ ਦੇ ਸਨਮੁਖ।

**ਚਲੋ ਚਲੀ ਦੀਆਂ ਗੱਲਾਂ:** ਇਨ੍ਹੀਂ ਦਿਨੀਂ ਪੰਜਾਬੀ ਸਾਹਿਤ, ਸਭਿਆਚਾਰ ਤੇ ਰਾਜਨੀਤੀ ਨਾਲ ਜੁੜੇ ਮਿੱਤਰ ਪਿਆਰਿਆਂ ਦੇ ਪਰਲੋਕ ਸਿਧਾਰਨ ਦੀ ਲਿਸਟ ਅੱਧੀ ਦਰਜਨ ਤੋਂ ਵੱਧ ਗਈ ਹੈ। ਸ਼ੀਲਾ ਸੰਧੂ, ਰਾਜਕਮਲ ਪ੍ਰਕਾਸ਼ਨ-ਨਵੀਂ ਦਿੱਲੀ, ਉਰਦੂ ਅਦੀਬ ਰਤਨ ਸਿੰਘ, ਪ੍ਰਸਿੱਧ ਸ਼ਾਸਕ, ਕੇਂਦਰੀ ਮੰਤਰੀ ਤੇ ਕਈ ਥਾਂਵਾਂ ਦੇ ਰਾਜਪਾਲ ਰਹਿ ਚੁਕੇ ਜਗਮੋਹਨ, ਜਾਣੇ-ਪਛਾਣੇ ਵਿਕਾਸਕਾਰ ਤੇ ਕਰਿੱਡ ਦੇ ਸੰਸਥਾਪਕ ਰਛਪਾਲ ਮਲਹੋਤਰਾ ਇਨ੍ਹਾਂ ਵਿਚੋਂ ਪ੍ਰਮੁੱਖ ਹਨ। ਨਿਜੀ ਪੱਧਰ ਉੱਤੇ ਮੇਰੇ ਲਈ ਸੱਤਰ ਸਾਲ ਪਹਿਲਾਂ ਦਿੱਲੀ ਵਿਚ ਢੋਈ ਦੇਣ ਵਾਲੇ ਆਪਣੇ ਨਾਨਕਾ ਪਰਿਵਾਰ ਦੇ ਆਖਰੀ ਮੈਂਬਰ ਸਰਬਦਿਆਲ ਸਿੰਘ ਕੰਗ ਦੇ ਤੁਰ ਜਾਣ ਦੀ ਖਬਰ ਦੁਖਦਾਈ ਹੈ।

ਮੇਰੇ ਨਾਨਕਿਆਂ ਦਾ ਇਹ ਪਰਿਵਾਰ ਦਿੱਲੀ ਵਿਚ ਟੈਕਸੀ ਵਰਕਰਾਂ ਵਿਚ ਖਾਸ ਸਥਾਨ ਰੱਖਦਾ ਸੀ। ਮੀਰ ਮੁਸ਼ਤਾਕ ਦੇ ਪ੍ਰਧਾਨ ਹੁੰਦਿਆਂ ਇਸ ਪਰਿਵਾਰ ਦਾ ਵਡੇਰਾ ਸੁਖਦੇਵ ਸਿੰਘ ਕੰਗ ਦਿੱਲੀ ਦੀ ਟੈਕਸੀ ਯੂਨੀਅਨ ਦਾ ਸੈਕਟਰੀ ਰਿਹਾ। ਮੇਰੇ ਲਈ ਉਸ ਦੀ ਵੱਡੀ ਦੇਣ ਇਹ ਸੀ ਕਿ ਉਸ ਨੇ ਸਖਤੀ ਨਾਲ ਮੈਨੂੰ ਆਪਣੇ ਵਾਲੇ ਧੰਦੇ ਵਿਚ ਨਹੀਂ ਪੈਣ ਦਿੱਤਾ। ਜੇ ਸੁਖਦੇਵ ਮਾਮਾ ਸਖਤੀ ਨਾ ਕਰਦਾ ਤਾਂ ਮੈਂ ਟੈਕਸੀ ਦੇ ਧੰਦੇ ਤੱਕ ਸੀਮਤ ਹੋ ਕੇ ਰਹਿ ਜਾਣਾ ਸੀ।

ਜਿਥੋਂ ਤੱਕ ਜਗਮੋਹਨ ਦਾ ਸਬੰਧ ਹੈ, ਉਹ ਮੇਰੀ ਜੀਵਨ ਸਾਥਣ ਸੁਰਜੀਤ ਕੌਰ ਦੇ ਦਿੱਲੀ ਦੀ ਹੈਲਥ ਸਰਵਿਸ ਦੀ ਡਾਇਰੈਕਟਰ ਹੁੰਦਿਆਂ ਉਹ ਦਿੱਲੀ ਦੇ ਲੈਫਟੀਨੈਂਟ ਗਵਰਨਰ ਦੀ ਪਦਵੀ ਉਤੇ ਤਾਇਨਾਤ ਸੀ। ਫਿਰ ਜਦੋਂ ਸੁਰਜੀਤ ਜੰਮੂ-ਕਸ਼ਮੀਰ ਦੇ ਦੌਰੇ ਉਤੇ ਗਈ ਤਾਂ ਉਸ ਨੇ ਸੁਰਜੀਤ ਦੇ ਸ੍ਰੀਨਗਰ ਵਿਚ ਰਹਿਣ-ਸਹਿਣ ਦਾ ਖਾਸ ਧਿਆਨ ਰੱਖਿਆ ਸੀ। ਉਨ੍ਹੀਂ ਦਿਨੀਂ ਉਹ ਕਸ਼ਮੀਰ ਵਿਚ ਗਵਰਨਰ ਦੀ ਪਦਵੀ 'ਤੇ ਤਾਇਨਾਤ ਸੀ।

ਇਨ੍ਹਾਂ ਸਤਰਾਂ ਦੇ ਲਿਖਣ ਸਮੇਂ ਉਡਦੀ ਉਡਦੀ ਖਬਰ ਇਹ ਵੀ ਮਿਲੀ ਹੈ ਕਿ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵਾਲੇ ਕਰਨਜੀਤ ਸਿੰਘ ਦੀ ਪਤਨੀ ਵੀ ਵਿਛੋੜਾ ਦੇ ਗਈ ਹੈ। ਉਪਰ ਵਾਲਾ ਇਨ੍ਹਾਂ ਸਾਰੇ ਸੱਜਣਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ!

**ਅੰਤਿਕਾ: ਸੰਦੀਪ**

ਬੇਅਰਥ ਨਹੀਂ ਹੁੰਦਾ
ਸਮੁੰਦਰ ਦੀ ਹਿੱਕ 'ਤੇ
ਕਣੀਆਂ ਦਾ ਵਰਨਾ...
ਕੌਣ ਜਾਣੇ ਕਿਸ ਦੀ ਤਾਅ ਹੈ ਤੀਬਰ
ਆਪੇ ਵਿਚ ਸਮਾਉਣ ਦੀ...
ਉਂਜ ਹੀ ਤਾਂ ਨਹੀਂ ਉਛਲਦਾ ਸਾਗਰ
ਕਣੀਆਂ ਨੂੰ ਕਲਾਵੇ ਭਰਨ ਖਾਤਰ! (ਤਾਂਘ)

## ਲਾਪਤਾ ਸਰੂਪ: ਪੈਨਲ ਪੂਰਾ ਨਾ ਹੋਣ ਕਾਰਨ ਨਹੀਂ ਹੋ ਸਕੀ ਪਟੀਸ਼ਨ ਦੀ ਸੁਣਵਾਈ

**ਅੰਮ੍ਰਿਤਸਰ:** ਗੁਰੂ ਗ੍ਰੰਥ ਸਾਹਿਬ ਦੇ 328 ਸਰੂਪ ਲਾਪਤਾ ਹੋਣ ਦੇ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਦਾਇਰ ਕੀਤੀ ਗਈ ਗਈ ਪਟੀਸ਼ਨ ਦੀ ਸੁਣਵਾਈ ਨਹੀਂ ਹੋ ਸਕੀ। ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਨੇ ਹੁਣ ਸੁਣਵਾਈ ਦੀ ਅਗਲੀ ਤਰੀਕ 28 ਮਈ ਤੈਅ ਕੀਤੀ ਹੈ। ਇਸ ਮਾਮਲੇ ਦੀ ਸੁਣਵਾਈ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਈਮਾਨ ਸਿੰਘ ਮਾਨ, ਜਸਕਰਨ ਸਿੰਘ ਕਾਹਨਸਿੰਘ ਵਾਲਾ, ਹਰਬੀਰ ਸਿੰਘ ਸੰਧੂ ਤੇ ਅਮਰੀਕ ਸਿੰਘ ਨੰਗਲ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਪੁੱਜੇ। ਪਾਰਟੀ ਆਗੂ ਹਰਬੀਰ ਸਿੰਘ ਸੰਧੂ ਨੇ ਦੱਸਿਆ ਕਿ ਕਮਿਸ਼ਨ ਦੇ ਦੋ ਮੈਂਬਰਾਂ ਦਾ ਪੈਨਲ ਪੂਰਾ ਨਾ ਹੋਣ ਕਾਰਨ ਅਤੇ ਕਮਿਸ਼ਨ ਦੇ ਦਫਤਰ ਵਿਚ ਕਰਮਚਾਰੀ ਨੂੰ ਕਰੋਨਾ ਹੋਣ ਕਾਰਨ ਪਟੀਸ਼ਨ ਦੀ ਸੁਣਵਾਈ ਨਹੀਂ ਹੋ ਸਕੀ। ਇਸ ਲਈ ਕੇਸ ਦੀ ਸੁਣਵਾਈ ਲਈ ਅਗਲੀ ਤਰੀਕ 28 ਮਈ ਨਿਰਧਾਰਤ ਕੀਤੀ ਗਈ ਹੈ।ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਬੇਟੇ ਈਮਾਨ ਸਿੰਘ ਮਾਨ ਨੇ ਦੱਸਿਆ ਕਿ ਪਾਰਟੀ ਵੱਲੋਂ ਲੰਮੇ ਸਮੇਂ ਤੋਂ ਲਾਪਤਾ ਹੋਏ 328 ਪਾਵਨ ਸਰੂਪਾਂ ਬਾਰੇ ਜਾਣਕਾਰੀ ਜਨਤਕ ਕਰਨ ਦੀ ਮੰਗ ਕੀਤੀ ਜਾ ਰਹੀ ਹੈ ਪਰ ਸ਼੍ਰੋਮਣੀ ਕਮੇਟੀ ਵੱਲੋਂ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਜਾ ਰਹੀ। ਇਸੇ ਤਹਿਤ ਉਨ੍ਹਾਂ ਦੀ ਪਾਰਟੀ ਦੇ ਸੱਤ ਆਗੂਆਂ ਨੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ, ਸਾਬਕਾ ਮੁੱਖ ਸਕੱਤਰ ਅਤੇ ਹੋਰ ਕਰਮਚਾਰੀਆਂ ਸਮੇਤ ਲਗਭਗ 16 ਵਿਅਕਤੀਆਂ ਖਿਲਾਫ ਕਾਰਵਾਈ ਲਈ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵਿਚ ਕੇਸ ਦਰਜ ਕੀਤਾ ਕੀਤਾ ਸੀ, ਜਿਸ ਦੀ ਸੁਣਵਾਈ ਲਈ ਅਗਲੀ ਤਰੀਕ 28 ਮਈ ਤੈਅ ਕੀਤੀ ਗਈ ਹੈ।

## ਯਾਦਗਾਰੀ ਸਿੱਕੇ ਤੇ ਡਾਕ ਟਿਕਟ ਜਾਰੀ ਕਰਨ ਤੋਂ ਪੱਛੜੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਮੌਕੇ ਸੋਨੇ ਤੇ ਚਾਂਦੀ ਦੇ ਯਾਦਗਾਰੀ ਸਿੱਕੇ, ਡਾਕ ਟਿਕਟ ਤੇ ਡਾਕ ਲਿਫਾਫਾ ਜਾਰੀ ਕਰਨ ਵਿਚ ਕੇਂਦਰ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦੋਵੇਂ ਹੀ ਪੱਛੜ ਗਏ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਹ ਯਾਦਗਾਰੀ ਸਿੱਕੇ ਅਗਲੇ ਹਫਤੇ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਦਾ ਮੁੱਖ ਸਮਾਗਮ ਪਹਿਲੀ ਮਈ ਨੂੰ ਅੰਮ੍ਰਿਤਸਰ ਵਿਖੇ ਗੁਰੂ ਸਾਹਿਬ ਦੇ ਜਨਮ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਅਤੇ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਰਵਾਇਆ ਗਿਆ। ਕਰੋਨਾ ਕਾਰਨ ਸਮਾਗਮ ਸੰਖੇਪ ਕੀਤੇ ਗਏ ਸਨ। ਸੂਬਾ ਸਰਕਾਰ ਵੱਲੋਂ ਵੀ ਵਰਚੁਅਲ ਤੌਰ 'ਤੇ ਪ੍ਰੋਗਰਾਮ ਕਰਵਾਏ ਹਨ।

ਸ਼ਤਾਬਦੀ ਸਮਾਗਮ ਮੌਕੇ ਕੇਂਦਰ ਸਰਕਾਰ ਯਾਦਗਾਰੀ ਸਿੱਕਾ, ਡਾਕ ਟਿਕਟ ਤੇ ਲਿਫਾਫਾ ਅਤੇ ਸ਼੍ਰੋਮਣੀ ਕਮੇਟੀ ਸੋਨੇ-ਚਾਂਦੀ ਦੇ ਯਾਦਗਾਰੀ ਸਿੱਕੇ ਜਾਰੀ ਕਰਨ ਤੋਂ ਪੱਛੜ ਗਏ ਹਨ। ਕੇਂਦਰ ਸਰਕਾਰ ਵੱਲੋਂ ਇਸ ਸਬੰਧੀ ਸ਼੍ਰੋਮਣੀ ਕਮੇਟੀ ਕੋਲੋਂ ਯਾਦਗਾਰੀ ਸਿੱਕੇ, ਡਾਕ ਟਿਕਟ ਅਤੇ ਲਿਫਾਫੇ ਲਈ ਪ੍ਰਸਤਾਵਿਤ ਡਿਜ਼ਾਈਨ ਵੀ ਮੰਗਵਾਏ ਗਏ ਸਨ। ਸ਼੍ਰੋਮਣੀ ਕਮੇਟੀ ਨੇ ਇਕ ਵਿਸ਼ੇਸ਼ ਕਮੇਟੀ ਦਾ ਗਠਨ ਕਰਕੇ ਇਹ ਡਿਜ਼ਾਈਨ ਤਿਆਰ ਕੀਤਾ ਸੀ, ਜਿਸ 'ਤੇ ਗੁਰਦੁਆਰਾ ਗੁਰੂ ਕੇ ਮਹਿਲ ਦੀ ਤਸਵੀਰ ਅੰਕਿਤ ਕੀਤੀ ਗਈ ਸੀ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਸੋਨੇ ਚਾਂਦੀ ਦੇ ਯਾਦਗਾਰੀ ਸਿੱਕੇ ਜਾਰੀ ਕਰਨ ਦੀ ਯੋਜਨਾ ਸੀ ਪਰ ਦੋਵਾਂ ਧਿਰਾਂ ਵੱਲੋਂ ਹੀ ਉਸ ਦਿਨ ਇਹ ਯਾਦਗਾਰੀ ਚੀਜ਼ਾਂ ਜਾਰੀ ਨਹੀਂ ਹੋ ਸਕੀਆਂ। ਜਾਣਕਾਰੀ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਇਹ ਯਾਦਗਾਰੀ ਸਿੱਕੇ ਦਿੱਲੀ ਤੋਂ ਤਿਆਰ ਕਰਾਏ ਜਾਣੇ ਸਨ, ਜਿਸ ਲਈ ਇਥੋਂ ਸੋਨਾ ਭੇਜਣਾ ਸੀ ਪਰ ਦਿੱਲੀ ਵਿਚ ਤਾਲਾਬੰਦੀ ਹੋਣ ਕਾਰਨ ਇਹ ਕੰਮ ਸਮੇਂ ਸਿਰ ਨਹੀਂ ਹੋ ਸਕਿਆ।



ਧਰਮ ਪ੍ਰਚਾਰ ਕਮੇਟੀ ਦੇ ਮੀਤ ਸਕੱਤਰ ਸਿਮਰਜੀਤ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕਰਾਏ ਗਏ ਸੋਨੇ ਚਾਂਦੀ ਦੇ ਯਾਦਗਾਰੀ ਸਿੱਕੇ ਅਗਲੇ ਹਫਤੇ ਵਿਚ ਤਿਆਰ ਹੋ ਕੇ ਆ ਜਾਣਗੇ ਅਤੇ ਬਾਅਦ ਵਿਚ ਇਨ੍ਹਾਂ ਨੂੰ ਜਾਰੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਯਾਦਗਾਰੀ ਸਿੱਕਿਆਂ ਵਿੱਚ ਸੋਨੇ ਦੇ 10 ਗਰਾਮ, 5 ਗਰਾਮ ਅਤੇ ਢਾਈ ਗਰਾਮ ਦਾ ਸਿੱਕਾ ਹੋਵੇਗਾ। ਇਸੇ ਤਰ੍ਹਾਂ ਚਾਂਦੀ ਦੇ 50 ਗਰਾਮ ਅਤੇ 25 ਗਰਾਮ ਦੇ ਸਿੱਕੇ ਬਣਾਏ ਗਏ ਹਨ। ਯਾਦਗਾਰੀ ਸਿੱਕੇ ਦੇ ਇਕ ਪਾਸੇ ਗੁਰਦੁਆਰਾ ਗੁਰੂ ਕੇ ਮਹਿਲ ਅਤੇ ਦੂਜੇ ਪਾਸੇ ਗੁਰਦੁਆਰਾ ਸੀਸਗੰਜ ਦੀ ਤਸਵੀਰ ਅੰਕਿਤ ਹੈ। ਇਸ ਉਪਰ 400 ਸਾਲਾ ਪ੍ਰਕਾਸ਼ ਪੁਰਬ ਵੀ ਅੰਕਿਤ ਕੀਤਾ ਹੋਇਆ ਹੈ। ਇਥੇ ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਵੀ ਅਜਿਹੇ ਸੋਨੇ ਚਾਂਦੀ ਦੇ ਯਾਦਗਾਰੀ ਸਿੱਕੇ ਜਾਰੀ ਕੀਤੇ ਸਨ, ਜਿਸ ਪ੍ਰਤੀ ਸ਼ਰਧਾਲੂਆਂ ਨੇ ਭਾਰੀ ਉਤਸ਼ਾਹ ਦਿਖਾਇਆ ਸੀ ਅਤੇ ਸ਼੍ਰੋਮਣੀ ਕਮੇਟੀ ਨੂੰ ਇਹ ਯਾਦਗਾਰੀ ਸਿੱਕੇ ਕਈ ਵਾਰ ਤਿਆਰ ਕਰਾਉਣੇ ਪਏ ਸਨ।

## ਗੁਰੂ ਘਰ 'ਚ ਸੰਗਤ ਨੂੰ ਕਰੋਨਾ ਬਾਰੇ ਨਿਰਦੇਸ਼ਾਂ ਦੀ ਪਾਲਣਾ ਦੀ ਅਪੀਲ

**ਅੰਮ੍ਰਿਤਸਰ:** ਕਰੋਨਾ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਮੇਟੀ ਦਫਤਰਾਂ ਵਿਚ 50 ਫੀਸਦੀ ਅਮਲੇ ਨਾਲ ਕੰਮ ਕਰਨ ਦਾ ਐਲਾਨ ਕੀਤਾ ਹੈ। ਇਸੇ ਤਰ੍ਹਾਂ ਸ਼ਨਿਚਰਵਾਰ ਤੇ ਐਤਵਾਰ ਨੂੰ ਤਾਲਾਬੰਦੀ ਦੌਰਾਨ ਦਫਤਰ ਮੁਕੰਮਲ ਬੰਦ ਰੱਖਿਆ ਜਾਵੇਗਾ। ਉਨ੍ਹਾਂ ਗੁਰੂ ਘਰ ਆਉਣ ਵਾਲੀ ਸੰਗਤ ਨੂੰ ਵੀ ਸਿਹਤ ਵਿਭਾਗ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਕਰੋਨਾ ਕਾਰਨ ਹਾਲਾਤ ਕਾਫੀ ਨਾਜ਼ੁਕ ਬਣੇ ਹੋਏ ਹਨ। ਇਸ ਤੋਂ ਬਚਣ ਲਈ ਸਿਹਤ ਵਿਭਾਗ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਜ਼ਰੂਰਤ ਹੈ। ਇਸੇ ਤਹਿਤ ਸ਼੍ਰੋਮਣੀ ਕਮੇਟੀ ਦੇ ਦਫ਼ਤਰ 50 ਫੀਸਦੀ ਅਮਲੇ ਦੀ ਹਾਜ਼ਰੀ ਨਾਲ ਚਲਾਏ ਜਾਣਗੇ।

ਇਸ ਤੋਂ ਇਲਾਵਾ ਤਾਲਾਬੰਦੀ ਦੌਰਾਨ ਸ਼ਨਿਚਰਵਾਰ ਤੇ ਐਤਵਾਰ ਨੂੰ ਦਫਤਰ ਮੁਕੰਮਲ ਬੰਦ ਰਹਿਣਗੇ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਸਾਰੇ ਗੁਰਦੁਆਰਿਆਂ 'ਚ ਇਹ ਆਦੇਸ਼ ਲਾਗੂ ਹੋਣਗੇ।

ਉਨ੍ਹਾਂ ਨੇ ਸੰਗਤ ਨੂੰ ਵੀ ਗੁਰਦੁਆਰਿਆਂ ਵਿਚ ਮੱਥਾ ਟੇਕਣ ਆਉਣ ਵੇਲੇ ਸਿਹਤ ਵਿਭਾਗ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਸੰਕਟਮਈ ਸਮੇਂ ਦੌਰਾਨ ਸੁਚੇਤ ਰੂਪ ਵਿਚ ਵਿਚਰਨ ਦੀ ਲੋੜ ਹੈ।

ਸ਼੍ਰੋਮਣੀ ਕਮੇਟੀ ਇਸ ਸੰਕਟਮਈ ਸਮੇਂ 'ਚ ਮਾਨਵਤਾ ਦੀ ਭਲਾਈ ਲਈ ਵਚਨਬੱਧ ਹੈ ਅਤੇ ਇਸੇ ਤਹਿਤ ਹੀ ਵੱਖ-ਵੱਖ ਥਾਵਾਂ 'ਤੇ ਇਲਾਜ ਵਾਸਤੇ ਕੇਂਦਰ ਸਥਾਪਤ ਕੀਤੇ ਜਾ ਰਹੇ ਹਨ। ਇਨ੍ਹਾਂ ਕੇਂਦਰਾਂ 'ਚ ਮੈਡੀਕਲ ਸਟਾਫ ਦੇ ਨਾਲ-ਨਾਲ ਆਕਸੀਜਨ ਤੇ ਐਮਰਜੈਂਸੀ ਲਈ ਐਂਬੂਲੈਂਸ ਦਾ ਵੀ ਪ੍ਰਬੰਧ ਹੈ।

## ਕਰੋਨਾ ਦੇ ਟਾਕਰੇ ਲਈ ਰਾਧਾ ਸੁਆਮੀ ਸਤਿਸੰਗ ਤੋਂ ਸਹਿਯੋਗ ਮੰਗਿਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿਚ ਕੋਵਿਡ ਮਹਾਮਾਰੀ ਵਿਰੁੱਧ ਲੜਾਈ 'ਚ ਰਾਧਾ ਸੁਆਮੀ ਸਤਿਸੰਗ ਬਿਆਸ ਤੋਂ ਸਹਿਯੋਗ ਮੰਗਿਆ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਵੀ ਇਸ ਸਬੰਧੀ ਸਤਿਸੰਗ ਦੀਆਂ ਵੱਖ-ਵੱਖ ਸ਼ਾਖਾਵਾਂ ਵਿਚ ਅਧਿਕਾਰਤ ਨੁਮਾਇੰਦਿਆਂ ਨਾਲ ਨੇੜਿਓਂ ਤਾਲਮੇਲ ਕਰਨ ਦੇ ਆਦੇਸ਼ ਦਿੱਤੇ ਹਨ। ਸਤਿਸੰਗ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਨੂੰ ਲਿਖੇ ਪੱਤਰ ਵਿਚ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਕੋਵਿਡ ਮਰੀਜ਼ਾਂ ਦੇ ਇਲਾਜ ਲਈ ਸਾਰੀਆਂ ਸ਼ਾਖਾਵਾਂ ਉਪਲਬਧ ਕਰਵਾਉਣ ਅਤੇ ਇਸ ਉਦੇਸ਼ ਲਈ ਅਟੈਂਡੈਂਟ ਤਾਇਨਾਤ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਸਤਿਸੰਗ ਦੇ ਮੁਖੀ ਨੂੰ ਸੂਬਾ ਭਰ ਵਿਚ ਕੋਵਿਡ ਪ੍ਰਭਾਵਿਤ ਲੋਕਾਂ ਲਈ ਦਵਾਈਆਂ ਅਤੇ ਹੋਰ ਰਾਹਤ ਸਮੱਗਰੀ ਦੇ ਰੂਪ ਵਿਚ ਸਹਾਇਤਾ ਦੇਣ ਦੀ ਵੀ ਬੇਨਤੀ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਸੂਬਾ ਸਰਕਾਰ 'ਮਿਸ਼ਨ ਫ਼ਤਿਹ' ਦੇ ਤਹਿਤ ਕੋਵਿਡ ਮਰੀਜ਼ਾਂ ਦੇ ਬਿਹਤਰ ਇਲਾਜ ਨੂੰ ਯਕੀਨੀ ਬਣਾਉਣ ਲਈ ਠੋਸ ਉਪਰਾਲੇ ਕਰ ਰਹੀ ਹੈ ਪਰ ਲਗਾਤਾਰ ਵਧ ਰਹੇ ਕੇਸਾਂ ਦੇ ਮੱਦੇਨਜਰ ਧਾਰਮਿਕ ਸੰਸਥਾਵਾਂ, ਗੈਰ-ਸਰਕਾਰੀ ਸੰਸਥਾਵਾਂ ਅਤੇ ਹੋਰ ਅਜਿਹੀਆਂ ਜਥੇਬੰਦੀਆਂ ਦੇ ਵਿਆਪਕ ਸਹਿਯੋਗ ਦੀ ਲੋੜ ਹੈ। ਮੁੱਖ ਮੰਤਰੀ ਨੇ ਬੀਤੇ ਸਾਲ ਸੂਬੇ ਦੀ ਕੋਵਿਡ ਵਿਰੁੱਧ ਜੰਗ ਵਿਚ ਰਾਧਾ ਸੁਆਮੀ ਸਤਿਸੰਗ ਬਿਆਸ ਦੀਆਂ ਸ਼ਾਨਦਾਰ ਸੇਵਾਵਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਸ ਨਾਲ ਹਾਲਾਤ ਸਥਿਰ ਬਣਾਉਣ ਵਿਚ ਮਦਦ ਮਿਲੀ ਸੀ। ਉਨ੍ਹਾਂ ਕਿਹਾ ਕਿ ਮਾਹਿਰਾਂ ਨੇ ਅਗਲੀ ਲਹਿਰ ਦੀ ਵੀ ਚਿਤਾਵਨੀ ਦਿੱਤੀ ਹੈ। ਇਸ ਲਈ ਸਾਂਝੇ ਯਤਨਾਂ ਦੀ ਜਰੂਰਤ ਹੈ।



### ਜੇਲ੍ਹਾਂ 'ਚ ਕੈਦੀਆਂ ਦਾ ਹੋਵੇਗਾ ਟੀਕਾਕਰਨ: ਰੰਧਾਵਾ

**ਅੰਮ੍ਰਿਤਸਰ:** ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅੰਮ੍ਰਿਤਸਰ ਕੇਂਦਰੀ ਜੇਲ੍ਹ ਦਾ ਨਿਰੀਖਣ ਕਰਦਿਆਂ ਆਖਿਆ ਕਿ ਸੂਬੇ ਦੀਆਂ ਸਾਰੀਆਂ ਜੇਲ੍ਹਾਂ ਵਿਚ ਕੈਦੀਆਂ ਲਈ ਟੀਕਾਕਰਨ, ਮਾਸਕ ਅਤੇ ਸੈਨੇਟਾਈਜਰ ਦੀ ਸਹੂਲਤ ਮੁਹੱਈਆ ਕਰਾਈ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਜੇਲ੍ਹਾਂ ਨੂੰ ਆਕਸੀ ਮੀਟਰ ਅਤੇ ਮਿਸ਼ਨ ਫਤਿਹ ਕਿੱਟਾਂ ਵੀ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਕਰੋਨਾ ਦੀ ਦੂਜੀ ਲਹਿਰ ਤੇਜੀ ਨਾਲ ਫੈਲ ਰਹੀ ਹੈ ਅਤੇ ਬੰਦ ਕੈਦੀਆਂ ਨੂੰ ਬਚਾਉਣ ਲਈ ਰਾਜ ਭਰ ਦੀਆਂ ਸਾਰੀਆਂ ਜੇਲ੍ਹਾਂ ਵਿਚ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਜੇਲ੍ਹ ਵਿਚ ਬੰਦ ਸਾਰੇ ਕੈਦੀਆਂ ਦਾ ਟੀਕਾਕਰਨ ਕੀਤਾ ਜਾਵੇਗਾ।

# ਚੋਣ ਕਮਿਸ਼ਨ ਅਤੇ ਭਾਰਤੀ ਲੋਕਤੰਤਰ ਦਾ ਭਵਿੱਖ

ਰਾਮਚੰਦਰ ਗੁਹਾ

ਚੋਣਾਂ ਵਾਲੇ ਦਿਨ ਟੈਲੀਵਿਜ਼ਨ ਦੇਖਣਾ ਬਜ਼ੁਰਗਾਂ ਲਈ ਨਾਗਵਾਰ ਹੋ ਜਾਂਦਾ ਹੈ ਕਿਉਂਕਿ ਦਿਨ ਭਰ ਸਕਰੀਨ 'ਤੇ ਚੀਕ ਚਿਹਾੜਾ ਅਤੇ ਹਰ ਤਰ੍ਹਾਂ ਦੇ ਅੰਕੜਿਆਂ ਤੇ ਤਸਵੀਰਾਂ ਨੂੰ ਲੈ ਕੇ ਟਪੂਸੀਆਂ ਦਾ ਦੌਰ ਜਾਰੀ ਰਹਿੰਦਾ ਹੈ। ਇਸ ਕਰ ਕੇ ਪਿਛਲੇ ਕੁਝ ਸਾਲਾਂ ਤੋਂ ਵੋਟਾਂ ਦੀ ਗਿਣਤੀ ਵਾਲੇ ਦਿਨ ਤਾਜ਼ਾਤਰੀਨ ਜਾਣਕਾਰੀ ਲਈ ਮੈਂ ਟਵਿਟਰ ਨੂੰ ਤਰਜੀਹ ਦਿੰਦਾ ਹਾਂ। ਇਸ 'ਤੇ ਕੋਈ ਰੌਲਾ ਰੱਪਾ ਨਹੀਂ ਪੈਂਦਾ, ਅੱਖਾਂ ਨੂੰ ਚੁਭਦਾ ਵੀ ਨਹੀਂ ਹੈ ਅਤੇ ਜਿੰਨੀ ਦੇਰ ਕੋਈ ਆਪਣੇ ਬਾਰੇ 'ਲਾਈਵ ਟਵੀਟਿੰਗ' ਨਹੀਂ ਕਰਦਾ ਤਾਂ ਇਹ ਤੁਹਾਡਾ ਸਕੂਨ ਵੀ ਭੰਗ ਨਹੀਂ ਕਰਦਾ।

2 ਮਈ ਨੂੰ ਜਦੋਂ ਵੋਟਾਂ ਦੀ ਗਿਣਤੀ ਚੱਲ ਰਹੀ ਸੀ ਤਾਂ ਮੈਂ ਖ਼ਬਰਾਂ 'ਤੇ ਨਜ਼ਰ ਰੱਖਣ ਲਈ ਜ਼ਿਆਦਾਤਰ ਟਵਿਟਰ ਦਾ ਹੀ ਸਹਾਰਾ ਲਿਆ। ਐਤਵਾਰ ਸਵੇਰੇ ਜਦੋਂ ਮੈਂ ਸਾਈਟ 'ਤੇ ਦਸਤਕ ਦਿੱਤੀ ਤਾਂ ਪਹਿਲਾ ਟਵੀਟ ਜੋ ਮੇਰੇ ਨਜ਼ਰ ਪਿਆ ਸੀ ਤਾਂ ਉਹ ਵੋਟਾਂ, ਰੁਝਾਨਾਂ ਅਤੇ ਉਮੀਦਵਾਰਾਂ ਜਾਂ ਪਾਰਟੀਆਂ ਬਾਰੇ ਨਹੀਂ ਸੀ ਸਗੋਂ ਉਸ ਅਦਾਰੇ ਮੁਤਾਲਕ ਸੀ ਜਿਸ ਬਾਰੇ ਅਸੀਂ ਸਾਰੇ ਤਵੱਕੋ ਕਰਦੇ ਹਾਂ ਕਿ ਉਹ ਚੋਣਾਂ ਦੀ ਨਿਰਪੱਖਤਾ ਤੇ ਸੰਵਿਧਾਨਕ ਤੌਰ 'ਤੇ ਨਿਗਰਾਨੀ ਕਰਦਾ ਹੈ। ਇਹ ਲੇਖਕ ਸਿਦਿਨ ਵਦੁਕੁਟ ਦਾ ਕਾਰਨਾਮਾ ਸੀ ਜਿਸ ਦੇ ਟਵੀਟ ਕਿਸੇ ਕੁੜੱਤਣ ਤੇ ਤਿਰਸਕਾਰ ਭਰੇ ਵਿਅੰਗ ਤੋਂ ਮੁਕਤ ਹੁੰਦੇ ਹਨ। ਵਦੁਕੁਟ ਨੇ ਇਕ ਸਮਾਚਾਰ ਟਵੀਟ ਕੀਤਾ ਸੀ: ਬ੍ਰੇਕਿੰਗ ਨਿਊਜ਼: ਚੋਣ ਕਮਿਸ਼ਨ ਨੇ ਮਦਰਾਸ ਹਾਈ ਕੋਰਟ ਦੇ 'ਹੱਤਿਆ ਦਾ ਮੁਕੱਦਮਾ ਦਰਜ ਹੋਵੇ' ਵਾਲੇ ਫਿਕਰੇ ਖਿਲਾਫ ਸੁਪਰੀਮ ਕੋਰਟ ਦਾ ਰੁਖ ਕੀਤਾ। ਇਸ ਦੇ ਨਾਲ ਹੀ ਉਸ ਦੀ ਆਪਣੀ ਟਿੱਪਣੀ ਵੀ ਸੀ: 'ਸੁਪਰੀਮ ਕੋਰਟ ਨੂੰ 15 ਸਾਲਾਂ 'ਚ 35 ਪੜਾਵਾਂ 'ਚ ਇਸ 'ਤੇ ਸੁਣਵਾਈ ਕਰਨੀ ਚਾਹੀਦੀ ਹੈ।'

ਇਸ ਦਾ ਪ੍ਰਸੰਗ ਬਿਨਾਂ ਸ਼ੱਕ ਚੋਣ ਕਮਿਸ਼ਨ ਦਾ ਉਹ ਫੈਸਲਾ ਸੀ ਜਿਸ ਤਹਿਤ ਪੱਛਮੀ ਬੰਗਾਲ 'ਚ ਅੱਠ ਪੜਾਵਾਂ 'ਚ ਚੋਣਾਂ ਕਰਵਾਈਆਂ ਗਈਆਂ ਸਨ ਜਿਸ ਲਈ ਇਕ ਮਹੀਨਾ ਲੱਗਿਆ ਸੀ। ਇਹ ਫੈਸਲਾ ਤਾਮਿਲ ਨਾਡੂ ਨਾਲੋਂ ਬਿਲਕੁਲ ਉਲਟ ਸੀ ਜਿੱਥੇ ਸਮੁੱਚੇ ਸੂਬੇ ਵਿਚ ਚੋਣ ਕਮਿਸ਼ਨ ਨੇ 31 ਮਾਰਚ ਨੂੰ ਇਕੋ ਦਿਨ ਵੋਟਾਂ ਪੁਆਉਣ ਦਾ ਫੈਸਲਾ ਕੀਤਾ ਸੀ। ਗੂਗਲ ਨੇ ਮੈਨੂੰ ਦੱਸਿਆ ਕਿ ਖੇਤਰ ਦੇ ਲਿਹਾਜ਼ ਤੋਂ ਪੱਛਮੀ ਬੰਗਾਲ ਤਾਮਿਲ ਨਾਡੂ ਨਾਲੋਂ ਛੋਟਾ ਸੂਬਾ ਹੈ ਜਿਸ ਦਾ ਖੇਤਰ ਕਰੀਬ 79 ਹਜ਼ਾਰ ਵਰਗ ਕਿਲੋਮੀਟਰ ਬਣਦਾ ਹੈ ਜਦੋਂਕਿ ਤਾਮਿਲ ਨਾਡੂ 130,000 ਵਰਗ ਕਿਲੋਮੀਟਰ 'ਚ ਫੈਲਿਆ ਹੋਇਆ ਹੈ। ਉਂਜ, ਆਬਾਦੀ ਪੱਖੋਂ ਪੱਛਮੀ ਬੰਗਾਲ ਵੱਡਾ ਸੂਬਾ ਹੈ ਜਿੱਥੇ 10 ਕਰੋੜ ਤੋਂ ਜ਼ਿਆਦਾ ਆਬਾਦੀ ਹੈ ਜਦੋਂਕਿ ਤਾਮਿਲ ਨਾਡੂ ਵਿਚ 7 ਕਰੋੜ 90 ਲੱਖ ਆਬਾਦੀ ਹੈ।

ਚੋਣ ਕਮਿਸ਼ਨ ਦੇ ਮਨ ਵਿਚ ਅਜਿਹੀ ਕਿਹੜੀ ਗੱਲ ਸੀ ਜਿਸ ਕਰ ਕੇ ਉਸ ਨੂੰ ਪੱਛਮੀ ਬੰਗਾਲ 'ਚ ਚੋਣਾਂ ਦਾ ਅਮਲ ਅੱਠ ਗੇੜਾਂ ਤੱਕ ਖਿੱਚਣ ਦਾ ਫੈਸਲਾ ਕਰਨਾ ਪਿਆ? ਮੋਦੀ ਸਰਕਾਰ ਨੇ ਜਾਣਕਾਰੀ ਦੇ ਅਧਿਕਾਰ ਦਾ ਤਾਂ ਕਚੂੰਮਰ ਹੀ ਕੱਢ ਦਿੱਤਾ ਹੈ ਅਤੇ ਉਂਜ ਵੀ ਇਹ ਫੈਸਲਾ ਜ਼ੁਬਾਨੀ ਗੱਲਬਾਤ ਦੇ ਆਧਾਰ 'ਤੇ ਹੀ ਕੀਤਾ ਗਿਆ ਹੋਵੇਗਾ। ਉਂਜ, ਸਾਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਅੱਠ ਪੜਾਵੀ ਚੋਣ ਪ੍ਰੋਗਰਾਮ ਨਾਲ ਭਾਜਪਾ ਦੇ ਸਟਾਰ ਚੋਣ ਪ੍ਰਚਾਰਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਛਮੀ ਬੰਗਾਲ 'ਚ ਬਹੁਤ ਜ਼ਿਆਦਾ ਦੌਰੇ ਕਰਨ ਅਤੇ ਕਈ ਚੋਣ ਰੈਲੀਆਂ ਕਰਨ ਦਾ ਖੂਬ ਮੌਕਾ ਮਿਲ ਗਿਆ ਜੋ ਦੋ ਜਾਂ ਤਿੰਨ ਗੇੜਾਂ ਦੇ ਚੋਣ ਅਮਲ ਦੌਰਾਨ ਮਿਲਣਾ ਮੁਸ਼ਕਿਲ ਸੀ।

ਇਹ ਗੱਲ ਵੀ ਜੱਗ ਜ਼ਾਹਿਰ ਹੈ ਕਿ ਭਾਜਪਾ ਨੇ ਪੱਛਮੀ ਬੰਗਾਲ 'ਚ ਸੱਤਾ ਵਿਚ ਆਉਣ ਵਾਸਤੇ ਪੂਰਾ ਟਿੱਲ ਲਾ ਦਿੱਤਾ ਸੀ। ਅਮਿਤ ਸ਼ਾਹ ਨੇ 2014 ਤੋਂ ਲੈ ਕੇ ਪੱਛਮੀ ਬੰਗਾਲ ਦੇ ਅਣਗਿਣਤ ਦੌਰੇ ਕੀਤੇ ਹਨ ਤੇ ਉਹ ਸਾਰੇ ਜ਼ਿਲ੍ਹਿਆਂ 'ਚ ਜਾ ਚੁੱਕੇ ਹਨ ਤੇ ਰੈਲੀ ਦਰ ਰੈਲੀ ਕਰਦੇ ਆ ਰਹੇ ਹਨ। ਆਪਣੇ ਲੋਕ ਸੰਪਰਕ ਪ੍ਰੋਗਰਾਮਾਂ ਦੌਰਾਨ ਉਨ੍ਹਾਂ 'ਭੱਦਰਲੋਕਾਂ' ਤੇ ਨਾਲ ਹੀ 'ਛੋਟੋਲੋਕਾਂ' ਦੋਵਾਂ ਦੀਆਂ ਪਸ਼ੇਮਾਨੀਆਂ ਦਾ ਨਿੱਠ ਕੇ ਜ਼ਿਕਰ ਕੀਤਾ ਹੈ। ਇਸ ਲਈ ਉਨ੍ਹਾਂ ਟੈਗੋਰ ਅਤੇ ਵਿਦਿਆਸਾਗਰ ਦੀ ਵੀ ਪ੍ਰਸ਼ੰਸਾ ਕੀਤੀ ਸੀ ਹਾਲਾਂਕਿ ਉਨ੍ਹਾਂ ਬੇਮਿਸਾਲ ਕਵੀ ਦਾ ਜਨਮ ਸਥਾਨ ਗਲਤ ਦੱਸਿਆ ਸੀ ਅਤੇ ਦੂਜਾ ਸਮਾਜ ਸੁਧਾਰਕ ਉਹੀ ਸੀ ਜਿਨ੍ਹਾਂ ਦੇ ਬੁੱਤ ਦੀ ਤੌਹੀਨ ਕਿਸੇ ਹੋਰ ਨੇ ਸਗੋਂ ਉਨ੍ਹਾਂ (ਸ਼ਾਹ) ਦੀ ਪਾਰਟੀ ਦੇ ਕਾਰਕੁਨਾਂ ਨੇ ਕੀਤੀ ਸੀ। ਉਨ੍ਹਾਂ ਇਕ ਦਲਿਤ ਘਰ ਵਿਚ ਆਪਣੇ ਖਾਣਾ ਖਾਂਦੇ ਹੋਏ, ਕਬਾਇਲੀ ਮਹਾਪੁਰਸ਼ ਬਿਰਸਾ ਮੁੰਡਾ ਦੇ ਬੁੱਤ ਅੱਗੇ ਨਤਮਸਤਕ ਹੋਇਆਂ ਦੀ ਤਸਵੀਰ ਖਿਚਵਾਈ ਸੀ ਹਾਲਾਂਕਿ ਵਿੱਚੋਂ ਕੁਝ ਹੋਰ ਹੀ ਨਿਕਲਿਆ ਸੀ।

2019 ਵਿਚ ਗ੍ਰਹਿ ਮੰਤਰੀ ਬਣਨ ਤੋਂ ਬਾਅਦ ਸ਼ਾਹ ਨੇ ਪੱਛਮੀ ਬੰਗਾਲ ਦਾ ਗੜ੍ਹ ਸਰ ਕਰਨ ਲਈ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਦੁੰਮਛੱਲਾ ਬਣਾ ਧਰਿਆ ਸੀ ਜਿਨ੍ਹਾਂ 'ਚੋਂ ਸਭ ਤੋਂ ਵੱਧ ਬਦਨਾਮ ਸੀ ਨਾਗਰਿਕਤਾ ਸੋਧ ਕਾਨੂੰਨ ਜਿਸ ਦਾ ਮਕਸਦ ਪੂਰਬੀ ਪਾਕਿਸਤਾਨ ਜੋ ਬਾਅਦ ਵਿਚ ਬੰਗਲਾਦੇਸ਼ ਬਣ ਗਿਆ ਸੀ, ਤੋਂ ਆਏ ਹਿੰਦੂ ਸ਼ਰਨਾਰਥੀਆਂ ਨੂੰ ਭਰੋਸਾ ਦਿਵਾਉਣ 'ਤੇ ਸੇਧਤ ਸੀ। ਇਸ ਦੌਰਾਨ ਉਨ੍ਹਾਂ ਦੇ 'ਬੌਸ' ਨਰਿੰਦਰ ਮੋਦੀ ਨੇ ਵੀ ਪੱਛਮੀ ਬੰਗਾਲ ਦੇ ਕਈ ਦੌਰੇ ਕੀਤੇ ਜਿਨ੍ਹਾਂ 'ਚੋਂ ਸ਼ਾਇਦ ਹੀ ਕੋਈ ਦੌਰਾ ਹੋਵੇਗਾ ਜਿਸ ਦਾ ਬਤੌਰ ਪ੍ਰਧਾਨ ਮੰਤਰੀ ਉਨ੍ਹਾਂ ਦੇ ਫਰਜ਼ਾਂ ਨਾਲ ਕੋਈ ਵਾਹ ਵਾਸਤਾ ਸੀ।

ਸਾਨੂੰ ਸ਼ਾਇਦ ਇਹ ਕਦੇ ਪਤਾ ਨਹੀਂ ਚੱਲ ਸਕੇਗਾ ਕਿ ਪੱਛਮੀ ਬੰਗਾਲ ਵਿਚ ਅੱਠ ਪੜਾਵਾਂ 'ਚ ਚੋਣਾਂ ਕਰਾਉਣ ਦਾ ਫੈਸਲਾ ਭਾਜਪਾ ਦੀਆਂ



ਖਾਹਿਸ਼ਾਂ ਤੋਂ ਪ੍ਰੇਰਿਤ ਸੀ। ਲੰਘੀ 16 ਮਾਰਚ ਨੂੰ ਜਦੋਂ ਚੋਣ ਕਮਿਸ਼ਨ ਨੇ ਚੋਣਾਂ ਦੇ ਪ੍ਰੋਗਰਾਮ ਦਾ ਐਲਾਨ ਕੀਤਾ ਸੀ ਤਾਂ 'ਦਿ ਇੰਡੀਅਨ ਐਕਸਪ੍ਰੈਸ' ਨੇ ਟਿੱਪਣੀ ਕੀਤੀ ਸੀ ਕਿ 'ਲੰਮੇ ਚੋਣ ਪ੍ਰੋਗਰਾਮ ਕਰਕੇ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਨੂੰ ਨੁਕਸਾਨ ਹੋ ਸਕਦਾ ਹੈ।' ਤ੍ਰਿਣਮੂਲ ਦੇ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਨੇ ਤਾਂ ਸਾਫ-ਸਾਫ ਲਫ਼ਜ਼ਾਂ 'ਚ ਆਖਿਆ ਸੀ ਕਿ 'ਮੈਂ ਇੰਨਾ ਪੱਖਪਾਤੀ ਚੋਣ ਕਮਿਸ਼ਨ ਕਦੇ ਨਹੀਂ ਦੇਖਿਆ।'

ਚੋਣ ਕਮਿਸ਼ਨ ਨੇ ਪ੍ਰਸ਼ਾਂਤ ਕਿਸ਼ੋਰ ਦੀਆਂ ਟਿੱਪਣੀਆਂ 'ਤੇ ਅਜੇ ਤੱਕ ਕੋਈ ਪ੍ਰਤੀਕਿਰਿਆ ਨਹੀਂ ਕੀਤੀ। ਉਂਜ, ਜਿਵੇਂ ਮਹਾਮਾਰੀ ਚੱਲ ਰਹੀ ਸੀ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇੰਨੇ ਲੰਮੇ ਚੋਣ ਪ੍ਰੋਗਰਾਮ ਅਤੇ ਵੱਡੀਆਂ ਵੱਡੀਆਂ ਇੰਨੀਆਂ ਚੋਣ ਰੈਲੀਆਂ ਕਰਾਉਣ ਦੀ ਇਜਾਜ਼ਤ ਦੇਣ ਦਾ ਫੈਸਲਾ ਵਾਕਈ ਬਹੁਤ ਖਰਾਬ ਸੀ। ਜਦੋਂ ਬਾਅਦ ਵਿਚ ਮਹਾਮਾਰੀ ਦਾ ਕਹਿਰ ਹੋਰ ਵਧ ਗਿਆ ਤਾਂ ਵੀ ਬਾਕੀ ਬਚਦੇ ਚੋਣ ਪੜਾਅ ਵੀ ਇਕੱਠੇ ਨਹੀਂ ਕੀਤੇ ਗਏ ਜਿਸ ਕਰ ਕੇ ਇਹ ਅਪਰਾਧਿਕ ਲਾਪਰਵਾਹੀ ਗਿਣੀ ਜਾਣੀ ਚਾਹੀਦੀ ਹੈ।

ਚੋਣ ਨਤੀਜੇ ਆਉਣ ਤੋਂ ਲੈ ਕੇ ਹੁਣ ਤੱਕ ਸਬੰਧਤ ਬੰਦਿਆਂ ਅਤੇ ਪਾਰਟੀਆਂ ਲਈ ਸਬਕ ਬਾਰੇ ਕਾਫੀ ਕੁਝ ਲਿਖਿਆ ਜਾ ਚੁੱਕਿਆ ਹੈ। ਕੀ ਪੱਛਮੀ ਬੰਗਾਲ 'ਚ ਤ੍ਰਿਣਮੂਲ ਕਾਂਗਰਸ ਦੀ ਜਿੱਤ ਨਾਲ ਮਮਤਾ ਦੀਆਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਖਵਾਹਿਸ਼ਾਂ ਨੂੰ ਬਲ ਮਿਲੇਗਾ? ਕੀ ਕੇਰਲ 'ਚ ਖੱਬੇ ਮੋਰਚੇ ਦੀ ਜਿੱਤ ਚੰਗੇ ਸ਼ਾਸਨ ਦਾ ਇਨਾਮ ਹੈ? ਸਾਰੀਆਂ ਕੋਸ਼ਿਸ਼ਾਂ ਤੇ ਧਨ ਬਲ ਦੇ ਬਾਵਜੂਦ ਪੱਛਮੀ ਬੰਗਾਲ 'ਚ ਨਾਕਾਮ ਰਹਿਣ ਤੋਂ ਬਾਅਦ ਕੀ ਭਾਜਪਾ ਨੂੰ ਅਸਾਮ 'ਚ ਮੁੜ ਸੱਤਾ ਵਿਚ ਪਰਤਣ ਦਾ ਲੋੜੀਂਦਾ ਧਰਵਾਸ ਮਿਲ ਸਕੇਗਾ? ਕੀ ਅਸਾਮ ਤੇ ਕੇਰਲ ਵਿਚ ਕਾਂਗਰਸ ਨੂੰ ਲੱਗੇ ਝਟਕਿਆਂ ਤੇ ਪੱਛਮੀ ਬੰਗਾਲ 'ਚੋਂ ਲਗਭਗ ਪੂਰੀ ਤਰ੍ਹਾਂ ਸਫਾਇਆ ਹੋਣ ਤੋਂ ਬਾਅਦ ਗਾਂਧੀ ਪਰਿਵਾਰ ਕਿਸੇ ਹੋਰ ਕਾਰਗਰ ਆਗੂ ਲਈ ਰਾਹ ਸਾਫ ਹੋਣ ਦੇਵੇਗਾ?

ਇਨ੍ਹਾਂ ਸਵਾਲਾਂ 'ਤੇ ਵਿਚਾਰ ਚਰਚਾ ਚੱਲ ਰਹੀ ਹੈ ਪਰ ਇਕ ਇਹ ਅਹਿਮ ਸਵਾਲ ਵੀ ਹੈ: ਕੀ ਭਾਰਤੀ ਚੋਣ ਕਮਿਸ਼ਨ ਦੀ ਜੋ ਭਰੋਸੇਯੋਗਤਾ ਇਸ ਵੇਲੇ ਹੈ, ਇਸ ਨਾਲੋਂ ਕਦੇ ਨਿੱਘਰੀ ਹੋਈ ਰਹੀ ਹੈ? ਮੈਂ ਆਪਣੀ ਕਿਤਾਬ 'ਇੰਡੀਆ ਆਫਟਰ ਗਾਂਧੀ' ਵਿਚ ਇਸ ਬਾਰੇ ਚਰਚਾ ਕੀਤੀ ਸੀ ਕਿ ਮੁਲਕ ਦੇ ਚੰਗੇ ਭਾਗ ਸਨ ਕਿ ਸਾਨੂੰ ਬਹੁਤ ਹੋਣਹਾਰ ਸ਼ਖਸ ਪਹਿਲੇ ਚੋਣ ਕਮਿਸ਼ਨਰ ਦੇ ਰੂਪ ਵਿਚ ਮਿਲਿਆ ਸੀ। ਉਹ ਸੀ ਸੁਕੁਮਾਰ ਸੇਨ ਜਿਨ੍ਹਾਂ ਪਹਿਲੀਆਂ ਅਤੇ ਦੂਜੀ ਆਮ ਚੋਣਾਂ ਕਰਵਾਈਆਂ ਸਨ ਅਤੇ ਚੋਣ ਮੈਦਾਨ ਵਿਚ ਸ਼ਾਮਲ ਸਾਰੀਆਂ ਸਿਆਸੀ ਪਾਰਟੀਆਂ ਤੇ ਉਮੀਦਵਾਰਾਂ ਦੀ ਤਵੱਕੋ ਮੁਤਾਬਿਕ ਆਜ਼ਾਦਾਨਾ ਤੇ ਸਾਫ ਸੁਥਰੇ ਢੰਗ ਨਾਲ ਵੋਟਾਂ ਪੁਆਉਣ ਦੀਆਂ ਵਿਆਪਕ ਪੱਧਰ ਦੀਆਂ ਪ੍ਰਣਾਲੀਆਂ ਸਥਾਪਤ ਕੀਤੀਆਂ ਸਨ। ਫਰਵਰੀ 1957 ਦੇ ਅੰਕ ਵਿਚ 'ਦਿ ਸ਼ੰਕਰਜ਼ ਵੀਕਲੀ' ਨੇ ਲਿਖਿਆ ਸੀ ਕਿ 'ਇਹ ਸਭ ਕੰਮ ਬਹੁਤਾ ਕਰ ਕੇ ਸੁਕੁਮਾਰ ਸੇਨ ਦੇ ਯਤਨਾਂ ਸਦਕਾ ਸੰਭਵ ਹੋ ਸਕੇ ਹਨ।'

ਸੁਕੁਮਾਰ ਤੋਂ ਲੈ ਕੇ ਸੁਨੀਲ ਅਰੋੜਾ ਜਿਸ ਦੀ ਨਿਗਰਾਨੀ ਹੇਠ ਹਾਲ ਹੀ 'ਚ ਚੋਣਾਂ ਕਰਵਾਈਆਂ ਗਈਆਂ ਹਨ, ਤੱਕ ਇੱਕੀ ਮੁੱਖ ਚੋਣ ਕਮਿਸ਼ਨਰ ਹੋ ਚੁੱਕੇ ਹਨ। ਇਨ੍ਹਾਂ 'ਚੋਂ ਕੁਝ ਕਾਬਲ ਸਨ, ਕੁਝ ਸਾਧਾਰਨ ਜਾਂ ਦਰਮਿਆਨੀ ਕਿਸਮ ਦੇ ਅਤੇ ਕੁਝ ਬੇਮਿਸਾਲ ਰਹੇ ਹਨ। ਇਸ ਅਖੀਰਲੀ ਵੰਨਗੀ 'ਚ ਟੀ. ਸਵਾਮੀਨਾਥਨ ਜਿਨ੍ਹਾਂ ਐਮਰਜੈਂਸੀ ਦੇ ਦੌਰ 'ਚ ਹੀ 1977 ਦੀਆਂ ਚੋਣਾਂ ਕਰਵਾਈਆਂ ਸਨ; ਟੀ.ਐਨ. ਸੇਸ਼ਨ ਜਿਨ੍ਹਾਂ ਚੋਣ ਅਮਲ 'ਚੋਂ ਭ੍ਰਿਸ਼ਟਾਚਾਰ ਤੇ ਬੂਥਾਂ 'ਤੇ ਕਬਜ਼ਿਆਂ ਦੇ ਰੁਝਾਨਾਂ 'ਤੇ ਤਕੜੀ ਚੋਟ ਕੀਤੀ ਸੀ ਅਤੇ ਹਾਲੀਆ ਅਰਸੇ 'ਚ ਐਨ. ਗੋਪਾਲਕ੍ਰਿਸ਼ਨਨ, ਜੇ.ਐਮ. ਲਿੰਗਦੋਹ ਅਤੇ ਐਸ.ਵਾਈ. ਕੁਰੈਸ਼ੀ ਸ਼ੁਮਾਰ ਕੀਤੇ ਜਾਂਦੇ ਹਨ।

ਸੰਵਿਧਾਨ ਵਿਚ ਚੋਣ ਕਮਿਸ਼ਨ ਨੂੰ ਸਿਆਸੀ ਦਖਲਅੰਦਾਜ਼ੀ ਤੋਂ ਪਾਕ ਸਾਫ ਰੱਖਣ ਦੇ ਪ੍ਰਬੰਧ ਕੀਤੇ ਗਏ ਹਨ। ਉਂਜ, ਚੋਣ ਕਮਿਸ਼ਨ ਆਪਣੀ ਖੁਦਮੁਖਤਾਰੀ ਬਰਕਰਾਰ ਰੱਖਦਾ ਹੈ ਤੇ ਸਿਆਸੀ ਨਿਜ਼ਾਮ ਦੇ ਦਬਾਅ ਦਾ ਵਿਰੋਧ ਕਰਦਾ ਹੈ, ਇਹ ਇਸ ਦੇ ਇੰਚਾਰਜ ਵਿਅਕਤੀ 'ਤੇ ਵੀ ਨਿਰਭਰ ਕਰਦਾ ਹੈ। ਸੇਨ, ਸਵਾਮੀਨਾਥਨ, ਸੇਸ਼ਨ, ਗੋਪਾਲਕ੍ਰਿਸ਼ਨਨ, ਲਿੰਗਦੋਹ ਅਤੇ ਕੁਰੈਸ਼ੀ ਨੇ ਕਮਿਸ਼ਨ ਦੀ ਸੁਤੰਤਰਤਾ ਬਰਕਰਾਰ ਰੱਖੀ ਸੀ ਅਤੇ ਆਪਣੇ ਕੰਮ 'ਤੇ ਧਿਆਨ ਕੇਂਦਰਤ ਕੀਤਾ ਸੀ। ਕਹਿਣਾ ਬਣਦਾ ਹੈ ਕਿ ਇਨ੍ਹਾਂ 'ਚੋਂ ਕਿਸੇ ਨੇ ਵੀ ਸੇਵਾਮੁਕਤੀ ਤੋਂ ਬਾਅਦ ਸਰਕਾਰ ਤੋਂ ਕੋਈ ਅਹੁਦਾ ਹਾਸਲ ਨਹੀਂ ਕੀਤਾ ਸੀ। ਇਨ੍ਹਾਂ ਦਾ ਆਚਰਨ ਐਮ.ਐਸ. ਗਿੱਲ ਤੋਂ ਬਿਲਕੁਲ ਜੁਦਾ ਸੀ ਜਿਨ੍ਹਾਂ ਮੁੱਖ ਚੋਣ ਕਮਿਸ਼ਨਰ ਵਜੋਂ ਸੇਵਾਮੁਕਤ ਹੋ ਕੇ ਰਾਜ ਸਭਾ ਦੀ ਸੀਟ ਪ੍ਰਵਾਨ ਕਰ ਲਈ ਸੀ ਤੇ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ 'ਚ ਮੰਤਰੀ ਦਾ ਅਹੁਦਾ ਵੀ ਗ੍ਰਹਿਣ ਕਰ ਲਿਆ ਸੀ। ਬੀਤੇ ਸਮਿਆਂ 'ਚ ਕੁਝ ਮੁੱਖ ਚੋਣ ਕਮਿਸ਼ਨਰ ਮੰਤਰੀਆਂ ਤੇ ਪ੍ਰਧਾਨ ਮੰਤਰੀਆਂ ਦੇ ਦਬਾਅ ਹੇਠ ਝੁਕਦੇ ਰਹੇ ਹਨ ਪਰ 2014 ਤੋਂ ਲੈ ਕੇ ਹੁਣ ਤੱਕ ਜੋ ਕੁਝ ਹੋ ਰਿਹਾ ਹੈ, ਅਜਿਹਾ ਪਹਿਲਾਂ ਕਦੇ ਦੇਖਣ ਸੁਣਨ ਨੂੰ ਮਿਲਿਆ। ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਤੋਂ ਕਾਫੀ ਸਮਾਂ ਪਹਿਲਾਂ ਪਿਛਲੀਆਂ ਆਮ ਚੋਣਾਂ ਵੇਲੇ ਮਿਲੀਭੁਗਤ ਸਾਫ ਹੋ ਗਈ ਸੀ ਜਦੋਂ ਚੋਣ ਕਮਿਸ਼ਨ ਨੇ ਸੱਤਾਧਾਰੀ ਪਾਰਟੀ ਦੇ ਉਮੀਦਵਾਰਾਂ ਨੂੰ ਦੇਸ਼ ਭਰ 'ਚ ਕੂੜ ਪ੍ਰਚਾਰ ਕਰਨ ਤੇ ਫਿਰਕੂ ਜ਼ਹਿਰ ਫੈਲਾਉਣ ਦੀ ਛੋਟ ਦੇ ਦਿੱਤੀ ਸੀ, ਪ੍ਰਧਾਨ ਮੰਤਰੀ ਨੂੰ ਕੇਦਾਰਨਾਥ ਦੀ ਯਾਤਰਾ ਬਹਾਨੇ ਵੋਟਾਂ ਮੰਗਣ ਦੀ ਵੀ ਆਗਿਆ ਦਿੱਤੀ ਸੀ। ਸਕੈਂਡਲ ਦਾ ਵਿਸ਼ਾ ਬਣੇ ਚੁਣਾਵੀ ਬੌਂਡਾਂ ਬਾਰੇ ਚੋਣ ਕਮਿਸ਼ਨ ਵੱਲੋਂ ਧਾਰੀ ਚੁੱਪ ਇਸ ਦੇ ਪੱਖਪਾਤ ਦੀ ਇਕ ਹੋਰ ਮਿਸਾਲ ਸੀ।

ਅਗਲੀਆਂ ਆਮ ਚੋਣਾਂ ਲਈ ਤਿੰਨ ਸਾਲ ਦਾ ਸਮਾਂ ਰਹਿੰਦਾ ਹੈ। ਮਮਤਾ ਬੈਨਰਜੀ ਦੇ ਮਨ 'ਚ ਕੀ ਹੈ, ਕੀ ਕਾਂਗਰਸ ਆਪਣੇ ਆਪ ਨੂੰ ਸੁਰਜੀਤ ਕਰ ਸਕੇਗੀ ਅਤੇ ਕੀ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਵਜੋਂ ਤੀਜੀ ਵਾਰ ਜਿੱਤ ਦਰਜ ਕਰ ਸਕਣਗੇ, ਜਦੋਂ ਅਸੀਂ ਇਨ੍ਹਾਂ ਸਵਾਲਾਂ ਬਾਰੇ ਚਰਚਾ ਕਰ ਰਹੇ ਹੋਵਾਂਗੇ ਤਾਂ ਸਾਨੂੰ ਸੰਸਥਈ ਸਵਾਲ ਭੁੱਲਣੇ ਨਹੀਂ ਚਾਹੀਦੇ ਜੋ ਪਾਰਟੀਆਂ ਤੇ ਸਿਆਸਤਦਾਨਾਂ ਦੇ ਦਾਇਰੇ ਤੋਂ ਬਾਹਰ ਹਨ। ਭਾਰਤੀ ਲੋਕਤੰਤਰ ਦਾ ਭਵਿੱਖ ਹੁਣ ਸ਼ਾਇਦ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਭਾਰਤ ਦਾ ਚੋਣ ਕਮਿਸ਼ਨ ਸੁਤੰਤਰਤਾ ਤੇ ਕਾਬਲੀਅਤ ਦੀ ਆਪਣੀ ਪੁਰਾਣੀ ਸਾਖ ਕਦੋਂ ਬਹਾਲ ਕਰੇਗਾ ਤੇ ਕਰੇਗਾ ਵੀ ਜਾਂ ਨਹੀਂ।

# ਉੱਤਰ ਪ੍ਰਦੇਸ਼ ਦੀਆਂ ਪੰਚਾਇਤ ਚੋਣਾਂ ਦੇ ਸੰਕੇਤ

ਉਪੇਂਦਰ ਪ੍ਰਸਾਦ

ਬੰਗਾਲ ਦੀ ਆਪਣੀ ਹਾਰ ਨੂੰ ਵੀ ਭਾਜਪਾ ਜਿੱਤ ਦੱਸ ਸਕਦੀ ਹੈ, ਕਿਉਂਕਿ ਉਸ ਨੇ ਆਪਣਾ ਅੰਕੜਾ 3 ਤੋਂ ਵਧਾ ਕੇ 77 ਕਰ ਲਿਆ ਹੈ ਪਰ ਉੱਤਰ ਪ੍ਰਦੇਸ਼ ਦੀਆਂ ਪੰਚਾਇਤੀ ਚੋਣਾਂ ਵਿਚ ਭਾਜਪਾ ਆਪਣੀ ਹਾਰ ਦਾ ਵਿਸ਼ਲੇਸ਼ਣ ਕਿਵੇਂ ਕਰੇਗੀ? ਉੱਥੇ ਗ੍ਰਾਮ ਪੰਚਾਇਤਾਂ ਦੇ ਪ੍ਰਧਾਨਾਂ ਅਤੇ ਬਲਾਕ ਵਿਕਾਸ ਕਮੇਟੀਆਂ ਦੇ ਮੈਂਬਰਾਂ ਦੀਆਂ ਚੋਣਾਂ ਪਾਰਟੀ ਚਿੰਨ੍ਹਾਂ 'ਤੇ ਨਹੀਂ ਹੁੰਦੀਆਂ ਪਰ ਜ਼ਿਲ੍ਹਾ ਵਿਕਾਸ ਪ੍ਰੀਸ਼ਦ ਦੇ ਮੈਂਬਰਾਂ ਦੀਆਂ ਚੋਣਾਂ ਪਾਰਟੀ ਦੇ ਚਿੰਨ੍ਹਾਂ 'ਤੇ ਹੀ ਹੁੰਦੀਆਂ ਹਨ ਅਤੇ ਭਾਰਤੀ ਜਨਤਾ ਪਾਰਟੀ ਸਮੇਤ ਸਾਰੀਆਂ ਰਾਜਸੀ ਪਾਰਟੀਆਂ ਵਲੋਂ ਜ਼ਿਲ੍ਹਾ ਪੰਚਾਇਤਾਂ ਦੀਆਂ ਚੋਣਾਂ ਪਾਰਟੀ ਪੱਧਰ 'ਤੇ ਹੀ ਲੜੀਆਂ ਜਾ ਰਹੀਆਂ ਸਨ।

ਉਨ੍ਹਾਂ ਦੇ ਨਤੀਜੇ ਵੀ ਸਾਹਮਣੇ ਆ ਗਏ ਹਨ ਜਿਨ੍ਹਾਂ ਦੀ ਆਸ ਅਨੁਸਾਰ ਦੇਸ਼ ਦੇ ਅਖੌਤੀ ਰਾਸ਼ਟਰੀ ਚੈਨਲ ਲੋੜੀਂਦੀ ਕਵਰੇਜ ਨਹੀਂ ਕਰ ਰਹੇ, ਕਿਉਂਕਿ ਇਨ੍ਹਾਂ ਵਿਚ ਭਾਜਪਾ ਦੀ ਭਿਆਨਕ ਹਾਰ ਹੋਈ ਹੈ। ਭਾਜਪਾ ਦੇ ਸਿਰਫ 23 ਫੀਸਦੀ ਉਮੀਦਵਾਰ ਹੀ ਜਿੱਤ ਸਕੇ ਹਨ; ਭਾਵ ਉਸ ਦੇ 77 ਫ਼ੀਸਦੀ ਉਮੀਦਵਾਰ ਹਾਰੇ ਹਨ। ਹਰ ਚੋਣ ਨੂੰ ਭਾਜਪਾ ਵੱਡੇ ਯੁੱਧ ਵਾਂਗ ਦੇਖਦੀ ਹੈ। ਉੱਤਰ ਪ੍ਰਦੇਸ਼ ਵਿਚ ਵੀ ਉਹ ਇੰਜ ਹੀ ਕਰ ਰਹੀ ਸੀ। ਸਾਰੇ ਮੰਤਰੀ ਅਤੇ ਸੰਸਦ ਮੈਂਬਰ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਦੀ ਜਿੱਤ ਨੂੰ ਯਕੀਨੀ ਬਣਾਉਣ ਵਿਚ ਲੱਗੇ ਹੋਏ ਸਨ ਪਰ ਉਨ੍ਹਾਂ ਨੂੰ ਸਫਲਤਾ ਨਹੀਂ ਮਿਲੀ ਅਤੇ ਹਾਰ ਦਾ ਮੂੰਹ ਦੇਖਣਾ ਪਿਆ।

ਉਂਜ ਕਰੋਨਾ ਦੇ ਇਸ ਸੰਕਟ ਕਾਲ ਵਿਚ ਉੱਥੇ ਪੰਚਾਇਤ ਚੋਣਾਂ ਕਰਵਾਉਣੀਆਂ ਨਹੀਂ ਸਨ ਚਾਹੀਦੀਆਂ। ਗੁਆਂਢੀ ਹਰਿਆਣਾ ਵਿਚ ਵੀ ਪਿਛਲੀਆਂ ਪੰਚਾਇਤਾਂ ਦਾ ਕਾਰਜਕਾਲ ਪਿਛਲੀ ਫਰਵਰੀ ਵਿਚ ਹੀ ਖਤਮ ਹੋ ਗਿਆ ਸੀ ਪਰ ਉੱਥੇ ਕਰੋਨਾ ਦਾ ਹਵਾਲਾ ਦੇ ਕੇ ਚੋਣਾਂ ਨਹੀਂ ਕਰਵਾਈਆਂ ਗਈਆਂ। ਇਹ ਵੀ ਕਿ ਉੱਥੇ ਕਿਸਾਨ ਅੰਦੋਲਨ ਸਭ ਤੋਂ ਤੇਜ਼ ਹੈ ਅਤੇ ਪੰਚਾਇਤਾਂ ਦੀਆਂ ਚੋਣਾਂ ਪਾਰਟੀਆਂ ਦੇ ਆਧਾਰ 'ਤੇ ਹੀ ਹੁੰਦੀਆਂ ਹਨ। ਭਾਰਤੀ ਜਨਤਾ ਪਾਰਟੀ ਹਰਿਆਣਾ ਵਿਚ ਹਾਰ ਦਾ ਸਾਹਮਣਾ ਨਹੀਂ ਸੀ ਕਰਨਾ ਚਾਹੁੰਦੀ, ਇਸ ਲਈ ਕਰੋਨਾ ਦਾ ਬਹਾਨਾ ਲਗਾ ਕੇ ਉਸ ਨੇ ਹਰਿਆਣਾ ਵਿਚ ਚੋਣਾਂ ਨਹੀਂ ਕਰਵਾਈਆਂ।

ਪਰ ਉੱਤਰ ਪ੍ਰਦੇਸ਼ ਵਿਚ ਚੋਣਾਂ ਕਰਵਾਈਆਂ, ਕਿਉਂਕਿ ਉਸ ਨੂੰ ਲੱਗ ਰਿਹਾ ਸੀ ਕਿ ਉਹ ਉੱਥੇ ਚੋਣਾਂ ਜਿੱਤ ਜਾਵੇਗੀ। ਇਸ ਦਾ ਕਾਰਨ ਇਹ ਹੈ ਕਿ ਕਿਸਾਨ ਅੰਦੋਲਨ ਪੱਛਮੀ ਉੱਤਰ ਪ੍ਰਦੇਸ਼ ਨੂੰ ਛੱਡ ਕੇ ਹੋਰਾਂ ਹਿੱਸਿਆਂ ਵਿਚ ਤੀਬਰ ਦਿਖਾਈ ਨਹੀਂ ਸੀ ਦਿੰਦਾ। ਇਸ ਲਈ ਭਾਜਪਾ ਨੂੰ ਲੱਗਾ ਕਿ ਇੱਥੇ ਚੋਣਾਂ ਕਰਵਾ ਦਿੱਤੀਆਂ ਜਾਣ ਅਤੇ ਜ਼ਿਲ੍ਹਾ ਪੰਚਾਇਤ ਪ੍ਰੀਸ਼ਦਾਂ ਵਿਚ ਜਿੱਤ ਦਾ ਡੰਕਾ ਵਜਾ ਕੇ ਕਿਸਾਨ ਅੰਦੋਲਨ ਨੂੰ ਲੋਕ ਵਿਰੋਧੀ ਕਰਾਰ ਦਿੱਤਾ ਜਾਵੇ। ਇਹ ਕਿਹਾ ਜਾਵੇ ਕਿ ਉੱਤਰ ਪ੍ਰਦੇਸ਼ ਵਿਚ ਭਾਜਪਾ ਨੂੰ ਜਿੱਤ ਦਿਵਾ ਕੇ ਕਿਸਾਨਾਂ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਅੰਦੋਲਨਕਾਰੀਆਂ ਦੇ ਨਾਲ ਨਹੀਂ ਹਨ।

ਪਰ ਭਾਰਤੀ ਜਨਤਾ ਪਾਰਟੀ ਦੇ ਮਨਸੂਬੇ ਸਫਲ ਨਹੀਂ ਹੋ ਸਕੇ। ਉਹ ਪੂਰਬ ਤੋਂ ਪੱਛਮ ਤੱਕ ਹਾਰੀ। ਉਹ ਸਾਰੇ ਜ਼ਿਲ੍ਹਿਆਂ ਵਿਚ ਹਾਰੀ। ਰਾਜ ਦਾ ਇਕ ਵੀ ਅਜਿਹਾ ਜ਼ਿਲ੍ਹਾ ਨਹੀਂ ਹੈ ਜਿਸ ਦੀ ਵਿਕਾਸ ਪ੍ਰੀਸ਼ਦ ਵਿਚ ਉਸ ਨੇ ਬਹੁਮਤ ਹਾਸਲ ਕੀਤਾ ਹੋਵੇ। ਜੇਕਰ ਜਿੱਤੇ ਉਮੀਦਵਾਰਾਂ ਦੀ ਗਿਣਤੀ ਦੀ ਗੱਲ ਕੀਤੀ ਜਾਵੇ ਤਾਂ ਸਮਾਜਵਾਦੀ ਪਾਰਟੀ ਸਭ ਤੋਂ ਜ਼ਿਆਦਾ ਸੀਟਾਂ 'ਤੇ ਜਿੱਤੀ ਹੈ। ਪੱਛਮੀ ਉੱਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਲੋਕ ਦਲ ਦਾ ਗੱਠਜੋੜ ਵੀ ਸੀ। ਇਸ ਗੱਠਜੋੜ ਨੂੰ ਪੱਛਮੀ ਉੱਤਰ ਪ੍ਰਦੇਸ਼ ਦੇ ਕਈ ਜ਼ਿਲ੍ਹਿਆਂ ਵਿਚ ਬਹੁਮਤ ਮਿਲਿਆ ਹੈ। ਜੇਕਰ ਪੂਰੇ ਪ੍ਰਦੇਸ਼ ਪੱਧਰ ਦੀ ਗੱਲ ਕੀਤੀ ਜਾਵੇ ਤਾਂ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਲੋਕ ਦਲ ਦੇ ਗੱਠਜੋੜ ਨੂੰ ਰਾਜ ਦੀਆਂ ਸਾਰੀਆਂ ਜ਼ਿਲ੍ਹਾ ਵਿਕਾਸ ਪ੍ਰੀਸ਼ਦਾਂ ਦੀਆਂ ਸੀਟਾਂ ਦਾ ਕਰੀਬ 30 ਫੀਸਦੀ ਪ੍ਰਾਪਤ ਹੋਇਆ ਹੈ। ਬਹੁਜਨ ਸਮਾਜ ਪਾਰਟੀ ਨੂੰ ਕਰੀਬ 10 ਸੀਟਾਂ ਪ੍ਰਾਪਤ ਹੋਈਆਂ ਹਨ।

ਉਂਜ ਜੇਕਰ ਉੱਤਰ ਪ੍ਰਦੇਸ਼ ਵਿਚ ਇਹ ਚੋਣਾਂ ਨਹੀਂ ਹੁੰਦੀਆਂ ਤਾਂ ਇੱਥੇ ਦੇ ਲੋਕਾਂ ਲਈ ਬਿਹਤਰ ਰਹਿੰਦਾ। ਪੰਚਾਇਤੀ ਚੋਣਾਂ ਕਾਰਨ ਦੇਸ਼ ਦੀ ਸਭ ਤੋਂ ਵੱਡੀ ਆਬਾਦੀ ਵਾਲੇ ਰਾਜ ਵਿਚ ਕਰੋਨਾ ਦਾ ਮਹਾਂ ਵਿਸਫੋਟ ਹੋ ਚੁੱਕਾ ਹੈ। ਅਧਿਆਪਕਾਂ ਨੂੰ ਜ਼ਬਰਦਸਤੀ ਚੋਣ ਕਾਰਜਾਂ ਵਿਚ ਸ਼ਾਮਿਲ ਕਰਵਾਇਆ ਗਿਆ ਅਤੇ ਉਨ੍ਹਾਂ ਵਿਚੋਂ ਸੈਂਕੜਿਆਂ ਦੀ ਤਾਂ ਕਰੋਨਾ ਕਾਰਨ ਮੌਤ ਵੀ ਹੋ ਗਈ ਹੈ ਅਤੇ ਹਜ਼ਾਰਾਂ ਕਰੋਨਾ ਤੋਂ ਪੀੜਤ ਹਨ। ਪ੍ਰਦੇਸ਼ ਵਿਚ ਕਰੋਨਾ ਮਰੀਜ਼ਾਂ ਦੀ ਗਿਣਤੀ ਵੀ ਲੱਖਾਂ ਵਿਚ ਪਹੁੰਚ ਗਈ ਹੈ। ਇਹ ਸਭ ਇਸ ਲਈ ਹੋਇਆ ਕਿਉਂਕਿ ਭਾਰਤੀ ਜਨਤਾ ਪਾਰਟੀ ਇਹ ਦਿਖਾਉਣਾ ਚਾਹੁੰਦੀ ਸੀ ਕਿ ਕਿਸਾਨ ਅੰਦੋਲਨ ਨਾਂ ਦੀ ਕੋਈ ਚੀਜ਼ ਉੱਤਰ ਪ੍ਰਦੇਸ਼ ਵਿਚ ਹੈ ਹੀ ਨਹੀਂ ਅਤੇ ਰਾਕੇਸ਼ ਟਿਕੈਤ ਵਰਗੇ ਕੁਝ ਸਨਕੀ ਕਿਸਾਨ ਦਿੱਲੀ ਸਰਹੱਦ 'ਤੇ ਐਵੇਂ ਹੀ ਬੈਠੇ ਹੋਏ ਹਨ।

ਉੱਤਰ ਪ੍ਰਦੇਸ਼ ਵਿਚ ਇਸ ਹਾਰ ਦਾ ਭਾਰਤੀ ਜਨਤਾ ਪਾਰਟੀ ਦੇ ਭਵਿੱਖ 'ਤੇ ਗੰਭੀਰ ਅਸਰ ਪੈ ਸਕਦਾ ਹੈ। ਇਹ ਗੁਜਰਾਤ ਤੋਂ ਬਾਅਦ ਉਸ ਦਾ ਸਭ ਤੋਂ ਵੱਡਾ ਗੜ੍ਹ ਰਿਹਾ ਹੈ। ਅਯੁੱਧਿਆ ਹੀ ਨਹੀਂ ਸਗੋਂ ਕਾਸ਼ੀ ਅਤੇ ਮਥੁਰਾ ਵੀ ਉੱਤਰ ਪ੍ਰਦੇਸ਼ ਵਿਚ ਹੀ ਹੈ ਅਤੇ ਇਨ੍ਹਾਂ ਤਿੰਨ ਸਥਾਨਾਂ ਨਾਲ ਜੁੜੀਆਂ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਉਹ ਅੱਗੇ ਦੀ ਰਾਜਨੀਤੀ ਦਾ ਸੁਪਨਾ ਵੀ ਦੇਖ ਰਹੀ ਹੈ। ਪਰ ਇਨ੍ਹਾਂ ਤਿੰਨਾਂ ਸਥਾਨਾਂ 'ਤੇ ਭਾਜਪਾ ਦੀ ਹਾਰ ਹੋਈ ਹੈ। ਅਯੁੱਧਿਆ ਜਿੱਥੇ ਉਹ ਵਿਸ਼ਾਲ ਮੰਦਰ ਬਣਾ ਰਹੀ ਹੈ, ਉੱਥੋਂ ਤਾਂ ਉਹ ਹਾਰੀ ਹੀ, ਨਾਲ ਹੀ ਮਥੁਰਾ ਅਤੇ ਕਾਸ਼ੀ ਵਿਚ ਵੀ ਉਹ ਹਾਰ ਗਈ। ਉਸ ਦੀ ਇਸ ਹਾਰ ਨੂੰ ਉਸ ਦੇ ਅੰਤ ਦੀ ਸ਼ੁਰੂਆਤ ਮੰਨਿਆ ਜਾਵੇ ਜਾਂ ਨਾ, ਇਹ ਕਹਿਣਾ ਅਜੇ ਔਖਾ ਹੈ, ਕਿਉਂਕਿ ਮਾਇਆਵਤੀ ਅਤੇ ਅਖਿਲੇਸ਼ ਦੋ ਅਜਿਹੇ ਤੱਥ ਹਨ ਜੋ ਭਾਰਤੀ ਜਨਤਾ ਪਾਰਟੀ ਨੂੰ ਫਾਇਦਾ ਪਹੁੰਚਾਉਂਦੇ ਹਨ। ਇਨ੍ਹਾਂ ਦੋਵਾਂ ਖਿਲਾਫ਼ ਉੱਤਰ ਪ੍ਰਦੇਸ਼ ਦੀ ਆਬਾਦੀ ਦੇ ਬਹੁਤ ਵੱਡੇ ਹਿੱਸੇ ਵਿਚ ਗੁੱਸਾ ਹੈ ਅਤੇ ਉਸ ਦਾ ਫਾਇਦਾ ਭਾਜਪਾ ਨੂੰ ਮਿਲਦਾ ਰਹਿੰਦਾ ਹੈ।

ਫਿਰ ਵੀ ਮੰਨਣਾ ਪਵੇਗਾ ਕਿ ਉੱਤਰ ਪ੍ਰਦੇਸ਼ ਵਿਚ ਭਾਜਪਾ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਰਹੀ ਹੈ। ਉਸ ਦੀ ਹਾਰ ਸਰਬਵਿਆਪੀ ਹੈ। ਮੁਜ਼ੱਫਰਨਗਰ ਦੰਗਿਆਂ ਤੋਂ ਬਾਅਦ ਖਾਸ ਤੌਰ 'ਤੇ ਪੱਛਮੀ ਉੱਤਰ ਪ੍ਰਦੇਸ਼ ਦੀਆਂ ਹਿੰਦੂ ਕਿਸਾਨ ਜਾਤਾਂ ਉਸ ਦੇ ਖੇਮੇ ਵਿਚ ਆ ਗਈਆਂ ਸਨ ਪਰ ਹੁਣ ਤਿੰਨ ਖੇਤੀ ਕਾਨੂੰਨਾਂ ਤੋਂ ਬਾਅਦ ਉਹ ਪੂਰੀ ਤਰ੍ਹਾਂ ਉਸ ਦੇ ਖਿਲਾਫ ਹੋ ਗਈਆਂ ਹਨ ਅਤੇ ਜੇਕਰ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਨਾ ਲਿਆ ਗਿਆ ਤਾਂ ਉਨ੍ਹਾਂ ਦਾ ਭਾਜਪਾ ਦੇ ਖੇਮੇ ਵਿਚ ਫਿਰ ਤੋਂ ਆਉਣਾ ਅਸੰਭਵ ਹੈ। ਪੱਛਮੀ ਉੱਤਰ ਪ੍ਰਦੇਸ਼ ਹੀ ਨਹੀਂ, ਪੂਰੇ ਰਾਜ ਵਿਚ ਕਿਸਾਨ ਅੰਦੋਲਨ ਦਾ ਵੱਡਾ ਮਸਲਾ ਹੈ ਜਿਸ ਨੂੰ ਹਲਕਾ ਦਿਖਾਉਣ ਦੀ ਭਾਜਪਾ ਦੀ ਕੋਸ਼ਿਸ਼ ਅਸਫਲ ਹੋ ਚੁੱਕੀ ਹੈ।

ਕਿਸਾਨ ਅੰਦੋਲਨ ਤੋਂ ਇਲਾਵਾ ਕਰੋਨਾ ਵੀ ਭਾਰਤੀ ਜਨਤਾ ਪਾਰਟੀ ਦਾ ਖਹਿੜਾ ਛੱਡਣ ਵਾਲਾ ਨਹੀਂ ਹੈ। ਇਸ ਕਾਰਨ ਲੋਕ ਮੋਦੀ ਅਤੇ ਯੋਗੀ ਦੋਵਾਂ ਤੋਂ ਨਾਰਾਜ਼ ਹਨ। ਕਰੋਨਾ ਨਾਲ ਮਰਨ ਵਾਲਿਆਂ ਦੀ ਗਿਣਤੀ ਦੱਸੇ ਜਾ ਰਹੇ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੈ। ਬਿਮਾਰੀ ਨੂੰ ਤਾਂ ਕੁਦਰਤੀ ਕਰੋਪੀ ਦੱਸ ਕੇ ਭਾਜਪਾ ਆਪਣਾ ਪੱਲਾ ਝਾੜ ਸਕਦੀ ਹੈ ਪਰ ਸਿਹਤ ਸੇਵਾਵਾਂ ਦੀ ਬਦਇੰਤਜ਼ਾਮੀ ਅਤੇ ਆਕਸੀਜਨ ਦੀ ਕਮੀ ਦੇ ਦਾਗ ਜੋ ਉਸ ਦੇ ਕੱਪੜਿਆਂ 'ਤੇ ਲੱਗ ਰਹੇ ਹਨ, ਉਸ ਤੋਂ ਉਹ ਮੁਕਤੀ ਕਿਵੇਂ ਪਾਏਗੀ?

ਪੰਜਾਬ ਟਾਈਮਜ਼

*ਸਨਿਚਰਵਾਰ, 15 ਮਈ 2021*

# ਕਰੋਨਾ ਅਤੇ ਸਰਕਾਰੀ ਆਪਾਧਾਪੀ

ਭਾਰਤ ਅੱਜ ਕੱਲ੍ਹ ਕਰੋਨਾ ਵਾਇਰਸ ਦੀ ਦੂਜੀ ਲਹਿਰ ਦੀ ਮਾਰ ਝੱਲ ਰਿਹਾ ਹੈ। ਪਿਛਲੇ ਦਿਨਾਂ ਦੌਰਾਨ ਮੁਲਕ ਦੇ ਜੋ ਦ੍ਰਿਸ਼ ਮੀਡੀਆ ਵਿਚ ਸਾਹਮਣੇ ਆਏ ਹਨ, ਉਨ੍ਹਾਂ ਦੇ ਸੰਸਾਰ ਭਰ ਦਾ ਧਿਆਨ ਖਿੱਚਿਆ ਹੈ। ਕਰੋਨਾ ਦੇ ਇਸ ਵੱਡੇ ਸੰਕਟ ਤੋਂ ਅੱਖਾਂ ਬੰਦ ਕੀਤੇ ਜਾਣ 'ਤੇ ਸੰਸਾਰ ਭਰ ਵਿਚ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰ ਸਰਕਾਰ ਦੀ ਤਿੱਖੀ ਆਲੋਚਨਾ ਹੋਈ ਹੈ। ਅਸਲ ਵਿਚ ਜਦੋਂ ਮੁਲਕ ਅੰਦਰ ਕਰੋਨਾ ਦੀ ਦੂਜੀ ਲਹਿਰ ਉਠਣ ਦੇ ਖਦਸ਼ੇ ਪ੍ਰਗਟਾਏ ਜਾ ਰਹੇ ਸਨ ਤਾਂ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੇ ਹੋਰ ਆਗੂ ਵਿਧਾਨ ਸਭਾ ਚੋਣਾਂ ਲਈ ਰਣਨੀਤੀਆਂ ਘੜਨ ਅਤੇ ਵਿਰੋਧੀ ਧਿਰਾਂ ਨੂੰ ਚਿੱਤ ਕਰਨ ਦੀਆਂ ਯੋਜਨਾਵਾਂ ਉਲੀਕਣ ਵਿਚ ਰੁੱਝੇ ਹੋਏ ਸਨ। ਪ੍ਰਧਾਨ ਮੰਤਰੀ ਜੋ ਆਪਣੇ ਸੁਨੇਹਿਆਂ ਵਿਚ ਦੋ-ਦੋ ਗਜ਼ ਦੀ ਦੂਰੀ ਰੱਖਣ ਲਈ ਕਹਿੰਦੇ ਰਹਿੰਦੇ ਸਨ, ਨੇ ਆਪਣੇ ਚੋਣ ਜਲਸਿਆਂ ਦੌਰਾਨ ਸਭ ਸੰਗ-ਸ਼ਰਮ ਲਾਹ ਕੇ ਚੋਣ ਪ੍ਰਚਾਰ ਕੀਤਾ। ਪੱਛਮੀ ਬੰਗਾਲ ਵਿਚ ਮੋਦੀ ਸਰਕਾਰ ਦੇ ਦਬਾਅ ਕਾਰਨ ਚੋਣ ਕਮਿਸ਼ਨ ਨੇ ਅੱਠ ਪੜਾਵਾਂ ਵਿਚ ਚੋਣ ਕਰਵਾਉਣ ਦਾ ਸ਼ਡਿਊਲ ਬਣਾਇਆ ਸੀ, ਕਰੋਨਾ ਕਾਰਨ ਵਿਗੜ ਰਹੇ ਹਾਲਾਤ ਦੇ ਬਾਵਜੂਦ ਇਸ ਸ਼ਡਿਊਲ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ, ਹਾਲਾਂਕਿ ਰਾਜ ਅੰਦਰ ਚੋਣ ਲੜ ਰਹੀ ਅਹਿਮ ਸਿਆਸੀ ਧਿਰ ਤ੍ਰਿਣਮੂਲ ਕਾਂਗਰਸ ਦੀ ਆਗੂ ਅਤੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਸੀ ਕਿ ਆਖਰੀ ਗੇੜਾਂ ਦੀਆਂ ਵੋਟਾਂ ਇਕੋ ਦਿਨ ਪੁਆ ਲਈਆਂ ਜਾਣ, ਪਰ ਚੋਣ ਕਮਿਸ਼ਨ ਨੇ ਇਸ ਅਪੀਲ 'ਤੇ ਕੰਨ ਤੱਕ ਨਹੀਂ ਧਰਿਆ। ਸਿੱਟਾ ਇਹ ਨਿਕਲਿਆ ਹੈ ਕਿ ਮਾਰਚ-ਅਪਰੈਲ ਦੌਰਾਨ ਕਰੋਨਾ ਦਾ ਕਹਿਰ ਦੂਰ-ਦੂਰ ਤੱਕ ਫੈਲ ਗਿਆ। ਜਦੋਂ ਮਰੀਜ਼ਾਂ ਨੂੰ ਹਸਪਤਾਲਾਂ ਵਿਚ ਬੈੱਡ ਅਤੇ ਆਕਸੀਜਨ ਨਾ ਮਿਲਣ ਕਾਰਨ ਹਾਹਾਕਾਰ ਮੱਚ ਗਈ ਤਾਂ ਕਿਤੇ ਜਾ ਕੇ ਮੋਦੀ ਦੀਆਂ ਅੱਖਾਂ ਖੁੱਲ੍ਹੀਆਂ। ਉਂਜ, ਇਸ ਤੋਂ ਬਾਅਦ ਵੀ ਇਕ ਤਰ੍ਹਾਂ ਨਾਲ ਸਿਆਸਤ ਕਰਨ ਦੀ ਹੀ ਕੋਸ਼ਿਸ਼ ਕੀਤੀ ਗਈ। ਹੁਣ ਵਿਰੋਧੀ ਧਿਰਾਂ ਉਤੇ ਇਸ ਸੰਕਟ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਦੇ ਦੋਸ਼ ਲਾ ਕੇ ਸਫਾਈਆਂ ਦਿੱਤੀਆਂ ਜਾਣ ਲੱਗੀਆਂ ਹਨ; ਹੁਣ ਤਾਂ ਸਰਕਾਰ ਦੇ ਸਿਹਤ ਮੰਤਰਾਲੇ ਦਾ ਦਾਅਵਾ ਵੀ ਆ ਗਿਆ ਹੈ ਕਿ ਕਰੋਨਾ ਦੀ ਦੂਜੀ ਲਹਿਰ ਹੁਣ ਮੱਠੀ ਪੈ ਗਈ ਹੈ। ਕਰੋਨਾ ਕਾਰਨ ਹੋ ਰਹੀਆਂ ਮੌਤਾਂ ਦੀ ਦਰ ਘਟਣ ਬਾਰੇ ਵੀ ਦਾਅਵੇ ਕੀਤੇ ਜਾ ਰਹੇ ਹਨ।

ਪੰਜਾਬ ਦਾ ਹਾਲ ਇਸ ਤੋਂ ਕੋਈ ਵੱਖਰਾ ਨਹੀਂ ਹੈ। ਹੁਣ ਜਿਨ੍ਹਾਂ ਰਾਜਾਂ ਵਿਚ ਕਰੋਨਾ ਲਹਿਰ ਤੇਜ਼ ਹੋਣ ਬਾਰੇ ਚਰਚਾ ਕੀਤੀ ਜਾ ਰਹੀ ਹੈ, ਉਨ੍ਹਾਂ ਵਿਚ ਪੰਜਾਬ ਵੀ ਸ਼ਾਮਿਲ ਹੈ ਅਤੇ ਪੰਜਾਬ ਸਰਕਾਰ ਨੇ ਹੁਣ ਪਿੰਡਾਂ ਵਿਚ ਵੀ ਕਰੋਨਾ ਟੈਸਟ ਕਰਵਾਉਣ ਦੀਆਂ ਹਦਾਇਤਾਂ ਦੇ ਦਿੱਤੀਆਂ ਹਨ, ਜਦੋਂ ਕਿ ਮਸਲਾ ਇਹ ਹੈ ਕਿ ਸਰਕਾਰੀ ਸਿਹਤ ਢਾਂਚਾ ਇੰਨਾ ਨਾਕਸ ਹੋ ਚੁਕਾ ਹੈ ਕਿ ਮਰੀਜ਼ਾਂ ਨੂੰ ਸਾਂਭਣ ਵਿਚ ਬੁਰੀ ਤਰ੍ਹਾਂ ਨਾਕਾਮ ਰਿਹਾ ਹੈ। ਪ੍ਰਾਈਵੇਟ ਹਸਪਤਾਲ ਸੰਕਟ ਦੀ ਮਾਰ ਦੇ ਹਿਸਾਬ ਨਾਲ ਕੰਮ ਨਹੀਂ ਕਰ ਰਹੇ। ਇਸੇ ਕਰ ਕੇ ਪੰਜਾਬ ਵਿਚ ਹੀ ਨਹੀਂ, ਮੁਲਕ ਪੱਧਰ 'ਤੇ ਇਹ ਚਰਚਾ ਬੜੇ ਜ਼ੋਰ-ਸ਼ੋਰ ਨਾਲ ਹੋ ਰਹੀ ਹੈ ਕਿ ਪਿਛਲੇ ਸਮੇਂ ਦੌਰਾਨ ਵੱਖ-ਵੱਖ ਸਰਕਾਰਾਂ ਵੱਲੋਂ ਸਰਕਾਰੀ ਸਿਹਤ ਸਹੂਲਤਾਂ ਤੋਂ ਹੱਥ ਖਿੱਚਣਾ ਗਲਤ ਸੀ। ਸਰਕਾਰੀ ਹਸਪਤਾਲਾਂ ਵਿਚ ਨਾ ਡਾਕਟਰ ਹਨ, ਨਾ ਸਹਾਇਕ ਸਟਾਫ ਅਤੇ ਨਾ ਹੀ ਦਵਾਈਆਂ ਹਨ। ਅਣਗਿਣਤ ਲੋਕ ਸੜਕਾਂ ਉਤੇ ਰੁਲ ਰਹੇ ਹਨ ਅਤੇ ਕਿਤੇ ਕੋਈ ਸੁਣਵਾਈ ਨਹੀਂ ਹੈ। ਸਰਕਾਰਾਂ ਸਿਹਤ ਸਹੂਲਤਾਂ ਦਾ ਪ੍ਰਬੰਧ ਕਰਨ ਦੀ ਥਾਂ ਲੌਕਡਾਊਨ ਜਾਂ ਕਰਫਿਊ ਲਾ ਕੇ ਰਸਮੀ ਕਾਰਵਾਈਆਂ ਪੂਰੀਆਂ ਕਰ ਰਹੀਆਂ ਹਨ। ਅਸਲ ਵਿਚ, ਕੇਂਦਰ ਦੀ ਮੋਦੀ ਸਰਕਾਰ ਵਾਂਗ, ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦਾ ਸਾਰਾ ਧਿਆਨ ਵੀ ਚੋਣਾਂ ਵੱਲ ਲੱਗਿਆ ਹੋਇਆ ਹੈ, ਜੋ ਅਗਲੇ ਸਾਲ ਫਰਵਰੀ-ਮਾਰਚ ਵਿਚ ਹੋਣੀਆਂ ਹਨ। ਇਨ੍ਹਾਂ ਚੋਣਾਂ ਕਾਰਨ ਰਾਜ ਵਿਚ ਸਿਆਸੀ ਪਿੜ ਮਘਿਆ ਹੋਇਆ ਹੈ ਅਤੇ ਪਾਰਟੀ ਦੇ ਅੰਦਰੋਂ ਕੈਪਟਨ ਅਮਰਿੰਦਰ ਸਿੰਘ ਨੂੰ ਬਗਾਵਤ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਪ੍ਰਤਾਪ ਸਿੰਘ ਬਾਜਵਾ ਅਤੇ ਪਾਰਟੀ ਦੇ ਕੁਝ ਸੀਨੀਅਰ ਆਗੂ ਅਤੇ ਮੰਤਰੀ ਮੁਹਿੰਮ ਚਲਾ ਰਹੇ ਹਨ ਕਿ ਚੋਣਾਂ ਤੋਂ ਪਹਿਲਾਂ-ਪਹਿਲਾਂ ਕੈਪਟਨ ਨੂੰ ਲਾਂਭੇ ਕੀਤਾ ਜਾਵੇ। ਉਧਰ, ਹਾਲੀਆ ਵਿਧਾਨ ਸਭਾ ਵਿਚ ਪਾਰਟੀ ਦੀ ਮਾੜੀ ਹਾਲਤ ਕਾਰਨ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਉਂਜ ਹੀ ਨਿੱਸਲ ਹੋਈ ਪਈ ਹੈ।

ਇਨ੍ਹਾਂ ਹਾਲਾਤ ਵਿਚ ਆਮ ਲੋਕਾਂ ਨੂੰ ਕਰੋਨਾ ਦਾ ਸੰਕਟ ਝੱਲਣਾ ਪੈ ਰਿਹਾ ਹੈ, ਖਾਸ ਕਰ ਕੇ ਪੰਜਾਬ ਵਿਚ ਲੋਕ ਖੁਦ ਓਹੜ-ਪੁਹੜ ਦੇ ਰਾਹ ਪੈ ਗਏ ਹਨ। ਸਰਕਾਰੀ ਦਾਅਵਾ ਹੈ ਕਿ ਪਿੰਡਾਂ ਦੇ ਵਸਨੀਕ ਬੁਖਾਰ ਬਗੈਰਾ ਹੋਣ ਜਾਂ ਕਰੋਨਾ ਦੇ ਹੋਰ ਲੱਛਣ ਜਾਹਰ ਹੋਣ 'ਤੇ ਹਸਪਤਾਲ ਜਾਣ ਦੀ ਥਾਂ ਕੈਮਿਸਟਾਂ ਤੋਂ ਦਵਾਈਆਂ ਲੈ-ਲੈ ਕੇ ਖਾ ਰਹੇ ਹਨ। ਸੰਕਟ ਦੇ ਇਨ੍ਹਾਂ ਸਮਿਆਂ ਦੌਰਾਨ ਸਰਕਾਰੀ ਢਾਂਚੇ ਨੇ ਲੋਕਾਂ ਦੀ ਬਾਂਹ ਫੜਨੀ ਸੀ, ਪਰ ਹੋਇਆ ਇਸ ਤੋਂ ਐਨ ਉਲਟ ਹੈ। ਲੋਕਾਂ ਦਾ ਸਰਕਾਰੀ ਪ੍ਰਬੰਧਾਂ ਤੋਂ ਹੀ ਭਰੋਸਾ ਉਠ ਗਿਆ ਹੈ। ਸਿਹਤ ਸਹੂਲਤਾਂ ਦੇ ਪੱਖ ਤੋਂ ਪੰਜਾਬ ਜਾਂ ਮੁਲਕ ਦੀ ਹਾਲਤ ਸ਼ਾਇਦ ਹੀ ਇਸ ਤਰ੍ਹਾਂ ਕਦੀ ਨਿੱਘਰੀ ਹੋਵੇ। ਉਂਜ, ਸਿਤਮਜ਼ਰੀਫੀ ਇਹ ਹੈ ਕਿ ਇਨ੍ਹਾਂ ਭਿਅੰਕਰ ਸਮਿਆਂ ਦੌਰਾਨ ਵੀ ਸਿਆਸੀ ਪਾਰਟੀਆਂ ਨੂੰ ਸਿਰਫ ਸਿਆਸਤ ਹੀ ਦਿਸ ਰਹੀ ਹੈ। ਹੋਰ ਤਾਂ ਹੋਰ, ਇਸ ਵਾਰ ਗੈਰ-ਸਰਕਾਰੀ ਸੰਸਥਾਵਾਂ (ਐਨ. ਜੀ. ਓ.) ਵੀ ਕਿਤੇ ਰੜਕ ਨਹੀਂ ਰਹੀਆਂ। ਲੋਕਾਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਗਿਆ ਹੈ ਅਤੇ ਉਹ ਇਧਰੋਂ-ਉਧਰੋਂ ਹੱਥ-ਪੈਰ ਮਾਰ ਕੇ ਆਪੋ-ਆਪਣੇ ਮਰੀਜ਼ਾਂ ਲਈ ਸਿਹਤ ਪ੍ਰਬੰਧ ਜੁਟਾ ਰਹੇ ਹਨ। ਇਸੇ ਕਰ ਕੇ ਲੋਕ ਹੁਣ ਸੋਚਣ ਲੱਗੇ ਹਨ ਅਤੇ ਕਿਤੇ-ਕਿਤੇ ਸਵਾਲ ਵੀ ਕਰਨ ਲੱਗੇ ਹਨ ਕਿ ਸਿਆਸੀ ਪਾਰਟੀਆਂ ਅਤੇ ਆਗੂ ਚੋਣਾਂ ਲਈ ਤਾਂ ਹਰ ਹੀਲਾ-ਵਸੀਲਾ ਕਰ ਰਹੇ ਹਨ, ਪਰ ਹੁਣ ਜਦੋਂ ਆਮ ਲੋਕਾਂ ਨੂੰ ਮਦਦ ਦੀ ਲੋੜ ਹੈ ਤਾਂ ਕੁਝ ਵੀ ਨਹੀਂ ਕਰ ਰਹੇ। ਇਸ ਲਈ ਜੇ ਲੋਕ ਜਾਗਰੂਕ ਹੋਣ ਤਾਂ ਸੰਭਵ ਹੈ ਕਿ ਕਰੋਨਾ ਦਾ ਸੰਕਟ ਸਿਆਸਤ ਵਿਚ ਕਿਸੇ ਤਬਦੀਲੀ ਦਾ ਜ਼ਰੀਆ ਬਣ ਜਾਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੈਣ ਜੱਜਾਂ ਦੀਆਂ ਝਿੜਕਾਂ*

ਪਾਈਏ ਕਿਵੇਂ ਛੁਟਕਾਰਾ ਇਹ ਸੋਚਦੇ ਨਾ, ਮਹਾਮਾਰੀ ਦੀਆਂ ਮਾੜੀਆਂ ਹਾਲਤਾਂ ਤੋਂ।
ਲਾਉਂਦੇ ਜੋਰ ਕਿ ਅੰਧਵਿਸ਼ਵਾਸ ਫੈਲੇ, ਲਾਹਾ ਖੱਟਣਾ ਚਾਹੁਣ ਜਹਾਲਤਾਂ ਤੋਂ।
ਗੈਰ-ਭਾਜਪਾ ਰਾਜਾਂ ਨੂੰ ਤੰਗ ਕਰਦੇ, ਆਉਣ ਬਾਜ ਨਾ ਘਟੀਆ ਸ਼ਰਾਰਤਾਂ ਤੋਂ।
ਚਾਹੁੰਦੇ ਗੱਦੀ ਦੇ ਪਾਵੇ ਮਜ਼ਬੂਤ ਕਰਨੇ, ਫਿਰਕੂ ਪਾੜੇ ਵਧਾਉਂਦੀਆਂ ਆਦਤਾਂ ਤੋਂ।
ਤਾਨਾਸ਼ਾਹਾਂ ਦਾ ਰੂਪ ਹੀ ਬਣੇ ਬੈਠੇ, ਖੋਹ ਖੋਹ ਸਟੇਟਾਂ ਦੀਆਂ ਤਾਕਤਾਂ ਤੋਂ।
ਆਵੇ ਸੰਗ ਨਾ ਦੇਸ਼ ਦੇ ਹਾਕਮਾਂ ਨੂੰ, ਝਿੜਕੇ ਖਾਂਦਿਆਂ ਰੋਜ਼ ਅਦਾਲਤਾਂ ਤੋਂ!

# ਕਰੋਨਾ ਅਫਰਾ-ਤਫਰੀ ਅਤੇ ਭਾਰਤ ਦਾ ਬਿਮਾਰ ਸਿਹਤ ਢਾਂਚਾ

***ਭਾਰਤ ਵਿਚ ਕਰੋਨਾ ਵਾਇਰਸ ਦੀ ਦੂਜੀ ਲਹਿਰ ਨੇ ਮੁਲਕ ਦੇ ਸਿਹਤ ਢਾਂਚੇ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਮਰੀਜ਼ਾਂ ਨੂੰ ਹਸਪਤਾਲਾਂ ਅੰਦਰ ਨਾ ਬੈੱਡ ਮਿਲ ਰਹੇ ਹਨ ਅਤੇ ਨਾ ਹੀ ਲੋੜੀਂਦੀ ਮਾਤਰਾ ਵਿਚ ਆਕਸੀਜਨ ਦੀ ਸਪਲਾਈ ਹੋ ਰਹੀ ਹੈ। ਅਸਲ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਸਰਕਾਰ ਨੇ ਕਰੋਨਾ ਦੇ ਇਸ ਹੱਲੇ ਵੱਲ ਉਕਾ ਹੀ ਧਿਆਨ ਨਹੀਂ ਦਿੱਤਾ ਹਾਲਾਂਕਿ ਵੱਖ-ਵੱਖ ਮਾਹਿਰ ਸਰਕਾਰ ਨੂੰ ਇਸ ਬਾਰੇ ਬਾਕਾਇਦਾ ਚਿਤਾਵਨੀਆਂ ਦੇ ਚੁੱਕੇ ਸਨ। ਇਸ ਲੇਖ ਵਿਚ ਟਿੱਪਣੀਕਾਰ ਅਨਿੰਦਿਓ ਚਕਰਵਰਤੀ ਨੇ ਕਰੋਨਾ ਕਾਰਨ ਪੈਦਾ ਹੋਏ ਮੌਜੂਦਾ ਹਾਲਾਤ ਬਾਰੇ ਚਰਚਾ ਕੀਤੀ ਹੈ।***

ਅਨਿੰਦਿਓ ਚਕਰਵਰਤੀ

13 ਮਹੀਨਿਆਂ ਤੋਂ ਵੱਧ ਸਮਾਂ ਹੋ ਚੁੱਕਾ ਹੈ, ਮੇਰਾ ਪਰਿਵਾਰ ਅਤੇ ਮੈਂ ਆਪਣੇ ਘਰੇ ਇਕਾਂਤਵਾਸ ਵਿਚ ਰਹਿ ਰਹੇ ਹਾਂ। ਅਸੀਂ ਸਾਰਾ ਸਾਮਾਨ ਆਨਲਾਈਨ ਮੰਗਵਾਉਂਦੇ ਹਾਂ ਤੇ ਅਦਾਇਗੀਆਂ ਵੀ ਆਨਲਾਈਨ ਹੀ ਕਰਦੇ ਹਾਂ। ਅਸੀਂ ਸਾਰੇ ਸਾਮਾਨ ਨੂੰ ਧੋਂਦੇ ਤੇ ਸੈਨੇਟਾਈਜ਼ ਕਰਦੇ ਹਾਂ। ਇਸ ਤੋਂ ਵੀ ਵੱਧ ਅਸੀਂ ਘਰੇਲੂ ਕੰਮ ਲਈ ਕੋਈ ਕਾਮਾ ਨਹੀਂ ਰੱਖਿਆ ਹੋਇਆ। ਇਸ ਦੀ ਥਾਂ ਸਾਡੇ ਕੋਲ ਡਿਸ਼ਵਾਸ਼ਰ (ਭਾਂਡੇ ਧੋਣ ਦੀ ਮਸ਼ੀਨ), ਕੱਪੜੇ ਸੁਕਾਉਣ ਦੀ ਮਸ਼ੀਨ ਅਤੇ ਘਰ ਦੀ ਸਫਾਈ ਲਈ ਫਲੋਰ-ਕਲੀਨਿੰਗ ਰੋ-ਬੋਟ ਹਨ ਜੋ ਸਮਾਰਟ ਫੋਨ ਐਪਸ ਰਾਹੀਂ ਚਲਦੇ ਹਨ। ਇਉਂ ਇਕ ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ ਕਿ ਸਾਡਾ ਕੁੱਲ ਮਿਲਾ ਕੇ ਕਿਸੇ ਹੋਰ ਇਨਸਾਨ ਨਾਲ ਕੋਈ ਸਿੱਧਾ ਸੰਪਰਕ ਨਹੀਂ। ਇਹ ਇਸ ਕਾਰਨ ਵੀ ਸੰਭਵ ਹੈ ਕਿ ਮੈਂ ਅਤੇ ਮੇਰੀ ਪਤਨੀ ਆਪਣਾ ਸਾਰਾ ਕੰਮ ਘਰੋਂ ਕਰ ਸਕਦੇ ਹਾਂ। ਨਾਲ ਹੀ ਇਸ ਕਾਰਨ ਵੀ ਸੰਭਵ ਹੈ ਕਿ ਅਸੀਂ ਕਾਫੀ ਮਾਲੀ ਬੱਚਤ ਕੀਤੀ ਹੋਈ ਹੈ ਜਿਸ ਨੂੰ ਅਸੀਂ ਲੋੜ ਪੈਣ ਤੇ ਵਰਤ ਸਕਦੇ ਹਾਂ। ਇਹ ਮਾਲੀ ਸੁਰੱਖਿਆ ਸਾਨੂੰ ਨੌਕਰੀਆਂ ਦੀਆਂ ਪੇਸ਼ਕਸ਼ਾਂ ਰੱਦ ਕਰਨ ਅਤੇ ਅਦਾਇਗੀ ਵਾਲੇ ਲੈਕਚਰ ਦੇਣ ਦੇ ਸੱਦੇ ਠੁਕਰਾਉਣ ਦੀ ਸਮਰੱਥਾ ਦਿੰਦੀ ਹੈ।

ਇਹ ਸਹੂਲਤ ਨਾ ਸਿਰਫ 99 ਫੀਸਦੀ ਭਾਰਤੀਆਂ ਲਈ ਹਾਸਲ ਕਰਨੀ ਅਸੰਭਵ ਹੈ ਸਗੋਂ ਸਿਖਰਲੇ ਇਕ ਫੀਸਦੀ ਅਮੀਰ ਭਾਰਤੀ ਵੀ ਕਰੋਨਾ ਵਾਇਰਸ ਦੀ ਲਾਗ ਤੋਂ ਬਚਣ ਲਈ ਇੰਨਾ ਸਮਾਂ ਘਰੇ ਨਹੀਂ ਰਹਿ ਸਕਦੇ। ਜੇ ਉਨ੍ਹਾਂ ਦੀ ਕੰਮ ਵਾਲੀ ਥਾਂ ਖੁੱਲ੍ਹਦੀ ਹੈ ਤਾਂ ਉਨ੍ਹਾਂ ਨੂੰ ਕੰਮ ਤੇ ਜਾਣਾ ਪਵੇਗਾ। ਹੋਰਨਾਂ ਨੂੰ ਵੀ ਆਪਣੀਆਂ ਫੈਕਟਰੀਆਂ, ਦੁਕਾਨਾਂ, ਰੈਸਟੋਰੈਂਟ ਅਤੇ ਡੀਲਰਸ਼ਿਪਾਂ ਚਲਾਉਣ ਲਈ ਉਥੇ ਜਾਣਾ ਹੀ ਪਵੇਗਾ। ਸਿਰਫ ਸਿਰੇ ਦੇ ਅਮੀਰ ਹੀ ਆਪਣੇ ਆਪ ਨੂੰ ਪੂਰੀ ਤਰ੍ਹਾਂ ਇਕਾਂਤਵਾਸ ਕਰ ਸਕਦੇ ਹਨ। ਇਸੇ ਕਾਰਨ ਅੱਜਕੱਲ੍ਹ ਵੱਡੇ ਕਾਰਪੋਰੇਟਾਂ ਵੱਲੋਂ ਆਪਣੇ ਪਰਿਵਾਰਾਂ ਅਤੇ ਮੁਲਾਜ਼ਮਾਂ ਲਈ ਇਕਾਂਤਵਾਸ 'ਬਬਲਜ਼' (ਬੰਦ ਸੁਰੱਖਿਅਤ ਢਾਂਚੇ) ਤਿਆਰ ਕਰਵਾਏ ਜਾਣ ਵਰਗੀਆਂ ਗੱਲਾਂ ਸੁਣਨ ਨੂੰ ਮਿਲ ਰਹੀਆਂ ਹਨ। ਹੋਰ ਬਹੁਤ ਸਾਰੇ ਲੋਕ ਸ਼ਹਿਰਾਂ ਤੋਂ ਦੂਰ ਆਪਣੇ ਛੁੱਟੀਆਂ ਮਨਾਉਣ ਵਾਲੇ ਘਰਾਂ/ਫਾਰਮ ਹਾਊਸਾਂ ਆਦਿ ਰਹਿਣ ਲੱਗੇ ਹਨ। ਇਸੇ ਤਰ੍ਹਾਂ ਬਹੁਤ ਸਾਰੇ ਪ੍ਰਾਈਵੇਟ ਜਹਾਜ਼ਾਂ ਰਾਹੀਂ ਵਿਦੇਸ਼ੀ ਟਿਕਾਣਿਆਂ ਉਤੇ ਚਲੇ ਗਏ ਹਨ ਪਰ ਬਾਕੀਆਂ ਨੂੰ ਇਸ ਦੀ ਲਾਗ ਦੇ ਖਤਰੇ ਵਿਚ ਰਹਿਣਾ ਪਵੇਗਾ, ਭਾਵੇਂ ਉਹ ਸਰਦੇ-ਪੁੱਜਦੇ ਵੀ ਹੋਣ; ਤੇ ਇਸੇ ਨਾਲ ਸਾਰੀਆਂ ਗਿਣਤੀਆਂ-ਮਿਣਤੀਆਂ ਉਲਟ-ਪੁਲਟ ਹੋ ਜਾਂਦੀਆਂ ਹਨ।

ਹੁਣ ਤੱਕ ਭਾਰਤੀ ਅਮੀਰ ਜਮਾਤ ਨੂੰ ਭਰੋਸਾ ਸੀ ਕਿ ਉਨ੍ਹਾਂ ਕੋਲ ਵਾਧੂ ਪੈਸਾ ਅਤੇ ਪਹੁੰਚ ਹੋਣ ਕਾਰਨ ਉਹ ਕੋਵਿਡ ਹੋਣ ਉੱਤੇ ਆਸਾਨੀ ਨਾਲ ਕਿਸੇ ਹਸਪਤਾਲ ਵਿਚ ਬੈੱਡ ਅਤੇ ਇਲਾਜ ਹਾਸਲ ਕਰ ਲੈਣਗੇ। ਸਾਡਾ ਬਹੁਤਾ ਦਾਰੋਮਦਾਰ ਪ੍ਰਾਈਵੇਟ ਹਸਪਤਾਲਾਂ ਉਤੇ ਸੀ ਜਿਨ੍ਹਾਂ ਵਿਚ ਵੱਖਰੇ ਤੇ ਪੂਰੀਆਂ ਸਹੂਲਤਾਂ ਨਾਲ ਲੈਸ ਕਮਰੇ ਹੁੰਦੇ ਹਨ; ਜਿਥੇ ਸੰਭਾਲ ਲਈ ਨਰਸਾਂ ਦੀ ਬਹੁਤਾਤ ਹੈ ਅਤੇ ਨਾਲ ਹੀ ਮਹਿਜ਼ ਇਕ ਕਾਲ ਤੇ ਮਾਹਿਰ ਡਾਕਟਰ ਪੁੱਜ ਜਾਂਦੇ ਹਨ। ਅਸੀਂ ਸਾਰਿਆਂ ਨੇ ਵੱਡੇ ਵੱਡੇ ਮੈਡੀਕਲ ਬੀਮਾ ਪੈਕੇਜਾਂ ਵਿਚ ਰਕਮਾਂ ਲਾਈਆਂ ਹੋਈਆਂ ਹਨ ਕਿਉਂਕਿ ਅਸੀਂ ਜਾਣਦੇ ਹਾਂ ਕਿ ਭਾਰਤ ਵਿਚ ਸਿਹਤ ਸਹੂਲਤਾਂ ਕਾਫੀ ਮਹਿੰਗੀਆਂ ਹਨ।

ਭਾਰਤ ਵਿਚ ਜਨਤਕ ਸਿਹਤ ਢਾਂਚੇ ਦੀ ਅਸਲ ਹਾਲਤ ਦੀ ਅਸੀਂ ਕਦੇ ਪ੍ਰਵਾਹ ਹੀ ਨਹੀਂ ਕੀਤੀ। ਸਰਕਾਰ ਵੱਲੋਂ ਸਿਹਤ ਸਹੂਲਤਾਂ ਲਈ ਬਹੁਤ ਘੱਟ ਖਰਚ ਕੀਤੇ ਜਾਣ ਦੀ ਚਰਚਾ ਭਾਵੇਂ ਸ਼ਰਾਬ ਦੀਆਂ ਪਾਰਟੀਆਂ ਵਿਚ ਤਾਂ ਹੁੰਦੀ ਹੈ ਪਰ ਅਸੀਂ ਇਸ ਗੱਲ ਦੀ ਕਦੇ ਵੀ ਕੋਈ ਚਿੰਤਾ ਨਹੀਂ ਕੀਤੀ ਕਿ ਮੁਲਕ ਵਿਚ ਹਜ਼ਾਰਾਂ ਲੋਕ ਹਰ ਸਾਲ ਆਮ ਇਲਾਜਯੋਗ ਬਿਮਾਰੀਆਂ ਦਾ ਵੀ ਇਲਾਜ ਨਾ ਹੋ ਸਕਣ ਕਾਰਨ ਮੌਤ ਦੇ ਮੂੰਹ ਜਾ ਪੈਂਦੇ ਹਨ। ਉਹ ਇਸ ਕਾਰਨ ਜਾਨ ਗੁਆ ਬਹਿੰਦੇ ਹਨ ਕਿਉਂਕਿ ਉਨ੍ਹਾਂ ਦੀ ਡਾਕਟਰਾਂ, ਇਲਾਜ ਤੇ ਹਸਪਤਾਲ ਦੇ ਬੈੱਡ ਤੱਕ ਪਹੁੰਚ ਨਹੀਂ ਹੁੰਦੀ ਜਾਂ ਉਹ ਇਲਾਜ ਤੇ ਦਵਾਈਆਂ ਦਾ ਖਰਚਾ ਨਹੀਂ ਉਠਾ ਸਕਦੇ।

ਇਸ ਗੱਲ ਦਾ ਪਤਾ ਇਨ੍ਹਾਂ ਕੁਝ ਕੁ ਅੰਕੜਿਆਂ ਨੂੰ ਦੇਖ ਕੇ ਲੱਗ ਜਾਂਦਾ ਹੈ। ਭਾਰਤ ਵਿਚ 1.38 ਅਰਬ ਲੋਕਾਂ ਲਈ ਮਹਿਜ਼ 12 ਲੱਖ ਰਜਿਸਟਰਡ ਡਾਕਟਰ ਹਨ। ਇਸ ਤਰ੍ਹਾਂ ਅਨੁਪਾਤ ਇਕ ਡਾਕਟਰ ਪਿੱਛੇ 1150 ਲੋਕਾਂ ਦਾ ਬਣਦਾ ਹੈ। ਇਹ ਸੰਸਾਰ ਸਿਹਤ ਸੰਸਥਾ (ਡਬਲਿਊ.ਐਚ.ਓ.) ਦੇ ਸਿਫਾਰਸ਼ਸ਼ੁਦਾ ਅੰਕੜੇ ਇਕ ਹਜ਼ਾਰ ਲੋਕਾਂ ਪਿੱਛੇ ਇਕ ਡਾਕਟਰ ਦੇ ਕਾਫੀ ਕਰੀਬ ਹੈ ਪਰ ਅਹਿਮ ਗੱਲ ਇਹ ਹੈ ਕਿ ਇਨ੍ਹਾਂ ਡਾਕਟਰਾਂ ਵਿਚੋਂ ਬਹੁਤੇ ਪ੍ਰਾਈਵੇਟ ਖੇਤਰ ਵਿਚ ਕੰਮ ਕਰਦੇ ਹਨ ਅਤੇ ਉਨ੍ਹਾਂ ਦੀ ਬਹੁਗਿਣਤੀ ਸ਼ਹਿਰਾਂ ਤੇ ਕਸਬਿਆਂ ਵਿਚ ਰਹਿੰਦੀ ਹੈ। ਜਦੋਂ ਗੱਲ ਗਰੀਬਾਂ ਦੀ ਆਉਂਦੀ ਹੈ ਜਿਨ੍ਹਾਂ ਨੂੰ ਜਨਤਕ ਸਿਹਤ ਸੇਵਾਵਾਂ ਉਤੇ ਨਿਰਭਰ ਰਹਿਣਾ ਪੈਂਦਾ ਹੈ, ਤਾਂ ਇਹ ਅੰਕੜਾ 12500 ਲੋਕਾਂ ਪਿੱਛੇ ਇਕ ਡਾਕਟਰ ਤੱਕ ਜਾ ਪੁੱਜਦਾ ਹੈ। ਅਧਿਐਨਾਂ ਵਿਚ ਸਾਹਮਣੇ ਆਇਆ ਹੈ ਕਿ 39 ਫੀਸਦੀ ਭਾਰਤੀਆਂ ਨੂੰ ਮੌਤ ਤੋਂ ਪਹਿਲਾਂ ਕੋਈ ਵੀ ਡਾਕਟਰੀ ਸਹੂਲਤ ਨਹੀਂ ਮਿਲਦੀ। ਇਨ੍ਹਾਂ ਵਿਚੋਂ ਬਹੁਤੇ ਇਸ ਕਾਰਨ ਕਿਸੇ ਮੈਡੀਕਲ ਸਹੂਲਤ ਤੋਂ ਵਾਂਝੇ ਰਹਿ ਜਾਂਦੇ ਹਨ ਕਿਉਂਕਿ ਉਨ੍ਹਾਂ ਦੇ ਘਰ ਦੇ ਕਰੀਬ ਕੋਈ ਡਾਕਟਰ/ਸਿਹਤ ਕਰਮੀ ਨਹੀਂ ਹੁੰਦਾ ਅਤੇ ਬਾਕੀ ਇਸ ਕਾਰਨ ਕਿ ਉਹ ਇਲਾਜ ਦਾ ਖਰਚ ਨਹੀਂ ਉਠਾ ਸਕਦੇ।

ਜਦੋਂ ਹਾਲਾਤ ਬਿਲਕੁੱਲ ਬੇਕਾਬੂ ਹੋ ਜਾਂਦੇ ਹਨ ਤਾਂ ਇਨ੍ਹਾਂ ਗਰੀਬਾਂ ਨੂੰ ਇਲਾਜ ਲਈ ਕਰਜ਼ਾ ਲੈਣਾ ਪੈਂਦਾ ਹੈ ਅਤੇ ਆਪਣੇ ਪਿੰਡ ਤੇ ਘਰ-ਦਰ ਛੱਡ ਕੇ ਸ਼ਹਿਰ ਦੇ ਹਸਪਤਾਲਾਂ ਦੇ ਬਾਹਰ ਡੇਰੇ ਲਾਉਣੇ ਪੈਂਦੇ ਹਨ। ਉਥੇ ਦਲਾਲ ਕਿਸਮ ਦੇ ਲੋਕ ਡਾਕਟਰਾਂ ਨਾਲ ਸੰਪਰਕ ਕਰਾਉਣ ਤੇ ਫਾਰਮ ਭਰਾਉਣ ਆਦਿ ਲਈ ਮਦਦ ਦੇ ਨਾਂ ਤੇ ਉਨ੍ਹਾਂ ਨੂੰ ਲੁੱਟ ਕੇ ਜੇਬਾਂ ਭਰਦੇ ਹਨ। ਹਸਪਤਾਲਾਂ ਵਿਚ ਫਾਰਮੇਸੀਆਂ ਨੇੜੇ ਆਮ ਹੀ ਅਨਪੜ੍ਹ ਲੋਕ ਖੜ੍ਹੇ ਮਿਲ ਜਾਂਦੇ ਹਨ ਤਾਂ ਕਿ ਡਾਕਟਰੀ ਪਰਚੀ ਪੜ੍ਹਨ ਤੇ ਸਮਝਣ ਵਿਚ ਕੋਈ ਉਨ੍ਹਾਂ ਦੀ ਮਦਦ ਕਰ ਸਕੇ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਛੋਟੇ ਪ੍ਰਾਈਵੇਟ ਹਸਪਤਾਲਾਂ ਵੱਲੋਂ ਇਸ ਕਾਰਨ ਪੂਰੇ ਇਲਾਜ ਤੋਂ ਬਿਨਾਂ ਹੀ ਛੁੱਟੀ ਦੇ ਦਿੱਤੀ ਗਈ ਹੁੰਦੀ ਹੈ ਕਿਉਂਕਿ ਉਨ੍ਹਾਂ ਕੋਲ ਪੈਸੇ ਮੁੱਕ ਗਏ ਹੁੰਦੇ ਹਨ।

ਦਰਅਸਲ ਮੈਡੀਕਲ ਇਲਾਜ ਵਾਸਤੇ ਲਏ ਕਰਜ਼ੇ, ਭਾਰਤੀਆਂ ਦੇ ਬੁਰੀ ਤਰ੍ਹਾਂ ਕਰਜ਼ਿਆਂ ਵਿਚ ਫਸੇ ਹੋਣ ਦਾ ਵੱਡਾ ਕਾਰਨ ਹਨ। 2019 ਵਿਚ ਹੋਏ ਇਕ ਅਧਿਐਨ ਵਿਚ ਸਾਹਮਣੇ ਆਇਆ ਸੀ ਕਿ 5.50 ਕਰੋੜ ਭਾਰਤ ਵਾਸੀ ਇਸ ਕਾਰਨ ਗ਼ਰੀਬੀ ਵਿਚ ਗਰਕ ਗਏ, ਕਿਉਂਕਿ ਉਨ੍ਹਾਂ ਡਾਕਟਰੀ ਇਲਾਜ ਲਈ ਕਰਜ਼ ਲਿਆ ਸੀ। ਇਹ ਵਿਆਪਕ ਮੁੱਦਾ ਹੈ ਪਰ ਇਸ ਵੱਲ ਭਾਰਤ ਦੀ ਕਿਸੇ ਸਰਕਾਰ ਨੇ ਹੁਣ ਤੱਕ ਕੋਈ ਤਵੱਜੋ ਨਹੀਂ ਦਿੱਤੀ। ਸਾਡੀ ਸਰਕਾਰੀ ਰਣਨੀਤੀ 1990ਵਿਆਂ ਤੋਂ ਹੀ ਸਿਹਤ ਵਿਚ, ਜਨਤਕ ਖਰਚੇ ਦੀ ਕੀਮਤ ਤੇ, ਪ੍ਰਾਈਵੇਟ ਖੇਤਰ ਦੇ ਨਿਵੇਸ਼ ਨੂੰ ਹੱਲਾਸ਼ੇਰੀ ਦੇਣ ਵਾਲੀ ਰਹੀ ਹੈ ਪਰ ਇਹ ਲਗਭਗ ਸਾਰਾ ਹੀ ਨਿਵੇਸ਼ ਵੱਡੇ ਸ਼ਹਿਰਾਂ ਵਿਚ ਕੇਂਦਰਿਤ ਹੈ ਜਿਥੇ ਹਸਪਤਾਲ ਖੁੰਬਾਂ ਵਾਂਗ ਉੱਗੇ ਹੋਏ ਹਨ।

ਪ੍ਰਾਈਵੇਟ ਸਿਹਤ ਸੰਭਾਲ ਦੇ ਨਾਲ ਹੀ ਮੈਡੀਕਲ ਬੀਮਾ ਸਨਅਤ ਵੀ ਖੂਬ ਵਧੀ-ਫੁੱਲੀ ਹੈ। ਤਰਕ ਇਹ ਹੈ ਕਿ ਖਪਤਕਾਰ ਵਸਤੂ ਵਾਂਗ ਹੀ ਮੈਡੀਕਲ ਦੇ ਸਾਲਾਨਾ ਪ੍ਰੀਮੀਅਮ ਵਜੋਂ ਮੈਡੀਕਲ ਖਰਚ ਦੀ ਅਦਾਇਗੀ ਕਰਨਗੇ, ਨਿਸਬਤ ਇਸ ਦੇ ਕਿ ਸਰਕਾਰ ਸਾਰਿਆਂ ਦੀ ਸਿਹਤ ਸੰਭਾਲ ਯਕੀਨੀ ਬਣਾਵੇ। ਇਥੋਂ ਤੱਕ ਕਿ ਮੋਦੀ ਸਰਕਾਰ ਨੇ ਵੀ ਜਨਤਕ ਖਰਚ ਰਾਹੀਂ ਸਿਹਤ ਬੁਨਿਆਦੀ ਢਾਂਚਾ ਉਸਾਰਨ ਦੀ ਥਾਂ ਜ਼ਿਆਦਾ ਡੋਰਾਂ ਮੈਡੀਕਲ ਬੀਮੇ ਉਤੇ ਹੀ ਸੁੱਟੀਆਂ ਹੋਈਆਂ ਹਨ।

ਬਿਨਾਂ ਸ਼ੱਕ ਮੁਲਕ ਦੇ ਸ਼ਹਿਰੀ ਉੱਚ ਮੱਧ ਵਰਗ ਦੀ 30 ਸਾਲ ਪਹਿਲਾਂ ਦੇ ਮੁਕਾਬਲੇ ਅੱਜ ਸਿਹਤ ਸਹੂਲਤਾਂ ਤੱਕ ਬਿਹਤਰ ਰਸਾਈ ਹੈ। ਅੱਜ ਸਕੈਨ, ਐਮਆਰਆਈ ਜਾਂ ਹੋਰ ਟੈਸਟ ਕਰਾਉਣੇ ਬਹੁਤ ਆਸਾਨ ਹੋ ਗਏ ਹਨ। ਅੱਜ ਭਾਰਤ ਦੇ ਮੋਹਰੀ ਹਸਪਤਾਲਾਂ ਵਿਚ ਸਰਜਨਾਂ ਕੋਲ ਸਿਰੇ ਦਾ ਅਤਿ-ਆਧੁਨਿਕ ਸਾਜ਼ੋ-ਸਾਮਾਨ ਹੁੰਦਾ ਹੈ ਅਤੇ ਉਹ ਆਪਣੇ ਮਰੀਜ਼ਾਂ ਦੀਆਂ ਬਹੁਤ ਹੀ ਨਾਜ਼ੁਕ ਜਾਨ-ਬਚਾਊ ਅੰਗ-ਬਦਲੀਆਂ ਕਰ ਸਕਦੇ ਹਨ। ਅਜਿਹੇ ਅਤਿ-ਆਧੁਨਿਕ ਮੈਡੀਕਲ ਸਾਜ਼ੋ-ਸਾਮਾਨ ਤੇ ਸਹੂਲਤਾਂ ਦੀ ਸਮਰੱਥਾ ਇਸ ਹਿਸਾਬ ਨਾਲ ਰੱਖੀ ਜਾਂਦੀ ਹੈ ਕਿ ਕਿਸੇ ਖਾਸ ਮੌਕੇ ਕਿੰਨੇ ਕੁ ਵੱਡੇ ਸਰਮਾਏਦਾਰ ਲੋਕਾਂ ਨੂੰ ਇਨ੍ਹਾਂ ਦੀ ਜ਼ਰੂਰਤ ਪੈ ਸਕਦੀ ਹੈ।

ਇਸ ਦੇ ਬਾਵਜੂਦ ਕਿਸੇ ਨੇ ਵੀ ਉਸ ਵਾਇਰਸ ਨਾਲ ਲੜਨ ਲਈ ਕੋਈ ਢੁਕਵੇਂ ਬੰਦੋਬਸਤ ਨਹੀਂ ਕੀਤੇ ਜਿਸ ਦੇ ਟਾਕਰੇ ਲਈ ਕਿਸੇ ਵੀ ਮਹਿੰਗੇ ਸਾਜ਼ੋ-ਸਾਮਾਨ, ਦਵਾਈਆਂ ਜਾਂ ਹੋਰ ਸਿਹਤ ਬੰਦੋਬਸਤ ਦੀ ਲੋੜ ਨਹੀਂ ਹੈ। ਚੋਟੀ ਦੇ ਸਾਰੇ ਹੀ ਡਾਕਟਰ ਮੰਨਦੇ ਹਨ ਕਿ ਕੋਵਿਡ ਦੇ ਟਾਕਰੇ ਲਈ ਕੁੱਲ ਮਿਲਾ ਕੇ ਮੁਕਾਬਲਤਨ ਕੁਝ ਕੁ ਬਹੁਤ ਸਸਤੇ ਇਲਾਜ ਬਦਲਾਂ ਦੀ ਲੋੜ ਪੈਂਦੀ ਹੈ। ਇਨ੍ਹਾਂ ਵਿਚੋਂ ਪਹਿਲੀ ਦਵਾਈ ਹੈ ਬੁਖਾਰ ਉਤਾਰਨ ਲਈ ਪੈਰਾਸਿਟਾਮੋਲ। ਦੂਜੀ ਅਤੇ ਸਭ ਤੋਂ ਅਹਿਮ ਹੈ ਆਕਸੀਜਨ। ਤੀਜੀ ਤੇ ਬਿਲਕੁਲ ਸਸਤੀ ਹੈ ਡੈਕਸਾਮੀਥਾਸੋਨ ਨਾਮੀ ਸਟੀਰਾਇਡ ਜਿਹੜੀ ਉਨ੍ਹਾਂ ਨੂੰ ਦਿੱਤੀ ਜਾਂਦੀ ਹੈ ਜੋ ਪਹਿਲਾਂ ਹੀ ਆਕਸੀਜਨ ਤੇ ਹੁੰਦੇ ਹਨ। ਚੌਥੀ ਹੈ ਖੂਨ ਪਤਲਾ ਕਰਨ ਵਾਲੀ ਦਵਾਈ ਜੋ ਭਾਰਤ ਵਿਚ ਸੌਖਿਆਂ ਹੀ ਮਿਲ ਜਾਂਦੀ ਹੈ। ਅਖੀਰ ਕੁਝ ਕੁ ਮਾਮਲਿਆਂ ਵਿਚ ਰੈਮਡੇਸਿਵਿਰ ਦੀ ਲੋੜ ਪੈ ਸਕਦੀ ਹੈ ਤਾਂ ਕਿ ਹਸਪਤਾਲ ਵਿਚ ਦਾਖਲ ਰਹਿਣ ਦੀ ਮੁੱਦਤ ਘਟਾਈ ਜਾ ਸਕੇ।

ਕੋਵਿਡ ਨੇ ਸਾਨੂੰ ਇਹ ਸਿਖਾਇਆ ਤੇ ਦਿਖਾਇਆ ਹੈ ਕਿ ਸਾਨੂੰ ਲੋੜ ਹੈ ਅਜਿਹੇ ਸਿਹਤ ਢਾਂਚੇ ਦੀ, ਜਿਸ ਰਾਹੀਂ ਸਾਰਿਆਂ ਦਾ ਸਰਕਾਰੀ ਸਹਾਇਤਾ ਨਾਲ ਸਸਤਾ ਇਲਾਜ ਹੋ ਸਕੇ। ਸਾਨੂੰ ਸਭ ਤੋਂ ਵੱਡੀ ਲੋੜ ਸੀ ਵੱਡੇ ਪੱਧਰ ਤੇ 'ਆਕਸੀਜਨ ਬੈੱਡਾਂ' ਵਾਲੇ ਹਸਪਤਾਲਾਂ ਦੀ ਅਤੇ ਵਧੀਆ ਤਨਖਾਹਾਂ ਵਾਲੇ ਸਰਕਾਰੀ ਡਾਕਟਰਾਂ ਦੀ, ਜਿਹੜੇ ਮਰੀਜ਼ ਦੀ ਲੋੜ ਮੁਤਾਬਕ ਤਰਜੀਹੀ ਆਧਾਰ ਉਤੇ ਇਹ ਤੈਅ ਕਰਦੇ ਕਿ ਕਿਸ ਮਰੀਜ਼ ਨੂੰ ਕਦੋਂ ਤੇ ਕਿੰਨੀ ਸੰਭਾਲ ਦੀ ਲੋੜ ਹੈ। ਸਾਡੇ ਮੁਲਕ ਵਿਚ ਇਸ ਸਿਹਤ ਢਾਂਚੇ ਤੇ ਸਹੂਲਤਾਂ ਦੀ ਕਮੀ ਹੀ ਸਾਡੇ ਅੱਗੇ ਵਾਪਰ ਰਹੀ ਇਸ ਕੋਵਿਡ ਤ੍ਰਾਸਦੀ ਦਾ ਵੱਡਾ ਕਾਰਨ ਹੈ। ਕਿਸੇ ਮੈਡੀਕਲ ਬੀਮੇ ਦੀ ਵੱਡੀ ਤੋਂ ਵੱਡੀ ਰਕਮ ਅਤੇ ਸਿਖਰਲੇ ਤੋਂ ਸਿਖਰਲਾ ਅਤਿ-ਆਧੁਨਿਕ ਸਾਜ਼ੋ-ਸਾਮਾਨ ਵੀ ਇਸ ਸੰਕਟ ਦਾ ਟਾਕਰਾ ਨਹੀਂ ਕਰ ਸਕਦਾ। ਇਹ ਭਾਰਤ ਦੀ ਨੀਤੀ-ਘਾੜੀ, ਨੀਤੀਆਂ ਨੂੰ ਪ੍ਰਭਾਵਿਤ ਕਰਨ ਵਾਲੀ, ਵਖਿਆਨ ਤੈਅ ਕਰਨ ਵਾਲੀ ਜਮਾਤ ਅਤੇ ਅਮੀਰ ਮੱਧ ਵਰਗ ਲਈ ਚਿਤਾਵਨੀ ਹੈ ਕਿ ਉਹ ਇਸ ਪਾਸੇ ਧਿਆਨ ਦੇਵੇ।

# ਹੁਣ ਸੰਕਟਾਂ ਵਿਚ ਘਿਰਨ ਲੱਗੀ ਮੋਦੀ ਸਰਕਾਰ

ਭਾਰਤੀ ਜਨਤਾ ਪਾਰਟੀ ਨੇ ਬੰਗਾਲ ਦੀਆਂ ਚੋਣਾਂ ਹੀ ਨਹੀਂ ਹਾਰੀਆਂ ਸਗੋਂ ਇਸ ਦੀ ਕੇਂਦਰੀ ਲੀਡਰਸ਼ਿਪ ਅਤੇ ਸਰਕਾਰ ਲਈ ਦੇਸ਼ ਲਈ ਚੁਣੌਤੀਆਂ ਬਣੇ ਸੰਕਟਾਂ ਦਾ ਪ੍ਰਬੰਧ ਕਰਨ ਸਬੰਧੀ ਉਸ ਦੀ ਸਮਰੱਥਾ ਦੇ ਹੋਏ ਨੁਕਸਾਨ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸੰਕਟ ਕਿੰਨੇ ਬਹੁਮੁਖੀ ਅਤੇ ਜ਼ਬਰਦਸਤ ਹਨ, ਹੌਲੀ-ਹੌਲੀ ਇਸ ਦਾ ਅੰਦਾਜ਼ਾ ਲੱਗਣ ਲੱਗਾ ਹੈ। ਭਾਜਪਾ ਸਰਕਾਰ ਦੇ ਆਲੋਚਕ ਇਨ੍ਹਾਂ ਸੰਕਟਾਂ ਬਾਰੇ ਪਹਿਲਾਂ ਤੋਂ ਚਰਚਾ ਕਰ ਰਹੇ ਸਨ ਪਰ ਹੁਣ

**ਅਭੈ ਕੁਮਾਰ ਦੂਬੇ**

ਭਾਜਪਾ ਦੇ ਸਮਰਥਕਾਂ ਅਤੇ ਕੇਂਦਰੀ ਮੰਤਰੀ ਮੰਡਲ ਦੇ ਮੈਂਬਰਾਂ ਨੂੰ ਵੀ ਅਜਿਹਾ ਲੱਗਣ ਲੱਗਾ ਹੈ, ਜੇਕਰ ਸਰਕਾਰ ਅਤੇ ਉਸ ਦੇ ਨੇਤਾ ਦੀ ਸਾਖ ਡਿਗਣ ਲੱਗੇ ਤਾਂ ਉਸ ਨੂੰ ਸੰਕਟ ਦੇ ਵਿਕਰਾਲ ਹੋਣ ਦੀ ਸ਼ੁਰੂਆਤ ਮੰਨਣਾ ਚਾਹੀਦਾ ਹੈ। ਸੰਕਟ ਦਾ ਪਹਿਲਾ ਅਤੇ ਸਭ ਤੋਂ ਵੱਡਾ ਮੁਕਾਮ ਹੈ ਕੋਵਿਡ ਮਹਾਮਾਰੀ ਨਾਲ ਨਿਪਟਣ ਵਿਚ ਸਰਕਾਰ ਦੀ ਨਾਕਾਮੀ। ਬੰਗਾਲ ਦੀ ਰਾਜਸੀ ਅਸਫਲਤਾ ਉਸ ਸਮੇਂ ਬਹੁਤ ਵੱਡੀ ਲੱਗਣ ਲੱਗੀ, ਜਦੋਂ ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਦੇ ਰਾਜਸੀ ਸਿੱਟਿਆਂ 'ਤੇ ਨਜ਼ਰ ਮਾਰੀ ਜਾਂਦੀ ਹੈ। ਇਕ ਖੋਜ ਅਧਿਐਨ ਅਨੁਸਾਰ ਹਸਪਤਾਲਾਂ ਵਿਚ ਬਿਸਤਰੇ ਨਾ ਮਿਲ ਸਕਣ, ਆਕਸੀਜਨ ਸਿਲੰਡਰਾਂ ਅਤੇ ਕੋਵਿਡ ਨਾਲ ਲੜਨ ਵਾਲੀਆਂ ਦਵਾਈਆਂ ਵਿਚ ਕਮੀ ਹੋਣ ਕਾਰਨ ਨਰਿੰਦਰ ਮੋਦੀ ਦੀ ਲੋਕਪ੍ਰਿਅਤਾ ਵਿਚ 13 ਫੀਸਦੀ ਦੀ ਕਮੀ ਆ ਚੁੱਕੀ ਹੈ। ਇਸ ਅਧਿਐਨ ਦਾ ਅੰਦਾਜ਼ਾ ਹੈ ਕਿ ਪਿਛਲੇ ਸਾਲ ਭਾਰਤ ਵਿਚ ਮੱਧ ਵਰਗ ਦੇ ਵਧਣ ਦੀ ਰਫਤਾਰ ਨਾ ਸਿਰਫ ਰੁਕ ਗਈ ਸਗੋਂ ਉਸ ਦਾ ਆਕਾਰ ਸੁੰਗੜਦਾ ਗਿਆ। ਕਰੀਬ 3 ਕਰੋੜ 20 ਲੱਖ ਲੋਕ ਮੱਧ ਵਰਗ ਤੋਂ ਨਿਮਨ ਵਰਗ ਵਿਚ ਆ ਗਏ। ਇਹ ਸਰਵੇਖਣ ਇਹ ਨਹੀਂ ਦੱਸਦਾ ਕਿ ਨਿਮਨ ਵਰਗ ਤੋਂ ਕਿੰਨੇ ਲੋਕ ਡਿਗ ਕੇ ਗਰੀਬੀ ਰੇਖਾ ਨੇੜੇ ਪਹੁੰਚ ਚੁੱਕੇ ਹਨ ਪਰ ਇਸ ਤੋਂ ਏਨਾ ਜ਼ਰੂਰ ਪਤਾ ਲਗਦਾ ਹੈ ਕਿ ਭਾਰਤ ਵਿਚ ਕਰੋਨਾ ਕਾਰਨ ਲਾਗੂ ਤਾਲਾਬੰਦੀ ਕਾਰਨ ਔਸਤ ਪਰਿਵਾਰਕ ਆਮਦਨ ਪਿਛਲੇ ਸਾਲ ਦੇ ਮੁਕਾਬਲੇ 12 ਫੀਸਦੀ ਘੱਟ ਹੋ ਗਈ ਹੈ।

ਜ਼ਾਹਰ ਹੈ ਕਿ ਅੰਕੜਿਆਂ ਰਾਹੀਂ ਵਿਸ਼ਲੇਸ਼ਣ ਦੀ ਇਕ ਹੱਦ ਹੁੰਦੀ ਹੈ ਪਰ ਉਨ੍ਹਾਂ ਤੋਂ ਸਪਸ਼ਟ ਇਸ਼ਾਰਾ ਤਾਂ ਮਿਲਦਾ ਹੀ ਹੈ। ਇਸੇ ਇਸ਼ਾਰੇ ਨੂੰ ਹੋਰ ਮਜ਼ਬੂਤ ਕਰਦਿਆਂ ਪ੍ਰੋ. ਸੰਜੇ ਕੁਮਾਰ ਦਾ ਕਹਿਣਾ ਹੈ ਕਿ ਮੋਦੀ ਨੇ ਲੋਕਾਂ ਨੂੰ ਬਹੁਤ ਨਿਰਾਸ਼ ਕੀਤਾ ਹੈ, ਇਨ੍ਹਾਂ ਵਿਚ ਮੱਧ ਵਰਗ ਦਾ ਬਹੁਤ ਵੱਡਾ ਹਿੱਸਾ ਸ਼ਾਮਿਲ ਹੈ। ਪ੍ਰਧਾਨ ਮੰਤਰੀ ਦੇ ਕੰਮ ਨੂੰ ਨਾਪਸੰਦ ਕਰਨ ਵਾਲਿਆਂ ਦੀ ਗਿਣਤੀ ਅਗਸਤ-2019 ਵਿਚ 12 ਫੀਸਦੀ ਦੇ ਮੁਕਾਬਲੇ ਇਸ ਸਾਲ ਅਪਰੈਲ ਵਿਚ ਵਧ ਕੇ 28 ਫੀਸਦੀ ਹੋ ਗਈ ਹੈ। ਸੰਜੇ ਕੁਮਾਰ ਅਨੁਸਾਰ ਮੋਦੀ ਨੇ ਸੰਕਟ 'ਤੇ ਜ਼ਿਆਦਾ ਧਿਆਨ ਨਹੀਂ ਦਿੱਤਾ ਅਤੇ ਲੋਕਾਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਦਿੱਤਾ। ਅਗਸਤ 2019 ਤੋਂ ਜਨਵਰੀ 2021 ਦਰਮਿਆਨ ਮੋਦੀ ਦੀ ਲੋਕਪ੍ਰਿਅਤਾ 80 ਫੀਸਦੀ ਦੇ ਕਰੀਬ ਸੀ। ਅਪਰੈਲ ਆਉਂਦੇ-ਆਉਂਦੇ ਇਹ 67 ਫੀਸਦੀ ਰਹਿ ਗਈ ਹੈ।

ਸਰਵੇਖਣਾਂ ਤੋਂ ਹਟ ਕੇ ਮਾਹਰਾਂ ਦੀ ਰਾਇ 'ਤੇ ਗੌਰ ਕਰਨਾ ਵੀ ਜ਼ਰੂਰੀ ਹੈ। ਲੈਂਸੇਟ ਅਜਿਹੀ ਇਤਿਹਾਸਕ ਪੱਤ੍ਰਿਕਾ ਹੈ ਜਿਸ ਨੂੰ ਦੁਨੀਆ ਦੀਆਂ ਮਹੱਤਵਪੂਰਨ ਪੱਤ੍ਰਿਕਾਵਾਂ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਇਸ ਵਿਚ ਛਪਿਆ ਸੰਪਾਦਕੀ ਕਹਿੰਦਾ ਹੈ ਕਿ ਅਗਸਤ ਤੱਕ ਭਾਰਤ ਵਿਚ 10 ਲੱਖ ਮੌਤਾਂ ਹੋ ਚੁੱਕੀਆਂ ਹੋਣਗੀਆਂ, ਜੇਕਰ ਅਜਿਹਾ ਹੋਇਆ ਤਾਂ ਉਸ ਦੀ ਸਿੱਧੀ ਜ਼ਿੰਮੇਵਾਰੀ ਮੋਦੀ ਸਰਕਾਰ ਦੀ ਬਦਇੰਤਜ਼ਾਮੀ 'ਤੇ ਆਵੇਗੀ। ਇਹ ਅਜਿਹੀ ਰਾਸ਼ਟਰੀ ਆਫਤ ਹੈ ਜੋ ਮੋਦੀ ਸਰਕਾਰ ਵਲੋਂ ਆਪਣੇ ਉੱਪਰ ਆਪੇ ਥੋਪੀ ਗਈ ਹੈ। ਇਹ ਸੰਪਾਦਕੀ ਕਹਿੰਦਾ ਹੈ ਕਿ ਕਈ ਮਹੀਨਿਆਂ ਤੱਕ ਕਰੋਨਾ ਦੇ ਘੱਟ ਮਾਮਲੇ ਆਉਣ ਕਾਰਨ ਭਾਰਤ ਸਰਕਾਰ ਨੇ ਕਰੋਨਾ 'ਤੇ ਜਿੱਤ ਹਾਸਲ ਕਰਨ ਦਾ ਐਲਾਨ ਕਰ ਕੇ ਆਪਣੀ ਪਿੱਠ ਥਾਪੜਨੀ ਸ਼ੁਰੂ ਕਰ ਦਿੱਤੀ ਸੀ। ਮਹਾਮਾਰੀ ਦੀ ਦੂਜੀ ਲਹਿਰ ਦੇ ਸੰਕੇਤ ਫਰਵਰੀ ਤੋਂ ਮਿਲਣ ਲੱਗੇ ਸਨ ਪਰ ਕੇਂਦਰ ਸਰਕਾਰ ਨੇ ਅੱਖਾਂ ਮੀਚ ਛੱਡੀਆਂ। ਇਸ ਦਾ ਸਾਹਮਣਾ ਕਰਨ ਲਈ ਕੋਈ ਪੇਸ਼ਬੰਦੀ ਨਹੀਂ ਕੀਤੀ ਗਈ। ਲੋਕਾਂ ਦਾ ਇਲਾਜ ਕਰਨ ਦੀ ਬਜਾਇ ਸਰਕਾਰ ਦੀ ਦਿਲਚਸਪੀ ਇਸ ਗੱਲ ਵਿਚ ਜ਼ਿਆਦਾ ਹੈ ਕਿ ਸੋਸ਼ਲ ਮੀਡੀਆ ਤੋਂ ਉਸ ਦੀ ਆਲੋਚਨਾ ਨੂੰ ਕਿਵੇਂ ਹਟਾਇਆ ਜਾਵੇ।

ਕਹਿਣ ਦੀ ਲੋੜ ਨਹੀਂ ਕਿ ਮੋਦੀ ਸਰਕਾਰ ਦੇ 'ਭਗਤ' ਇਨ੍ਹਾਂ ਗੱਲਾਂ ਨੂੰ 'ਦੇਸ਼ ਨੂੰ ਬਦਨਾਮ ਕਰਨ ਦੀ ਸਾਜ਼ਿਸ਼' ਕਰਾਰ ਦੇ ਰਹੇ ਹਨ। ਪਰ



ਉਹ ਉਨ੍ਹਾਂ ਗੱਲਾਂ ਦਾ ਕੀ ਕਰਨਗੇ, ਜੋ ਖੁਦ ਮੋਦੀ ਸਰਕਾਰ ਵਿਚ ਸ਼ਾਮਿਲ ਲੋਕ ਕਹਿ ਰਹੇ ਹਨ। 'ਦਿ ਇੰਡੀਅਨ ਐਕਸਪ੍ਰੈੱਸ' ਵਿਚ ਛਪੀ ਰਵੀਸ਼ ਤਿਵਾੜੀ ਦੀ ਰਿਪੋਰਟ ਵਿਚ ਬਿਨਾਂ ਨਾਂ ਲਏ ਮੰਤਰੀਆਂ ਦੇ ਬਿਆਨਾਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਦੇ ਸੁਰਾਂ ਤੋਂ ਸਪਸ਼ਟ ਹੈ ਕਿ ਆਪਣੀ ਸਰਕਾਰ ਦੇ ਬਚਾਅ ਲਈ ਉਨ੍ਹਾਂ ਕੋਲ ਸ਼ਬਦ ਨਹੀਂ ਹਨ। ਆਰ.ਐਸ.ਐਸ. ਵਿਚ ਵੀ ਜ਼ਬਰਦਸਤ ਦੁਬਿਧਾ ਹੈ। ਹਾਲ ਹੀ ਵਿਚ ਸੰਘ ਦੀ ਦਿੱਲੀ ਇਕਾਈ ਦੇ ਇਕ ਮਹੱਤਵਪੂਰਨ ਮੈਂਬਰ ਨੇ ਆਪਣੇ ਇਕ ਟਵੀਟ ਵਿਚ ਦਿੱਲੀ ਦੀ ਭਾਜਪਾ ਨੂੰ ਇਸ ਗੱਲ ਲਈ ਝਾੜਿਆ ਸੀ ਕਿ ਜਦੋਂ ਚਾਰੇ ਪਾਸੇ ਅੱਗ ਲੱਗੀ ਹੋਈ ਹੈ ਤਾਂ ਭਾਜਪਾ ਦੇ ਨੇਤਾ ਸਾਹਿਬਾਨ ਦਿਖਾਈ ਨਹੀਂ ਦਿੰਦੇ। ਜ਼ਾਹਰ ਹੈ ਕਿ ਅਜਿਹੀ ਖਿੱਚੋਤਾਣ ਨੂੰ ਸਿਰਫ ਦਿੱਲੀ ਤੱਕ ਸੀਮਤ ਰੱਖਣਾ ਗਲਤ ਹੋਵੇਗਾ। ਸਥਿਤੀ ਇਹ ਹੈ ਕਿ ਭਾਜਪਾ ਦੇ ਨੇਤਾਵਾਂ ਦੇ ਘਰ ਜਦੋਂ ਫੋਨ ਵੱਜਦਾ ਹੈ ਤਾਂ ਉਹ ਡਰ ਜਾਂਦੇ ਹਨ। ਹਰ ਵਾਰ ਫੋਨ ਚੁੱਕਣ 'ਤੇ ਉਨ੍ਹਾਂ ਤੋਂ ਹਸਪਤਾਲਾਂ ਦੇ ਬੈੱਡ, ਆਕਸੀਜਨ ਅਤੇ ਵੈਂਟੀਲੇਟਰਾਂ ਦੀ ਮੰਗ ਕੀਤੀ ਜਾਂਦੀ ਹੈ। ਪਰ ਉਹ ਸਿਰਫ ਆਪਣੇ ਸਮਰਥਕਾਂ ਦੀਆਂ ਹੀ ਨਹੀਂ ਸਗੋਂ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਵੀ ਅਸਮਰੱਥ ਹਨ।

ਹੁਣ ਜ਼ਰਾ ਕੋਵਿਡ ਤੋਂ ਇਲਾਵਾ ਸੰਕਟ ਦੇ ਹੋਰਨਾਂ ਪਹਿਲੂਆਂ 'ਤੇ ਵੀ ਗ਼ੌਰ ਕਰਨਾ ਚਾਹੀਦਾ ਹੈ। ਭਾਜਪਾ ਵਲੋਂ ਬੰਗਾਲ ਚੋਣਾਂ ਹਾਰਦਿਆਂ ਹੀ ਦਿੱਲੀ ਨੂੰ ਘੇਰਾ ਪਾ ਕੇ ਬੈਠੇ ਅੰਦੋਲਨਕਾਰੀ ਕਿਸਾਨਾਂ ਵਿਚ ਜੋਸ਼ ਦੀ ਲਹਿਰ ਦੌੜ ਗਈ ਹੈ। ਕਿਸਾਨਾਂ ਦਾ ਇਕ ਵੱਡਾ ਜਥਾ ਆਪਣੇ ਟਰੈਕਟਰ ਲੈ ਕੇ ਦਿੱਲੀ ਪੁੱਜ ਚੁੱਕਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਿਸਾਨ ਅੰਦੋਲਨ ਨੇੜ-ਭਵਿੱਖ ਵਿਚ ਤਿੱਖੇ ਤੇਵਰਾਂ ਨਾਲ ਮੋਦੀ ਸਰਕਾਰ ਦਾ ਵਿਰੋਧ ਕਰਨ ਵਾਲਾ ਹੈ, ਜਿਸ ਸਮੇਂ ਬੰਗਾਲ ਵਿਚ ਚੋਣਾਂ ਹੋ ਰਹੀਆਂ ਸਨ, ਉਸੇ ਸਮੇਂ ਉੱਤਰ ਪ੍ਰਦੇਸ਼ ਵਿਚ ਪੰਚਾਇਤੀ ਚੋਣਾਂ ਚੱਲ ਰਹੀਆਂ ਸਨ। ਇਨ੍ਹਾਂ ਚੋਣਾਂ ਵਿਚ ਭਾਜਪਾ ਨੂੰ ਮਥਰਾ, ਅਯੁੱਧਿਆ ਅਤੇ ਵਾਰਾਨਸੀ ਵਰਗੇ ਆਪਣੇ ਗੜ੍ਹਾਂ ਵਿਚ ਭਾਰੀ ਨੁਕਸਾਨ ਝੱਲਣਾ ਪਿਆ ਹੈ। ਪੱਛਮੀ ਉੱਤਰ ਪ੍ਰਦੇਸ਼ ਵਿਚ ਮਰਹੂਮ ਅਜੀਤ ਸਿੰਘ ਦੇ ਸੰਗਠਨ ਨੇ ਭਾਜਪਾ ਨੂੰ ਸਖਤ ਟੱਕਰ ਦਿੱਤੀ ਹੈ। ਇਹ ਪੰਚਾਇਤੀ ਚੋਣਾਂ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਇਕ ਝਲਕ ਦੇ ਤੌਰ 'ਤੇ ਦੇਖੀਆਂ ਜਾ ਸਕਦੀਆਂ ਹਨ। ਆਮ ਆਦਮੀ ਪਾਰਟੀ ਨੇ ਵੀ ਪੰਚਾਇਤੀ ਚੋਣਾਂ ਵਿਚ ਪ੍ਰਭਾਵੀ ਟੱਕਰ ਦਿੱਤੀ ਹੈ। ਕਿਸਾਨ ਅੰਦੋਲਨ ਦਾ ਸਭ ਤੋਂ ਜ਼ਿਆਦਾ ਅਸਰ ਪੱਛਮੀ ਉੱਤਰ ਪ੍ਰਦੇਸ਼ 'ਤੇ ਪਵੇਗਾ। ਇਹ ਇਲਾਕਾ ਪਿਛਲੀਆਂ ਤਿੰਨ ਚੋਣਾਂ ਤੋਂ ਭਾਜਪਾ ਨੂੰ ਸਮਰਥਨ ਦੇ ਰਿਹਾ ਸੀ ਪਰ ਹੁਣ ਭਾਜਪਾ ਨੂੰ ਇਥੋਂ ਭਾਰੀ ਜੱਦੋ-ਜਹਿਦ ਕਰਨੀ ਪਵੇਗੀ।

ਉਧਰ ਥਲ ਸੈਨਾ ਮੁਖੀ ਨੇ ਮੰਨ ਲਿਆ ਹੈ ਕਿ ਚੀਨੀਆਂ ਨੇ ਸਰਹੱਦ 'ਤੇ ਤਿਆਰੀਆਂ ਫਿਰ ਸ਼ੁਰੂ ਕਰ ਦਿੱਤੀਆਂ ਹਨ। ਵਿਦੇਸ਼ ਨੀਤੀ ਦਾ ਇਹ ਪੱਖ ਭਾਜਪਾ ਸਰਕਾਰ ਦੇ ਗਲੇ ਦੀ ਹੱਡੀ ਬਣਿਆ ਹੋਇਆ ਹੈ। ਰਾਜਾਂ ਦੇ ਪੱਧਰ 'ਤੇ ਤਾਲਾਬੰਦੀ ਦੇ ਕਾਰਨ ਲੀਹੋਂ ਥਿੜਕਦੀ ਅਰਥਵਿਵਸਥਾ ਦੀ ਸਮੱਸਿਆ ਹਮੇਸ਼ਾ ਰਾਜਨੀਤੀ 'ਤੇ ਦੂਰਗਾਮੀ ਪ੍ਰਭਾਵ ਪਾਉਂਦੀ ਹੈ। ਇਸੇ ਲਈ ਸ੍ਰੀ ਮੋਦੀ ਦੇਸ਼ ਪੱਧਰੀ ਤਾਲਾਬੰਦੀ ਤੋਂ ਕੰਨੀ ਕਤਰਾਅ ਰਹੇ ਹਨ ਪਰ ਅਜਿਹਾ ਨਾ ਕਰਨ ਨਾਲ ਉਨ੍ਹਾਂ ਦੀ ਸਰਕਾਰ ਦਾ ਅਕਸ ਲੋਕਾਂ ਸਾਹਮਣੇ ਇਕ ਨਕਾਰਾ ਸਰਕਾਰ ਦੀ ਤਰ੍ਹਾਂ ਬਣਦਾ ਜਾ ਰਿਹਾ ਹੈ। ਕਹਿਣ ਦੀ ਲੋੜ ਨਹੀਂ ਕਿ ਮੋਦੀ ਸਾਹਮਣੇ ਇਕ ਪਾਸੇ ਖੂਹ ਹੈ ਤੇ ਦੂਜੇ ਪਾਸੇ ਖਾਈ ਹੈ।

---

# ਮੋਦੀ ਖਿਲਾਫ ਬੱਝ ਸਕਦਾ ਹੈ ਮੋਰਚਾ

2021 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਜਿਸ ਸੂਬੇ ਵੱਲ ਸਭ ਤੋਂ ਵੱਧ ਨੀਝ ਨਾਲ ਦੇਖਿਆ ਜਾ ਰਿਹਾ ਸੀ, ਉਹ ਹੈ ਪੱਛਮੀ ਬੰਗਾਲ ਜਿਥੇ ਕੇਂਦਰ ਦੀ ਹਾਕਮ ਭਾਜਪਾ ਨੂੰ ਬੁਰੀ ਤਰ੍ਹਾਂ ਮਾਤ ਦੇ ਕੇ ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ.) ਨੇ ਸੱਤਾ ਉਤੇ ਕਬਜ਼ਾ ਬਰਕਰਾਰ ਰੱਖਿਆ ਹੈ। ਇਸ ਦਾ ਸਿਹਰਾ ਤ੍ਰਿਣਮੂਲ ਮੁਖੀ ਅਤੇ ਦੋ ਵਾਰ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਜਾਂਦਾ ਹੈ ਜਿਸ ਨੇ ਬਹੁਤ ਹੌਸਲੇ ਨਾਲ ਜ਼ੋਰਦਾਰ ਸਿਆਸੀ ਲੜਾਈ ਲੜੀ। ਇਸ ਦੌਰਾਨ ਮਮਤਾ ਖੁਦ ਨੰਦੀਗ੍ਰਾਮ ਹਲਕੇ ਤੋਂ ਫਸਵੀਂ ਟੱਕਰ ਵਿਚ ਚੋਣ ਹਾਰ ਗਈ, ਕਿਉਂਕਿ ਉਸ ਦਾ ਮੁਕਾਬਲਾ

**ਰਾਧਿਕਾ ਰਾਮਾਸੇਸ਼ਨ**

ਉਥੇ ਆਪਣੇ ਹੀ ਲੰਮਾ ਸਮਾਂ ਅਤਿ ਕਰੀਬੀ ਰਹੇ ਸ਼ੁਵੇਂਦੂ ਅਧਿਕਾਰੀ ਨਾਲ ਸੀ ਜਿਸ ਦੇ ਪਰਿਵਾਰ ਦਾ ਇਸ ਜ਼ਿਲ੍ਹੇ ਵਿਚ ਲੰਮੇ ਸਮੇਂ ਤੋਂ ਦਬਦਬਾ ਹੈ। ਸ਼ੁਵੇਂਦੂ ਅਧਿਕਾਰੀ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਤ੍ਰਿਣਮੂਲ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਿਆ ਸੀ। ਉਸ ਨੇ ਚੋਣਾਂ ਵਿਚ ਤ੍ਰਿਣਮੂਲ ਨੂੰ ਬੁਰੀ ਤਰ੍ਹਾਂ ਹਰਾ ਦੇਣ ਦੀ ਚੁਣੌਤੀ ਦਿੱਤੀ ਸੀ ਜਿਸ ਨੂੰ ਮਮਤਾ ਨੇ ਸਵੀਕਾਰ ਕੀਤਾ ਸੀ।

ਚੋਣ ਅੰਦਾਜ਼ਿਆਂ (ਐਗਜ਼ਿਟ ਪੋਲ) ਵਿਚ ਭਾਵੇਂ ਦਾਅਵਾ ਕੀਤਾ ਗਿਆ ਸੀ ਕਿ ਤ੍ਰਿਣਮੂਲ ਅਤੇ ਭਾਜਪਾ ਦਰਮਿਆਨ ਮੁਕਾਬਲਾ ਕਾਫੀ ਕਰੀਬੀ ਰਹੇਗਾ ਪਰ ਇਨ੍ਹਾਂ ਦਾਅਵਿਆਂ ਦੇ ਉਲਟ ਤ੍ਰਿਣਮੂਲ ਨੇ ਆਪਣੀ ਕਰੀਬੀ ਵਿਰੋਧੀ ਭਾਜਪਾ ਨੂੰ ਬੁਰੀ ਤਰ੍ਹਾਂ ਪਛਾੜ ਦਿੱਤਾ ਅਤੇ ਇਸ ਦੀਆਂ ਸੀਟਾਂ ਦੀ ਗਿਣਤੀ ਪ੍ਰਸ਼ਾਂਤ ਕਿਸ਼ੋਰ ਦੀ ਪੇਸ਼ੀਨਗੋਈ ਮੁਤਾਬਕ ਦੋਹਰੇ ਅੰਕੜੇ ਤੋਂ ਪਾਰ ਨਾ ਪੁੱਜਣ ਦਿੱਤੀ। ਪ੍ਰਸ਼ਾਂਤ ਕਿਸ਼ੋਰ ਇਨ੍ਹਾਂ ਚੋਣਾਂ ਵਿਚ ਮਮਤਾ ਦੇ ਚੋਣ ਰਣਨੀਤੀ ਦੇ ਸਲਾਹਕਾਰ ਸਨ। ਭਾਜਪਾ ਦੀ ਮਾੜੀ ਕਾਰਗੁਜ਼ਾਰੀ ਨੇ ਪਾਰਟੀ ਦੇ ਚੋਟੀ ਦੇ ਆਗੂਆਂ ਦੇ 200 ਤੋਂ ਵੱਧ ਸੀਟਾਂ ਜਿੱਤ ਕੇ ਇਤਿਹਾਸ ਰਚਣ ਦੇ ਦਮਗਜ਼ਿਆਂ ਨੂੰ ਝੁਠਲਾ ਦਿੱਤਾ। ਚੋਣਾਂ ਦੌਰਾਨ ਭਾਜਪਾ ਦੀ ਏਜੰਡਾ ਤੈਅ ਕਰਨ ਵਾਲੀ ਸਰਗਰਮੀ ਆਧਾਰਿਤ ਅਤੇ ਜ਼ੋਰਦਾਰ ਪ੍ਰਚਾਰ ਮੁਹਿੰਮ ਦੇ ਉਲਟ ਤ੍ਰਿਣਮੂਲ ਦੀ ਚੋਣ ਮੁਹਿੰਮ ਪ੍ਰਤੀਕਿਰਿਆਤਮਕ, ਭਾਵ ਭਾਜਪਾ ਦੇ ਹਮਲਿਆਂ ਦਾ ਜਵਾਬ ਦੇਣ ਵਾਲੀ ਹੀ ਸੀ।

ਸੰਸਦੀ ਸੀਟਾਂ ਦੇ ਲਿਹਾਜ਼ ਨਾਲ ਦੂਜੇ ਅਹਿਮ ਸੂਬੇ ਤਾਮਿਲਨਾਡੂ 'ਚ ਡੀ.ਐਮ.ਕੇ. ਨੇ ਭਰਵੇਂ ਬਹੁਮਤ ਨਾਲ ਦਸ ਸਾਲਾਂ ਮਗਰੋਂ ਸੱਤਾ 'ਚ ਵਾਪਸੀ ਕੀਤੀ ਹੈ। ਅੰਨਾ ਡੀ.ਐਮ.ਕੇ. ਸੱਤਾ ਵਿਰੋਧੀ ਲਹਿਰ ਤੋਂ ਖੁਦ ਨੂੰ ਨਹੀਂ ਬਚਾ ਸਕੀ। ਤਾਮਿਲਨਾਡੂ ਦੀਆਂ ਚੋਣਾਂ ਇਸ ਪੱਖ ਤੋਂ ਬਾਕਮਾਲ ਸਨ ਕਿ ਇਨ੍ਹਾਂ ਵਿਚ ਕੋਈ ਵੀ ਦਿਓ-ਕੱਦ ਆਗੂ ਨਹੀਂ ਸੀ ਜਿਹੜਾ ਸਿਆਸੀ ਭੂਦ੍ਰਿਸ਼ ਉਤੇ ਲੋਕਾਂ ਵੱਲ ਝਾਕ ਰਿਹਾ ਹੋਵੇ। ਡੀ.ਐਮ.ਕੇ. ਦੀ ਅਗਵਾਈ ਐਮ.ਕੇ. ਸਟਾਲਿਨ ਦੇ ਹੱਥ ਸੀ ਜੋ ਆਪਣੇ ਸਮੇਂ ਦੇ ਨਾਮੀ ਆਗੂ ਐਮ. ਕਰੁਣਾਨਿਧੀ ਦਾ ਉੱਤਰਾਧਿਕਾਰੀ ਹੈ। ਉਸ ਨੇ ਨਾ ਸਿਰਫ ਪਾਰਟੀ ਦੀਆਂ ਲਗਾਤਾਰ ਹਾਰਾਂ ਤੋਂ ਨਿਰਾਸ਼ ਪਾਰਟੀ ਕਾਰਕੁਨਾਂ ਵਿਚ ਮੁੜ ਜੋਸ਼ ਭਰਿਆ ਸਗੋਂ ਆਪਣੇ ਪਿਤਾ ਦੇ ਵੱਡੇ ਪਰਿਵਾਰ ਵਿਚ ਵੀ ਸਿਆਸੀ ਪੱਖ ਤੋਂ ਸ਼ਾਂਤੀ ਕਾਇਮ ਰੱਖੀ ਜਿਸ ਵਿਚ ਉਸ ਦੀ ਮਤਰੇਈ ਭੈਣ ਤੇ ਸੰਸਦ ਮੈਂਬਰ ਟੀ. ਕਨੀਮੋੜੀ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਉਸ ਨੇ ਆਪਣੇ ਵੱਡੇ ਭਰਾ ਐਮ.ਕੇ. ਅਲਗਿਰੀ ਜੋ ਕਿਸੇ ਸਮੇਂ ਦੱਖਣੀ ਤਾਮਿਲਨਾਡੂ ਉਤੇ ਇਕ ਤਰ੍ਹਾਂ ਹਕੂਮਤ ਕਰਦਾ ਰਿਹਾ ਹੈ, ਨੂੰ ਵੀ ਲਾਂਭੇ ਕਰਨ ਵਿਚ ਕਾਮਯਾਬੀ ਹਾਸਲ ਕਰ ਲਈ। ਸਟਾਲਿਨ ਕੋਲ ਆਪਣੇ ਪਿਤਾ ਵਰਗੀ ਭਾਸ਼ਣ ਕਲਾ ਤਾਂ ਨਹੀਂ ਹੈ, ਪਰ ਤਾਂ ਵੀ ਉਹ ਦਸ ਸਾਲਾਂ ਤੋਂ ਆਪਣੀ ਲੈਅ ਕਾਇਮ ਰੱਖਣ ਵਿਚ ਸਫਲ ਰਿਹਾ ਹੈ। ਉਸ ਨੇ ਉੱਤਰੀ ਭਾਰਤ ਵੱਲੋਂ ਹਮੇਸ਼ਾ ਉਤਸ਼ਾਹਿਤ ਕੀਤੇ ਜਾਂਦੇ ਇਕ ਦੇਸ਼ ਇਕ ਸੱਭਿਆਚਾਰ ਦੇ ਸਿਧਾਂਤ ਖਿਲਾਫ ਸੂਬੇ ਵਿਚ ਪਾਈਆਂ ਜਾਂਦੀਆਂ ਚਿੰਤਾਵਾਂ ਪ੍ਰਤੀ ਖੇਤਰੀ ਭਾਵਨਾਵਾਂ ਦਾ ਵੀ ਲਾਹਾ ਲਿਆ, ਕਿਉਂਕਿ ਇਕਸਾਰ ਸੱਭਿਆਚਾਰ ਨੂੰ ਤਾਮਿਲ ਵੋਟਰ ਇਕ ਤਰ੍ਹਾਂ ਹਿੰਦੀ ਭਾਸ਼ਾ ਨੂੰ ਆਪਣੇ ਉਤੇ ਜਬਰੀ ਠੋਸੇ ਜਾਣ ਵਾਂਗ ਲੈਂਦੇ ਹਨ। ਇਹੋ ਉਹ ਨੁਕਤਾ ਸੀ ਜਿਥੇ ਅੰਨਾ ਡੀ.ਐਮ.ਕੇ. ਖੁਦ ਨੂੰ ਲਾਚਾਰ ਤੇ ਕਮਜ਼ੋਰ ਮਹਿਸੂਸ ਕਰਦੀ ਹੈ।

ਅੰਨਾ ਡੀ.ਐਮ.ਕੇ. ਦੀ ਅਗਵਾਈ ਵਾਲੀ ਏਡਾਪੱਡੀ ਕੇ ਪਲਾਨੀਸਵਾਮੀ ਸਰਕਾਰ ਭਾਵੇਂ ਵੱਡੇ ਪੱਧਰ 'ਤੇ ਲੋਕ ਭਲਾਈ ਨੀਤੀਆਂ ਨੂੰ ਪ੍ਰਨਾਈ ਹੋਈ ਸੀ ਜੋ ਤਾਮਿਲਨਾਡੂ ਦੀ ਸਿਆਸਤ ਦਾ ਮੂਲ ਆਧਾਰ ਹੈ, ਤੇ ਨਾਲ ਹੀ ਉਸ ਨੇ ਤਾਕਤਵਰ ਵਾਇਨਾਰ ਭਾਈਚਾਰੇ ਨੂੰ ਰਾਖਵਾਂਕਰਨ ਉਪ-ਕੋਟਾ ਦੇ ਕੇ ਨਾਰਾਜ਼ ਗੱਠਜੋੜ ਭਾਈਵਾਲ ਪੱਤਾਲੀ ਮੱਕਲ ਕਾਚੀ (ਪੀ.ਐਮ.ਕੇ.) ਨੂੰ ਵੀ ਅਖੀਰ ਮਨਾ ਲਿਆ ਪਰ ਤਾਂ ਵੀ ਅੰਨਾ ਡੀ.ਐਮ.ਕੇ. ਇਕ ਹੋਰ ਵੱਡੀ ਵਜ੍ਹਾ ਕਰ ਕੇ ਚੋਣਾਂ ਹਾਰ ਗਈ। ਪਾਰਟੀ ਸੁਪਰੀਮੋ ਜੇ ਜੈਲਲਿਤਾ ਦੀ ਮੌਤ ਤੋਂ ਬਾਅਦ ਅਸਥਿਰ ਹੋਈ ਆਪਣੀ ਸਰਕਾਰ ਨੂੰ ਬਚਾਉਣ ਲਈ ਪਲਾਨੀਸਵਾਮੀ ਅਤੇ ਉਨ੍ਹਾਂ ਦੇ ਡਿਪਟੀ ਮੁੱਖ ਮੰਤਰੀ ਓ. ਪਨੀਰਸੇਲਵਮ ਨੇ ਇਕ ਤਰ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਗੇ ਗੋਡੇ ਹੀ ਟੇਕ ਦਿੱਤੇ ਸਨ ਜਿਸ ਨੂੰ ਤਾਮਿਲਨਾਡੂ ਵਾਸੀਆਂ ਨੇ ਪਸੰਦ ਨਹੀਂ ਕੀਤਾ। ਅੰਨਾ ਡੀ.ਐਮ.ਕੇ. ਨੂੰ ਆਪਣੇ ਭਲਾਈ ਕਾਰਜਾਂ ਤੋਂ ਜਿਹੜਾ ਫਾਇਦਾ ਹੋਇਆ, ਉਸ ਤੋਂ ਵੱਧ ਨੁਕਸਾਨ ਵੋਟਰਾਂ ਦੀਆਂ ਭਾਜਪਾ ਵਿਰੋਧੀ ਭਾਵਨਾਵਾਂ ਕਾਰਨ ਹੋ ਗਿਆ, ਕਿਉਂਕਿ ਤਾਮਿਨਾਡੂ ਵਾਸੀ ਨਾ ਸਿਰਫ ਸੀ.ਏ.ਏ. (ਨਾਗਰਿਕਤਾ ਸੋਧ ਬਿਲ) ਲਾਗੂ ਕੀਤੇ ਜਾਣ ਕਾਰਨ ਭਾਜਪਾ ਤੋਂ ਨਾਰਾਜ਼ ਸਨ ਸਗੋਂ ਤੇਲ ਦੀਆਂ ਕੀਮਤਾਂ ਵਿਚ ਬੇਤਹਾਸ਼ਾ ਵਾਧੇ, ਨੀਟ ਨੂੰ ਜਬਰੀ ਲਾਗੂ ਕੀਤੇ ਜਾਣ ਅਤੇ ਹਿੰਦੀ ਭਾਸ਼ਾ ਦੇ ਪ੍ਰਚਾਰ ਕਾਰਨ ਵੀ ਉਨ੍ਹਾਂ ਵਿਚ ਕੇਂਦਰੀ ਹਾਕਮ ਗੱਠਜੋੜ ਖਿਲਾਫ ਰੋਹ ਸੀ, ਜਦੋਂਕਿ ਡੀ.ਐਮ.ਕੇ. ਨੇ ਆਪਣੇ ਚੋਣ ਮੈਨੀਫੈਸਟੋ ਵਿਚ ਨੀਟ ਦਾ ਖਾਤਮਾ ਕਰਨ ਦਾ ਵਾਅਦਾ ਕੀਤਾ ਸੀ ਅਤੇ ਡੀ.ਐਮ.ਕੇ. ਦਾ ਹਿੰਦੀ ਵਿਰੋਧ ਤਾਂ ਜੱਗ-ਜ਼ਾਹਿਰ ਹੈ। ਭਾਜਪਾ ਨੇ ਪੱਛਮੀ ਬੰਗਾਲ ਵਿਚ ਤਾਂ ਫਿਰ ਵੀ ਆਪਣੀ ਹਾਲਤ ਮਜ਼ਬੂਤ ਕੀਤੀ ਪਰ ਤਾਮਿਲਨਾਡੂ ਵਿਚ ਤਾਂ ਇਸ ਨੂੰ ਮਹਿਜ਼ ਚਾਰ ਸੀਟਾਂ ਹੀ ਪੱਲੇ ਪਈਆਂ ਹਨ।

ਭਾਜਪਾ ਨੇ ਅਸਾਮ ਵਿਚ ਆਪਣੀ ਸੱਤਾ ਕਾਇਮ ਰੱਖੀ ਹੈ ਅਤੇ ਕਾਂਗਰਸ ਦੇ ਮੁਕਾਬਲੇ ਪਹਿਲਾਂ ਨਾਲੋਂ ਤਾਕਤ ਵੀ ਵਧਾਈ ਹੈ। ਭਾਜਪਾ ਦੀ ਜਿੱਤ ਇਸ ਕਾਰਨ ਵੀ ਅਹਿਮ ਹੈ ਕਿਉਂਕਿ ਇਹ ਇਸ ਦੀ ਇਕੱਲੀ ਦੀ ਜਿੱਤ ਹੈ, ਜਦੋਂਕਿ ਇਸ ਦੀ ਭਾਈਵਾਲ ਅਸਮ ਗਣ ਪ੍ਰੀਸ਼ਦ ਦੀ ਕਾਰਗੁਜ਼ਾਰੀ ਕਾਫੀ ਮਾੜੀ ਰਹੀ।

ਇਨ੍ਹਾਂ ਚੋਣਾਂ ਦਾ ਇਕ ਹੋਰ ਅਹਿਮ ਪੱਖ ਹੈ ਕਾਂਗਰਸ ਦਾ ਆਪਣੀ ਹਾਲਤ ਸੁਧਾਰਨ ਵਿਚ ਨਾਕਾਮ ਰਹਿਣਾ। ਕੇਰਲ ਵਿਚ ਕਾਂਗਰਸ ਦੀ ਅਗਵਾਈ ਵਾਲੇ ਯੂਨਾਈਟਿਡ ਡੈਮੋਕਰੈਟਿਕ ਫਰੰਟ (ਯੂ.ਡੀ.ਐਫ.) ਨੂੰ ਹਾਕਮ ਲੈਫਟ ਡੈਮੋਕਰੈਟਿਕ ਫਰੰਟ (ਐਲ.ਡੀ.ਐਫ.) ਨੇ ਬੁਰੀ ਤਰ੍ਹਾਂ ਹਰਾ ਕੇ ਆਪਣੀ ਸੱਤਾ ਬਰਕਾਰ ਰੱਖਣ ਦੇ ਨਾਲ ਹੀ ਸੂਬੇ ਵਿਚ ਹਰ ਵਾਰ ਸਰਕਾਰ ਬਦਲਣ ਦੀ ਰਵਾਇਤ ਵੀ ਤੋੜ ਦਿੱਤੀ। ਯੂ.ਡੀ.ਐਫ. ਨੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਵਧੀਆ ਕਾਰਕਰਦਗੀ ਦਿਖਾਈ ਸੀ, ਜ਼ਾਹਰਾ ਤੌਰ ਤੇ ਇਸ ਦਾ ਕਾਰਨ ਰਾਹੁਲ ਗਾਂਧੀ ਵੱਲੋਂ ਸੂਬੇ ਦੇ ਵਾਇਨਾਡ ਹਲਕੇ ਤੋਂ ਚੋਣ ਲੜਨ ਦਾ ਫੈਸਲਾ ਕਰਨਾ ਸੀ ਜਿਸ ਨੇ ਵੋਟਰਾਂ ਦਾ ਉਤਸ਼ਾਹ ਵਧਾ ਦਿੱਤਾ ਪਰ 2019 ਵਿਚ ਮਿਲੇ ਇਸ ਸਿਆਸੀ ਲਾਹੇ ਨੂੰ ਕਾਂਗਰਸ ਨੇ ਹੋਰ ਮਜ਼ਬੂਤ ਤਾਂ ਕੀ ਕਰਨਾ ਸੀ, ਕਾਇਮ ਵੀ ਨਹੀਂ ਰੱਖ ਸਕੀ। ਇਸ ਦੇ ਕੇਰਲ ਵਿਚਲੇ ਭਾਈਵਾਲਾਂ ਦੀ ਕਾਰਗੁਜ਼ਾਰੀ ਵੀ ਮਾੜੀ ਰਹੀ। ਇਸ ਦੀ ਭਾਈਵਾਲ ਇੰਡੀਅਨ ਮੁਸਲਿਮ ਨੈਸ਼ਨਲ ਲੀਗ ਜਿਸ ਤੋਂ ਯੂ.ਡੀ.ਐਫ. ਨੂੰ ਉੱਤਰੀ ਕੇਰਲਾ ਵਿਚ ਕਾਫੀ ਸੀਟਾਂ ਜਿੱਤਣ ਦੀ ਉਮੀਦ ਸੀ, ਕੁਝ ਖਾਸ ਨਹੀਂ ਕਰ ਸਕੀ।

ਅਸਾਮ ਵਿਚ ਕਾਂਗਰਸ ਨੇ ਤਰੁਣ ਗੋਗੋਈ ਵਰਗਾ ਆਗੂ ਬੀਤੇ ਸਾਲ ਗੁਆ ਲਿਆ ਪਰ ਉਨ੍ਹਾਂ ਦਾ ਕੋਈ ਵਧੀਆ ਉਤਰਾਧਿਕਾਰੀ ਨਾ ਉਭਾਰ ਸਕੀ। ਪਾਰਟੀ ਨੂੰ ਉਮੀਦ ਸੀ ਕਿ ਉਹ ਆਲ ਇੰਡੀਆ ਯੂਨਾਈਟਿਡ ਡੈਮੋਕਰੈਟਿਕ ਫਰੰਟ, ਬੋਡੋਲੈਂਡ ਪੀਪਲਜ਼ ਫਰੰਟ, ਖੱਬੀਆਂ ਪਾਰਟੀਆਂ ਅਤੇ ਆਂਚਲਿਕ ਗਣ ਮੋਰਚਾ ਨਾਲ ਮਹਾਂ ਗੱਠਜੋੜ ਬਣਾ ਕੇ ਸੱਤਾ ਹਥਿਆ ਲਵੇਗੀ। ਆਲ ਇੰਡੀਆ ਯੂਨਾਈਟਿਡ ਡੈਮੋਕਰੈਟਿਕ ਫਰੰਟ ਮੁੱਖ ਤੌਰ ਤੇ ਬੰਗਾਲੀ ਤੇ ਅਸਾਮੀ ਬੋਲਣ ਵਾਲੇ ਮੁਸਲਮਾਨਾਂ ਦੀ ਨੁਮਾਇੰਦੀ ਕਰਦੀ ਹੈ ਜਿਸ ਕਾਰਨ ਇਸ ਉਤੇ 'ਫਿਰਕੂ ਸਿਆਸਤ' ਦੇ ਦੋਸ਼ ਵੀ ਲੱਗਦੇ ਹਨ ਪਰ ਇਸ ਦੇ ਬਾਵਜੂਦ ਕਾਂਗਰਸ ਨੇ ਘੱਟਗਿਣਤੀ ਭਾਈਚਾਰੇ ਦੀਆਂ ਵੋਟਾਂ ਹਾਸਲ ਕਰਨ ਲਈ ਇਸ ਨਾਲ ਭਾਈਵਾਲੀ ਦਾ ਜੂਆ ਖੇਡਿਆ, ਹਾਲਾਂਕਿ ਚੋਣ ਨਤੀਜਿਆਂ ਤੋਂ ਸਾਫ ਹੈ ਕਿ ਉਸ ਦੀ ਇਹ ਚਾਲ ਕਾਮਯਾਬ ਨਹੀਂ ਹੋਈ।

ਪੰਜ ਵਿਧਾਨ ਸਭਾਵਾਂ ਦੀਆਂ ਹਾਲੀਆ ਚੋਣਾਂ ਵਿਚੋਂ ਕਾਂਗਰਸ ਦੀ ਸਿਰਫ ਕੇਂਦਰੀ ਸ਼ਾਸਿਤ ਪ੍ਰਦੇਸ਼ ਪੁਡੂਚੇਰੀ ਵਿਚ ਹੀ ਸਰਕਾਰ ਸੀ ਪਰ ਉਥੇ ਵੀ ਇਸ ਤੋਂ ਐਨ.ਡੀ.ਏ. ਨੇ ਸੱਤਾ ਖੋਹ ਲਈ। ਪੱਛਮੀ ਬੰਗਾਲ ਵਿਚ ਕਾਂਗਰਸ ਨੇ ਖੱਬੇ ਮੋਰਚੇ ਅਤੇ ਇੰਡੀਅਨ ਸੈਕੂਲਰ ਫਰੰਟ ਨਾਲ ਗੱਠਜੋੜ ਕੀਤਾ ਪਰ ਸੂਬੇ ਵਿਚ ਇਹ ਕਿਤੇ ਵੀ ਦਿਖਾਈ ਨਹੀਂ ਦਿੱਤੀ। ਕਾਂਗਰਸ ਦੀ ਸ਼ਮੂਲੀਅਤ ਵਾਲੇ 'ਤੀਜੇ ਮੋਰਚੇ' ਵੱਲੋਂ ਆਪਣੀ ਚੋਣ ਮੁਹਿੰਮ ਦੌਰਾਨ ਲਗਾਤਾਰ ਤ੍ਰਿਣਮੂਲ ਉਤੇ ਹੀ ਹਮਲੇ ਕੀਤੇ ਗਏ ਅਤੇ ਭਾਜਪਾ ਨੂੰ ਇਸ ਨੇ ਨਜ਼ਰਅੰਦਾਜ਼ ਹੀ ਕੀਤਾ ਤਾਂ ਕਿ ਇਸ ਨੂੰ ਮੁਸਲਮਾਨਾਂ ਦੀਆਂ ਕੁਝ ਵੋਟਾਂ ਮਿਲ ਸਕਣ। ਇਸ ਦੇ ਬਾਵਜੂਦ ਪੱਛਮੀ ਬੰਗਾਲ ਦੇ ਵੱਡੇ ਘੱਟਗਿਣਤੀ ਭਾਈਚਾਰੇ ਨੇ ਪੂਰੇ ਦਾ ਪੂਰਾ ਸਹਿਯੋਗ ਮਮਤਾ ਬੈਨਰਜੀ ਨੂੰ ਹੀ ਦਿੱਤਾ।

ਹਾਲੀਆ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੀ ਇਸ ਮਾੜੀ ਕਾਰਗੁਜ਼ਾਰੀ ਤੋਂ ਬਾਅਦ ਇਹ ਸਵਾਲ ਮੁੜ ਉੱਠਣ ਲੱਗੇ ਹਨ ਕਿ ਰਾਹੁਲ ਗਾਂਧੀ ਪਾਰਟੀ ਦੀ ਅਗਵਾਈ ਕਰਨ ਲਈ ਅੱਗੇ ਆਉਣਗੇ? ਇਸ ਦੇ ਬਾਵਜੂਦ ਅਗਲੀਆਂ ਲੋਕ ਸਭਾ ਚੋਣਾਂ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਫੈਡਰਲ ਮੋਰਚੇ ਦੀਆਂ ਸੰਭਾਵਨਾਵਾਂ ਪਹਿਲਾਂ ਨਾਲੋਂ ਕਿਤੇ ਜ਼ੋਰਦਾਰ ਦਿਖਾਈ ਦਿੰਦੀਆਂ ਹਨ, ਜਿਥੇ ਇਤਿਹਾਸਕ ਜਿੱਤ ਸਦਕਾ ਮਮਤਾ ਬੈਨਰਜੀ ਅਤੇ ਸਟਾਲਿਨ ਇਸ ਦੀ ਅਗਵਾਈ ਕਰ ਸਕਦੇ ਹਨ। ਰਾਜਾਂ ਨੇ ਭਾਜਪਾ ਦੇ ਖਿਲਾਫ ਫਤਵਾ ਦਿੱਤਾ ਹੈ।

### ਅਸੀਂ ਮਨੁੱਖਤਾ ਖਿਲਾਫ ਜੁਰਮਾਂ ਦੇ ਗਵਾਹ ਬਣ ਰਹੇ ਹਾਂ-2

# ਮੋਦੀ ਸਰਕਾਰ ਬਹੁਤ ਮਸਰੂਫ ਹੈ...

***ਭਾਰਤ ਵਿਚ ਕਰੋਨਾ ਵਾਇਰਸ ਦੀ ਦੂਜੀ ਲਹਿਰ ਨੇ ਮੁਲਕ ਦਾ ਸਾਰਾ ਢਾਂਚਾ ਹਿਲਾ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਸਾਰੇ ਸਾਥੀ ਜਦੋਂ ਪੱਛਮੀ ਬੰਗਾਲ ਵਿਚ ਚੋਣ ਪ੍ਰਚਾਰ ਵਿਚ ਰੁੱਝੇ ਹੋਏ ਸਨ ਤਾਂ ਮੁਲਕ ਦੇ ਬਹੁਤ ਸਾਰੇ ਹਿੱਸਿਆਂ ਵਿਚ ਲੋਕ ਕਰੋਨਾ ਦੀ ਮਾਰ ਹੇਠ ਤੜਫ ਰਹੇ ਸਨ। ਇਨ੍ਹਾਂ ਭਿਅੰਕਰ ਹਾਲਾਤ ਬਾਰੇ ਉਘੀ ਲੇਖਕ ਅਰੁੰਧਤੀ ਰਾਏ ਨੇ ਲੰਮਾ ਲੇਖ ਲਿਖਿਆ ਹੈ ਜਿਸ ਦੀ ਦੂਜੀ ਅਤੇ ਆਖਰੀ ਕਿਸ਼ਤ ਪੇਸ਼ ਕੀਤੀ ਜਾ ਰਹੀ ਹੈ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਇਸ ਵਿਚ ਦਰਸਾਇਆ ਗਿਆ ਹੈ ਕਿ ਕਿਸ ਤਰ੍ਹਾਂ ਕਰੋਨਾ ਵਾਇਰਸ ਦੇ ਦੂਜੇ ਹਮਲੇ ਤੋਂ ਰੋਕਥਾਮ ਲਈ ਕੁਝ ਵੀ ਨਹੀਂ ਕੀਤਾ ਗਿਆ ਅਤੇ ਪ੍ਰਧਾਨ ਮੰਤਰੀ ਹੋਰ ਹੀ ਕੰਮਾਂ ਵਿਚ ਰੁਝੇ ਰਹੇ।***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

28 ਅਪਰੈਲ ਦੀ ਸਵੇਰ ਨੂੰ ਖਬਰ ਆਈ ਕਿ ਸਾਡੇ ਦੋਸਤ ਪ੍ਰਭੂਭਾਈ ਨਹੀਂ ਰਹੇ। ਮੌਤ ਤੋਂ ਪਹਿਲਾਂ ਉਨ੍ਹਾਂ 'ਚ ਕੋਵਿਡ ਦੇ ਜਾਣੇ-ਪਛਾਣੇ ਲੱਛਣ ਮਿਲੇ ਸਨ; ਲੇਕਿਨ ਉਨ੍ਹਾਂ ਦੀ ਮੌਤ ਕੋਵਿਡ ਦੀ ਅਧਿਕਾਰਕ ਗਿਣਤੀ 'ਚ ਦਰਜ ਨਹੀਂ ਹੋਵੇਗੀ ਕਿਉਂਕਿ ਉਨ੍ਹਾਂ ਦੀ ਮੌਤ ਬਿਨਾਂ ਟੈਸਟ ਜਾਂ ਬਿਨਾਂ ਇਲਾਜ ਘਰ 'ਚ ਹੀ ਹੋਈ।

ਪ੍ਰਭੂਭਾਈ ਨਰਮਦਾ ਘਾਟੀ 'ਚ ਡੈਮ ਵਿਰੋਧੀ ਅੰਦੋਲਨ ਦੇ ਪੁਰਾਣੇ ਘੁਲਾਟੀਏ ਸਨ। ਮੈਂ ਕੇਵੜੀਆ 'ਚ ਉਨ੍ਹਾਂ ਦੇ ਘਰ ਕਈ ਵਾਰ ਰਹੀ ਹਾਂ ਜਿੱਥੇ ਦਹਾਕੇ ਪਹਿਲਾਂ ਆਦਿਵਾਸੀ ਲੋਕਾਂ ਦੇ ਪਹਿਲੇ ਸਮੂਹ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਉਜਾੜ ਦਿੱਤਾ ਗਿਆ ਸੀ ਤਾਂ ਜੋ ਉਥੇ ਡੈਮ ਦੀ ਉਸਾਰੀ ਕਰਨ ਵਾਲਿਆਂ ਅਤੇ ਅਫਸਰਾਂ ਦੀਆਂ ਬਸਤੀਆਂ ਵਸਾਈਆਂ ਜਾ ਸਕਣ।

ਪ੍ਰਭੂਭਾਈ ਦੇ ਪਰਿਵਾਰ ਵਰਗੇ ਉਜੜੇ ਹੋਏ ਪਰਿਵਾਰ ਅਜੇ ਵੀ ਉਸ ਬਸਤੀ ਦੇ ਕਿਨਾਰੇ ਰਹਿੰਦੇ ਹਨ, ਬੁਰੇ ਹਾਲ ਅਤੇ ਅਨਿਸ਼ਚਿਤ ਜ਼ਿੰਦਗੀ, ਉਸੇ ਜ਼ਮੀਨ ਉਪਰ ਗੈਰ-ਕਾਨੂੰਨੀ ਬਾਸ਼ਿੰਦੇ ਜੋ ਕਦੇ ਉਨ੍ਹਾਂ ਦੀ ਹੁੰਦੀ ਸੀ। ਕੇਵੜੀਆ 'ਚ ਕੋਈ



**ਅਰੁੰਧਤੀ ਰਾਏ**
**ਅਨੁਵਾਦ : ਬੂਟਾ ਸਿੰਘ**

ਹਸਪਤਾਲ ਨਹੀਂ ਹੈ। ਸਿਰਫ 'ਸਟੈਚੂ ਆਫ ਯੂਨਿਟੀ' ਹੈ ਜੋ ਸੁਤੰਤਰਤਾ ਸੈਨਾਨੀ ਅਤੇ ਭਾਰਤ ਦੇ ਪਹਿਲੇ ਉਪ ਪ੍ਰਧਾਨ ਮੰਤਰੀ ਸਰਦਾਰ ਵੱਲਭਭਾਈ ਪਟੇਲ ਦਾ ਹੈ ਜਿਸ ਦੇ ਨਾਮ 'ਤੇ ਡੈਮ ਦਾ ਨਾਮ ਰੱਖਿਆ ਗਿਆ ਹੈ। 182 ਮੀਟਰ ਉਚਾ ਇਹ ਬੁੱਤ ਦੁਨੀਆ ਦਾ ਸਭ ਤੋਂ ਉਚਾ ਬੁੱਤ ਹੈ ਜਿਸ ਦੀ ਲਾਗਤ 42.2 ਕਰੋੜ ਅਮਰੀਕਨ ਡਾਲਰ ਹੈ। ਇਸ ਦੇ ਅੰਦਰ ਲਗਾਈ ਤੇਜ਼ ਰਫਤਾਰ ਲਿਫਟ ਸਰਦਾਰ ਪਟੇਲ ਦੇ ਸੀਨੇ ਦੀ ਉਚਾਈ ਤੱਕ ਡੈਮ ਦਾ ਨਜ਼ਾਰਾ ਲੈਣ ਲਈ ਸੈਲਾਨੀਆਂ ਨੂੰ ਉਪਰ ਲੈ ਜਾਂਦੀ ਹੈ।

ਬੇਸ਼ੱਕ ਤੁਸੀਂ ਨਦੀ ਘਾਟੀ ਸਭਿਅਤਾ ਨੂੰ ਨਹੀਂ ਦੇਖ ਸਕਦੇ ਜੋ ਇਸ ਵਿਸ਼ਾਲ ਜਲ-ਭੰਡਾਰ ਦੀਆਂ ਗਹਿਰਾਈਆਂ 'ਚ ਤਬਾਹ ਹੋ ਕੇ ਡੁੱਬੀ ਹੋਈ ਹੈ, ਜਾਂ ਉਨ੍ਹਾਂ ਲੋਕਾਂ ਦੀਆਂ ਕਹਾਣੀਆਂ ਨਹੀਂ ਸੁਣ ਸਕਦੇ ਜਿਨ੍ਹਾਂ ਨੇ ਦੁਨੀਆ ਦੀ ਜਾਣਕਾਰੀ 'ਚ ਸਭ ਤੋਂ ਖੂਬਸੂਰਤ ਅਤੇ ਗਹਿਰਾ ਸੰਘਰਸ਼ ਉਸਾਰਿਆ - ਮਹਿਜ਼ ਇਕ ਡੈਮ ਦੇ ਖਿਲਾਫ ਨਹੀਂ ਸਗੋਂ ਸਭਿਅਤਾ, ਖੁਸ਼ਹਾਲੀ ਅਤੇ ਤਰੱਕੀ ਦੇ ਮਨਜ਼ੂਰਸ਼ੁਦਾ ਵਿਚਾਰਾਂ ਦੇ ਖਿਲਾਫ। ਬੁੱਤ ਮੋਦੀ ਦਾ ਚਹੇਤਾ ਪ੍ਰੋਜੈਕਟ ਸੀ। ਉਨ੍ਹਾਂ ਨੇ ਅਕਤੂਬਰ 2018 ਵਿਚ ਇਸ ਦਾ ਉਦਘਾਟਨ ਕੀਤਾ।

ਜਿਸ ਦੋਸਤ ਨੇ ਪ੍ਰਭੂਭਾਈ ਬਾਰੇ ਸੰਦੇਸ਼ ਭੇਜਿਆ ਸੀ, ਉਸ ਨੇ ਨਰਮਦਾ ਘਾਟੀ 'ਚ ਡੈਮ ਵਿਰੋਧੀ ਕਾਰਕੁਨ ਵਜੋਂ ਕਈ ਵਰ੍ਹੇ ਗੁਜ਼ਾਰ ਦਿੱਤੇ ਹਨ। ਉਸ ਨੇ ਲਿਖਿਆ: 'ਇਹ ਲਿਖਦੇ ਹੋਏ ਮੇਰੇ ਹੱਥ ਕੰਬ ਰਹੇ ਹਨ। ਕੇਵੜੀਆ ਬਸਤੀ 'ਚ ਅਤੇ ਆਲੇ-ਦੁਆਲੇ ਦੇ ਹਾਲਾਤ ਭਿਆਨਕ ਹਨ।'


ਭਾਰਤ ਵਿਚ ਕੋਵਿਡ ਦਾ ਗ੍ਰਾਫ ਸਟੀਕ ਅੰਕੜਿਆਂ ਨਾਲ ਬਣਦਾ ਹੈ, ਇਹ ਉਸ ਦੀਵਾਰ ਦੀ ਤਰ੍ਹਾਂ ਹਨ ਜੋ ਅਹਿਮਦਾਬਾਦ ਦੀਆਂ ਝੁੱਗੀਆਂ-ਝੌਂਪੜੀਆਂ ਨੂੰ ਲੁਕੋਣ ਲਈ ਬਣਾਈ ਗਈ ਸੀ। ਇਸ ਲਈ ਕਿ ਫਰਵਰੀ 2020 ਵਿਚ ਡੋਨਾਲਡ ਟਰੰਪ ਨੇ ਉਸ ਰਸਤਿਓਂ ਹੋ ਕੇ 'ਨਮਸਤੇ ਟਰੰਪ' ਪ੍ਰੋਗਰਾਮ 'ਚ ਜਾਣਾ ਸੀ ਜਿਸ ਦੀ ਮੇਜ਼ਬਾਨੀ ਨਰਿੰਦਰ ਮੋਦੀ ਨੇ ਉਚੇਚੇ ਤੌਰ 'ਤੇ ਕੀਤੀ ਸੀ।

ਇਹ ਅੰਕੜੇ ਭਿਆਨਕ ਹਨ, ਇਹ ਤੁਹਾਨੂੰ ਉਸ ਦੀ ਤਸਵੀਰ ਦਿਖਾਉਂਦੇ ਹਨ ਕਿ ਭਾਰਤ ਵਿਚ ਕਿਸ ਦਾ ਮਹੱਤਵ ਹੈ, ਲੇਕਿਨ ਯਕੀਨੀ ਤੌਰ 'ਤੇ ਇਹ ਉਸ ਨੂੰ ਨਹੀਂ ਦਿਖਾਉਂਦੇ ਕਿ ਭਾਰਤ ਹਕੀਕਤ 'ਚ ਕੀ ਹੈ। ਭਾਰਤ ਜੋ ਹਕੀਕਤ ਹੈ, ਉਸ ਵਿਚ ਲੋਕਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਹਿੰਦੂ ਦੇ ਰੂਪ 'ਚ ਵੋਟ ਦੇਣ, ਲੇਕਿਨ ਕਿਸੇ ਨਾਚੀਜ਼ ਦੀ ਤਰ੍ਹਾਂ ਦਮ ਤੋੜ ਜਾਣ।

'ਰੋਂਦੂ ਬੱਚਾ ਬਣਨ ਤੋਂ ਗੁਰੇਜ਼ ਕਰੋ।'

ਇਸ ਉਪਰ ਧਿਆਨ ਦੇਣ ਤੋਂ ਗੁਰੇਜ਼ ਕਰੋ ਕਿ ਅਪਰੈਲ 2020 ਵਿਚ ਹੀ, ਤੇ ਫਿਰ ਨਵੰਬਰ 'ਚ ਖੁਦ ਸਰਕਾਰ ਵੱਲੋਂ ਬਣਾਈ ਗਈ ਕਮੇਟੀ ਨੇ ਆਕਸੀਜਨ ਦੀ ਖਤਰਨਾਕ ਕਮੀ ਦੀ ਸੰਭਾਵਨਾ ਜ਼ਾਹਿਰ ਕੀਤੀ ਸੀ।

ਇਸ ਉਪਰ ਸੋਚਣ ਤੋਂ ਗੁਰੇਜ਼ ਕਰੋ ਕਿ ਦਿੱਲੀ ਦੇ ਸਭ ਤੋਂ ਬੜੇ ਹਸਪਤਾਲਾਂ ਕੋਲ ਵੀ ਆਪਣਾ ਆਕਸੀਜਨ-ਜਨਰੇਸ਼ਨ ਪਲਾਂਟ ਕਿਉਂ ਨਹੀਂ ਹੈ। ਇਸ ਬਾਰੇ ਸੋਚਣ ਤੋਂ ਗੁਰੇਜ਼ ਕਰੋ ਕਿ ਕਿਉਂ ਪੀ.ਐਮ. ਕੇਅਰਜ਼ ਫੰਡ (ਉਹ ਅਪਾਰਦਰਸ਼ੀ ਸੰਸਥਾ ਜਿਸ ਨੇ ਹਾਲ ਹੀ ਵਿਚ ਵਧੇਰੇ ਜਨਤਕ ਪ੍ਰਧਾਨ ਮੰਤਰੀ ਰਾਹਤ ਕੋਸ਼ ਦੀ ਜਗ੍ਹਾ ਲੈ ਲਈ ਅਤੇ ਜੋ ਜਨਤਕ ਧਨ ਤੇ ਸਰਕਾਰੀ ਢਾਂਚੇ ਦੀ ਵਰਤੋਂ ਕਰਦਾ ਹੈ ਲੇਕਿਨ ਕਿਸੇ ਨਿੱਜੀ ਟਰੱਸਟ ਵਾਂਗ ਕੰਮ ਕਰਦਾ ਹੈ ਜਿਸ ਦੀ ਕੋਈ ਜਨਤਕ ਜਵਾਬਦੇਹੀ ਨਹੀਂ ਹੈ) ਹੁਣ ਅਚਾਨਕ ਆਕਸੀਜਨ ਸੰਕਟ ਨਾਲ ਨਜਿੱਠਣ ਲਈ ਕਿਉਂ ਅੱਗੇ ਆਇਆ ਹੈ। ਕੀ ਮੋਦੀ ਸਾਡੀ ਹਵਾ ਦੀ ਸਪਲਾਈ 'ਚ ਵੀ ਸ਼ੇਅਰਾਂ ਦੇ ਮਾਲਕ ਹੋਣਗੇ?



***ਦਿੱਲੀ ਵਿਚ ਆਕਸੀਜਨ ਸੰਕਟ ਦੀ ਮੂੰਹ ਬੋਲਦੀ ਤਸਵੀਰ ਅਤੇ (ਸੱਜੇ) ਸੈਂਟਰਲ ਵਿਸਟਾ ਪ੍ਰੋਜੈਕਟ ਜਿਸ ਨੂੰ ਮੁਕੰਮਲ ਕਰਨ ਦੇ ਹੁਕਮ ਦਿੱਤੇ ਗਏ ਹਨ।***

'ਰੋਂਦੂ ਬੱਚਾ ਬਣਨ ਤੋਂ ਗੁਰੇਜ਼ ਕਰੋ।'

ਇਹ ਸਮਝ ਲਓ ਕਿ ਸੁਲਝਾਉਣ ਲਈ ਮੋਦੀ ਸਰਕਾਰ ਦੇ ਕੋਲ ਕਿਤੇ ਜ਼ਰੂਰੀ ਬਹੁਤ ਸਾਰੀਆਂ ਸਮੱਸਿਆਵਾਂ ਸਨ ਅਤੇ ਹਨ। ਲੋਕਤੰਤਰ ਦੀ ਆਖਰੀ ਰਹਿੰਦ-ਖੂੰਹਦ ਦਾ ਖਾਤਮਾ, ਗੈਰ-ਹਿੰਦੂ ਘੱਟਗਿਣਤੀਆਂ ਨੂੰ ਸਤਾਉਣਾ ਅਤੇ ਹਿੰਦੂ ਰਾਸ਼ਟਰ ਦੀਆਂ ਨੀਂਹਾਂ ਨੂੰ ਮਜ਼ਬੂਤ ਕਰਨ ਦਾ ਕੰਮ ਅਣਥੱਕ ਰੁਝੇਵੇਂ ਵਾਲਾ ਕੰਮ ਹੈ।

ਮਿਸਾਲ ਵਜੋਂ, ਅਸਾਮ ਵਿਚ ਵਸੇ ਵੀਹ ਲੱਖ ਲੋਕਾਂ ਦੇ ਲਈ ਵਿਸ਼ਾਲ ਜੇਲ੍ਹਾਂ ਦੀ ਉਸਾਰੀ ਫੌਰੀ ਤੌਰ 'ਤੇ ਜ਼ਰੂਰੀ ਹੈ ਜੋ ਪੁਸ਼ਤਾਂ ਤੋਂ ਉਥੇ ਰਹਿ ਰਹੇ ਹਨ ਅਤੇ ਅਚਾਨਕ ਉਨ੍ਹਾਂ ਦੀ ਨਾਗਰਿਕਤਾ ਖੋਹ ਲਈ ਗਈ ਹੈ। (ਇਸ ਮਾਮਲੇ ਵਿਚ ਸਾਡੀ ਸੁਤੰਤਰ ਸੁਪਰੀਮ ਕੋਰਟ ਸਖਤੀ ਨਾਲ ਸਰਕਾਰ ਦੇ ਪੱਖ 'ਚ ਖੜ੍ਹੀ ਅਤੇ ਨਰਮੀ ਨਾਲ ਬਦਮਾਸ਼ਾਂ ਦੇ ਪੱਖ 'ਚ ਖੜ੍ਹੀ।)

ਐਸੇ ਸੈਂਕੜੇ ਵਿਦਿਆਰਥੀ, ਕਾਰਕੁਨ ਅਤੇ ਨੌਜਵਾਨ ਮੁਸਲਮਾਨ ਹਨ ਜਿਨ੍ਹਾਂ ਉਪਰ ਮੁਸਲਿਮ ਵਿਰੋਧੀ ਕਤਲੇਆਮ ਦੇ ਮੁੱਖ ਦੋਸ਼ੀਆਂ ਵਜੋਂ ਮੁਕੱਦਮਾ ਚਲਾਇਆ ਜਾਣਾ ਹੈ। ਇਹ ਕਤਲੇਆਮ ਪਿਛਲੇ ਮਾਰਚ 'ਚ ਪੂਰਬ-ਉਤਰੀ ਦਿੱਲੀ ਵਿਚ ਖੁਦ ਉਨ੍ਹਾਂ ਦੇ ਫਿਰਕੇ ਦੇ ਹੀ ਖਿਲਾਫ ਕੀਤਾ ਗਿਆ ਸੀ। ਜੇ ਤੁਸੀਂ ਭਾਰਤ ਵਿਚ ਮੁਸਲਮਾਨ ਹੋ ਤਾਂ ਕਤਲ ਕਰ ਦਿੱਤੇ ਜਾਣਾ ਤੁਹਾਡਾ ਆਪਣਾ ਹੀ ਇਕ ਜੁਰਮ ਹੈ। ਇਸ ਦਾ ਮੁੱਲ ਵੀ ਤੁਹਾਡੇ ਆਪਣੇ ਹੀ ਲੋਕਾਂ ਨੂੰ ਤਾਰਨਾ ਪਵੇਗਾ।

ਅਯੁੱਧਿਆ ਵਿਚ ਨਵੇਂ ਰਾਮ ਮੰਦਿਰ ਦੇ ਮਹੂਰਤ ਦਾ ਕੰਮ ਸੀ ਜਿਸ ਨੂੰ ਉਸ ਮਸਜਿਦ ਦੀ ਜਗ੍ਹਾ ਬਣਾਇਆ ਜਾ ਰਿਹਾ ਹੈ ਜਿਸ ਨੂੰ ਹਿੰਦੂਤਵ ਹੁੱਲੜਬਾਜ਼ਾਂ ਵੱਲੋਂ ਉਘੇ ਭਾਜਪਾ ਆਗੂਆਂ ਦੀ ਨਿਗਰਾਨੀ ਹੇਠ ਤੋੜ ਦਿੱਤਾ ਗਿਆ ਸੀ। (ਇਸ ਮਾਮਲੇ 'ਚ ਸਾਡੀ ਸੁਤੰਤਰ ਸੁਪਰੀਮ ਕੋਰਟ ਸਖਤੀ ਨਾਲ ਸਰਕਾਰ ਦੇ ਪੱਖ 'ਚ ਖੜ੍ਹੀ ਅਤੇ ਨਰਮੀ ਨਾਲ ਬਦਮਾਸ਼ਾਂ ਦੇ ਪੱਖ 'ਚ ਖੜ੍ਹੀ।)

ਖੇਤੀ ਨੂੰ ਕਾਰਪੋਰੇਟ ਕੰਪਨੀਆਂ ਦੇ ਹਵਾਲੇ ਕਰਨ ਲਈ ਵਿਵਾਦਪੂਰਨ ਨਵੇਂ ਖੇਤੀ ਕਾਨੂੰਨ ਪਾਸ ਕਰਾਉਣੇ ਸਨ। ਜਦੋਂ ਉਹ ਵਿਰੋਧ ਵਿਚ ਸੜਕਾਂ ਉਪਰ ਉਤਰੇ ਤਾਂ ਲੱਖਾਂ ਕਿਸਾਨਾਂ ਨੂੰ ਕੁਟਾਪਾ ਚਾੜ੍ਹਨਾ ਸੀ ਅਤੇ ਉਨ੍ਹਾਂ ਉਪਰ ਅੱਥਰੂ ਗੈਸ ਸੁੱਟਣ ਦਾ ਮਹੱਤਵਪੂਰਨ ਕੰਮ ਸੀ।

ਫਿਰ ਨਵੀਂ ਦਿੱਲੀ ਦੇ ਬਸਤੀਵਾਦੀ ਕੇਂਦਰ ਦੀ ਫਿੱਕੀ ਪੈ ਰਹੀ ਚਮਕ-ਦਮਕ ਨੂੰ ਮੁੜ ਚਮਕਾਉਣ ਲਈ ਹਜ਼ਾਰਾਂ ਕਰੋੜ ਰੁਪਏ ਦੀ ਯੋਜਨਾ ਹੈ ਜਿਸ ਵੱਲ ਫੌਰੀ ਤੌਰ 'ਤੇ ਧਿਆਨ ਦੇਣਾ ਜ਼ਰੂਰੀ ਸੀ। ਆਖਿਰਕਾਰ ਨਵੇਂ ਹਿੰਦੂ ਭਾਰਤ ਦੀ ਸਰਕਾਰ ਪੁਰਾਣੀਆਂ ਇਮਾਰਤਾਂ 'ਚ ਕਿਵੇਂ ਰਹਿ ਸਕਦੀ ਹੈ?

ਜਦੋਂਕਿ ਮਹਾਮਾਰੀ ਨਾਲ ਬਦਹਾਲ ਦਿੱਲੀ ਵਿਚ ਲੌਕਡਾਊਨ ਹੈ, 'ਸੈਂਟਰਲ ਵਿਸਟਾ' ਪ੍ਰੋਜੈਕਟ ਦੀ ਉਸਾਰੀ ਸ਼ੁਰੂ ਹੋ ਚੁੱਕੀ ਹੈ ਜਿਸ ਨੂੰ ਲਾਜ਼ਮੀ ਸੇਵਾ ਕਰਾਰ ਦਿੱਤਾ ਗਿਆ ਹੈ। ਮਜ਼ਦੂਰ ਲਿਆਂਦੇ ਜਾ ਰਹੇ ਹਨ। ਸੰਭਵ ਹੈ ਯੋਜਨਾ ਵਿਚ ਥੋੜ੍ਹਾ ਬਦਲਾਓ ਲਿਆਉਂਦੇ ਹੋਏ ਇਸ ਵਿਚ ਸ਼ਮਸ਼ਾਨਘਾਟ ਵੀ ਜੋੜ ਦਿੱਤਾ ਜਾਵੇ।

ਕੁੰਭ ਮੇਲਾ ਵੀ ਲਾਉਣਾ ਸੀ ਤਾਂ ਜੋ ਲੱਖਾਂ ਹਿੰਦੂ ਤੀਰਥ ਯਾਤਰੀ ਛੋਟੇ ਜਿਹੇ ਸ਼ਹਿਰ ਵਿਚ ਭੀੜ ਦੇ ਰੂਪ ਵਿਚ ਇਕੱਠੇ ਹੋ ਸਕਣ, ਗੰਗਾ 'ਚ ਇਸ਼ਨਾਨ ਕਰਨ ਲਈ ਅਤੇ ਧੰਨ-ਧੰਨ ਅਤੇ ਸ਼ੁੱਧ ਹੋ ਕੇ ਆਪਣੇ ਘਰਾਂ ਨੂੰ ਪਰਤਦੇ ਹੋਏ ਪੂਰੇ ਮੁਲਕ ਅੰਦਰ ਇਕ ਬਰਾਬਰ ਵਾਇਰਸ ਫੈਲਾਉਣ ਲਈ। ਕੁੰਭ ਧੂਮਧਾਮ ਨਾਲ ਚੱਲ ਰਿਹਾ ਹੈ, ਹਾਲਾਂਕਿ ਮੋਦੀ ਨੇ ਪੋਲਾ ਜਿਹਾ ਸੁਝਾਅ ਦਿੱਤਾ ਕਿ ਪਵਿੱਤਰ ਇਸ਼ਨਾਨ ਨੂੰ 'ਚਿੰਨ੍ਹਾਤਮਕ' ਰੱਖਿਆ ਜਾ ਸਕਦਾ ਹੈ - ਹੁਣ ਇਸ ਦਾ ਭਾਵ ਕੁਝ ਵੀ ਹੋਵੇ।

(ਪਿਛਲੇ ਸਾਲ ਇਸਲਾਮੀ ਜਥੇਬੰਦੀ 'ਤਬਲੀਗੀ ਜਮਾਤ' ਦੇ ਜਲਸੇ ਵਿਚ ਸ਼ਾਮਿਲ ਹੋਣ ਵਾਲਿਆਂ ਨਾਲ ਜੋ ਵਾਪਰਿਆ, ਉਸ ਦੇ ਉਲਟ ਮੀਡੀਆ ਨੇ ਉਨ੍ਹਾਂ ਨੂੰ 'ਕਰੋਨਾ ਜਹਾਦੀ' ਕਰਾਰ ਦਿੰਦੇ ਹੋਏ ਜਾਂ ਉਨ੍ਹਾਂ ਉਪਰ ਮਨੁੱਖਤਾ ਵਿਰੁੱਧ ਜੁਰਮ ਕਰਨ ਦਾ ਇਲਜ਼ਾਮ ਲਗਾਉਂਦੇ ਹੋਏ ਉਵੇਂ ਮੁਹਿੰਮ ਨਹੀਂ ਚਲਾਈ ਹੈ।)

ਕੁਝ ਕੁ ਹਜ਼ਾਰ ਰੋਹਿੰਗਿਆ ਸ਼ਰਨਾਰਥੀ ਵੀ ਸਨ ਜਿਨ੍ਹਾਂ ਨੂੰ ਇਕ ਰਾਜ-ਪਲਟੇ ਦਰਮਿਆਨ ਫੌਰੀ ਤੌਰ 'ਤੇ ਮਿਆਂਮਾਰ ਦੀ ਨਸਲੀ-ਸਫਾਏ ਵਾਲੀ ਹਕੂਮਤ ਕੋਲ ਵਾਪਸ ਭੇਜਣਾ ਸੀ ਜਿਸ ਦੇ ਉਹ ਭਾਗੀ ਸਨ। (ਇਕ ਵਾਰ ਫਿਰ, ਸਾਡੀ ਸੁਪਰੀਮ ਕੋਰਟ ਕੋਲ ਇਸ ਮਾਮਲੇ ਦੀ ਪਟੀਸ਼ਨ ਪਹੁੰਚੀ ਸੀ, ਇਸ ਨੇ ਸਰਕਾਰ ਦੇ ਨਜ਼ਰੀਏ ਨਾਲ ਰਜ਼ਾਮੰਦੀ ਜ਼ਾਹਿਰ ਕੀਤੀ।)

ਸੋ, ਜਿਵੇਂ ਤੁਸੀਂ ਦੇਖ ਸਕਦੇ ਹੋ, ਸਰਕਾਰ ਬੇਹੱਦ, ਬੇਹੱਦ ਮਸਰੂਫ ਸੀ।

ਇਸ ਫੌਰੀ ਸਰਗਰਮੀ 'ਚ ਸਭ ਤੋਂ ਉਪਰ ਇਕ ਚੋਣ ਹੈ ਜਿਸ ਨੂੰ ਪੱਛਮੀ ਬੰਗਾਲ ਵਿਚ ਜਿੱਤਣਾ ਹੈ। ਇਸ ਵਿਚ ਸਾਡੇ ਗ੍ਰਹਿ ਮੰਤਰੀ, ਪ੍ਰਧਾਨ ਮੰਤਰੀ, ਮੋਦੀ ਦੇ ਅਜ਼ੀਜ਼ ਅਮਿਤ ਸ਼ਾਹ ਦੇ ਲਈ ਘੱਟੋ-ਘੱਟ ਆਪਣੀ ਵਜ਼ਾਰਤ ਦੀਆਂ ਜ਼ਿੰਮੇਵਾਰੀਆਂ ਛੱਡ ਕੇ ਮਹੀਨਿਆਂ ਤੱਕ ਬੰਗਾਲ ਉਪਰ ਧਿਆਨ ਦੇਣਾ ਜ਼ਰੂਰੀ ਸੀ, ਆਪਣੀ ਪਾਰਟੀ ਦੇ ਘਾਤਕ ਪ੍ਰਚਾਰ ਨੂੰ ਫੈਲਾਉਣ ਲਈ, ਹਰ ਇਕ ਛੋਟੇ ਕਸਬੇ ਅਤੇ ਪਿੰਡ ਵਿਚ ਇਨਸਾਨਾਂ ਦੇ ਖਿਲਾਫ ਇਨਸਾਨਾਂ ਨੂੰ ਭੜਕਾਉਣ ਲਈ।

ਪੱਛਮੀ ਬੰਗਾਲ ਛੋਟਾ ਰਾਜ ਹੈ। ਚੋਣਾਂ ਇਕ ਦਿਨ ਵਿਚ ਕਰਵਾਈਆਂ ਜਾ ਸਕਦੀਆਂ ਸਨ, ਤੇ ਅਤੀਤ 'ਚ ਇਉਂ ਹੁੰਦਾ ਰਿਹਾ ਹੈ; ਲੇਕਿਨ ਕਿਉਂਕਿ ਇਹ ਭਾਜਪਾ ਲਈ ਨਵਾਂ ਵਿਸਤਾਰ ਖੇਤਰ ਹੈ, ਇਸ ਲਈ ਪਾਰਟੀ ਨੂੰ ਵੋਟਿੰਗ ਦਾ ਕੰਮਕਾਜ ਦੇਖਣ ਲਈ ਆਪਣੇ ਕਾਡਰਾਂ ਜਿਨ੍ਹਾਂ 'ਚ ਬਹੁਤ ਸਾਰੇ ਬੰਗਾਲ ਤੋਂ ਨਹੀਂ ਹਨ, ਨੂੰ ਇਲਾਕਾ-ਦਰ-ਇਲਾਕਾ ਲੈ ਕੇ ਜਾਣ ਲਈ ਵਕਤ ਵੀ ਤਾਂ ਚਾਹੀਦਾ ਸੀ।

ਚੋਣਾਂ ਨੂੰ ਅੱਠ ਪੜਾਵਾਂ 'ਚ ਵੰਡਿਆ ਗਿਆ, ਜੋ ਇਕ ਮਹੀਨੇ ਤੋਂ ਵਧੇਰੇ ਸਮੇਂ ਤੱਕ ਚੱਲ ਕੇ 29 ਅਪਰੈਲ ਨੂੰ ਸਮਾਪਤ ਹੋਈਆਂ। ਜਿਉਂ-ਜਿਉਂ ਕਰੋਨਾ ਲਾਗ ਦੀ ਗਿਣਤੀ ਵਧਣ ਲੱਗੀ, ਰਾਜਨੀਤਕ ਪਾਰਟੀਆਂ ਨੇ ਚੋਣ ਕਮਿਸ਼ਨ ਤੋਂ ਚੋਣਾਂ ਦੀਆਂ ਤਾਰੀਕਾਂ ਉਪਰ ਮੁੜ ਵਿਚਾਰ ਕਰਨ ਦੀ ਫਰਿਆਦ ਕੀਤੀ।

ਕਮਿਸ਼ਨ ਨੇ ਇਨਕਾਰ ਕਰ ਦਿੱਤਾ ਅਤੇ ਸਖਤੀ ਨਾਲ ਭਾਜਪਾ ਦਾ ਸਾਥ ਦਿੱਤਾ, ਤੇ ਮੁਹਿੰਮ ਜਾਰੀ ਰਹੀ। ਭਾਜਪਾ ਦੇ ਸਟਾਰ ਪ੍ਰਚਾਰਕ ਖੁਦ ਪ੍ਰਧਾਨ ਮੰਤਰੀ ਦਾ ਜੇਤੂਆਂ ਵਾਂਘ ਅਤੇ ਬਿਨਾਂ ਮਾਸਕ ਪਾਏ, ਬਿਨਾਂ ਮਾਸਕ ਵਾਲੀ ਭੀੜ ਦੇ ਸਾਹਮਣੇ ਭਾਸ਼ਣ ਦਿੰਦੇ ਹੋਏ, ਲੋਕਾਂ ਨੂੰ ਬੇਮਿਸਾਲ ਗਿਣਤੀ 'ਚ ਆਉਣ ਲਈ ਧੰਨਵਾਦ ਕਰਦੇ ਹੋਏ ਦਾ ਵੀਡੀਓ ਕਿਸ ਨੇ ਨਹੀਂ ਦੇਖਿਆ?

ਉਹ 17 ਅਪਰੈਲ ਦੀ ਗੱਲ ਸੀ, ਜਦੋਂ ਰੋਜ਼ਾਨਾ ਲਾਗ ਦੇ ਅਧਿਕਾਰਕ ਅੰਕੜੇ ਦੋ ਲੱਖ ਵੱਲ ਵਧ ਰਹੇ ਸਨ। ਹੁਣ, ਜਦੋਂ ਵੋਟਿੰਗ ਖਤਮ ਹੋ ਚੁੱਕੀ ਹੈ, ਬੰਗਾਲ ਹੁਣ ਕਰੋਨਾ ਦਾ ਨਵਾਂ ਕੇਂਦਰ ਬਣਨ ਲਈ ਤਿਆਰ ਹੈ, ਇਕ ਨਵੇਂ ਟ੍ਰਿਪਲ ਮਿਊਟੈਂਟ ਸਟ੍ਰੇਨ ਨਾਲ ਜਿਸ ਦਾ ਨਾਮ ਹੈ - ਜ਼ਰਾ ਅੰਦਾਜ਼ਾ ਲਗਾਓ - 'ਬੰਗਾਲ ਸਟ੍ਰੇਨ'।

ਅਖਬਾਰ ਖਬਰ ਦਿੰਦੇ ਹਨ ਕਿ ਰਾਜ ਦੀ ਰਾਜਧਾਨੀ ਕੋਲਕਾਤਾ ਵਿਚ ਟੈਸਟ ਕੀਤਾ ਜਾ ਰਿਹਾ ਹਰ ਦੂਜਾ ਸ਼ਖਸ ਕੋਵਿਡ ਪਾਜ਼ੇਟਿਵ ਮਿਲ ਰਿਹਾ ਹੈ। ਭਾਜਪਾ ਨੇ ਐਲਾਨ ਕੀਤਾ ਹੈ, ਜੇ ਉਹ ਬੰਗਾਲ ਜਿੱਤਦੀ ਹੈ ਤਾਂ ਇਹ ਯਕੀਨੀ ਬਣਾਏਗੀ ਕਿ ਲੋਕਾਂ ਨੂੰ ਮੁਫਤ ਵੈਕਸੀਨ ਲਗਾਏ ਜਾਣ; ਤੇ ਜੇ ਨਹੀਂ ਜਿੱਤਦੀ ਫਿਰ?

'ਰੋਂਦੂ ਬੱਚਾ ਬਣਨ ਤੋਂ ਗੁਰੇਜ਼ ਕਰੋ।'

---

ਖੈਰ, ਵੈਕਸੀਨ ਦਾ ਕੀ ਹਾਲ ਹੈ? ਯਕੀਨਨ ਉਹ ਸਾਨੂੰ ਬਚਾ ਲੈਣਗੇ? ਕੀ ਭਾਰਤ ਵੈਕਸੀਨ ਦਾ ਪਾਵਰਹਾਊਸ ਨਹੀਂ ਹੈ? ਦਰਅਸਲ, ਭਾਰਤ ਸਰਕਾਰ ਦੋ ਨਿਰਮਾਤਾਵਾਂ ਉਪਰ ਪੂਰੀ ਤਰ੍ਹਾਂ ਨਿਰਭਰ ਹੈ, ਸੀਰਮ ਇੰਸਟੀਚਿਊਟ ਆਫ ਇੰਡੀਆ (ਐਸ.ਆਈ.ਆਈ.) ਅਤੇ ਭਾਰਤ ਬਾਇਓਟੈੱਕ।

ਦੋਵਾਂ ਨੂੰ ਦੁਨੀਆ ਦੇ ਸਭ ਤੋਂ ਮਹਿੰਗੇ ਵੈਕਸੀਨਾਂ ਵਿਚੋਂ ਦੋ ਨੂੰ ਦੁਨੀਆ ਦੇ ਸਭ ਤੋਂ ਗਰੀਬ ਲੋਕਾਂ ਨੂੰ ਮੁਹੱਈਆ ਕਰਾਉਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਇਸ ਹਫਤੇ ਉਨ੍ਹਾਂ ਨੇ ਐਲਾਨ ਕੀਤਾ ਕਿ ਉਹ ਪ੍ਰਾਈਵੇਟ ਹਸਪਤਾਲਾਂ ਨੂੰ ਥੋੜ੍ਹਾ ਵੱਧ ਮੁੱਲ 'ਤੇ ਵੇਚਣਗੇ, ਅਤੇ ਰਾਜ ਸਰਕਾਰਾਂ ਨੂੰ ਥੋੜ੍ਹਾ ਘੱਟ ਮੁੱਲ 'ਤੇ। ਮੋਟੇ ਹਿਸਾਬ ਦੱਸਦੇ ਹਨ ਕਿ ਵੈਕਸੀਨ ਕੰਪਨੀਆਂ ਵੱਲੋਂ ਘਿਨਾਉਣੇ ਰੂਪ ਵਿਚ ਬੇਥਾਹ ਮੁਨਾਫੇ ਕਮਾਉਣ ਦੀ ਸੰਭਾਵਨਾ ਹੈ।

ਮੋਦੀ ਦੀ ਹਕੂਮਤ ਵਿਚ ਭਾਰਤ ਦੀ ਆਰਥਿਕਤਾ ਖੋਖਲੀ ਕਰ ਦਿੱਤੀ ਗਈ ਹੈ, ਕਰੋੜਾਂ ਲੋਕ ਜੋ ਪਹਿਲਾਂ ਤੋਂ ਹੀ ਸੰਕਟਪੂਰਨ ਜ਼ਿੰਦਗੀ ਜੀ ਰਹੇ ਸਨ ਉਨ੍ਹਾਂ ਨੂੰ ਭਿਆਨਕ ਗ਼ਰੀਬੀ 'ਚ ਧੱਕ ਦਿੱਤਾ ਗਿਆ ਹੈ। ਇਕ ਬਹੁਤ ਬੜੀ ਗਿਣਤੀ ਹੁਣ ਆਪਣੇ ਗੁਜ਼ਾਰੇ ਲਈ ਕੌਮੀ ਗ੍ਰਾਮੀਣ ਰੁਜ਼ਗਾਰ ਗਾਰੰਟੀ ਯੋਜਨਾ (ਨਰੇਗਾ) ਤੋਂ ਹੋਣ ਵਾਲੀ ਮਾਮੂਲੀ ਕਮਾਈ ਦੀ ਮੁਹਤਾਜ ਹੈ ਜਿਸ ਨੂੰ 2005 ਵਿਚ ਲਾਗੂ ਕੀਤਾ ਗਿਆ ਸੀ ਜਦੋਂ ਕਾਂਗਰਸ ਪਾਰਟੀ ਸੱਤਾ ਵਿਚ ਸੀ।

ਇਹ ਉਮੀਦ ਕਰਨਾ ਅਸੰਭਵ ਹੈ ਕਿ ਭੁੱਖਮਰੀ ਦੇ ਕੰਢੇ ਉਪਰ ਰਹਿਣ ਵਾਲੇ ਪਰਿਵਾਰ ਆਪਣੇ ਮਹੀਨੇ ਦੀ ਜ਼ਿਆਦਾਤਰ ਕਮਾਈ ਦਾ ਭੁਗਤਾਨ ਟੀਕਾ ਲਗਾਉਣ ਲਈ ਕਰਨਗੇ। ਬਰਤਾਨੀਆ 'ਚ ਟੀਕਾ ਮੁਫਤ ਹੈ ਅਤੇ ਇਕ ਮੌਲਿਕ ਹੱਕ ਹੈ। ਆਪਣੀ ਵਾਰੀ ਤੋੜ ਕੇ ਟੀਕਾ ਲਗਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਉਪਰ ਮੁਕੱਦਮਾ ਚੱਲ ਸਕਦਾ ਹੈ। ਭਾਰਤ ਵਿਚ ਟੀਕਾਕਰਨ ਮੁਹਿੰਮ ਦੇ ਪਿੱਛੇ ਸਾਰੀ ਪ੍ਰੇਰਨਾ ਕਾਰਪੋਰੇਟ ਮੁਨਾਫਾ ਨਜ਼ਰ ਆਉਂਦੀ ਹੈ।

ਜਦੋਂ ਇਹ ਭਿਆਨਕ ਪੈਮਾਨੇ ਦੀ ਤਬਾਹੀ ਸਾਡੇ ਮੋਦੀਪ੍ਰਸਤ ਭਾਰਤੀ ਟੀ.ਵੀ. ਚੈਨਲਾਂ ਉਪਰ ਦਿਖਾਈ ਜਾਂਦੀ ਹੈ ਤਾਂ ਤੁਸੀਂ ਗੌਰ ਕਰੋਗੇ ਕਿ ਉਹ ਸਭ ਕਿਵੇਂ ਇਕ ਰਟੀ-ਰਟਾਈ ਆਵਾਜ਼ 'ਚ ਬੋਲਦੇ ਹਨ। 'ਸਿਸਟਮ' ਢਹਿਢੇਰੀ ਹੋ ਗਿਆ ਹੈ, ਇਹ ਗੱਲ ਉਹ ਵਾਰ-ਵਾਰ ਕਹਿੰਦੇ ਹਨ। ਵਾਇਰਸ ਭਾਰਤ ਦੇ ਸਿਹਤ ਸੇਵਾ 'ਸਿਸਟਮ' ਉਪਰ ਹਾਵੀ ਹੋ ਗਿਆ ਹੈ।

ਸਿਸਟਮ ਢਹਿਢੇਰੀ ਨਹੀਂ ਹੋਇਆ ਹੈ। 'ਸਿਸਟਮ' ਤਾਂ ਹੈ ਹੀ ਨਹੀਂ ਸੀ। ਸਰਕਾਰ ਨੇ - ਇਸ ਸਰਕਾਰ ਨੇ ਅਤੇ ਇਸ ਤੋਂ ਪਹਿਲੀ ਕਾਂਗਰਸ ਦੀ ਸਰਕਾਰ ਨੇ - ਜਾਣ-ਬੁੱਝ ਕੇ ਜੋ ਵੀ ਮੈਡੀਕਲ ਦਾ ਮਾੜਾ-ਮੋਟਾ ਬੁਨਿਆਦੀ-ਢਾਂਚਾ ਸੀ, ਉਸ ਨੂੰ ਤਬਾਹ ਕਰ ਦਿੱਤਾ। ਲੱਗਭਗ ਨਦਾਰਦ ਜਨਤਕ ਸਿਹਤ ਵਿਵਸਥਾ ਵਾਲੇ ਮੁਲਕ ਵਿਚ ਜਦੋਂ ਮਹਾਮਾਰੀ ਫੈਲਦੀ ਹੈ ਤਾਂ ਇਹੀ ਕੁਝ ਹੁੰਦਾ ਹੈ।

ਭਾਰਤ ਆਪਣੀ ਕੁਲ ਘਰੇਲੂ ਪੈਦਾਵਾਰ ਦਾ 1.25% ਸਿਹਤ ਉਪਰ ਖਰਚ ਕਰਦਾ ਹੈ ਜੋ ਦੁਨੀਆ 'ਚ ਜ਼ਿਆਦਾਤਰ ਮੁਲਕਾਂ ਤੋਂ ਘੱਟ ਹੈ, ਸਭ ਤੋਂ ਗਰੀਬ ਮੁਲਕਾਂ ਤੋਂ ਵੀ ਘੱਟ। ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਅੰਕੜਾ ਵੀ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ, ਕਿਉਂਕਿ ਉਨ੍ਹਾਂ ਚੀਜ਼ਾਂ ਨੂੰ ਵੀ ਇਸ ਵਿਚ ਘੁਸੇੜ ਦਿੱਤਾ ਗਿਆ ਹੈ ਜੋ ਮਹੱਤਵਪੂਰਨ ਹਨ ਲੇਕਿਨ ਜੋ ਸਿਹਤ ਸੰਭਾਲ 'ਚ ਆਉਂਦੀਆਂ ਹੀ ਨਹੀਂ। ਤਾਂ ਅਸਲ ਅੰਕੜਾ 0.34% ਹੋਣ ਦਾ ਅੰਦਾਜ਼ਾ ਹੈ।

ਤ੍ਰਾਸਦੀ ਇਹ ਹੈ ਕਿ ਇਸ ਭਿਆਨਕ ਰੂਪ 'ਚ ਗਰੀਬ ਮੁਲਕ ਵਿਚ, ਸ਼ਹਿਰੀ ਇਲਾਕਿਆਂ

***(ਬਾਕੀ ਅਗਲੇ ਸਫੇ 'ਤੇ)***

'ਚ 78% ਅਤੇ ਪੇਂਡੂ ਇਲਾਕਿਆਂ 'ਚ 71% ਸਿਹਤ ਸੰਭਾਲ ਪ੍ਰਾਈਵੇਟ ਸੈਕਟਰ ਕੋਲ ਹੈ, ਜਿਵੇਂ 2016 'ਚ 'ਲਾਂਸੈਟ' ਦੇ ਅਧਿਐਨ ਵਿਚ ਦੱਸਿਆ ਗਿਆ ਸੀ। ਜਨਤਕ ਖੇਤਰ 'ਚ ਬਚੇ ਹੋਏ ਵਸੀਲਿਆਂ ਨੂੰ ਸਿਲਸਿਲੇਵਾਰ ਤਰੀਕੇ ਨਾਲ ਪ੍ਰਾਈਵੇਟ ਖੇਤਰ ਦੇ ਹਵਾਲੇ ਕੀਤਾ ਜਾ ਰਿਹਾ ਹੈ ਜਿਸ ਦੇ ਪਿੱਛੇ ਭ੍ਰਿਸ਼ਟ ਪ੍ਰਸ਼ਾਸਕਾਂ ਅਤੇ ਮੈਡੀਕਲ ਸੇਵਾਵਾਂ ਦੇਣ ਵਾਲਿਆਂ, ਭ੍ਰਿਸ਼ਟ ਰੈਫਰਲ ਅਤੇ ਬੀਮਾ ਘੁਟਾਲਿਆਂ ਦਾ ਇਕ ਗੱਠਜੋੜ ਹੈ।

ਸਿਹਤ ਸੰਭਾਲ ਮੌਲਿਕ ਹੱਕ ਹੈ। ਪ੍ਰਾਈਵੇਟ ਖੇਤਰ ਭੁੱਖਮਰੀ ਦੇ ਸ਼ਿਕਾਰ, ਬਿਮਾਰ, ਮਰ ਰਹੇ ਲੋਕਾਂ ਦੀ ਸੇਵਾ ਨਹੀਂ ਕਰੇਗਾ ਜਿਨ੍ਹਾਂ ਕੋਲ ਕੋਈ ਪੈਸਾ ਨਹੀਂ ਹੈ। ਭਾਰਤ ਦੀਆਂ ਸਿਹਤ ਸੇਵਾਵਾਂ ਦਾ ਨਿੱਜੀਕਰਨ ਇਕ ਜੁਰਮ ਹੈ।

ਸਿਸਟਮ ਢਹਿਢੇਰੀ ਨਹੀਂ ਹੋਇਆ ਹੈ, ਸਰਕਾਰ ਨਾਕਾਮ ਰਹੀ ਹੈ। ਸ਼ਾਇਦ 'ਨਾਕਾਮ' ਵੀ ਗੈਰ-ਵਾਜਿਬ ਸ਼ਬਦ ਹੈ ਕਿਉਂਕਿ ਜੋ ਸਾਡੀਆਂ ਅੱਖਾਂ ਸਾਹਮਣੇ ਹੋ ਰਿਹਾ ਹੈ, ਉਹ ਮੁਜਰਮਾਨਾ ਅਣਦੇਖੀ ਨਹੀਂ ਹੈ ਸਗੋਂ ਮਨੁੱਖਤਾ ਦੇ ਖਿਲਾਫ ਜੁਰਮ ਹੈ।

ਵਾਇਰਸ ਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਭਾਰਤ ਵਿਚ ਮਾਮਲਿਆਂ ਦੀ ਗਿਣਤੀ ਬੇਤਹਾਸ਼ਾ ਵਧ ਕੇ ਰੋਜ਼ਾਨਾ ਪੰਜ ਲੱਖ ਤੋਂ ਵਧੇਰੇ ਹੋ ਜਾਵੇਗੀ। ਉਹ ਆਉਣ ਵਾਲੇ ਮਹੀਨਿਆਂ 'ਚ ਕਈ ਲੱਖ ਲੋਕਾਂ ਦੀਆਂ ਮੌਤਾਂ ਦੀ ਪੇਸ਼ੀਨਗੋਈ ਕਰ ਰਹੇ ਹਨ। ਸ਼ਾਇਦ ਉਸ ਤੋਂ ਵੀ ਜ਼ਿਆਦਾ।

ਮੇਰੇ ਦੋਸਤਾਂ ਨੇ ਅਤੇ ਮੈਂ ਰੋਜ਼ਾਨਾ ਇਕ ਦੂਜੇ ਨੂੰ ਫੋਨ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਆਪਣੀ ਮੌਜੂਦਗੀ ਨੂੰ ਦਰਜ ਕਰਾ ਸਕੀਏ, ਆਪਣੇ ਸਕੂਲ ਦੀ ਜਮਾਤ 'ਚ ਹਾਜ਼ਰੀ ਦੀ ਤਰ੍ਹਾਂ। ਅਸੀਂ ਜਿਨ੍ਹਾਂ ਨੂੰ ਪਿਆਰ ਕਰਦੇ ਹਾਂ ਉਨ੍ਹਾਂ ਨਾਲ ਸੇਜਲ ਅੱਖਾਂ ਨਾਲ ਗੱਲ ਕਰਦੇ ਹਾਂ, ਕੰਬਦੇ ਹੋਏ, ਨਾ ਜਾਣਦੇ ਹੋਏ ਕਿ ਅਸੀਂ ਇਕ ਦੂਜੇ ਨੂੰ ਕਦੇ ਦੇਖ ਵੀ ਸਕਾਂਗੇ।

ਅਸੀਂ ਲਿਖਦੇ ਹਾਂ, ਅਸੀਂ ਕੰਮ ਕਰਦੇ ਹਾਂ, ਇਹ ਨਾ ਜਾਣਦੇ ਹੋਏ ਕਿ ਅਸੀਂ ਜੋ ਸ਼ੁਰੂ ਕੀਤਾ ਸੀ, ਉਸ ਨੂੰ ਨੇਪਰੇ ਚਾੜ੍ਹਨ ਲਈ ਜ਼ਿੰਦਾ ਵੀ ਰਹਿ ਸਕਾਂਗੇ। ਇਹ ਨਾ ਜਾਣਦੇ ਹੋਏ ਕਿ ਕੈਸੀ ਦਹਿਸ਼ਤ ਅਤੇ ਅਪਮਾਨ ਸਾਡਾ ਇੰਤਜ਼ਾਰ ਕਰ ਰਹੇ ਹਨ। ਇਸ ਸਭ ਕਾਸੇ ਤੋਂ ਮਹਿਸੂਸ ਹੋਣ ਵਾਲੀ ਜ਼ਲਾਲਤ। ਇਹੀ ਉਹ ਚੀਜ਼ ਹੈ ਜੋ ਸਾਨੂੰ ਤੋੜ ਦਿੰਦੀ ਹੈ।

---

ਸੋਸ਼ਲ ਮੀਡੀਆ ਉਪਰ '#ਮੋਦੀ ਮਸਟ ਰਿਜ਼ਾਈਨ' ਟਰੈਂਡ ਕਰ ਰਿਹਾ ਹੈ। ਕੁਝ ਮੀਮਾਂ ਅਤੇ ਇਲਸਟ੍ਰੇਸ਼ਨਾਂ ਵਿਚ ਮੋਦੀ ਦੀ ਦਾੜ੍ਹੀ ਦੇ ਪਿੱਛਿਓਂ ਖੋਪੜੀਆਂ ਦੇ ਢੇਰ ਦੇ ਰੂਪ ਵਿਚ ਮੋਦੀ ਦਾ ਅਸਲ ਰੂਪ ਝਾਕਦਾ ਦਿਖਾਈ ਦਿਖਾਇਆ ਗਿਆ ਹੈ। ਮਸੀਹਾ ਮੋਦੀ ਲਾਸ਼ਾਂ ਦੀ ਰੈਲੀ ਵਿਚ ਭਾਸ਼ਣ ਦੇ ਰਿਹਾ ਹੈ। ਗਿਰਝਾਂ ਦੇ ਰੂਪ 'ਚ ਮੋਦੀ ਅਤੇ ਅਮਿਤ ਸ਼ਾਹ ਦਿਸਹੱਦੇ ਉਪਰ ਲਾਸ਼ਾਂ ਲਈ ਨਜ਼ਰਾਂ ਗੱਡੀ ਬੈਠੇ ਹਨ ਜਿਨ੍ਹਾਂ ਤੋਂ ਵੋਟਾਂ ਦੀ ਫਸਲ ਵੱਢੀ ਜਾਣੀ ਹੈ; ਲੇਕਿਨ ਇਹ ਕਹਾਣੀ ਦਾ ਸਿਰਫ ਇਕ ਪਾਸਾ ਹੈ।

ਦੂਜਾ ਪਾਸਾ ਹੈ ਕਿ ਭਾਵਨਾਵਾਂ ਤੋਂ ਸੱਖਣੇ ਇਕ ਆਦਮੀ, ਖਾਲੀ ਅੱਖਾਂ ਅਤੇ ਅਣਮੰਨੀ ਮੁਸਕਰਾਹਟ ਵਾਲਾ ਸ਼ਖਸ, ਅਤੀਤ ਦੇ ਇੰਨੇ ਸਾਰੇ ਤਾਨਾਸ਼ਾਹਾਂ ਵਾਂਗ ਦੂਜਿਆਂ 'ਚ ਤਿੱਖੀਆਂ ਭਾਵਨਾਵਾਂ ਜਗਾ ਸਕਦਾ ਹੈ। ਉਸ ਦੀ ਬਿਮਾਰੀ ਛੂਤ ਦੀ ਹੈ ਅਤੇ ਇਹੀ ਚੀਜ਼ ਉਸ ਨੂੰ ਵਿਲੱਖਣ ਬਣਾਉਂਦੀ ਹੈ।

ਉਤਰੀ ਭਾਰਤ ਵਿਚ, ਜਿੱਥੇ ਉਨ੍ਹਾਂ ਦਾ ਸਭ ਤੋਂ ਬੜਾ ਵੋਟ ਆਧਾਰ ਹੈ, ਤੇ ਜੋ ਆਪਣੀ ਸ਼ੁੱਧ ਗਿਣਤੀ ਦੇ ਜ਼ੋਰ, ਮੁਲਕ ਦੀ ਰਾਜਨੀਤਕ ਤਕਦੀਰ ਦਾ ਫੈਸਲਾ ਕਰਦਾ ਹੈ, ਉਥੇ ਉਸ ਵੱਲੋਂ ਦਿੱਤਾ ਗਿਆ ਸੰਤਾਪ ਅਜੀਬੋ-ਗਰੀਬ ਆਨੰਦ 'ਚ ਬਦਲਦਾ ਨਜ਼ਰ ਆ ਰਿਹਾ ਹੈ।

ਫਰੈੱਡਰਿਕ ਡਗਲਸ ਨੇ ਠੀਕ ਹੀ ਕਿਹਾ ਸੀ: 'ਤਾਨਾਸ਼ਾਹਾਂ ਦੀਆਂ ਸੀਮਾਵਾਂ ਉਨ੍ਹਾਂ ਲੋਕਾਂ ਦੀ ਸਹਿਣਸ਼ੀਲਤਾ ਤੋਂ ਤੈਅ ਹੁੰਦੀਆਂ ਹਨ ਜਿਨ੍ਹਾਂ ਉਪਰ ਉਹ ਜ਼ੁਲਮ ਕਰਦੇ ਹਨ।' ਭਾਰਤ ਵਿਚ ਅਸੀਂ ਸਹਿਣਸ਼ੀਲਤਾ ਦੀ ਆਪਣੀ ਕਾਬਲੀਅਤ ਉਪਰ ਕਿੰਨਾ ਮਾਣ ਕਰਦੇ ਹਾਂ।

ਕਿੰਨੀ ਖੂਬਸੂਰਤੀ ਨਾਲ ਅਸੀਂ ਆਪਣੇ ਗੁੱਸੇ ਤੋਂ ਮੁਕਤੀ ਪਾਉਣ ਦੀ ਖਾਤਰ ਧਿਆਨ ਲਗਾਉਣ ਅਤੇ ਇਕਾਗਰ ਹੋਣ ਲਈ, ਤੇ ਬਰਾਬਰੀ ਨੂੰ ਅਪਣਾਉਣ 'ਚ ਆਪਣੀ ਨਾਲਾਇਕੀ ਨੂੰ ਸਹੀ ਠਹਿਰਾਉਣ ਲਈ ਖੁਦ ਨੂੰ ਸਿੱਖਿਅਤ ਕਰ ਲਿਆ ਹੈ। ਕਿੰਨੀ ਬੇਵਸੀ ਨਾਲ ਅਸੀਂ ਆਪਣੇ ਅਪਮਾਨ ਨੂੰ ਗਲੇ ਲਗਾ ਲੈਂਦੇ ਹਾਂ।

ਜਦੋਂ ਉਸ ਨੇ 2001 'ਚ ਗੁਜਰਾਤ ਦੇ ਨਵੇਂ ਮੁੱਖ ਮੰਤਰੀ ਦੇ ਰੂਪ 'ਚ ਆਪਣੇ ਰਾਜਨੀਤਕ ਸਫਰ ਦੀ ਸ਼ੁਰੂਆਤ ਕੀਤੀ ਸੀ ਤਾਂ ਉਸ ਘਟਨਾ ਤੋਂ ਬਾਅਦ ਮੋਦੀ ਨੇ ਭਵਿੱਖੀ ਪੁਸ਼ਤਾਂ ਲਈ ਆਪਣੀ ਜਗ੍ਹਾ ਪੱਕੀ ਕਰ ਲਈ ਸੀ ਜੋ ਗੁਜਰਾਤ ਕਤਲੇਆਮ-2002 ਨਾਮ ਨਾਲ ਜਾਣੀ ਜਾਂਦੀ ਹੈ। ਥੋੜ੍ਹੇ ਦਿਨਾਂ ਅੰਦਰ ਹੀ ਹਜ਼ਾਰਾਂ ਮੁਸਲਮਾਨ ਕਤਲ ਕਰ ਦਿੱਤੇ ਗਏ, ਬਲਾਤਕਾਰ ਕੀਤੇ ਗਏ, ਜ਼ਿੰਦਾ ਜਲਾਏ ਗਏ।

ਇਹ ਸਭ ਇਕ ਟਰੇਨ ਅੰਦਰ ਅੱਗਜ਼ਨੀ ਦੇ ਭਿਆਨਕ ਕਾਂਡ ਦੇ 'ਬਦਲੇ' ਵਜੋਂ ਕੀਤਾ ਗਿਆ ਜਿਸ ਵਿਚ 50 ਤੋਂ ਵਧੇਰੇ ਹਿੰਦੂ ਤੀਰਥ ਯਾਤਰੀ ਜ਼ਿੰਦਾ ਸੜ ਗਏ ਸਨ। ਇਕ ਵਾਰ ਹਿੰਸਾ ਰੁਕ ਜਾਣ ਤੋਂ ਬਾਅਦ ਮੋਦੀ ਜੋ ਉਸ ਸਮੇਂ ਤੱਕ ਆਪਣੀ ਪਾਰਟੀ ਵੱਲੋਂ ਨਾਮਜ਼ਦ ਮੁੱਖ ਮੰਤਰੀ ਸੀ, ਨੇ ਸਮੇਂ ਤੋਂ ਪਹਿਲਾਂ ਚੋਣਾਂ ਦਾ ਐਲਾਨ ਕਰ ਦਿੱਤਾ।

ਉਸ ਨੂੰ 'ਹਿੰਦੂ ਹਿਰਦੇ ਸਮਰਾਟ' ਦੇ ਰੂਪ ਵਿਚ ਪੇਸ਼ ਕਰਨ ਵਾਲੀ ਮੁਹਿੰਮ ਨੇ ਉਸ ਨੂੰ ਭਾਰੀ ਜਿੱਤ ਦਿੱਤੀ। ਉਦੋਂ ਤੋਂ ਲੈ ਕੇ ਮੋਦੀ ਇਕ



ਸੈਂਟਰਲ ਵਿਸਟਾ ਪ੍ਰੋਜੈਕਟ ਤਹਿਤ ਇੰਡੀਆ ਗੇਟ ਨੇੜੇ ਕੰਮ ਕਰ ਰਹੇ ਕਾਮੇ।

ਵੀ ਚੋਣ ਨਹੀਂ ਹਾਰਿਆ। ਗੁਜਰਾਤ ਕਤਲੇਆਮ ਦੇ ਅਨੇਕ ਹਤਿਆਰੇ ਬਾਅਦ ਵਿਚ ਇਸ ਗੱਲ ਦੀ ਸ਼ੇਖੀ ਮਾਰਦੇ ਹੋਏ ਪੱਤਰਕਾਰ ਆਸ਼ੀਸ਼ ਖੇਤਾਨ ਵੱਲੋਂ ਕੈਮਰੇ ਉਪਰ ਰਿਕਾਰਡ ਕੀਤੇ ਗਏ, ਕਿ ਉਨ੍ਹਾਂ ਨੇ ਕਿਵੇਂ ਲੋਕਾਂ ਨੂੰ ਕੋਹ-ਕੋਹ ਕੇ ਮਾਰਿਆ ਸੀ, ਕਿਵੇਂ ਗਰਭਵਤੀ ਮਾਵਾਂ ਦੇ ਪੇਟ ਪਾੜੇ ਗਏ ਅਤੇ ਪੇਟ ਵਿਚਲੇ ਬੱਚੇ ਦੇ ਸਿਰ ਪੱਥਰਾਂ ਨਾਲ ਪਟਕ ਕੇ ਫੇਹ ਦਿੱਤੇ ਸਨ।

ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਜੋ ਕੁਝ ਕੀਤਾ, ਉਹ ਸਿਰਫ ਇਸ ਲਈ ਕਰ ਸਕੇ ਕਿਉਂਕਿ ਮੋਦੀ ਮੁੱਖ ਮੰਤਰੀ ਸਨ। ਉਹ ਟੇਪ ਰਾਸ਼ਟਰੀ ਟੀ.ਵੀ. ਉਪਰ ਦਿਖਾਈ ਗਈ। ਜਿੱਥੇ ਮੋਦੀ ਸੱਤਾ 'ਚ ਬਣੇ ਰਹੇ, ਉਥੇ ਖੇਤਾਨ ਜਿਸ ਨੇ ਟੇਪਾਂ ਅਦਾਲਤਾਂ ਨੂੰ ਸੌਂਪੀਆਂ ਅਤੇ ਜਿਨ੍ਹਾਂ ਦੀ ਫਾਰੈਂਸਿਕ ਜਾਂਚ ਹੋਈ, ਅਨੇਕ ਮੌਕਿਆਂ 'ਤੇ ਗਵਾਹ ਦੇ ਰੂਪ 'ਚ ਅਦਾਲਤ 'ਚ ਹਾਜ਼ਰ ਹੁੰਦੇ ਰਹੇ। ਸਮਾਂ ਗੁਜ਼ਰਨ ਨਾਲ ਕੁਝ ਹਤਿਆਰੇ ਗ੍ਰਿਫਤਾਰ ਕਰ ਲਏ ਗਏ, ਜੇਲ੍ਹ ਵਿਚ ਵੀ ਰਹੇ, ਲੇਕਿਨ ਅਨੇਕ ਨੂੰ ਛੱਡ ਦਿੱਤਾ ਗਿਆ।

ਆਪਣੀ ਹਾਲੀਆ ਕਿਤਾਬ 'ਅੰਡਰਕਵਰ: ਮਾਈ ਜਰਨੀ ਇਨ ਟੂ ਡਾਰਕਨੈੱਸ ਆਫ ਹਿੰਦੂਤਵ' ਵਿਚ ਖੇਤਾਨ ਦੱਸਦੇ ਹਨ ਕਿ ਕਿਵੇਂ ਮੁੱਖ ਮੰਤਰੀ ਦੇ ਰੂਪ ਵਿਚ ਮੋਦੀ ਦੀ ਹਕੂਮਤ ਦੌਰਾਨ, ਗੁਜਰਾਤ ਪੁਲਿਸ, ਜੱਜ, ਵਕੀਲ, ਸਰਕਾਰੀ ਪੱਖ ਅਤੇ ਜਾਂਚ ਕਮਿਸ਼ਨ ਸਾਰਿਆਂ ਨੇ ਮਿਲ ਕੇ ਸਬੂਤਾਂ ਨਾਲ ਛੇੜਛਾੜ ਕੀਤੀ, ਗਵਾਹਾਂ ਨੂੰ ਧਮਕਾਇਆ ਅਤੇ ਜੱਜਾਂ ਦੇ ਤਬਾਦਲੇ ਕੀਤੇ ਗਏ।

ਇਹ ਸਭ ਜਾਣਕਾਰੀ ਹੋਣ ਦੇ ਬਾਵਜੂਦ, ਭਾਰਤ ਦੇ ਬਹੁਤ ਸਾਰੇ ਕਥਿਤ ਬੁੱਧੀਜੀਵੀ, ਇੱਥੋਂ ਦੀਆਂ ਕਾਰਪੋਰੇਟ ਕੰਪਨੀਆਂ ਦੇ ਸੀ.ਈ.ਓ. ਅਤੇ ਉਨ੍ਹਾਂ ਦੀ ਮਾਲਕੀ ਵਾਲੇ ਮੀਡੀਆ ਘਰਾਣਿਆਂ ਨੇ ਸਖਤ ਘਾਲਣਾ ਘਾਲਦੇ ਹੋਏ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਦਾ ਰਾਹ ਪੱਧਰਾ ਕੀਤਾ। ਸਾਡੇ ਵਿਚੋਂ ਜੋ ਲੋਕ ਆਪਣੀ ਆਲੋਚਨਾ ਉਪਰ ਡਟੇ ਰਹੇ, ਉਨ੍ਹਾਂ ਨੂੰ ਜ਼ਲੀਲ ਕੀਤਾ ਗਿਆ ਅਤੇ ਖਾਮੋਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ।

'ਅੱਗੇ ਵਧੋ' ਉਨ੍ਹਾਂ ਦਾ ਮੂਲ-ਮੰਤਰ ਸੀ। ਇੱਥੋਂ ਤੱਕ ਕਿ ਅੱਜ ਵੀ, ਜਦੋਂ ਉਹ ਮੋਦੀ ਦੇ ਲਈ ਕੁਝ ਸਖਤ ਸ਼ਬਦ ਕਹਿੰਦੇ ਹਨ ਤਾਂ ਉਸ ਦੀ ਧਾਰ ਖੁੰਢੀ ਕਰਨ ਲਈ ਉਹ ਉਸ ਦੀ ਭਾਸ਼ਣ-ਕਲਾ ਅਤੇ ਉਸ ਦੀ 'ਕਰੜੀ ਮਿਹਨਤ' ਦੀਆਂ ਤਾਰੀਫਾਂ ਕਰਨੀਆਂ ਨਹੀਂ ਭੁੱਲਦੇ।

ਕਿਤੇ ਵਧੇਰੇ ਸਖਤੀ ਨਾਲ ਉਹ ਵਿਰੋਧੀ ਧਿਰ ਦੇ ਰਾਜਨੀਤਕ ਆਗੂਆਂ ਦੀ ਨਿੰਦਾ ਕਰਦੇ ਹਨ ਅਤੇ ਉਨ੍ਹਾਂ ਉਪਰ ਧੌਂਸ ਦਿਖਾ ਕੇ ਉਨ੍ਹਾਂ ਨੂੰ ਅਪਮਾਨਿਤ ਕਰਦੇ ਹਨ। ਆਪਣੀ ਖਾਸ ਨਫਰਤ ਨੂੰ ਉਹ ਕਾਂਗਰਸ ਪਾਰਟੀ ਦੇ ਰਾਹੁਲ ਗਾਂਧੀ ਦੇ ਲਈ ਬਚਾ ਕੇ ਰੱਖਦੇ ਹਨ ਜੋ ਐਸਾ ਇਕੱਲਾ ਰਾਜਨੀਤਕ ਆਗੂ ਹੈ ਜਿਸ ਨੇ ਆਉਣ ਵਾਲੇ ਕੋਵਿਡ ਸੰਕਟ ਦੀ ਲਗਾਤਾਰ ਚਿਤਾਵਨੀ ਦਿੱਤੀ ਅਤੇ ਵਾਰ-ਵਾਰ ਸਰਕਾਰ ਤੋਂ ਮੰਗ ਕਰਦਾ ਰਿਹਾ ਕਿ ਸਰਕਾਰ ਲਈ ਜਿੰਨਾ ਸੰਭਵ ਹੋ ਸਕਦਾ ਹੈ, ਉਹ ਖੁਦ ਨੂੰ ਉਸ ਲਈ ਤਿਆਰ ਕਰੇ।

ਸਾਰੀਆਂ ਹੀ ਵਿਰੋਧੀ ਧਿਰ ਪਾਰਟੀਆਂ ਨੂੰ ਬਰਬਾਦ ਕਰਨ ਦੀ ਇਸ ਦੀ ਮੁਹਿੰਮ ਵਿਚ ਸੱਤਾਧਾਰੀ ਪਾਰਟੀ ਦੀ ਮਦਦ ਕਰਨਾ ਲੋਕਤੰਤਰ ਨੂੰ ਬਰਬਾਦ ਕਰਨ ਵਿਚ ਮਿਲੀਭੁਗਤ ਦੇ ਬਰਾਬਰ ਹੈ। ਤਾਂ ਹੁਣ ਅਸੀਂ ਇੱਥੇ ਪਹੁੰਚ ਚੁੱਕੇ ਹਾਂ, ਸਮੂਹਿਕ ਰੂਪ 'ਚ ਉਨ੍ਹਾਂ ਦੇ ਬਣਾਏ ਹੋਏ ਜਹੱਨਮ ਵਿਚ, ਜਿੱਥੇ ਇਕ ਲੋਕਤੰਤਰ ਦੇ ਕੰਮਕਾਜ ਲਈ ਬੁਨਿਆਦੀ ਰੂਪ 'ਚ ਜ਼ਰੂਰੀ ਹਰ ਸੁਤੰਤਰ ਸੰਸਥਾ ਨੂੰ ਸੰਕਟ 'ਚ ਸੁੱਟ ਕੇ ਖੋਖਲੀ ਬਣਾ ਦਿੱਤਾ ਗਿਆ ਹੈ, ਤੇ ਜਿੱਥੇ ਬੇਕਾਬੂ, ਬੇਲਗਾਮ ਵਾਇਰਸ ਦਨਦਨਾ ਰਿਹਾ ਹੈ।

ਸੰਕਟ ਪੈਦਾ ਕਰਨ ਵਾਲੀ ਇਹ ਮਸ਼ੀਨ ਜਿਸ ਨੂੰ ਅਸੀਂ ਆਪਣੀ ਸਰਕਾਰ ਕਹਿੰਦੇ ਹਾਂ, ਸਾਨੂੰ ਇਸ ਤਬਾਹੀ ਵਿਚੋਂ ਕੱਢਣ ਦੇ ਨਾਕਾਬਿਲ ਹੈ; ਖਾਸ ਕਰ ਕੇ ਇਸ ਲਈ ਕਿ ਇਸ ਸਰਕਾਰ ਵਿਚ ਇਕ ਆਦਮੀ ਇਕੱਲਾ ਫੈਸਲੇ ਕਰਦਾ ਹੈ, ਜੋ ਖਤਰਨਾਕ ਹੈ - ਤੇ ਉਹ ਬਹੁਤਾ ਸਮਝਦਾਰ ਨਹੀਂ ਹੈ। ਇਹ ਵਾਇਰਸ ਇਕ ਕੌਮਾਂਤਰੀ ਸਮੱਸਿਆ ਹੈ। ਇਸ ਨਾਲ ਨਜਿੱਠਣ ਲਈ ਘੱਟੋ-ਘੱਟ ਮਹਾਮਾਰੀ ਉਪਰ ਕਾਬੂ ਪਾਉਣ ਅਤੇ ਇੰਤਜ਼ਾਮ ਲਈ ਫੈਸਲੇ ਕਰਨ ਦਾ ਕੰਮ ਇਕ ਤਰ੍ਹਾਂ ਦੀ ਗੈਰ-ਪਾਰਟੀ ਸੰਸਥਾ ਦੇ ਹੱਥਾਂ 'ਚ ਦੇਣਾ ਹੋਵੇਗਾ ਜਿਸ ਵਿਚ ਸੱਤਾਧਾਰੀ ਪਾਰਟੀ ਦੇ ਮੈਂਬਰ, ਵਿਰੋਧੀ ਧਿਰ ਦੇ ਮੈਂਬਰ ਅਤੇ ਸਿਹਤ ਤੇ ਜਨਤਕ ਨੀਤੀਆਂ ਦੇ ਮਾਹਿਰ ਸ਼ਾਮਲ ਹੋਣ।

ਜਿੱਥੋਂ ਤੱਕ ਮੋਦੀ ਦੀ ਗੱਲ ਹੈ, ਕੀ ਆਪਣੇ ਜੁਰਮਾਂ ਨੂੰ ਮੁੱਖ ਰੱਖਦਿਆਂ ਉਸ ਵੱਲੋਂ ਅਸਤੀਫਾ ਦੇਣ ਦੀ ਕੋਈ ਸੰਭਵ ਗੁੰਜਾਇਸ਼ ਹੈ? ਜੇ ਕਰ ਸਕੇ ਤਾਂ ਉਹ ਬਸ ਉਨ੍ਹਾਂ ਜੁਰਮਾਂ ਤੋਂ ਇਕ ਮੋਹਲਤ ਹੀ ਦੇ ਦੇਵੇ - ਆਪਣੀ ਕਰੜੀ ਮਿਹਨਤ ਨਾਲ ਬਸ ਇਕ ਮੋਹਲਤ।

ਉਸ ਦੇ ਲਈ 56.4 ਕਰੋੜ ਡਾਲਰ ਦਾ ਬੋਇੰਗ 777, ਏਅਰ ਇੰਡੀਆ ਵਨ ਦਾ ਜਹਾਜ਼ ਵੀ.ਵੀ.ਆਈ.ਪੀ. ਸਫਰ ਲਈ, ਦਰਅਸਲ ਉਸ ਦੇ ਲਈ, ਤਿਆਰ ਹੈ ਅਤੇ ਫਿਲਹਾਲ ਰੱਨਵੇਅ ਉਪਰ ਵਿਹਲਾ ਖੜ੍ਹਾ ਹੈ। ਉਹ ਅਤੇ ਉਸ ਦੇ ਆਦਮੀ ਬਸ ਛੱਡ ਕੇ ਜਾ ਸਕਦੇ ਹਨ। ਬਾਕੀ ਦੇ ਲੋਕ ਉਨ੍ਹਾਂ ਦੀਆਂ ਗੜਬੜਾਂ ਨੂੰ ਠੀਕ ਕਰਨ ਲਈ ਜੋ ਕੁਝ ਹੋ ਸਕੇਗਾ ਉਹ ਕਰਨਗੇ।

ਨਹੀਂ, ਭਾਰਤ ਨੂੰ ਅਲੱਗ-ਥਲੱਗ ਨਹੀਂ ਕੀਤਾ ਜਾ ਸਕਦਾ। ਸਾਨੂੰ ਮਦਦ ਦੀ ਜ਼ਰੂਰਤ ਹੈ।

***(ਸਮਾਪਤ)***

# ਮਹਾਪੁਰਸ਼ੋ ! ਹੁਣ ਤਾਂ ਰਹਿਮ ਕਰਕੇ ਪਾਸੇ ਹੋ ਜਾਓ !

***ਉਘੀ ਲਿਖਾਰੀ ਅਤੇ ਕਾਰਕੁਨ ਅਰੁੰਧਤੀ ਰਾਏ ਨੇ ਕਰੋਨਾ ਵਾਇਰਸ ਕਾਰਨ ਬਦਤਰ ਹੋਏ ਹਾਲਾਤ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਇਹ ਖੁੱਲ੍ਹਾ ਖਤ ਲਿਖਿਆ ਹੈ। ਇਸ ਵਿਚ ਸਾਫ ਸਾਫ ਕਿਹਾ ਗਿਆ ਹੈ ਕਿ ਹੁਣ ਉਹ ਬਖਸ਼ ਦੇਣ ਅਤੇ ਸੱਤਾ ਤੋਂ ਲਾਂਭੇ ਹੋ ਜਾਣ ਕਿਉਂਕਿ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਰਹੇ ਹਨ, ਉਨ੍ਹਾਂ ਦੀ ਨਾਲਾਇਕੀ ਕਾਰਨ ਅਣਗਿਣਤ ਲੋਕ ਰੁਲ ਅਤੇ ਮਰ ਰਹੇ ਹਨ।***

**ਅਰੁੰਧਤੀ ਰਾਏ**

ਸਾਨੂੰ ਸਰਕਾਰ ਦੀ ਜ਼ਰੂਰਤ ਹੈ। ਹੁਣੇ। ਇਸੇ ਵਕਤ। ਸਰਕਾਰ ਜੋ ਸਾਡੇ ਕੋਲ ਹੈ ਨਹੀਂ। ਸਾਡੇ ਸਵਾਸ ਮੁੱਕਦੇ ਜਾ ਰਹੇ ਹਨ। ਅਸੀਂ ਮਰ ਰਹੇ ਹਾਂ। ਸਾਡੇ ਕੋਲ ਇਹ ਜਾਨਣ ਦੀ ਕੋਈ ਵਿਵਸਥਾ ਨਹੀਂ ਹੈ ਕਿ ਜੋ ਵੀ ਸਹਾਇਤਾ ਮਿਲ ਰਹੀ ਹੈ, ਉਸ ਨੂੰ ਅਸੀਂ ਕਿਵੇਂ ਵਰਤ ਸਕਦੇ ਹਾਂ।

ਕੀ ਕੀਤਾ ਜਾ ਸਕਦਾ ਹੈ? ਹੁਣ, ਇਸ ਵਕਤ?

ਅਸੀਂ 2024 ਦੇ ਆਉਣ ਦਾ ਇੰਤਜ਼ਾਰ ਨਹੀਂ ਕਰ ਸਕਦੇ। ਮੇਰੇ ਵਰਗਿਆਂ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਕੋਈ ਦਿਨ ਐਸਾ ਆਵੇਗਾ ਜਦੋਂ ਸਾਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੋਈ ਫਰਿਆਦ ਕਰਨੀ ਪਵੇਗੀ। ਨਿੱਜੀ ਤੌਰ 'ਤੇ ਮੈਂ ਅਜਿਹੀ ਫਰਿਆਦ ਕਰਨ ਨਾਲੋਂ ਜੇਲ੍ਹ ਜਾਣਾ ਪਸੰਦ ਕਰਦੀ। ਪਰ ਅੱਜ ਜਦੋਂ ਅਸੀਂ ਆਪਣੇ ਘਰਾਂ, ਗਲੀਆਂ, ਹਸਪਤਾਲਾਂ 'ਚ ਖੜ੍ਹੀਆਂ ਗੱਡੀਆਂ, ਵੱਡੇ ਸ਼ਹਿਰਾਂ, ਛੋਟੇ ਕਸਬਿਆਂ, ਪਿੰਡਾਂ, ਜੰਗਲਾਂ, ਖੇਤਾਂ ਵਿਚ ਮਰ ਰਹੇ ਹਾਂ - ਜਿੱਥੇ ਵੀ ਅਸੀਂ ਮਰ ਰਹੇ ਹਾਂ, ਮੈਂ ਆਪਣੇ ਸਵੈਮਾਣ ਨੂੰ ਤਿਆਗ ਕੇ ਇਕ ਆਮ ਨਾਗਰਿਕ ਦੇ ਰੂਪ 'ਚ ਕਰੋੜਾਂ ਲੋਕਾਂ ਨਾਲ ਮਿਲ ਕੇ ਕਹਿ ਰਹੀ ਹਾਂ, ਜਨਾਬ, ਕ੍ਰਿਪਾ ਕਰ ਕੇ, ਹੁਣ ਤਾਂ ਰਹਿਮ ਕਰੋ। ਘੱਟੋ-ਘੱਟ ਹੁਣ ਤਾਂ ਪਾਸੇ ਹੋ ਜਾਓ। ਮੈਂ ਬੇਨਤੀ ਕਰਦੀ ਹਾਂ ਕਿ ਹੁਣ ਤਾਂ ਰਹਿਮ ਕਰ ਕੇ ਗੱਦੀ ਛੱਡ ਦਿਓ।

ਇਹ ਸੰਕਟ ਤੁਹਾਡਾ ਹੀ ਪੈਦਾ ਕੀਤਾ ਹੋਇਆ ਹੈ। ਇਸ ਨੂੰ ਠੀਕ ਕਰਨਾ ਤੁਹਾਡੇ ਵੱਸ ਦੀ ਗੱਲ ਨਹੀਂ ਹੈ। ਤੁਸੀਂ ਤਾਂ ਇਸ ਨੂੰ ਬਦਤਰ ਹੀ ਬਣਾ ਸਕਦੇ ਹੋ। ਇਹ ਵਾਇਰਸ ਡਰ, ਨਫਰਤ ਅਤੇ ਅਗਿਆਨਤਾ ਨਾਲ ਭਰੇ ਵਾਤਾਵਰਨ ਵਿਚ ਵਧ-ਫੁਲ ਰਿਹਾ ਹੈ। ਇਹ ਉਦੋਂ ਹੋਰ ਫੈਲਦਾ ਹੈ, ਜਦੋਂ ਤੁਸੀਂ ਬੋਲ ਸਕਣ ਵਾਲਿਆਂ ਨੂੰ ਕੁਚਲਦੇ ਹੋ। ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ ਮੁਲਕ ਵਿਚ ਮੀਡੀਆ ਉਪਰ ਇਸ ਤਰ੍ਹਾਂ ਪਾਬੰਦੀ ਲਗਾ ਦਿੰਦੇ ਹੋ ਕਿ ਅਸਲ ਸਚਾਈ ਸਿਰਫ ਕੌਮਾਂਤਰੀ ਮੀਡੀਆ ਵਿਚ ਹੀ ਦੱਸੀ ਜਾ ਸਕਦੀ ਹੈ। ਵਾਇਰਸ ਉਦੋਂ ਫੈਲਦਾ ਹੈ, ਜਦੋਂ ਮੁਲਕ ਦਾ ਪ੍ਰਧਾਨ ਮੰਤਰੀ ਆਪਣੇ ਕਾਰਜ ਕਾਲ ਦੌਰਾਨ ਇਕ ਵੀ ਪ੍ਰੈਸ ਕਾਨਫਰੰਸ ਨਹੀਂ ਕਰਦਾ ਅਤੇ ਜੋ ਐਨੇ ਭਿਆਨਕ ਸਮੇਂ ਵਿਚ ਵੀ ਕਿਸੇ ਵੀ ਸਵਾਲ ਦਾ ਜਵਾਬ ਦੇਣ ਦੇ ਨਾਕਾਬਿਲ ਹੈ।

ਜੇ ਤੁਸੀਂ ਹੁਣ ਵੀ ਗੱਦੀ ਨਹੀਂ ਤਿਆਗਦੇ ਤਾਂ ਸਾਡੇ 'ਚੋਂ ਲੱਖਾਂ ਲੋਕ ਬਿਨਾਂ ਵਜ੍ਹਾ ਮਾਰੇ ਜਾਣਗੇ। ਸੋ, ਜਨਾਬ, ਕਿਰਪਾ ਕਰ ਕੇ ਹੁਣ ਪਾਸੇ ਹੋ ਜਾਓ। ਆਪਣੀ ਫਕੀਰ ਵਾਲੀ ਝੋਲਾ ਸਾਂਭ ਕੇ। ਆਪਣੀ ਇੱਜ਼ਤ ਬਚਾ ਕੇ। ਤੁਸੀਂ ਸਮਾਧੀ ਲਾ ਕੇ ਅਤੇ ਇਕਾਂਤਵਾਸ ਹੋ ਕੇ ਚੈਨ ਨਾਲ ਅਗਲੀ ਜ਼ਿੰਦਗੀ ਗੁਜ਼ਾਰ ਸਕਦੇ ਹੋ। ਤੁਸੀਂ ਆਪ



ਹੀ ਤਾਂ ਕਿਹਾ ਸੀ ਕਿ ਤੁਸੀਂ ਐਸੀ ਜ਼ਿੰਦਗੀ ਚਾਹੁੰਦੇ ਹੋ। ਜੇ ਇਹ ਸਮੂਹਿਕ ਮੌਤਾਂ ਦਾ ਸਿਲਸਿਲਾ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਤੁਹਾਡੇ ਲਈ ਉਹ ਵੀ ਸੰਭਵ ਨਹੀਂ ਹੋਵੇਗਾ।

ਤੁਹਾਡੀ ਪਾਰਟੀ ਵਿਚ ਬਥੇਰੇ ਲੋਕ ਹਨ ਜੋ ਤੁਹਾਡੀ ਜਗ੍ਹਾ ਲੈ ਸਕਦੇ ਹਨ। ਉਹ ਐਸੇ ਸੰਕਟ ਦੇ ਵੇਲੇ ਵਿਰੋਧੀ ਧਿਰ ਦੀ ਮਦਦ ਲੈਣਾ ਜਾਣਦੇ ਹਨ। ਰਾਸ਼ਟਰੀ ਸਵੈਮ ਸੇਵਕ ਸੰਘ ਦੀ ਆਗਿਆ ਨਾਲ ਤੁਹਾਡੀ ਪਾਰਟੀ ਦਾ ਐਸਾ ਕੋਈ ਵਿਅਕਤੀ ਸਰਕਾਰ ਦੀ ਅਗਵਾਈ ਕਰ ਸਕਦਾ ਹੈ ਅਤੇ ਮੌਜੂਦਾ ਸੰਕਟ 'ਤੇ ਕਾਬੂ ਪਾਉਣ ਲਈ ਕਮੇਟੀ ਦਾ ਮੁਖੀ ਬਣ ਸਕਦਾ ਹੈ।


ਰਾਜਾਂ ਦੇ ਮੁੱਖ ਮੰਤਰੀ ਆਪਣੇ ਨੁਮਾਇੰਦੇ ਚੁਣ ਸਕਦੇ ਹਨ ਤਾਂ ਜੋ ਹੋਰ ਪਾਰਟੀਆਂ ਨੂੰ ਵੀ ਲੱਗੇ ਕਿ ਉਨ੍ਹਾਂ ਦੀ ਵੀ ਇਸ ਵਿਚ ਕੋਈ ਨੁਮਾਇੰਦਗੀ ਹੈ। ਇਕ ਰਾਸ਼ਟਰੀ ਪਾਰਟੀ ਹੋਣ ਦੇ ਨਾਤੇ ਕਾਂਗਰਸ ਨੂੰ ਸੰਕਟ ਨਾਲ ਨਜਿੱਠਣ ਵਾਲੀ ਟੀਮ ਵਿਚ ਲਿਆ ਜਾ ਸਕਦਾ ਹੈ। ਵਿਗਿਆਨੀ, ਜਨ ਸਿਹਤ ਸਿਹਤ ਮਾਹਰ, ਡਾਕਟਰ, ਪੁਰਾਣੇ ਤਜਰਬੇਕਾਰ, ਉਚ ਅਧਿਕਾਰੀ ਇਸ ਵਿਚ ਸ਼ਾਮਲ ਕੀਤੇ ਜਾ ਸਕਦੇ ਹਨ। ਸ਼ਾਇਦ ਇਹ ਤੁਹਾਡੀ ਸਮਝ ਵਿਚ ਨਾ ਆਵੇ ਪਰ ਇਸੇ ਨੂੰ ਲੋਕਤੰਤਰ ਕਿਹਾ ਜਾਂਦਾ ਹੈ। ਤੁਹਾਡੀ ਸੋਚ ਹੋ ਸਕਦੀ ਹੈ ਪਰ ਵਿਰੋਧੀ-ਧਿਰ ਦੀ ਅਣਹੋਂਦ ਵਿਚ ਕੋਈ ਲੋਕਤੰਤਰ ਨਹੀਂ ਹੁੰਦਾ। ਜੇ ਇਉਂ ਹੁੰਦਾ ਹੈ ਤਾਂ ਇਸ ਨੂੰ ਨਿਰੰਕੁਸ਼ਤਾ ਕਿਹਾ ਜਾਂਦਾ ਹੈ। ਇਸ ਵਾਇਰਸ ਨੂੰ ਤਾਨਾਸ਼ਾਹੀ ਪਸੰਦ ਹੈ।

ਜੇ ਤੁਸੀਂ ਹੁਣ ਐਸਾ ਨਹੀਂ ਕਰਦੇ, ਕਿਉਂਕਿ ਇਸ ਮਹਾਮਾਰੀ ਨੂੰ ਕੌਮਾਂਤਰੀ ਸਮੱਸਿਆ ਦੇ ਤੌਰ 'ਤੇ ਦੇਖਿਆ ਜਾਣ ਲੱਗਾ ਹੈ ਜੋ ਪੂਰੀ ਦੁਨੀਆ ਲਈ ਖ਼ਤਰਾ ਹੈ, ਤਾਂ ਤੁਹਾਡੀ ਨਾਲਾਇਕੀ ਹੋਰ ਮੁਲਕਾਂ ਨੂੰ ਸਾਡੇ ਮੁਲਕ ਦੇ ਮਾਮਲਿਆਂ ਵਿਚ ਦਖਲਅੰਦਾਜ਼ੀ ਕਰਨ ਦੀ ਵਾਜਬੀਅਤ ਮੁਹੱਈਆ ਕਰ ਰਹੀ ਹੈ ਤਾਂ ਕਿ ਉਹ ਸਥਿਤੀ ਉਪਰ ਕਾਬੂ ਪਾਉਣ ਦੀ ਕੋਸ਼ਿਸ਼ ਕਰ ਕੇ ਮਾਮਲੇ ਨੂੰ ਆਪਣੇ ਹੱਥ ਲੈ ਲੈਣ। ਜੋ ਪ੍ਰਭੂਸੱਤਾ ਅਸੀਂ ਜਾਨ-ਹੂਲਵੀਂ ਲੜਾਈ ਲੜ ਕੇ ਪ੍ਰਾਪਤ ਕੀਤੀ ਸੀ, ਇਹ ਉਸ ਲਈ ਖਤਰਾ ਹੈ। ਇਕ ਵਾਰ ਫਿਰ ਸਾਡਾ ਮੁਲਕ ਬਸਤੀ ਬਣ ਜਾਵੇਗਾ। ਇਹ ਗੰਭੀਰ ਸੰਸਾ ਹੈ। ਇਸ ਨੂੰ ਹਰਗਿਜ਼ ਨਜ਼ਰਅੰਦਾਜ਼ ਨਾ ਕਰੋ।

ਸੋ, ਮਹਾਪੁਰਸ਼ੋ, ਰਹਿਮ ਕਰੋ। ਜਵਾਬਦੇਹੀ ਦਾ ਹੁਣ ਇਹੀ ਕੰਮ ਹੈ ਜੋ ਤੁਸੀਂ ਕਰ ਸਕਦੇ ਹੋ। ਤੁਸੀਂ ਸਾਡੇ ਪ੍ਰਧਾਨ ਮੰਤਰੀ ਹੋਣ ਦਾ ਨੈਤਿਕ ਅਧਿਕਾਰ ਖੋ ਚੁੱਕੇ ਹੋ। -4 ਮਈ 2021

***(ਅਨੁਵਾਦ: ਬੂਟਾ ਸਿੰਘ)***

# ਵਿਸ਼ਵ ਗੁਰੂ ਬਣਨ ਵਾਲਾ ਦੇਸ਼ ਵਿਸ਼ਵ ਸੰਕਟ 'ਚ ਫਸਿਆ



ਡਾ. ਗੁਰਨਾਮ ਕੌਰ, ਕੈਨੇਡਾ

ਕੋਵਿਡ-19 ਮਹਾਮਾਰੀ ਦਾ ਪਹਿਲਾ ਹਮਲਾ ਹੋਏ ਨੂੰ ਇੱਕ ਸਾਲ ਤੋਂ ਵੀ ਉੱਤੇ ਸਮਾਂ ਹੋ ਗਿਆ ਹੈ। ਇਸ ਦੇ ਸੰਦਰਭ ਵਿਚ ਜੇ ਭਾਰਤ ਦੀ ਗੱਲ ਕਰੀਏ ਤਾਂ ਸਾਰੇ ਹਾਲਾਤ ਨੂੰ ਲੈ ਕੇ ਚਾਰੇ ਪਾਸੇ ਰੋਮ ਦੇ ਜਲਨ ਅਤੇ ਨੀਰੋ ਦੇ ਬੰਸਰੀ ਵਜਾਉਣ ਦੇ ਚਰਚੇ ਹੋ ਰਹੇ ਹਨ। ਸਾਲ ਪਹਿਲਾਂ ਜਦੋਂ ਮਹਾਮਾਰੀ ਦੇ ਪਹਿਲੇ ਹੱਲੇ ਤੇ ਦੇਸ਼ ਦੇ ਮੁੱਖ ਸੇਵਕ ਨੇ ਅਚਾਨਕ ਬਿਨਾ ਕੋਈ ਅਗਾਊਂ ਪ੍ਰਬੰਧ ਕੀਤਿਆਂ, ਬਿਨਾ ਕੋਈ ਸਮਾਂ ਦਿੱਤਿਆਂ ਲਾਕ-ਡਾਊਨ ਦਾ ਹੁਕਮ ਚਾੜ੍ਹ ਦਿੱਤਾ ਸੀ ਤਾਂ ਲੱਖਾਂ ਦੀ ਗਿਣਤੀ ਵਿਚ ਮਜ਼ਦੂਰ ਦੂਸਰੇ ਪ੍ਰਾਂਤਾਂ ਤੋਂ ਕੁੱਛੜ ਬਾਲ ਲਈ, ਸਿਰਾਂ 'ਤੇ ਸਮਾਨ ਦੀਆਂ ਗਠੜੀਆਂ ਧਰੀ ਆਪਣੇ ਘਰਾਂ ਨੂੰ ਚੱਲ ਪਏ, ਭੁੱਖਣ-ਭਾਣੇ; ਕਿਸੇ ਦੇ ਪੈਰ ਜੁੱਤੀ ਹੈ ਕਿ ਨਹੀਂ, ਪੀਣ ਦਾ ਪਾਣੀ ਜਾਂ ਖਾਣ ਲਈ ਪੱਲੇ ਰੋਟੀ ਹੈ ਕਿ ਨਹੀਂ- ਪਰਵਾਹ ਕੀਤੇ ਬਿਨਾ ਸਿਰਾਂ 'ਤੇ ਤਪਦਾ ਸੂਰਜ ਅਤੇ ਕੜਕਦੀ ਗਰਮੀ ਵਿਚ ਚਲੋ ਚਾਲ। ਇਨ੍ਹਾਂ ਪੈਂਡੇ ਪਏ ਰੱਬ ਦੇ ਜਾਇਆਂ ਨਾਲ ਜੋ ਵਾਪਰਿਆ ਸਾਰੀ ਦੁਨੀਆਂ ਨੇ ਦੇਖਿਆ, ਪਰ ਦੇਸ਼ ਦੇ ਮੁੱਖ ਸੇਵਕ ਅਤੇ ਉਸ ਦੀ ਸਰਕਾਰ ਨੂੰ ਕੋਈ ਪ੍ਰਵਾਹ ਨਹੀਂ ਸੀ।

ਜਦੋਂ ਦੇਸ਼ ਦਾ ਗਰੀਬ ਮਜ਼ਦੂਰ ਰਸਤੇ ਵਿਚ ਜਾਨਾਂ ਗੁਆਉਂਦਾ, ਭੁੱਖਣ-ਭਾਣਾ, ਪਿਆਸ ਨਾਲ ਖੁਸ਼ਕ ਸੰਘ ਲਈ ਡਿਗਦਾ-ਢਹਿੰਦਾ ਸੜਕਾਂ 'ਤੇ ਪੈਦਲ ਚੱਲ ਰਿਹਾ ਸੀ ਤਾਂ "ਨੀਰੋ" ਅਮਰੀਕਾ ਦੇ ਰਾਸ਼ਟਰਪਤੀ ਦੀ ਤਰਜ਼ 'ਤੇ ਆਪਣੇ ਲਈ ਅੱਠ ਹਜ਼ਾਰ ਪੰਜ ਸੌ ਕਰੋੜ ਰੁਪਏ ਦਾ ਮਹਿੰਗਾ ਜਹਾਜ਼ ਖਰੀਦ ਰਿਹਾ ਸੀ, ਜਿਸ ਨੂੰ ਅਮਰੀਕਾ ਤੋਂ ਭਾਰਤ ਤੱਕ ਲਿਆਉਣ ਦਾ ਖਰਚਾ ਹੀ ਲੱਖਾਂ ਰੁਪਏ ਬਣਦਾ ਸੀ। ਇਨ੍ਹਾਂ ਮਜ਼ਦੂਰਾਂ ਨੂੰ ਕਿਸ ਕਿਸਮ ਦੀਆਂ ਦੁਸ਼ਵਾਰੀਆਂ ਵਿਚੋਂ ਲੰਘਣਾ ਪਿਆ, ਉਸ ਦੀ ਚਰਚਾ ਸਾਰੀ ਦੁਨੀਆਂ ਵਿਚ ਹੁੰਦੀ ਰਹੀ। ਵਿਗਿਆਨੀਆਂ, ਸਿਹਤ ਮਾਹਿਰਾਂ ਨੇ ਉਦੋਂ ਹੀ ਦੱਸ ਦਿੱਤਾ ਸੀ ਕਿ ਮਹਾਮਾਰੀ ਦੀ ਦੂਸਰੀ ਲਹਿਰ ਇਸ ਤੋਂ ਵੀ ਭਿਆਨਕ ਹੋਵੇਗੀ, ਜੋ ਫਰਵਰੀ 2021 ਵਿਚ ਆਉਣ ਦੀ ਪੂਰੀ ਸੰਭਾਵਨਾ ਹੈ ਅਤੇ ਦੂਸਰੀ ਲਹਿਰ ਦਾ ਵੱਡਾ ਅਸਰ ਭਾਰਤ 'ਤੇ ਸਭ ਤੋਂ ਜ਼ਿਆਦਾ ਹੋਵੇਗਾ। ਸਾਲ ਭਰ ਦਾ ਸਮਾਂ ਸੀ ਇਸ ਦੂਸਰੀ ਲਹਿਰ ਨਾਲ ਲੜਨ ਲਈ, ਇਸ ਦਾ ਮੁਕਾਬਲਾ ਕਰਨ ਲਈ ਤਿਆਰੀ ਵਾਸਤੇ, ਪਰ ਇਸ ਚੇਤਾਵਨੀ ਵੱਲ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ, ਕਿਉਂਕਿ ਸਰਕਾਰ ਨੂੰ ਲੋਕਾਂ ਦੀ, ਜਨਤਾ ਦੀ ਜਾਨ ਦੀ ਕੋਈ ਪ੍ਰਵਾਹ ਹੀ ਨਹੀਂ ਹੈ। ਆਮ ਲੋਕ ਸਰਕਾਰਾਂ ਦੇ ਏਜੰਡੇ 'ਤੇ ਹਨ ਹੀ ਨਹੀਂ, ਉਹ ਭਾਵੇਂ ਕੇਂਦਰੀ ਸਰਕਾਰ ਹੈ ਜਾਂ ਪ੍ਰਾਂਤਕ ਸਰਕਾਰਾਂ। ਇਨ੍ਹਾਂ ਮੰਤਰੀਆਂ-ਸੰਤਰੀਆਂ ਲਈ ਲੋਕ ਮਹਿਜ਼ ਵੋਟ ਹਨ, ਜਿਨ੍ਹਾਂ ਦੀ ਪੰਜ ਸਾਲ ਬਾਅਦ ਲੋੜ ਪੈਂਦੀ ਹੈ।

ਦੇਸ਼ ਦਾ ਕਿਸਾਨ ਜੋ ਸਾਰੇ ਮੁਲਕ ਦਾ ਢਿੱਡ ਭਰਦਾ ਹੈ, ਉਸ ਨੂੰ ਪੰਜ ਮਹੀਨੇ ਤੋਂ ਉੱਤੇ ਹੋ ਗਏ ਹਨ ਆਪਣੇ ਖੇਤਾਂ ਨੂੰ ਛੱਡ ਕੇ ਦਿੱਲੀ ਦੀਆ ਬਿਰਨੀਆਂ 'ਤੇ ਬੈਠਿਆਂ, 400 ਤੋਂ ਉੱਤੇ ਕਿਸਾਨ ਧਰਨੇ ਦਿੰਦਿਆਂ ਸ਼ਹੀਦ ਹੋ ਚੁਕੇ ਹਨ, ਪਰ ਕੇਂਦਰ ਸਰਕਾਰ ਦੀ ਸਿਹਤ 'ਤੇ ਕੋਈ ਅਸਰ ਨਹੀਂ ਹੋ ਰਿਹਾ; ਕਿਉਂਕਿ ਉਸ ਨੂੰ ਦੇਸ਼ ਦੀ ਜਨਤਾ ਪ੍ਰਤੀ ਕਿਸੇ ਕਿਸਮ ਦੀ ਜ਼ਿੰਮੇਵਾਰੀ ਦਾ ਅਹਿਸਾਸ ਹੀ ਨਹੀਂ ਹੈ। ਉਸ ਦੇ ਸਾਹਮਣੇ ਇੱਕੋ ਇੱਕ ਮਕਸਦ ਹੈ ਕਿ ਚੋਣਾਂ ਲੜਨੀਆਂ ਹਨ ਅਤੇ ਸੱਤਾ ਵਿਚ ਬਣੇ ਰਹਿਣਾ ਹੈ; ਇਸ ਮਕਸਦ ਦੀ ਪ੍ਰਾਪਤੀ ਲਈ ਭਾਵੇਂ ਕੋਈ ਵੀ ਢੰਗ-ਤਰੀਕਾ ਵਰਤਣਾ ਪਵੇ।

ਮਹਾਮਾਰੀ ਦੀ ਦੂਸਰੀ ਲਹਿਰ ਦਾ ਮੁਕਾਬਲਾ ਕਰਨ ਲਈ ਅਗਾਊਂ ਤਿਆਰੀ ਵਾਸਤੇ ਸਿਹਤ-ਸੁਰੱਖਿਆ ਦੇ ਪ੍ਰਬੰਧਾਂ ਵੱਲ ਧਿਆਨ ਦੇਣ ਦੀ ਥਾਂ ਮਹਾਮਾਰੀ ਨੂੰ ਫੈਲਾਉਣ ਦਾ ਪੂਰਾ ਪ੍ਰਬੰਧ ਚੋਣ ਕਮਿਸ਼ਨ ਨੇ ਇੱਕ ਕੇਂਦਰੀ-ਸ਼ਾਸਤ ਪ੍ਰਦੇਸ਼ ਅਤੇ ਚਾਰ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦਾ ਐਲਾਨ ਕਰਕੇ ਕਰ ਦਿੱਤਾ। ਇਸ ਦੇ ਨਾਲ ਹੀ ਉੱਤਰ ਪ੍ਰਦੇਸ਼ ਵਰਗੇ ਸੰਘਣੀ ਆਬਾਦੀ ਵਾਲੇ ਸੂਬੇ ਵਿਚ ਪੰਚਾਇਤ ਸਭਾਵਾਂ ਅਤੇ ਜਿਲਾ ਪ੍ਰੀਸ਼ਦਾਂ ਦੀਆਂ ਚੋਣਾਂ ਰੱਖ ਦਿੱਤੀਆਂ। ਪੂਰੇ ਚਾਰ ਮਹੀਨੇ ਦੇਸ਼ ਦਾ ਮੁੱਖ ਸੇਵਕ ਅਤੇ ਗ੍ਰਹਿ ਮੰਤਰੀ, ਰਾਜ-ਕਰਤਾ ਪਾਰਟੀ ਦਾ ਪ੍ਰਧਾਨ, ਕਈ ਪ੍ਰਾਂਤਾਂ ਦੇ ਮੁੱਖ ਮੰਤਰੀਆਂ ਸਮੇਤ ਚੋਣ ਪ੍ਰਚਾਰ ਵਿਚ ਜੁਟੇ ਰਹੇ ਅਤੇ ਚੋਣ-ਰੈਲੀਆਂ ਵਿਚ ਲੱਖਾਂ-ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਦੇ ਇਕੱਠ ਕਰਦੇ ਰਹੇ, ਬਿਨਾ ਕਰੋਨਾ ਦੀ ਰੋਕਥਾਮ ਲਈ ਕਿਸੇ ਕਿਸਮ ਦੇ ਪ੍ਰਬੰਧਾਂ ਦੀ ਪਰਵਾਹ ਕੀਤਿਆਂ।

ਚੋਣ ਕਮਿਸ਼ਨ ਨੇ ਕਿਸੇ ਉਲੰਘਣਾ ਵੱਲ ਕੋਈ ਤਵੱਜੋ ਨਹੀਂ ਦਿੱਤੀ ਕਿ ਇਹ ਇਕੱਠ ਕਿਉਂ ਹੋ ਰਹੇ ਹਨ, ਰੈਲੀਆਂ ਕਿਉਂ ਕੀਤੀਆਂ ਜਾ ਰਹੀਆਂ ਹਨ? ਇਸ ਤਰ੍ਹਾਂ ਕਰੋਨਾ ਮਹਾਮਾਰੀ ਨੂੰ ਫੈਲਾਉਣ ਲਈ ਚੋਣ ਕਮਿਸ਼ਨ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ ਅਤੇ ਇਹ ਤੱਥ ਮਦਰਾਸ ਹਾਈ ਕੋਰਟ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਲੋਕਾਂ ਦੇ ਮਰਨ ਦੀ ਜ਼ਿੰਮੇਵਾਰੀ ਚੋਣ ਕਮਿਸ਼ਨ 'ਤੇ ਆਉਂਦੀ ਹੈ। ਕਿਸੇ ਹੋਰ ਮੁਲਕ ਦੇ ਤਾਂ ਕੀ, ਅੱਜ ਤੱਕ ਆਜ਼ਾਦ ਭਾਰਤ ਦੇ ਇਤਿਹਾਸ ਵਿਚ ਵੀ ਮੁਲਕ ਦੇ ਕਿਸੇ ਪ੍ਰਧਾਨ ਮੰਤਰੀ ਜਾਂ ਗ੍ਰਹਿ ਮੰਤਰੀ ਨੂੰ ਕਿਸੇ ਰਾਜ ਦੀਆਂ ਅਸੈਂਬਲੀ ਚੋਣਾਂ ਵਿਚ ਮੁਲਕ ਦਾ ਸਾਰਾ ਕੰਮ ਕਾਜ ਛੱਡ ਕੇ ਇਸ ਤਰ੍ਹਾਂ ਰੈਲੀਆਂ ਨੂੰ ਸੰਬੋਧਨ ਕਰਦਿਆਂ ਨਹੀਂ ਦੇਖਿਆ ਗਿਆ, ਜਿਸ ਤਰ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਨ੍ਹਾਂ ਚੋਣਾਂ ਸਮੇਂ ਪੱਛਮੀ ਬੰਗਾਲ ਅਤੇ ਅਸਾਮ ਵਿਚ ਏਨੀਆਂ ਰੈਲੀਆਂ ਕਰਕੇ ਕੀਤਾ ਹੈ; ਉਹ ਵੀ ਉਦੋਂ, ਜਦੋਂ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ-ਦੋਹਾਂ ਨੂੰ ਸਾਰਾ ਧਿਆਨ ਦੇਸ਼ ਵਿਚ ਫੈਲ ਰਹੀ ਮਹਾਮਾਰੀ ਵੱਲ ਦੇਣਾ ਚਾਹੀਦਾ ਸੀ ਅਤੇ ਇਸ ਨਾਲ ਲੜਨ ਦੀ ਤਿਆਰੀ ਕਰਨ ਚਾਹੀਦੀ ਸੀ।

ਦੇਸ਼ ਦੇ ਗ੍ਰਹਿ ਮੰਤਰੀ ਦਾ ਪਹਿਲਾ ਕੰਮ ਦੇਸ਼ ਦੇ ਅੰਦਰੂਨੀ ਮਸਲਿਆਂ ਨੂੰ ਹੱਲ ਕਰਨ ਵੱਲ ਹੋਣਾ ਚਾਹੀਦਾ ਹੈ, ਨਾ ਕਿ ਕਿਸੇ ਸੂਬੇ ਦੀਆਂ ਚੋਣਾਂ? ਕੇਂਦਰ ਸਰਕਾਰ ਨੇ ਆਪਣੀ ਹਰ ਏਜੰਸੀ, ਹਰ ਅਦਾਰੇ ਨੂੰ ਇਹ ਚੋਣਾਂ ਜਿੱਤਣ ਦੇ ਉਪਰਾਲੇ ਕਰਨ ਵਿਚ ਲਾ ਦਿੱਤਾ। ਭਾਜਪਾ ਬੰਗਾਲ ਦੀਆਂ ਚੋਣਾਂ ਤਾਂ ਨਾ ਜਿੱਤ ਸਕੀ, ਪਰ ਮਹਾਮਾਰੀ ਨੂੰ ਫੈਲਾਉਣ ਵਿਚ ਖੂਬ ਯੋਗਦਾਨ ਪਾਇਆ ਹੈ। ਪਹਿਲੀ ਗੱਲ, ਚੋਣ ਕਮਿਸ਼ਨ ਇਨ੍ਹਾਂ ਚੋਣਾਂ ਨੂੰ ਸਾਲ-ਛੇ ਮਹੀਨੇ ਲਈ ਅੱਗੇ ਪਾ ਸਕਦਾ ਸੀ; ਇਸ ਨਾਲ ਕੋਈ ਤੂਫਾਨ ਨਹੀਂ ਸੀ ਆ ਜਾਣਾ। ਦੂਸਰੀ ਗੱਲ, ਜੇ ਚੋਣਾਂ ਕਰਾਉਣੀਆਂ ਹੀ ਸਨ ਤਾਂ ਬੰਗਾਲ ਦੀਆਂ ਚੋਣਾਂ ਨੂੰ ਇੱਕ ਜਾਂ ਹੱਦ ਦੋ ਗੇੜਾਂ ਵਿਚ ਕਿਉਂ ਨਹੀਂ ਸੀ ਰੱਖਿਆ ਜਾ ਸਕਦਾ? ਅੱਠ ਗੇੜਾਂ ਵਿਚ ਰੱਖ ਕੇ ਏਨਾ ਲਮਕਾਇਆ ਕਿਉਂ? ਇਸ ਲਈ ਕਿ ਭਾਜਪਾ ਨੂੰ ਚੋਣਾਂ ਜਿੱਤਣ ਲਈ ਵਿਉਂਤਬੰਦੀ ਕਰਨ ਅਤੇ ਵੱਧ ਤੋਂ ਵੱਧ ਭਾਜਪਾ ਦੇ ਹੱਕ ਵਿਚ ਪ੍ਰਚਾਰ ਕਰਨ ਦਾ ਮੌਕਾ ਮਿਲ ਸਕੇ? ਤੀਸਰੀ ਗੱਲ, ਚੋਣ ਰੈਲੀਆਂ ਕਰਨ 'ਤੇ ਰੋਕ ਲਾਈ ਜਾ ਸਕਦੀ ਸੀ ਅਤੇ ਪ੍ਰਚਾਰ ਘਰ ਘਰ ਜਾ ਕੇ ਜਾਂ ਮੀਡੀਏ ਜ਼ਰੀਏ ਕੀਤਾ ਜਾ ਸਕਦਾ ਸੀ।

ਪਿਛਲੇ 12 ਸਾਲ ਤੋਂ ਮੈਂ ਕੈਨੇਡਾ ਵਿਚ ਰਹਿ ਰਹੀ ਹਾਂ ਅਤੇ ਇਸ ਲੰਬੇ ਸਮੇਂ ਵਿਚ ਫੈਡਰਲ, ਪ੍ਰਾਂਤਕ ਅਤੇ ਸ਼ਹਿਰੀ ਕੌਂਸਲ ਆਦਿ ਦੀਆਂ ਕਿੰਨੀਆਂ ਹੀ ਚੋਣਾਂ ਦੇਖ ਚੁਕੀ ਹਾਂ, ਪਰ ਅੱਜ ਤੱਕ ਕਿਸੇ ਵੀ ਤਰ੍ਹਾਂ ਦੀ ਇੱਕ ਵੀ ਚੋਣ ਲਈ, ਇੱਕ ਵੀ ਰਾਜਨੀਤਿਕ ਰੈਲੀ ਹੁੰਦੀ ਨਹੀਂ ਦੇਖੀ। ਸਾਰੀਆਂ ਪਾਰਟੀਆਂ, ਸਾਰੇ ਉਮੀਦਵਾਰ ਆਪਣੇ ਵਰਕਰਾਂ ਰਾਹੀਂ ਘਰ ਘਰ ਇਸ਼ਤਿਹਾਰ ਵੰਡ ਕੇ, ਪਾਰਟੀ ਅਤੇ ਆਪਣੇ ਨਾਂ ਦੀਆਂ ਘਰਾਂ ਦੇ ਮਾਲਕਾਂ ਦੀ ਇਜਾਜ਼ਤ ਨਾਲ ਉਨ੍ਹਾਂ ਦੇ ਦਰਵਾਜ਼ਿਆਂ ਅੱਗੇ ਝੰਡੀਆਂ ਲਾ ਕੇ ਅਤੇ ਸੋਸ਼ਲ ਮੀਡੀਏ ਰਾਹੀਂ ਹੀ ਪ੍ਰਚਾਰ ਕਰਦੇ ਦੇਖੇ ਹਨ। ਮਦਰਾਸ ਹਾਈ ਕੋਰਟ ਨੇ ਠੀਕ ਕਿਹਾ ਹੈ ਕਿ ਮਹਾਮਾਰੀ ਨਾਲ ਮੌਤਾਂ ਹੋਣ ਲਈ ਜ਼ਿੰਮੇਵਾਰ ਚੋਣ ਕਮਿਸ਼ਨ ਹੈ। ਪਹਿਲੀ ਗੱਲ, ਚੋਣ ਕਮਿਸ਼ਨ ਨੇ ਪੰਜ ਸੂਬਿਆਂ ਵਿਚ ਚੋਣਾਂ ਕਿਉਂ ਰੱਖੀਆਂ; ਦੂਸਰੀ ਗੱਲ, ਚੋਣ ਰੈਲੀਆਂ ਕਰਨ ਦੀ ਇਜਾਜ਼ਤ ਕਿਉਂ ਦਿੱਤੀ? ਇਸ ਦੇ ਨਾਲ ਹੀ ਉੱਤਰ ਪ੍ਰਦੇਸ਼ ਵਿਚ ਪੰਚਾਇਤੀ ਚੋਣਾਂ ਕਰਾਉਣੀਆਂ ਕਿਉਂ ਜ਼ਰੂਰੀ ਸਨ? ਕੀ ਲੋਕਾਂ ਦੀ ਜਾਨ ਨਾਲੋਂ ਚੋਣਾਂ ਵੱਧ ਅਹਿਮ ਹਨ? ਬਿਨਾ ਸ਼ੱਕ ਚੋਣ ਰੈਲੀਆਂ ਖੇਤਰੀ ਰਾਜ-ਕਰਤਾ ਪਾਰਟੀਆਂ ਅਤੇ ਹੋਰਾਂ ਨੇ ਵੀ ਕੀਤੀਆਂ, ਪਰ ਅਗਵਾਈ ਤਾਂ ਕੇਂਦਰ ਦੇ ਹੱਥ ਸੀ। ਜੇ ਕੇਂਦਰ ਜ਼ਾਬਤੇ ਵਿਚ ਰਹਿੰਦਾ ਤਾਂ ਹੀ ਰਾਜ ਵੀ ਜ਼ਾਬਤੇ ਵਿਚ ਰਹਿੰਦੇ। ਇਹ ਤੱਥ ਕੇਂਦਰ ਨੂੰ ਸਮਝਣਾ ਚਾਹੀਦਾ ਸੀ ਕਿ ਜਨ-ਸਿਹਤ ਜ਼ਿਆਦਾ ਮਾਅਨੇ ਰੱਖਦੀ ਹੈ ਜਾਂ ਚੋਣ ਰੈਲੀਆਂ? ਜੇ ਕੇਂਦਰ ਸਰਕਾਰ ਸਮਝਦੀ ਤਾਂ ਰਾਜਾਂ ਨੂੰ ਆਪਣੇ ਆਪ ਸਮਝ ਆ ਜਾਣੀ ਸੀ।

ਮਾਹਿਰਾਂ ਵੱਲੋਂ ਲਾਏ ਜਾਂਦੇ ਅੰਦਾਜ਼ਿਆਂ ਅਨੁਸਾਰ ਚੋਣ ਕਮਿਸ਼ਨ ਦੇ ਆਪਣੇ ਖਰਚੇ ਨੂੰ ਛੱਡ ਕੇ, ਚੋਣਾਂ 'ਤੇ ਬੰਗਾਲ ਵਰਗੇ ਸੂਬੇ ਦੀ ਚੋਣ 'ਤੇ ਘੱਟੋ ਘੱਟ ਤਿੰਨ ਸੌ ਕਰੋੜ ਰੁਪਏ ਤੋਂ ਚਾਰ ਸੌ ਕਰੋੜ ਰੁਪਏ ਤੱਕ ਅਤੇ ਅਸਾਮ ਵਰਗੇ ਛੋਟੇ ਸੂਬੇ 'ਤੇ ਦੋ ਸੌ ਕਰੋੜ ਤੋਂ ਤਿੰਨ ਸੌ ਕਰੋੜ ਰੁਪਏ ਤੱਕ ਦਾ ਸੰਭਾਵੀ ਖਰਚਾ ਹੋ ਜਾਂਦਾ ਹੈ। ਚੋਣਾਂ ਸਮੇਤ ਬੰਗਾਲ ਅਤੇ ਅਸਾਮ ਦੇ ਛੋਟੇ-ਵੱਡੇ ਪੰਜ ਸੂਬਿਆਂ ਵਿਚ ਹੋਈਆਂ ਹਨ। ਸੋਚਣ ਵਾਲੀ ਗੱਲ ਹੈ ਕਿ ਇਨ੍ਹਾਂ ਚੋਣਾਂ 'ਤੇ ਕਿੰਨਾ ਖਰਚਾ ਹੋਇਆ ਹੈ। ਇਸ ਸਾਰੇ ਖਰਚੇ ਨੂੰ ਜੇ ਜੋੜ ਲਿਆ ਜਾਵੇ ਤਾਂ ਕਿੰਨੇ ਨਵੇਂ ਹਸਪਤਾਲ ਬਣਾਏ ਜਾ ਸਕਦੇ ਸਨ, ਕਿੰਨੇ ਡਾਕਟਰ ਜਾਂ ਨਰਸਾਂ ਸੇਵਾ 'ਤੇ ਲਾਈਆਂ ਜਾ ਸਕਦੀਆਂ ਸਨ ਅਤੇ ਕਿੰਨੇ ਆਕਸੀਜਨ ਪਲਾਂਟ ਲੱਗ ਸਕਦੇ ਸਨ? ਇੱਕ ਪਾਸੇ ਭੀੜਾਂ ਇਕੱਠੀਆਂ ਕਰਕੇ ਮਹਾਮਾਰੀ ਨੂੰ ਫੈਲਣ ਦਾ ਮੌਕਾ ਦਿੱਤਾ ਅਤੇ ਦੂਸਰੇ ਪਾਸੇ ਜੋ ਪੈਸਾ ਚੋਣਾਂ 'ਤੇ ਖਰਚ ਹੋਇਆ, ਉਸ ਪੈਸੇ ਨੂੰ ਸਿਹਤ-ਸੁਰੱਖਿਆ ਲਈ ਫੰਡ ਮੁਹੱਈਆ ਕਰਾ ਕੇ ਜਿੱਥੇ ਮਹਾਮਾਰੀ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਸੀ, ਉਥੇ ਲੋੜੀਂਦੀਆਂ ਸਿਹਤ-ਸਹੂਲਤਾਂ ਪੈਦਾ ਕਰਕੇ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਸਨ। ਲੋੜਵੰਦ ਲੋਕਾਂ ਲਈ ਰਾਸ਼ਨ-ਪਾਣੀ ਦਾ ਪ੍ਰਬੰਧ ਕਰਕੇ ਅਤੇ ਆਰਥਿਕ ਮਦਦ ਮੁਹੱਈਆ ਕਰਾ ਕੇ ਮੁਕੰਮਲ ਲਾਕ-ਡਾਊਨ ਕੀਤਾ ਜਾ ਸਕਦਾ ਸੀ, ਜਿਵੇਂ ਕੈਨੇਡਾ ਅਤੇ ਇਸ ਵਰਗੇ ਹੋਰ ਮੁਲਕ ਸਾਲ ਭਰ ਤੋਂ ਕਰਦੇ ਆ ਰਹੇ ਹਨ।

ਪੱਛਮੀ ਬੰਗਾਲ ਵਿਚ 5 ਮਈ ਤੱਕ 500 ਲੋਕ ਕੋਵਿਡ-19 ਮਹਾਮਾਰੀ ਨਾਲ ਮਰ ਚੁਕੇ ਸਨ ਅਤੇ ਚੋਣਾਂ ਕਰਕੇ ਹੋਈ ਰਾਜਨੀਤਿਕ ਹਿੰਸਾ ਵਿਚ 14 ਲੋਕਾਂ ਦੀ ਜਾਨ ਜਾ ਚੁਕੀ ਸੀ। ਮਹਾਮਾਰੀ ਨਾਲ ਪੰਜ ਸੌ ਲੋਕਾਂ ਦੀ ਹੋਈ ਮੌਤ ਵੱਲ ਕੇਂਦਰ ਦੇ ਕਿਸੇ ਮੰਤਰੀ-ਸੰਤਰੀ ਜਾਂ ਬੰਗਾਲ ਦੇ ਗਵਰਨਰ ਦਾ ਧਿਆਨ ਨਹੀਂ ਗਿਆ, ਪਰ ਚੌਦਾਂ ਲੋਕਾਂ ਦੀ ਰਾਜਨੀਤਿਕ ਮੌਤ ਦੀ ਖਬਰ ਗਵਰਨਰ ਤੋਂ ਲੈ ਕੇ ਦਿੱਲੀ ਤੱਕ ਜੰਗਲ ਦੀ ਅੱਗ ਵਾਂਗ ਫੈਲ ਗਈ। ਇੱਥੋਂ ਤੱਕ ਕਿ ਜਦੋਂ ਹਾਲੇ ਮਮਤਾ ਬੈਨਰਜੀ ਅਤੇ ਉਸ ਦੀ ਪਾਰਟੀ ਸਹੁੰ ਹੀ ਚੁੱਕ ਰਹੀ ਸੀ, ਉਦੋਂ ਹੀ ਪੱਛਮੀ ਬੰਗਾਲ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀਆਂ ਗੱਲਾਂ ਹੋਣ ਲੱਗ ਪਈਆਂ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਸੰਸਾਰ 'ਤੇ ਆਏ ਹਰ ਮਨੁੱਖ ਦੀ ਜਾਨ ਕੀਮਤੀ ਹੈ, ਕਿਉਂਕਿ ਹਰ ਇੱਕ ਜਾਨ ਨਾਲ ਟੱਬਰ ਦੀਆਂ ਕਈ ਹੋਰ ਜਾਨਾਂ ਵੀ ਜੁੜੀਆਂ ਹੁੰਦੀਆ ਹਨ ਅਤੇ ਕੋਈ ਵੀ ਜਾਨ ਭੰਗ ਦੇ ਭਾਅ ਨਹੀਂ ਜਾਣੀ ਚਾਹੀਦੀ। ਇਸ ਲਈ ਚੋਣਾਂ ਦੌਰਾਨ ਜਾਂ ਚੋਣਾਂ ਤੋਂ ਪਿੱਛੋਂ ਰਾਜਨੀਤਿਕ ਹਿੰਸਾ ਨਹੀਂ ਹੋਣੀ ਚਾਹੀਦੀ।

ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਅਜਿਹੀ ਰਾਜਨੀਤਕ ਹਿੰਸਾ ਲਈ ਕੋਈ ਇੱਕ ਧਿਰ ਜਾਂ ਇੱਕ ਪਾਰਟੀ ਜ਼ਿੰਮੇਵਾਰ ਨਹੀਂ ਹੁੰਦੀ। ਸਾਰੀਆਂ ਧਿਰਾਂ ਬਰਾਬਰ ਦੀਆਂ ਜ਼ਿੰਮੇਵਾਰ ਹੁੰਦੀਆਂ ਹਨ। ਇਸ ਲਈ ਬੰਗਾਲ ਵਿਚ ਹੋਈ ਹਿੰਸਾ ਦੀ ਜ਼ਿੰਮੇਵਾਰੀ ਮਮਤਾ ਬੈਨਰਜੀ 'ਤੇ ਇਕੱਲਿਆਂ ਨਹੀਂ ਆਉਂਦੀ, ਕੇਂਦਰ ਦੀ ਭਾਜਪਾ ਸਰਕਾਰ 'ਤੇ ਵੀ ਓਨੀ ਹੀ ਆਉਂਦੀ ਹੈ। ਸਗੋਂ ਇਹ ਕਹਿਣਾ ਚਾਹੀਦਾ ਹੈ ਕਿ ਮਮਤਾ ਬੈਨਰਜੀ ਨੇ ਤਾਂ ਹਾਲੇ ਸਹੁੰ ਚੁੱਕਣੀ ਸੀ ਅਤੇ ਕਾਨੂੰਨ-ਵਿਵਸਥਾ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਚੱਲ ਰਹੀ ਸੀ। ਇਸ ਲਈ ਕੇਂਦਰ 'ਤੇ ਜ਼ਿੰਮੇਵਾਰੀ ਵੱਧ ਆਉਂਦੀ ਹੈ। ਇਸ ਤੋਂ ਵੀ ਅਗਲੀ ਗੱਲ ਆਮ ਤੌਰ 'ਤੇ ਹਿੰਸਾ ਉਥੇ ਹੋਈ ਹੈ, ਜਿੱਥੇ ਭਾਜਪਾ ਦੇ ਉਮੀਦਵਾਰ ਜਿੱਤੇ ਹਨ। ਸ਼ਾਇਦ ਇਸ ਦੀ ਵਜ੍ਹਾ ਇਹ ਵੀ ਹੋਵੇ ਕਿ ਤਾਕਤ ਵਿਚ ਹੁੰਦਿਆਂ ਸਾਰਾ ਜ਼ੋਰ ਲਾਉਣ ਦੇ ਬਾਵਜੂਦ ਕੇਂਦਰ ਤੋਂ ਆਪਣੀ ਪਾਰਟੀ ਭਾਜਪਾ ਦੀ ਹਾਰ ਅਤੇ ਮਮਤਾ ਬੈਨਰਜੀ ਦੀ ਜਿੱਤ ਬਰਦਾਸ਼ਤ ਨਹੀਂ ਹੋਈ।

ਕਸੂਰਵਾਰ ਭਾਵੇਂ ਕੋਈ ਵੀ ਹੋਵੇ, ਪਰ ਆਮ ਜਨਤਾ ਦੇ ਮਨਾਂ ਨੂੰ ਠੇਸ ਪਹੁੰਚਾਉਣ ਵਾਲਾ ਸਵਾਲ ਇਹ ਹੈ ਕਿ ਕੀ ਕੋਵਿਡ ਮਹਾਮਾਰੀ ਨਾਲ ਮਰਨ ਵਾਲੇ ਬੰਗਾਲੀ, ਬੰਗਾਲੀ ਨਹੀਂ ਹਨ? ਉਨ੍ਹਾਂ ਦੀਆਂ ਜਾਨਾਂ ਕੇਂਦਰ ਲਈ ਕੋਈ ਮਾਅਨੇ ਨਹੀਂ ਰੱਖਦੀਆਂ? ਕੀ ਰਾਜਨੀਤਿਕ ਹਿੰਸਾ ਵਿਚ ਮਰਨ ਵਾਲੇ ਲੋਕ ਹੀ ਧਿਆਨ ਦੇਣ ਦੇ ਹੱਕਦਾਰ ਹਨ? ਪਿਛਲੇ ਸਾਢੇ ਪੰਜ ਮਹੀਨੇ ਤੋਂ ਕੇਂਦਰ ਸਰਕਾਰ ਦੇ ਸਿਰਹਾਣੇ ਆਪਣੇ ਹੱਕਾਂ ਦੀ ਲੜਾਈ ਲੜਦਿਆਂ 400 ਤੋਂ ਉਤੇ ਕਿਸਾਨ ਆਪਣੀਆਂ ਕੀਮਤੀ ਜਾਨਾਂ ਗੁਆ ਚੁਕੇ ਹਨ, ਕੀ ਕੇਂਦਰ ਸਰਕਾਰ ਨੇ ਉਨ੍ਹਾਂ ਦਾ ਕੋਈ ਫਿਕਰ ਕੀਤਾ ਹੈ? ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਕੇਂਦਰ ਸਰਕਾਰ ਨੂੰ ਆਪਣੀ ਗੱਦੀ ਤੋਂ ਬਿਨਾ ਹੋਰ ਕਿਸੇ ਵੀ ਚੀਜ਼ ਦਾ ਫਿਕਰ ਨਹੀਂ ਹੈ।

ਕੀ ਦਿੱਲੀ, ਕੀ ਬਾਕੀ ਪ੍ਰਾਂਤ! ਲੋਕ ਆਪਣੇ ਸਕੇ-ਸਬੰਧੀ ਮਰੀਜ਼ਾਂ ਨੂੰ ਥਰੀ ਵ੍ਹੀਲਰ, ਰਿਕਸ਼ਾ ਅਤੇ ਗੱਡੀਆਂ ਵਿਚ ਲੱਦ ਕੇ ਥਾਂ ਥਾਂ ਹਸਪਤਾਲਾਂ ਦੇ ਧੱਕੇ ਖਾਂਦੇ ਮਾਰੇ ਮਾਰੇ ਘੁੰਮ ਰਹੇ ਹਨ ਕਿ ਕੋਈ ਹਸਪਤਾਲ ਉਨ੍ਹਾਂ ਨੂੰ ਦਾਖਲ ਕਰ ਲਵੇ; ਥਾਂ ਥਾਂ ਆਕਸੀਜਨ ਲਈ ਪੁਕਾਰ ਲਾਉਂਦੇ ਮੋਢਿਆਂ 'ਤੇ ਖਾਲੀ ਸਿਲੰਡਰ ਲਈ ਘੁੰਮ ਰਹੇ ਹਨ ਕਿ ਕਿਧਰੋਂ ਆਕਸੀਜਨ ਦੀ ਖੈਰ ਪੈ ਜਾਵੇ, ਆਕਸੀਜਨ ਦੇ ਸਿਲੰਡਰ ਲੈਣ ਲਈ ਲੋਕਾਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਮੀਡੀਏ ਵਿਚ ਰੋਜ਼ ਨਸ਼ਰ ਹੁੰਦੀਆਂ ਹਨ। ਸਿਵਿਆਂ ਅਤੇ ਕਬਰਾਂ ਵਿਚ ਲੋਕਾਂ ਦੀਆਂ ਕਤਾਰਾਂ ਲੱਗੀਆਂ ਹਨ, ਆਪਣੇ ਮਰ ਚੁਕੇ ਮਰੀਜ਼ਾਂ ਦਾ ਅੰਤਿਮ ਸਸਕਾਰ ਕਰਨ ਲਈ। ਹਸਪਤਾਲਾਂ ਅੱਗੇ ਭੀੜਾਂ, ਕਬਰਿਸਤਾਨਾਂ ਅਤੇ ਸ਼ਮਸ਼ਾਨਘਾਟਾਂ ਵਿਚ ਭੀੜਾਂ, ਦਵਾਈਆਂ ਲਈ ਭੀੜਾਂ, ਵੈਕਸੀਨੇਸ਼ਨ ਲਈ ਭੀੜਾਂ; ਕਿਸੇ ਪਾਸੇ ਵੀ ਲੋਕਾਂ ਨੂੰ ਚੈਨ ਦਾ ਸਾਹ ਨਹੀਂ ਆ ਰਿਹਾ।

ਇੱਕ ਪਾਸੇ ਪ੍ਰਾਈਵੇਟ ਹਸਪਤਾਲਾਂ ਵੱਲੋਂ ਇਲਾਜ ਲਈ ਮਨਮਰਜ਼ੀ ਦੇ ਪੈਸੇ ਉਗਰਾਹੇ ਜਾ ਰਹੇ ਹਨ, ਦੂਸਰੇ ਪਾਸੇ ਬਹੁਤੀਆਂ ਮੌਤਾਂ ਆਕਸੀਜਨ ਦੀ ਕਮੀ ਕਾਰਨ ਹੋ ਰਹੀਆਂ ਹਨ, ਤੀਸਰੇ ਪਾਸੇ ਸਰਕਾਰੀ ਹਸਪਤਾਲਾਂ ਵਿਚ ਡਾਕਟਰ ਅਤੇ ਨਰਸਾਂ ਮਾਨਸਿਕ ਤਣਾਓ ਝੱਲ ਰਹੇ ਹਨ, ਕਿਉਂਕਿ ਬਹੁਤ ਕੁਝ ਜਿਵੇਂ ਮਰੀਜ਼ਾਂ ਨੂੰ ਲੋੜੀਂਦੇ ਬਿਸਤਰੇ, ਦਵਾਈਆਂ ਤੇ ਆਕਸੀਜਨ ਦੇ ਸਕਣਾ ਉਨ੍ਹਾਂ ਦੇ ਵੱਸ ਤੋਂ ਬਾਹਰ ਹੋ ਗਿਆ ਹੈ, ਇਹ ਸਰਕਾਰ ਵੱਲੋਂ ਮੁਹੱਈਆ ਕਰਵਾਇਆ ਜਾਣਾ ਹੈ। ਬਹੁਤੀ ਥਾਂਈਂ ਆਪਣੇ ਮਰੀਜ਼ਾਂ ਦੀਆਂ ਲਾਸ਼ਾਂ ਲੈਣ ਲਈ ਲੋਕ ਠੋਕਰਾਂ ਖਾ ਰਹੇ ਹਨ ਅਤੇ ਉਨ੍ਹਾਂ ਨੂੰ ਲਾਸ਼ਾਂ ਨਹੀਂ ਦਿੱਤੀਆਂ ਜਾ ਰਹੀਆਂ। ਕਿੰਨੇ ਮਰੀਜ਼ ਕਿੱਥੇ ਮਰ ਰਹੇ ਹਨ, ਸਰਕਾਰ ਸਹੀ ਅੰਕੜੇ ਹੀ ਨਸ਼ਰ ਨਹੀਂ ਕਰ ਰਹੀ। ਜਿੰਨੇ ਅੰਕੜੇ ਨਸ਼ਰ ਕੀਤੇ ਜਾ ਰਹੇ ਹਨ, ਉਸ ਤੋਂ ਕਿਤੇ ਵੱਧ ਭੀੜ ਦੀਆਂ ਕਤਾਰਾਂ ਕਬਰਿਸਤਾਨਾਂ ਵਿਚ ਲੱਗੀਆਂ ਹਨ ਅਤੇ ਸਿਵੇ ਬਲਦੇ ਨਜ਼ਰ ਆਉਂਦੇ ਹਨ। ਇਸ ਦੇ ਨਾਲ ਹੀ ਜਿੱਥੇ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਅਤੇ ਸੁਹਿਰਦ ਲੋਕ ਪੀੜਤਾਂ ਦੀ ਮਦਦ ਲਈ ਅੱਗੇ ਆ ਰਹੇ ਹਨ, ਉਥੇ ਕਾਲਾ ਬਾਜ਼ਾਰੀ ਅਤੇ ਨਕਲੀ ਵੈਕਸੀਨੇਸ਼ਨ ਦੇ ਧੰਦੇ ਨੇ ਵੀ ਜ਼ੋਰ ਫੜਿਆ, ਜੋ ਅਜਿਹੇ ਸੰਕਟ ਦੇ ਸਮੇਂ ਵੀ ਵੱਧ ਤੋਂ ਵੱਧ ਮੁਨਾਫਾਖੋਰੀ ਕਮਾਉਣਾ ਚਾਹੁੰਦੇ ਹਨ।

30 ਅਪਰੈਲ ਨੂੰ ਐਸੋਸੀਏਟਡ ਪ੍ਰੈਸ ਵੱਲੋਂ ਨਸ਼ਰ ਕੀਤੀ ਇੱਕ ਖਬਰ ਅਨੁਸਾਰ ਭਾਰਤੀ ਵਿਗਿਆਨੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੇਨਤੀ ਕੀਤੀ ਸੀ ਕਿ ਵਾਇਰਸ ਦਾ ਡਾਟਾ ਜਨਤਕ ਤੌਰ 'ਤੇ ਨਸ਼ਰ ਕੀਤਾ ਜਾਵੇ, ਜਿਸ ਨਾਲ ਉਨ੍ਹਾਂ ਨੂੰ ਸਿਖਰ ਵੱਲ ਜਾ ਰਹੇ ਕੋਵਿਡ ਵਾਇਰਸ ਤੋਂ ਲੋਕਾਂ ਦੀਆਂ ਜਾਨਾਂ ਬਚਾਉਣ ਦੀ ਆਗਿਆ ਮਿਲ ਸਕੇ। ਅਪਰੈਲ ਵਿਚ ਹੀ ਕੇਸ ਏਨੇ ਜ਼ਿਆਦਾ ਵਧ ਗਏ ਸਨ ਕਿ ਫੌਜ ਨੂੰ ਆਪਣੇ ਹਸਪਤਾਲ ਲੋਕਾਂ ਦੀ ਸੇਵਾ ਲਈ ਖੋਲ੍ਹਣੇ ਪਏ। ਤਾਜ਼ਾ ਖਬਰਾਂ ਅਨੁਸਾਰ ਭਾਰਤੀ ਮੈਡੀਕਲ ਐਸੋਸੀਏਸ਼ਨ ਨੇ ਕੇਂਦਰੀ ਸਿਹਤ ਮੰਤਰਾਲੇ ਨੂੰ ਚਿੱਠੀ ਲਿਖ ਕੇ ਬੇਨਤੀ ਕੀਤੀ ਹੈ ਕਿ ਸਿਹਤ ਨਾਲ ਜੁੜੇ ਪ੍ਰਬੰਧਾਂ ਅਤੇ ਡਾਕਟਰਾਂ ਨੂੰ ਸਾਹ ਦਿਵਾਉਣ ਲਈ ਦੇਸ਼ ਵਿਚ ਤੁਰੰਤ ਤਾਲਾਬੰਦੀ ਲਾਗੂ ਕਰ ਦਿੱਤੀ ਜਾਵੇ। ਉਸ ਨੇ ਇਹ ਵੀ ਸਵਾਲ ਕੀਤਾ ਹੈ ਕਿ ਮੌਤਾਂ ਦੀ ਗਿਣਤੀ ਦੀ ਅਸਲੀਅਤ ਛੁਪਾਈ ਕਿਉਂ ਜਾ ਰਹੀ ਹੈ? ਐਸੋਸੀਏਸ਼ਨ ਨੇ ਲਿਖਿਆ ਹੈ ਕਿ "ਐਸੋਸੀਏਸ਼ਨ ਪਿਛਲੇ 20 ਦਿਨਾਂ ਤੋਂ ਸਿਹਤ ਢਾਂਚੇ ਨੂੰ ਰਾਹਤ ਦੇਣ ਲਈ ਸੂਬਿਆਂ ਦੀ ਥਾਂ ਦੇਸ਼ ਵਿਚ ਤਾਲਾਬੰਦੀ ਉੱਤੇ ਜ਼ੋਰ ਦੇ ਰਹੀ ਹੈ। ਤਾਲਾਬੰਦੀ ਹੀ ਮਹਾਮਾਰੀ ਨੂੰ ਅੱਗੇ ਵੱਧਣ ਤੋਂ ਰੋਕ ਸਕੇਗੀ। ਤਾਲਾਬੰਦੀ ਨਾ ਲਾਏ ਜਾਣ ਕਾਰਨ ਹੀ ਰੋਜ਼ਾਨਾ ਚਾਰ ਲੱਖ ਕੇਸ ਆ ਰਹੇ ਹਨ।"

ਭਾਰਤੀ ਐਸੋਸੀਏਸ਼ਨ ਨੇ ਵੱਖ ਵੱਖ ਵੈਕਸੀਨ ਕੀਮਤ ਨੀਤੀ ਅਤੇ ਆਕਸੀਜਨ ਸੰਕਟ ਉੱਤੇ ਵੀ ਸਵਾਲ ਉਠਾਏ ਹਨ। ਐਸੋਸੀਏਸ਼ਨ ਨੇ ਕੋਵਿਡ ਅੰਕੜੇ ਛੁਪਾਉਣ ਉੱਤੇ ਵੀ ਸਵਾਲ ਕੀਤਾ ਹੈ, "ਅਸੀਂ ਕਰੋਨਾ ਦੀ ਪਹਿਲੀ ਲਹਿਰ ਦੌਰਾਨ 756 ਅਤੇ ਦੂਜੀ ਲਹਿਰ ਦੌਰਾਨ 146 ਡਾਕਟਰ ਗੁਆ ਚੁਕੇ ਹਾਂ। ਛੋਟੇ ਹਸਪਤਾਲਾਂ ਵਿਚ ਸੈਂਕੜੇ ਮੌਤਾਂ ਹੋ ਰਹੀਆਂ ਹਨ ਅਤੇ ਸ਼ਮਸ਼ਾਨਘਾਟ ਭਰੇ ਪਏ ਹਨ। ਸੀ. ਟੀ. ਸਕੈਨ ਪਾਜ਼ੇਟਿਵ ਆਉਣ ਦੇ ਬਾਵਜੂਦ ਇਸ ਨੂੰ ਕੇਸਾਂ ਵਿਚ ਗਿਣਿਆ ਨਹੀਂ ਜਾਂਦਾ। ਸਾਡੇ ਕੋਲੋਂ ਮੌਤਾਂ ਦੀ ਗਿਣਤੀ ਛੁਪਾਉਣ ਦੀ ਕੋਸ਼ਿਸ਼ ਕਿਉਂ ਹੋ ਰਹੀ ਹੈ? ਜੇ ਲੋਕ ਮੌਤਾਂ ਦੀ ਗਿਣਤੀ ਬਾਰੇ ਜਾਣਨਗੇ, ਤਾਂ ਹੀ ਜਾਗਣਗੇ।"



ਸਿਲੰਡਰਾਂ 'ਚ ਆਕਸੀਜਨ ਭਰਵਾਉਣ ਲਈ ਕਤਾਰ 'ਚ ਲੱਗੇ ਲੋਕ



(ਬਾਕੀ ਅਗਲੇ ਸਫੇ 'ਤੇ)

ਹਾਲਾਤ-ਏ-ਹਾਜ਼ਰਾ

# ਹਕੂਮਤਾਂ ਅਤੇ ਕਰੋਨਾ ਦੇ ਲੇਖੇ ਲੱਗ ਗਈਆਂ ਜਾਨਾਂ

ਭਾਜਪਾ ਦੇ ਫਿਰਕੂ, ਦੇਸ਼ ਨੂੰ ਵੰਡਣ ਤੇ ਹਿੰਦੂਤਵ ਨਾਲ ਪਰੋਤ ਜੇਤੂ ਰਥ ਨੂੰ ਬੰਗਾਲ ਦੀ ਇਕਲੌਤੀ ਬੀਬੀ ਮਮਤਾ ਬੈਨਰਜੀ ਨੇ ਬ੍ਰੇਕਾਂ ਮਾਰ ਦਿੱਤੀਆਂ ਨੇ। ਇਸ ਇਕੱਲੀ ਨੂੰ ਬੰਗਾਲ ਵਿਚੋਂ ਖਦੇੜਨ ਲਈ ਕੇਂਦਰ ਨੇ ਕਈ ਸਟੇਟਾਂ ਦੇ ਮੁੱਖ ਮੰਤਰੀ, ਭਾਜਪਾ ਲੀਡਰਸ਼ਿਪ ਸਮੇਤ ਸਾਰੀ ਸੰਘੀ ਤਾਕਤ ਝੋਕ ਦਿੱਤੀ ਸੀ। ਇਥੇ ਹੀ ਬਸ ਨਹੀਂ, ਇਨ੍ਹਾਂ ਚੋਣਾਂ ਨੂੰ ਜਿੱਤਣ ਲਈ ਲੱਖਾਂ ਦੇਸ਼ ਵਾਸੀਆਂ ਨੂੰ ਕਰੋਨਾ ਪੀੜਤ ਹੋਣ ਲਈ ਲਾਵਾਰਸ ਛੱਡ ਦਿੱਤਾ। ਪੰਜ ਰਾਜਾਂ ਦੀਆਂ ਚੋਣਾਂ, ਖਾਸ ਕਰਕੇ ਪੱਛਮੀ ਬੰਗਾਲ ਨੂੰ ਫਤਿਹ ਕਰਨ ਲਈ ਇਨ੍ਹਾਂ ਬੇਦੋਸ਼ ਲੋਕਾਂ ਦੀ ਬਲੀ ਦੇ ਦਿੱਤੀ ਗਈ। ਜੀਵਨ ਬਚਾਊ ਮੁਢਲੀਆਂ ਸਿਹਤ ਸਹੂਲਤਾਂ-ਆਕਸੀਜਨ, ਦਵਾਈਆਂ, ਵੈਂਟੀਲੇਟਰ, ਬੈੱਡ



**ਸੁਕੰਨਿਆਂ ਭਾਰਦਵਾਜ ਨਾਭਾ**
ਫੋਨ: 815-307-3112

ਤਕ ਦਾ ਵੀ ਪ੍ਰਬੰਧ ਨਹੀਂ ਕੀਤਾ ਗਿਆ। ਬਲੈਕੀਆਂ ਦੇ ਵਪਾਰ ਨੂੰ ਵਧਣ ਦਿੱਤਾ ਗਿਆ। ਨਿਜੀ ਹਸਪਤਾਲਾਂ, ਐਂਬੂਲੈਂਸਾਂ, ਮੁਰਦਘਾਟ ਤੇ ਹੋਰ ਸਬੰਧਤ ਅਮਲੇ ਨੇ ਮੁਰਦਿਆਂ ਤੋਂ ਕੱਫਣ ਲਾਹੁਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਵਾਰਸ ਵਿਲਕਦੇ ਰਹੇ, ਕੋਈ ਸੁਣਵਾਈ ਨਹੀਂ। ਦੇਸ਼ ਦਾ ਪ੍ਰਧਾਨ ਸੇਵਕ ਤੇ ਦੂਜਾ ਸੇਵਕ ਨੀਰੋ ਦੀ ਬੰਸਰੀ ਵਜਾਉਂਦੇ ਰਹੇ। ਲੱਖਾਂ ਭਾਰਤੀਆਂ ਦੇ ਲਗਾਤਾਰ ਕਰੋਨਾ ਦੇ ਕਹਿਰ ਦਾ ਸ਼ਿਕਾਰ ਹੋਣ 'ਤੇ ਸਾਰਾ ਵਿਸ਼ਵ ਕੁਰਲਾ ਉਠਿਆ। ਅਮਰੀਕਨ, ਯੂਰਪ, ਅਰਬ ਦੇਸ਼ਾਂ, ਆਸਟ੍ਰੇਲੀਆ, ਯੂ. ਕੇ., ਨਿਊਜ਼ੀਲੈਂਡ, ਯੂ. ਐਨ. ਓ., ਡਬਲਿਊ. ਟੀ. ਓ., ਫੇਸਬੁੱਕ, ਮਾਈਕਰੋਸਾਫਟ ਸਮੇਤ ਸੈਂਕੜੇ ਸਮਾਜ ਸੇਵੀ ਆਰਗੇਨਾਈਜੇਸ਼ਨਾਂ ਨੇ ਲੱਖਾਂ ਡਾਲਰ ਇਕੱਠੇ ਕਰਕੇ ਭੇਜਣੇ ਸ਼ੁਰੂ ਕਰ ਦਿੱਤੇ ਹਨ। ਆਕਸੀਜਨ ਦੀਆਂ ਮਸ਼ੀਨਾਂ ਦੀ ਖੇਪ ਅਮਰੀਕਾ ਨੇ ਹਵਾਈ ਜਹਾਜ਼ਾਂ ਰਾਹੀਂ ਭੇਜੀ ਹੈ, ਪਰ ਇਹ ਵਿਸ਼ਵ ਪੱਧਰੀ ਮਦਦ ਪੀੜਤਾਂ ਤੇ ਲੋੜਵੰਦਾਂ ਤਕ ਪਹੁੰਚੇਗੀ ਵੀ ਕਿ ਨਹੀਂ, ਸੁਆਲਾਂ ਦੇ ਘੇਰੇ ਵਿਚ ਹੈ।

ਕਿਵੇਂ ਵਿਸ਼ਵ ਪ੍ਰਸਿੱਧ ਕੀਮਤੀ ਜਾਨਾਂ ਕਰੋਨਾ ਮਹਾਮਾਰੀ ਦੀ ਭੇਟ ਚੜ੍ਹੀਆਂ, ਉਨ੍ਹਾਂ ਵਿਚੋਂ ਕੁਝ ਕੁ ਦਾ ਵੇਰਵਾ ਦੇ ਰਹੀ ਹਾਂ। ਨਾਮੀ ਪੱਤਰਕਾਰ ਮਾਪਿਆਂ ਦਾ ਇਕਲੌਤਾ ਪੁੱਤਰ ਤੇ ਦੋ ਮਸੂਮ ਬੱਚੀਆਂ ਦਾ ਪਿਤਾ ਰੋਹਿਤ ਸਰਦਾਨਾ (41) ਪਾਰਕਿੰਗ ਲਾਟ ਵਿਚ ਖੜ੍ਹੀ ਕਾਰ ਵਿਚ ਮ੍ਰਿਤਕ ਪਾਇਆ ਗਿਆ। ਬਿਹਾਰ ਵਿਧਾਨ ਸਭਾ ਦਾ ਮੁੱਖ ਸਕੱਤਰ ਅਰੁਣ ਕੁਮਾਰ ਸਿੰਘ, ਉਘਾ ਕਾਨੂੰਨਦਾਨ ਸੋਲੀ ਸੋਰਾਬਜੀ ਤੇ ਜੈਨ ਧਰਮ ਦੀ ਪੰਜਾਬ ਤੋਂ ਜੈਨ ਸਾਧਵੀ ਸ਼ਾਂਤੀ ਜੈਨ ਸਰਕਾਰਾਂ ਦੀ ਲਾਪਰਵਾਹੀ ਤੇ ਇਸ ਮਹਾਮਾਰੀ ਦੇ ਮੂੰਹ ਦਾ ਨਿਵਾਲਾ ਹੋ ਗਏ; ਪਰ ਭਾਜਪਾ ਸਰਕਾਰ ਨੂੰ ਤਾਂ ਹਰ ਹੀਲੇ ਚੋਣਾਂ ਜਿੱਤਣੀਆਂ ਹਨ, ਲੋਕਾਂ ਦਾ ਕੀ ਹੈ! ਆਮ ਲੋਕਾਂ ਨੂੰ ਤਾਂ ਇਹ ਸਰਕਾਰਾਂ ਕੁਝ ਨਹੀਂ ਸਮਝਦੀਆਂ, ਪਰ ਕੀਮਤੀ ਜਾਨਾਂ ਕਿਵੇਂ ਭੰਗ ਦੇ ਭਾੜੇ ਗਈਆਂ ਜਾਂ ਜਾ ਰਹੀਆਂ ਹਨ, ਬਾਰੇ ਕਦੇ ਇਹ ਸਿਆਸਤਦਾਨ ਸੋਚਣਗੇ?

ਮਦਰਾਸ ਹਾਈਕੋਰਟ ਵਲੋਂ ਚੋਣ ਕਮਿਸ਼ਨ ਨੂੰ ਕਤਲ ਦਾ ਮੁਕੱਦਮਾ ਦਰਜ ਕਰਨ ਦੀ ਧਮਕੀ ਦੇਣੀ ਪਈ ਤਾਂ ਜਾ ਕੇ ਕਿਤੇ ਇਹ ਚੋਣ ਭਲਵਾਨ ਦਿੱਲੀ ਵਿਚ ਟਿਕੇ। ਇਸ ਤੋਂ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਮੋਦੀ ਨੂੰ ਪੱਤਰ ਲਿਖ ਕੇ ਕਰੋਨਾ ਦੀ ਭਿਆਨਕਤਾ ਬਾਰੇ ਆਗਾਹ ਕਰਨ ਦਾ ਯਤਨ ਕੀਤਾ, ਪਰ ਉਸ ਦੇ ਸਿਹਤ ਮੰਤਰੀ ਸਮੇਤ ਕਈ ਭਾਜਪਾ ਲੀਡਰਾਂ ਨੇ ਮਜ਼ਾਕ ਉਡਾਇਆ। ਕੋਵਿਡ ਨਾਲ ਨਜਿੱਠਣ ਲਈ ਭਰੋਸਗੀ ਸਭ ਤੋਂ ਵੱਡਾ ਪਾੜਾ ਹੈ। ਲੋਕਾਂ ਦਾ ਸਹਿਯੋਗ ਮਿਲਣਾ ਮੁਸ਼ਕਿਲ ਹੈ, ਜੇ ਲੋਕ ਤੁਹਾਡੇ ਆਦੇਸ਼ਾਂ ਨੂੰ ਸ਼ੱਕ ਨਾਲ ਵੇਖਣ। ਇਹ ਸ਼ੱਕ ਅਵਿਸ਼ਵਾਸ ਆਮ ਨਹੀਂ ਹਨ। ਇਸ ਦਾ ਜ਼ਿੰਮੇਵਾਰ ਸਰਕਾਰੀ ਧਿਰ ਦਾ ਵਿਹਾਰ ਮੁੱਖ ਹੈ।

ਕੇਂਦਰੀ ਹਕੂਮਤ ਵਲੋਂ ਵਿਵਾਦਪੂਰਨ ਕਾਨੂੰਨ ਧੜਾਧੜ ਪਾਸ ਕੀਤੇ ਜਾ ਰਹੇ ਹਨ। ਜਿਵੇਂ ਕਿਸਾਨ ਵਿਰੋਧੀ ਕਾਨੂੰਨ, ਲੇਬਰ ਕਾਨੂੰਨ, ਸੀ. ਆਈ. ਏ. ਸੋਧ ਐਕਟ, ਬਿਜਲੀ ਸੋਧ ਬਿਲ, ਪ੍ਰਦੂਸ਼ਣ ਵਿਰੋਧੀ ਬਿਲ ਬਿਨਾ ਉਚਿਤ ਵਿਚਾਰ-ਵਟਾਂਦਰੇ ਦੇ ਅਤੇ ਬਿਨਾ ਸਬੰਧਤ ਧਿਰ ਨੂੰ ਭਰੋਸੇ ਵਿਚ ਲਏ ਕੋਵਿਡ-19 ਦੇ ਸਮੇਂ ਹੀ ਕਿਉਂ ਪਾਸ ਕੀਤੇ? ਏਡਾ ਵੱਡਾ ਕਿਸਾਨ ਅੰਦੋਲਨ ਚੱਲਣ ਦੇ ਬਾਵਜੂਦ ਅੱਜ ਤਕ ਸਰਕਾਰ ਵਲੋਂ ਉਕਤ ਕਾਨੂੰਨਾਂ ਬਾਰੇ ਕੋਈ ਜੁਆਬ ਨਹੀਂ, ਕੋਈ ਵਾਜਬੀਅਤ ਨਹੀਂ। ਸਰਕਾਰਾਂ ਵਲੋਂ ਲੋਕਾਂ ਦੇ ਪ੍ਰਸ਼ਨਾਂ ਦਾ ਜੁਆਬ ਹੀ ਨਾ ਦੇਣ ਦੇ ਆਮ ਵਰਤਾਰੇ 'ਤੇ ਕਿਸਾਨ ਮਜ਼ਦੂਰ ਯੂਨੀਅਨਾਂ, ਬੁੱਧੀਜੀਵੀਆਂ, ਵਾਤਾਵਰਣ ਪ੍ਰੇਮੀ, ਆਮ ਲੋਕ, ਘੱਟ ਗਿਣਤੀਆਂ ਸਮੇਤ ਆਬਾਦੀ ਦਾ ਵੱਡਾ ਹਿੱਸਾ ਤੰਗ ਹੈ। ਸੱਤਾ ਤੇ ਸੱਤਾ ਪੱਖੀ ਸੰਸਥਾਵਾਂ ਵਲੋਂ ਨਿਯਮਾਂ ਦੀ ਲਗਾਤਾਰ ਉਲੰਘਣਾ ਖਿਲਾਫ ਕੋਈ ਕਾਰਵਾਈ ਅਮਲ ਵਿਚ ਨਾ ਲਿਆਉਣਾ ਆਮ ਜਨਤਾ ਵਿਚ ਅਵਿਸ਼ਵਾਸੀ ਪੈਦਾ ਕਰਦਾ ਹੈ।

ਸਰਕਾਰੀ ਤੰਤਰ ਦੇ ਇਸ ਵਰਤਾਰੇ ਨੇ ਪੂਰੇ ਕੋਵਿਡ ਪ੍ਰਚਲਨ ਦੁਆਲੇ ਬੇ-ਭਰੋਸਗੀ ਦਾ ਮਾਹੌਲ ਸਿਰਜ ਦਿੱਤਾ ਹੈ। ਮੁੱਖ ਧਾਰਾ ਮੀਡੀਆ ਜਿਸ ਤਰ੍ਹਾਂ ਪਿਛਲੇ ਲੰਮੇ ਸਮੇਂ ਤੋਂ ਲੋਕ ਵਿਰੋਧੀ ਕਵਰੇਜ ਕਾਰਨ ਆਮ ਲੋਕਾਂ ਦੀ ਭਰੋਸੇਯੋਗਤਾ ਗੁਆ ਚੁਕਾ ਹੈ, ਜਨ ਆਧਾਰਤ ਕਵਰੇਜ ਨਾ ਕਰਨ ਕਾਰਨ ਦਿਨੋ ਦਿਨ ਇਸ ਦੀ ਸ਼ਾਖ ਡਿੱਗੀ ਹੈ। ਇਹੋ ਕਾਰਨ ਹੈ ਕਿ ਵੈਕਸੀਨੇਸ਼ਨ ਮੁਹਿੰਮ ਸਰਕਾਰ ਤੇ ਮੀਡੀਆ ਦੇ ਪ੍ਰਚਾਰ ਕਾਰਨ ਕੋਈ ਵਧੀਆ ਸਿੱਟੇ ਨਹੀਂ ਕੱਢ ਸਕੀ, ਇਸ ਦਾ ਨਕਾਰਾਤਮਕ ਪ੍ਰਭਾਵ ਹੀ ਪਿਆ ਹੈ ਤੇ ਲੋਕਾਂ ਵਿਚ ਕੋਵਿਡ ਦੇ ਟੀਕਾਕਰਨ ਪ੍ਰਤੀ ਹੁੰਗਾਰਾ ਮੱਠਾ ਹੈ। ਸਗੋਂ ਕਈ ਕਿਸਮ ਦੀਆਂ ਅਫਵਾਹਾਂ ਪ੍ਰਚਲਤ ਹਨ ਟੀਕਾਕਰਨ ਬਾਰੇ। ਸਰਕਾਰ ਨੂੰ ਲੋਕਾਂ ਨੂੰ ਭਰੋਸੇ ਵਿਚ ਲੈਣ ਲਈ ਉਚੇਚੇ ਕਦਮ ਚੁੱਕਣੇ ਪੈਣਗੇ ਤਾਂ ਜੋ ਲੋਕਾਂ ਦਾ ਵਿਸ਼ਵਾਸ ਜਿੱਤਿਆ ਜਾ ਸਕੇ।

ਹਾਲਤ ਇਹ ਹਨ ਕਿ ਟੀਕਾਕਰਨ ਦੀ ਵਾਜਬੀਅਤ ਤੇ ਫਾਇਦੇ ਨੁਕਸਾਨ ਬਾਰੇ ਸਿਹਤ



ਮਾਹਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ, ਨਾ ਕਿ ਡੀ. ਸੀ./ਐਸ. ਡੀ. ਐਮ. ਦੇ ਅਦੇਸ਼ ਲਾਗੂ ਕੀਤੇ ਜਾਣ। ਪ੍ਰਸ਼ਾਸਨਿਕ ਅਧਿਕਾਰੀਆਂ ਵਲੋਂ ਬਿਆਨ ਅਤੇ ਸਰਕਾਰੀ ਸਮਾਗਮਾਂ ਰਾਹੀਂ ਲੋਕਾਂ ਨੂੰ ਸਿਖਿਅਤ ਕਰਨ ਦੇ ਦਾਅਵੇ ਬੇਸਿੱਟਾ ਰਹੇ ਹਨ। ਇਸ ਲਈ ਸਿਹਤ ਮਾਹਰਾਂ ਨੂੰ ਚਾਰਜ ਦੇ ਕੇ ਵੈਕਸੀਨੇਸ਼ਨ ਦੀ ਮੁਹਿੰਮ ਵਿਚ ਆਮ ਲੋਕਾਂ ਨੂੰ ਸ਼ਾਮਲ ਕਰਨਾ ਤੇ ਉਨ੍ਹਾਂ ਨੂੰ ਸਿਖਿਅਤ ਕਰਨਾ ਜਰੂਰੀ ਹੈ। ਨਹੀਂ ਤਾਂ ਇਹ ਮਹਾਮਾਰੀ ਪਤਾ ਨਹੀਂ ਹੋਰ ਕਿੰਨਾ ਨੁਕਸਾਨ ਕਰ ਦੇਵੇਗੀ। ਸਿਹਤ ਅਧਿਕਾਰੀਆਂ ਦੀ ਥਾਂ ਪੁਲਿਸ, ਅਫਸਰਸ਼ਾਹੀ ਅਤੇ ਸਿਆਸਤਦਾਨ ਡਾਕਟਰੀ ਸਾਵਧਾਨੀਆਂ, ਫਾਇਦੇ, ਨੁਕਸਾਨ ਬਾਰੇ ਵਿਆਖਿਆ ਕਰ ਰਹੇ ਹਨ। ਐਸ. ਐਸ. ਪੀ. ਪਟਿਆਲਾ ਤੇ ਸਿਵਿਲ ਸਰਜਨ ਵਿਚਾਲੇ ਇਸ ਗੱਲ 'ਤੇ ਤਣਾਓ ਹੋ ਗਈ ਕਿ ਗੱਡੀ ਚਲਾ ਰਹੇ ਇਕੱਲੇ ਬੰਦੇ ਲਈ ਮਾਸਕ ਪਹਿਨਣਾ ਜਰੂਰੀ ਹੈ ਕਿ ਨਹੀਂ! ਗੱਡੀ ਵਿਚ ਬੈਠੇ ਮੀਆਂ-ਬੀਵੀ ਨੂੰ ਵੀ ਮਾਸਕ ਪਹਿਨਣ ਲਈ ਪੁਲਿਸ ਮਜਬੂਰ ਕਰਦੀ ਹੈ, ਜਿਸ ਦੀ ਵੀਡੀਓ ਪਿਛਲੇ ਦਿਨੀਂ ਕਾਫੀ ਵਾਇਰਲ ਹੋਈ, ਜਿਸ ਵਿਚ ਇਸ ਜੋੜੇ ਨੇ ਮਾਸਕ ਪਹਿਨਣ ਦੀ ਵਾਜਬੀਅਤ ਨੂੰ ਚੈਲੰਜ ਕੀਤਾ ਸੀ। ਸਿਵਿਲ ਸਰਜਨ ਵੀ ਇਸ ਦੇ ਹੱਕ ਵਿਚ ਸੀ ਕਿ ਅਜਿਹੇ ਸਮੇਂ ਮਾਸਕ ਦੀ ਲੋੜ ਨਹੀਂ, ਪਰ ਪੁਲਿਸ ਇਸ 'ਤੇ ਬਜ਼ਿਦ ਹੈ ਤੇ ਉਹ ਅਜਿਹੇ ਕੇਸਾਂ ਵਿਚ ਧੜਾ ਧੜ ਚਲਾਨ ਕੱਟ ਰਹੀ ਹੈ। ਸਿਵਿਲ ਸਰਜਨ ਨੂੰ ਪਿੱਛੇ ਹਟਣਾ ਪਿਆ।

ਸਿਹਤ ਐਮਰਜੈਂਸੀ ਦੇ ਨਾਂ 'ਤੇ ਰਾਤ ਦੇ ਕਰਫਿਊ ਤੇ ਕੰਮ ਦੇ ਘੰਟੇ ਘਟਾਉਣ ਤੋਂ ਲੋਕ ਦਿੱਕਤ ਮਹਿਸੂਸ ਕਰ ਰਹੇ ਹਨ, ਪਰ ਸਰਕਾਰ ਲੋਕਾਂ ਦੇ ਸ਼ੰਕਿਆਂ ਦੇ ਨਿਵਾਰਨ ਵਿਚ ਕੋਈ ਦਿਲਚਸਪੀ ਨਹੀਂ ਰੱਖਦੀ। ਹਰ ਪੱਧਰ 'ਤੇ ਜਨਤਾ ਦੀ ਆਵਾਜ਼ ਨੂੰ ਅਣਸੁਣਿਆ-ਅਣਗੌਲਿਆ ਕੀਤਾ ਜਾ ਰਿਹਾ ਹੈ, ਸਗੋਂ ਜਵਾਬ ਦੇਣ ਜਾਂ ਉਨ੍ਹਾਂ ਨੂੰ ਸੰਤੁਸ਼ਟ ਕਰਨ ਦੀ ਥਾਂ ਮੁਕੱਦਮੇ ਦਰਜ ਕਰਕੇ ਡਰ/ਦਾਬੇ ਦੀ ਰਾਜਨੀਤੀ ਕੀਤੀ ਜਾ ਰਹੀ ਹੈ। ਰਾਜਨੀਤੀਵਾਨਾਂ ਵਲੋਂ ਝੂਠ ਫਰੇਬ ਦੇ ਵਰਤਾਰੇ ਨੇ ਲੋਕਾਂ ਦੇ ਵਿਸ਼ਵਾਸ ਨੂੰ ਖੋਰਾ ਲਾਇਆ ਹੈ। ਦਿੱਲੀ ਦੀ ਸੱਤਾ 'ਤੇ ਕਾਬਜ ਧਿਰ ਵਲੋਂ ਆਪ ਲਗਾਤਾਰ ਪੰਜ ਰਾਜਾਂ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਵੱਡੇ ਇਕੱਠਾਂ ਰਾਹੀਂ ਪ੍ਰਚਾਰ ਕੀਤਾ ਗਿਆ, ਜਦੋਂ ਕਿ ਲੋਕਾਂ ਦੇ ਸ਼ਾਦੀ-ਗਮੀ ਦੇ ਸਮਾਗਮਾਂ ਉਤੇ ਦੋ ਆਦਮੀ ਵਧਣ 'ਤੇ ਵੀ ਪਰਚੇ ਦਰਜ ਕੀਤੇ ਗਏ। ਵਿਆਹ ਵਾਲੇ ਲਾੜਿਆਂ ਨੂੰ ਥਾਣੇ ਬਿਠਾ ਲਿਆ ਗਿਆ। ਕੁੰਭ ਮੇਲੇ ਦੀ ਆੜ ਵਿਚ ਹਰਿਦੁਆਰ ਵਿਖੇ ਲੱਖਾਂ ਲੋਕ ਸ਼ਾਮਲ ਹੋਏ, ਜਦੋਂ ਕਿ ਮਰਕਜ਼ ਤਬਲੀਗੀਆਂ ਦੇ ਆਮ ਇਕੱਠ ਨੂੰ ਕਰੋਨਾ ਫੈਲਾਉਣ ਵਾਲਾ ਦੱਸ ਕੇ ਉਨ੍ਹਾਂ 'ਤੇ ਪਰਚੇ ਦਰਜ ਕਰ ਦਿੱਤੇ ਗਏ; ਉਸ ਸਮੇਂ ਕਰੋਨਾ ਅੱਜ ਜਿੰਨਾ ਮਾਰੂ ਵੀ ਨਹੀਂ ਸੀ। ਦੋਸ਼ ਸਿੱਧ ਨਾ ਹੋਣ 'ਤੇ ਉਹ ਕੋਰਟ ਨੇ ਬਰੀ ਵੀ ਕਰ ਦਿੱਤੇ। ਸਾਡੇ ਪ੍ਰਧਾਨ ਸੇਵਕ ਤਾਂ ਉਦੋਂ ਤੱਕ ਰੈਲੀਆਂ ਤੋਂ ਨਹੀਂ ਹਟੇ, ਜਦੋਂ ਤਕ ਦਿੱਲੀ ਤੇ ਮਦਰਾਸ ਦੀਆਂ ਅਦਾਲਤਾਂ ਨੇ ਕਤਲ ਦੇ ਮੁਕੱਦਮੇ ਦਰਜ ਕਰਨ ਤਕ ਦੀ ਧਮਕੀ ਨਹੀਂ ਦਿੱਤੀ। ਕੰਮ ਕਾਰਜਪਾਲਿਕਾ ਦਾ ਜ਼ਿੰਮੇਵਾਰੀ ਕੋਰਟਾਂ ਨਿਭਾ ਰਹੀਆਂ ਹਨ। ਸੁਪਰੀਮ ਕੋਰਟ ਵਲੋਂ ਵੀ ਸਖਤੀ ਕਰਨ ਦੇ ਸਮਾਚਾਰ ਹਨ।

ਕਰੋਨਾ ਦੀ ਦੂਜੀ ਲਹਿਰ ਦੇ ਫਰਵਰੀ-ਮਾਰਚ ਵਿਚ ਸ਼ੁਰੂ ਹੋਣ ਤੋਂ ਅੱਗੇ ਨਾਲੋਂ ਵੱਧ ਖਤਰਨਾਕ ਹੋਣ ਦੀ ਚਿਤਾਵਨੀ ਦੇ ਬਾਵਜੂਦ ਕੇਂਦਰੀ ਸਰਕਾਰ ਨੇ ਕੋਈ ਪ੍ਰਬੰਧ ਨਹੀਂ ਕੀਤੇ। ਆਕਸੀਜਨ ਪਲਾਂਟ ਲਾਉਣ, ਵੈਂਟੀਲੇਟਰ, ਦਵਾਈਆਂ ਆਦਿ ਦੇ ਕੋਈ ਹੀਲਾ ਨਾ ਕੀਤਾ ਗਿਆ। ਮੌਤਾਂ ਤੇ ਕਰੋਨਾ ਪਾਜ਼ੇਟਿਵ ਦੀ ਗਿਣਤੀ ਵਧਣ 'ਤੇ ਵੀ ਕੋਈ ਯਤਨ ਨਹੀਂ ਕੀਤੇ ਗਏ। ਆਕਸੀਜਨ ਤੇ ਕਰੋਨਾ ਦੀਆਂ ਦਵਾਈਆਂ ਦੀ ਕਿੱਲਤ ਪੈਦਾ ਕਰਕੇ ਬਲੈਕ ਦੀ ਮੰਡੀ ਨੂੰ ਬੜ੍ਹਾਵਾ ਦਿੱਤਾ ਗਿਆ। ਨਿਜੀ ਹਸਪਤਾਲਾਂ ਨੇ ਲੁੱਟ ਮਚਾ ਦਿੱਤੀ। ਇਥੋਂ ਤਕ ਕਿ ਕਰੋਨਾ ਪੀੜਤ ਲਾਸ਼ਾਂ ਨੂੰ ਲਿਜਾਣ ਵਾਲੀਆਂ ਐਂਬੂਲੈਂਸਾਂ ਤੇ ਸ਼ਮਸ਼ਾਨਘਾਟਾਂ ਨੇ ਵੀ ਕਰੋਨਾ ਮ੍ਰਿਤਕਾਂ ਦੇ ਵਾਰਸਾਂ ਤੋਂ ਹਜ਼ਾਰਾਂ ਰੁਪਿਆਂ ਦੀ ਲੁੱਟ ਕੀਤੀ। ਲੱਕੜਾਂ ਦੀ ਵੀ ਬਲੈਕ ਸ਼ੁਰੂ ਹੋ ਗਈ। ਲਗਦਾ ਸੀ ਕਿ ਜਿਵੇਂ ਦੇਸ਼ ਵਿਚ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ। ਲੋਕ ਤ੍ਰਾਹ ਤ੍ਰਾਹ ਕਰ ਉਠੇ। ਜਦੋਂ ਅਮਰੀਕਾ-ਕੈਨੇਡਾ, ਆਸਟ੍ਰੇਲੀਆ, ਯੂ. ਕੇ., ਫਰਾਂਸ, ਪਾਕਿਸਤਾਨ, ਯੂਰਪੀ ਅਰਬ ਦੇਸ਼ਾਂ ਤੇ ਸੰਸਾਰ ਪੱਧਰ 'ਤੇ ਡਬਲਿਊ. ਐਚ. ਓ. ਸਮੇਤ ਇੰਟਰਨੈਸ਼ਨਲ ਮਾਨਵੀ ਆਰਗੇਨਾਈਜੇਸ਼ਨਾਂ ਨੇ ਨੋਟਿਸ ਲਿਆ ਤਾਂ ਭਾਰਤ ਸਰਕਾਰ ਮਾੜੀ ਮੋਟੀ ਹਰਕਤ ਵਿਚ ਆਈ।

ਸਰਕਾਰ ਦੇ ਦੋਹਰੇ ਮਾਪਦੰਡਾਂ, ਤਾਲਾਬੰਦੀ ਦੀ ਥਕਾਨ, ਉਕਾਹਟ, ਤਰ੍ਹਾਂ ਤਰ੍ਹਾਂ ਦੇ ਝੂਠ ਨੇ ਲੋਕਾਂ ਵਿਚੋਂ ਵਿਸ਼ਵਾਸ ਦਾ ਖਾਤਮਾ ਕੀਤਾ। ਘੱਟ-ਗਿਣਤੀਆਂ ਨੂੰ ਨਿਸ਼ਾਨੇ 'ਤੇ ਲੈਣਾ ਤੇ ਉਸੇ ਕੰਮ ਵਿਚ ਬਹੁ-ਗਿਣਤੀ ਨੂੰ ਛੋਟ ਦੇਣਾ; ਕਰੋਨਾ ਦੀ ਆੜ ਵਿਚ ਲੋਕ ਮਾਰੂ ਕਾਨੂੰਨ ਪਾਸ ਕਰਨੇ ਤੇ ਫਿਰ ਕਰੋਨਾ ਨੂੰ ਆਧਾਰ ਬਣਾ ਕੇ ਸਰਦ ਰੁੱਤ ਸ਼ੈਸ਼ਨ ਰੱਦ ਕਰਨਾ। ਫਿਰ ਆਕਸੀਜਨ ਦੀ ਜਾਣ-ਬੁੱਝ ਕੇ ਕਿੱਲਤ ਪੈਦਾ ਕੀਤੀ ਗਈ। ਜੇ ਇਹ ਸਹੀ ਨਹੀਂ ਤਾਂ ਗਾਜ਼ੀਆਬਾਦ (ਯੂ. ਪੀ.) ਸਣੇ ਕਈ ਗੁਰਦੁਆਰਿਆਂ, ਖਾਲਸਾ ਏਡ ਸਮੇਤ ਸਮਾਜ ਸੇਵੀ ਸੰਸਥਾਵਾਂ ਨੂੰ ਆਕਸੀਜਨ ਕਿਥੋਂ ਮਿਲ ਗਈ? ਧੜਾ ਧੜ ਲੋਕ ਮਰ ਰਹੇ ਹਨ, ਪਰ ਸਰਕਾਰਾਂ ਦੀ ਕਾਰਗੁਜ਼ਾਰੀ ਕਿਤੇ ਵਿਖਾਈ ਨਹੀਂ ਦਿੰਦੀ, ਕਿਧਰੇ ਫਿਕਰਮੰਦੀ ਨਹੀਂ। ਆਪਣਾ ਘਰ ਸਾਂਭਣ ਦੀ ਥਾਂ ਗੁਆਂਢੀ ਬੰਗਲਾ ਦੇਸ਼, ਨੇਪਾਲ ਨੂੰ ਆਕਸੀਜਨ ਤੇ ਵੈਕਸੀਨੇਸ਼ਨ ਸਪਲਾਈ ਕੀਤੀ ਗਈ। ਸਾਲ ਭਰ ਤੋਂ ਇਹ ਬਿਮਾਰੀ ਭਾਰਤ ਵਿਚ ਟ੍ਰੈਵਲ ਕਰ ਰਹੀ ਸੀ, ਪਰ ਆਕਸੀਜਨ ਪਲਾਂਟ ਜਾਂ ਵੈਕਸੀਨੇਸ਼ਨ ਦੀ ਮਾਤਰਾ ਵਧਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਹੋਰ ਤਾਂ ਹੋਰ ਆਪਣੇ ਵਲੋਂ ਵੈਕਸੀਨੇਸ਼ਨ ਦੇ ਤਿੰਨ ਲੈਵਲ ਬਣਾ ਦਿੱਤੇ। ਕੇਂਦਰ ਕੋਟੇ ਦਾ ਟੀਕਾ ਡੇਢ ਸੌ, ਰਾਜਾਂ ਲਈ 4 ਸੌ ਤੇ ਨਿਜੀ ਹਸਪਤਾਲਾਂ ਲਈ 6 ਸੌ ਦਾ ਰੇਟ ਰੱਖ ਕੇ ਲੋਕਾਂ ਦੀ ਲੁੱਟ ਦੀ ਖੁੱਲ੍ਹ ਦਿੱਤੀ ਗਈ। ਇਸ ਮਹਾਮਾਰੀ ਪ੍ਰਤੀ ਇਹ 'ਖਾਸ ਲੋਕ' ਇੱਕ ਆਮ ਨਾਗਰਿਕ ਪ੍ਰਤੀ ਕਦੇ ਸੰਜੀਦਾ ਵਿਖਾਈ ਨਹੀਂ ਦਿੱਤੇ। 'ਮਨ ਕੀ ਬਾਤ' ਕਰਨ ਵਾਲੇ ਸਾਡੇ ਦੇਸ਼ ਦੇ ਕਰਤਾ ਧਰਤਾ ਨੇ ਕਦੇ 'ਜਨ ਕੀ ਬਾਤ' ਨਹੀਂ ਕੀਤੀ। ਆਮ ਲੋਕ ਤਾਂ ਕੀ, ਉਹਨੇ ਕਦੇ ਮੀਡੀਆ ਦੇ ਪ੍ਰਸ਼ਨਾਂ ਦੇ ਉਤਰ ਨਹੀਂ ਦਿੱਤੇ। ਪ੍ਰੈਸ ਨਾਲ ਵਾਰਤਾ ਕਰਨੀ ਉਹ ਆਪਣੀ ਹੇਠੀ ਸਮਝਦਾ ਹੈ।

ਜਦੋਂ ਤਕ ਲੋਕਾਂ ਨਾਲ ਸੰਵਾਦ ਦੀ ਚਲਦੀ ਪਰੰਪਰਾ ਨੂੰ ਮੁੜ ਚਾਲੂ ਨਹੀਂ ਕੀਤਾ ਜਾਂਦਾ, ਉਦੋਂ ਤਕ ਜਨਤਾ ਤੇ ਸਰਕਾਰ ਵਿਚਲਾ ਪਾੜਾ ਮੇਲਣਾ ਨਾ ਮੁਮਕਿਨ ਹੈ। ਦਿੱਲੀ ਦੇ ਬਾਰਡਰ 'ਤੇ ਪਿਛਲੇ ਛੇ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਬਿਨਾ ਕੋਈ ਮੰਗ ਮੰਨਿਆਂ ਤਰ੍ਹਾਂ ਤਰ੍ਹਾਂ ਦੇ ਝੂਠੇ ਪ੍ਰਾਪੇਗੰਡੇ ਕੀਤੇ ਗਏ। ਕਦੇ ਕਿਸਾਨ ਕਰੋਨਾ ਫੈਲਾਉਂਦੇ, ਕਦੇ ਆਕਸੀਜਨ ਦੇ ਟੈਂਕ ਨਹੀਂ ਲੰਘਣ ਦਿੰਦੇ, ਕਦੇ ਆਪਣੇ ਹਿੰਸਕ ਟੋਲਿਆਂ ਨੂੰ ਸਥਾਨਕ ਲੋਕ ਬਣਾ ਕੇ ਮੋਰਚਿਆਂ 'ਤੇ ਭੇਜਣਾ, ਟੈਂਟਾਂ ਨੂੰ ਅੱਗਾਂ ਲਗਵਾਉਣੀਆਂ, ਸ਼ਾਂਤਮਈ ਬੈਠਿਆਂ 'ਤੇ ਹਮਲੇ ਕਰਾਉਣੇ ਜਿਹੇ ਹਥਕੰਡੇ ਇੰਨੀਆਂ ਉੱਚੀਆਂ ਪਦਵੀਆਂ 'ਤੇ ਬੈਠੇ ਲੀਡਰਾਂ ਨੂੰ ਸ਼ੋਭਾ ਨਹੀਂ ਦਿੰਦੇ। ਜਦੋਂ ਕਦੇ ਮੁੱਕ, ਗੱਲ ਸੰਵਾਦ ਨਾਲ ਮੁਕੇਗੀ; ਫੋਕੇ ਦਬਕਿਆਂ ਜਾਂ ਝੂਠੇ ਪ੍ਰਾਪੇਗੰਡੇ ਨਾਲ ਨਹੀਂ! ਕਿਸਾਨਾਂ ਨੇ ਬੰਗਾਲ ਵਿਚ ਤ੍ਰਿਣਮੂਲ ਆਗੂ ਮਮਤਾ ਬੈਨਰਜੀ ਦੀ ਜਿੱਤ ਨੂੰ ਆਪਣੀ ਜਿੱਤ ਆਖਿਆ ਹੈ। ਉਨ੍ਹਾਂ ਕੇਂਦਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਸ ਨੂੰ ਕਰੋਨਾ ਦੀ ਭਿਆਨਕਤਾ ਦਾ ਇੰਨਾ ਹੀ ਫਿਕਰ ਹੈ ਤਾਂ ਉਹ ਤਿੰਨੇ ਖੇਤੀ ਕਾਲੇ ਕਾਨੂੰਨਾਂ ਨੂੰ ਰੱਦ ਕਰਕੇ ਐਮ. ਐਸ. ਪੀ. ਨੂੰ ਕਾਨੂੰਨੀ ਦਰਜਾ ਦੇ ਕੇ ਉਨ੍ਹਾਂ ਨੂੰ ਘਰ ਨੂੰ ਤੋਰੇ, ਨਹੀਂ ਤਾਂ 2022 ਵਿਚ ਯੂ. ਪੀ., ਪੰਜਾਬ ਦੀਆਂ ਚੋਣਾਂ ਵਿਚ ਉਨ੍ਹਾਂ ਖਿਲਾਫ ਪ੍ਰਚਾਰ ਦੀ ਧਾਰ ਹੋਰ ਤਿੱਖੀ ਕੀਤੀ ਜਾਵੇਗੀ ਤੇ ਉਹ ਭਾਜਪਾ ਨੂੰ ਭਜਾ ਕੇ ਹੀ ਦਮ ਲੈਣਗੇ।

# ਵਿਸ਼ਵ ਗੁਰੂ ਬਣਨ ਦੀ ਦੌੜ ਕਿ ਵਿਸ਼ਵ ਸੰਕਟ ਦੀ ਦੌੜ 'ਚ ਅੱਗੇ

*(ਪਿਛਲੇ ਸਫੇ ਦੀ ਬਾਕੀ)*

ਬਹੁਤਿਆਂ ਨੇ ਅਖਬਾਰਾਂ ਵਿਚ ਆਈ. ਐਮ. ਏ. ਵੱਲੋਂ ਨਸ਼ਰ ਕੀਤੀ ਇਹ ਖਬਰ ਜ਼ਰੂਰ ਪੜ੍ਹੀ ਹੋਵੇਗੀ ਕਿ ਪਿਛਲੇ ਸਾਲ, ਜਿਵੇਂ ਕਿ ਉਪਰ ਦੱਸਿਆ ਹੈ, ਪਹਿਲੀ ਲਹਿਰ ਵਿਚ 756 ਡਾਕਟਰਾਂ ਦੀ ਮੌਤ ਹੋਈ ਸੀ, ਪਰ ਸਰਕਾਰ ਨੇ ਸਿਰਫ 250 ਕੁ ਸਰਕਾਰੀ ਡਾਕਟਰਾਂ ਦੀ ਹੋਈ ਮੌਤ ਬਾਰੇ ਹੀ ਦੱਸਿਆ ਸੀ। ਪ੍ਰਾਈਵੇਟ ਹਸਪਤਾਲਾਂ ਦੇ ਡਾਕਟਰਾਂ ਦੀ ਹੋਈ ਮੌਤ ਦੇ ਕੋਈ ਅੰਕੜੇ ਨਹੀਂ ਸਨ ਦੱਸੇ ਅਤੇ ਉਨ੍ਹਾਂ ਦੀ ਮੌਤ ਤੇ ਬੀਮਾ ਵਗੈਰਾ ਦਾ ਕੋਈ ਇਵਜਾਨਾ ਨਹੀਂ ਦਿੱਤਾ ਸੀ।

ਪਿਛਲੇ ਸਾਲ ਕਰੋਨਾ ਦੀ ਲਹਿਰ ਤੋਂ ਡਾਕਟਰਾਂ ਨੂੰ ਇਸ ਗੱਲ ਦਾ ਪਤਾ ਸੀ ਕਿ ਆਕਸੀਜਨ ਦੀ ਵੱਧ ਲੋੜ ਪਵੇਗੀ ਅਤੇ ਉਨ੍ਹਾਂ ਨੇ ਇਸ ਤੱਥ ਤੋਂ ਕੇਂਦਰ ਸਰਕਾਰ ਵਿਚ ਬੈਠੇ ਉੱਚ ਅਫਸਰਾਂ ਅਤੇ ਰਾਜਨੀਤੀਵਾਨਾਂ ਨੂੰ ਜਾਣੂੰ ਕੀਤਾ ਹੋਇਆ ਸੀ। ਪਿਛਲੇ ਸਾਲ ਦੇ ਕੇਸਾਂ ਤੋਂ ਅੰਦਾਜ਼ਾ ਲਾ ਕੇ ਇੱਕ ਕਮੇਟੀ ਨੇ ਦੇਸ਼ ਦੇ 150 ਜਿਲਿਆਂ ਵਿਚ 162 ਆਕਸੀਜਨ ਪਲਾਂਟ ਲਾਉਣ ਦੀ ਨਾ ਸਿਰਫ ਸਿਫਾਰਸ਼ ਹੀ ਕੀਤੀ, ਸਗੋਂ ਪੀ. ਐਮ. ਕੇਅਰ ਫੰਡ ਤੋਂ 200 ਕਰੋੜ ਰੁਪਏ ਖਰਚਣ ਦੀ ਪਿਛਲੇ ਅਕਤੂਬਰ ਵਿਚ ਪ੍ਰਵਾਨਗੀ ਵੀ ਲੈ ਲਈ ਅਤੇ ਇਨ੍ਹਾਂ ਵਿਚੋਂ ਸਿਰਫ 30 ਪਲਾਂਟ ਹੀ ਲੱਗੇ ਹਨ। ਜਨਵਰੀ ਤੋਂ ਅਪਰੈਲ ਤੱਕ ਕਰੀਬ ਇੱਕ ਕਰੋੜ ਨੌਕਰੀਆਂ ਚਲੀਆਂ ਗਈਆਂ ਹਨ। ਦਿੱਲੀ ਵਿਚ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਐਂਬੂਲੈਂਸ ਦਾ ਜਿੱਥੇ ਹਜ਼ਾਰ-ਬਾਰਾਂ ਸੌ ਰੁਪਿਆ ਕਿਰਾਇਆ ਸੀ, ਉਥੇ ਹੁਣ 8000 ਰੁਪਏ ਤੋਂ ਲੈ ਕੇ 12,000 ਰੁਪਏ ਤੱਕ ਲਿਆ ਜਾਂਦਾ ਹੈ।

ਪ੍ਰਾਈਵੇਟ ਹਸਪਤਾਲਾਂ ਵਿਚ ਇੱਕ ਮਰੀਜ਼ ਤੋਂ, ਜੇ ਉਹ ਦਵਾਈਆਂ ਤੇ ਆਕਸੀਜਨ ਦਾ ਪ੍ਰਬੰਧ ਆਪ ਕਰੇ ਤਾਂ ਪੰਜ ਲੱਖ ਅਤੇ ਜੇ ਹਸਪਤਾਲ ਨੇ ਕਰਨਾ ਹੈ ਤਾਂ ਦਸ ਲੱਖ ਰੁਪਏ ਤੱਕ ਪਹਿਲਾਂ ਜਮ੍ਹਾਂ ਕਰਾਉਣ ਲਈ ਕਿਹਾ ਜਾਂਦਾ ਹੈ; ਆਕਸੀਜਨ ਦਾ ਖਾਲੀ ਸਿਲੰਡਰ 7000 ਰੁਪਏ ਦਾ ਵਿਕ ਰਿਹਾ ਹੈ। ਰੈਮਡੇਸਿਵਿਰ ਇੰਜੈਕਸ਼ਨ, ਜਿਸ ਦੀ ਕੀਮਤ ਤਿੰਨ ਕੁ ਹਜ਼ਾਰ ਰੁਪਏ ਹੈ, ਪੰਚੀ ਹਜ਼ਾਰ ਤੋਂ ਲੈ ਕੇ ਚਾਲੀ-ਪੰਜਾਹ ਹਜ਼ਾਰ ਰੁਪਏ ਤੱਕ ਦਾ ਵਿਕ ਰਿਹਾ ਹੈ। ਸੱਤ ਕੰਪਨੀਆਂ ਬਣਾ ਰਹੀਆਂ ਹਨ, ਪਰ ਸਭ ਦੀ ਕੀਮਤ ਅਲੱਗ ਅਲੱਗ ਹੈ। ਅੰਤਿਮ ਰਸਮਾਂ ਕਰਨ ਵਾਲੇ ਪੰਡਿਤ ਤੋਂ ਲੈ ਕੇ ਲੱਕੜਾਂ ਤੱਕ ਦੇ ਰੇਟ ਵਧ ਗਏ ਹਨ।

ਦਿੱਲੀ ਦੇ 580 ਸ਼ਮਸ਼ਾਨਘਾਟ ਹਨ, ਫਿਰ ਵੀ ਵਾਰੀ ਨਹੀਂ ਆ ਰਹੀ। ਮਰਨ ਵਾਲਿਆਂ ਵਿਚ ਘੱਟੋ ਘੱਟ 20% ਬੇਪਛਾਣ ਹਨ। ਇਹ ਸਿਸਟਮ ਦਾ ਫੇਲ੍ਹ ਹੋਣਾ ਨਹੀਂ, ਸਰਕਾਰ ਦੀ ਨਾਲਾਇਕੀ ਤੇ ਅਸਫਲਤਾ ਹੈ। ਮੌਜੂਦਾ ਸਰਕਾਰ ਨੇ ਹਰ ਸਥਾਪਤ ਸਰਕਾਰੀ ਅਦਾਰੇ ਤੋਂ ਹੱਥ ਖਿੱਚ ਕੇ ਸਮੇਤ ਸਿਹਤ ਦੇ, ਸਭ ਸੰਸਥਾਵਾਂ ਨਿਜੀ ਹੱਥਾਂ ਵਿਚ ਦੇ ਦਿੱਤੀਆਂ ਹਨ। ਸਰਕਾਰੀ ਹਸਪਤਾਲਾਂ ਵਿਚ ਨਾ ਕੇਂਦਰੀ ਸਰਕਾਰ ਅਤੇ ਨਾ ਹੀ ਪ੍ਰਾਂਤਕ ਸਰਕਾਰਾਂ ਭਰਤੀ ਕਰਦੀਆਂ ਹਨ ਤੇ ਲੋੜੀਂਦਾ ਸਮਾਨ ਦਿੰਦੀਆਂ ਹਨ ਅਤੇ ਜਿਹੜਾ ਸਿਹਤ ਅਮਲਾ ਕੰਮ ਕਰਦਾ ਹੈ, ਉਨ੍ਹਾਂ ਨੂੰ ਸਮੇਂ ਸਿਰ ਤਨਖਾਹਾਂ ਵੀ ਨਹੀਂ ਮਿਲਦੀਆਂ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੀਆਂ ਸਰਕਾਰੀ ਵਿੱਦਿਆ ਅਤੇ ਸਿਹਤ ਸੰਸਥਾਵਾਂ ਦੀ ਹਾਲਤ ਸੁਧਾਰਨ ਅਤੇ ਉਨ੍ਹਾਂ ਨੂੰ ਮਜ਼ਬੂਤ ਕਰਨ ਦੀ ਥਾਂ ਚੰਗੇ ਭਲੇ ਪਾਰਲੀਮੈਂਟ ਭਵਨ, ਰਾਸ਼ਟਰਪਤੀ ਭਵਨ ਅਤੇ ਪ੍ਰਧਾਨ ਮੰਤਰੀ ਨਿਵਾਸ ਬਣੇ ਹੋਏ ਹੋਣ 'ਤੇ ਵੀ ਸੈਂਟਰਲ ਵਿਸਟਾ ਪ੍ਰਾਜੈਕਟ ਸ਼ੁਰੂ ਕਰਵਾਇਆ ਹੈ, ਜਿਸ ਵਿਚ ਪਾਰਲੀਮੈਂਟ ਹਾਊਸ, ਪ੍ਰਧਾਨ ਮੰਤਰੀ ਹਾਊਸ ਅਤੇ ਰਾਸ਼ਟਰਪਤੀ ਭਵਨ ਸੰਨ 2022 ਤੱਕ ਤਿਆਰ ਹੋਣੇ ਹਨ। ਇਸ ਪ੍ਰਾਜੈਕਟ ਲਈ ਪ੍ਰਾਪਤ ਕੀਤੀ ਜ਼ਮੀਨ ਤੋਂ 4000 ਰੁੱਖ ਕੱਟੇ ਗਏ ਹਨ, ਜਦੋਂ ਕਿ ਦਿੱਲੀ ਵਿਚ ਲੋਕ ਆਕਸੀਜਨ ਦੀ ਥੁੜ ਕਾਰਨ ਮਰ ਰਹੇ ਹਨ। ਉਸਾਰੀ ਨਾਲ ਹਵਾ ਪ੍ਰਦੂਸ਼ਤ ਹੁੰਦੀ ਹੈ, ਪਰ ਦਿੱਲੀ ਦੀ ਭਿਆਨਕ ਹਾਲਤ ਦੇ ਬਾਵਜੂਦ ਉਸਾਰੀ ਚਾਲੂ ਹੈ ਅਤੇ ਕੋਵਿਡ ਦੇ ਚੱਲਦਿਆਂ ਤਿੰਨ-ਚਾਰ ਹਜ਼ਾਰ ਮਜ਼ਦੂਰ ਹਰ ਰੋਜ਼ ਕੰਮ ਕਰ ਰਹੇ ਹਨ। ਇਸ ਪ੍ਰਾਜੈਕਟ 'ਤੇ 13,500 ਕਰੋੜ ਰੁਪਏ ਖਰਚ ਹੋਣੇ ਹਨ ਅਤੇ ਏਨੇ ਪੈਸੇ ਨਾਲ ਏਮਜ਼ ਵਰਗੇ ਕਈ ਹਸਪਤਾਲ ਉਸਾਰੇ ਜਾ ਸਕਦੇ ਹਨ।

25 ਅਪਰੈਲ ਤੋਂ ਲੈ ਕੇ ਹੁਣ ਤੱਕ ਕਰੋਨਾ ਮਹਾਮਾਰੀ ਨਾਲ ਜੂਝਣ ਲਈ ਬਾਹਰਲੇ ਕਰੀਬ ਚਾਲੀ ਮੁਲਕਾਂ ਤੋਂ ਸਮਾਨ ਦੇ ਜਹਾਜ਼ ਲੱਦੇ ਹੋਏ ਦਿੱਲੀ ਹਵਾਈ ਅੱਡੇ 'ਤੇ ਖੜ੍ਹੇ ਹਨ ਅਤੇ ਉਸ ਸਮਾਨ ਨੂੰ ਉਤਾਰਨ ਤੇ ਲੋੜਵੰਦਾਂ ਤੱਕ ਪਹੁੰਚਾਉਣ ਦਾ ਕੇਂਦਰ ਸਰਕਾਰ ਕੋਈ ਪ੍ਰਬੰਧ ਨਹੀਂ ਕਰ ਰਹੀ। ਗੈਰ-ਭਾਜਪਾ ਪ੍ਰਸ਼ਾਸਤ ਪ੍ਰਾਂਤਾਂ ਨਾਲ ਵੈਕਸੀਨੇਸ਼ਨ ਦਾ ਵਿਤਕਰਾ ਕੀਤਾ ਜਾ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਅਠਾਰਾਂ ਤੋਂ ਚਾਲੀ ਸਾਲ ਤੱਕ ਦੇ ਨਾਗਰਿਕਾਂ ਨੂੰ ਵੈਕਸੀਨੇਸ਼ਨ ਲਾਉਣ ਦੀ ਗੱਲ ਕਰ ਰਹੇ ਹਨ, ਪਰ ਉਨ੍ਹਾਂ ਨੂੰ ਆਪਣੇ ਪ੍ਰਾਂਤ ਦੀ ਏਨੀ ਵੀ ਖਬਰ ਨਹੀਂ ਕਿ ਉਸ ਦੇ ਪਿੰਡਾਂ ਤੱਕ ਤਾਂ ਹਾਲੇ 60 ਸਾਲ ਅਤੇ ਇਸ ਤੋਂ ਉਪਰ ਦੇ ਨਾਗਰਿਕਾਂ ਤੱਕ ਵੀ ਵੈਕਸੀਨੇਸ਼ਨ ਨਹੀਂ ਪਹੁੰਚੀ। ਅੱਜ ਤੱਕ ਹਮੇਸ਼ਾ ਕੋਈ ਵੀ ਵੈਕਸੀਨੇਸ਼ਨ ਹੋਵੇ, ਮੁਫਤ ਲੱਗਦੀ ਰਹੀ ਹੈ। ਮੋਦੀ ਦੇ ਰਾਜ ਵਿਚ ਪਹਿਲੀ ਵਾਰ ਹੈ ਕਿ ਵੈਕਸੀਨੇਸ਼ਨ ਮੁੱਲ ਮਿਲ ਰਹੀ ਹੈ। ਸੋਚੋ, ਜਦੋਂ ਖੇਤੀ ਵੀ ਕਾਰਪੋਰੇਸ਼ਨਾਂ ਦੇ ਕਬਜ਼ੇ ਹੇਠ ਚਲੀ ਗਈ ਤਾਂ ਇਸ ਗਰੀਬ ਮੁਲਕ ਦਾ ਕੀ ਹਾਲ ਹੋਵੇਗਾ? ਭਲਾ ਹੋਵੇ ਲੋਕ ਭਲਾਈ ਸੰਸਥਾਵਾਂ, ਡਾਕਟਰਾਂ ਅਤੇ ਸੇਵਾ ਵਿਚ ਜੁਟੇ ਉਨ੍ਹਾਂ ਲੋਕਾਂ ਦਾ, ਜੋ ਇਸ ਔਖੇ ਵੇਲੇ ਮਦਦ ਲਈ ਬਹੁੜ ਰਹੇ ਹਨ।

ਸਮੁੱਚੇ ਦੇਸ਼ ਨੂੰ ਬੁੱਤਾਂ, ਧਾਰਮਿਕ ਸਥਾਨਾਂ, ਸੈਂਟਰਲ ਵਿਸਟਾ ਵਰਗੇ ਪ੍ਰਾਜੈਕਟਾਂ ਦੀ ਲੋੜ ਨਹੀਂ ਹੈ। ਇਨ੍ਹਾਂ ਦੀ ਥਾਂ ਪਬਲਿਕ ਸੈਕਟਰ ਵਿਚ ਰੁਜ਼ਗਾਰ, ਵਿੱਦਿਅਕ ਸੰਸਥਾਵਾਂ, ਹਸਪਤਾਲ, ਸਿਹਤ ਕੇਂਦਰਾਂ ਅਤੇ ਇਨ੍ਹਾਂ ਵਿਚ ਕੰਮ ਕਰਨ ਵਾਲੇ ਅਮਲੇ-ਫੈਲੇ ਦੀ ਬੇਹਦ ਲੋੜ ਹੈ ਤਾਂ ਕਿ ਆਮ ਲੋਕਾਈ ਨੂੰ ਤਾਲੀਮ-ਯਾਫਤਾ ਕੀਤਾ ਜਾ ਸਕੇ ਤੇ ਸਿਹਤ-ਸੁਰੱਖਿਆ ਨੂੰ ਮਜ਼ਬੂਤ ਕੀਤਾ ਜਾ ਸਕੇ। ਜੇ ਸਰਕਾਰਾਂ ਵੱਲੋਂ ਲੋਕਾਂ ਲਈ ਰੁਜ਼ਗਾਰ, ਵਿੱਦਿਆ ਅਤੇ ਸਿਹਤ ਸੁਰੱਖਿਆ ਮੁਹੱਈਆ ਕਰਵਾਈ ਜਾਵੇਗੀ ਤਾਂ ਫਿਰ ਧਰਮ ਦੇ ਨਾਮ 'ਤੇ ਨਾਹਰੇ ਲਾ ਕੇ ਜਾਂ 'ਸਮਾਰਟ ਫੋਨਾਂ' ਵਰਗੇ ਤਰ੍ਹਾਂ ਤਰ੍ਹਾਂ ਦੇ ਲਾਰਿਆਂ ਰਾਹੀਂ ਵੋਟਾਂ ਮੰਗਣ ਦੀ ਲੋੜ ਨਹੀਂ ਪਵੇਗੀ। ਉਮੀਦ ਹੈ, ਲੋਕ ਵੀ ਹੁਣ ਭੁਲਾਵਿਆਂ-ਲਾਰਿਆਂ ਦੀ ਨੀਂਦ ਵਿਚੋਂ ਜਾਗਣਗੇ ਅਤੇ ਸਰਕਾਰਾਂ ਨੂੰ ਉਨ੍ਹਾਂ ਦੇ ਪੰਜ ਸਾਲ ਵਿਚ ਕੀਤੇ ਕੰਮਾਂ ਵਿਚੋਂ ਦੇਖਣਗੇ। ਸਹੂਲਤਾਂ ਦੇਣ ਲਈ ਆਰਥਿਕ ਥੁੜ ਆਮ ਜਨਤਾ ਲਈ ਹੀ ਕਿਉਂ ਆਉਂਦੀ ਹੈ, ਮੰਤਰੀਆਂ-ਸੰਤਰੀਆਂ ਲਈ ਕਿਉਂ ਨਹੀਂ ਆਉਂਦੀ? ਆਉਣ ਵਾਲੀ ਹਰ ਚੋਣ ਵਿਚ ਵੋਟਾਂ ਮੰਗਣ ਵਾਲਿਆਂ ਤੋਂ ਲੋਕ ਇਹ ਗੱਲਾਂ ਪੁੱਛਣ ਜ਼ਰੂਰ!

# ਅਜਮੇਰ ਸਿੰਘ ਦੀਆਂ ਕੁਝ ਬੱਜਰ ਗਲਤਫਹਿਮੀਆਂ

## 'ਮੋਰਚੇ ਦੇ ਪ੍ਰਵਚਨੀ ਬਾਗ ਦਾ ਮਾਲੀ' ਅਤੇ ਅਜਮੇਰ ਸਿੰਘ ਦੇ ਸਨਸਨੀਖੇਜ ਪ੍ਰਵਚਨ

**ਉਘੇ ਚਿੰਤਕ ਬਲਦੇਵ ਦੂਹੜੇ ਨੇ ਚਿਰ ਪਹਿਲਾਂ ਸਿੱਖ ਚਿੰਤਕ ਅਜਮੇਰ ਸਿੰਘ ਦੀ ਕਿਤਾਬ 'ਸਿੱਖਾਂ ਦੀ ਸਿਧਾਂਤਕ ਘੇਰਾਬੰਦੀ' ਵਿਚ ਪਰੋਸੀਆਂ ਗਲਤਫਹਿਮੀਆਂ ਬਾਰੇ ਲੰਮਾ ਲੇਖ ਲਿਖਿਆ ਸੀ। ਹੁਣ ਕਿਸਾਨ ਅੰਦੋਲਨ ਦੇ ਸਿਲਸਿਲੇ ਵਿਚ ਅਜਮੇਰ ਸਿੰਘ ਜਿਹੜਾ ਪ੍ਰਵਚਨ ਚਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਉਸ ਦੀ ਚੀਰ-ਫਾੜ ਬਲਦੇਵ ਦੂਹੜੇ ਨੇ ਆਪਣੇ ਇਸ ਲੰਮੇ ਲੇਖ ਵਿਚ ਕੀਤੀ ਹੈ। ਅਸਲ ਵਿਚ ਇਸ ਵਕਤ ਪੰਜਾਬ ਜਿਹੜੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਉਸ ਦਾ ਹੱਲ ਧਰਮ ਆਧਾਰਿਤ ਸਿਆਸਤ ਕੋਲ ਉਕਾ ਹੀ ਨਹੀਂ ਹੈ ਜਿਸ ਬਾਰੇ ਉਕਸਾਊ ਪ੍ਰਚਾਰ ਅਜਮੇਰ ਸਿੰਘ ਕਈ ਸਾਲਾਂ ਤੋਂ ਕਰ ਰਿਹਾ ਹੈ।**

ਸਾਬਕਾ ਨਕਸਲੀ ਅਤੇ ਅਜੋਕਾ ਸਿੱਖ ਚਿੰਤਕ ਅਜਮੇਰ ਸਿੰਘ ਪੰਜਾਬ ਦੇ ਰਾਜਸੀ ਹਲਕਿਆਂ ਅੰਦਰ ਜਾਣਿਆ-ਪਛਾਣਿਆ ਚਰਚਿਤ ਨਾਂ ਹੈ। ਅਜ ਤੋਂ ਪੰਜ-ਛੇ ਵਰ੍ਹੇ ਪਹਿਲਾਂ ਮੈਂ 'ਸਿੱਖਾਂ ਦੀ ਸਿਧਾਂਤਕ ਘੇਰਾਬੰਦੀ' ਨਾਂ ਦੀ ਪੁਸਤਕ ਬਾਰੇ 'ਹੁਣ' ਮੈਗਜ਼ੀਨ ਵਿਚ ਦੋ ਲੇਖ ਲਿਖੇ ਸਨ ਅਤੇ ਉਸ ਨੂੰ ਮਨੋਂ ਵਿਸਾਰ ਛਡਿਆ ਸੀ ਪਰ ਅਜਮੇਰ ਸਿੰਘ ਦੇ ਪੈਗਾਮ ਗਰੁੱਪ ਦੇ ਸਾਥੀ ਰਹੇ ਮਾਲਵਿੰਦਰ ਸਿੰਘ ਮਾਲੀ ਨੇ ਜਿਸ ਨੀਝ ਅਤੇ ਸੂਰਮਗਤੀ ਨਾਲ ਇਸ ਚਿੰਤਕ ਅਤੇ ਇਸ ਦੇ ਮੱਠ ਦੇ ਗਿਆਨੀ ਸੁਖਪ੍ਰੀਤ ਸਿੰਘ ਉਦੋਕੇ ਅਤੇ ਰਮਨਪ੍ਰੀਤ/ਕਨੂੰਪ੍ਰਿਆ ਦੀ ਅਗਵਾਈ ਹੇਠਲੇ ਖੌਰੂਪਾਊ ਮਾਓਵਾਦੀਆਂ ਦੀਆਂ ਚਾਲਾਂ ਦੀ ਪੈੜ ਨੱਪੀ, ਉਹ ਵਧਾਈ ਦਾ ਹੱਕਦਾਰ ਹੈ।

ਅਜਮੇਰ ਸਿੰਘ ਆਪਣੇ ਪ੍ਰਵਚਨੀ ਬਾਗ ਰਾਹੀਂ ਕੁਝ ਅਜਿਹੀਆਂ ਬੇਬੁਨਿਆਦ ਗਲਤਫਹਿਮੀਆਂ ਵਾਰ-ਵਾਰ ਫੈਲਾਉਣ ਦੀ ਕੋਸ਼ਿਸ਼ ਕਰਦਾ ਹੈ ਜੋ ਪੰਜਾਬ ਦੇ ਨੌਜਵਾਨਾਂ ਨੂੰ

**ਬਲਦੇਵ ਦੂਹੜੇ**
**ਫੋਨ: 519-731-1985**

ਗੁਮਰਾਹ ਕਰ ਸਕਦੀਆਂ ਹਨ ਸਗੋਂ ਹਿੰਸਕ ਰਾਹ 'ਤੇ ਵੀ ਤੋਰ ਸਕਦੀਆਂ ਹਨ। ਇਹ ਗਲਤਫਹਿਮੀਆਂ ਪੰਜਾਬ ਲਈ ਬਹੁਤ ਖਤਰਨਾਕ ਸਾਬਤ ਹੋ ਸਕਦੀਆਂ ਹਨ, ਇਸ ਲਈ ਇਨ੍ਹਾਂ ਨੂੰ ਪਰਖਣਾ ਜ਼ਰੂਰੀ ਹੈ। ਪਹਿਲੀ ਇਹ ਹੈ ਕਿ ਬੀ. ਜੇ. ਪੀ. ਸਿੱਖਾਂ ਨੂੰ ਆਪਣੇ ਵਿਚ ਜਜ਼ਬ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਦੂਜੀ ਹੈ ਕਿ ਖੱਬੇ ਪੱਖੀ ਲੋਕ ਪੰਜਾਬ ਵਿਚੋਂ ਸਿੱਖ ਧਰਮ ਦੀਆਂ ਜੜ੍ਹਾਂ ਪੁੱਟਣੀਆਂ ਚਾਹੁੰਦੇ ਹਨ ਤਾਂਕਿ ਮਾਰਕਸਵਾਦ ਦੀਆਂ ਜੜ੍ਹਾਂ ਲਾਈਆਂ ਜਾ ਸਕਣ। ਇਸ ਤੋਂ ਬਿਨਾਂ ਕੁਝ ਹੋਰ ਵੀ ਹਨ ਜਿਹਨਾਂ ਦੀ ਗੱਲ ਅਸੀਂ ਅੱਗੇ ਜਾ ਕੇ ਕਰਾਂਗੇ। ਇਹ ਬੱਜਰ ਕਿਸਮ ਦੇ ਝੂਠ ਹਨ ਜੋ ਅਜਮੇਰ ਸਿੰਘ ਵਲੋਂ ਲਗਾਤਾਰ ਆਏ ਹਨ। ਆਓ ਦੇਖੀਏ।

### ਕੀ ਬੀ. ਜੇ. ਪੀ. ਸਾਨੂੰ ਆਪਣੇ ਆਪ ਵਿਚ ਜਜ਼ਬ ਕਰ ਲਵੇਗੀ?

ਅਜਮੇਰ ਸਿੰਘ ਅਨੁਸਾਰ (ਫਰਵਰੀ 3 ਦਾ ਵੀਡੀਓ), ਬੀ. ਜੇ. ਪੀ. ਵਾਲੇ ਚਾਹੁੰਦੇ ਹਨ ਕਿ ਸਿੱਖਾਂ ਨੂੰ 'ਇਲੀਮੀਨੇਟ' ਜਾਂ ਖਤਮ ਨਾ ਕੀਤਾ ਜਾਵੇ ਸਗੋਂ 'ਅਸਿਮੀਲੇਟ' ਜਾਂ ਜਜ਼ਬ ਕੀਤਾ ਜਾਵੇ। ਜਿਸ ਦਾ ਭਾਵ ਹੈ ਕਿ ਇਨ੍ਹਾਂ ਨੂੰ ਆਪਣਾ ਕਹਿ ਕੇ ਆਪਣੇ ਅੰਦਰ ਜਜ਼ਬ ਕਰ ਲਓ ਅਤੇ ਫਿਰ ਇਨ੍ਹਾਂ ਦੀ ਵਿਲੱਖਣ ਹਸਤੀ ਨੂੰ ਖਤਮ ਕਰ ਦਿਓ। ਸ਼ਾਇਦ ਭੰਗ ਪੀ ਕੇ ਜਾਂ ਕਿਸੇ ਪਾਗਲਪਨ ਅਧੀਨ ਹੀ ਕੋਈ ਇਨਸਾਨ ਇਸ ਗੱਲ ਵਿਚ ਯਕੀਨ ਕਰ ਸਕਦਾ ਹੈ। ਬੀ. ਜੇ. ਪੀ. ਵਰਗੀ ਫਜ਼ੂਲ ਕਿਸਮ ਦੀ ਪਾਰਟੀ ਸਿੱਖੀ ਵਰਗੇ ਮਹਾਨ, ਸ਼ਾਨਦਾਰ ਅਤੇ ਅੰਤਰਾਸ਼ਟਰੀ ਧਰਮ ਨੂੰ ਆਪਣੇ ਵਿਚ ਕਿਵੇਂ ਜਜ਼ਬ ਕਰ ਸਕਦੀ ਹੈ? ਇਸ ਬਾਰੇ ਕੋਈ ਤਫਸੀਲ ਅਜਮੇਰ ਸਿੰਘ ਜੀ ਨੇ ਨਹੀਂ ਦਿਤੀ। ਅਸਲ ਵਿਚ ਦੇਖਿਆ ਜਾਵੇ ਤਾਂ ਬੀ. ਜੇ. ਪੀ. ਤਾਂ ਅਕਾਲੀ ਦਲ ਨੂੰ ਵੀ ਆਪਣੇ ਅੰਦਰ ਜਜ਼ਬ ਨਹੀਂ ਕਰ ਸਕੀ। ਨਾ ਇਹ ਸ਼ਿਵ ਸੈਨਾ ਨੂੰ ਹੀ ਜਜ਼ਬ ਕਰ ਸਕੀ ਹੈ। ਇਹ ਮਮਤਾ ਬੈਨਰਜੀ ਦੇ ਅੱਗੇ ਚਕਨਾਚੂਰ ਹੋ ਗਏ ਹਨ। ਕੇਰਲ ਦੇ ਪੜ੍ਹੇ ਲਿਖੇ ਅਵਾਮ ਨੇ ਇਨ੍ਹਾਂ ਨੂੰ ਸਵੀਕਾਰ ਕਰਨ ਤੋਂ ਮੁਕੰਮਲ ਇਨਕਾਰ ਕਰ ਦਿਤਾ ਹੈ। ਬੰਗਾਲ ਅਤੇ ਕੇਰਲ ਵਿਚ ਬਹੁ-ਗਿਣਤੀ ਹਿੰਦੂ ਲੋਕਾਂ ਦੀ ਹੈ ਜਿਸ ਨੇ ਇਨ੍ਹਾਂ ਨੂੰ ਅਸਵੀਕਾਰ ਕੀਤਾ ਹੈ। ਸੋ, ਕੀ ਪੰਜਾਬ ਦੇ ਤਾਕਤਵਰ ਸਿੱਖਾਂ ਨੂੰ ਇਹ ਆਪਣੇ ਵਿਚ ਜਜ਼ਬ ਕਰ ਲੈਣਗੇ? ਬਿਲਕੁਲ ਗਲਤ ਧਾਰਨਾ ਹੈ।

ਕਿਸੇ ਸਿਆਸੀ ਪਾਰਟੀ ਲਈ ਕਿਸੇ ਵੀ ਧਰਮ ਨੂੰ ਖਤਮ ਕਰਨਾ ਜਾਂ ਜਜ਼ਬ ਕਰਨਾ ਤਕਰੀਬਨ ਅਸੰਭਵ ਹੈ। ਅਜਮੇਰ ਸਿੰਘ ਨੇ ਆਪਣੀਆਂ ਕਿਤਾਬਾਂ ਅਤੇ ਲੈਕਚਰਾਂ ਵਿਚ ਯਹੂਦੀਆਂ 'ਤੇ ਜ਼ੁਲਮਾਂ ਦੀ ਬਾਤ ਪਾਈ ਹੈ। ਠੀਕ ਹੈ, ਉਨ੍ਹਾਂ 'ਤੇ ਦੋ-ਢਾਈ ਹਜ਼ਾਰ ਸਾਲਾਂ ਦੌਰਾਨ ਅਕਹਿ ਜ਼ੁਲਮ ਹੋਏ। ਅਖੀਰ ਹਿਟਲਰ ਨੇ ਬਿਨਾ ਕਸੂਰ, ਬਿਨਾ ਕਿਸੇ ਭੜਕਾਹਟ ਦੇ 60 ਲੱਖ ਯਹੂਦੀ ਮਾਰ ਦਿਤੇ ਪਰ ਕੀ ਕੋਈ ਉਨ੍ਹਾਂ ਦੀ ਵਿਲੱਖਣ ਹਸਤੀ ਮਿਟਾ ਸਕਿਆ? ਇੱਕ ਧਰਮ ਦਾ ਦੂਜੇ ਧਰਮ ਵਿਚ ਜਜ਼ਬ ਹੋਣ ਦਾ ਇਤਿਹਾਸਕ ਸਬੂਤ ਬਹੁਤ ਘੱਟ ਦਿਸਦਾ ਹੈ ਸਗੋਂ ਇੱਕ ਧਰਮ ਦਾ ਕਈ ਫਿਰਕਿਆਂ ਵਿਚ ਵੱਟ ਜਾਣਾ ਜਾਂ ਫਟ ਜਾਣਾ ਆਮ ਦੇਖਿਆ ਗਿਆ ਹੈ। ਇਸੇ ਕਰ ਕੇ ਸਭ ਧਰਮਾਂ ਦੇ ਕਈ ਕਈ ਫਿਰਕੇ ਹਨ। ਧਰਮਾਂ ਦੇ ਵਧਣ ਜਾਂ ਘਟਣ ਦੇ ਕਾਰਨ ਬਹੁਤ ਗੁੰਝਲਦਾਰ ਹਨ ਜੋ ਇਸ ਲੇਖ ਦਾ ਵਿਸ਼ਾ ਨਹੀਂ ਹੈ ਪਰ ਕਿਸੇ ਵੀ ਸਿਆਸੀ ਪਾਰਟੀ ਦਾ ਕਿਸੇ ਧਰਮ ਨੂੰ ਜਜ਼ਬ ਕਰਨਾ ਅਸੰਭਵ ਹੈ।

ਕੀ ਸਿੱਖਾਂ ਦੀ ਵਿਲੱਖਣ ਹਸਤੀ ਬੀ. ਜੇ. ਪੀ. ਮਿਟਾਵੇਗੀ? ਬੀ. ਜੇ. ਪੀ. ਵਿਚ ਨਾ ਤਾਂ ਇੰਨੀ ਹਿੰਮਤ ਹੈ ਅਤੇ ਨਾ ਇਸ ਦੇ ਫਲਸਫੇ ਵਿਚ ਸਿੱਖ ਧਰਮ ਵਾਲੀ ਵਿਸ਼ਾਲਤਾ, ਮਾਨਵਤਾ ਅਤੇ ਸੇਵਾ ਭਾਵਨਾ ਹੈ ਕਿ ਇਹ ਇਸ ਦਾ ਕੁਝ ਵੀ ਵਿਗਾੜ ਸਕੇ। ਸਿੱਖ ਧਰਮ ਅੰਤਰਰਾਸ਼ਟਰੀ ਸਟੇਜ 'ਤੇ ਹੁਣ ਸੇਵਾ ਭਾਵਨਾ ਲਈ ਸਿਤਾਰੇ ਵਾਂਗ ਚਮਕਣਾ ਸ਼ੁਰੂ ਹੋ ਰਿਹਾ ਹੈ। ਇਹ ਇੱਕ ਜਿਊਂਦੇ ਜਾਗਦੇ ਧਰਮ ਦੀ ਨਿਸ਼ਾਨੀ ਹੈ। ਜੇਕਰ ਭਾਰਤ ਵਿਚ ਸੈਕੂਲਰ ਜਮਹੂਰੀਅਤ ਨੂੰ ਮਜ਼ਬੂਤ ਕੀਤਾ ਜਾਵੇ ਤਾਂ ਕਿਸੇ ਵੀ ਧਰਮ ਜਾਂ ਫਿਰਕੇ ਨੂੰ ਕੋਈ ਖਤਰਾ ਨਹੀਂ ਰਹਿ ਜਾਂਦਾ। ਸੋ ਅਜਮੇਰ ਸਿੰਘ ਦੀ ਇਹ ਗਲਤਫਹਿਮੀ ਨਿਰਾ ਫਰੇਬ ਹੈ। ਅਜਿਹੇ ਫਰੇਬ ਬੀ. ਜੇ. ਪੀ. ਦੀਆਂ ਗਲਤ ਪਾਲਿਸੀਆਂ ਵਿਰੁੱਧ ਜਦੋਜਹਿਦ ਨੂੰ ਕੁਰਾਹੇ ਪਾ ਸਕਦੇ ਹਨ। ਅਸਲ ਜਦੋਜਹਿਦ ਸੈਕੂਲਰਿਜ਼ਮ ਨੂੰ ਮਜ਼ਬੂਤ ਕਰਨ ਦੀ ਹੈ।

ਜੇ ਇਹ ਗੱਲ ਬੇਹੂਦਾ ਅਤੇ ਅਸੰਭਵ ਜਾਂ ਨਿਰਾ ਝੂਠ ਹੈ ਤਾਂ ਅਜਮੇਰ ਸਿੰਘ ਵਰਗੇ ਵਿਦਵਾਨ ਨੇ ਇਹ ਕਿਵੇਂ ਕਹਿ ਦਿਤੀ? ਅਸਲ ਗੱਲ ਇਹ ਹੈ ਕਿ ਇਹ ਪੁਰਾਣਾ ਤਰੀਕਾ ਹੈ ਲੋਕਾਂ ਨੂੰ ਬੇਵਕੂਫ ਬਣਾ ਕੇ ਪਿਛੇ ਲਾਉਣ ਦਾ। ਜਦੋਂ ਤੁਸੀਂ ਕਿਸੇ ਨੂੰ ਇਹ ਕਹਿ ਦਿਓ ਕਿ ਤੁਹਾਡੇ ਧਰਮ ਨੂੰ ਕਿਸੇ ਹੋਰ ਤੋਂ ਖਤਰਾ ਹੈ ਤਾਂ ਉਹ ਲੋਕ ਇੱਕ ਦਮ ਸਤਰਕ ਹੋ ਜਾਂਦੇ ਹਨ ਅਤੇ ਤੁਹਾਡੀ ਗੱਲ ਸੁਣਨ ਲੱਗ ਪੈਂਦੇ ਹਨ; ਅਤੇ ਜੇ ਤੁਸੀਂ ਇਹ ਕਹਿ ਦਿਓ ਕਿ ਤੁਹਾਡੇ ਕੋਲ ਇਸ ਗੱਲ ਦਾ ਇਲਾਜ ਹੈ ਤਾਂ ਉਹ ਤੁਹਾਡੇ ਪਿਛੇ ਲੱਗਣ ਲੱਗ ਪੈਂਦੇ ਹਨ। ਇਹੀ ਗੱਲ ਆਰ. ਐਸ. ਐਸ. ਨੇ ਹਿੰਦੂਆਂ ਨੂੰ ਦੱਸੀ ਹੈ। ਉਹ ਕਹਿੰਦੇ ਹਨ ਕਿ ਹਿੰਦੂਆਂ ਨੂੰ ਹਮੇਸ਼ਾਂ ਦਬਾਇਆ ਗਿਆ ਹੈ ਪਰ ਹੁਣ ਉਹ ਹਿੰਦੂ ਲੋਕਾਂ ਨੂੰ ਇੰਨੇ ਤਾਕਤਵਰ ਬਣਾਉਣਾ ਚਾਹੁੰਦੇ ਹਨ ਕਿ ਮੁੜ ਕੇ ਅਜਿਹੀ ਗੱਲ ਨਾ ਹੋ ਸਕੇ ਪਰ ਉਹ ਝੂਠ ਬੋਲ ਰਹੇ ਹਨ। ਹਿੰਦੂ ਲੋਕ ਭਾਰਤ ਵਿਚ ਬਹੁਤ ਹੀ ਵੱਡੀ ਬਹੁਗਿਣਤੀ ਹਨ। ਉਹ ਤਾਂ ਹੀ ਤਾਕਤਵਰ ਬਣ ਸਕਦੇ ਹਨ, ਜੇਕਰ ਭਾਰਤ ਤਾਕਤਵਰ ਬਣੇ। ਬੀ. ਜੇ. ਪੀ. ਤੋਂ ਵੀ ਗੰਦੀ ਖੇਡ ਪਿਛਲੇ 70 ਵਰ੍ਹਿਆਂ ਤੋਂ ਸਾਡੇ ਗੁਆਂਢ ਪਾਕਿਸਤਾਨ ਵਿਚ ਫੌਜੀ ਜਰਨੈਲਾਂ ਅਤੇ ਮੌਲਾਣਿਆਂ ਦੀ ਨਾਪਾਕ ਜੁੰਡਲੀ ਖੇਡ ਰਹੀ ਹੈ ਪਰ ਕੀ ਫਿਰਕਾਪ੍ਰਸਤੀ ਅਤੇ ਅੰਦਰੂਨੀ ਖਾਨਾਜੰਗੀ ਪੈਦਾ ਕਰ ਕੇ ਕਿਸੇ ਮੁਲਕ ਨੂੰ ਤਾਕਤਵਰ ਬਣਾਇਆ ਜਾ ਸਕਦਾ ਹੈ? ਬਿਲਕੁਲ ਨਹੀਂ। ਇਹ ਤਾਂ ਮੁਲਕ ਨੂੰ ਕਮਜ਼ੋਰ ਕਰਨ ਦਾ ਫਾਰਮੂਲਾ ਹੈ ਜੋ ਅੰਗਰੇਜ਼ ਵਰਤਦੇ ਰਹੇ ਹਨ। ਜੇਕਰ ਤੁਸੀਂ ਭਾਰਤ ਨੂੰ ਇੱਕ ਮਹਾਨ ਅਤੇ ਤਾਕਤਵਰ ਦੇਸ਼ ਬਣਾਉਣਾ ਚਾਹੁੰਦੇ ਹੋ ਤਾਂ ਇਹ ਜ਼ਰੂਰੀ ਹੈ ਕਿ ਸਭ ਧਰਮਾਂ, ਜਾਤਾਂ ਅਤੇ ਫਿਰਕਿਆਂ ਵਿਚ ਸ਼ਾਂਤੀ ਅਤੇ ਇਨਸਾਫ ਦਾ ਰਿਸ਼ਤਾ ਹੋਵੇ ਅਤੇ ਸਾਰੇ ਹੀ ਇੱਕ ਮਹਾਨ ਸਭਿਅਤਾ ਉਸਾਰਨ ਵਿਚ ਸ਼ਮਿਲ ਹੋਣ। ਬੀ. ਜੇ. ਪੀ. ਦਾ ਇਹ ਝੂਠ ਕਿਸਾਨ ਅੰਦੋਲਨ ਨੇ ਚੈਲੇਂਜ ਕੀਤਾ ਹੈ। ਅਜਮੇਰ ਸਿੰਘ ਦਾ ਇਹ ਝੂਠ ਚੈਲੇਂਜ ਕਰਨ ਦੀ ਲੋੜ ਹੈ। ਸਮੱਸਿਆ ਇਥੇ ਸਿਰਫ ਅਜਮੇਰ ਸਿੰਘ ਜਾਂ ਬੀ. ਜੇ. ਪੀ. ਹੀ ਨਹੀਂ ਸਗੋਂ 'ਧਾਰਮਿਕ ਸਿਆਸਤ' ਦੀ ਵੀ ਹੈ। ਅੱਜ ਦੀ ਸੰਵਿਧਾਨਕ ਜਮਹੂਰੀਅਤ ਵਿਚ ਧਾਰਮਿਕ ਸਿਆਸਤ ਇਕ ਫਰੇਬ ਅਤੇ ਛਲ ਹੈ ਜਿਸ ਵਿਚ ਕਪਟ ਸਿਆਸਤਦਾਨ ਧਰਮ ਅਤੇ ਜਮਹੂਰੀਅਤ ਦੋਹਾਂ ਨੂੰ ਭ੍ਰਿਸ਼ਟ ਕਰਦੇ ਹਨ। ਇਸ ਬਾਰੇ ਹੋਰ ਗੱਲ ਅੱਗੇ ਜਾ ਕੇ ਕਰਦੇ ਹਾਂ। ਬਦਕਿਸਮਤੀ ਇਹ ਹੈ ਕਿ ਅਜਮੇਰ ਸਿੰਘ ਵਰਗਾ ਕਿਸੇ ਸਮੇਂ ਮਾਰਕਸੀ ਚਿੰਤਨ ਵਿਚ ਰੜ੍ਹਿਆ, ਘਾਗ ਚਿੰਤਕ ਅਜ ਸੌੜੀ ਧਾਰਮਿਕ ਸਿਆਸਤ ਦਾ ਸਹਾਰਾ ਲੈ ਰਿਹਾ ਹੈ।

### ਕੀ ਕਮਿਊਨਿਸਟ ਪਾਰਟੀਆਂ ਸਿੱਖ ਧਰਮ ਦੀਆਂ ਜੜ੍ਹਾਂ ਪੁੱਟ ਸਕਦੀਆਂ ਹਨ?

ਅਜਮੇਰ ਸਿੰਘ ਦੀ ਦੂਜੀ ਬੱਜਰ ਗਲਤਫਹਿਮੀ ਹੈ ਕਿ ਕਮਿਊਨਿਸਟ ਲੋਕ 'ਗੁਰਮਤਿ ਚਿੰਤਨ' ਦੀਆਂ ਜੜ੍ਹਾਂ ਉਖਾੜਨੀਆਂ ਚਾਹੁੰਦੇ ਹਨ ਤਾਂ ਕਿ ਮਾਰਕਸਵਾਦ ਦੀਆਂ ਪੰਜਾਬ ਵਿਚ ਜੜ੍ਹਾਂ ਲਾਈਆਂ ਜਾ ਸਕਣ। ਬਹੁਤ ਸਾਰੇ ਨੌਜਵਾਨ ਲੋਕ ਇਸ ਗੱਲ ਤੋਂ ਪ੍ਰਭਾਵਿਤ ਹੋ ਕੇ ਕਮਿਊਨਿਸਟਾਂ ਨੂੰ ਗਾਹਲਾਂ ਕੱਢ ਰਹੇ ਹਨ। ਅਸਲ ਵਿਚ ਇਹ ਵੀ ਮੁਕੰਮਲ ਝੂਠ ਹੈ। ਜੇਕਰ ਕਿਸੇ ਲੇਖਕ ਨੇ ਇਹ ਗੱਲ ਕਹੀ ਵੀ ਹੈ ਤਾਂ ਉਹ ਅਗਿਆਨਤਾ ਦੇ ਸ਼ਿਕਾਰ ਹੋਣਗੇ। ਅਸਲ ਗੱਲ ਹੈ ਕਿ ਮਾਰਕਸਵਾਦ ਦੀਆਂ ਜੜ੍ਹਾਂ ਦੁਨੀਆਂ ਦੇ ਕਿਸੇ ਮੁਲਕ ਵਿਚ ਵੀ ਨਹੀਂ ਲੱਗੀਆਂ ਅਤੇ ਨਾ ਪੱਕੇ ਤੌਰ 'ਤੇ ਲੱਗ ਸਕਦੀਆਂ ਹਨ। ਮਾਰਕਸਵਾਦ ਧਰਮ ਨਹੀਂ ਹੈ ਸਗੋਂ ਸਿਆਸੀ-ਆਰਥਕ ਫਲਸਫਾ ਹੈ। ਅਜਿਹੇ ਫਲਸਫੇ ਵਕਤ ਨਾਲ ਬਦਲਦੇ ਰਹਿੰਦੇ ਹਨ। ਮਾਰਕਸਵਾਦ ਦੇ ਕਈ ਸਿਧਾਂਤ ਮਾਰਕਸ ਵੇਲੇ ਠੀਕ ਲਗਦੇ ਸਨ ਪਰ ਹੁਣ ਉਨ੍ਹਾਂ ਦਾ ਸਮਾਂ ਲੰਘ ਗਿਆ ਹੈ। ਮਾਰਕਸ ਦੇ ਕੁਝ ਸੰਕਲਪ, ਜਿਵੇਂ ਮਾਨਵਵਾਦੀ ਚਿੰਤਾਵਾਂ ਅੱਜ ਵੀ ਠੀਕ ਹਨ ਅਤੇ ਚਲਦੀਆਂ ਰਹਿਣਗੀਆਂ ਪਰ ਕੋਈ ਵੀ ਮੁਲਕ ਕਿਸੇ ਇੱਕ ਘੜੇ ਘੜਾਏ ਸਿਆਸੀ-ਆਰਥਕ ਫਲਸਫੇ ਦੇ ਆਧਾਰ 'ਤੇ ਨਹੀਂ ਚੱਲ ਸਕਦਾ, ਕਿਉਂਕਿ ਹਕੀਕਤ ਅਤੇ ਹਾਲਾਤ ਬਦਲਦੇ ਰਹਿੰਦੇ ਹਨ ਅਤੇ ਇਸ ਦੇ ਨਾਲ ਨਾਲ ਇਨਸਾਨੀ ਸੋਚ ਦਾ ਵਿਕਸਤ ਹੋਣਾ ਲਾਜ਼ਮੀ ਹੈ। ਮਾਰਕਸਵਾਦ ਵੀ ਇਸ ਗੱਲ ਤੋਂ ਮੁਨਕਰ ਨਹੀਂ ਹੈ।

ਸਿੱਖ ਧਰਮ ਦੀਆਂ ਜੜ੍ਹਾਂ ਪੰਜਾਬ ਵਿਚ ਵੀ ਅਤੇ ਹਰ ਉਸ ਥਾਂ 'ਤੇ ਜਿਥੇ ਸਿੱਖ ਲੋਕ ਰਹਿ ਰਹੇ ਹਨ, ਬਹੁਤ ਮਜ਼ਬੂਤ ਹਨ। ਇਨ੍ਹਾਂ ਨੂੰ ਕੋਈ ਸਿਆਸੀ-ਆਰਥਕ ਫਲਸਫਾ ਹਿਲਾ ਨਹੀਂ ਸਕਦਾ, ਕਿਉਂਕਿ ਸਿੱਖ ਧਰਮ ਸਿਆਸੀ-ਆਰਥਕ ਫਲਸਫਾ ਨਹੀਂ ਹੈ।

ਹਾਂ, ਜਾਤੀ ਤੌਰ 'ਤੇ ਕਈ ਲੋਕ ਧਰਮ ਵਿਚ ਬਹੁਤ ਯਕੀਨ ਕਰਦੇ ਹਨ, ਕਈ ਘੱਟ ਕਰਦੇ ਹਨ ਅਤੇ ਕਈ ਬਿਲਕੁਲ ਨਾਸਤਕ ਬਣ ਚੁੱਕੇ ਹਨ ਪਰ ਇਹ ਗੱਲ ਸਾਰੇ ਧਰਮਾਂ ਉਤੇ ਲਾਗੂ ਹੁੰਦੀ ਹੈ। ਹਰ ਧਰਮ ਦੇ ਲੋਕਾਂ ਵਿਚ ਕੁਝ ਲੋਕ ਅਜਿਹੇ ਮਿਲਣਗੇ ਜੋ ਰੱਬ ਵਿਚ ਯਕੀਨ ਨਹੀਂ ਕਰਦੇ। ਵਿਕਸਿਤ ਮੁਲਕਾਂ ਵਿਚ ਇਹ ਗੱਲ ਇਨਸਾਨੀ ਹੱਕਾਂ ਵਿਚ ਆਉਂਦੀ ਹੈ ਕਿ ਕੋਈ ਵੀ ਵਿਅਕਤੀ ਜਿਹੜੇ ਵੀ ਧਰਮ ਵਿਚ ਚਾਹੇ, ਯਕੀਨ ਕਰ ਸਕਦਾ ਹੈ ਜਾਂ ਕਿਸੇ ਵੀ ਧਰਮ ਵਿਚ ਯਕੀਨ ਨਾ ਕਰੇ। ਮਾਰਕਸ ਦੇ ਧਾਰਮਿਕ ਆਜ਼ਾਦੀ ਬਾਰੇ ਕੀ ਖਿਆਲ ਸਨ? ਆਓ ਦੇਖੀਏ।

ਮਾਰਕਸ ਦੇ ਵਕਤ ਜਰਮਨ ਸਟੇਟ ਈਸਾਈ ਮੱਤ ਦਾ ਧਾਰਨੀ ਸੀ ਜਿਸ ਕਰ ਕੇ ਯਹੂਦੀ ਲੋਕਾਂ ਨਾਲ ਵਿਤਕਰਾ ਹੁੰਦਾ ਸੀ। ਬਰੂਨੋ ਬਾਵਰ ਨਾਂ ਦੇ ਬੰਦੇ ਨੇ ਤਜਵੀਜ਼ ਦਿੱਤੀ ਸੀ ਕਿ ਯਹੂਦੀਆਂ ਨੂੰ ਜਰਮਨੀ ਵਿਚ ਪੂਰੀ ਧਾਰਮਿਕ ਆਜ਼ਾਦੀ ਨਹੀਂ ਮਿਲ ਸਕਦੀ, ਜਦ ਤੱਕ ਉਹ ਆਪਣੇ ਧਰਮ ਨੂੰ ਤਿਆਗ ਨਹੀਂ ਦਿੰਦੇ। ਉਸ ਦਾ ਕਹਿਣਾ ਸੀ ਕਿ ਧਰਮ ਮੁਕਤੀ ਹੀ ਅਸਲ ਵਿਚ ਇਨਸਾਨ ਦੀ ਮੁਕਤੀ ਹੈ। ਮਾਰਕਸ ਨੇ ਇਸ ਦੇ ਵਿਰੋਧ ਵਿਚ ਲਿਖਿਆ ਸੀ ਕਿ ਧਾਰਮਿਕ ਆਜ਼ਾਦੀ ਲਈ ਇਨਸਾਨ ਨੂੰ ਧਰਮ ਮੁਕਤ ਕਰਨ ਦੀ ਲੋੜ ਨਹੀਂ ਸਗੋਂ ਸਟੇਟ ਨੂੰ ਧਰਮ ਮੁਕਤ ਜਾਂ ਧਰਮ ਨਿਰਲੇਪ ਕਰਨ ਨਾਲ ਇਹ ਗੱਲ ਹੱਲ ਹੋ ਜਾਂਦੀ ਹੈ। ਉਸ ਦਾ ਕਹਿਣਾ ਸੀ ਕਿ ਬਰੂਨੋ ਬਾਵਰ ਸਿਆਸੀ ਆਜ਼ਾਦੀ ਨੂੰ ਇਨਸਾਨ ਦੀ ਆਜ਼ਾਦੀ ਨਾਲ ਉਲਝਾ ਰਿਹਾ ਹੈ। ਉਸ ਨੇ ਅਮਰੀਕਾ ਦੀ ਮਿਸਾਲ ਦਿੱਤੀ ਸੀ ਕਿ ਅਮਰੀਕਾ ਵਿਚ ਸਟੇਟ ਧਰਮ ਨਿਰਲੇਪ ਹੈ ਪਰ ਧਰਮ ਪੂਰੀ ਆਜ਼ਾਦੀ ਨਾਲ ਚੱਲ ਰਹੇ ਹਨ। ਮਾਰਕਸ ਅਨੁਸਾਰ, ਅਸਲ ਵਿਚ ਕਿਸੇ ਮੁਲਕ ਵਿਚ ਵੱਖ ਵੱਖ ਧਰਮਾਂ ਦੀ ਹੋਂਦ ਕਰ ਕੇ ਹੀ ਸਟੇਟ ਨੂੰ ਧਰਮ ਨਿਰਲੇਪ ਕਰਨਾ ਜ਼ਰੂਰੀ ਹੈ। ਸਟੇਟ ਕਿਸੇ ਧਰਮ ਦੀ ਪੁਸ਼ਤ-ਪਨਾਹੀ ਨਾ ਕਰੇ, ਤਾਂ ਹੀ ਧਰਮ ਮੁਕੰਮਲ ਆਜ਼ਾਦੀ ਨਾਲ ਚੱਲ ਸਕਦੇ ਹਨ। ਮਾਰਕਸ ਨੇ ਕਿਹਾ ਸੀ ਕਿ ਇਨਸਾਨ ਦੀ ਧਰਮ ਤੋਂ ਆਜ਼ਾਦੀ ਅਜੇ ਸੰਭਵ ਨਹੀਂ ਹੈ, ਕਿਉਂਕਿ ਜਿਹੜੇ ਹਾਲਾਤ ਧਰਮ ਦੀ ਜ਼ਰੂਰਤ ਪੈਦਾ ਕਰਦੇ ਹਨ, ਉਹ ਅਜੇ ਵੀ ਕਾਇਮ ਹਨ, ਭਾਵ ਜਦ ਤੱਕ ਜ਼ਿੰਦਗੀ ਦੁੱਖਭਰੀ ਹੈ, ਧਰਮ ਚਲਦੇ ਰਹਿਣਗੇ। ਉਸ ਵੇਲੇ ਕਮਿਊਨਿਸਟ ਲੋਕਾਂ ਦਾ ਵਿਸ਼ਵਾਸ ਸੀ ਕਿ ਇਨਕਲਾਬ ਤੋਂ ਬਾਅਦ ਬੇਗਮਪੁਰਾ ਪੈਦਾ ਕੀਤਾ ਜਾ ਸਕਦਾ ਹੈ ਪਰ ਇਤਿਹਾਸ ਨੇ ਫੈਸਲਾ ਕਰ ਦਿਤਾ ਕਿ ਬੇਗਮਪੁਰਾ ਤਾਂ ਕੀ ਪੈਦਾ ਕਰਨਾ ਸੀ, ਸੋਵੀਅਤ ਯੂਨੀਅਨ ਹੀ ਖਤਮ ਹੋ ਗਿਆ ਪਰ ਧਰਮ ਅਜੇ ਵੀ ਚੱਲ ਰਹੇ ਹਨ।

ਕਮਿਊਨਿਸਟ ਲਹਿਰ ਵੀ ਅਤੇ ਪਾਰਟੀਆਂ ਵੀ ਬਹੁਤ ਕਮਜ਼ੋਰ ਹੋ ਚੁੱਕੀਆਂ ਹਨ। ਕੀ ਸੀ. ਪੀ. ਆਈ. ਸਿੱਖ ਧਰਮ ਦੀਆਂ ਜੜ੍ਹਾਂ ਹਿਲਾ ਸਕਦੀ ਹੈ ਜਾਂ ਸੀ. ਪੀ. ਐਮ.? ਸਵਾਲ ਹੀ ਨਹੀਂ ਪੈਦਾ ਹੋ ਸਕਦਾ। ਇਵੇਂ ਹੀ ਕੀ ਨੈਕਸਲਾਈਟ ਹਿਲਾ ਸਕਦੇ ਹਨ? ਬਿਲਕੁਲ ਨਹੀਂ। ਸੋ, ਅਜਮੇਰ ਸਿੰਘ ਦੀ ਇਹ ਗਲਤਫਹਿਮੀ ਅਸਲ ਵਿਚ ਨੌਜਵਾਨਾਂ ਨੂੰ ਗੁਮਰਾਹ ਕਰਨ ਲਈ ਕਹੀ ਗਈ ਸਾਜ਼ਸ਼ੀ ਬਿਆਨਬਾਜ਼ੀ ਹੈ। ਇਹ ਨੇਕ ਨੀਅਤ ਨਾਲ ਲਿਖੇ ਸ਼ਬਦ ਨਹੀਂ ਹਨ ਪਰ ਭੋਲੇ ਨੌਜਵਾਨ ਇਸ ਵਿਚ ਯਕੀਨ ਕਰ ਕੇ ਕਮਿਊਨਿਸਟਾਂ ਨਾਲ ਬਦਕਲਾਮੀ ਕਰ ਰਹੇ ਹਨ।

ਫਿਰ ਉਹ ਸਾਰੇ ਖੱਬੀ ਪੱਖੀਆਂ ਨੂੰ ਇਕੋ ਰੱਸੇ ਬੰਨ੍ਹ ਦਿੰਦਾ ਹੈ। ਅਸਲ ਵਿਚ ਖੱਬੇ ਪੱਖੀ ਸਿਆਸਤ ਬਹੁਤ ਵੱਡਾ ਸਪੈਕਟਰਮ ਹੈ। ਇਸ ਵਿਚ ਮਾਓਵਾਦੀ ਉਗਰਵਾਦ ਵੀ ਆਉਂਦਾ ਹੈ ਪਰ ਸਮਾਜਵਾਦੀ ਜਮਹੂਰੀਅਤ ਜਾਂ ਸੋਸ਼ਲ ਡੈਮੋਕਰੈਸੀ ਵੀ ਆਉਂਦੀ ਹੈ। ਸੋਸ਼ਲ ਡੈਮੋਕਰੈਟਸ ਵਿਚ ਕਾਂਗਰਸ ਤੋਂ ਲੈ ਕੇ ਬਹੁਤ ਸਾਰੇ ਲੋਕ ਆ ਜਾਂਦੇ ਹਨ। ਸੋਸ਼ਲ ਡੈਮੋਕਰੈਟਸ ਦੀਆਂ ਸਫਾਂ ਵਿਚ ਰਾਜੇਵਾਲ ਵਰਗੇ ਅੰਮ੍ਰਿਤਧਾਰੀ ਸਿੱਖ ਵੀ ਆਉਂਦੇ ਹਨ। ਇਹ ਆਮ ਤੌਰ 'ਤੇ ਸੈਕੂਲਰਿਸਟ ਹਨ, ਭਾਵ ਇਹ ਚਾਹੁੰਦੇ ਹਨ ਕਿ ਸਟੇਟ ਨੂੰ ਧਰਮ ਨਿਰਲੇਪ ਰੱਖਿਆ ਜਾਵੇ ਅਤੇ ਸਭ ਲੋਕਾਂ ਨੂੰ ਆਪੋ-ਆਪਣਾ ਧਰਮ ਮੰਨਣ ਦੀ ਪੂਰੀ ਖੁੱਲ੍ਹ ਹੋਣੀ ਚਾਹੀਦੀ ਹੈ। ਆਪੋ-ਆਪਣੇ ਧਰਮ ਨੂੰ ਮੰਨਣ ਦੀ ਪੂਰੀ ਆਜ਼ਾਦੀ ਸਿਰਫ ਉਸ ਵਕਤ ਹੀ ਮਿਲ ਸਕਦੀ ਹੈ ਜਦੋਂ ਸਟੇਟ ਕਿਸੇ ਇੱਕ ਧਰਮ ਦਾ ਧਾਰਨੀ ਨਾ ਹੋਵੇ ਅਤੇ ਧਰਮ ਨਿਰਲੇਪ ਅਤੇ ਨਿਰਪੱਖ ਹੋਵੇ। ਅਜਮੇਰ ਸਿੰਘ ਵਲੋਂ ਸੈਕੂਲਰਿਜ਼ਮ ਦਾ ਵਿਰੋਧ ਸੁਹਿਰਦ ਨਹੀਂ ਹੈ ਕਿਉਂਕਿ ਉਸ ਨੇ ਆਪ ਕਿਹਾ ਹੈ ਕਿ ਰਾਜ ਅਤੇ ਧਰਮ ਦਾ ਇਕੱਠੇ ਹੋਣਾ ਠੀਕ ਨਹੀਂ। ਉਸ ਨੂੰ ਇਸ ਗੱਲ ਦਾ ਵੀ ਅਹਿਸਾਸ ਰੱਖਣਾ ਚਾਹੀਦਾ ਹੈ ਕਿ ਸਿੱਖ ਸੈਕੂਲਰ ਮੁਲਕਾਂ ਵਿਚ ਧਾਰਮਿਕ ਆਜ਼ਾਦੀ ਮਾਣ ਰਹੇ ਹਨ। ਕੈਨੇਡਾ ਵਿਚ ਬਹੁਤ ਵੱਡੇ ਨਗਰ-ਕੀਰਤਨ ਕੱਢੇ ਜਾਂਦੇ ਹਨ। ਇਸ ਦੇ ਉਲਟ ਸਾਊਦੀ ਅਰਬ ਵਿਚ ਇਸਲਾਮਿਕ ਸਟੇਟ ਤੁਹਾਨੂੰ ਗੁਰਦੁਆਰੇ ਬਣਾਉਣ ਦੀ ਵੀ ਇਜਾਜ਼ਤ ਨਹੀਂ ਦਿੰਦਾ। ਅਜਮੇਰ ਸਿੰਘ ਸੈਕੂਲਰ ਲੋਕਾਂ ਦਾ ਵਿਰੋਧ ਕਰ ਕੇ ਸਵੈ-ਦਵੰਦ ਦਾ ਸ਼ਿਕਾਰ ਹੈ ਅਤੇ ਸ਼ਬਦਾਂ ਨੂੰ ਘੁਮਾ ਕੇ ਇਸ ਦਵੰਦ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ।

ਸਿੱਖ ਧਰਮ ਦੇ ਖਤਰੇ ਦਾ ਨਾਹਰਾ ਸ਼ਰਾਰਤ ਤੋਂ ਵੱਧ ਕੁਝ ਨਹੀਂ। ਸਿੱਖ ਧਰਮ ਨੂੰ ਨਾ ਤਾਂ ਹਿੰਦੂਆਂ ਤੋਂ ਖਤਰਾ ਹੈ, ਨਾ ਕਮਿਊਨਿਸਟਾਂ ਤੋਂ। ਜੇਕਰ ਕੋਈ ਖਤਰਾ ਹੈ ਤਾਂ ਉਹ ਸਿੱਖ ਸਿਆਸਤਦਾਨਾਂ ਤੋਂ ਹੈ। ਅਕਾਲੀ ਦਲ ਤੁਹਾਡੇ ਸਾਰੇ ਸਿੱਖ ਅਦਾਰਿਆਂ ਨੂੰ ਆਪਣੇ ਕਬਜ਼ੇ ਵਿਚ ਕਰ ਚੁੱਕਿਆ ਹੈ। ਖਾਲਿਸਤਾਨੀ ਇੱਕ ਅਸੰਭਵ ਸੁਪਨਾ ਲੈ ਕੇ ਨੌਜਵਾਨਾਂ ਨੂੰ ਸ਼ਹੀਦ ਹੋਣ ਲਈ ਪ੍ਰੇਰ ਰਹੇ ਹਨ। ਖਾਲਿਸਤਾਨੀਆਂ ਨੂੰ ਸ. ਪ੍ਰੀਤਮ ਸਿੰਘ ਕੁੰਮੇਦਾਨ ਦੇ ਉਠਾਏ ਸਵਾਲਾਂ ਦਾ ਜਵਾਬ ਦੇਣਾ ਚਾਹੀਦਾ ਹੈ। ਅਜਮੇਰ ਸਿੰਘ ਨੇ ਨਿਊਜ਼ ਪੰਜਾਬੀ-18 'ਤੇ ਨ੍ਰਿਪਜੀਤ ਸਿੰਘ ਦੀ ਸ. ਕੁੰਮੇਦਾਨ ਨਾਲ (ਖਾਲਿਸਤਾਨ ਤੇ ਹਿੰਦੁਸਤਾਨ ਦਾ ਇੰਝ ਹੋਵੇਗਾ ਬਟਵਾਰਾ) ਦੇ ਸਿਰ ਲੇਖ ਹੇਠਲੀ ਇੰਟਰਵਿਊ ਜਾਂ ਪਿਛਲੇ ਸਾਲ 'ਪੰਜਾਬ ਟਾਈਮਜ਼' ਦੇ ਪੰਨਿਆਂ ਵਿਚ ਚਲੀ ਬਹਿਸ ਬਾਰੇ ਉਨ੍ਹਾਂ ਦਾ ਲੇਖ ਪੜ੍ਹਿਆ ਹੀ ਹੋਵੇਗਾ। ਮੇਰੀ ਬੇਨਤੀ ਹੈ ਕਿ ਉਨ੍ਹਾਂ ਨੇ ਜੇ ਨਹੀਂ ਪੜ੍ਹਿਆ ਤਾਂ ਉਹ ਸੁਣਨ ਤੇ ਪੜ੍ਹਨ ਕਿ ਸ. ਕੁੰਮੇਦਾਨ ਦੇ ਸੰਸਿਆਂ ਅਤੇ ਸ਼ੰਕਿਆਂ ਨੂੰ ਗੰਭੀਰਤਾ ਨਾਲ ਵਿਚਾਰਨ। ਅਜਮੇਰ ਸਿੰਘ ਦਾ ਸੰਦੇਸ਼ ਤਾਂ ਸਿੱਖਾਂ ਨੂੰ ਕਿਸੇ ਵੱਡੀ ਸਵੈ-ਵਿਨਾਸ਼ਕਾਰੀ ਘੁੰਮਣਘੇਰੀ ਵਿਚ ਧੱਕਣ ਲਈ ਉਮਾਦਾ ਨਜ਼ਰ ਆਉਂਦਾ ਹੈ।

ਜਿਥੋਂ ਤੱਕ ਗੁਰਮਤਿ ਚਿੰਤਨ ਦਾ ਸਵਾਲ ਹੈ, ਅਜਮੇਰ ਸਿੰਘ ਗੁਰਮਤਿ ਚਿੰਤਨ ਦਾ ਲੇਖਕ ਜਾਂ ਵਿਆਖਿਆਕਾਰ ਨਹੀਂ ਹੈ। ਉਹ ਆਪਣੇ ਆਪ ਨੂੰ ਸਿਆਸੀ ਵਿਸ਼ਲੇਸ਼ਣਕਾਰ ਕਹਿੰਦਾ ਹੈ (ਪੰਜਾਬ ਯੂਨੀਵਰਸਿਟੀ ਵਿਚ ਲੈਕਚਰ) ਪਰ ਅਸਲ ਵਿਚ ਉਹ ਸਿਆਸੀ ਵਿਸ਼ਲੇਸ਼ਣਕਾਰ ਵੀ ਨਹੀਂ ਹੈ ਸਗੋਂ ਸਿਰਫ ਧਾਰਮਿਕ ਸਿਆਸਤ ਦਾ ਪ੍ਰਵਕਤਾ ਹੈ। ਉਹ ਹਰ ਗੱਲ ਨੂੰ ਸਿੱਖ ਨੌਜਵਾਨਾਂ ਦੀਆਂ ਸ਼ਹੀਦੀਆਂ ਨਾਲ ਹੱਲ ਕਰਨਾ ਚਾਹੁੰਦਾ ਹੈ। ਧਾਰਮਿਕ ਚਿੰਤਨ ਸਮੇਂ ਅਨੁਸਾਰ ਵਿਕਸਤ ਹੁੰਦਾ ਰਹਿੰਦਾ ਹੈ। ਸਾਰੀ ਦੁਨੀਆ ਵਿਚ ਇਨ੍ਹਾਂ ਵਿਸ਼ਿਆਂ ਬਾਰੇ ਵਾਦ ਵਿਵਾਦ ਚਲਦੇ ਰਹਿੰਦੇ ਹਨ। ਪੰਜਾਬ ਵਿਚ ਤਰਕਸ਼ੀਲ ਸੁਸਾਇਟੀ ਵਾਲੇ ਧਰਮ ਨੂੰ ਤਰਕ ਦੀ ਕਸਵੱਟੀ ਉਤੇ ਪਰਖਦੇ ਰਹਿੰਦੇ ਹਨ ਪਰ ਪੰਜਾਬ ਵਿਚ ਇਹ ਬਹਿਸ ਬੜੇ ਸਤਹੀ ਪਧਰ 'ਤੇ ਰਹੀ ਹੈ। ਯੂਰਪ ਵਿਚ ਚਾਨਣ-ਦੌਰ (ਐਨਲਾਈਟਨਮੈਂਟ ਇਰਾ) ਵੇਲੇ ਇਹ ਗੱਲ ਬਹੁਤ ਡੂੰਘਾਈ ਵਿਚ ਵਿਚਾਰੀ ਗਈ ਸੀ। ਇਸ ਵਿਚ ਕਿਸੇ ਦੀ ਵੀ ਜਿੱਤ ਜਾਂ ਹਾਰ ਨਹੀਂ ਹੋਈ ਸੀ ਸਗੋਂ ਸਾਰੇ ਲੋਕਾਂ ਦੇ ਗਿਆਨ ਵਿਚ ਵਾਧਾ ਹੋਇਆ ਸੀ। ਮੋਟੇ ਤੌਰ 'ਤੇ ਅੰਤਿਮ ਨਤੀਜਾ ਇਹ ਸੀ ਕਿ ਤਰਕ ਅਤੇ ਵਿਸ਼ਵਾਸ ਦੋਵੇਂ ਹੀ ਮਹੱਤਵਪੂਰਨ ਹਨ ਅਤੇ ਇਨਸਾਨੀ ਜ਼ਿੰਦਗੀ ਲਈ ਜ਼ਰੂਰੀ ਹਨ। ਹੇਗਲ ਨੇ ਤਰਕ ਨੂੰ ਬਹੁਤ ਵੱਡੀ ਥਾਂ ਦਿਤੀ ਸੀ ਜਦੋਂਕਿ ਕਿਰਕੇਗਾਰਦ ਨੇ ਵਿਸ਼ਵਾਸ ਨੂੰ। ਹਾਂ, ਇਹ ਜ਼ਰੂਰ ਗੱਲ ਹੈ ਕਿ ਈਸਾਈ ਮੱਤ ਦੀਆਂ ਕਈ ਗੱਲਾਂ ਹੁਣ ਵਿਗਿਆਨ ਨੇ ਗਲਤ ਸਾਬਤ ਕਰ ਦਿਤੀਆਂ ਹਨ; ਜਿਵੇਂ ਧਰਤੀ ਬ੍ਰਹਿਮੰਡ ਦਾ ਕੇਂਦਰ ਹੋਣ ਦੀ ਥਾਂ ਹੁਣ ਸੂਰਜ ਹੈ ਪਰ ਸਿੱਖ ਧਰਮ ਵਿਚ ਅਜਿਹੇ ਅੜਿਕੇ ਘੱਟ ਹਨ। ਈਸਾਈ ਮੱਤ ਵਿਚ ਕੁਝ ਕਰਾਮਾਤਾਂ ਜਿਵੇਂ ਈਸਾ ਦਾ ਬਿਨਾ ਪਿਤਾ ਦੇ ਪੈਦਾ ਹੋਣਾ (Immaculate conception) ਅਤੇ ਮੌਤ ਤੋਂ ਬਾਅਦ ਉਠਣਾ ਆਦਿ ਕ੍ਰਿਸ਼ਮੇ ਹੁਣ ਘੱਟ ਮੰਨੇ ਜਾਂਦੇ ਹਨ ਪਰ ਸਿੱਖ ਧਰਮ ਤਾਂ ਕਰਾਮਾਤਾਂ ਅਤੇ ਕ੍ਰਿਸ਼ਮਿਆਂ ਨੂੰ ਆਪ ਹੀ ਰੱਦ ਕਰਦਾ ਹੈ। ਫਿਰ ਵੀ ਵਿਗਿਆਨ ਦੇ ਵਿਕਾਸ ਨਾਲ ਧਰਮਾਂ ਦੀ ਵਿਆਖਿਆ ਵਿਚ ਫਰਕ ਪੈਂਦਾ ਰਹਿੰਦਾ ਹੈ। ਬਾਵਜੂਦ ਇਨ੍ਹਾਂ ਗੱਲਾਂ ਦੇ ਧਰਮ ਵੀ ਚੱਲ ਰਹੇ ਹਨ ਅਤੇ ਵਿਗਿਆਨ ਵੀ ਚੱਲ ਰਿਹਾ ਹੈ, ਕਿਉਂਕਿ ਵਿਗਿਆਨ ਅਜੇ ਵੀ ਬੁਨਿਆਦੀ ਸਵਾਲਾਂ ਦੇ ਜਵਾਬ ਨਹੀਂ ਦੇ ਸਕਿਆ। ਇਸ ਦੇ ਨਾਲ ਨਾਲ ਕਈ ਗੱਲਾਂ ਵਿਗਿਆਨ ਦੇ ਦਾਇਰੇ ਤੋਂ ਬਾਹਰ ਹਨ, ਜਿਵੇਂ ਈਗੋ ਤੋਂ ਉਤੇ ਜਾਣਾ, ਵਿਸਮਾਦਕ ਅਨੁਭਵ, ਸੰਗਤ ਦਾ ਅਹਿਸਾਸ ਆਦਿ।

ਅਜਮੇਰ ਸਿੰਘ ਕਹਿ ਰਿਹਾ ਹੈ ਕਿ ਜਦੋਂ ਬੀ. ਜੇ. ਪੀ. ਸਿੱਖ ਧਰਮ ਨੂੰ ਆਪਣੇ ਵਿਚ ਜਜ਼ਬ ਕਰਨਾ ਚਾਹੁੰਦੀ ਹੈ ਤਾਂ ਅੜਿਕਾ ਉਸ ਵਕਤ ਬਣਦਾ ਹੈ ਜਦੋਂ ਕੁਝ ਲੋਕ ਬੜੀ ਦ੍ਰਿੜਤਾ ਨਾਲ ਕਹਿੰਦੇ ਹਨ ਕਿ ਸਿੱਖ ਧਰਮ ਅਸਲ ਵਿਚ ਵਖਰਾ ਧਰਮ ਹੈ। ਇਹ ਉਨ੍ਹਾਂ ਨੂੰ ਅਤਿਵਾਦੀ ਅਤੇ ਵੱਖਵਾਦੀ ਕਹਿ ਕੇ ਖਤਮ ਕਰਨਾ ਚਾਹੁੰਦੇ ਹਨ। ਇਹ ਵੀ ਗੱਪ ਹੈ। ਇਹ ਗੱਲ ਕਿਸੇ ਸਬੂਤ ਦੀ ਮੁਥਾਜ ਨਹੀਂ ਹੈ ਕਿ ਸਿੱਖ ਧਰਮ ਵੱਖਰਾ ਧਰਮ ਹੈ। ਇਸ ਗੱਲ ਦਾ ਸਬੂਤ ਪਹਿਰਾਵੇ, ਬਾਣੀ, ਰਸਮਾਂ ਰੀਤਾਂ, ਫਲਸਫੇ, ਗੁਰਬਾਣੀ ਅਤੇ ਧਰਮ ਅਸਥਾਨਾਂ ਤੋਂ ਸਾਫ ਦਿਸਦਾ ਹੈ। ਜੇ ਕਿਸੇ ਨੂੰ ਸਿੱਖ ਸ਼ਨਾਖਤ ਬਾਰੇ ਵੀ ਸ਼ੱਕ ਹੈ ਤਾਂ ਉਹ ਜ਼ਰੂਰ ਕਿਸੇ ਦਿਮਾਗੀ ਕਮੀ ਦੇ ਸ਼ਿਕਾਰ ਹੋਣਗੇ। ਸਿੱਖ ਤਾਂ ਦੋ ਮੀਲ ਤੋਂ ਵੱਖਰਾ ਦਿਸ ਪੈਂਦਾ ਹੈ। ਜਿਹੜੇ ਲੋਕ ਸਿੱਖ ਧਰਮ ਨੂੰ ਵੱਖਰਾ ਧਰਮ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ, ਉਹ ਸਾਬਤ ਹੋ ਚੁੱਕੀ ਗੱਲ ਨੂੰ ਸਾਬਤ ਕਰਨਾ ਚਾਹੁੰਦੇ ਹਨ; ਜਾਂ ਕਹਿ ਸਕਦੇ ਹਾਂ ਕਿ ਉਹ ਪ੍ਰਤੱਖ ਨੂੰ ਪਰਮਾਣ ਦਿਖਾ ਰਹੇ ਹਨ। ਅਸਲ ਵਿਚ ਪੰਜਾਬ ਵਿਚ ਅਜਿਹੀ ਕੋਈ ਲਹਿਰ ਨਹੀਂ ਜਿਹੜੀ ਸਿੱਖ ਧਰਮ ਨੂੰ ਧਰਮ ਸਾਬਤ ਕਰਨ ਵਿਚ ਲੱਗੀ ਹੋਵੇ।

ਬਹੁਤ ਸਾਰੇ ਹਿੰਦੂ ਲੋਕ ਸਿੱਖ ਧਰਮ ਵਿਚ ਵਿਸ਼ਵਾਸ ਕਰਦੇ ਹਨ। ਧਰਮ ਦੀ ਆਜ਼ਾਦੀ ਅਨੁਸਾਰ, ਉਨ੍ਹਾਂ ਨੂੰ ਇਹ ਕਾਨੂੰਨੀ ਹੱਕ ਹੈ ਕਿ ਉਹ ਜਿਸ ਵੀ ਧਰਮ ਵਿਚ ਚਾਹੁਣ, ਯਕੀਨ ਕਰ ਸਕਦੇ ਹਨ। ਸੋ, ਜੇਕਰ ਕਈ ਹਿੰਦੂ ਲੋਕ ਗੁਰਦੁਆਰਿਆਂ ਵਿਚ ਜਾਂਦੇ ਹਨ ਜਾਂ ਸਿੱਖ ਧਰਮ ਨੂੰ ਮੰਨਦੇ ਹਨ ਤਾਂ ਕੋਈ ਸਮੱਸਿਆ ਨਹੀਂ ਹੋਣੀ ਚਾਹੀਦੀ, ਕਿਉਂਕਿ ਸਿੱਖ ਗੁਰਦੁਆਰੇ ਤਾਂ ਸਭ ਲੋਕਾਂ ਲਈ ਖੁਲ੍ਹੇ ਹਨ। ਦਿੱਲੀ ਵਿਚ ਜੋ ਡਾਇਗਨੋਸਟਿਕ ਕੇਂਦਰ ਬਣਾਇਆ ਜਾ ਰਿਹਾ ਹੈ, ਦਿੱਲੀ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ, ਉਸ ਬਾਰੇ ਮਨਜਿੰਦਰ ਸਿੰਘ ਸਿਰਸਾ ਦੇ ਬਿਆਨ ਸਨ ਕਿ ਇਸ ਲਈ ਪੈਸਾ ਇੱਕ ਹਿੰਦੂ ਪਰਿਵਾਰ

*(ਬਾਕੀ ਅਗਲੇ ਸਫੇ 'ਤੇ)*

ਵਲੋਂ ਦਿਤਾ ਜਾ ਰਿਹਾ ਹੈ। ਜੇ ਹਿੰਦੂ ਪਰਿਵਾਰਾਂ ਨੂੰ ਸ਼ਰਧਾ ਹੈ ਸਿੱਖ ਧਰਮ ਵਿਚ ਤਾਂ ਇਸ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਕਈ ਹਿੰਦੂ ਲੋਕ ਕਹਿੰਦੇ ਹਨ ਕਿ ਸਿੱਖ ਧਰਮ ਉਨ੍ਹਾਂ ਦੇ ਧਰਮ ਦੇ ਬਹੁਤ ਨਜ਼ਦੀਕ ਹੈ, ਜਾਂ ਕਈ ਮੁਸਲਮਾਨ ਕਹਿੰਦੇ ਹਨ ਕਿ ਸਿੱਖ ਧਰਮ ਉਨ੍ਹਾਂ ਦੇ ਨੇੜੇ ਹੈ ਤਾਂ ਇਸ ਵਿਚ ਕੋਈ ਹਰਜ ਨਹੀਂ। ਅੱਜਕੱਲ੍ਹ ਤਾਂ ਈਸਾਈ ਲੋਕ ਵੀ ਸਿੱਖ ਧਰਮ ਵਲ ਹਾਂ-ਵਾਦੀ ਨਜ਼ਰੀਆ ਰੱਖਣ ਲੱਗ ਪਏ ਹਨ। ਜੋ ਲੋਕ ਸਮਝਦੇ ਹਨ ਕਿ ਸਿੱਖ ਧਰਮ ਦੂਜੇ ਧਰਮਾਂ ਦੇ ਪਿਆਰ ਨਾਲ ਖਤਮ ਹੋ ਜਾਵੇਗਾ, ਉਹ ਸਿੱਖ ਧਰਮ ਦਾ ਨਿਰਾਦਰ ਕਰ ਰਹੇ ਹਨ।

### ਸੈਕੂਲਰਿਜ਼ਮ ਜਾਂ ਸਟੇਟ ਦੀ ਧਰਮ ਨਿਰਲੇਪਤਾ ਬਾਰੇ ਅਗਿਆਨਤਾ

ਅਜਮੇਰ ਸਿੰਘ ਵਾਰ ਵਾਰ ਸੈਕੂਲਰਿਜ਼ਮ ਨੂੰ ਭੰਡਦਾ ਰਹਿੰਦਾ ਹੈ ਪਰ ਨਾਲ ਹੀ ਉਸ ਨੇ ਇਹ ਵੀ ਕਿਹਾ ਹੈ ਕਿ ਰਾਜਸੀ ਧਰਮ ਮਾੜੀ ਚੀਜ਼ ਹੈ। ਇਹ ਆਪਾ-ਵਿਰੋਧੀ ਗੱਲ ਹੈ। ਜੇਕਰ ਸਟੇਟ ਦਾ ਕੋਈ ਧਰਮ ਨਹੀਂ ਤਾਂ ਅਜਿਹੇ ਸਟੇਟ ਨੂੰ ਸੈਕੂਲਰ ਕਿਹਾ ਜਾਂਦਾ ਹੈ। ਸੈਕੂਲਰਿਜ਼ਮ ਅਸਲ ਵਿਚ ਵੱਖ ਵੱਖ ਧਰਮਾਂ ਨੂੰ ਆਜ਼ਾਦੀ ਦੇਣ ਲਈ ਹੀ ਈਜਾਦ ਕੀਤਾ ਗਿਆ ਸੀ। ਆਰ. ਐਸ. ਐਸ. ਅਤੇ ਬੀ. ਜੇ. ਪੀ. ਹਿੰਦੂ ਰਾਸ਼ਟਰ ਦਾ ਨਾਅਰਾ ਕਦੇ ਨਹੀਂ ਦੇ ਸਕਦੇ, ਜੇਕਰ ਭਾਰਤੀ ਸੰਵਿਧਾਨ ਵਿਚ ਨਿਹਿਤ ਸੈਕੂਲਰਿਜ਼ਮ ਉਸ ਦੀ ਸਹੀ ਭਾਵਨਾ ਵਿਚ ਲਾਗੂ ਕੀਤਾ ਜਾਵੇ। ਸੈਕੂਲਰਿਜ਼ਮ ਸਿੱਖ ਧਰਮ ਤੋਂ ਨਾ ਤਾਂ ਇਨਕਾਰੀ ਹੈ ਅਤੇ ਨਾ ਹੀ ਕਿਸੇ ਹੋਰ ਧਰਮ ਤੋਂ। ਭਾਰਤ ਵਿਚ ਵੱਖ ਵੱਖ ਧਰਮਾਂ ਦੀ ਆਜ਼ਾਦੀ ਲਈ ਸੈਕੂਲਰਿਜ਼ਮ ਇਕੋ ਇੱਕ ਹੱਲ ਹੈ। ਧਾਰਮਿਕ ਸਿਆਸਤਦਾਨਾਂ ਦੀ ਤੰਗ-ਨਜ਼ਰੀ ਅਤੇ ਖੁਦਗਰਜ਼ੀ ਹੀ ਸੈਕੂਲਰਿਜ਼ਮ ਦੇ ਵਿਰੋਧ ਵਿਚ ਰੋੜਾ ਬਣੀ ਹੋਈ ਹੈ। ਅਜ ਲੋੜ ਤਾਂ ਇਸ ਸੈਕੂਲਰਿਜ਼ਮ ਨੂੰ ਉਸ ਦੀ ਸ਼ੁਧ ਭਾਵਨਾ ਵਿਚ ਲਾਗੂ ਕਰਵਾਉਣ ਦੀ ਹੈ ਜਿਸ ਤੋਂ ਕਾਂਗਰਸ ਨੇ ਵਾਰ ਵਾਰ ਮੁਜਰਮਾਨਾ ਕੋਤਾਹੀ ਕੀਤੀ ਅਤੇ ਅੱਜਕੱਲ੍ਹ ਬੀ. ਜੇ. ਪੀ. ਨੇ ਤਾਂ ਇਸ ਦੀਆਂ ਜੜ੍ਹਾਂ ਹੀ ਪੁੱਟ ਦੇਣ ਦਾ ਤਹੱਈਆ ਕੀਤਾ ਹੋਇਆ ਹੈ। ਅਜਮੇਰ ਸਿੰਘ ਨੂੰ ਚਾਹੀਦਾ ਹੈ ਕਿ ਉਹ ਆਪਣੀ ਬੇਮਿਸਾਲ ਊਰਜਾ ਨੂੰ ਪੁਠੇ ਪਾਸੇ ਬਰਬਾਦ ਕਰਨ ਦੀ ਬਜਾਇ ਭਾਰਤੀ ਸੰਵਿਧਾਨ ਵਿਚ ਸੈਕੂਲਰਿਜ਼ਮ ਨੂੰ ਬਚਾਉਣ ਲਈ ਲਗਾਵੇ।

### ਅਜਮੇਰ ਸਿੰਘ ਬ੍ਰਾਹਮਣ ਤੇ ਬ੍ਰਾਹਮਣਵਾਦ ਵਿਚ ਫਰਕ ਨਹੀਂ ਦੇਖ ਸਕਦਾ

ਉਹ ਸਹੀ ਤੌਰ 'ਤੇ ਬ੍ਰਾਹਮਣਵਾਦ ਨੂੰ ਪਰਿਭਾਸ਼ਤ ਨਹੀਂ ਕਰਦਾ ਜਿਸ ਨਾਲ ਉਹ ਉਲਝੇਵੇਂ ਦਾ ਸ਼ਿਕਾਰ ਹੋ ਜਾਂਦਾ ਹੈ। ਜਦੋਂ ਉਹ ਸਾਰੀ ਬ੍ਰਾਹਮਣ ਜਾਤੀ ਦੇ ਲੋਕਾਂ ਨੂੰ ਗਲਤ ਕਹਿੰਦਾ ਹੈ ਤਾਂ ਉਹ ਭੁੱਲ ਰਿਹਾ ਹੁੰਦਾ ਹੈ ਕਿ ਸਾਰੇ ਬ੍ਰਾਹਮਣ ਲੋਕ ਬ੍ਰਾਹਮਣਵਾਦੀ ਨਹੀਂ ਹੁੰਦੇ ਅਤੇ ਸਾਰੇ ਗੈਰ-ਬ੍ਰਾਹਮਣ ਬ੍ਰਾਹਮਣਵਾਦ ਤੋਂ ਮੁਕਤ ਨਹੀਂ ਹਨ। ਬ੍ਰਾਹਮਣਵਾਦ ਹੈ ਕੀ? ਬ੍ਰਾਹਮਣਵਾਦ ਦੇ ਦੋ ਮੁੱਖ ਲੱਛਣ ਹਨ ਜਿਹਨਾਂ ਨਾਲ ਸਮਸਿਆ ਬਣਦੀ ਹੈ। ਇੱਕ ਹੈ ਜਾਤਪਾਤ ਦਾ ਸਮਾਜਕ ਸਿਸਟਮ, ਦੂਜਾ ਹੈ ਰੀਤੀਵਾਦ ਜਿਥੇ ਕਿਸੇ ਧਰਮ ਨੂੰ ਰੀਤੀਵਾਦ ਵਿਚ ਫਸਾ ਕੇ ਉਸ ਦੇ ਅਸਲ ਮਕਸਦ ਨੂੰ ਭੁਲਾ ਦਿਤਾ ਜਾਂਦਾ ਹੈ।

ਜਦੋਂ ਅਸੀਂ ਸਿੱਖ ਲੋਕ ਆਪਣੇ ਵੱਲ ਦੇਖਦੇ ਹਾਂ ਤਾਂ ਕੀ ਅਸੀਂ ਕਹਿ ਸਕਦੇ ਹਾਂ ਕਿ ਅਸੀਂ ਜਾਤ ਪਾਤ ਤੋਂ ਮੁਕਤ ਹੋ ਚੁੱਕੇ ਹਾਂ? ਸਿੱਖਾਂ ਦੀ ਬਹੁਤ ਵੱਡੀ ਗਿਣਤੀ ਜੱਟਵਾਦ ਦੀ ਸ਼ਿਕਾਰ ਹੈ। ਸ਼ਾਇਦ ਜੱਟਾਂ ਤੋਂ ਵੱਧ ਆਪਣੇ ਆਪ ਦੇ ਗੁਣ ਗਾਉਣ ਵਾਲੀ ਕੋਈ ਹੋਰ ਜਾਤ ਨਹੀਂ ਹੈ। ਕੀ ਸਿੱਖ ਧਰਮ ਵਿਚ ਬ੍ਰਾਹਮਣਵਾਦੀ ਰੀਤੀਵਾਦ ਅੱਜਕੱਲ੍ਹ ਪ੍ਰਚੱਲਤ ਨਹੀਂ ਹੈ? ਜੇਕਰ ਤੁਸੀਂ ਬ੍ਰਾਹਮਣਵਾਦ ਦੇ ਔਗੁਣਾ ਖਿਲਾਫ ਲੜਨਾ ਹੈ ਤਾਂ ਇਹ ਲੜਾਈ ਆਪਣੇ ਅੰਦਰ ਝਾਤੀ ਮਾਰਨ ਤੋਂ ਸ਼ੁਰੂ ਹੋਣੀ ਚਾਹੀਦੀ ਹੈ।

### ਅਜਮੇਰ ਸਿੰਘ ਨੂੰ ਕਿਸਾਨ ਅਤੇ ਸਿੱਖ ਵਿਚ ਫਰਕ ਨਹੀਂ ਦਿਸਦਾ

ਅਜਮੇਰ ਸਿੰਘ ਪੁੱਛਦਾ ਹੈ ਕਿ ਕਿਸਾਨ ਵਿਚੋਂ ਸਿੱਖ ਨੂੰ ਕਿਵੇਂ ਕੱਢ ਸਕਦੇ ਹੋ? ਜੇ ਕਿਸਾਨ ਬਣਨ ਲਈ ਸਿੱਖ ਹੋਣਾ ਜ਼ਰੂਰੀ ਹੈ ਤਾਂ ਹਿੰਦੂ ਅਤੇ ਮੁਸਲਮਾਨ ਤਾਂ ਕਿਸਾਨ ਹੋ ਹੀ ਨਹੀਂ ਸਕਦੇ। ਉਹ ਭੁੱਲਦਾ ਹੈ ਕਿ ਕਿਸਾਨੀ ਇੱਕ ਕਿੱਤਾ ਹੈ ਜਿਵੇਂ ਆੜ੍ਹਤੀ ਹੋਣਾ, ਫੈਕਟਰੀ ਦਾ ਕਾਮਾ ਹੋਣਾ, ਡਾਕਟਰ, ਵਕੀਲ ਆਦਿ ਸਭ ਕਿੱਤੇ ਹਨ ਅਤੇ ਇਨ੍ਹਾਂ ਦਾ ਧਰਮ ਨਾਲ ਕੋਈ ਸਬੰਧ ਨਹੀਂ ਹੈ। ਇਨ੍ਹਾਂ ਕਿੱਤਿਆਂ ਨਾਲ ਸਬੰਧਤ ਕਾਨੂੰਨਾਂ ਦੀ ਸਮਸਿਆ ਜਾਂ ਇਨ੍ਹਾਂ ਦੇ ਵੇਤਨ ਦੀਆਂ ਸਮਸਿਆਵਾਂ ਧਰਮ ਨਾਲ ਨਾ ਤਾਂ ਸਬੰਧ ਰੱਖਦੀਆਂ ਹਨ ਅਤੇ ਨਾ ਹੀ ਧਰਮ ਨਾਲ ਹੱਲ ਕੀਤੀਆਂ ਜਾ ਸਕਦੀਆਂ ਹਨ। ਇਸ ਲਈ ਅੱਧਪੜ੍ਹ ਨੌਜਵਾਨਾਂ ਨੂੰ ਉਕਸਾ ਕੇ ਕਿਸਾਨਾਂ ਦੀ ਸਮਸਿਆ ਨੂੰ ਧਾਰਮਿਕ ਸਮਸਿਆ ਬਣਾ ਕੇ ਹੱਲ ਲੱਭਣੇ ਇਵੇਂ ਹੀ ਹੈ, ਜਿਵੇਂ ਮਲੇਰੀਏ ਦੀ ਬਿਮਾਰੀ ਲਈ ਕੈਂਸਰ ਦੀ ਦਵਾਈ ਦੇ ਦਿਤੀ ਜਾਵੇ। ਕਿਸਾਨਾਂ ਦੇ ਅੰਦੋਲਨ ਨੂੰ ਸਿੱਖ ਅੰਦੋਲਨ ਬਣਾ ਕੇ ਤੁਸੀਂ ਹਰਿਆਣਾ, ਯੂ ਪੀ, ਰਾਜਸਥਾਨ ਅਤੇ ਹੋਰ ਸਟੇਟਾਂ ਦੇ ਕਿਸਾਨਾਂ ਨੂੰ ਨਾਲ ਨਹੀਂ ਲੈ ਸਕਦੇ। ਅਜਿਹਾ ਨਜ਼ਰੀਆ ਕਿਸਾਨ ਅੰਦੋਲਨ ਨੂੰ ਢਾਹ ਲਾ ਸਕਦਾ ਹੈ ਪਰ ਅਜਮੇਰ ਸਿੰਘ ਨੂੰ ਇਸ ਗੱਲ ਦਾ ਕੋਈ ਫਰਕ ਨਹੀਂ। ਉਹ ਆਪਣੀ ਧਾਰਮਿਕ ਸਿਆਸਤ ਨਾਲ ਫਿਰਕਾਪ੍ਰਸਤ ਏਜੰਡਾ ਜੋ ਆਰ. ਐਸ. ਐਸ. ਨਾਲੋਂ ਕਿਸੇ ਤਰ੍ਹਾਂ ਵੀ ਵੱਖਰਾ ਨਹੀਂ ਹੈ, ਚਲਉਣਾ ਚਾਹੁੰਦਾ ਹੈ।

### ਧਾਰਮਿਕ ਸਿਆਸਤਦਾਨ

ਦੋ ਤਰ੍ਹਾਂ ਦੇ ਧਾਰਮਿਕ ਸਿਆਸਤਦਾਨ ਹਨ। ਇੱਕ ਉਹ ਜੋ ਇਤਿਹਾਸ ਨੂੰ ਦੁਹਰਾਉਣਾ ਚਾਹੁੰਦੇ ਹਨ ਅਤੇ ਦੂਜੀ ਕਿਸਮ ਦੇ ਉਹ ਹਨ ਜੋ ਜਮਹੂਰੀਅਤ ਵਿਚ ਵੋਟਾਂ ਰਾਹੀਂ ਤਾਕਤ ਹਾਸਲ ਕਰਨਾ ਚਾਹੁੰਦੇ ਹਨ। ਪਹਿਲੀ ਕਿਸਮ ਦਾ ਸਿਆਸਤਦਾਨ ਨਾਸਮਝ ਹੈ ਕਿਉਂਕਿ ਇਤਿਹਾਸ ਕਦੇ ਵੀ ਆਪਣੇ ਆਪ ਨੂੰ ਦੁਹਰਾਉਂਦਾ ਨਹੀਂ। ਮਨੁੱਖਤਾ ਦਾ ਵਿਕਾਸ ਹਮੇਸ਼ਾਂ ਹੀ ਨਵੇਂ ਦਿਸਹਦਿਆਂ ਵਲ ਵਧਦਾ ਹੈ। ਇਸ ਕਿਸਮ ਦੇ ਸਿਆਸੀ ਲੋਕ ਆਪ ਵੀ ਸ਼ਹੀਦ ਹੋ ਸਕਦੇ ਹਨ ਅਤੇ ਹੋਰ ਨੌਜਵਾਨਾਂ ਨੂੰ ਮਰਵਾ ਸਕਦੇ ਹਨ। ਇਹੋ ਜਿਹੇ ਸਿਆਸੀ ਲੋਕ ਅਕਸਰ ਹਿੰਸਕ ਸੰਘਰਸ਼ ਕਰਨਾ ਚਾਹੁੰਦੇ ਹਨ ਪਰ ਇਨ੍ਹਾਂ ਦੀਆਂ ਲਹਿਰਾਂ ਬਹੁਤੀ ਦੇਰ ਨਹੀਂ ਚਲਦੀਆਂ।

ਦੂਜੀ ਕਿਸਮ ਦਾ ਧਾਰਮਿਕ ਸਿਆਸਤਦਾਨ ਵੋਟਾਂ ਲੈਣ ਲਈ ਧਰਮ ਨੂੰ ਵਰਤਦਾ ਹੈ। ਅਜਿਹਾ ਧਾਰਮਿਕ ਸਿਆਸਤਦਾਨ ਸਭ ਤੋਂ ਮਕਾਰ ਅਤੇ ਬੇਈਮਾਨ ਸਿਆਸਤਦਾਨ ਹੈ। ਨਾ ਉਹ ਧਾਰਮਿਕ ਹੈ ਅਤੇ ਨਾ ਉਹ ਅਸਲ ਸਿਆਸਤਦਾਨ ਹੈ। ਉਹ ਧਰਮ ਨੂੰ ਸਿਆਸੀ ਤਾਕਤ ਹਾਸਲ ਕਰਨ ਲਈ ਵਰਤਦਾ ਹੈ ਅਤੇ ਸਿਆਸਤ ਨੂੰ ਪੈਸਾ ਇਕੱਠਾ ਕਰਨ ਲਈ। ਉਹ ਧਾਰਮਿਕ ਨੈਤਿਕਤਾ ਤੋਂ ਭੱਜਦਾ ਹੈ ਕਿਉਂਕਿ ਧਰਮ ਤਮ੍ਹਾਂ ਅਤੇ ਲਾਲਚ ਦੇ ਵਿਰੁੱਧ ਬੋਲਦਾ ਹੈ। ਉਹ ਅਸਲ ਸਿਆਸਤ ਤੋਂ ਵੀ ਭੱਜਦਾ ਹੈ ਕਿਉਂਕਿ ਜਮਹੂਰੀ ਸਿਆਸਤ ਧਰਮ ਨਿਰਲੇਪਤਾ ਦੀ ਮੰਗ ਕਰਦੀ ਹੈ। ਧਾਰਮਿਕ ਸਿਆਸਤ ਅਤੇ ਜਮਹੂਰੀਅਤ ਦਾ ਡੂੰਘਾ ਵਿਰੋਧ ਹੈ। ਇੱਕ ਦੀ ਚੜ੍ਹਤ ਦੂਜੇ ਦਾ ਨਾਂਹਵਾਚਨ ਹੈ। ਧਾਰਮਿਕ ਸਿਆਸਤ ਲਈ ਜ਼ਰੂਰੀ ਹੈ ਕਿ ਉਹ ਕਿਸੇ ਹੋਰ ਧਰਮ ਨੂੰ ਆਪਣਾ ਸ਼ਿਕਾਰ ਬਣਾਵੇ ਅਤੇ ਸੈਕੂਲਰ ਜਮਹੂਰੀਅਤ ਮੰਗ ਕਰਦੀ ਹੈ ਕਿ ਸਭ ਧਰਮ ਬਰਾਬਰ ਸਮਝੇ ਜਾਣ। ਧਾਰਮਿਕ ਸਿਆਸਤ ਰਾਜ ਉਤੇ ਧਰਮ ਦਾ ਕਬਜ਼ਾ ਜਮਾਉਣਾ ਚਾਹੁੰਦੀ ਹੈ ਜਦੋਂ ਕਿ ਜਮਹੂਰੀਅਤ ਰਾਜ ਨੂੰ ਧਰਮ ਮੁਕਤ ਰੱਖਣਾ ਚਾਹੁੰਦੀ ਹੈ। ਇਸ ਲਈ ਜਮਹੂਰੀਅਤ ਦਾ ਨੁਕਸਾਨ ਕੀਤੇ ਬਿਨਾ ਧਾਰਮਿਕ ਸਿਆਸਤਦਾਨ ਰਾਜ ਨੂੰ ਨਹੀਂ ਚਲਾ ਸਕਦੇ।

ਬਹੁਤ ਸਾਰੇ ਲੋਕ ਇਨ੍ਹਾਂ ਦੇ ਪਿਛੇ ਲੱਗ ਜਾਂਦੇ ਹਨ ਕਿਉਂਕਿ ਧਾਰਮਿਕ ਸਿਆਸਤਦਾਨ ਉਨ੍ਹਾਂ ਦੇ ਧਰਮ ਨੂੰ ਉਤੇ ਚੁੱਕਣ ਦਾ ਢੌਂਗ ਰਚਦੇ ਹਨ। ਇਸ ਕਰ ਕੇ ਬਹੁਤ ਸਾਰੇ ਲੋਕਾਂ ਨੂੰ ਸਮਝ ਨਹੀਂ ਆਉਂਦੀ ਕਿ ਜੋ ਸਾਡੇ ਹੀ ਹੱਕ ਵਿਚ ਬੋਲਦਾ ਹੈ, ਉਹ ਸਾਡਾ ਨੁਕਸਾਨ ਕਿਵੇਂ ਕਰ ਸਕਦਾ ਹੈ? ਉਹ ਇਹ ਨਹੀਂ ਸਮਝ ਸਕਦੇ ਕਿ ਧਾਰਮਿਕ ਵੰਡੀਆਂ ਅਤੇ ਪਾੜੇ ਖੜ੍ਹੇ ਕਰਕੇ ਧਾਰਮਿਕ ਸਿਆਸਤਦਾਨ ਲੋਕਾਂ ਦੀ ਜ਼ਿੰਦਗੀ ਨੂੰ ਖਤਰੇ ਵਿਚ ਪਾਉਂਦਾ ਹੈ ਅਤੇ ਮੁਲਕ ਦੀ ਤਰੱਕੀ ਰੋਕਦਾ ਹੈ ਜਿਸ ਨਾਲ ਸਭ ਧਰਮਾਂ ਦਾ ਨੁਕਸਾਨ ਹੁੰਦਾ ਹੈ। ਦੰਗੇ ਫਸਾਦਾਂ ਨੂੰ ਸੰਘਰਸ਼ਾਂ ਅਤੇ ਸ਼ਹੀਦੀਆਂ ਦਾ ਨਾਂ ਦਿਤਾ ਜਾਂਦਾ ਹੈ।

ਜੇ ਕੋਈ ਧਾਰਮਿਕ ਸਿਆਸਤ ਖੇਡਣ ਵਾਲੀ ਪਾਰਟੀ ਸੱਤਾ ਵਿਚ ਆ ਜਾਂਦੀ ਹੈ ਤਾਂ ਬਹੁਤ ਸਾਰੀਆਂ ਸਮਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ। ਤਾਕਤ ਵਿਚ ਆ ਕੇ ਧਾਰਮਿਕ ਸਿਆਸੀ ਗਰੁੱਪ ਅਤੇ ਪਾਰਟੀਆਂ ਜਗੀਰੂ ਕਿਸਮ ਦੀ ਸਿਆਸਤ ਚਲਾਉਂਦੀਆਂ ਹਨ ਜਿਥੇ ਇਨ੍ਹਾਂ ਦੀ ਧੌਂਸ ਅਦਾਰਿਆਂ ਦੀ ਅਲਹਿਦਗੀ ਅਤੇ ਸੁਤੰਤਰਤਾ ਦਾ ਘਾਣ ਕਰਦੀ ਹੈ। ਬੀ. ਜੇ. ਪੀ. ਨੇ ਨਿਆਂਪਾਲਿਕਾ, ਚੋਣ ਕਮਿਸ਼ਨ, ਅੰਦਰੂਨੀ ਸੁਰੱਖਿਆ ਏਜੰਸੀਆਂ ਅਤੇ ਤਫਤੀਸ਼ੀ ਅਦਾਰਿਆਂ ਨੂੰ ਆਪਣਾ ਸੰਦ ਬਣਾ ਲਿਆ ਹੈ। ਅਜਿਹੀਆਂ ਪਾਰਟੀਆਂ ਇਨ੍ਹਾਂ ਏਜੰਸੀਆਂ ਅਤੇ ਅਦਾਰਿਆਂ ਨੂੰ ਆਪਣੀ ਸੱਤਾ ਵਧਾਉਣ ਲਈ ਵਰਤਦੀਆਂ ਹਨ ਜਿਸ ਨਾਲ ਜਮਹੂਰੀਅਤ ਦਾ ਗੰਭੀਰ ਨੁਕਸਾਨ ਹੁੰਦਾ ਹੈ। ਇਹ ਕਾਨੂੰਨੀ ਵਿਵਸਥਾ ਨੂੰ ਤੋੜ-ਮਰੋੜ ਕੇ ਆਪਣੇ ਵਿਰੋਧੀਆਂ ਦੇ ਖਿਲਾਫ ਵਰਤ ਕੇ ਭ੍ਰਿਸ਼ਟ ਕਰਦੀਆਂ ਹਨ। ਇਨ੍ਹਾਂ ਲੋਕਾਂ ਨੂੰ ਸੱਤਾ ਅਤੇ ਵਿਚਾਰਧਾਰਾ ਦਾ ਨਸ਼ਾ ਇਸ ਹੱਦ ਤੱਕ ਚੜ੍ਹ ਸਕਦਾ ਹੈ ਕਿ ਇਹ ਕਤਲੇਆਮ ਵੀ ਕਰਵਾ ਸਕਦੀਆਂ ਹਨ ਅਤੇ ਇਨ੍ਹਾਂ ਨੂੰ ਦੰਗੇ ਫਸਾਦ ਕਹਿ ਕੇ ਲੁਕੋ ਵੀ ਸਕਦੀਆਂ ਹਨ।

ਧਾਰਮਿਕ ਸਿਆਸਤਦਾਨ ਪੈਸਾ ਹਾਸਲ ਕਰਨ ਲਈ ਧਾਰਮਿਕ ਮਸਲੇ ਖੜ੍ਹੇ ਕਰਦਾ ਰਹਿੰਦਾ ਹੈ। ਇਨ੍ਹਾਂ ਦੀਆਂ ਤੁਹਮਤਬਾਜ਼ੀਆਂ ਸੁਣ ਕੇ ਲੋਕ ਫਿਰਕੂ ਸੋਚ ਦੇ ਧਾਰਨੀ ਹੋ ਜਾਂਦੇ ਹਨ। ਭਾਰਤ ਦੀ ਵੰਡ ਅਜਿਹੀ ਸੋਚ ਕਰ ਕੇ ਹੀ ਹੋਈ ਸੀ ਜਿਸ ਨਾਲ ਕਿਸੇ ਦਾ ਵੀ ਕੋਈ ਫਾਇਦਾ ਨਹੀਂ ਹੋਇਆ। ਅਜਿਹੀ ਸਿਆਸਤ ਕਰ ਕੇ ਪੰਜਾਬ ਦੇ ਟੋਟੇ ਕੀਤੇ ਗਏ ਹਨ। ਪੰਜਾਬ ਵਿਚ ਅਕਾਲੀ ਦਲ ਨੇ ਪੰਥ ਦੇ ਨਾਂ 'ਤੇ ਵੋਟਾਂ ਲੈ ਕੇ ਪੰਜਾਬ ਦਾ ਬਹੁਤ ਨੁਕਸਾਨ ਕੀਤਾ ਹੈ। ਇਨ੍ਹਾਂ ਭੱਦਰਪੁਰਸ਼ਾਂ ਨੇ ਪੰਜਾਬ ਦੀ ਆਬੋ-ਹਵਾ, ਕਿਸਾਨੀ, ਸਿਹਤ ਅਤੇ ਵਿਦਿਆ ਦਾ ਜੋ ਹਾਲ ਕੀਤਾ ਹੈ, ਉਹ ਸਾਫ ਜ਼ਾਹਿਰ ਹੈ। ਬੀ. ਜੇ. ਪੀ. ਵੀ ਇਸੇ ਵੰਨਗੀ ਵਿਚ ਆਉਂਦੀ ਹੈ। ਬੀ. ਜੇ. ਪੀ. ਹਿੰਦੂਤਵ ਦੇ ਪਰਦੇ ਹੇਠ ਭਾਰਤ ਨੂੰ ਚੋਣਾਂ ਵਾਲੀ ਤਾਨਾਸ਼ਾਹੀ ਵਿਚ ਬਦਲ ਰਹੀ ਹੈ। ਬੀ. ਜੇ. ਪੀ. ਦੀ ਸਿਆਸਤ ਦਾ ਸਭ ਤੋਂ ਵੱਧ ਫਾਇਦਾ ਗੁਜਰਾਤੀ ਅਰਬਪਤੀਆਂ ਨੂੰ ਹੋਇਆ ਹੈ। ਜਦੋਂ ਬੀ. ਜੇ. ਪੀ. ਦੀ ਸਾਰੀ ਸਰਕਾਰ ਪੱਛਮੀ ਬੰਗਾਲ ਦੀਆਂ ਚੋਣਾਂ ਜਿੱਤਣ ਲਈ ਬੰਗਾਲ ਪਹੁੰਚੀ ਹੋਈ ਸੀ, ਭਾਰਤ ਵਿਚ ਕਰੋਨਾ ਦਾ ਦਰ ਸਭ ਹੱਦਾਂ ਪਾਰ ਕਰਨ ਵਲ ਵਧ ਰਿਹਾ ਸੀ। ਇਹ ਹੈ ਇਨ੍ਹਾਂ ਦੀ ਸੱਤਾ ਦੀ ਭੁੱਖ। ਇਨ੍ਹਾਂ ਲਈ ਬੀ. ਜੇ. ਪੀ. ਭਾਰਤ ਨਾਲੋਂ ਕਿਤੇ ਵੱਧ ਜ਼ਰੂਰੀ ਹੈ। ਇਨ੍ਹਾਂ ਦੇ ਕਈ ਮੈਂਬਰ ਕਹਿ ਰਹੇ ਸਨ ਕਿ ਗਊ ਮੂਤਰ ਪੀਣ ਨਾਲ ਕਰੋਨਾ ਹਟ ਸਕਦਾ ਹੈ। ਇਹ ਲੋਕ ਜੋ ਹਿੰਦੂਤਵ ਨਾਲ ਹਿੰਦੂਆਂ ਦਾ ਭਲਾ ਕਰਨ ਦਾ ਢੌਂਗ ਰਚ ਰਹੇ ਸਨ, ਅਸਲ ਵਿਚ ਬੇਅੰਤ ਹਿੰਦੂਆਂ ਦੀ ਕਰੋਨਾ ਨਾਲ ਮੌਤ ਦਾ ਕਾਰਨ ਬਣ ਰਹੇ ਹਨ।

ਜੋ ਮੁਲਕ ਆਪਣੇ ਲੋਕਾਂ ਲਈ ਵਧੀਆ ਜੀਵਨ ਪੈਦਾ ਕਰਨਾ ਚਾਹੁੰਦੇ ਹਨ ਅਤੇ ਤਰੱਕੀ ਦੇ ਰਾਹ ਤੇ ਅੱਗੇ ਵਧਣਾ ਚਾਹੁੰਦੇ ਹਨ, ਉਨ੍ਹਾਂ ਨੂੰ ਧਾਰਮਿਕ ਸਿਆਸਤ ਤੋਂ ਬਿਲਕੁਲ ਦੂਰ ਰਹਿਣਾ ਚਾਹੀਦਾ ਹੈ।

### ਕੀ ਸਿੱਖ, ਪੀੜਤ ਜਾਂ ਦਲਿਤ ਲੋਕ ਹਨ?

ਅਜਮੇਰ ਸਿੰਘ ਅਤੇ ਹੋਰ ਧਾਰਮਿਕ ਸਿਆਸਤਦਾਨ ਸਿੱਖਾਂ ਨੂੰ ਪੀੜਤ ਕਮਿਊਨਿਟੀ ਦੇ ਤੌਰ 'ਤੇ ਪੇਸ਼ ਕਰਦੇ ਰਹਿੰਦੇ ਹਨ। ਕਈ ਹੋਰ ਲੋਕ ਵੀ ਇਹ ਨਜ਼ਰੀਆ ਰੱਖਦੇ ਹਨ ਪਰ ਕਈ ਇਸ ਦੇ ਬਿਲਕੁਲ ਉਲਟ ਨਜ਼ਰੀਆ ਰੱਖਦੇ ਹਨ। ਉਹ ਕਹਿੰਦੇ ਹਨ ਕਿ ਸਿੱਖ ਅਸਲ ਵਿਚ ਬਹੁਤ ਸਾਰੇ ਹੋਰ ਵਰਗਾਂ ਨਾਲੋਂ ਕਿਤੇ ਵਧੇਰੇ ਖੁਸ਼ਹਾਲ ਅਤੇ ਆਜ਼ਾਦ ਹਨ। ਇਸ ਬਹਿਸ ਵਿਚ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਕੌਣ ਠੀਕ ਹੈ ਜਾਂ ਕੌਣ ਗਲਤ। ਅਸਲ ਗੱਲ ਹੈ ਕਿ ਭਾਰਤ ਵਿਚ ਅਜੇ ਇਨਸਾਫ ਅਤੇ ਕਾਨੂੰਨੀ ਬਰਾਬਰੀ ਅਣਵਿਕਸਿਤ ਹੈ। ਜਦੋਂ ਧਾਰਮਿਕ ਸਿਆਸਤਦਾਨ ਸਿੱਖਾਂ ਨਾਲ ਵਿਤਕਰੇ ਦੀ ਗੱਲ ਕਰਦੇ ਹਨ, ਉਹ ਇਹ ਭੁੱਲ ਜਾਂਦੇ ਹਨ ਕਿ ਭਾਰਤ ਵਿਚ ਤਾਂ ਸਭ ਲੋਕਾਂ ਨਾਲ ਵਿਤਕਰਾ ਹੁੰਦਾ ਹੈ। ਬਿਹਾਰੀ ਮਜ਼ਦੂਰ ਜੋ ਆਮ ਤੌਰ ਤੇ ਹਿੰਦੂ ਹੀ ਹਨ, ਦਰ-ਬ-ਦਰ ਭਟਕ ਰਹੇ ਹਨ। ਮੁਸਲਿਮ ਲੋਕਾਂ ਦੀ ਲਿੰਚਿੰਗ ਕੀਤੀ ਜਾ ਰਹੀ ਹੈ। ਕਸ਼ਮੀਰੀ ਪੰਡਿਤ ਸਾਲਾਂ ਬੱਧੀ ਜੰਮੂ ਦੇ ਕੈਂਪਾਂ ਵਿਚ ਰੁਲਦੇ ਰਹੇ। ਦਲਿਤ ਲੋਕਾਂ ਦੀਆਂ ਪੁਸ਼ਤਾਂ ਲੰਘ ਗਈਆਂ ਗੁਲਾਮੀ ਅਤੇ ਵਿਤਕਰੇ ਝੱਲਦਿਆਂ। ਔਰਤਾਂ ਨਾਲ ਹਰ ਪਾਸੇ ਜ਼ਿਆਦਤੀ ਹੁੰਦੀ ਹੈ। ਮਿਲਾਵਟ ਵਾਲੇ ਇਹ ਨਹੀਂ ਦੇਖਦੇ ਕਿ ਇਹ ਭੋਜਨ ਹਿੰਦੂ, ਸਿੱਖ ਜਾਂ ਮੁਸਲਮਾਨ ਨੇ ਖਾਣਾ ਹੈ। ਪੁਲਿਸ ਵਾਲੇ ਹਰ ਬੰਦੇ ਨਾਲ ਵਧੀਕੀ ਕਰਦੇ ਹਨ। ਲਿਸਟ ਬਹੁਤ ਲੰਮੀ ਹੈ।

ਵਿਤਕਰੇ ਵਾਲੇ ਮਾਹੌਲ ਨਾਲ ਕਿਵੇਂ ਸਿੱਝਣਾ, ਇਸ ਦਾ ਬੜਾ ਮੁੱਲਵਾਨ ਤਜਰਬਾ ਕੈਨੇਡਾ ਵਿਚ ਪੰਜਾਬੀ ਲੋਕਾਂ ਨੂੰ ਹੋਇਆ ਸੀ। 1968 ਵਿਚ ਜਦੋਂ ਕੈਨੇਡਾ ਦੀ ਇੰਮੀਗ੍ਰੇਸ਼ਨ ਖੁੱਲ੍ਹੀ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਹਰ ਮਹੀਨੇ ਕੈਨੇਡਾ ਵਲ ਰਵਾਨਾ ਹੋਣੇ ਸ਼ੁਰੂ ਹੋਏ। ਉਸ ਵਕਤ ਕੈਨੇਡਾ ਦੇ ਲੋਕਾਂ ਨੂੰ ਸਿੱਖਾਂ ਬਾਰੇ ਕੋਈ ਬਹੁਤਾ ਗਿਆਨ ਨਹੀਂ ਸੀ। ਅਚਾਨਕ ਇੰਨੇ ਲੋਕਾਂ ਨੂੰ ਆਉਂਦੇ ਦੇਖ ਕੇ ਬ੍ਰਿਟਿਸ਼ ਕੋਲੰਬੀਆ ਵਿਚ ਬਹੁਤ ਵੱਡਾ ਨਸਲਵਾਦੀ ਪ੍ਰਤੀਕਰਮ ਹੋਇਆ ਸਥਾਨਕ ਕੈਨੇਡੀਅਨ ਲੋਕਾਂ ਵਿਚ। ਉਸ ਵੇਲੇ ਪੰਜਾਬੀ ਕਮਿਊਨਿਟੀ ਦੀ ਹਾਲਤ ਕੈਨੇਡਾ ਦੇ ਆਦਿਵਾਸੀ ਲੋਕਾਂ ਅਤੇ ਕਾਲੇ ਲੋਕਾਂ ਨਾਲੋਂ ਕਿਸੇ ਤਰ੍ਹਾਂ ਵੀ ਬਿਹਤਰ ਨਹੀਂ ਸੀ। ਅਸੀਂ ਦੋ ਰਾਹ ਅਪਣਾਏ। ਇੱਕ ਸੀ ਸਵੈ-ਰੱਖਿਆ ਦਾ ਅਤੇ ਦੂਜਾ ਸੀ ਸਖਤ ਮਿਹਨਤ ਅਤੇ ਉਦਮਕਾਰੀ ਦਾ। ਵੈਨਕੂਵਰ ਵਿਚ ਨਸਲੀ ਹਮਲਿਆਂ ਦਾ ਸਾਹਮਣਾ ਕਰਨ ਲਈ ਬਹੁਤ ਸਾਰੀਆਂ ਸੰਸਥਾਵਾਂ ਬਣਾਈਆਂ ਗਈਆਂ ਜਿਵੇਂ ਈਸਟ ਇੰਡੀਅਨ ਡੀਫੈਂਸ ਕਮੇਟੀ, ਬੀ. ਸੀ. ਓ. ਐਫ. ਆਰ. ਅਤੇ ਕਈ ਹੋਰ। ਇਹ ਸਭ ਸੰਘਰਸ਼ੀਲ ਸੰਸਥਾਵਾਂ ਤੁਹਾਨੂੰ ਹਿੰਸਕ ਨਸਲਵਾਦ ਤੋਂ ਬਚਾਉਣ ਲਈ ਚੰਗਾ ਕੰਮ ਕਰਦੀਆਂ ਸਨ ਪਰ ਬਰੀਕ ਅਤੇ ਗੁੰਝਲਦਾਰ ਵਿਤਕਰੇ ਤੋਂ ਬਚਾਉਣ ਲਈ ਇਹ ਕਈ ਵਾਰ ਇੰਨੀਆਂ ਕਾਰਗਰ ਸਾਬਤ ਨਹੀਂ ਸੀ ਹੁੰਦੀਆਂ। ਇਹ ਕਮਿਊਨਿਟੀ ਦੀ ਆਰਥਕ ਹਾਲਤ ਨੂੰ ਬਿਹਤਰ ਕਰਨ ਵਿਚ ਵੀ ਕੰਮ ਨਹੀਂ ਆਉਂਦੀਆਂ। ਉਸ ਲਈ ਉਦਮਕਾਰੀ ਦੀ ਆਪਣੀ ਥਾਂ ਹੈ। ਪੰਜਾਬੀ ਲੋਕਾਂ ਨੇ ਆਪਣੀਆਂ ਕੰਪਨੀਆਂ ਇਸ ਹੱਦ ਤੱਕ ਖੋਲ੍ਹੀਆਂ ਕਿ ਹੁਣ ਇਹ ਆਰਥਕ ਤੌਰ 'ਤੇ ਬਹੁਤ ਅਹਿਮ ਸਥਾਨ ਰੱਖਦੇ ਹਨ। ਉਹ ਨੌਜਵਾਨ ਜੋ ਪੰਜਾਬ ਵਿਚ ਕਦੇ ਬਿਜ਼ਨਸ ਬਾਰੇ ਸੋਚਦੇ ਵੀ ਨਹੀਂ ਸਨ, ਕੈਨੇਡਾ ਵਿਚ ਵੱਡੀਆਂ ਵੱਡੀਆਂ ਕੰਪਨੀਆਂ ਦੇ ਮਾਲਕ ਬਣੀ ਬੈਠੇ ਹਨ। ਹੁਣ ਇਸ ਕਮਿਊਨਿਟੀ ਦੀ ਆਰਥਕ ਹਾਲਤ ਆਦਿਵਾਸੀ ਅਤੇ ਕਾਲੇ ਲੋਕਾਂ ਨਾਲੋਂ ਕਿਤੇ ਵੱਧ ਮਜ਼ਬੂਤ ਅਤੇ ਕਾਮਯਾਬ ਹੈ। ਉਹ ਟੈਕਸੀ ਅਤੇ ਟਰੱਕ ਕੰਪਨੀਆਂ, ਜੋ ਇੱਕ ਵੇਲੇ ਇਨ੍ਹਾਂ ਨੂੰ ਕੰਮ ਦੇਣ ਲਈ ਤਿਆਰ ਨਹੀਂ ਸਨ, ਹੁਣ ਇਨ੍ਹਾਂ ਦੀ ਮਲਕੀਅਤ ਬਣ ਚੁੱਕੀਆਂ ਹਨ। ਇਹ ਗੱਲ ਦੇਖੀ ਗਈ ਹੈ ਕਿ ਜਦੋਂ ਤੁਸੀਂ ਆਪਣੇ ਰੁਜ਼ਗਾਰ ਦੇ ਸਾਧਨਾਂ ਦੇ ਮਾਲਕ ਆਪ ਹੋਵੋ ਤਾਂ ਵਿਤਕਰੇ ਵਾਲੇ ਬਹੁਤ ਸਾਰੇ ਹਾਲਾਤ ਗੁੰਮ ਹੋ ਜਾਂਦੇ ਹਨ ਸਗੋਂ ਉਲਟਾ ਵਿਤਕਰਾ ਦੇਖਿਆ ਗਿਆ ਹੈ ਪਰ ਇਹ ਕਹਿਣਾ ਵੀ ਜ਼ਰੂਰੀ ਹੈ ਕਿ ਕੈਨੇਡਾ ਵਿਚ ਪ੍ਰਧਾਨ ਮੰਤਰੀ ਪੀਅਰ ਐਲੀਅਟ ਟਰੂਡੋ ਨੇ ਜੋ ਬਹੁ-ਸਭਿਆਚਾਰਕ ਸਮਾਜ ਦਾ ਮਾਡਲ ਲਾਗੂ ਕੀਤਾ ਸੀ, ਉਸ ਨੇ ਵੀ ਬਹੁਤ ਅਸਰ ਕੀਤਾ।

ਭਾਰਤ ਦੇ ਪ੍ਰਸੰਗ ਵਿਚ ਜਦੋਂ ਬਰਾਬਰੀ ਅਤੇ ਇਨਸਾਫ ਦੀ ਗੱਲ ਹੁੰਦੀ ਹੈ ਤਾਂ ਇਹ ਕਹਿਣਾ ਕਿ ਸਿਰਫ ਸਿੱਖਾਂ ਨੂੰ ਬਰਾਬਰੀ ਅਤੇ ਇਨਸਾਫ ਚਾਹੀਦਾ ਹੈ, ਗੰਭੀਰ ਸਮਸਿਆ ਹੈ। ਇਹ ਖੁਦਗਰਜ਼ ਨਜ਼ਰੀਆ ਹੈ ਅਤੇ ਸਿੱਖ ਧਰਮ ਦੇ ਅਸੂਲਾਂ ਦੇ ਉਲਟ ਹੈ। ਸਿੱਖ ਲੋਕ ਹਮੇਸ਼ਾਂ ਸਰਬੱਤ ਦੇ ਭਲੇ ਦੀ ਗੱਲ ਕਰਦੇ ਆਏ ਹਨ ਅਤੇ ਸਭ ਮਜ਼ਲੂਮ ਲੋਕਾਂ ਦੇ ਹੱਕਾਂ ਲਈ ਲੜਦੇ ਰਹੇ ਹਨ। ਸੋ, ਭਾਰਤ ਵਿਚ ਜੇਕਰ ਇਨਸਾਫ ਅਤੇ ਬਰਾਬਰੀ ਵਾਲਾ ਮਾਹੌਲ ਪੈਦਾ ਕਰਨਾ ਹੈ ਤਾਂ ਸਭ ਲੋਕਾਂ ਦੇ ਹੱਕਾਂ ਲਈ ਲੜਨਾ ਪਵੇਗਾ। ਸਭ ਲੋਕਾਂ ਦੇ ਹੱਕਾਂ ਦੀ ਜਦੋਂ ਗੱਲ ਆਉਂਦੀ ਹੈ ਤਾਂ ਇਸ ਦਾ ਭਾਵ ਹੈ ਕਿ ਸਿਸਟਮ ਬਿਹਤਰ ਕਰਨਾ ਪਵੇਗਾ। ਇਹ ਕੋਈ ਇਨਕਲਾਬੀ ਤਬਦੀਲੀ ਨਹੀਂ ਹੈ। ਭਾਰਤ ਦੇ ਸੰਵਿਧਾਨ ਵਿਚ ਇਹ ਸਭ ਕੁਝ ਪਹਿਲਾਂ ਹੀ ਹੈ, ਗੱਲ ਸਿਰਫ ਇਸ ਨੂੰ ਲਾਗੂ ਕਰਨ ਦੀ ਹੈ।

ਇਸ ਨੂੰ ਲਾਗੂ ਕਰਨ ਦੇ ਰਾਹ ਵਿਚ ਸਿਆਸੀ ਨੇਤਾਵਾਂ ਦੇ ਵੀ. ਆਈ. ਪੀ. ਹੋਣ ਦੇ ਭੁਲੇਖੇ ਵੀ ਹਨ ਅਤੇ ਲੋਕਾਂ ਦੀਆਂ ਗੁਲਾਮ ਆਦਤਾਂ ਵੀ ਹਨ। ਇਸ ਦੇ ਰਾਹ ਵਿਚ ਭ੍ਰਿਸ਼ਟਾਚਾਰ ਅਤੇ ਅਫਸਰਸ਼ਾਹੀ ਦੀ ਨੈਤਿਕ ਗਿਰਾਵਟ ਵੀ ਹੈ। ਇਸ ਦੇ ਰਾਹ ਵਿਚ ਫਿਰਕੂ ਸੋਚ ਵੀ ਬਹੁਤ ਵੱਡੀ ਰੁਕਾਵਟ ਹੈ। ਇਸ ਸਭ ਕੁਝ ਨੂੰ ਬਦਲਣ ਲਈ ਸਿਆਸੀ ਸੰਘਰਸ਼ ਵੀ ਜ਼ਰੂਰੀ ਹਨ ਪਰ ਲੋਕਾਂ ਦੀ ਆਰਥਕ ਹਾਲਤ ਦੀ ਬਿਹਤਰੀ ਵੀ ਜ਼ਰੂਰੀ ਹੈ। ਉਤਪਾਦਨ ਦੇ ਸਾਧਨਾਂ ਦੇ ਵਿਕਾਸ ਨਾਲ ਹੀ ਸਾਰੇ ਸਮਾਜ ਵਿਚ ਸ਼ਕਤੀ ਆਉਂਦੀ ਹੈ। ਪੰਜਾਬ ਵਿਚ ਇਸ ਵੇਲੇ ਸੋਚ ਸਿਰਫ ਸੰਘਰਸ਼ਾਂ ਤੱਕ ਹੀ ਸੀਮਤ ਹੋ ਚੁੱਕੀ ਹੈ। ਇਸ ਨੂੰ ਅਸੀਂ ਪੰਜਾਬੀ ਲੋਕਾਂ ਦੀ ਬੌਧਿਕ ਗਰੀਬੀ ਵੀ ਕਹਿ ਸਕਦੇ ਹਾਂ। ਇਸ ਬਾਰੇ ਗੱਲ ਅਸੀਂ ਅਗਲੇ ਲੇਖ ਵਿਚ ਕਰਾਂਗੇ।

### ਅਜਮੇਰ ਸਿੰਘ ਅਤੇ ਆਰ. ਐਸ. ਐਸ.

ਅਜਮੇਰ ਸਿੰਘ ਆਰ. ਐਸ. ਐਸ. ਅਤੇ ਹਿੰਦੂ ਲੋਕਾਂ ਵਿਚ ਫਰਕ ਨਹੀਂ ਦੇਖ ਸਕਦਾ। ਉਹ ਆਰ. ਐਸ. ਐਸ. ਦੀ ਧਾਰਮਿਕ ਸਿਆਸਤ ਦਾ ਬਦਲਾ ਹਿੰਦੂਆਂ ਤੋਂ ਲੈਣਾ ਚਾਹੁੰਦਾ ਹੈ। ਲੋੜ ਹਿੰਦੂ-ਸਿੱਖ ਫਸਾਦ ਕਰਵਾਉਣ ਦੀ ਨਹੀਂ ਸਗੋਂ ਭਾਰਤ ਵਿਚ ਸੈਕੂਲਰ ਜਮਹੂਰੀਅਤ ਬਹਾਲ ਕਰਨ ਦੀ ਹੈ। ਇਸ ਕੰਮ ਲਈ ਸਭ ਧਰਮਾਂ ਅਤੇ ਜਾਤੀਆਂ ਦੇ ਲੋਕਾਂ ਨੂੰ ਨਾਲ ਲੈ ਕੇ ਚੱਲਣ ਦੀ ਲੋੜ ਹੈ। ਅਜਮੇਰ ਸਿੰਘ ਆਰ. ਐਸ. ਐਸ. ਦੀ ਫਿਰਕਾਪ੍ਰਸਤੀ ਨਾਲ ਲੜਨ ਲਈ ਸਿੱਖ ਫਿਰਕਾਪ੍ਰਸਤੀ ਦੀ ਵਰਤੋਂ ਕਰਨਾ ਚਾਹੁੰਦਾ ਹੈ। ਉਹ ਭੋਲੇ ਭਾਲੇ ਅਤੇ ਘੱਟ ਪੜ੍ਹੇ ਸਿੱਖ ਨੌਜਵਾਨਾਂ ਨੂੰ ਵਰਗਲਾ ਕੇ ਲੜਾਉਣਾ ਚਾਹੁੰਦਾ ਹੈ ਅਤੇ ਸ਼ਹੀਦ ਕਰਵਾਉਣੇ ਚਾਹੁੰਦਾ ਹੈ। ਇਹ ਰਾਹ ਬਿਲਕੁਲ ਗਲਤ ਹੈ।

ਆਰ. ਐਸ. ਐਸ. ਦੀ ਫਿਰਕੂ ਸੋਚ ਦਾ ਵਿਰੋਧ ਹਿੰਦੂ ਲੋਕਾਂ ਦੇ ਜਮਹੂਰੀ ਅਤੇ ਤਰੱਕੀ-ਪਸੰਦ ਵਰਗਾਂ ਨੂੰ ਨਾਲ ਲਏ ਬਿਨਾਂ ਨੇਪਰੇ ਨਹੀਂ ਚੜ੍ਹ ਸਕਦਾ। ਕਿਸਾਨ ਮੋਰਚੇ ਨੇ ਇਹ ਗੱਲ ਬਹੁਤ ਵਧੀਆ ਤਰੀਕੇ ਨਾਲ ਸਾਹਮਣੇ ਲਿਆਂਦੀ ਹੈ। ਛੱਬੀ ਜਨਵਰੀ ਤੋਂ ਬਾਅਦ, ਬਾਰਡਰ 'ਤੇ ਸਿੱਖ ਲੋਕਾਂ 'ਤੇ ਹਮਲਾ ਹੋਣ ਦੀ ਸੰਭਾਵਨਾ ਪੈਦਾ ਹੋ ਗਈ ਸੀ ਪਰ ਰਾਕੇਸ਼ ਟਿਕੈਤ ਦੇ ਹੰਝੂਆਂ ਨੇ ਯੂ. ਪੀ. ਅਤੇ ਹਰਿਆਣੇ ਦੇ ਜਾਟ ਭਾਈਚਾਰੇ ਨੂੰ ਸਿੱਖ ਕਿਸਾਨਾਂ ਦੀ ਹਿਫਾਜ਼ਤ ਲਈ ਖੜ੍ਹੇ ਕਰ ਦਿਤਾ। ਉਨ੍ਹਾਂ ਦੇ ਸਾਹਮਣੇ ਬੀ. ਜੇ. ਪੀ. ਦੇ ਗੁੰਡੇ ਲਾਚਾਰ ਹੋ ਗਏ। ਪੱਛਮੀ ਬੰਗਾਲ ਅਤੇ ਕੇਰਲ ਦੀਆਂ ਸੂਬਾਈ ਚੋਣਾਂ ਤੋਂ ਵੀ ਪਤਾ ਲਗਦਾ ਹੈ ਕਿ ਹਿੰਦੂ ਭਾਈਚਾਰੇ ਦਾ ਸਾਥ, ਆਰ. ਐਸ. ਐਸ. ਅਤੇ ਬੀ. ਜੇ. ਪੀ. ਦੀ ਫਿਰਕਾਪ੍ਰਸਤ ਸਿਆਸਤ ਤੋਂ ਭਾਰਤ ਨੂੰ ਬਚਾਉਣ ਲਈ ਅਤਿਅੰਤ ਜ਼ਰੂਰੀ ਹੈ।

ਸਟੇਟ ਦਾ ਬਹੁਗਿਣਤੀ ਧਰਮ ਦਾ ਸੰਦ ਬਣ ਜਾਣਾ, ਭਾਰਤ ਦੀ ਜਮਹੂਰੀਅਤ ਉਤੇ ਅਤੇ ਭਾਰਤ ਦੇ ਸੰਵਿਧਾਨ ਉਤੇ ਹਮਲਾ ਹੈ। ਆਰ. ਐਸ. ਐਸ. ਦੀ ਵਿਚਾਰਧਾਰਾ ਲੈ ਕੇ ਬੀ. ਜੇ. ਪੀ. ਨੇ ਭਾਰਤ ਦੀ ਜਮਹੂਰੀਅਤ ਨੂੰ ਕਈ ਤਰੀਕਿਆਂ ਨਾਲ ਭ੍ਰਿਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਫਿਰਕੂ ਪਾੜਾ ਪਾ ਕੇ ਵੋਟਾਂ ਲੈਣ ਦੀ ਸਿਆਸਤ ਖੇਡੀ ਹੈ। ਫਿਰ ਇਨ੍ਹਾਂ ਨੇ ਨਿਆਂ ਪ੍ਰਣਾਲੀ ਵਿਚ ਦਖਲਅੰਦਾਜ਼ੀ ਨਾਲ ਨਿਆਂ ਪ੍ਰਣਾਲੀ ਦੀ ਸੁਤੰਤਰਤਾ ਦਾ ਨੁਕਸਾਨ ਕੀਤਾ ਹੈ। ਇਵੇਂ ਹੀ ਚੋਣ ਕਮਿਸ਼ਨ, ਪੁਲਿਸ ਅਤੇ ਤਫਤੀਸ਼ ਏਜੰਸੀਆਂ ਦੀ ਦੁਰਵਰਤੋਂ ਕੀਤੀ ਹੈ। ਇਸ ਗੱਲ ਦਾ ਇਲਾਜ ਸਿਰਫ ਇਹ ਹੈ ਕਿ ਬੀ. ਜੇ. ਪੀ. ਨੂੰ ਚੋਣਾਂ ਵਿਚ ਹਰਾਇਆ ਜਾਵੇ।

ਆਰ. ਐਸ. ਐਸ. ਦੀ ਹੋਂਦ ਹੀ ਭਾਰਤੀ ਸੰਵਿਧਾਨ ਦੀ ਉਲੰਘਣਾ ਹੈ, ਕਿਉਂਕਿ ਆਰ. ਐਸ. ਐਸ. ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਗੱਲ ਵਾਰ ਵਾਰ ਕਰ ਰਹੇ ਹਨ ਅਤੇ ਇਨ੍ਹਾਂ ਨੇ ਅੰਦਰੂਨੀ ਫੌਜ ਬਣਾ ਰੱਖੀ ਹੈ। ਭਾਰਤ ਦੇ ਅਗਾਂਹਵਧੂ ਲੋਕਾਂ ਨੂੰ ਧਾਰਮਿਕ ਸਿਆਸਤ ਦੇ ਵਿਰੁੱਧ ਖੜ੍ਹੇ ਹੋਣਾ ਪਵੇਗਾ। ਕਿਸਾਨ ਅੰਦੋਲਨ ਦੀ ਇਹੀ ਖੂਬੀ ਹੈ ਕਿ ਇਹ ਧਰਮਾਂ, ਜਾਤਾਂ ਅਤੇ ਊਚ ਨੀਚ ਤੋਂ ਮੁਕਤ ਹੈ। ਅਜਿਹੀ ਲਹਿਰ ਭਾਰਤ ਨੂੰ ਧਾਰਮਿਕ ਸਿਆਸਤ ਤੋਂ ਮੁਕਤ ਕਰਵਾਉਣ ਲਈ ਵੀ ਸ਼ੁਰੂ ਹੋਣੀ ਚਾਹੀਦੀ ਹੈ।

### ਧਰਮ ਅਤੇ ਕਿਸਾਨ ਮੋਰਚਾ

ਕਿਸਾਨ ਸਿੱਖ ਵੀ ਹਨ, ਹਿੰਦੂ ਵੀ ਅਤੇ ਮੁਸਲਮਾਨ ਵੀ। ਜਦੋਂ ਕਿਸਾਨਾਂ ਦੇ ਮੋਰਚੇ ਦੀ ਗੱਲ ਕੀਤੀ ਜਾਂਦੀ ਹੈ ਤਾਂ ਕਿਹੜੇ ਧਰਮ ਦੀ ਵਰਤੋਂ ਕੀਤੀ ਜਾਵੇ? ਅਜਮੇਰ ਸਿੰਘ ਇਸ ਮੋਰਚੇ ਨੂੰ ਸਿੱਖ ਧਰਮ ਦਾ ਰੰਗ ਦੇਣਾ ਚਾਹੁੰਦਾ ਹੈ। ਕੀ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਯੂ. ਪੀ. ਅਤੇ ਹਰਿਆਣੇ ਦੇ ਕਿਸਾਨਾਂ ਨੂੰ ਇਹ ਕਹੀਏ ਕਿ ਜੇਕਰ ਕਿਸਾਨ ਮੋਰਚੇ ਵਿਚ ਹਿੱਸਾ ਲੈਣਾ ਤਾਂ ਪਹਿਲਾਂ ਸਿੱਖ ਬਣੋ? ਕੀ ਇਹ ਔਰੰਗਜ਼ੇਬੀ ਫਰਮਾਨ ਨਹੀਂ ਹੈ? ਕੀ ਸਾਨੂੰ ਧਰਮ ਅਤੇ ਸਿਆਸਤ ਇੱਕਠੇ ਕਰ ਕੇ ਹੀ ਕਿਸਾਨੀ ਮੰਗਾਂ ਮੰਗਣੀਆਂ ਚਾਹੀਦੀਆਂ ਹਨ? ਜੇ ਅਸੀਂ ਇੰਜ ਕੀਤਾ ਤਾਂ ਕੀ ਅਸੀਂ ਆਰ. ਐਸ. ਐਸ. ਦੇ ਤੌਰ ਤਰੀਕੇ ਨਹੀਂ ਅਪਣਾ ਰਹੇ ਹੋਵਾਂਗੇ? ਕੀ ਆਰ. ਐਸ. ਐਸ., ਧਰਮ ਅਤੇ ਸਿਆਸਤ ਨੂੰ ਰਲ ਗੱਡ ਕਰ ਕੇ, ਹਿੰਦੂ ਲੋਕਾਂ ਦੀਆਂ ਵੋਟਾਂ ਨਹੀਂ ਲੈਣੀਆਂ ਚਾਹੁੰਦੀ? ਕੀ ਉਹ ਨਹੀਂ ਚਾਹੁੰਦੇ ਕਿ ਲੋਕਾਂ ਨੂੰ ਧਰਮਾਂ ਵਿਚ ਵੰਡ ਦਿਓ ਅਤੇ ਰਾਜ ਕਰੋ? ਕੀ ਅੰਗਰੇਜ਼ਾਂ ਨੇ ਇਹ ਫਾਰਮੂਲਾ ਨਹੀਂ ਸੀ ਵਰਤਿਆ ਜਿਸ ਨਾਲ ਭਾਰਤ ਦੇ ਦੋ ਟੁਕੜੇ ਹੋ ਗਏ? ਅਜਮੇਰ ਸਿੰਘ ਦਾ ਇਹ ਫਾਰਮੂਲਾ ਸਿੱਧਾ ਆਰ. ਐਸ. ਐਸ. ਦੇ ਹੱਕ ਵਿਚ ਭੁਗਤਦਾ ਹੈ। ਅਜਮੇਰ ਸਿੰਘ ਹਿੰਦੂ ਸਿੱਖ ਨੂੰ ਵੰਡਣਾ ਚਾਹੁੰਦਾ ਹੈ ਅਤੇ ਖੱਬੇ ਪੱਖੀ ਲੋਕਾਂ ਨੂੰ ਸਿੱਖ ਧਰਮ ਦੇ ਵਿਰੋਧੀ ਬਣਾ ਕੇ ਵੱਖ ਕਰਨਾ ਚਾਹੁੰਦਾ ਹੈ। ਬਹੁਤ ਸਾਰੇ ਸਿਧੇ ਪੱਧਰੇ ਅਤੇ ਘੱਟ ਪੜ੍ਹੇ ਨੌਜਵਾਨ ਇਸ ਗੱਲ ਦੇ ਸ਼ਿਕਾਰ ਹੋ ਕੇ ਹਿੰਦੂ ਵਿਰੋਧੀ ਹੋ ਰਹੇ ਹਨ ਅਤੇ ਕਮਿਊਨਿਸਟਾਂ ਨੂੰ ਮੰਦਾ ਬੋਲ ਰਹੇ ਹਨ। ਇਹ ਫਿਰਕਾਪ੍ਰਸਤੀ ਹੈ। ਸਿੱਖ ਧਰਮ ਵੀ ਅਜਿਹੀ ਫਿਰਕੂ ਸੋਚ ਦੇ ਵਿਰੁੱਧ ਹੈ ਅਤੇ ਭਾਰਤ ਦਾ ਸੰਵਿਧਾਨ ਵੀ। ਅਜਮੇਰ ਸਿੰਘ ਇਹ ਗੱਲ ਭੁੱਲ ਰਿਹਾ ਹੈ ਕਿ ਕਿਸਾਨ ਅੰਦੋਲਨ ਪੰਜਾਬ ਦੀਆਂ ਸਰਹੱਦਾਂ ਤੋਂ ਬਾਹਰ ਜਾ ਚੁੱਕਾ ਹੈ ਤੇ ਸਾਰੇ ਭਾਰਤ ਨਾਲ ਇਸ ਦਾ ਤੁਅਲਕ ਹੈ। ਅਖੀਰ 'ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਅਜਮੇਰ ਸਿੰਘ ਦਾ ਨੌਜਵਾਨਾਂ ਨੂੰ ਗੁਮਰਾਹ ਕਰਨਾ ਪੰਜਾਬ ਤੇ ਸਿੱਖ ਧਰਮ ਦੋਹਾਂ ਲਈ ਨੁਕਸਾਨਦੇਹ ਹੈ।

### ਅੰਤਿਕਾ: ਪੰਜਾਬ ਦੇ ਬੁੱਧੀਜੀਵੀਆਂ ਦੀਆਂ ਦੋ ਗਲਤਫਹਿਮੀਆਂ

ਕੀ ਸਿੱਖ ਧਰਮ ਖਤਰੇ ਵਿਚ ਹੈ? ਮੇਰੇ ਖਿਆਲ ਵਿਚ ਸਾਡਾ ਧਰਮ ਖਤਰੇ ਵਿਚ ਨਹੀਂ ਸਗੋਂ ਪੰਜਾਬ ਦੀ ਧਰਤੀ, ਸਾਡਾ ਅਸਮਾਨ, ਸਾਡਾ ਪੌਣ-ਪਾਣੀ, ਸਾਡਾ ਰੁਜ਼ਗਾਰ ਅਤੇ ਸਾਡੀ ਜ਼ਿੰਦਗੀ ਖਤਰੇ ਵਿਚ ਹੈ। ਪਾਣੀ ਮੁੱਕ ਵੀ ਰਿਹਾ ਹੈ ਅਤੇ ਜ਼ਹਿਰੀਲਾ ਵੀ ਹੋ ਰਿਹਾ ਹੈ। ਮਿੱਟੀ ਵਿਚ ਯੂਰੇਨੀਅਮ ਰਚ ਚੁੱਕੀ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸਾਡਾ ਰੁਜ਼ਗਾਰ ਬਹੁਤ ਵੱਡੇ ਖਤਰੇ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਵਿਚ ਜ਼ਮੀਨ ਘਟ ਰਹੀ ਹੈ ਅਤੇ ਮਸ਼ੀਨਰੀ ਵਧ ਰਹੀ ਹੈ। ਇਸ ਦਵੰਦ ਦਾ ਨਤੀਜਾ ਹੈ ਕਿ ਸਾਡੇ ਲਗਾਤਾਰ ਛੋਟੇ ਹੋ ਰਹੇ ਪਰਿਵਾਰਕ ਫਾਰਮ ਘਾਟੇ ਵਿਚ ਜਾਣ ਦੇ ਕੰਢੇ ਖੜ੍ਹੇ ਹਨ। ਜੇਕਰ ਇਹ ਆਰਥਕ ਤੌਰ 'ਤੇ ਕਾਮਯਾਬ ਨਾ ਰਹਿਣ ਤਾਂ ਪੰਜਾਬ ਵਿਚ ਸਾਡੀ ਜ਼ਿੰਦਗੀ ਨੂੰ ਗੰਭੀਰ ਖਤਰਾ ਪੈਦਾ ਹੋ ਸਕਦਾ ਹੈ। ਜੇਕਰ ਸਾਡੀ ਜ਼ਿੰਦਗੀ ਨੂੰ ਖਤਰਾ ਹੈ ਪਰ ਅਸੀਂ ਸਮਝ ਰਹੇ ਹਾਂ ਕਿ ਸਾਡੇ ਧਰਮ ਨੂੰ ਖਤਰਾ ਹੈ, ਤਾਂ ਕੀ ਹੋਵੇਗਾ? ਸਾਫ ਜ਼ਾਹਿਰ ਹੈ ਕਿ ਅਸੀਂ ਉਸ ਮਰੀਜ਼ ਵਾਂਗ ਹਾਂ ਜਿਸ ਨੂੰ ਬਿਮਾਰੀ ਤਾਂ

*(ਬਾਕੀ ਅਗਲੇ ਸਫੇ 'ਤੇ)*

# ਆਦਮ ਖਾਣੀ ਅਪਰੈਲ ਮਗਰੋਂ ਮੌਤ ਮੂੰਹੀਂ ਮਈ ਕਿੱਦਾਂ ਭੁਗਤ ਰਿਹਾ ਹੈ ਭਾਰਤ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਅਸੀਂ ਪਿਛਲੇ ਹਫਤੇ ਇਹ ਜ਼ਿਕਰ ਕੀਤਾ ਸੀ ਕਿ ਸਮੁੱਚੇ ਭਾਰਤ ਉੱਤੇ ਕਬਜ਼ੇ ਲਈ ਇੱਕ ਲੀਡਰ ਦੀ ਲਾਲਸਾ ਦੀ ਦਾੜ੍ਹ ਹੇਠ ਆਏ ਹੋਏ ਭਾਰਤ ਵਿਚ ਕਰੋਨਾ ਵਾਇਰਸ ਦੀ ਮਾਰ ਪਿਛਲੇ ਸਮੇਂ ਵਿਚ ਕਿਸ ਤਰ੍ਹਾਂ ਵਧੀ ਹੈ। ਅਸੀਂ ਲਿਖਿਆ ਸੀ ਕਿ 'ਫਰਵਰੀ ਦੇ ਅੰਤਲੇ ਦਿਨ ਕਰੋਨਾ ਵਾਇਰਸ ਦੇ ਐਕਟਿਵ ਕੇਸਾਂ ਦੀ ਗਿਣਤੀ ਭਾਰਤ ਵਿਚ ਇੱਕ ਲੱਖ ਸੱਤਰ ਹਜ਼ਾਰ ਤੋਂ ਥੋੜ੍ਹੀ ਉੱਤੇ ਸੀ, ਮਾਰਚ ਦੇ ਅੰਤਲੇ ਦਿਨ ਤੱਕ ਚੋਣਾਂ ਲਈ ਰਾਜਸੀ ਲੀਡਰਾਂ ਦੇ ਜਲਸੇ ਸ਼ੁਰੂ ਹੋਣ ਕਾਰਨ ਪੰਜ ਲੱਖ ਪਚਾਸੀ ਹਜ਼ਾਰ ਤੋਂ ਟੱਪ ਗਈ ਤੇ ਪ੍ਰਧਾਨ ਮੰਤਰੀ ਨੇ ਦੌਰੇ ਉਦੋਂ ਸਮੇਟੇ, ਜਦੋਂ ਐਕਟਿਵ ਕੇਸਾਂ ਦੀ ਗਿਣਤੀ ਵੀਹ ਲੱਖ ਤੋਂ ਟੱਪ ਗਈ। ਫਿਰ ਇਹ ਰੁਕੀ ਨਹੀਂ। ਹਾਲਾਤ ਕਾਬੂ ਤੋਂ ਬਾਹਰ ਹੋਣ ਨਾਲ ਅਪਰੈਲ ਮੁੱਕਣ ਤੱਕ ਇਹ ਗਿਣਤੀ ਬੱਤੀ ਲੱਖ ਟੱਪ ਗਈ। ਫਰਵਰੀ ਮੁੱਕਣ ਤੱਕ ਮੌਤਾਂ ਦੀ ਗਿਣਤੀ ਭਾਰਤ ਵਿਚ ਅਜੇ ਇੱਕ ਲੱਖ ਸਤਵੰਜਾ ਹਜ਼ਾਰ ਤੋਂ ਡੇਢ ਸੌ ਉੱਤੇ ਸੀ, ਮਾਰਚ ਮੁੱਕਣ ਤੱਕ ਇਹ ਇੱਕ ਲੱਖ ਤਰੇਹਠ ਹਜ਼ਾਰ ਦੇ ਨੇੜੇ ਪਹੁੰਚੀ, ਪਰ ਅਪਰੈਲ ਮੁੱਕਣ ਤੱਕ ਭਾਰਤ ਵਿਚ ਮੌਤਾਂ ਦੀ ਗਿਣਤੀ ਦੋ ਲੱਖ ਦਸ ਹਜ਼ਾਰ ਟੱਪ ਗਈ। ਅਪਰੈਲ ਦਾ ਮਹੀਨਾ ਭਾਰਤ ਵਿਚ ਸੰਤਾਲੀ ਹਜ਼ਾਰ ਮੌਤਾਂ ਦਾ ਕਾਰਨ ਬਣ ਗਿਆ। ਇਤਿਹਾਸ ਵਿਚ ਭਾਰਤ ਵਿਚ ਕਦੇ ਏਨੀਆਂ ਮੌਤਾਂ ਨਹੀਂ ਹੋਈਆਂ।'

ਸਪੱਸ਼ਟ ਹੈ ਕਿ ਇੱਕ ਆਗੂ ਦੀ ਰਾਜਸੀ ਹਾਬੜ ਦੇ ਕਾਰਨ ਅਪਰੈਲ ਆਦਮ-ਖਾਣਾ ਸਾਬਤ ਹੋਇਆ ਸੀ। ਮਈ ਦੇ ਪਹਿਲੇ ਹਫਤੇ ਨੇ ਗੱਲ ਹੋਰ ਅੱਗੇ ਵਧਾ ਦਿੱਤੀ ਹੈ। ਇਸ ਦੇ ਨਾਲ ਹੀ ਸਰਕਾਰ ਚਲਾਉਣ ਵਾਲਿਆਂ ਦੀ ਲੋਕਾਂ ਵੱਲ ਅਸਲੋਂ ਬੇਫਿਕਰੀ ਵੀ ਹੋਰ ਨੰਗੀ ਕਰ ਦਿੱਤੀ ਹੈ। ਭਾਰਤ ਵਿਚ ਕਰੋਨਾ ਦੇ ਐਕਟਿਵ ਕੇਸਾਂ ਦੀ ਗਿਣਤੀ ਮਾਰਚ ਅੰਤ ਤੀਕ ਪੰਜ ਲੱਖ ਪਚਾਸੀ ਹਜ਼ਾਰ ਹੋਈ ਸੀ, ਅਪਰੈਲ ਮੁੱਕਣ ਤੱਕ ਬੱਤੀ ਲੱਖ ਟੱਪੀ ਸੀ, ਉਹ ਮਈ ਦੇ ਪਹਿਲੇ ਸੱਤ ਦਿਨਾਂ ਵਿਚ ਸੈਂਤੀ ਲੱਖ ਨੂੰ ਟੱਪ ਗਈ ਹੈ। ਮੌਤਾਂ ਦੀ ਗਿਣਤੀ ਫਰਵਰੀ ਮੁੱਕਣ ਤੱਕ ਅਜੇ ਇੱਕ ਲੱਖ ਸਤਵੰਜਾ ਹਜ਼ਾਰ ਤੋਂ ਡੇਢ ਸੌ ਉੱਤੇ ਸੀ, ਮਾਰਚ ਮੁੱਕਣ ਤੱਕ ਵਧ ਕੇ ਇੱਕ ਲੱਖ ਤਰੇਹਠ ਹਜ਼ਾਰ ਦੇ ਨੇੜੇ ਪਹੁੰਚੀ ਸੀ, ਪਰ ਅਪਰੈਲ ਮੁੱਕਣ ਤੱਕ ਇਹੋ ਗਿਣਤੀ ਦੋ ਲੱਖ ਦਸ ਹਜ਼ਾਰ ਟੱਪ ਗਈ ਸੀ। ਮਈ ਦੇ ਪਹਿਲੇ ਸੱਤ ਦਿਨਾਂ ਪਿੱਛੋਂ ਇਹ ਦੋ ਲੱਖ ਅਠੱਤੀ ਹਜ਼ਾਰ ਹੋ ਗਈ ਹੈ ਅਤੇ ਇਸ ਦਾ ਮਤਲਬ ਹੈ ਕਿ ਇੱਕੋ ਹਫਤੇ ਵਿਚ ਅਠਾਈ ਹਜ਼ਾਰ ਮੌਤਾਂ ਹੋ ਗਈਆਂ ਹਨ। ਜੇ ਇਹੋ ਰਫਤਾਰ ਜਾਰੀ ਰਹੇਗੀ ਤਾਂ ਆਦਮ-ਖਾਣੇ ਅਪਰੈਲ ਦੇ ਬਾਅਦ ਮੌਤ-ਮੂੰਹੀਂ ਮਈ ਕਿੱਥੋਂ ਤੱਕ ਪੁਚਾਵੇਗੀ, ਕਹਿ ਸਕਣਾ ਔਖਾ ਹੈ। ਹਾਲਾਤ ਏਦਾਂ ਦੇ ਹਨ ਕਿ ਇਸ ਬਾਰੇ ਕੋਈ ਵੱਡੇ ਤੋਂ ਵੱਡਾ ਡਾਕਟਰ ਜਾਂ ਵਾਇਰਾਲੋਜੀ ਦਾ ਹੋਰ ਮਾਹਰ ਕੁਝ ਕਹਿਣ ਦੇ ਸਮਰੱਥ ਨਹੀਂ।

ਜੀ ਹਾਂ, ਕੋਈ ਕੁਝ ਕਹਿਣ ਦੇ ਇਸ ਕਰ ਕੇ ਵੀ ਸਮਰੱਥ ਨਹੀਂ ਕਿ ਇਸ ਵਕਤ ਭਾਰਤ ਦੇਸ਼ ਦੀ ਡੋਰ ਉਹ ਆਗੂ ਫੜੀ ਬੈਠਾ ਹੈ, ਜਿਹੜਾ ਖੁਦ ਨੂੰ ਦੇਸ਼ ਦਾ ਆਗੂ ਘੱਟ ਮੰਨਦਾ ਤੇ ਰਾਜਾ ਮੰਨਣ ਦੀ ਮਾਨਸਿਕਤਾ ਦਾ ਵੱਧ ਸ਼ਿਕਾਰ ਹੈ। ਉਸ ਦੀ ਹਉਮੈ ਇਥੋਂ ਤੱਕ ਚਲੀ ਗਈ ਹੈ ਕਿ ਸਿਸਟਮ ਦਾ ਕੋਈ ਨੁਕਸ ਵੀ ਕੱਢਿਆ ਜਾਵੇ ਤਾਂ ਉਹ ਆਪਣੇ ਵੱਲ ਉਂਗਲ ਉਠ ਰਹੀ ਮੰਨਦਾ ਤੇ ਉਸ ਉਂਗਲ ਅਤੇ ਉਂਗਲ ਉਠਾਉਣ ਵਾਲੇ ਨੂੰ ਨਿਸ਼ਾਨੇ ਉੱਤੇ ਰੱਖ ਸਕਦਾ ਹੈ, ਪਰ ਦੇਸ਼ ਵਿਚ ਜਿਹੋ ਜਿਹੇ ਹਾਲਾਤ ਹਨ, ਜਿੱਦਾਂ ਦਾ ਚੀਕ-ਚਿਹਾੜਾ ਪੈਂਦਾ ਅਸੀਂ ਲੋਕ ਸੁਣ ਰਹੇ ਹਾਂ, ਉਹ ਉਸ ਨੂੰ ਨਹੀਂ ਸੁਣਦਾ। ਜੇ ਉਹ ਆਗੂ ਲੋਕਾਂ ਦੀਆਂ ਚੀਕਾਂ ਸੁਣ ਸਕਦਾ ਤਾਂ ਉਸ ਨੂੰ ਸੁਣ ਜਾਣਾ ਸੀ ਕਿ ਇੱਕ ਦਿਨ ਤਾਮਿਲਨਾਡੂ ਦੇ ਸ਼ਹਿਰ ਚੇਂਗਲਪੱਟੂ ਦੇ ਸਰਕਾਰੀ ਹਸਪਤਾਲ ਵਿਚ ਆਕਸੀਜਨ ਮੁੱਕ ਗਈ ਤਾਂ ਤੇਰਾਂ ਮਰੀਜ਼ਾਂ ਦੀ ਮੌਤ ਹੋ ਗਈ ਸੀ। ਉਦੋਂ ਤੱਕ ਅਜੇ ਨਵੇਂ ਮੁੱਖ ਮੰਤਰੀ ਨੇ ਸਹੁੰ ਨਹੀਂ ਸੀ ਚੁੱਕੀ। ਪ੍ਰਧਾਨ ਮੰਤਰੀ ਮੋਦੀ ਕਹਿ ਸਕਦਾ ਹੈ ਕਿ ਉਥੇ ਮੇਰਾ ਰਾਜ ਨਹੀਂ ਤੇ ਨਾਲੇ ਉਹ ਬੜੀ ਦੂਰ ਦੱਖਣ ਦੇ ਰਾਜ ਦੀ ਗੱਲ ਹੈ, ਇਸ ਲਈ ਪਤਾ ਨਹੀਂ ਲੱਗਾ, ਪਰ ਉੱਤਰਾਖੰਡ ਹੈ ਵੀ ਨੇੜੇ ਤੇ ਉਸ ਰਾਜ ਦੀ ਸਰਕਾਰ ਵੀ ਨਰਿੰਦਰ ਮੋਦੀ ਦੇ ਆਸ਼ੀਰਵਾਦ ਨਾਲ ਭਾਜਪਾ ਦੀ ਹੈ। ਜਿਸ ਦਿਨ ਚੇਂਗਲਪੱਟੂ ਵਿਚ ਮੌਤਾਂ ਹੋਈਆਂ, ਉੱਤਰਾਖੰਡ ਰਾਜ ਦੇ ਰੁੜਕੀ ਵਿਚ ਵੀ ਉਸੇ ਦਿਨ ਆਕਸੀਜਨ ਮੁੱਕ ਜਾਣ ਨਾਲ ਪੰਜ ਮਰੀਜ਼ਾਂ ਦੀ ਮੌਤ ਹੋ ਗਈ ਸੀ ਤੇ ਭਾਜਪਾ ਸਰਕਾਰ ਨੇ ਜ਼ਿੰਮੇਵਾਰੀ ਨਹੀਂ ਸੀ ਲਈ। ਸ਼ਾਇਦ ਉੱਤਰਾਖੰਡ ਵੀ ਦੂਰ ਹੋਵੇਗਾ, ਪਰ ਭਾਰਤ ਦੇਸ਼ ਦੀ ਰਾਜਧਾਨੀ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ ਤੋਂ ਮਸਾਂ ਚਾਰ ਕਿਲੋਮੀਟਰ ਭਾਜਪਾ ਦੀ ਹਰਿਆਣਾ ਸਰਕਾਰ ਵਾਲੇ ਗੁਰੂ ਗ੍ਰਾਮ ਵਿਚ ਵੀ ਉਸੇ ਦਿਨ ਆਕਸੀਜਨ ਮੁੱਕ ਜਾਣ ਨਾਲ ਪੰਜ ਮਰੀਜ਼ਾਂ ਦੀ ਮੌਤ ਹੋ ਗਈ ਸੀ। ਜਿੱਦਾਂ ਦਾ ਪ੍ਰਧਾਨ ਮੰਤਰੀ, ਓਦਾਂ ਦੇ ਇਸ ਦੇਸ਼ ਦੇ ਵੱਖ-ਵੱਖ ਰਾਜਾਂ ਵਿਚ ਮੁੱਖ ਮੰਤਰੀ ਅਤੇ ਉਹੋ ਜਿਹਾ ਰਾਜ ਚੱਲੀ-ਚਲਾਈ ਜਾਂਦਾ ਹੈ, ਜਿਸ ਵਿਚ ਮਰੀਜ਼ਾਂ ਦਾ ਮਰ ਜਾਣਾ ਕੋਈ ਖਾਸ ਅਰਥ ਨਹੀਂ ਰੱਖਦਾ ਜਾਪਦਾ। ਜੇ ਲੋਕਾਂ ਦਾ ਮਰਨਾ ਕੁਝ ਅਰਥ ਰੱਖਦਾ ਹੁੰਦਾ ਤਾਂ ਉਹ ਕੁਝ ਨਾ ਹੁੰਦਾ, ਜੋ ਹੋ ਰਿਹਾ ਹੈ।

ਪ੍ਰਧਾਨ ਮੰਤਰੀ ਅਤੇ ਉਸ ਦੀ ਪਾਰਟੀ ਦੀ ਸਰਕਾਰ ਭਾਰਤ ਦੇ ਸਭ ਤੋਂ ਵੱਡੇ ਰਾਜ ਉੱਤਰ ਪ੍ਰਦੇਸ਼ ਵਿਚ ਵੀ ਹੈ ਤੇ ਉਸ ਰਾਜ ਵਿਚ ਇਸ ਪਾਰਟੀ ਦੇ ਚਾਰ ਵਿਧਾਇਕ ਕਰੋਨਾ ਦੀ ਬਿਮਾਰੀ ਨਾਲ ਮਰ ਚੁਕੇ ਹਨ। ਤੀਸਰੇ ਵਿਧਾਇਕ ਦੀ ਮੌਤ ਹੋਈ ਤਾਂ ਉਸ ਦੇ ਪੁੱਤਰ ਨੇ ਰੋਂਦਿਆਂ ਕਿਹਾ ਕਿ ਮੇਰਾ ਬਾਪ ਆਪਣੀ ਪਾਰਟੀ ਦੇ ਮੁੱਖ ਮੰਤਰੀ ਆਦਿਤਿਆਨਾਥ ਦੇ ਦਫਤਰ ਨੂੰ ਫੋਨ ਕਰਦਾ ਰਿਹਾ, ਕਿਸੇ ਨੇ ਫੋਨ ਨਹੀਂ ਚੁੱਕਿਆ, ਉਸ ਨੇ ਚਿੱਠੀ ਭੇਜੀ ਤਾਂ ਕਿਸੇ ਨੇ ਨਹੀਂ ਪੜ੍ਹੀ ਤੇ ਜਦੋਂ ਉਸ ਦੀ ਮੌਤ ਬਾਰੇ ਭਾਜਪਾ ਦਫਤਰ ਨੂੰ ਦੱਸਿਆ ਤਾਂ ਉਥੋਂ ਵੀ ਕਿਸੇ ਪ੍ਰਵਾਹ ਨਹੀਂ ਸੀ ਕੀਤੀ। ਸਾਰੀ ਉਮਰ ਦਾ ਭਾਜਪਾ ਦਾ ਵਫਾਦਾਰ ਵਰਕਰ ਆਕਸੀਜਨ ਦੇ ਇੱਕ ਸਿਲੰਡਰ ਨੂੰ ਰੋਂਦਾ ਜਾਨ ਦੇ ਗਿਆ, ਜਦੋਂ ਪਾਰਟੀ ਤੇ ਸਰਕਾਰ ਆਪਣੇ ਉਸ ਵਿਧਾਇਕ ਦੀ ਸਾਰ ਲੈਣ ਨਹੀਂ ਗਈ ਤਾਂ ਉਹ ਆਮ ਲੋਕਾਂ ਬਾਰੇ ਵੀ ਚਿੰਤਾ ਨਹੀਂ ਕਰਨ ਲੱਗੀ। ਇਹੋ ਕਾਰਨ ਹੈ ਕਿ ਇਸ ਦੇਸ਼ ਵਿਚ ਹਰ ਕਿਸੇ ਰਾਜ ਦੀ ਸਰਕਾਰ ਆਕਸੀਜਨ ਦੇ ਚਾਰ ਸਿਲੰਡਰ ਲੈਣ ਲਈ ਪਹਿਲਾਂ ਹਾਈ ਕੋਰਟ ਵੱਲ ਅਤੇ ਫਿਰ ਸੁਪਰੀਮ ਕੋਰਟ ਵੱਲ ਦੌੜਾਂ ਲਾਉਂਦੀ ਦਿਖਾਈ ਦਿੰਦੀ ਹੈ।

ਅਰਵਿੰਦ ਕੇਜਰੀਵਾਲ ਤਾਂ ਨਰਿੰਦਰ ਮੋਦੀ ਨੂੰ ਬਰਦਾਸ਼ਤ ਨਹੀਂ ਹੁੰਦਾ, ਪਰ ਜਿਸ ਕਰਨਾਟਕ ਵਿਚ ਵਿਰੋਧੀ ਧਿਰਾਂ ਦਾ ਤਖਤ ਪਲਟ ਕੇ ਭਾਜਪਾ ਦੇ ਯੇਦੀਯੁਰੱਪਾ ਨੂੰ ਮੁੱਖ ਮੰਤਰੀ ਬਣਨ ਦਾ ਮੌਕਾ ਦਿੱਤਾ ਸੀ, ਉਸ ਦੀ ਸਰਕਾਰ ਵੀ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੇ ਖਿਲਾਫ ਹਾਈ ਕੋਰਟ ਜਾ ਪੁੱਜੀ ਹੈ। ਭਾਜਪਾ ਦੀ ਕਰਨਾਟਕ ਸਰਕਾਰ ਦੀ ਅਰਜ਼ੀ ਉੱਤੇ ਹਾਈ ਕੋਰਟ ਨੇ ਭਾਜਪਾ ਦੀ ਕੇਂਦਰ ਸਰਕਾਰ ਦੇ ਖਿਲਾਫ ਹੁਕਮ ਕਰ ਦਿੱਤਾ ਕਿ ਇਸ ਰਾਜ ਨੂੰ ਲੋੜ ਜੋਗੀ ਆਕਸੀਜਨ ਸਪਲਾਈ ਦਿੱਤੀ ਜਾਵੇ ਤਾਂ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਭਾਜਪਾ ਦੀ ਕੇਂਦਰ ਸਰਕਾਰ ਆਪਣੀ ਹੀ ਪਾਰਟੀ ਦੀ ਕਰਨਾਟਕ ਸਰਕਾਰ ਵਿਰੁੱਧ ਸੁਪਰੀਮ ਕੋਰਟ ਜਾ ਪੁੱਜੀ। ਸੁਪਰੀਮ ਕੋਰਟ ਨੇ ਕਿਹਾ ਕਿ ਕਰਨਾਟਕ ਦੀ ਸਰਕਾਰ ਵੀ ਠੀਕ ਕਹਿੰਦੀ ਹੈ, ਹਾਈ ਕੋਰਟ ਨੇ ਵੀ ਗਲਤ ਨਹੀਂ ਕੀਤਾ ਅਤੇ ਉਸ ਕੋਰਟ ਦੇ ਹੁਕਮ ਨੂੰ ਰੱਦ ਕਰਾਉਣ ਦੀ ਥਾਂ ਕੇਂਦਰ ਦੀ ਮੋਦੀ ਸਰਕਾਰ ਕੁਝ ਕਰ ਕੇ ਦੱਸੇ। ਨਰਿੰਦਰ ਮੋਦੀ ਸਰਕਾਰ ਨੇ ਅਦਾਲਤ ਨੂੰ ਫਿਰ ਟਾਲਣ ਦਾ ਯਤਨ ਕੀਤਾ ਤਾਂ ਸੁਪਰੀਮ ਕੋਰਟ ਦੇ ਜੱਜਾਂ ਨੇ ਕਿਹਾ ਕਿ ਕੇਂਦਰ ਸਰਕਾਰ ਇਹੋ ਜਿਹੇ ਹਾਲਾਤ ਪੈਦਾ ਨਾ ਕਰੇ ਕਿ ਸਾਨੂੰ ਉਸ ਦੇ ਖਿਲਾਫ ਹੋਰ ਸਖਤੀ ਕਰਨੀ ਪੈ ਜਾਵੇ। ਮੋਦੀ ਸਰਕਾਰ ਆਪਣੀ ਪਾਰਟੀ ਦੀ ਰਾਜ ਸਰਕਾਰ ਨੂੰ ਵੀ ਤੰਗ ਕਰਦੀ ਹੈ।

ਇਸ ਹਾਲਤ ਵਿਚ ਕਿਸੇ ਨੇ ਇੱਕ ਸੰਦੇਸ਼ ਭੇਜਿਆ ਹੈ ਕਿ ਦੇਸ਼ ਦਾ ਇਤਿਹਾਸ ਇਹ ਗੱਲ ਕਦੀ ਭੁੱਲ ਨਹੀਂ ਸਕੇਗਾ ਕਿ ਇਸ ਦੇਸ਼ ਦੇ ਇੱਕ ਹਾਕਮ ਨੇ ਆਪਣੀ ਸੱਤਾ ਦੇ ਲਾਲਚ ਵਿਚ ਦੇਸ਼ ਨੂੰ ਸ਼ਮਸ਼ਾਨ ਬਣਾ ਦਿੱਤਾ ਸੀ। ਅਸੀਂ ਉਸ ਸੰਦੇਸ਼ ਨਾਲ ਪੂਰੇ ਸਹਿਮਤ ਨਹੀਂ, ਪਰ ਇਹ ਗੱਲ ਕਹਿ ਸਕਦੇ ਹਾਂ ਕਿ ਦੇਸ਼ ਨੂੰ ਸ਼ਮਸ਼ਾਨ ਬਣਾ ਭਾਵੇਂ ਨਾ ਦਿੱਤਾ ਹੋਵੇ, ਸ਼ਮਸ਼ਾਨ ਬਣਦਾ ਨਹੀਂ ਰੋਕਿਆ। ਜਦੋਂ ਉਸ ਨੂੰ ਕੁਝ ਕਰਨ ਦੀ ਲੋੜ ਸੀ, ਉਹ ਚੋਣ-ਚੱਕਰ ਵਿਚ ਰੁੱਝਾ ਹੋਇਆ ਸੀ। ਜਦੋਂ ਹਾਲਤ ਹੱਦੋਂ ਵੱਧ ਵਿਗੜ ਗਈ, ਫਿਰ ਖਤਾਨਾਂ ਵਿਚ ਰਿੜ੍ਹ ਚੁਕੀ ਗੱਡੀ ਦੇ ਮਗਰ ਦੌੜਨ ਵਾਂਗ ਉਹ ਅੱਧੇ ਮਨ ਨਾਲ ਹਾਲਾਤ ਵੱਲ ਧਿਆਨ ਦੇਣ ਲੱਗਾ ਵੀ ਹੋਵੇ ਤਾਂ ਲੋਕਾਂ ਨੂੰ ਇਸ ਦਾ ਯਕੀਨ ਨਹੀਂ। ਲੋਕ ਸਿਸਟਮ ਤੋਂ ਉਕਤਾਉਂਦੇ ਜਾ ਰਹੇ ਹਨ।

ਇਹੋ ਜਿਹੇ ਹਾਲਾਤ ਵਿਚ ਭਾਰਤ ਨੂੰ ਆਦਮ-ਖਾਣੀ ਅਪਰੈਲ ਝਈਆਂ ਲੈ-ਲੈ ਪੈਂਦੀ ਸੀ, ਉਸ ਦੇ ਮੁੱਕਣ ਮਗਰੋਂ ਮੌਤ-ਮੂੰਹੀਂ ਮਈ ਮਹੀਨਾ ਉਸ ਤੋਂ ਵੱਧ ਔਖਾ ਹੋ ਕਿ ਭਾਰਤ ਭੁਗਤਦਾ ਪਿਆ ਹੈ। ਕੋਈ ਨਹੀਂ ਜਾਣਦਾ ਕਿ ਬਣੇਗਾ ਕੀ!

---

# ਕਰੋਨਾ ਮਹਾਮਾਰੀ ਤੇ ਸੰਵੇਦਨਹੀਣ ਭਾਜਪਾ ਸਰਕਾਰ

ਭਾਰਤ ਬਹੁਤ ਖਤਰਨਾਕ ਦੌਰ ਵਿਚੋਂ ਲੰਘ ਰਿਹਾ ਹੈ। ਕਰੋਨਾ ਮਹਾਮਾਰੀ ਦੇ ਇਸ ਕਹਿਰ ਦੌਰਾਨ ਲੱਖਾਂ ਜਾਨਾਂ ਡਾਕਟਰੀ ਸਹੂਲਤਾਂ ਨਾ ਮਿਲਣ ਕਾਰਨ ਚਲੇ ਗਈਆਂ ਹਨ। ਦੇਸ਼ ਦੀਆਂ ਉਚ ਅਦਾਲਤਾਂ ਵਲੋਂ ਸਰਕਾਰ ਦੇ ਕੰਮ ਕਾਜ ਨੂੰ ਲੈ ਕੇ ਆਏ ਦਿਨ ਸਖਤ ਤੋਂ ਸਖਤ ਟਿੱਪਣੀਆਂ ਹੋ ਰਹੀਆਂ ਹਨ। ਵਿਦੇਸ਼ੀ ਅਖਬਾਰਾਂ ਵਲੋਂ ਭਾਰਤ ਸਰਕਾਰ ਦੀ ਘਟੀਆ ਕਾਰਗੁਜ਼ਾਰੀ ਬਾਰੇ ਲੰਬੇ ਲੰਬੇ ਲੇਖ ਲਿਖੇ ਜਾ ਰਹੇ ਹਨ। ਇਸ ਦੇ ਬਾਵਜੂਦ ਭਾਰਤ ਸਰਕਾਰ ਉਤੇ ਕੋਈ ਅਸਰ ਨਹੀ ਹੋ ਰਿਹਾ। ਕਰੋਨਾ ਕਾਰਨ ਪੂਰੇ ਦੇਸ਼ ਵਿਚ ਹਫੜਾ-ਦਫੜੀ ਵਾਲਾ ਮਾਹੌਲ ਬਣਿਆ ਹੋਇਆ ਹੈ।

**ਹਰਜਿੰਦਰ ਸਿੰਘ ਗੁਲਪੁਰ**
**ਮੈਲਬੌਰਨ (ਆਸਟ੍ਰੇਲੀਆ)**
**ਫੋਨ: +0061411218801**

ਕਰੋਨਾ ਪੀੜਤਾਂ ਦੀ ਗਿਣਤੀ 'ਚ ਆਏ ਦਿਨ ਵਾਧਾ ਹੋ ਰਿਹਾ ਹੈ। ਤਾਜ਼ਾ ਅੰਕੜਿਆਂ ਅਨੁਸਾਰ ਕਰੋਨਾ ਪੀੜਤਾਂ ਦੀ ਗਿਣਤੀ ਪ੍ਰਤੀ ਦਿਨ ਸਵਾ ਚਾਰ ਲੱਖ ਤੱਕ ਪਹੁੰਚ ਗਈ ਹੈ। ਇਸ ਦੇ ਨਾਲ ਨਾਲ ਮੌਤ ਦਰ ਵਿਚ ਵੀ ਵਾਧਾ ਹੋ ਰਿਹਾ ਹੈ। ਹਾਲਤ ਇਹ ਹੈ ਕਿ ਸਰਕਾਰ ਦੇ ਸੱਜੇ ਹੱਥ ਨੂੰ ਇਹ ਨਹੀਂ ਪਤਾ ਕਿ ਉਸ ਦਾ ਖੱਬਾ ਹੱਥ ਕੀ ਕਰ ਰਿਹਾ ਹੈ ਅਤੇ ਖੱਬੇ ਹੱਥ ਨੂੰ ਇਹ ਨਹੀਂ ਪਤਾ ਕਿ ਉਸ ਦਾ ਸੱਜਾ ਹੱਥ ਕੀ ਕਰ ਰਿਹਾ ਹੈ। ਸੱਤਾਧਾਰੀ ਅਤੇ ਵਿਰੋਧੀ-ਦੋਵੇਂ ਗਿੜਗਿੜਾ ਰਹੇ ਹਨ। ਜਿਨ੍ਹਾਂ ਨੂੰ ਮਾਣ ਸੀ, ਜੋ ਤਖਤ 'ਤੇ ਬਿਰਾਜਮਾਨ ਹਨ, ਉਹ ਔਖੇ ਵੇਲੇ ਉਨ੍ਹਾਂ ਦੀ ਮਦਦ ਕਰਨਗੇ, ਅੱਜ ਉਨ੍ਹਾਂ ਦੀ ਹਾਲਤ ਦੇਖੀ ਨਹੀਂ ਜਾ ਰਹੀ। ਅਨੇਕਾਂ ਵੱਡੇ ਵੱਡੇ ਰਸੂਖਦਾਰ ਵਿਅਕਤੀਆਂ ਨੇ ਡਾਕਟਰੀ ਮਦਦ ਨਾ ਮਿਲਣ ਕਾਰਨ ਦਮ ਤੋੜ ਦਿੱਤਾ ਹੈ। ਇਨ੍ਹਾਂ 'ਚ ਵਿਧਾਇਕ ਤੋਂ ਲੈ ਕੇ ਵਜ਼ੀਰ ਤੱਕ ਸ਼ਾਮਿਲ ਹਨ।

ਇਸ ਸਮੇਂ ਸਰਕਾਰ ਦਾ ਪੂਰਾ ਧਿਆਨ ਕਰੋਨਾ ਨੂੰ ਕਾਬੂ ਕਰਨ ਵੱਲ ਹੋਣਾ ਚਾਹੀਦਾ ਹੈ, ਪਰ ਬਹੁਤ ਅਫਸੋਸ ਦੀ ਗੱਲ ਹੈ ਕਿ ਸਰਕਾਰ ਕਰੋਨਾ ਉਤੇ ਕਾਬੂ ਪਾਉਣ ਦੀ ਥਾਂ ਉਹ ਇਮਾਰਤਾਂ ਬਣਾਉਣ ਵਿਚ ਮਸ਼ਰੂਫ ਹੈ, ਜਿਨ੍ਹਾਂ ਬਿਨਾ ਸਰ ਸਕਦਾ ਹੈ। ਕੇਂਦਰ ਸਰਕਾਰ ਦੋ ਤਰ੍ਹਾਂ ਦੇ ਨਵ ਨਿਰਮਾਣ ਕਰ ਰਹੀ ਹੈ। ਸੰਸਦ ਭਵਨ ਦੀ ਉਸਾਰੀ ਉਤੇ 20 ਹਜ਼ਾਰ ਕਰੋੜ ਰੁਪਏ ਖਰਚੇ ਜਾ ਰਹੇ ਹਨ, ਜਦੋਂ ਕਿ ਪ੍ਰਧਾਨ ਮੰਤਰੀ ਨਿਵਾਸ ਦੇ ਨਿਰਮਾਣ ਉਤੇ ਕਰੀਬ 13 ਹਜਾਰ ਕਰੋੜ ਰੁਪਏ ਖਰਚੇ ਜਾ ਰਹੇ ਹਨ। ਦੇਸ਼ ਵਾਸੀ, ਇੱਕ ਸਾਲ ਵਿਚ ਕਰੋਨਾ ਦੀ ਦੂਹਰੀ ਮਾਰ ਝੱਲ ਰਹੇ ਹਨ। ਦੇਸ਼ ਦੀ ਆਰਥਿਕਤਾ ਦਾ ਬੁਰਾ ਹਾਲ ਹੈ। ਰੋਟੀ ਰੋਜ਼ੀ ਲਈ ਲੋਕ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹਨ। ਸਵਾਲ ਪੈਦਾ ਹੁੰਦਾ ਹੈ ਕਿ ਪਾਣੀ ਵਾਂਗ ਪੈਸਾ ਵਹਾ ਕੇ ਇਨ੍ਹਾਂ ਭਵਨ ਨਿਰਮਾਣਾਂ ਦੀ ਕੀ ਲੋੜ ਸੀ? ਹਾਲ ਦੀ ਘੜੀ ਜੇ ਪੁਰਾਣੇ ਭਵਨਾਂ ਵਿਚ ਰਹਿ ਕੇ ਦੇਸ਼ ਚਲਾਇਆ ਜਾ ਰਿਹਾ ਹੈ ਤਾਂ ਅੱਗੇ ਲਈ ਵੀ ਚਲਾਇਆ ਜਾ ਸਕਦਾ ਹੈ।

ਡਾ. ਵੇਦ ਪ੍ਰਤਾਪ ਵੈਦਿਕ ਅਨੁਸਾਰ ਭਾਜਪਾ ਸਰਕਾਰ ਲਈ ਬੰਗਾਲ ਕਰੋਨਾ ਤੋਂ ਉਪਰ ਹੋ ਗਿਆ ਹੈ। ਮਮਤਾ ਬੈਨਰਜੀ ਨੇ ਅਜੇ ਸਹੁੰ ਵੀ ਨਹੀਂ ਸੀ ਚੁੱਕੀ, ਪਰ ਉਸ ਦੀ ਸਰਕਾਰ ਨੂੰ ਅਸਥਿਰ ਕਰਨ ਦੀਆਂ ਚਾਲਾਂ ਸ਼ੁਰੂ ਵੀ ਹੋ ਗਈਆਂ। ਕਿਸ ਤਰ੍ਹਾਂ ਚੱਲੇਗਾ ਇਹ ਦੇਸ਼? ਬੰਗਾਲ ਵਿਚ ਕੁਝ ਕਾਰਜਕਰਤਾਵਾਂ ਦੀ ਹੋਈ ਮੌਤ ਨੂੰ ਰਾਸ਼ਟਰੀ ਮੁੱਦਾ ਬਣਾਇਆ ਜਾ ਰਿਹਾ ਹੈ ਤਾਂ ਕਿ ਲੋਕਾਂ ਦਾ ਧਿਆਨ ਕਰੋਨਾ ਵਰਗੇ ਮੁੱਖ ਮੁੱਦੇ ਤੋਂ ਭਟਕਾਇਆ ਜਾ ਸਕੇ। ਉਨ੍ਹਾਂ ਨੇ ਤਮਾਮ ਪਾਰਟੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਰਾਜਨੀਤੀ ਕਰਨ ਦੀ ਥਾਂ ਆਪਣੇ ਵਰਕਰਾਂ ਨੂੰ ਆਦੇਸ਼ ਦੇਣ ਕਿ ਉਹ ਹਰ ਲੋੜਵੰਦ ਮਰੀਜ ਤੱਕ ਆਕਸੀਜਨ ਪਹੁੰਚਾਉਣ ਦਾ ਕੰਮ ਕਰਨ। ਇਸ ਨਾਲ ਆਕਸੀਜਨ ਦੀ ਚੋਰ ਬਾਜ਼ਾਰੀ ਨੂੰ ਠੱਲ੍ਹ ਪਵੇਗੀ।

ਵਿਸ਼ਵ ਦੇ ਪ੍ਰਸਿੱਧ ਮੈਡੀਕਲ ਰਸਾਲੇ 'ਨੇਚਰ' ਨੇ ਆਪਣੇ ਸੰਪਾਦਕੀ ਵਿਚ ਖੁਲਾਸਾ ਕੀਤਾ ਹੈ ਕਿ ਭਾਰਤ ਅਤੇ ਬ੍ਰਾਜ਼ੀਲ ਨੂੰ ਛੱਡ ਕੇ ਸਾਰੀ ਦੁਨੀਆਂ ਦੇ ਦੇਸ਼ਾਂ ਨੇ ਵਿਗਿਆਨੀਆਂ ਦੀ ਸਲਾਹ ਨੂੰ ਮੰਨਿਆ ਹੈ। ਇਸ ਸਮੇਂ ਭਾਰਤ ਤੇ ਬ੍ਰਾਜ਼ੀਲ ਨੂੰ ਛੱਡ ਕੇ ਅਮਰੀਕਾ ਅਤੇ ਯੂਰਪ ਦੇ ਉਨ੍ਹਾਂ ਦੇਸ਼ਾਂ ਵਿਚ ਕਰੋਨਾ ਦਾ ਕਹਿਰ ਘੱਟ ਹੋਣ ਲੱਗ ਪਿਆ ਹੈ, ਜਿਨ੍ਹਾਂ ਦੇਸ਼ਾਂ ਵਿਚ ਕਰੋਨਾ ਦੀ ਪਹਿਲੀ ਲਹਿਰ ਨੇ ਤਬਾਹੀ ਮਚਾਈ ਸੀ। ਭਾਰਤ ਇਸ ਵਕਤ ਪ੍ਰਤੀ ਦਿਨ ਦੇ ਹਿਸਾਬ ਨਾਲ ਸਭ ਤੋਂ ਜ਼ਿਆਦਾ ਮੌਤਾਂ ਦੀ ਗਿਣਤੀ ਵਿਚ ਪਹਿਲੇ ਨੰਬਰ 'ਤੇ ਹੈ। ਪਿਛਲੇ ਹਫਤੇ ਦੇ ਮੁਕਾਬਲੇ ਭਾਰਤ ਵਿਚ ਇਸ ਹਫਤੇ 15% ਜ਼ਿਆਦਾ ਮਰੀਜ ਮਿਲੇ ਹਨ। ਇਸੇ ਤਰ੍ਹਾਂ ਮੌਤ ਦੀ ਗਿਣਤੀ 41% ਵਧੀ ਹੈ। ਬ੍ਰਾਜ਼ੀਲ ਵਿਚ ਨਵੇਂ ਮਰੀਜਾਂ ਦੀ ਗਿਣਤੀ 6% ਵਧੀ ਹੈ, ਜਦੋਂ ਕਿ ਮੌਤ 'ਚ 3% ਕਮੀ ਹੋਈ ਹੈ।

ਕਰੋਨਾ ਦੀ ਲਾਗ ਨਾਲ ਸਬੰਧਿਤ ਦੁਨੀਆਂ ਭਰ ਦੇ ਅੰਕੜੇ ਦੇਣ ਵਾਲੀ ਵੈਬਸਾਈਟ worldometer.info 'ਤੇ ਕੀਤੇ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ ਬਾਹਰੀ ਦੁਨੀਆਂ ਇਸ ਮਹਾਮਾਰੀ ਤੋਂ ਨਿਜਾਤ ਪਾਉਣ ਵੱਲ ਤੇਜੀ ਨਾਲ ਵਧ ਰਹੀ ਹੈ। ਦੂਜੇ ਪਾਸੇ ਭਾਰਤ ਦੀ ਹਾਲਤ ਬਦ ਤੋਂ ਬਦਤਰ ਬਣਦੀ ਜਾ ਰਹੀ ਹੈ। ਭਾਰਤ ਦੀ ਵੱਕਾਰੀ ਸੀਰਮ ਇੰਸਟੀਚਿਊਟ ਦੇ ਕਰਤਾ-ਧਰਤਾ ਅਦਾਰ ਪੂਨਾਵਾਲਾ ਦੇਸ਼ ਛੱਡ ਕੇ ਇੰਗਲੈਂਡ ਚਲੇ ਗਏ ਹਨ ਅਤੇ ਉਤੇ ਵੱਡੀ ਪੱਧਰ 'ਤੇ ਧਨ ਨਿਵੇਸ਼ ਕਰਨ ਦੀਆਂ ਗੱਲਾਂ ਕਰ ਰਹੇ ਹਨ।

ਗੁੜਗਾਓਂ ਦੇ ਇੱਕ ਹਸਪਤਾਲ ਵਿਚ ਆਕਸੀਜਨ ਨਾ ਮਿਲਣ ਕਾਰਨ ਸਾਰੇ ਮਰੀਜਾਂ ਦੀ ਮੌਤ ਹੋ ਗਈ। ਇਸ ਦੌਰਾਨ ਹਸਪਤਾਲ ਦਾ ਸਟਾਫ ਹਸਪਤਾਲ ਵਿਚੋਂ ਦੌੜ ਗਿਆ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਸਰਕਾਰ ਨੂੰ ਕਰੋਨਾ ਸੰਕਟ ਨਾਲ ਨਿਪਟਣ ਲਈ ਨਵੇਂ ਸਿਰਿਓਂ ਵਿਉਂਤਵੰਦੀ ਦੀ ਲੋੜ ਹੈ। ਕੋਰਟ ਅਨੁਸਾਰ ਆਕਸੀਜਨ ਦੀ ਸਪਲਾਈ ਸਹੀ ਢੰਗ ਨਾਲ ਨਹੀਂ ਹੋ ਰਹੀ। ਸਰਕਾਰ ਦਾ ਹਾਲ ਇਹ ਹੈ ਕਿ ਉਹ ਇਸ ਗੰਭੀਰ ਬਿਮਾਰੀ ਦਾ ਕੋਈ ਵਿਗਿਆਨਕ ਹੱਲ ਲੱਭਣ ਦੀ ਥਾਂ ਨੀਮ ਹਕੀਮੀ ਨੂੰ ਉਤਸ਼ਾਹਿਤ ਕਰ ਰਹੀ ਹੈ।

ਕੇਂਦਰ ਸਰਕਾਰ ਦੇ ਸਾਇੰਸ ਅਤੇ ਤਕਨਾਲੋਜੀ ਮੰਤਰਾਲੇ ਨੇ ਰਿਸ਼ੀਕੇਸ਼ ਸਥਿਤ ਮੈਡੀਕਲ ਸੰਸਥਾ ਏਮਜ਼ ਨੂੰ ਫੰਡ ਜਾਰੀ ਕਰਕੇ ਕਿਹਾ ਹੈ ਕਿ ਗਾਇਤਰੀ ਮੰਤਰ ਦੇ ਜਾਪ ਅਤੇ ਪ੍ਰਾਣਾਯਾਮ ਦੇ ਕਰੋਨਾ ਪ੍ਰਭਾਵਾਂ ਨੂੰ ਸਾਬਤ ਕਰਨ ਲਈ ਕਲਿਨਿਕਲ ਖੋਜ ਸ਼ੁਰੂ ਕੀਤੀ ਜਾਵੇ। ਇਸ ਦੀ ਪੁਸ਼ਟੀ ਰਿਸ਼ੀਕੇਸ਼ ਸਥਿਤ ਏਮਜ਼ ਦੀ ਐਸੋਸੀਏਟ ਪ੍ਰੋਫੈਸਰ ਰਿਚਾ ਦੂਆ ਨੇ ਕੀਤੀ ਹੈ। ਇਸ ਤੋਂ ਪਹਿਲਾਂ ਵੀ ਸਿਹਤ ਮੰਤਰਾਲੇ ਨੇ ਬਾਬਾ ਰਾਮਦੇਵ ਵਲੋਂ ਤਿਆਰ ਕੀਤੀਆਂ ਦਵਾਈਆਂ ਨੂੰ ਬਾਜ਼ਾਰ ਵਿਚ ਉਤਾਰਨ ਲਈ ਉਸ ਦੀ ਮਦਦ ਕੀਤੀ ਹੈ। ਇੱਕ ਦਵਾਈ ਲਾਂਚ ਕਰਨ ਸਮੇਂ ਸਿਹਤ ਮੰਤਰੀ ਹਰਸ਼ਵਰਧਨ ਅਤੇ ਨਿਤਿਨ ਗਡਕਰੀ ਨਾਲ ਰਾਮਦੇਵ ਦੀਆਂ ਤਸਵੀਰਾਂ ਮੀਡੀਆ ਵਿਚ ਛਪ ਚੁਕੀਆਂ ਹਨ।

ਭਾਜਪਾ ਸਰਕਾਰ ਨੇ ਇਸ ਮਹਾਮਾਰੀ ਦੇ ਦੌਰ ਵਿਚ ਦੇਸ਼ ਵਾਸੀਆਂ ਨੂੰ ਇੱਕ ਤਰ੍ਹਾਂ ਨਾਲ ਬੇਸਹਾਰਾ ਛੱਡ ਦਿੱਤਾ ਹੈ। ਵਿਸ਼ਵ ਪੱਧਰ 'ਤੇ ਭਾਰਤ ਦੀ ਜੱਗ-ਹਸਾਈ ਹੋ ਰਹੀ ਹੈ, ਪਰ ਸੰਵੇਦਨਹੀਣ ਸਰਕਾਰ 'ਤੇ ਕੋਈ ਅਸਰ ਨਹੀਂ ਹੋ ਰਿਹਾ। ਬੰਗਾਲ ਦੀ ਹਾਰ ਨੂੰ ਸਵੀਕਾਰ ਕਰਨ ਦੀ ਥਾਂ ਉਥੇ ਫਿਰਕੂ ਨਫਰਤ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸਤਿਆ ਹਿੰਦੀ ਡਾਟ ਕਾਮ ਚੈਨਲ ਅਨੁਸਾਰ ਬੰਗਾਲ ਹਿੰਸਾ ਬਾਰੇ ਭਾਜਪਾ ਵਲੋਂ ਜਿਹੜੀਆਂ ਵੀਡੀਓ ਵਾਇਰਲ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਵਿਚੋਂ ਬਹੁਤੀਆਂ ਝੂਠੀਆਂ ਹਨ। ਇਥੋਂ ਤੱਕ ਕਿ ਇੱਕ ਕੇਂਦਰੀ ਰਾਜ ਮੰਤਰੀ ਉਤੇ ਕੀਤੇ ਗਏ ਕਥਿਤ ਹਮਲੇ ਦੀ ਜਿਹੜੀ ਵੀਡੀਓ ਵਾਇਰਲ ਕੀਤੀ ਗਈ ਹੈ, ਉਹ ਕਾਂਗੋ ਦੇਸ਼ ਨਾਲ ਸਬੰਧਿਤ 10 ਸਾਲ ਪੁਰਾਣੀ ਹੈ।

ਭਾਰਤ ਦੀ ਕੇਂਦਰ ਸਰਕਾਰ ਨੂੰ ਰਾਜਸੀ ਗਿਣਤੀਆਂ-ਮਿਣਤੀਆਂ ਤੋਂ ਉਪਰ ਉਠ ਕੇ ਆਪਣੀ ਸਾਰੀ ਤਾਕਤ ਕਰੋਨਾ ਉਤੇ ਕਾਬੂ ਪਾਉਣ ਲਈ ਵਰਤਣੀ ਚਾਹੀਦੀ ਹੈ। ਦੇਸ਼ ਦੇ ਵਡੇਰੇ ਹਿਤਾਂ ਨੂੰ ਸਾਹਮਣੇ ਰੱਖ ਕੇ ਕਰੋੜਾਂ-ਅਰਬਾਂ ਰੁਪਏ ਦੇ ਬੇਲੋੜੇ ਪ੍ਰਾਜੈਕਟ ਰੱਦ ਕਰ ਦੇਣੇ ਚਾਹੀਦੇ ਹਨ।

---

# ਅਜਮੇਰ ਸਿੰਘ ਦੀਆਂ ਕੁਝ ਬੱਜਰ ਗਲਤਫਹਿਮੀਆਂ

*(ਪਿਛਲੇ ਸਫੇ ਦੀ ਬਾਕੀ)*

ਕੈਂਸਰ ਦੀ ਹੈ ਪਰ ਦਵਾਈ ਉਹ ਮਲੇਰੀਏ ਦੀ ਲੈ ਰਿਹਾ ਹੈ। ਸਾਫ ਜ਼ਾਹਿਰ ਹੈ ਕਿ ਅਸੀਂ ਗੰਭੀਰ ਗਲਤੀਆਂ ਕਰ ਸਕਦੇ ਹਾਂ। ਮਿਸਾਲ ਵਜੋਂ ਹਵਾ ਦੇ ਪ੍ਰਦੂਸ਼ਨ ਦਾ ਇਲਾਜ ਕਿਸੇ ਵੀ ਧਰਮ ਰਾਹੀਂ ਨਹੀਂ ਹੋ ਸਕਦਾ। ਇਵੇਂ ਹੀ ਮਨ ਦੀ ਸ਼ਾਂਤੀ ਲਈ ਅਤੇ ਅਸਤਿਤਵਵਾਦੀ ਆਸ ਲਈ ਧਰਮ ਜ਼ਰੂਰੀ ਹੈ, ਇਹ ਕੰਮ ਵਿਗਿਆਨ ਨਹੀਂ ਕਰ ਸਕਦਾ। ਜੋ ਕੰਮ ਵਿਗਿਆਨ ਕਰ ਸਕਦਾ ਹੈ, ਉਹ ਧਰਮ ਨਹੀਂ ਕਰ ਸਕਦਾ ਅਤੇ ਜੋ ਧਰਮ ਕਰ ਸਕਦਾ ਹੈ, ਉਹ ਵਿਗਿਆਨ ਨਹੀਂ ਕਰ ਸਕਦਾ। ਇਸ ਦਾ ਭਾਵ ਹੈ ਕਿ ਸਾਨੂੰ ਸਮਸਿਆਵਾਂ ਦਾ ਦਰੁਸਤ ਵਿਸ਼ਲੇਸ਼ਣ ਕਰ ਕੇ ਇਹ ਸੋਚਣਾ ਪਵੇਗਾ ਕਿ ਇਥੇ ਵਿਗਿਆਨ ਦੀ ਲੋੜ ਹੈ ਜਾਂ ਧਰਮ ਦੀ ਜਾਂ ਫਿਰ ਕਿਸੇ ਹੋਰ ਕਿਸਮ ਦੇ ਗਿਆਨ ਦੀ।

ਇਵੇਂ ਹੀ ਬਹੁਤ ਸਾਰੇ ਨੌਜਵਾਨ ਅਜੇ ਵੀ ਪ੍ਰੋਲੇਤਾਰੀ ਇਨਕਲਾਬ ਦਾ ਸੁਪਨਾ ਲੈ ਕੇ ਤੁਰੇ ਫਿਰਦੇ ਹਨ। ਉਹ ਇਹ ਨਹੀਂ ਜਾਣਦੇ ਕਿ ਹੁਣ ਦੁਨੀਆ ਬਹੁਤ ਬਦਲ ਚੁੱਕੀ ਹੈ ਅਤੇ ਕਮਿਊਨਿਸਟ ਮੈਨੀਫੈਸਟੋ ਵਾਲੇ ਹਾਲਾਤ ਹੁਣ ਨਹੀਂ ਹਨ। ਮਸਨੂਈ ਬੁੱਧੀ ਦਾ ਯੁੱਗ ਆ ਰਿਹਾ ਹੈ। ਸਰਮਾਏਦਾਰੀ ਨਿਜ਼ਾਮ ਅਜੇ ਵੀ ਚੱਲ ਰਿਹਾ ਹੈ ਜਿਸ ਵਿਚ ਬਹੁਤ ਸਾਰੇ ਨੁਕਸ ਵੀ ਹਨ ਅਤੇ ਬਹੁਤ ਸਾਰੇ ਮੌਕੇ ਵੀ ਹਨ। ਪੰਜਾਬ ਦੀਆਂ ਸਮਸਿਆਵਾਂ ਨੂੰ ਹੱਲ ਕਰਨ ਲਈ ਘੜੀਆਂ ਘੜਾਈਆਂ ਵਿਚਾਰਧਾਰਾਵਾਂ ਕੰਮ ਨਹੀਂ ਕਰਨਗੀਆ। ਸਾਨੂੰ ਵਿਗਿਆਨੀਆਂ, ਈਜਾਦਕਾਰਾਂ, ਉਦਮਕਾਰਾਂ ਅਤੇ ਚਿੰਤਕਾਂ ਦੀ ਲੋੜ ਹੈ ਜੋ ਇਸ ਬਦਲੇ ਹਾਲਾਤ ਵਿਚ ਪੰਜਾਬ ਵਿਚ ਬਰਕਰਾਰੀਯੋਗ, ਮਾਨਵ-ਮਾਫਕ ਅਤੇ ਧਰਤੀ-ਮਾਫਕ ਸਭਿਅਤਾ ਉਸਾਰਨ ਵੱਲ ਲੱਗ ਜਾਣ।

ਪੰਜਾਬ ਦੇ ਨੌਜਵਾਨਾਂ ਨੂੰ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਅਤੇ ਸਟਾਲਿਨੀ ਪ੍ਰੇਤ ਸਾਏ ਤੋਂ ਮੁਕਤ ਮਹਾਨ ਮਾਰਕਸੀ ਫਲਸਫੇ ਦੀ ਅੰਤਰ-ਆਤਮਾ ਵਿਚਲੇ ਮਾਨਵਵਾਦੀ ਸੰਦੇਸ਼ ਨਾਲ ਜ਼ਬਰਦਸਤ ਲਹਿਰ ਖੜ੍ਹੀ ਕਰਨੀ ਚਾਹੀਦੀ ਹੈ, ਜੋ ਵਾਤਾਵਰਨ ਨੂੰ ਸ਼ੁੱਧ ਕਰਨ ਲਈ ਪੰਜਾਬ ਨੂੰ ਜਾਗ੍ਰਿਤ ਕਰੇ। ਦੂਜੀ ਵਡੀ ਸਮਸਿਆ ਹੈ, ਖੇਤੀ ਨੂੰ ਕਿਵੇਂ ਆਰਥਕ ਤੌਰ 'ਤੇ ਕਾਮਯਾਬ ਬਣਾਇਆ ਜਾਵੇ। ਇਸ ਦੇ ਕਈ ਮਾਡਲ ਹਨ ਜੋ ਲਾਗੂ ਕੀਤੇ ਜਾ ਸਕਦੇ ਹਨ। ਪੰਜਾਬ 'ਚ ਹੁਣ ਧਾਰਮਿਕ ਸਿਆਸਤ ਪੁਰਾਣੀ ਹੋ ਚੁਕੀ ਹੈ ਤੇ ਇਸ ਤੋਂ ਬਚਣ ਦੀ ਲੋੜ ਹੈ। ਇਵੇਂ ਹੀ ਗੁਰਸ਼ਰਨ ਸਿੰਘ ਨਾਟਕਕਾਰ ਦੇ ਵੇਲੇ ਦਾ ਖੱਬੇ ਪੱਖੀ ਪੈਰਾਡਾਈਮ ਵੀ ਪੁਰਾਣਾ ਹੋ ਚੁਕਾ ਹੈ। ਨੌਜਵਾਨਾਂ ਨੂੰ ਨਵੇਂ ਵਿਚਾਰ ਪੈਦਾ ਕਰਨੇ ਚਾਹੀਦੇ ਹਨ। ਪੰਜਾਬ ਦੀ ਬਰਕਰਾਰੀਯੋਗ ਤੇ ਹੰਢਣਸਾਰ ਤਰੱਕੀ ਲਈ ਹਰ ਤਰ੍ਹਾਂ ਦੇ ਬਿਜ਼ਨਸ ਤੇ ਸੇਵਾਵਾਂ ਖੋਲ੍ਹਣੀਆਂ ਚਾਹੀਦੀਆਂ ਹਨ।

# ਪੰਜਾਬ ਦੀ ਹੋਣੀ ਦਾ ਬਿਰਤਾਂਤ, ਕਹਾਣੀ "ਮੈਂ ਰੋ ਨਾ ਲਵਾਂ ਇੱਕ ਵਾਰ!"

**ਕੁਲਵਿੰਦਰ ਖਹਿਰਾ**

ਇਸ ਵਿਚ ਕੋਈ ਸ਼ੱਕ ਨਹੀਂ ਕਿ ਕਲਾਤਮਕ ਪੱਖੋਂ ਪੰਜਾਬੀ ਕਹਾਣੀ ਬਹੁਤ ਅੱਗੇ ਨਿਕਲ ਗਈ ਹੈ ਤੇ ਬਹੁਤ ਸਾਰੇ ਨਾਂ ਹਨ, ਜੋ ਇਸ ਵਿਚ ਗਿਣਾਂਤਮਕ ਅਤੇ ਗੁਣਾਂਤਮਕ-ਦੋਹਾਂ ਹੀ ਪੱਖਾਂ ਤੋਂ ਅਹਿਮ ਵਾਧਾ ਕਰ ਰਹੇ ਨੇ, ਪਰ ਵਰਿਆਮ ਸਿੰਘ ਸੰਧੂ ਦੀ ਕਹਾਣੀ 'ਮੈਂ ਰੋ ਨਾ ਲਵਾਂ ਇੱਕ ਵਾਰ!' ਪੜ੍ਹਦਿਆਂ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਸਾਹਿਤ ਵਿਚ ਕਲਾ ਦਾ ਕੋਈ ਸਿਖਰ ਨਹੀਂ ਤੇ ਇਸ ਆਧਾਰ 'ਤੇ ਪੰਜਾਬੀ ਸਾਹਿਤ ਵਿਚ ਨਵੇਂ ਦਿਸਹੱਦਿਆਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

'9-12-10' ਦੇ ਧਰਾਤਲ 'ਤੇ ਉਸਾਰੀ ਗਈ ਵਰਿਆਮ ਸਿੰਘ ਸੰਧੂ ਦੀ ਨਵੀਂ ਕਹਾਣੀ 'ਮੈਂ ਰੋ ਨਾ ਲਵਾਂ ਇੱਕ ਵਾਰ!', ਜੋ 'ਸਿਰਜਣਾ' ਦੇ 200ਵੇਂ ਅੰਕ ਵਿਚ ਛਪੀ ਹੈ, ਏਨੀ ਬਹੁ-ਪਰਤੀ ਅਤੇ ਜਟਿਲ ਹੈ ਕਿ ਇਸ ਦੀਆਂ ਸਾਰੀਆਂ ਪਰਤਾਂ ਨੂੰ ਸਮਝ ਤੇ ਬਿਆਨ ਸਕਣਾ ਜੇ ਨਾ ਮੁਮਕਿਨ ਨਹੀਂ ਤਾਂ ਅਤਿ ਮੁਸ਼ਕਿਲ ਜ਼ਰੂਰ ਹੈ।

ਰੋਟੀ ਦੀ ਲੋੜ ਨੂੰ ਬੁਨਿਆਦੀ ਸਮੱਸਿਆ ਮੰਨ ਕੇ ਬੁਣਿਆ ਗਿਆ ਇਸ ਕਹਾਣੀ ਦਾ ਪਲਾਟ ਪੰਜਾਬੀ ਸੱਭਿਆਚਾਰ ਵਿਚਲੇ ਆਰਥਿਕ ਸੰਕਟ, ਜਾਤੀਵਾਦ, ਅੰਤਰ-ਜਾਤੀਵਾਦ ਅਤੇ ਕਿਸਾਨ-ਮਜ਼ਦੂਰ ਦੇ ਆਪਸੀ ਰਿਸ਼ਤਿਆਂ ਦੀ ਜਟਿਲਤਾ ਦੀਆਂ ਪਰਤਾਂ ਖੋਲ੍ਹਦਾ ਹੋਇਆ ਪੰਜਾਬ ਦੇ ਸੰਕਟ ਦੀ ਬਾਤ ਪਾਉਂਦਾ ਹੈ ਤੇ ਕਹਾਣੀ ਨਸੱਤੀ ਹੋ ਗਈ ਮਜ਼ਦੂਰ ਜਮਾਤ, ਕਰਜ਼ੇ ਹੇਠ ਖੁਦਕੁਸ਼ੀਆਂ ਕਰਦੇ ਛੋਟੇ ਕਿਸਾਨ, ਖਾੜਕੂਵਾਦ ਦੇ ਭੈਅ ਹੇਠ ਖਤਮ ਹੁੰਦੇ ਜਾ ਰਹੇ ਸਿੱਖੀ ਸਿਧਾਂਤ, ਦਮ ਘੁਟ ਕੇ ਮਰਦੇ ਜਾ ਰਹੇ ਮਾਰਕਸਵਾਦ-ਇਸ ਸਭ ਕਾਸੇ ਨੂੰ ਆਪਣੇ ਸਾਹਿਤਕ ਝੱਸ ਜਾਂ ਮਨੋਰੰਜਨ ਦਾ ਸਾਧਨ ਸਮਝਦੇ ਬੁੱਧੀਜੀਵੀ ਵਰਗ ਅਤੇ ਸਿਰਫ ਦਿਲਾਸਿਆਂ ਜੋਗੀ ਰਹਿ ਗਈ ਮੱਧਵਰਗੀ ਕਿਸਾਨੀ ਨੂੰ ਰੂਪਮਾਨ ਕਰਦੀ ਹੈ।

ਇਸ ਕਹਾਣੀ ਦਾ ਮੁੱਖ ਪਾਤਰ ਨਿੰਦਰ ਆਪਣੀਆਂ ਸ਼ੇਖ-ਚਿੱਲੀ ਹਰਕਤਾਂ ਕਰਕੇ ਭਾਵੇਂ ਨੀਮ ਪਾਗਲ ਅਤੇ ਹਰ ਕਿਸੇ ਲਈ 'ਮਨੋਰੰਜਨ' ਦਾ ਸਾਧਨ ਬਣਿਆ ਹੋਇਆ ਹੀ ਜਾਪਦਾ ਹੈ, ਪਰ ਹਕੀਕਤ ਵਿਚ ਉਹ ਸਮਾਜ ਦਾ ਅਜਿਹਾ ਦੱਬਿਆ, ਕੁਚਲਿਆ ਅਤੇ ਅਣਸਮਝਿਆ ਪਾਤਰ ਹੈ, ਜੋ ਸਮਾਜੀ ਤਾਣੇ-ਬਾਣੇ ਨੂੰ ਭਾਵੇਂ ਚੇਤਨ ਤੌਰ 'ਤੇ ਸਮਝਣੋਂ ਅਸਮਰੱਥ ਹੈ, ਪਰ ਆਪਣੇ ਧੁਰ ਅਵਚੇਤਨ ਵਿਚ ਪਈਆਂ ਬਹੁਤ ਕੁਝ ਬਣਨ ਦੀਆਂ ਖਵਾਹਿਸ਼ਾਂ ਦੀ ਭਰਪੂਰਤਾ ਰੱਖਦਾ ਹੋਇਆ ਵੀ ਸਮਾਜਿਕ ਤੇ ਆਰਥਿਕ ਵੰਡੀਆਂ ਦੇ ਜਕੜ-ਜੰਜਾਲ ਵਿਚੋਂ ਨਿਕਲਣ ਦੀ ਸੋਝੀ ਦੀ ਘਾਟ ਕਾਰਨ ਉਹ ਸਿਰਫ ਸੁਪਨਈ ਦੁਨੀਆਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਉਸ ਦੀ ਆਪਣੀ "ਜਾਤ" (ਜੋ ਅਸਲ ਵਿਚ ਉਸ ਦੀ ਔਕਾਤ ਹੈ) ਤੋਂ ਉਚੇਰੀ ਉਡਾਰੀ ਦੀ ਸੋਚ ਦੇ ਪਰ ਬਚਪਨ ਤੋਂ ਲੈ ਕੇ ਹੀ ਕੱਟੀਦੇ ਆਏ ਦ੍ਰਿਸ਼ਟਮਾਨ ਹੁੰਦੇ ਨੇ, ਜਦੋਂ ਪਹਿਲਾਂ ਸਕੂਲ ਦੀ ਅਧਿਆਪਕਾ 'ਗੁਰਮੀਤ ਭੈਣਜੀ' ਵੱਲ ਮੋਹਿਤ ਹੋ ਕੇ ਮਾਸਟਰ ਵੱਲੋਂ ਠੱਗਿਆ ਜਾ ਰਿਹਾ ਮਹਿਸੂਸ ਕਰਦਾ ਹੈ ਤੇ ਫਿਰ ਚੌਥੀ ਜਮਾਤ ਦੇ ਜੱਟਾਂ ਦੇ ਮੁੰਡੇ ਨਾਲ ਘੁਲਣ ਲੱਗਿਆਂ ਆਪਣੇ ਸ਼ੌਕ, ਹੌਸਲੇ ਅਤੇ ਗੁਰਮੀਤ ਭੈਣਜੀ ਅੱਗੇ "ਕੁਝ ਕਰਕੇ ਵਿਖਾਉਣ' ਦੇ ਜਜ਼ਬੇ ਨੂੰ ਇੱਕ ਦਰਦ-ਭਰੇ ਵਾਕ ਨਾਲ ਹਲਾਲ ਕਰ ਲੈਂਦਾ ਹੈ: "ਪਰ ਮੈਂ ਤੇ ਮਜ੍ਹਬੀ ਆਂ" (ਸਫਾ 20)। ਤੇ ਰਹਿੰਦੀ ਉਮਰ ਤੱਕ ਉਸ ਦੇ ਮਨ 'ਤੇ ਇਸ ਅਹਿਸਾਸ ਨੂੰ ਪੱਕੀ ਤਰ੍ਹਾਂ ਖੁਣਨ ਲਈ ਤਾਰੇ ਘੈਂਟ ਦੀ ਵੱਜੀ ਚਪੇੜ ਰਹਿੰਦੀ ਕਸਰ ਵੀ ਪੂਰੀ ਕਰ ਦਿੰਦੀ ਹੈ। ਬਚਪਨ 'ਚ ਹੀ ਉਸ ਦੇ ਅੰਦਰ ਬਿਠਾ ਦਿੱਤੇ ਗਏ ਇਹ ਜਾਤੀਵਾਦ ਦੇ ਬੀਜ ਸਾਰੀ ਉਮਰ ਉਸ ਦਾ ਪਿੱਛਾ ਨਹੀਂ ਛੱਡਦੇ ਤੇ ਇਸੇ ਤੋਂ ਪਿੱਛਾ ਛੁਡਾਉਣ ਦੇ ਸੁਪਨੇ ਲੈਂਦਾ ਉਹ "ਧਰਮਿੰਦਰ ਜੱਟ" ਦਾ ਪੁੱਤ ਹੋਣ ਦਾ ਭਰਮ ਪਾਲਦਾ ਹੈ।

ਨਿੰਦਰ ਨੂੰ ਕੁਦਰਤ ਵੱਲੋਂ ਉਸ ਨਾਲ ਕੀਤੀ ਗਈ ਇਹ ਬੇਇਨਸਾਫੀ ਬਿਲਕੁਲ ਹੀ ਮਨਜ਼ੂਰ ਨਹੀਂ ਕਿ ਉਸ ਦਾ ਜਨਮ ਅਜਿਹੇ ਪਰਿਵਾਰ ਵਿਚ ਹੋਇਆ, ਜਿਸ ਦੀ ਸਮਾਜਿਕ ਮਾਪਦੰਡਾਂ ਅਨੁਸਾਰ ਜਾਤ ਵੀ ਨੀਵੀਂ ਹੈ ਤੇ ਔਕਾਤ ਵੀ; ਪਰ ਇਸ ਬੇਇਨਸਾਫੀ ਖਿਲਾਫ ਜਦੋਂ ਕਦੇ ਉਸ ਦੇ ਮਨ ਅੰਦਰ ਰੋਹ ਆਉਂਦਾ ਹੈ ਤਾਂ ਫਿਰ ਉਸ ਅੰਦਰੋਂ ਧਰਮਿੰਦਰ ਦਾ ਮਿੰਟੂ ਨਹੀਂ, ਰੱਬ ਦੀ ਕਿਰਪਾ ਅਤੇ ਸਮਾਜ ਦੀ ਕਾਣੀ ਵੰਡ-ਦੋਹਾਂ ਨੂੰ ਵੰਗਾਰਨ ਵਾਲਾ ਨੈਤੇ ਦਾ ਨਿੰਦਰ ਬੋਲਦਾ ਹੈ, "ਚਾਚਾ, ਜਦੋਂ ਰੱਬ ਨੇ ਹੀ ਬਰੋਬਰ ਨਹੀਂ ਕੀਤੇ ਤਾਂ ਭਾਪੇ ਨੇ ਕੀ ਕਰਨੇ ਸੀ?" (ਸਫਾ 54) ਜਾਂ ਜਦੋਂ ਉਹ ਕਹਿੰਦਾ ਹੈ, "ਵੇਖੀਂ ਜਦੋਂ ਗੜ-ਗੜ ਹੋਈ, ਕੁਰਸੀਆਂ ਹੇਠ ਲੁਕਿਆਂ ਨੂੰ ਕੱਢ ਕੱਢ ਕੇ ਨਾ ਮਾਰਿਆ ਤਾਂ ਮੈਨੂੰ ਵੀ ਨੈਤੇ ਦਾ ਬੀਅ ਨਾ ਆਖੀਂ।" (ਸਫਾ 59)



ਵਰਿਆਮ ਸਿੰਘ ਸੰਧੂ

ਨਿੰਦਰ ਉਹ ਕਿਰਦਾਰ ਹੈ, ਜੋ ਲੋਕਾਂ ਦੀਆਂ ਨਜ਼ਰਾਂ 'ਚ ਕਮਲਾ ਤੇ ਸਿੱਧੜ ਹੁੰਦਾ ਹੋਇਆ ਵੀ ਸੁਚੇਤ ਤੌਰ 'ਤੇ ਇਹ ਗੱਲ ਭਾਵੇਂ ਨਹੀਂ ਜਾਣਦਾ ਕਿ ਕਿਸੇ ਗਰੀਬ ਦੀ ਧੀ ਦੀ ਇੱਜ਼ਤ ਦੀ ਕੀਮਤ ਸਿਰਫ ਇੱਕ ਤੂੜੀ ਦੀ ਪੰਡ ਜਿੰਨੀ ਹੀ ਸਮਝੀ ਕਿਉਂ ਜਾਂਦੀ ਹੈ, ਪਰ ਕਹਾਣੀ ਦੀ ਬੁਣਤਰ ਤੇ ਬਣਤਰ ਵਿਚੋਂ ਉਭਰਦੀ ਹਕੀਕਤ ਦੱਸਦੀ ਹੈ, ਉਸ ਦੇ ਧੁਰ ਅੰਦਰ ਇਹ ਅਹਿਸਾਸ ਹੈ ਕਿ ਆਪਣੇ ਹੀ ਟੱਬ ਵਿਚ ਡੁੱਬ ਕੇ ਮਰ ਗਈ ਉਸ ਦੀ (ਕਾਲਪਨਿਕ) ਮਾਸ਼ੂਕ, ਸ੍ਰੀਦੇਵੀ, ਜੇ ਸੁਰਜੀਤ ਦੀਆਂ ਗੱਲਾਂ 'ਚ ਆ ਕੇ "ਮੂਸਲ ਵਿਚ ਚਲੀ ਜਾਂਦੀ ਤਾਂ ਉਹਨੇ ਉਸ ਦਿਨ ਹੀ ਡੁੱਬ ਜਾਣਾ ਸੀ....।" (ਸਫਾ 25) ... ਉਸ ਮੂਸਲ ਵਿਚ ਜਿੱਥੇ ਸੁਰਜੀਤ ਕੋਲੋਂ ਤੂੜੀ ਦੀ ਪੰਡ ਲੈਣ ਗਈ ਨਿੰਦਰ ਦੀ ਅਸਲੀ ਹਮਦਰਦਣ ਧੰਤੋ "ਡੁੱਬ" ਗਈ ਸੀ, ਮਲਤਬ ਜ਼ੋਰਾਵਰ ਗਰੀਬ ਦੇ ਆਰਥਿਕ ਹੱਕਾਂ 'ਤੇ ਹੀ ਨਹੀਂ, ਸਗੋਂ ਪਿਆਰ 'ਤੇ ਵੀ ਡਾਕਾ ਮਾਰ ਜਾਂਦੇ ਨੇ...।

ਜੇ ਨਿੰਦਰ ਨੂੰ ਆਪਣੇ ਹੱਕਾਂ 'ਤੇ ਪੈਣ ਵਾਲੇ ਡਾਕਿਆਂ ਦਾ ਅਚੇਤ ਅਹਿਸਾਸ ਹੈ ਤਾਂ ਉਹਦਾ ਅੰਦਰਲਾ ਆਪਣੇ ਹੱਕ ਲੈਣ ਦੀ ਤੀਬਰ ਪਰ ਲੁਕਵੀਂ ਖਵਾਹਿਸ਼ ਨੂੰ ਵੀ ਪ੍ਰਤੀਬਿੰਬਤ ਕਰਦਾ ਹੈ। ਉਸ ਦਾ ਇਹ ਵਾਰ ਵਾਰ ਕਹਿਣਾ, "ਭਗਤ ਸਿੰਘ ਦਾ ਰਾਹ, ਸਾਡਾ ਰਾਹ" ਤੇ ਵਾਰ ਵਾਰ ਪੁੱਛਣਾ, "ਚਾਚਾ! ਭਗਤ ਸਿੰਘ ਹੁਰਾਂ ਦਾ ਕਿਹੜਾ ਰਾਹ ਸੀ ਭਲਾ?" ਇਹ ਸੰਕੇਤ ਕਰਦਾ ਹੈ ਕਿ ਦਰਅਸਲ ਉਹ ਪੁੱਛ ਨਹੀਂ, ਸਗੋਂ ਦੱਸ ਰਿਹਾ ਹੈ ਕਿ ਉਹ ਜਾਣਦਾ ਹੈ ਕਿ ਭਗਤ ਸਿੰਘ ਹੁਰਾਂ ਦਾ ਰਾਹ ਕਿਹੜਾ ਸੀ ਤੇ ਉਸ ਦੇ ਸੁਪਨਿਆਂ ਦੇ ਦੇਸ਼ ਨੂੰ ਜਾਂਦੇ ਰਾਹ ਨਾਲ ਉਸ ਰਾਹ ਦਾ ਕੀ ਵਾਸਤਾ ਹੈ? ਨਿੰਦਰ ਦੇ ਪਾਗਲਪਨ ਦੀ ਚਾਦਰ ਹੇਠ ਛੁਪੀ ਉਸ ਦੀ ਸੁਘੜ ਸਿਆਣਪ ਦੀ ਮਿਸਾਲ ਲਈ ਉਸ ਦੇ ਮੂੰਹੋਂ ਨਿਕਲਿਆ ਇੱਕ ਫਿਕਰਾ ਹੀ ਬਹੁਤ ਹੈ ਕਿ "ਬਸੰਤੀ ਰੰਗ ਇਹਦੇ ਵਰਗਾ ਹੁੰਦਾ ਈ" (ਸਫਾ 33) ...ਦਾਲ 'ਚ ਭਿੱਜੀ ਹੋਈ ਰੋਟੀ ਦੀ ਬੁਰਕੀ ਵਰਗਾ... ਇਨਕਲਾਬ ਦੇ ਸੁੱਚੇ ਤੇ ਸਮੁੱਚੇ ਅਰਥਾਂ ਦੀ ਤਰਜ਼ਮਾਨੀ ਕਰਦਾ ਹੋਇਆ ਫਿਕਰਾ... ਇਹ ਕਹਿੰਦਾ ਹੋਇਆ ਕਿ ਇਨਕਲਾਬ ਆਉਣ ਦਾ ਅਰਥ ਭੁੱਖੇ ਢਿੱਡਾਂ ਲਈ ਰੋਟੀ ਵਰਗਾ ਹੈ।

ਤੇ ਇਸ ਰੋਟੀ ਦੀ ਤਾਕਤ ਕੀ ਹੈ, ਇਸ ਦਾ ਗਿਆਨ ਉਦੋਂ ਹੀ ਹੁੰਦਾ ਹੈ, ਜਦੋਂ ਕਈ ਦਿਨਾਂ ਦਾ ਭੁੱਖਾ ਨਿੰਦਰ ਆਪਣੇ ਮਾਲਕ 'ਚਾਚੇ' ਜਸਵੰਤ ਦੇ ਘਰ ਸ਼ਹਿਰੋਂ ਆਏ ਜਸਵੰਤ ਦੇ ਦੋਸਤਾਂ ਨੂੰ ਮਿਲਣ ਜਾਂਦਾ ਹੈ ਤੇ ਉਨ੍ਹਾਂ ਨੂੰ ਰੋਟੀ ਖਾਂਦਿਆਂ ਵੇਖ ਕੇ ਗੁੰਮ-ਸੁੰਮ ਹੋਇਆ ਬੈਠਾ ਰਹਿੰਦਾ ਹੈ ਤੇ ਉਦੋਂ ਤੱਕ ਆਪਣੇ ਅਸਲੀ ਜਲੌਅ 'ਚ ਨਹੀਂ ਆਉਂਦਾ, ਜਦੋਂ ਤੱਕ ਉਸ ਦਾ ਢਿੱਡ ਨਹੀਂ ਭਰ ਜਾਂਦਾ। ਰੋਟੀ ਤੇ ਮਨੁੱਖ ਦੇ ਆਪਸੀ ਰਿਸ਼ਤੇ ਦੀ ਅਸਲੀਅਤ ਦੀ ਤਰਜ਼ਮਾਨੀ ਉਦੋਂ ਆਪਣਾ ਸਿਖਰ ਛੂੰਹਦੀ ਹੈ, ਜਦੋਂ ਪਹਿਲੀ ਵਾਰ ਤੇ ਜਸਵੰਤ ਦੇ ਘਰ ਨੂੰ ਜਾਂਦਿਆਂ ਆਪਣੀ ਭੁੱਖ ਦੇ ਖਿਆਲ ਨਾਲ ਦੋ-ਚਾਰ ਹੁੰਦਾ ਜਾਂਦਾ ਹੈ ਤਾਂ ਉਸ ਦੇ ਖਿਆਲਾਂ ਵਿਚ ਉਸ ਦੇ ਅੱਗੇ ਅੱਗੇ ਜਾ ਰਹੇ ਜਸਵੰਤ ਦੇ ਬੇਟੇ ਗੁਰਪਾਲ ਦੇ ਪਰਛਾਵੇਂ ਵਿਚੋਂ ਨਿੰਦਰ ਨੂੰ ਧੰਤੋ ਦਿੱਸਣ ਲੱਗ ਪੈਂਦੀ ਹੈ, ਪਰ ਫਿਰ "ਪਰਛਾਵੇਂ ਉਲੀਕਣ ਵਾਲਾ ਬਿਜਲੀ ਦਾ ਚਾਨਣ ਪਿੱਛੇ ਰਹਿ ਗਿਆ ਸੀ। ਹਨੇਰੀ ਗਲੀ ਵਿਚ ਹੁਣ ਉਸ ਨੂੰ ਤਾਸੀ ਵਿਚ ਰੋਟੀ ਰੱਖੀ, ਬੁਰਕੀ ਤੋੜਦਾ ਨੈਤਾ ਨਜ਼ਰ ਆਇਆ" (ਸਫਾ 54) ਤੇ ਦੂਸਰੀ ਵਾਰ ਉਦੋਂ ਜਦੋਂ ਸਾਰਿਆਂ ਦੇ ਰੋਟੀ ਖਾਣ ਬਾਅਦ ਨਿੰਦਰ ਦੇ ਭੁੱਖੇ ਢਿੱਡ ਅੱਗਿਓਂ ਗੁਰਪਾਲ ਬਚੀਆਂ ਰੋਟੀਆਂ ਵਾਪਸ ਲੈ ਕੇ ਜਾਂਦਾ ਹੈ ਤਾਂ ਨਿੰਦਰ ਦਾ ਚੀਕ ਮਾਰਨ ਨੂੰ ਦਿਲ ਕਰਦਾ ਹੈ, "ਚਾਚਾ! ਆਹ ਵੇਖੋ! ਸੁਰਜੀਤ ਧੰਤੋ ਨੂੰ ਜਬਰੀ ਚੁੱਕ ਕੇ ਤੂੜੀ ਵਾਲੇ ਮੂਸਲ ਵਿਚ ਲੈ ਗਿਆ ਜੇ।" (ਸਫਾ 56) ਭੁੱਖੇ ਢਿੱਡ ਅੱਗਿਓਂ ਰੋਟੀ ਦਾ ਚੁੱਕਿਆ ਜਾਣਾ... ਕਿਸੇ ਗਰੀਬਣੀ ਦਾ ਤੂੜੀ ਦੀ ਪੰਡ ਲਈ ਕੀਤਾ ਜਾਣਾ ਬਲਾਤਕਾਰ...।

ਨਿੰਦਰ ਦਾ ਬਾਪ, ਨੈਤਾ, ਦੱਬੀ ਕੁਚਲੀ ਉਸ ਮਜ਼ਦੂਰ ਜਮਾਤ ਦਾ ਚਿੰਨ੍ਹ ਹੈ, ਜਿਸ ਦਾ ਮੁੱਖ ਨਿਸ਼ਾਨਾ ਕੋਈ ਵੱਡਾ ਸੁਪਨਾ ਨਹੀਂ, ਬਸ ਇੱਕ ਡੰਗ ਦੀ ਰੋਟੀ ਹੈ ਤੇ ਉਸ ਰੋਟੀ ਦੀ ਖਾਤਿਰ ਉਸ ਦੀ ਪਹੁੰਚ ਸਮਾਜੀ ਸਰੋਕਾਰਾਂ ਤੱਕ ਤਾਂ ਕੀ, ਆਪਣੀ ਭੁੱਖੀ ਔਲਾਦ ਤੱਕ ਜਾਣ ਤੋਂ ਵੀ ਆਰੀ ਹੋਈ ਬੈਠੀ ਹੈ। ਸਮਿਆਂ ਦਾ ਝੰਬਿਆ ਉਹ ਬਸ 'ਕੱਚੀ-ਪੱਕੀ', ਜਿਸ ਵੀ ਤਰ੍ਹਾਂ ਦੀ ਮਿਲੇ, ਰੋਟੀ ਨੂੰ ਗਨੀਮਤ ਸਮਝ ਕੇ ਆਪਣੀ ਭੁੱਖ ਮਿਟਾਉਣ ਤੱਕ ਹੀ ਸੀਮਤ ਹੋ ਗਿਆ ਹੈ। ਉਸ ਅੰਦਰਲਾ ਇਨਕਲਾਬ ਕਿਸੇ ਠੰਡੇ ਬਸਤੇ ਵਿਚ ਜਾ ਪਿਆ ਹੈ। ਬੇਸ਼ੱਕ ਉਸ ਦੀ ਪਤਨੀ ਛਿੰਨੋ ਨੂੰ ਹੋ ਰਹੀ ਲੁੱਟ ਦਾ ਅਹਿਸਾਸ ਹੈ, ਬੇਸ਼ੱਕ ਉਸਦੇ ਅੰਦਰ ਆਪਣੇ ਹੱਕ ਲਈ ਆਵਾਜ਼ ਕੱਢਣ ਦੀ ਤੜਪ ਹੈ, ਪਰ ਉਸ ਦੀ ਨਿਰਭਰਤਾ ਉਸ ਦੇ ਖੰਭਾਂ ਲਈ ਕੈਂਚੀ ਬਣ ਕੇ ਉਸ ਦੇ ਨਾਲ ਨਾਲ ਚੱਲਦੀ ਹੈ ਤੇ ਜਦੋਂ ਵੀ ਉਹ ਮਾੜਾ ਜਿਹਾ ਠੰਡਾ ਹਉਕਾ ਭਰਦੀ ਹੈ, ਉਸ ਕੈਂਚੀ ਨਾਲ ਉਸ ਦੇ ਖੰਭ ਕੁਤਰ ਦਿੱਤੇ ਜਾਂਦੇ ਹਨ ਤੇ ਉਸ ਦੀ ਆਪਣਾ ਹੱਕ ਮੰਗਣ ਦੀ ਆਵਾਜ਼ ਠਰਦੇ ਹੋਏ ਤਵੇ ਹੇਠ ਬੁਝਦੀ ਜਾਂਦੀ ਪਰਾਲੀ ਨੂੰ ਫੂਕਾਂ ਮਾਰਨ ਜੋਗੀ ਰਹਿ ਜਾਂਦੀ ਹੈ। (ਸਫਾ 49)

ਨੈਤਾ ਗਰੀਬੀ 'ਚ ਧਸਿਆ ਹੋਇਆ ਉਹ ਕਿਰਦਾਰ ਹੈ, ਜਿਸ ਦਾ ਪੁੱਤ ਹੁੰਦਿਆਂ ਵੀ ਨਿੰਦਰ ਉਸ ਨੂੰ ਆਪਣਾ ਬਾਪ ਮੰਨਣ ਲਈ ਤਿਆਰ ਨਹੀਂ, ਕਿਉਂਕਿ ਨਿੰਦਰ ਦੀਆਂ ਖਵਾਹਿਸ਼ਾਂ ਨੇ ਉਸ ਨੂੰ ਆਰਥਿਕ ਪਾੜੇ ਦੀ ਪੌੜੀ ਦੇ ਸਭ ਤੋਂ ਉਤਲੇ ਡੰਡੇ 'ਤੇ ਲਟਕਾਇਆ ਹੋਇਆ ਹੈ ਤੇ ਨੈਤਾ ਉਸ ਪੌੜੀ ਦੇ ਪੈਰਾਂ 'ਚ ਅੱਧਾ ਧਰਤੀ ਵਿਚ ਗੱਡਿਆ ਹੋਇਆ ਬੈਠਾ ਹੈ। ਤਿੰਨ ਪੁੱਤਾਂ ਦਾ ਬਾਪ ਹੋ ਕੇ ਨਪੁੱਤਾ ਹੀ ਹੈ, ਕਿਉਂਕਿ ਇੱਕ ਪੁੱਤ ਮਰ ਚੁਕਾ ਹੈ ਤੇ ਦੂਸਰੇ ਦੋਵੇਂ ਨਖੱਟੂ ਹਨ। ਦੂਸਰੇ ਪਾਸੇ, ਛਿੰਨੋ ਜਿੱਥੇ ਦਬਵੀਂ ਸੁਰ 'ਚ ਹਾਲਾਤ ਨਾਲ ਜੂਝਦੀ ਹੋਈ ਪ੍ਰਤੀਤ ਹੁੰਦੀ ਹੈ, ਉਥੇ ਉਹ ਇਸ ਗੱਲ ਦਾ ਵੀ ਕਰੂਰ ਸਬੂਤ ਹੈ ਕਿ ਜਦੋਂ ਗਰੀਬੀ ਧੁਰ ਆਂਦਰਾਂ ਤੱਕ ਧਸ ਜਾਂਦੀ ਹੈ ਤਾਂ ਫਿਰ ਗੀਤਾਂ, ਕਹਾਣੀਆਂ ਵਿਚਲੀ ਮਮਤਾ ਦੀ ਮੂਰਤ ਮਾਂ ਕਿਧਰੇ ਨੇੜੇ-ਤੇੜੇ ਵੀ ਵਿਖਾਈ ਨਹੀਂ ਦਿੰਦੀ।

ਬੇਸ਼ੱਕ ਓਪਰੀ ਨਜ਼ਰੇ ਵੇਖਿਆਂ ਲੱਗਦਾ ਹੈ ਕਿ ਨਿੰਦਰ ਦੀ ਕਹਾਣੀ ਵਿਚ ਭਜਨੇ ਦੇ ਘਰ ਦੀ ਕਹਾਣੀ ਕਿਧਰੋਂ ਆ ਗਈ? ਪਰ ਇਸ ਕਹਾਣੀ ਦੇ ਪਲਾਟ ਨੂੰ ਸਮੁੱਚੇ ਪੰਜਾਬ ਦੇ ਸੰਕਟ ਵਿਚ ਰੱਖ ਕੇ ਵਿਚਾਰਦੇ ਹੋ ਤਾਂ ਭਜਨਾ ਨਾ ਸਿਰਫ ਛੋਟੀ ਕਿਸਾਨੀ ਦੀ ਹੋਣੀ ਦਾ ਪ੍ਰਤੀਕ ਹੀ ਸਾਬਤ ਹੁੰਦਾ ਹੈ, ਸਗੋਂ ਬਦਲ ਰਹੀਆਂ ਸਮਾਜੀ ਕਦਰਾਂ-ਕੀਮਤਾਂ, ਬਦਲ ਰਹੇ ਨੌਜਵਾਨਾਂ ਦੇ ਸਰੋਕਾਰਾਂ ਸਦਕਾ ਦਮ ਘੁਟ ਕੇ ਮਰਦੇ ਜਾ ਰਹੇ ਮਾਰਕਸਵਾਦੀ ਸੁਪਨਿਆਂ ਦਾ ਪ੍ਰਤੀਕ ਵੀ ਬਣਦਾ ਹੈ। ਧੀ ਨੂੰ ਦਾਜ ਦੇਣਾ ਬੇਸ਼ੱਕ ਉਸ ਦੀ ਖਵਾਹਿਸ਼ ਨਹੀਂ ਸੀ, ਪਰ ਮਜਬੂਰੀ ਜ਼ਰੂਰ ਬਣੀ ਤੇ ਸਿਰਫ ਉਸ ਮਜਬੂਰੀ ਅੱਗੇ ਝੁਕਣਾ ਹੀ ਉਸ ਦੀ ਹੋਂਦ ਦਾ ਅੰਤ ਬਣਦਾ ਹੈ ਤੇ ਉਸ ਦੇ ਪਰਿਵਾਰ ਦਾ ਅੰਤ ਵੀ ਬਣਦਾ ਹੈ।

ਇਥੇ ਹੀ ਕਹਾਣੀਕਾਰ ਵੱਲੋਂ ਬੜੀ ਢੁਕਵੀਂ ਥਾਂ ਅਤੇ ਬੜੇ ਸੁਲਝੇ ਹੋਏ ਤਰੀਕੇ ਨਾਲ ਦੋ ਕਿਰਦਾਰ ਜਾਣੂੰ ਕਰਵਾਏ ਜਾਂਦੇ ਨੇ, ਜੋ ਅੱਜ ਦੀ ਸਿੱਖੀ ਦਾ ਦੁਖਾਂਤ ਤੇ ਪਤਨ ਬਿਆਨ ਕਰਦੇ ਨੇ। ਅਤਰਾ ਨਿਹੰਗ... ਗੁਰੂ ਕੀ ਲਾਡਲੀ ਫੌਜ... ਖਾੜਕੂ ਸਿੰਘ... ਅੰਮ੍ਰਿਤ ਛਕ ਕੇ ਅਤੇ ਗੁਰੂ ਦਾ ਬਾਣਾ ਪਾ ਕੇ ਸ਼ਕਲ ਸੂਰਤ ਤੋਂ ਤਾਂ ਸਿੰਘ ਬਣ ਗਿਆ ਹੈ, ਪਰ ਕਿਰਦਾਰ ਪੱਖੋਂ ਬ੍ਰਾਹਮਣਵਾਦ, ਮੰਨੂੰਵਾਦ ਤੋਂ ਉੱਪਰ ਨਹੀਂ ਉੱਠ ਸਕਿਆ। ਉਸ ਦੀਆਂ ਗੱਲਾਂ ਤੋਂ ਬਾਬਾ ਅਕਾਲੀ ਦੁਖੀ ਤਾਂ ਹੈ, ਪਰ ਅਖੀਰ ਝੁਕ ਕੇ ਕਰਦਾ ਉਹੀ ਹੈ, ਜੋ ਉਸ ਨੂੰ ਨਿਹੰਗ ਨਾਲ ਸਿੱਧੀ ਟੱਕਰ ਤੋਂ ਬਚਾਉਂਦਾ ਹੈ। ਇਹ ਦੋਵੇਂ ਕਿਰਦਾਰ ਖਾੜਕੂਵਾਦ ਅਤੇ ਸਿੱਖੀ ਦੀ ਵਿਚਾਰਧਾਰਕ ਟੱਕਰ ਦੇ ਪ੍ਰਤੀਕ ਨੇ।

ਨੰਜੂ ਖੜਪੈਂਚ ਉਹ ਚਾਤਰ, ਸ਼ਾਤਰ ਤੇ ਸਰਕਾਰੇ-ਦਰਬਾਰੇ ਪਹੁੰਚਿਆ ਹੋਇਆ ਕਿਰਦਾਰ ਹੈ, ਜੋ ਬੇਰੁਜ਼ਗਾਰ ਅਤੇ ਬੇਆਸੀ ਜਵਾਨੀ ਨੂੰ ਆਪਣੇ ਕਲਾਵੇ 'ਚ ਲੈ ਕੇ ਬਰਬਾਦ ਕਰ ਰਿਹਾ ਹੈ। ਉਸ ਦੀਆਂ ਗੱਲਾਂ 'ਚ ਬਰਾਬਰੀ ਜਾਂ ਸਭੈ-ਸਾਂਝੀਵਾਲਤਾ ਵਾਲੀ ਧਾਰਮਿਕ ਰੰਗਤ ਤਾਂ ਹੈ, ਪਰ ਉਸ ਸਾਂਝੀਵਾਲਤਾ ਪਿੱਛੇ ਨਸ਼ਿਆਂ ਦੇ ਵਪਾਰ ਦਾ ਮੱਕਾਰੀ ਜਾਲ ਵਿਛਿਆ ਹੋਇਆ ਹੈ; ਉਹ ਸਿਰਫ ਤੇ ਸਿਰਫ ਇੱਕ ਵਪਾਰਕ ਯੰਤਰ ਹੈ।

ਜਦੋਂ ਇਨ੍ਹਾਂ ਸਾਰੇ ਕਿਰਦਾਰਾਂ ਨੂੰ ਆਲੋਚਨਾਤਮਕ ਨਜ਼ਰੀਏ ਨਾਲ ਵੇਖਦਿਆਂ ਇਨ੍ਹਾਂ ਦੀਆਂ ਗਹਿਰਾਈਆਂ ਤੱਕ ਜਾਣ ਦੀ ਕੋਸ਼ਿਸ਼ ਕਰੀਏ ਤਾਂ ਪੰਜਾਬ ਦੇ ਦੁਖਾਂਤ ਦੀ ਬੜੀ ਉਘੜਵੀਂ ਤਸਵੀਰ ਸਾਹਮਣੇ ਆਉਂਦੀ ਹੈ। ਪੰਜਾਬ ਦਾ ਮਜ਼ਦੂਰ (ਨੈਤਾ) ਬੇਵੱਸ ਹੈ, ਪੰਜਾਬ ਦਾ ਛੋਟਾ ਕਿਸਾਨ (ਭਜਨਾ) ਬੇਵੱਸ ਹੈ, ਕਿਸਾਨਾਂ-ਮਜ਼ਦੂਰਾਂ ਦੇ ਬੱਚਿਆਂ ਦੇ ਸੁਪਨੇ ਪਦਾਰਥਵਾਦ ਦੇ ਚੁਬਾਰੇ ਤੱਕ ਪਹੁੰਚ ਗਏ ਨੇ, ਪਰ ਹਕੀਕਤ ਵਿਚ ਉਨ੍ਹਾਂ ਕੋਲ ਉਥੇ ਪਹੁੰਚਣ ਲਈ ਕੋਈ ਐਲੀਵੇਟਰ ਤਾਂ ਕੀ, ਕੋਈ ਪੌੜੀ ਵੀ ਨਹੀਂ ਹੈ। ਉਨ੍ਹਾਂ ਨੂੰ ਸੇਧ ਦੇਣ ਵਾਲਾ ਸਮਾਜਵਾਦ (ਭਜਨੇ ਦਾ ਕਿਰਦਾਰ) ਖੁਦ ਆਤਮਹੱਤਿਆ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਇੱਕ ਹੋ ਕੇ ਚੱਲਣ ਦੀ ਸਿੱਖਿਆ ਦੇਣ ਵਾਲਾ ਦੂਸਰਾ ਰਾਹ ਧਰਮ (ਅਤਰਾ ਨਿਹੰਗ ਅਤੇ ਬਾਬਾ ਅਕਾਲੀ) ਖੁਦ ਫਲਸਫੇ ਤੋਂ ਕੋਹਾਂ ਮੀਲ ਦੂਰ ਨੇ। ਇਸ ਹਾਲ ਵਿਚ ਹਵਾ 'ਚ ਛਾਲਾਂ ਮਾਰਦੇ ਇਹ ਨੌਜਵਾਨ ਜਦੋਂ ਮੂਧੇ ਮੂੰਹ ਡਿੱਗਦੇ ਨੇ ਤਾਂ ਫਿਰ ਉਨ੍ਹਾਂ ਨੂੰ ਆਪਣੀ ਬੁੱਕਲ 'ਚ ਲੈਣ ਲਈ ਸਿਰਫ ਤੇ ਸਿਰਫ ਖੜਪੈਂਚ ਵਰਗੇ ਸਮਾਜ ਦੇ ਕੋਹੜ ਹੀ ਬਚਦੇ ਨੇ, ਜੋ ਨਿੰਦਰਾਂ ਨੂੰ ਵੀ ਖਾ ਜਾਂਦੇ ਨੇ, ਮਿੰਦਰਾਂ ਨੂੰ ਵੀ ਤੇ ਨਿੰਦਰਾਂ-ਮਿੰਦਰਾਂ ਦੇ ਪਰਿਵਾਰਾਂ ਨੂੰ ਵੀ...।

ਇਹ ਗੱਲ ਤਾਂ ਬੜੇ ਸਪਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਨਿੰਦਰ ਫਿਲਮੀ ਦੁਨੀਆਂ ਰਾਹੀਂ "ਭਗਤ ਸਿੰਘ ਦਾ ਰਾਹ, ਸਾਡਾ ਰਾਹ!" ਕਹਿਣਾ ਤਾਂ ਸਿੱਖ ਗਿਆ ਹੈ, ਪਰ ਸ਼ਾਇਦ ਉਸ ਨੂੰ ਇਸ ਦੇ ਅਰਥਾਂ ਦਾ ਪਤਾ ਨਹੀਂ (ਜੋ ਸ਼ਾਇਦ ਅੱਜ ਦੀ ਨੌਜਵਾਨੀ ਵੱਲੋਂ ਭਗਤ ਸਿੰਘ ਦੇ ਪਿਸਤੌਲ ਵਾਲੇ ਅਤੇ ਕੁੰਢੀਆਂ ਮੁੱਛਾਂ ਵਾਲੇ ਪੋਸਟਰਾਂ ਨੂੰ ਆਪਣੀਆਂ ਗੱਡੀਆਂ 'ਤੇ ਲਵਾਉਣ ਵੱਲ ਹੀ ਇੱਕ ਸੰਕੇਤ ਹੈ), ਪਰ ਇਹ ਗੱਲ ਧਿਆਨ ਖਿੱਚਦੀ ਹੈ ਕਿ ਨਿੰਦਰ ਨੂੰ ਇਹ ਨਾਅਰਾ ਕਿੱਥੇ ਅਤੇ ਕਿਉਂ ਯਾਦ ਅਉਂਦਾ ਹੈ? ਪਹਿਲੀ ਵਾਰ ਉਹ ਜਸਵੰਤ ਨੂੰ "ਚਾਚਾ! ਭਲਾ ਭਗਤ ਸਿੰਘ ਦਾ ਰਾਹ ਕਿਹੜਾ ਸੀ?" ਉਦੋਂ ਪੁੱਛਦਾ ਹੈ, ਜਦੋਂ ਨਿੰਦਰ ਜਸਵੰਤ ਨੂੰ ਇਕ ਸੁਨੱਖੀ ਨਰਸ ਨਾਲ ਆਪਣੇ ਰਿਸ਼ਤੇ ਦੀ ਗੱਲ ਤੋਰਨ ਬਾਰੇ ਕਹਿੰਦਾ ਹੈ ਤੇ ਜਸਵੰਤ ਉਸ ਨੂੰ ਸਮਝਾਉਂਦਿਆਂ ਕਹਿੰਦਾ ਹੈ, "...ਕੋਈ ਰਾਹ ਦੀ ਗੱਲ ਕਰ ਤੂੰ?"...ਤੇ ਫਿਰ ਹਉਕਾ ਭਰਦਾ ਨਿੰਦਰ ਆਪਣੇ ਆਪ ਤੋਂ ਪੁੱਛਦਾ ਹੈ, "ਭਗਤ ਸਹੁੰ ਦਾ ਰਾਹ ਕਿਹੜਾ? ਮੇਰਾ ਰਾਹ ਕਿਹੜਾ?" ਤੇ ਦੂਸਰੀ ਵਾਰ ਉਦੋਂ ਯਾਦ ਆਉਂਦਾ ਹੈ, ਜਦੋਂ ਭਜਨੇ ਦੀ ਘਰ ਵਾਲੀ ਧਾਹ ਮਾਰਦੀ ਹੈ ਕਿ ਸਾਨੂੰ ਇਸ ਅੰਨ੍ਹੇ ਖੂਹ 'ਚੋਂ ਕੌਣ ਬਾਹਰ ਕੱਢੂ? (ਸਫਾ 44) ਇਥੇ ਲੇਖਕ ਬਹੁਤ ਹੀ ਪ੍ਰਭਾਵਸ਼ਾਲੀ ਜੁਗਤ ਵਰਤਦਾ ਹੋਇਆ ਸਿਆਸੀ ਵਰਤਾਰੇ ਵੱਲ ਇਸ਼ਾਰਾ ਕਰਦਾ ਹੈ:

ਉਹਨੂੰ ਲੱਗਾ ਕਿ ਉਹ ਤਾਂ ਅੰਨ੍ਹੇ ਖੂਹ ਵਿਚ ਡਿੱਗ ਪਿਆ ਹੈ। ਉਹਨੂੰ ਕੌਣ ਬਾਹਰ ਕੱਢੂ?...ਮਨ ਵਿਚ ਲਿਸ਼ਕ ਆਈ, "ਭਗਤ ਸਿੰਘ ਦਾ ਰਾਹ, ਸਾਡਾ ਰਾਹ!" ਉਹਦਾ ਜੀਅ ਕੀਤਾ ਭਗਤ ਸਿੰਘ ਨੂੰ ਪੁੱਛੇ, "ਤੇਰਾ ਕਿਹੜਾ ਰਾਹ ਏ? ਸਾਨੂੰ ਗਰੀਬਾਂ ਨੂੰ ਵੀ ਦੱਸ ਜਾ।" ਪਰ ਭਗਤ ਸਿੰਘ ਹੁਣ ਕਿੱਥੇ ਸੀ? ਸਾਹਮਣੇ ਤਾਂ ਅਤਰਾ ਨਿਹੰਗ ਸੀ...।" (ਸਫਾ 44)

ਇਥੇ ਭਗਤ ਸਿੰਘ ਦੀ ਥਾਂ ਅਤਰੇ ਨਿਹੰਗ ਦਾ ਖੜ੍ਹਾ ਹੋਣਾ ਕੁੱਜੇ ਵਿਚ ਸਮੁੰਦਰ ਬੰਦ ਕਰਦਾ ਸੰਕੇਤ ਹੈ।

ਸੰਕੇਤਕ ਭਾਸ਼ਾ ਦੀ ਵਰਤੋਂ ਇਸ ਕਹਾਣੀ ਦਾ ਹਾਸਲ ਹੈ, ਜੋ ਬਿਨਾ ਠਾਹ-ਸੋਟਾ ਮਾਰਿਆਂ ਬੜੇ ਸੰਕੋਚਵੇਂ ਸ਼ਬਦਾਂ ਵਿਚ ਬਹੁਤ ਕੁਝ ਕਹਿ ਜਾਂਦੀ ਹੈ। ਇਸੇ ਹੀ ਵਰਤੋਂ ਸਦਕਾ ਕਹਾਣੀਕਾਰ ਸਲਵੰਤ ਦੇ ਕਿਰਦਾਰ ਰਾਹੀਂ ਇਹ ਗੱਲ ਸਾਹਮਣੇ ਲਿਆਉਂਦਾ ਹੈ ਕਿ ਜਮਾਤ ਵੰਡ ਸਿਰਫ ਜਾਤਾਂ ਤੱਕ ਹੀ ਸੀਮਤ ਨਹੀਂ, ਸਗੋਂ ਅੰਤਰਜਾਤੀ ਦਵੰਧ ਵੀ ਹੈ, ਜੋ ਬੰਦੇ ਦੀ ਆਰਥਿਕਤਾ ਨਾਲ ਜੁੜਿਆ ਹੋਇਆ ਹੈ। (ਸਫਾ 67) ਇਸੇ ਹੀ ਜੁਗਤ ਨਾਲ ਕਿਸਾਨ ਅੰਦੋਲਨ ਅੰਦਰ ਮਜ਼ਦੂਰ ਜਮਾਤ ਨੂੰ ਆਪਣੀ ਭੁੱਖ ਦੇ ਮਸਲੇ ਦਾ ਹੱਲ ਵਿਖਾਈ ਨਾ ਦੇਣ ਦੀ ਗੱਲ ਕੀਤੀ ਗਈ ਹੈ। ਕਿਸਾਨਾਂ ਵੱਲੋਂ ਭਜਨੇ ਦੀ ਮੌਤ ਸਮੇਂ ਮੰਗਾਂ ਨੂੰ ਲੈ ਕੇ ਕੀਤੇ ਗਏ ਜਲਸੇ ਦੌਰਾਨ ਨਿੰਦਰ ਲੰਗਰ 'ਚੋਂ ਰੋਟੀ ਮਿਲਣ ਦੀ ਆਸ ਨਾਲ ਜਲਸੇ ਵਿਚ ਗਿਆ ਤਾਂ:

ਤੁਲਸਾ ਖੁੰਘ ਵੀ ਉਹਦੇ ਕੋਲ ਆ ਕੇ ਖਲੋ ਗਿਆ ਸੀ। ਜਦੋਂ 'ਗੁਰੂ ਕਾ ਲੰਗਰ' ਵਰਤਣ ਦੀਆਂ ਸਭ ਸੰਭਾਵਨਾਵਾਂ ਖਤਮ ਹੋ ਗਈਆਂ ਜਾਪੀਆਂ ਤਾਂ ਤੁਲਸੇ ਨੇ ਉਹਦਾ ਹੱਥ ਫੜ ਕੇ ਆਪਣੇ ਨਾਲ ਤੋਰ ਲਿਆ, "ਚੱਲ ਚੱਲੀਏ, ਇਹ ਜੱਟਾਂ ਦਾ 'ਆਪਣਾ' ਝਗੜਾ ਏ, ਆਪਣਾ ਇਹਦੇ ਨਾਲ ਕੀ ਲੈਣਾ-ਦੇਣਾ?" (ਸਫਾ 48)

ਇਸ ਕਹਾਣੀ ਦਾ ਸਿਰਲੇਖ "ਮੈਂ ਰੋ ਨਾ ਲਵਾਂ ਇੱਕ ਵਾਰ' ਕਹਾਣੀ ਵਿਚ ਤਿੰਨ ਵਾਰ ਦੁਹਰਾਇਆ ਜਾਂਦਾ ਹੈ, ਜੋ ਹਰ ਵਾਰ ਇੱਕੋ ਹੀ ਨੁਕਤੇ 'ਤੇ ਫੋਕਸ ਕਰਦਾ ਹੈ: ਭੁੱਖ!

ਪਹਿਲੀ ਵਾਰ ਨਿੰਦਰ ਜਸਵੰਤ ਦੇ ਮੋਢੇ 'ਤੇ ਸਿਰ ਰੱਖ ਕੇ ਉਦੋਂ ਰੋਣਾ ਚਾਹੁੰਦਾ ਹੈ, ਜਦੋਂ ਉਸ ਨੂੰ ਆਪਣੇ ਕਾਲਪਨਿਕ ਪਿਆਰ ਦੀ ਪਰੀ, ਸ੍ਰੀਦੇਵੀ ਦੇ ਨਾਲ ਆਪਣੀ ਹਕੀਕੀ ਮੁਹੱਬਤ ਧੰਤੋ ਦੀ ਯਾਦ ਆਉਂਦੀ ਹੈ, ਜੋ ਤੂੜੀ ਦੀ ਪੰਡ ਲੈਣ ਗਈ ਕਿਸੇ 'ਅਮਰੀਸ਼ਪੁਰੀ' ਵੱਲੋਂ ਲੁੱਟ ਲਈ ਗਈ ਸੀ। (ਸਫਾ 26)

ਦੂਸਰੀ ਵਾਰੀ ਉਹ ਜਸਵੰਤ ਨੂੰ ਲੱਭ ਕੇ ਉਹਦੇ ਮੋਢੇ ਨਾਲ ਸਿਰ ਲਾ ਕੇ ਉਦੋਂ ਰੋਣਾ ਚਾਹੁੰਦਾ ਹੈ, ਜਦੋਂ ਨਾ ਤਾਂ ਉਸ ਨੂੰ ਆਪਣੀ ਮਾਂ ਰੋਟੀ ਦਿੰਦੀ ਹੈ ਅਤੇ ਨਾ ਹੀ ਉਸ ਦੇ ਪੈਸੇ ਬਟੋਰ ਗਏ ਲੋਕ ਉਸ ਦਾ ਪੈਸਾ ਵਾਪਸ ਕਰਦੇ ਨੇ ਅਤੇ ਨਾ ਹੀ ਉਸ ਦੀ ਦੁਨੀਆਂ ਦਾ ਅਸਲੀ ਧਰਮਿੰਦਰ, ਜਸਵੰਤ ਉਸ ਨੂੰ ਘਰ ਵੜਨ ਦਿੰਦਾ ਹੈ ਤੇ ਉਹ ਸਾਰਾ ਦਿਨ ਭੁੱਖਣ-ਭਾਣਾ ਗਲੀਆਂ ਕੱਛਦਾ ਰਹਿੰਦਾ ਹੈ। (ਸਫਾ 36)

ਤੀਸਰੀ ਵਾਰ ਉਹ ਉਦੋਂ ਰੋਣਾ ਚਾਹੁੰਦਾ ਹੈ, ਜਦੋਂ ਉਸ ਨੂੰ ਆਸ ਬੱਝਦੀ ਹੈ ਕਿ ਹੋਰ ਨਹੀਂ ਤਾਂ ਜੇਲ੍ਹ ਵਿਚ ਰੋਟੀ ਤਾਂ ਮਿਲੂਗੀ ਹੀ। (ਸਫਾ 70)

ਇਸ ਤਰ੍ਹਾਂ ਇਹ ਸਿਰਲੇਖ ਗਰੀਬ ਦੀ ਪੇਟ ਦੀ ਭੁੱਖ ਦੇ ਨਾਲ ਨਾਲ ਉਸ ਦੀ ਮੁਹੱਬਤ ਦੀ ਭੁੱਖ ਤੇ ਲੁੱਟ ਦੀ ਵੀ ਗੱਲ ਕਰਦਾ ਹੈ ਤੇ ਇਹ ਤੱਥ ਉਦੋਂ ਹੋਰ ਵੀ ਸਪਸ਼ਟ ਹੋ ਜਾਂਦਾ ਹੈ, ਜਦੋਂ ਨਿੰਦਰ ਤੁਲਸੇ ਖੁੰਘ ਨੂੰ ਪੁੱਛਦਾ ਹੈ, "ਚਾਚਾ! ਇਹ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਕੀ ਹੁੰਦੀ ਏ?" (ਸਫਾ 30)

ਤੇ ਇਸ ਭੁੱਖ ਦਾ ਸਿਖਰ ਨਿੰਦਰ ਤੇ ਮਿੰਦਰ ਦੀ ਹੋਣੀ ਹੈ, ਜੋ ਦੋਹਾਂ ਕੇਸਾਂ ਵਿਚ ਹੀ ਆਪਣੇ ਖੂਨ ਦੇ ਰਿਸ਼ਤੇ ਹੀ ਚੱਬ ਜਾਂਦੀ ਹੈ। ਮਿੰਦਰ ਨੂੰ ਆਪਣੇ ਮਰੇ ਬਾਪ ਦਾ ਪਿਆ ਦੋ ਲੱਖ ਮੁੱਲ ਅਤੇ ਨਿੰਦਰ ਨੂੰ ਆਪਣੇ ਬਾਪ ਦੇ ਮਰਨ 'ਤੇ ਦੋ ਲੱਖ ਮਿਲਣ ਦੀ ਆਸ। ਭਾਵ, ਲਹੂ ਦੇ ਰਿਸ਼ਤੇ ਵੀ ਪੇਟ ਦੀ ਭੁੱਖ ਤੋਂ ਪੇਤਲੇ ਪੈ ਗਏ ਜਾਂ ਇੰਜ ਕਹਿ ਲਵੋ ਕਿ ਬਦਲਦੀਆਂ ਪ੍ਰਸਥਿਤੀਆਂ, ਬਦਲਦੇ ਸਰਮਾਇਦਾਰੀ ਸਰੋਕਾਰਾਂ ਨੇ ਬੰਦੇ ਅੰਦਰਲੀ ਰਿਸ਼ਤਗੀ ਨੂੰ ਖਤਮ ਕਰਕੇ ਬੰਦੇ ਦੀ ਹੋਂਦ ਨੂੰ ਸਿਰਫ ਤੇ ਸਿਰਫ ਨਿਜਵਾਦ ਤੇ ਪੂੰਜੀਵਾਦ ਤੱਕ ਹੀ ਸੁੰਗੇੜ ਕੇ ਰੱਖ ਦਿੱਤਾ ਹੈ।

ਇਸ ਸਾਰੇ ਕਾਸੇ ਵਿਚ ਇੱਕ ਗੱਲ ਹੋਰ ਬਹੁਤ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਗਰੀਬ ਨੂੰ ਆਪਣੇ ਸੁਪਨਿਆਂ ਦੀ ਪੂਰਤੀ ਜਾਪਦਾ ਮੱਧ-ਵਰਗੀ ਕਿਸਾਨ ਵੀ ਸਿਰਫ ਤੇ ਸਿਰਫ ਉਸ ਨੂੰ ਰੋਣ ਲਈ ਮੋਢਾ ਹੀ ਪ੍ਰਦਾਨ ਕਰ ਸਕਦਾ ਹੈ, ਉਸ ਦੀ ਭੁੱਖ ਨਹੀਂ ਮਿਟਾ ਸਕਦਾ, ਉਸ ਨੂੰ ਖੁਸ਼ਹਾਲ ਨਹੀਂ ਬਣਾ ਸਕਦਾ। ਤੇ ਇੱਕ ਹੋਰ ਸੰਕੇਤ ਦਿੰਦਿਆਂ ਲੇਖਕ ਇਹ ਕਹਿੰਦਾ ਜਾਪਦਾ ਹੈ ਕਿ ਮੱਧ-ਵਰਗੀ ਕਿਸਾਨ ਕਿਸੇ ਨੂੰ ਕੀ ਰੋਟੀ ਦੇ ਸਕੇਗਾ, ਜਦ ਉਹ ਖੁਦ ਆਪਣੇ ਬੱਚਿਆਂ ਦਾ ਭਵਿੱਖ ਪਰਦੇਸਾਂ 'ਚੋਂ ਤਲਾਸ਼ ਰਿਹਾ ਹੈ।

ਕਹਾਣੀ ਦੀਆਂ ਹੋਰ ਬਹੁਤ ਪਰਤਾਂ ਨੇ, ਜਿਨ੍ਹਾਂ ਨੂੰ ਪੂਰੀ ਤਰ੍ਹਾ ਖੋਲ੍ਹਣ ਲਈ ਕਹਾਣੀਓਂ ਲੰਮੀ ਪੜਚੋਲ ਦੀ ਲੋੜ ਹੈ, ਪਰ ਸੰਖੇਪ ਵਿਚ ਸਮਝਣ ਲਈ ਕਹਾਣੀ ਇਹੋ ਹੀ ਸੰਕੇਤ ਕਰਦੀ ਹੈ ਕਿ ਮੀਡੀਏ ਅਤੇ ਸੋਸ਼ਲ ਮੀਡੀਏ ਰਾਹੀਂ ਪੂੰਜੀਵਾਦ ਨੇ ਪੰਜਾਬ ਦੀ ਜਵਾਨੀ ਨੂੰ ਉਸ ਦੀ ਔਕਾਤ ਨਾਲੋਂ ਵੱਡੇ ਸੁਪਨੇ ਦੇ ਦਿੱਤੇ ਨੇ, ਜੋ ਉਸ ਨੂੰ ਬਰਬਾਦੀ ਵੱਲ ਲਿਜਾ ਰਹੇ ਨੇ।

ਭਾਵੇਂ ਪੰਜਾਬ ਦਾ ਕਿਸਾਨ ਹੈ ਤੇ ਭਾਵੇਂ ਮਜ਼ਦੂਰ, ਦੋਹਾਂ ਦਾ ਮਸਲਾ ਗਰੀਬੀ ਹੀ ਹੈ, ਪਰ ਦੋਹਾਂ ਵਿਚਕਾਰ ਖੜ੍ਹੀ ਜਾਤੀਵਾਦ ਦੀ ਕੰਧ ਇਸ ਸਾਂਝ ਨੂੰ ਉਜਾਗਰ ਨਹੀਂ ਹੋਣ ਦੇ ਰਹੀ।

ਭੁੱਖ ਦਾ ਇੱਕੋ-ਇੱਕ ਹੱਲ ਭਗਤ ਸਿੰਘ ਦਾ ਰਾਹ ਹੈ, ਪਰ ਉਸ ਅੱਗੇ ਅਤਰੇ ਨਿਹੰਗ ਦੇ ਰੂਪ ਵਿਚ ਜਾਤੀਵਾਦ ਲੱਤ ਅੜਾਈ ਖਲੋਤਾ ਹੈ।

ਜਦੋਂ ਜਵਾਨੀ ਨੂੰ ਨਾ ਰੁਜ਼ਗਾਰ ਅਤੇ ਨਾ ਹੀ ਬਾਹਰ ਭੱਜਣ ਦਾ ਰਾਹ ਲੱਭਦਾ ਹੈ ਤੇ ਜਦੋਂ ਭਗਤ ਸਿੰਘ ਦਾ ਰਾਹ ਵੀ ਉਨ੍ਹਾਂ ਲਈ ਬੰਦ ਵਿਖਾਈ ਦਿੰਦਾ ਹੈ ਤਾਂ ਫਿਰ ਉਸ ਨੂੰ ਇੱਕੋ ਇੱਕ ਰਾਹ ਹੀ ਚਪਾਟ ਖੁੱਲ੍ਹਾ ਵਿਖਾਈ ਦਿੰਦਾ ਹੈ: ਨਸ਼ਿਆਂ ਦਾ ਰਾਹ!

ਕਿਸਾਨ ਸੰਘਰਸ਼ ਨਾਲ ਮਜ਼ਦੂਰ ਜਮਾਤ ਦੀ ਹਮਦਰਦੀ ਤਾਂ ਹੈ, ਪਰ ਜਦੋਂ ਉਸ ਨੂੰ ਇਸ ਵਿਚੋਂ ਆਪਣੀ ਭੁੱਖ ਦਾ ਹੱਲ ਵਿਖਾਈ ਨਹੀਂ ਦਿੰਦਾ ਤਾਂ ਉਹ ਇਸ ਤੋਂ ਪਾਸਾ ਵੱਟਣ ਲੱਗਦੀ ਹੈ।

ਇਸ ਤਰ੍ਹਾਂ ਕਲਾਤਮਕ ਤਸ਼ਬੀਹਾਂ ਅਤੇ ਜੁਗਤਾਂ ਨਾਲ ਸ਼ਿੰਗਾਰੀ ਹੋਈ ਇਹ ਕਹਾਣੀ ਪੰਜਾਬ ਦੇ ਸੰਕਟ ਦੇ ਅਹਿਮ ਪਹਿਲੂ ਬਿਆਨਦੀ ਹੈ ਤੇ ਇਨ੍ਹਾਂ ਬਾਰੇ ਗਹਿਰੇ ਚਿੰਤਨ ਦੀ ਮੰਗ ਕਰਦੀ ਹੈ। ਆਸ ਕਰਦਾ ਹਾਂ ਕਿ ਕੋਈ ਹੋਰ ਦੋਸਤ ਕਿਸੇ ਹੋਰ ਲੇਖ ਰਾਹੀਂ ਇਸ ਦੇ ਬਾਕੀ ਪਹਿਲੂਆਂ ਅਤੇ ਕਲਾਤਮਕ ਜੁਗਤਾਂ ਨੂੰ ਉਜਾਗਰ ਕਰਕੇ ਗੱਲ ਅੱਗੇ ਤੋਰੇਗਾ।

# ਨਿੰਮ ਦੇ ਸੰਦੂਕ ਵਾਲੀਏ...

ਕਲਾ ਪਰਿਕਰਮਾ

ਕਿਹੜੇ ਪਿੰਡ ਮੁਕਲਾਵੇ ਜਾਣਾ
ਨੀ ਨਿੰਮ ਦੇ ਸੰਦੂਕ ਵਾਲੀਏ।

ਸੰਦੂਕ ਪੰਜਾਬੀ ਸਭਿਆਚਾਰ ਦਾ ਮਹੱਤਵਪੂਰਨ ਚਿੰਨ੍ਹ ਹੈ। ਇਕ ਸਮਾਂ ਅਜਿਹਾ ਵੀ ਸੀ ਜਦੋਂ ਹਰ ਘਰ ਵਿਚ ਸੰਦੂਕ ਦੀ ਸਰਦਾਰੀ ਹੁੰਦੀ ਸੀ। ਸੰਦੂਕ ਲੱਕੜੀ ਦਾ ਬਣਿਆ ਵਰਗਾਕਾਰ ਬਕਸਾ ਹੁੰਦਾ ਹੈ। ਅੱਜਕੱਲ੍ਹ ਭਾਵੇਂ ਲੜਕੀ ਨੂੰ ਦਾਜ ਵਿਚ ਲੋਹੇ ਦੀ ਪੇਟੀ ਜਾਂ

**ਰਵਨਜੋਤ ਕੌਰ ਸਿੱਧੂ**
ਫੋਨ: +91-82830-66125

ਅਲਮਾਰੀ ਦਿੱਤੀ ਜਾਂਦੀ ਹੈ ਪਰ ਪੁਰਾਤਨ ਸਮੇਂ ਵਿਚ ਸੰਦੂਕ ਦਾਜ ਵਿਚ ਦੇਣ ਵਾਲੀ ਅਹਿਮ ਵਸਤੂ ਹੁੰਦਾ ਸੀ। ਇਹ ਜ਼ਰੂਰੀ ਘਰੇਲੂ ਵਸਤੂ ਹੁੰਦੀ ਸੀ ਜਿਸ ਵਿਚ ਸੁਆਣੀਆਂ ਆਪਣੇ ਪਹਿਨਣ ਵਾਲੇ ਕੱਪੜੇ, ਫੁਲਕਾਰੀਆਂ, ਪੱਖੀਆਂ, ਭਾਂਡੇ, ਬਿਸਤਰੇ, ਝੋਲੇ ਅਤੇ ਹਾਰ-ਸ਼ਿੰਗਾਰ ਆਦਿ ਦਾ ਸਾਮਾਨ ਰੱਖਦੀਆਂ ਸਨ। ਸੰਦੂਕ ਅਕਸਰ ਵਧੀਆ ਅਤੇ ਮਜ਼ਬੂਤ ਲੱਕੜੀ ਦਾ ਕਿਸੇ ਮਾਹਿਰ ਕਾਰੀਗਰ ਵੱਲੋਂ ਤਿਆਰ ਕੀਤਾ ਜਾਂਦਾ ਸੀ। ਇਸ ਲਈ ਕਾਲੀ ਟਾਹਲੀ, ਨਿੰਮ ਜਾਂ ਕਿੱਕਰ ਦੀ ਲੱਕੜ ਵਰਤੀ ਜਾਂਦੀ ਸੀ। ਸੰਦੂਕ ਲਈ ਕਾਲੀ ਟਾਹਲੀ ਦੀ ਲੱਕੜ ਸਭ ਤੋਂ ਉਤਮ ਮੰਨੀ ਜਾਂਦੀ ਸੀ ਪਰ ਟਾਹਲੀ ਨੂੰ ਕਾਲੀ ਹੋਣ 'ਤੇ ਬਹੁਤ ਸਮਾਂ ਲੱਗਦਾ ਸੀ। ਇਸ ਲਈ ਇਹ ਲੱਕੜ ਬਹੁਤ ਮੁਸ਼ਕਿਲ ਨਾਲ ਮਿਲਦੀ ਸੀ। ਇਸ ਤੋਂ ਬਣੇ ਸੰਦੂਕ ਬਹੁਤ ਸੋਹਣੇ, ਚਮਕਦਾਰ ਤੇ ਮਜ਼ਬੂਤ ਹੁੰਦੇ ਸਨ। ਲੱਕੜੀ ਦੇ ਕੰਮ ਵਿਚ ਨਿਪੁੰਨ ਕਾਰੀਗਰ ਸੰਦੂਕ ਨੂੰ ਬੜੀਆਂ ਰੀਝਾਂ ਨਾਲ ਬਣਾਉਂਦੇ ਸਨ। ਜਦੋਂ ਸੰਦੂਕ ਦਾਜ ਵਿਚ ਦੇਣ ਲਈ ਤਿਆਰ ਕਰਨਾ ਹੁੰਦਾ ਸੀ ਤਾਂ ਵਿਆਹ ਤੋਂ ਦੋ ਤਿੰਨ ਮਹੀਨੇ ਪਹਿਲਾਂ ਮਾਹਿਰ ਤਰਖਾਣ ਨੂੰ ਘਰ ਬਿਠਾਇਆ ਜਾਂਦਾ ਸੀ। ਤਰਖਾਣ ਕਾਰੀਗਰ ਆਪਣੀ ਪੂਰੀ ਕਲਾ ਕਿਰਤ ਅਤੇ ਮਹੀਨ ਮੀਨਾਕਾਰੀ ਰਾਹੀਂ ਸੰਦੂਕ ਤਿਆਰ ਕਰਦੇ ਸਨ। ਸੰਦੂਕ ਦਾ ਪਿਛਲਾ ਹਿੱਸਾ ਬਿਲਕੁਲ ਸਾਫ਼ ਅਤੇ ਸਾਧਾਰਨ ਰੱਖਿਆ ਜਾਂਦਾ ਸੀ। ਸਾਹਮਣੇ ਵਾਲੇ ਪਾਸੇ ਅਤੇ ਪਾਸਿਆਂ ਵਾਲੇ ਹਿੱਸੇ ਉਤੇ ਵਰਗਾਕਾਰ ਡੱਬੇ ਬਣਾਏ ਜਾਂਦੇ ਸਨ। ਸੰਦੂਕ ਨੂੰ ਹੋਰ ਸ਼ਿੰਗਾਰਨ ਲਈ ਮਾਹਿਰ ਕਾਰੀਗਰ ਪਿੱਤਲ ਦੀਆਂ ਮੇਖਾਂ, ਸ਼ੀਸ਼ਿਆਂ ਦੇ ਟੁਕੜੇ ਅਤੇ ਰੰਗਾਂ ਦਾ ਪ੍ਰਯੋਗ ਵੀ ਕਰਦੇ ਸਨ। ਸੰਦੂਕਾਂ ਉਪਰ ਹਾਰ-ਸ਼ਿੰਗਾਰ ਲਈ ਵੱਡਾ ਸ਼ੀਸ਼ਾ ਜਾਂ ਗੁਰੂਆਂ ਦੀਆਂ ਤਸਵੀਰਾਂ ਵੀ ਫਿੱਟ ਕੀਤੀਆਂ ਜਾਂਦੀਆਂ ਸਨ:

ਗੱਡੀ ਵਿਚ ਆ ਗਿਆ ਸੰਦੂਕ ਮੁਟਿਆਰ ਦਾ
ਸ਼ੀਸ਼ਿਆਂ ਜੜਤ ਚਮਕਾਰੇ ਪਿਆ ਮਾਰਦਾ।

ਸੰਦੂਕ ਦੀ ਪਾਵਿਆਂ ਸਮੇਤ ਉਚਾਈ ਲਗਭਗ 6 ਫੁੱਟ ਹੁੰਦੀ ਹੈ ਅਤੇ ਲੰਬਾਈ ਚੌੜਾਈ ਕ੍ਰਮਵਾਰ 5/6 ਤੇ 3/4 ਫੁੱਟ ਹੁੰਦੀ ਸੀ। ਸੰਦੂਕ ਦੇ ਸਾਹਮਣੇ ਵਾਲੇ ਹਿੱਸੇ ਵਿਚ 7/8 ਕੁ ਇੰਚ ਦੇ ਡੱਬੇ ਬਣੇ ਹੁੰਦੇ ਸਨ। ਦੋ ਛੱਤਾਂ ਵਾਲੇ ਸੰਦੂਕ ਦੇ ਅੰਦਰ ਵਿਚਕਾਰ ਇਕ ਫੱਟਾ ਲਗਾ ਦਿੱਤਾ ਜਾਂਦਾ ਸੀ ਤੇ ਦੋ ਟਾਕੀਆਂ ਲਗਾ ਦਿੱਤੀਆਂ ਜਾਂਦੀਆਂ ਸਨ। ਦੋ ਛੱਤੇ ਸੰਦੂਕਾਂ ਦੇ ਹੇਠਲੇ ਪਾਸੇ ਬਿਸਤਰੇ ਜਿਵੇ ਦਰੀਆਂ, ਖੇਸ, ਰਜਾਈਆਂ, ਗਦੈਲੇ ਰੱਖੇ ਜਾਂਦੇ ਸਨ। ਉਪਰਲੇ ਖਾਨੇ ਵਿਚ ਘਰ ਜਾਂ ਔਰਤ ਦੇ ਨਿੱਤ ਵਰਤੋਂ ਦਾ ਸਾਮਾਨ ਸਾਂਭਿਆ ਜਾਂਦਾ ਸੀ। ਸੰਦੂਕ ਵਿਚ ਇਕ-ਦੋ ਸ਼ੈਲਫਾਂ ਵੀ ਪਾਈਆਂ ਜਾਂਦੀਆਂ ਸਨ, ਜਿਨ੍ਹਾਂ ਨੂੰ ਫੱਟੀਆਂ ਕਿਹਾ ਜਾਂਦਾ ਸੀ। ਇਨ੍ਹਾਂ ਫੱਟੀਆਂ ਉਪਰ ਪੰਜਾਬਣ ਮੁਟਿਆਰ ਆਪਣੇ ਹਾਰ-ਸ਼ਿੰਗਾਰ ਦਾ ਸਾਮਾਨ ਰੱਖਦੀ ਸੀ, ਜਿਸ ਵਿਚ ਸੁਹਾਗ ਪਿਟਾਰੀ ਦਾ ਅਹਿਮ ਸਥਾਨ ਸੀ। ਸੁਹਾਗ ਪਿਟਾਰੀ ਅੱਜ-ਕੱਲ੍ਹ ਦੇ ਮੇਕਅੱਪ ਬਾਕਸ ਵਾਂਗ ਲੱਕੜੀ ਦਾ ਇਕ ਢੱਕਣ ਵਾਲਾ ਡੱਬਾ ਹੁੰਦਾ ਸੀ, ਜਿਸ ਨੂੰ ਗੋਟੇ-ਕਿਨਾਰੀਆਂ ਤੇ ਰੰਗਦਾਰ ਕੱਪੜੇ ਖਾਸ ਕਰ ਕੇ ਲਾਲ-ਸੂਹੇ ਨਾਲ ਸ਼ਿੰਗਾਰਿਆ ਹੁੰਦਾ ਸੀ। ਇਸ ਦੇ ਵਿਚਕਾਰ ਢੱਕਣ ਦੇ ਅੰਦਰਲੇ ਪਾਸੇ ਇਕ ਸ਼ੀਸ਼ਾ ਜੜਤ ਹੁੰਦਾ ਸੀ। ਇਨ੍ਹਾਂ ਫੱਟੀਆਂ ਉਪਰ ਨਾਲੇ, ਪਰਾਂਦੀਆਂ, ਚੂੜੀਆਂ, ਗਹਿਣੇ, ਦੰਦਾਸਾ, ਮਹਿੰਦੀ ਅਤੇ ਸੁਰਮੇਦਾਨੀ ਵਰਗੇ ਸ਼ਿੰਗਾਰ ਸਾਧਨ ਰੱਖੇ ਹੁੰਦੇ ਸਨ। ਸੰਦੂਕ ਨੂੰ ਕਮਰੇ ਦੇ ਦਰਵਾਜ਼ੇ ਵਾਂਗ ਨਿੱਕੇ ਤਖਤਿਆਂ ਵਾਲਾ ਇਕ ਦਰਵਾਜ਼ਾ ਲੱਗਿਆ ਹੁੰਦਾ ਸੀ ਜਿਸ ਨੂੰ ਲੋਹੇ ਦਾ ਇਕ ਕੁੰਡਾ ਲਾਇਆ ਜਾਂਦਾ ਸੀ। ਪੁਰਾਤਨ ਸੰਦੂਕਾਂ ਨੂੰ ਆਮ ਕਰਕੇ ਮੁੱਠੀਨੁਮਾ ਜਿੰਦੇ ਲਗਾਏ ਜਾਂਦੇ ਸਨ ਜਿਸ ਦੀ ਚਾਬੀ ਮਾਲਕਣ ਨਿਗਰਾਨੀ ਹੇਠ ਰੱਖਦੀ ਸੀ। ਕਦੇ-ਕਦੇ ਸੁਆਣੀਆਂ ਚਾਬੀ ਆਪਣੀ ਪਰਾਂਦੀ ਨਾਲ ਹੀ ਬੰਨ੍ਹ ਲੈਂਦੀਆਂ ਸਨ। ਸੰਦੂਕ ਹਰ ਵਸਦੇ-ਰਸਦੇ ਘਰ ਦੀ ਨਿਸ਼ਾਨੀ ਹੁੰਦੇ ਸਨ। ਵੱਡੇ ਕੱਚੀ ਸਬਾਤ ਵਿਚ ਪਏ ਸੰਦੂਕ ਘਰ ਦਾ ਸ਼ਿੰਗਾਰ ਮੰਨੇ ਜਾਂਦੇ ਸਨ। ਜਿਵੇਂ ਪੁਰਾਤਨ ਬਰਾਤਾਂ ਅਤੇ ਮੇਲ ਊਠ ਗੱਡੀਆਂ ਜਾਂ ਬੈਲ ਗੱਡੀਆਂ 'ਤੇ ਹੀ ਆਉਂਦਾ ਸੀ। ਇਸ ਤਰ੍ਹਾਂ ਵਿਆਹ ਸਮੇਂ ਦਾਜ ਦਾ ਸਾਮਾਨ ਵੀ ਇਨ੍ਹਾਂ ਗੱਡੀਆਂ ਉਪਰ ਹੀ ਲਿਆਂਦਾ ਜਾਂਦਾ ਸੀ।



ਜੇ ਸੰਦੂਕ ਲਈ ਢੁੱਕਵੀਂ ਲੱਕੜ ਨਾ ਮਿਲਦੀ ਜਾਂ ਨਿਪੁੰਨ ਕਾਰੀਗਰ ਨਾ ਮਿਲਦਾ ਤਾਂ ਵਿਆਹ-ਸਾਹੇ ਮਿਥਣ ਵਿਚ ਵੀ ਦੇਰੀ ਹੋ ਜਾਂਦੀ ਕਿਉਂਕਿ ਕੁੜੀ ਦੇ ਵਿਆਹ ਦਾ ਸਾਰਾ ਸਾਮਾਨ ਸੰਦੂਕ ਵਿਚ ਪਾ ਕੇ ਹੀ ਤੋਰਨਾ ਹੁੰਦਾ ਸੀ ਪਰ ਜੇਕਰ ਲੜਕੀ ਨੂੰ ਦਾਜ ਵਿਚ ਕੋਈ ਮਾਂ-ਬਾਪ ਸੰਦੂਕ ਨਾ ਦੇ ਪਾਉਂਦੇ ਜਾਂ ਬਾਅਦ ਵਿਚ ਸੰਦੂਕ ਦੇਣ ਦਾ ਵਾਅਦਾ ਕਰਕੇ ਡੋਲੀ ਤੋਰ ਦਿੰਦੇ ਸਨ ਤਾਂ ਲੜਕੀ ਨੂੰ ਸਹੁਰੇ ਘਰ ਵਿਚ ਸੰਦੂਕ ਕਾਰਨ ਕਈ ਵਾਰ ਤਾਅਨੇ-ਮਿਹਣੇ ਵੀ ਸੁਣਨੇ ਪੈਂਦੇ ਸਨ:

ਗੱਡੀ ਆ ਗਈ ਸੰਦੂਕੋਂ ਖਾਲੀ
ਨੀ ਬਹੁਤਿਆਂ ਭਰਾਵਾਂ ਵਾਲੀਏ।

ਸਹੁਰਿਆਂ ਦੇ ਅਜਿਹੇ ਤਿੱਖੇ ਬੋਲ ਸਹਾਰਦੀ ਤੇ ਆਪਣੇ ਆਪ ਨੂੰ ਹੀਣੀ ਮਹਿਸੂਸ ਕਰਦੀ ਉਹ ਅੱਗੋਂ ਵੀਰ ਨੂੰ ਉਲਾਂਭਾ ਦਿੰਦੀ ਹੈ:

ਭੈਣ ਤੁਰਗੀ ਸੰਦੂਕੋਂ ਸੱਖਣੀ
ਵੀਰਾ ਵੇ ਮੁਰੱਬੇ ਵਾਲਿਆ।

ਧੀ ਬਾਬਲ ਨੂੰ ਵੀ ਸੂਟ, ਘੱਗਰੇ, ਫੁਲਕਾਰੀਆਂ ਨਾਲ ਭਰਿਆ ਸੰਦੂਕ ਦੇਣ ਅਤੇ ਚੰਗਾ ਵਰ-ਘਰ ਟੋਲਣ ਦੀ ਅਰਜ਼ੋਈ ਕਰਦੀ ਹੈ, ਜਿੱਥੇ ਉਹ ਸੰਦੂਕ ਵਿਚੋਂ ਕੱਢ ਕੇ ਨਿੱਤ ਬਦਲਵੇਂ ਬਾਣੇ ਪਾ ਸਕੇ:

ਦੇਈਂ ਵੇ ਬਾਬਲ ਉਸ ਘਰੇ
ਜਿੱਥੇ ਦਰਜੀ ਸੀਵੇ ਪੱਟ।
ਇਕ ਲਾਹਾਂ ਇਕ ਪਾਵਾਂ
ਮੇਰਾ ਵਿਚ ਸੰਦੂਕਾਂ ਦੇ ਹੱਥ।
ਬਾਬਲ ਤੇਰਾ ਪੁੰਨ ਹੋਵੇ...।

ਵਿਆਹੀ ਕੁੜੀ ਜਦੋਂ ਆਪਣੇ ਲੋੜੀਂਦੇ ਸਾਮਾਨ ਸਹਿਤ ਸਹੁਰੇ ਘਰ ਪਹੁੰਚਦੀ ਹੈ ਤਾਂ ਉਸ ਦੀ ਨਣਦ ਵੱਲੋਂ 'ਸੰਦੂਕ ਖੁੱਲ੍ਹਵਾਈ' ਦੀ ਰਸਮ ਕੀਤੀ ਜਾਂਦੀ ਹੈ। ਨਣਦ ਆਪਣੀ ਭਰਜਾਈ ਦਾ ਸੰਦੂਕ ਖੋਲ੍ਹ ਕੇ ਉਸ ਵਿਚੋਂ ਇਕ ਸੂਟ ਆਪਣੇ ਸਿਵਾਉਣ ਲਈ ਕੱਢ ਲੈਂਦੀ ਹੈ; ਭਾਵ ਇਹ ਰਸਮ ਨਣਦ-ਭਰਜਾਈ ਦੇ ਮਿਲਵਰਤਣ ਦਾ ਪ੍ਰਤੀਕ ਹੈ।

ਪਤੀ-ਪਤਨੀ ਦੀ ਹੁੰਦੀ ਨਿੱਕੀ ਨੋਕ-ਝੋਕ ਵੇਲੇ ਵੀ ਪਤਨੀ ਆਪਣੇ ਪਤੀ ਨੂੰ ਸੰਦੂਕ ਵਿਚ ਪਿਆ ਵਰੀਆਂ ਵਾਲਾ ਘੱਗਰਾ ਚੇਤੇ ਕਰਵਾਉਂਦੀ ਹੈ। ਉਹ ਕਹਿੰਦੀ ਹੈ-ਹੁਣ ਤੂੰ ਮੇਰੇ ਨਾਲ ਲੜਦਾ ਹੈਂ ਪਰ ਜੇ ਮੈਨੂੰ ਕੁਝ ਹੋ ਗਿਆ ਤਾਂ ਤੂੰ ਸੰਦੂਕ ਵਿਚ ਪਿਆ ਕਾਲੀ ਸੂਫ ਦਾ ਘੱਗਰਾ ਵੇਖ-ਵੇਖ ਕੇ ਰੋਇਆ ਕਰੇਂਗਾ:

ਕਾਲਾ ਘੱਗਰਾ ਸੰਦੂਕ ਵਿਚ ਮੇਰਾ,
ਵੇ ਵੇਖ-ਵੇਖ ਰੋਏਂਗਾ ਜੱਟਾ।

ਸੰਦੂਕ ਦਾ ਹੋਰ ਵੀ ਲੋਕ ਗੀਤਾਂ ਤੇ ਬੋਲੀਆਂ ਵਿਚ ਜ਼ਿਕਰ ਹੁੰਦਾ ਹੈ:

*ਸੱਸ ਕੁੱਟਣੀ ਸੰਦੂਕਾਂ ਓਹਲੇ
ਨਿੰਮ ਦਾ ਘੜਾ ਦੇ ਘੋਟਣਾ।
*ਜੇ ਜੱਟੀਏ ਜੱਟ ਕੁੱਟਣਾ ਹੋਵੇ
ਕੁੱਟੀਏ ਸੰਦੂਕਾਂ ਓਹਲੇ
ਪਹਿਲਾਂ ਜੱਟ ਤੋਂ ਦਾਲ ਦਲਾਈਏ
ਫੇਰ ਦਲਾਈਏ ਛੋਲੇ
ਜੱਟੀਏ ਦੇਹ ਦਬਕਾ
ਜੱਟ ਫੇਰ ਨਾ ਬਰਾਬਰ ਬੋਲੇ।

ਆਖਰੀ ਗੱਲ ਇਹ ਹੈ ਕਿ ਇਕ ਸਮੇਂ ਸੰਦੂਕ ਨਾਲ ਪੰਜਾਬਣ ਦਾ ਨਹੁੰ-ਮਾਸ ਦਾ ਰਿਸ਼ਤਾ ਰਿਹਾ ਹੈ। ਸਹੁਰੇ ਘਰ ਜੇ ਕੋਈ ਚੀਜ਼ ਉਸ ਦੀ ਆਪਣੀ ਹੁੰਦੀ ਸੀ ਤਾਂ ਉਹ ਸੀ ਪੇਕਿਆਂ ਵੱਲੋਂ ਦਿੱਤਾ ਸੰਦੂਕ ਜਿਸ ਨੂੰ ਖੋਲ੍ਹਦੀ ਉਹ ਪੇਕਿਆਂ ਦੀਆਂ ਅਤੀਤ ਦੀਆਂ ਯਾਦਾਂ ਵਿਚ ਗੁੰਮ ਜਾਂਦੀ ਸੀ। ਸੰਦੂਕ ਵਿਚ ਰੱਖੇ ਝੋਲੇ, ਸਰ੍ਹਾਣਿਆਂ, ਫੁਲਕਾਰੀਆਂ ਨੂੰ ਫਰੋਲਦੀ ਉਹ ਸਹੇਲੀਆਂ ਸੰਗ ਸੰਵਾਦ ਰਚਾ ਲੈਂਦੀ ਸੀ। ਸੁਆਣੀ ਦਾ ਸੰਦੂਕ ਨਾਲ ਬਹੁਤ ਹੀ ਅਪਣੱਤ ਭਰਿਆ ਰਿਸ਼ਤਾ ਹੁੰਦਾ ਸੀ। ਵਰ੍ਹੇ ਛਿਮਾਹੀ ਉਹ ਆਪ ਰੰਗ-ਰੋਗਨ ਕਰਕੇ ਫੁੱਲਾਂ ਵੇਲਾਂ, ਮੋਰ-ਘੁੱਗੀਆਂ ਨਾਲ ਸੰਦੂਕ ਸ਼ਿੰਗਾਰਦੀ ਸੀ। ਸੱਚਮੁੱਚ ਉਸ ਦਾ ਸੱਚਾ ਸਾਥੀ ਹੁੰਦਾ ਸੀ ਸੰਦੂਕ ਪਰ ਹੁਣ ਸਮਾਂ ਬਦਲ ਚੁੱਕਾ ਹੈ। ਹੁਣ ਨਾ ਤਾਂ ਸੰਦੂਕ ਦੀ ਸਰਦਾਰੀ ਰਹੀ ਅਤੇ ਨਾ ਹੀ ਇਹ ਘਰਾਂ ਦਾ ਸ਼ਿੰਗਾਰ ਹਨ। ਹੁਣ ਸੰਦੂਕ ਦੀ ਜਗ੍ਹਾ ਪੇਟੀਆਂ ਅਤੇ ਅਲਮਾਰੀਆਂ ਨੇ ਲੈ ਲਈ ਹੈ। ਕੋਈ ਵਿਰਲਾ ਹੀ ਘਰ ਹੋਵੇਗਾ ਜਿੱਥੇ ਸੰਦੂਕ ਅਜੇ ਵੀ ਸੰਭਾਲੇ ਹੋਏ ਹਨ। ਆਉਣ ਵਾਲੀਆਂ ਪੀੜ੍ਹੀਆਂ ਤਾਂ ਸ਼ਾਇਦ ਸੰਦੂਕ ਸ਼ਬਦ ਤੋਂ ਵੀ ਅਣਜਾਣ ਹੋਣਗੀਆਂ।

***ਇਕ ਸਮੇਂ ਸੰਦੂਕ ਨਾਲ ਪੰਜਾਬਣ ਦਾ ਨਹੁੰ-ਮਾਸ ਦਾ ਰਿਸ਼ਤਾ ਰਿਹਾ ਹੈ। ਸਹੁਰੇ ਘਰ ਜੇ ਕੋਈ ਚੀਜ਼ ਉਸ ਦੀ ਆਪਣੀ ਹੁੰਦੀ ਸੀ ਤਾਂ ਉਹ ਸੀ ਪੇਕਿਆਂ ਵੱਲੋਂ ਦਿੱਤਾ ਸੰਦੂਕ ਜਿਸ ਨੂੰ ਖੋਲ੍ਹਦੀ ਉਹ ਪੇਕਿਆਂ ਦੀਆਂ ਅਤੀਤ ਦੀਆਂ ਯਾਦਾਂ ਵਿਚ ਗੁੰਮ ਜਾਂਦੀ ਸੀ। ਸੰਦੂਕ ਵਿਚ ਰੱਖੇ ਝੋਲੇ, ਸਰ੍ਹਾਣਿਆਂ, ਫੁਲਕਾਰੀਆਂ ਨੂੰ ਫਰੋਲਦੀ ਉਹ ਸਹੇਲੀਆਂ ਸੰਗ ਸੰਵਾਦ ਰਚਾ ਲੈਂਦੀ ਸੀ।***

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਮਈ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-482



*ਸੜਕ ਕਿਨਾਰੇ ਢਾਬਾ ਮਿੱਤਰਾਂ ਦਾ, ਆਵਾਜ਼ਾਂ ਮਾਰਨ ਚਾਹ ਦੇ ਗਲਾਸ ਤਿੰਨ।
ਚਾਹ ਲਾਚੀਆਂ ਵਾਲੀ ਪੀ ਲਵੇ ਜਿਹੜਾ ਵੀ, ਮੁੜ ਕੇ ਨਾ ਲੰਘੂ ਪੀਤਿਆਂ ਬਿਨ।*

### ਕੈਪਸ਼ਨ ਮੁਕਾਬਲਾ-480



ਰੰਗ-ਬਰੰਗੇ ਬੈਠੇ ਆ ਤੋਤੇ
ਕਿੱਦਾਂ ਮਾਰ ਆਏ ਉਡਾਰੀਆਂ,
ਕਿੱਥੋਂ ਕਿੱਥੇ ਪਹੁੰਚ ਗਏ
ਵਾਟਾਂ ਮੁਕਾ ਕੇ ਸਾਰੀਆਂ।
ਰੰਗ ਨੀਲੇ, ਪੀਲੇ, ਹਰੇ, ਸੰਤਰੀ
ਜਿਉਂ ਸੋਹਣੀਆਂ ਬੁੱਕਲਾਂ ਮਾਰੀਆਂ,
ਦੇਖਣ ਨੂੰ ਉਹ ਇਉਂ ਪਏ ਲੱਗਣ
ਜਿਵੇਂ ਪਾਈਆਂ ਸ਼ਨੀਲ ਫੁਲਕਾਰੀਆਂ।
***-ਕਲਵੰਤ ਸਿੰਘ ਸਹੋਤਾ***

---

ਰੰਗ-ਬਰੰਗੇ ਮੀਆਂ ਮਿੱਠੂ
ਆ ਡਾਰ ਨੇ ਰੌਣਕ ਲਾਈ।
ਟਹਿਣੀ ਦੇ ਵਿਚ ਜਾਨ ਪੈ ਗਈ
ਹੈਗੀ ਸੀ ਜੋ ਸੁੱਕੀ ਸੁਕਾਈ।
ਕੋਈ ਗਾਵੇ ਕੋਈ ਖੰਭ ਖਿਲਾਰੇ
ਕਾਇਨਾਤ 'ਤੇ ਮਸਤੀ ਛਾਈ।
***-ਜਗਮੀਤ ਸਿੰਘ ਪੰਧੇਰ***

---

ਕਲਾਕਾਰੀ ਕਾਦਰ ਦੀ ਦੇਖੋ,
ਭਿੰਨ ਭਿੰਨ ਰੰਗ ਭਰੇ।
ਆਪਣਾ ਭੇਦ ਨ ਦੇਵੇ ਦਾਤਾ,
ਆਪ ਹੀ ਚੋਚਲੇ ਕਰੇ।
ਡਾਹਲੀ ਬੈਠੇ ਡਾਰ ਬਣਾ ਕੇ,
ਕਰਦੇ ਸਿਫਤ ਸਲਾਹ।
ਕੁਦਰਤ ਦੇ ਬਲਿਹਾਰੇ ਜਾਵਾਂ,
ਬਣ ਗਈ ਜੋ ਗਵਾਹ।
***-ਸੇਵਾ ਸਿੰਘ ਨੂਰਪੁਰੀ***

---

ਪ੍ਰੇਮ ਭਾਵ ਨਾਲ ਪੰਛੀ ਰਹਿਣ,
ਮੰਦਾ ਬੋਲ ਕਦੀ ਨਾ ਕਹਿਣ।
ਕੁਦਰਤ ਵਿਚ ਭਰ ਦਿੰਦੇ ਰੰਗ,
ਬੋਲੀ ਸੁਣ ਰਹਿ ਜਾਈਏ ਦੰਗ।
ਉਮਰ ਇਨ੍ਹਾਂ ਦੀ ਭਾਵੇਂ ਘੱਟ,
ਪਰ ਪਾਉਂਦੇ ਨਹੀਂ ਮੱਥੇ ਵੱਟ।
ਇਨ੍ਹਾਂ ਵਾਂਗ ਰਲ ਖਾਣਾ ਪੀਣਾ,
ਸਹੀ ਮਾਅਨੇ ਵਿਚ ਹੈ ਜੀਣਾ।
ਬੰਦਿਆ ਤੂੰ ਵੀ ਕਰ ਲੈ ਸੁਧਾਰ,
ਪੰਛੀਆਂ ਨੂੰ ਨਾ ਅਜਾਈਂ ਮਾਰ।
***-ਚਮਨਦੀਪ ਸ਼ਰਮਾ, ਪਟਿਆਲਾ***

---

ਕੁਦਰਤ ਤਾਂ ਸਦਾ ਰੰਗ ਬਿਖੇਰੇ,
ਬੇਰੰਗ, ਉਦਾਸੀ ਨਾ ਉਸ ਨੂੰ ਭਾਵੇ।
ਰੁੰਡ, ਮਰੁੰਡ ਰੁੱਖ ਦੇ ਉੱਤੇ,
ਰੰਗ-ਬਰੰਗੇ ਪੰਛੀ ਲਿਆ ਬਿਠਾਵੇ।
ਨਾ ਮੀਂਹ, ਨਾ ਧੁੱਪੇ ਫਿੱਟਣ,
ਕਿਹੜੇ ਬੁਰਸ਼ਾਂ ਨਾਲ ਇਹ ਰੰਗੇ,
ਬਲਿਹਾਰੇ ਜਾਈਏ, ਸ਼ਬਦ ਨਾ ਥਿਆਵੇ।
***-ਦਵਿੰਦਰ ਕੌਰ***

---

ਸੱਚ ਹੀ ਸੁੰਦਰ, ਸੁੰਦਰਤਾ ਹੀ ਰੱਬ ਹੈ
ਬੰਦਾ ਕਿਉਂ ਅਨੰਦ ਨਹੀਂ ਲੈਂਦਾ।
ਕੁਦਰਤ ਬਣਾਏ ਪੇੜ-ਪੌਦੇ, ਪਸ਼ੂ-ਪੰਛੀ
ਇਨ੍ਹਾਂ ਨਾਲ ਵੀ ਇੱਕ-ਮਿੱਕ ਨਹੀਂ ਰਹਿੰਦਾ।
ਚੁੰਗਲਾਂ 'ਚ ਫਸ ਕੇ ਰਿਸ਼ਤੇ ਭੁੱਲ ਬੈਠਾ
ਹਰ ਵੇਲੇ 'ਪੈਸਾ, ਹਾਏ ਪੈਸਾ'
ਮਨੁੱਖ ਕਰਦਾ ਰਹਿੰਦਾ।
ਬੇਸ਼ਕੀਮਤੀ ਪੌਣ-ਪਾਣੀ
ਸੂਰਜੀ ਊਰਜਾ ਮੁਫਤ ਨੇ
ਮੁਨਕਰ ਹੋਇਆ ਫਿਰੇ,
ਰੱਬ ਨੂੰ ਨਹੀਂ ਧਿਆਉਂਦਾ।
***-ਅਮਰਜੀਤ ਸਿੰਘ ਤੂਰ***

---

ਕੁਦਰਤ ਵੰਨ-ਸੁਵੰਨੀ
ਜਿਹੋ ਜਿਹਾ ਬੀਜ, ਓਹੋ ਜਿਹੀ ਫਸਲ
ਕਣਕ ਦਾ ਬੀਜ
ਮੱਕੀ ਦੀਆਂ ਛੱਲੀਆਂ ਨਹੀਂ ਦੇਊ।
ਪੰਛੀ ਨਸਲ ਵੀ ਆਪਣੇ ਆਪਣੇ ਰੰਗ
ਹੋਵੇ ਤੋਤਾ, ਰੰਗ-ਬਰੰਗੇ ਗੂੜ੍ਹੇ ਰੰਗ।
ਕਰ ਕਲੋਲਾਂ ਪੰਛੀ ਆਪਣੇ ਕੁਨਬੇ 'ਚ
ਅੰਤਾਂ ਦਾ ਮਜ਼ਾ ਲੈਂਦੇ।
ਬੰਦਾ ਪਹਿਨ ਰੰਗ-ਬਰੰਗੇ ਲਿਬਾਸ
ਮਸ਼ਰੂਈ ਖਿੱਚ ਪੈਦਾ ਕਰਨ,
ਕੋਸ਼ਿਸ਼ ਕਰਦਾ
ਪਰ ਪਰਿੰਦੇ ਤਾਂ ਕੁਦਰਤੀ
ਦਿਲ ਹਨ ਮੋਹ ਲੈਂਦੇ।
***-ਦਰਸ਼ਨਪਾਲ ਦੋਸਾਂਝ***

# ਖੁਦ ਨੂੰ ਪਿਆਰ ਕਰੋ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮਾਂਵਾਂ ਦੇ ਪਿਆਰ ਅਤੇ ਉਨ੍ਹਾਂ ਦੀ ਅਹਿਮੀਅਤ ਦਾ ਗੁਣਗਾਨ ਕੀਤਾ ਸੀ, "ਮਾਂਵਾਂ ਹੀ ਬੱਚਿਆਂ ਦੇ ਮੱਥਿਆਂ 'ਤੇ ਉਗਮਦੀਆਂ ਨੇ ਉਮੀਦ, ਉਤਸ਼ਾਹ, ਉਮਾਹ, ਉਦਮ ਤੇ ਉਦੇਸ਼ ਦਾ ਸਿਰਨਾਂਵਾਂ।...ਮਾਂ ਹੀ ਮਕਾਨ ਨੂੰ ਘਰ, ਚੁੱਲ੍ਹੇ ਨੂੰ ਚੌਂਕਾ, ਵਿਹੜੇ ਨੂੰ ਭਾਗਾਂ-ਭਰਿਆ, ਘਰ ਨੂੰ ਸਵਰਗ ਅਤੇ ਸਬੰਧਾਂ ਵਿਚਲੀ ਸੁਗੰਧ ਅਤੇ ਸੰਵੇਦਨਾ ਹੁੰਦੀ। ਮਾਂਵਾਂ ਸਦਕਾ ਹੀ ਮਨੁੱਖ ਸੋਗ, ਸਰਾਪ, ਸੰਤਾਪ, ਸਿਸਕੀਆਂ ਨੂੰ ਸਹਿ ਕੇ ਜ਼ਿੰਦਗੀ ਨੂੰ ਜਿਉਣਜੋਗਾ ਕਰਦਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਖੁਦ ਨੂੰ ਪਿਆਰ ਕਰਨ ਦੀ ਅਪੀਲ ਕਰਦਿਆਂ ਇਸ ਦੇ ਫਾਇਦੇ ਗਿਣਾਏ ਹਨ; ਕਿਉਂਕਿ ਉਹ ਆਖਦੇ ਹਨ, "ਸਭ ਤੋਂ ਉਤਮ ਹੈ ਖੁਦ ਨਾਲ ਪਿਆਰ ਕਰਨਾ; ਖੁਦ ਨੂੰ ਕੀਤਾ ਪਿਆਰ ਕਦੇ ਪੁਰਾਣਾ ਨਹੀਂ ਹੁੰਦਾ। ਖੁਦ ਨੂੰ ਪਿਆਰ ਕੀਤਿਆਂ ਹੀ ਪਤਾ ਲੱਗਦਾ ਕਿ ਬਾਹਰੀ ਦਿੱਖ ਨੂੰ ਸਾਫ-ਸੁਥਰੀ ਅਤੇ ਆਕਰਸ਼ਕ ਬਣਾਉਣ ਦੇ ਨਾਲ-ਨਾਲ, ਅੰਦਰ ਨੂੰ ਰੁਸ਼ਨਾਉਣ ਲਈ ਚਿਰਾਗ ਜਗਾਉਣ ਦੀ ਵੀ ਲੋੜ ਹੁੰਦੀ। ਖੁਦ ਨੂੰ ਪਿਆਰ ਦਾ ਅਰਥ ਹੈ ਕਿ ਤੁਸੀਂ ਆਪਣਾ ਵਿਕਾਸ ਤੇ ਵਿਸਥਾਰ ਕਿਵੇਂ ਕਰਨਾ?" ਉਹ ਆਖਦੇ ਹਨ, "ਖੁਦ ਨੂੰ ਪਿਆਰ ਕਰਨ ਲਈ ਜਰੂਰੀ ਹੈ ਕਿ ਖੁਦ ਆਪਣੇ ਵਿਕਾਸ ਤੇ ਉਤਪਤੀ ਦੀ ਕਾਮਨਾ, ਕਾਰਨ, ਕਾਰਕ ਅਤੇ ਕੀਰਤੀ ਬਣੋ। ਖੁਦ ਨੂੰ ਪਿਆਰ ਕੀਤਿਆਂ ਅਤੇ ਅਦਬ ਕੀਤਿਆਂ ਹੀ ਤੁਸੀਂ ਸਮਾਜ ਕੋਲੋਂ ਪਿਆਰ ਜਾਂ ਅਦਬ ਪ੍ਰਾਪਤ ਕਰ ਸਕਦੇ ਹੋ।"***

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਪਿਆਰ ਸੂਖਮ ਅਹਿਸਾਸ, ਸਕੂਨ ਭਰੀ ਭਾਵਨਾ, ਲਰਜ਼ਦੇ ਚਾਅ, ਚਾਅਵਾਂ ਦਾ ਅਸੀਮ ਪ੍ਰਵਾਹ ਅਤੇ ਸੂਹੇ ਰੰਗਾਂ ਵਿਚ ਰੰਗੇ ਜਾਣ ਦਾ ਅਨੁਭਵ।

ਪਿਆਰ ਵਿਚ ਕੋਸੇ ਕੋਸੇ ਹੋ ਜਾਂਦੇ ਯੱਖ ਪਲ, ਇਕੱਲ ਵਿਚੋਂ ਏਕਾਂਤ ਦੀ ਖੁਸ਼ਬੂ, ਘਰ ਨੂੰ ਭਾਗ ਲਗਾਦੇ, ਕੰਧਾਂ ਭਰਦੀਆਂ ਹੁੰਗਾਰਾ, ਕਮਰਿਆਂ ਦੀ ਸਰਗੋਸ਼ੀ ਵਿਚ ਨਿੱਕੇ-ਨਿੱਕੇ ਹਾਸਿਆਂ ਅਤੇ ਵੱਡੀਆਂ ਪੂਰਤੀਆਂ ਦਾ ਰੌਣਕ-ਮੇਲਾ। ਕੰਧਾਂ 'ਤੇ ਉਗੀਆਂ ਤਰੀਖਾਂ ਵੀ ਮਿਟ ਜਾਂਦੀਆਂ ਅਤੇ ਰੌਸ਼ਨਦਾਨਾਂ ਵਿਚ ਆਉਂਦੇ ਤਾਜੀ ਤੇ ਮਹਿਕੀ ਪੌਣ ਦੇ ਬੁੱਲੇ।

ਪਿਆਰ, ਬੋਲਾਂ ਵਿਚ ਭਰੀ ਮਿਠਾਸ, ਹੋਠਾਂ ਦੀ ਚੁੱਪ ਦੇ ਨਾਮ ਗੀਤ, ਅੱਖਾਂ ਵਿਚ ਸੰਦਲੀ ਸੁਪਨਿਆਂ ਦੀ ਸੂਹੀ ਰੰਗਤ ਅਤੇ ਮੁਖੜੇ 'ਤੇ ਗੰਧਮੀ ਚਾਹਤਾਂ ਦੀ ਗਹਿਗੱਚਤਾ।

ਪਿਆਰ ਦੇ ਬਹੁਤ ਸਾਰੇ ਰੰਗ ਅਤੇ ਪਰਤਾਂ। ਕਦੇ ਕੁਦਰਤ ਨਾਲ, ਕਦੇ ਕਿਤਾਬਾਂ ਨਾਲ, ਕਦੇ ਕਮਰੇ ਨਾਲ, ਕਦੇ ਕਿਰਤ ਨਾਲ, ਕਦੇ ਕਾਇਨਾਤ ਨਾਲ, ਕਦੇ ਕਲਾ ਨਾਲ ਅਤੇ ਕਦੇ ਕਲਮ ਨਾਲ। ਪਿਆਰ ਤਾਂ ਆਪਣਿਆਂ ਨਾਲ, ਪਸ਼ੂਆਂ-ਪਰਿੰਦਿਆਂ ਨਾਲ, ਫੁੱਲਾਂ-ਰੁੱਖਾਂ ਨਾਲ ਵੀ। ਇਹ ਜਰੂਰੀ ਤਾਂ ਹੈ, ਪਰ ਸਭ ਤੋਂ ਉਤਮ ਹੈ ਖੁਦ ਨਾਲ ਪਿਆਰ ਕਰਨਾ; ਕਿਉਂਕਿ ਖੁਦ ਦੇ ਪਿਆਰ ਵਿਚੋਂ ਵੀ ਪਿਆਰ ਦੀਆ ਬਹੁਤ ਸਾਰੀਆਂ ਸਾਹ-ਰਗਾਂ ਉਤਪੰਨ ਹੁੰਦੀਆਂ। ਇਨ੍ਹਾਂ ਨੂੰ ਕੋਈ ਵੀ ਨਾਮ ਦਿੱਤਾ ਜਾ ਸਕਦਾ। ਕੁਝ ਕੁ ਦੀ ਅਹਿਮੀਅਤ, ਲੋੜ, ਲਾਭ, ਨਿਯਮਤਾ ਅਤੇ ਨਿਰੰਤਰਤਾ ਸੀਮਤ ਹੁੰਦੀ, ਜੋ ਕੁਝ ਚਿਰ ਬਾਅਦ ਬੇਲੋੜੀ, ਬੇਥਵੀ ਜਾਂ ਬੇਗਾਨੀ ਜਾਪਣ ਲੱਗਦੀ; ਪਰ ਖੁਦ ਨੂੰ ਕੀਤਾ ਪਿਆਰ ਕਦੇ ਪੁਰਾਣਾ ਨਹੀਂ ਹੁੰਦਾ। ਸਦਾ ਨਵਾਂ ਨਰੋਇਆ, ਨਵੇਂ ਰੰਗ, ਰੂਪ, ਰਹਿਤਲ ਅਤੇ ਰੂਹ-ਰੇਜ਼ਤਾ ਸੰਗ ਸਾਹਾਂ ਦੀ ਸਰਦਲ 'ਤੇ ਦਸਤਕ ਦਿੰਦਾ।

ਖੁਦ ਨੂੰ ਪਿਆਰ, ਬਹੁਤ ਘੱਟ ਲੋਕ ਕਰਦੇ। ਉਹ ਤਾਂ ਦੁਨਿਆਵੀ, ਆਰਥਿਕ, ਸਮਾਜਿਕ, ਰਾਜਨੀਤਕ ਜਾਂ ਧਾਰਮਿਕ ਰੂਪਾਂ ਵਿਚਲੇ ਪਿਆਰ ਨੂੰ ਅਸਲੀਅਤ ਸਮਝ ਕੇ ਆਪਣੀ ਉਮਰ ਨੂੰ ਬੇਅਰਥਾ ਹੀ ਵਿਹਾਜ ਲੈਂਦੇ। ਖੁਦ ਨੂੰ ਪਿਆਰ ਕਰਨਾ ਦਾ ਚੇਤਾ ਹੀ ਨਹੀਂ ਆਉਂਦਾ।

ਦਰਅਸਲ ਖੁਦ ਨੂੰ ਪਿਆਰ ਦਾ ਮਤਲਬ ਹੈ, ਆਪਣੇ ਸਮੁੱਚ ਨੂੰ ਪਿਆਰ ਕਰਨਾ, ਆਪਣੇ ਵਿਅਕਤੀਤਵ, ਕਿੱਤੇ, ਸ਼ਖਸੀ ਬਿੰਬ, ਕਰਮ-ਸਾਧਨਾ, ਕਰਮਯੋਗਤਾ ਅਤੇ ਕਿਰਤ ਨੂੰ ਪਿਆਰ ਕਰਨਾ। ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਪਿਆਰ ਕਰਨਾ ਅਤੇ ਆਪਣੇ ਹਿੱਸੇ ਦੇ ਅੰਬਰ ਨਾਲ ਰਾਤਾਂ 'ਚ ਉਜਿਆਰਾ ਧਰਨਾ।

ਖੁਦ ਨੂੰ ਪਿਆਰ ਕਰਨ ਲਈ ਜਰੂਰੀ ਹੈ ਕਿ ਖੁਦ ਆਪਣੇ ਵਿਕਾਸ ਤੇ ਉਤਪਤੀ ਦੀ ਕਾਮਨਾ, ਕਾਰਨ, ਕਾਰਕ ਅਤੇ ਕੀਰਤੀ ਬਣੋ। ਆਪਣੀਆਂ ਜੀਵਨ ਤਰਜੀਹਾਂ ਨੂੰ ਇਸ ਤਰ੍ਹਾਂ ਵਿਉਂਤੋਂ ਕਿ ਤੁਹਾਡੀਆਂ ਅਸੀਮਤ ਸਮਰੱਥਾਵਾਂ, ਛੁਪੀਆਂ ਕਲਾਵਾਂ ਅਤੇ ਮਨ ਵਿਚ ਦੱਬੀਆਂ ਰੀਝਾਂ ਨੂੰ ਪੁੰਗਰਨ ਤੇ ਮੌਲਣ ਦਾ ਮੌਕਾ ਮਿਲੇ। ਖੁਦ ਲਈ ਬਿਰਖ ਤੇ ਛਾਂ ਬਣਨਾ। ਸੁਹਜਮਈ ਤੇ ਸੁਖਨਮਈ ਕਿਰਿਆਸ਼ੀਲਤਾ, ਜੀਵਨ-ਯੋਗ ਬਣ ਜਾਵੇਗੀ।

ਜਦ ਅਸੀਂ ਖੁਦ ਨੂੰ ਪਿਆਰ ਕਰਦੇ ਹਾਂ ਤਾਂ ਸਾਨੂੰ ਆਪਣੀਆਂ ਕਮੀਆਂ, ਕੁਤਾਹੀਆਂ, ਕਮੀਨਗੀਆਂ ਅਤੇ ਕਰਤੂਤਾਂ ਦਾ ਪਤਾ ਹੁੰਦਾ। ਅਸੀਂ ਇਨ੍ਹਾਂ ਨੂੰ ਦੂਰ ਕਰ, ਗੰਦਗੀ ਭਰੇ ਪਲਾਂ ਅਤੇ ਬਦਚੂਦਾਰ ਵਰਤਾਰਿਆਂ ਨੂੰ ਤਿਆਗ, ਮਹਿਕੀਲੇ ਵਰਤਾਰਿਆਂ ਦਾ ਵਣਜ ਕਰਨ ਵੰਨੀਂ ਉਲਾਰ ਹੁੰਦੇ। ਖੁਦ ਨੂੰ ਪਿਆਰ ਵਿਚੋਂ ਹੀ ਖੁਦ ਨੂੰ ਸੁੰਦਰ, ਸਾਵਾਂ, ਸਹਿਜ ਸੰਤੋਖੀ ਤੇ ਸਮਰਪਿਤ ਹੋਣ ਅਤੇ ਸਾਦਗੀ ਨੂੰ ਅਪਨਾਉਣ ਦਾ ਅਹਿਸਾਸ ਹੁੰਦਾ।

ਖੁਦ ਨੂੰ ਪਿਆਰ ਕੀਤਿਆਂ ਹੀ ਪਤਾ ਲੱਗਦਾ ਕਿ ਬਾਹਰੀ ਦਿੱਖ ਨੂੰ ਸਾਫ-ਸੁਥਰੀ ਅਤੇ ਆਕਰਸ਼ਕ ਬਣਾਉਣ ਦੇ ਨਾਲ-ਨਾਲ, ਅੰਦਰ ਨੂੰ ਰੁਸ਼ਨਾਉਣ ਲਈ ਚਿਰਾਗ ਜਗਾਉਣ ਦੀ ਵੀ ਲੋੜ ਹੁੰਦੀ, ਜਿਸ ਨਾਲ ਚਾਨਣ-ਚਾਨਣ ਹੋਇਆ ਅੰਦਰ, ਬਾਹਰਲੀ ਦੁਨੀਆਂ ਨੂੰ ਚੁੰਧਿਆ ਅਤੇ ਰੁਸ਼ਨਾ ਸਕਦਾ। ਜਦ ਰੌਸ਼ਨੀ ਅੰਦਰ ਤੋਂ ਬਾਹਰ ਵੱਲ ਨੂੰ ਸਫਰ ਕਰਦੀ ਤਾਂ ਰੌਸ਼ਨ ਰੌਸ਼ਨ ਹੋ ਜਾਂਦੇ ਸਮਾਜਿਕ ਮਾਰਗ ਅਤੇ ਚਾਨਣ ਬਣਦਾ ਜੀਵਨ-ਪ੍ਰਮੁੱਖਤਾ ਦਾ ਵਰਤਾਰਾ।

ਖੁਦ ਨੂੰ ਪਿਆਰ ਕਰਨਾ, ਨਿਰੰਤਰ ਸਾਧਨਾ, ਨਿੱਤਨੇਮ, ਕਰਮਯੋਗਤਾ, ਕਰਮ-ਕੀਰਤੀ ਕਾਮਨਾ। ਸਰੀਰਕ ਕਿਰਿਆਵਾਂ ਵਾਂਗ ਇਸ ਨੂੰ ਵਾਰ ਵਾਰ ਕਰਨ ਅਤੇ ਇਸ 'ਤੇ ਪਈ ਧੂੜ/ਕਾਲਖ ਨੂੰ ਲਾਹ ਕੇ ਚਮਕਾਉਣ ਦਾ ਕਾਰਨ।

ਖੁਦ ਨੂੰ ਪਿਆਰ ਕੀਤਿਆਂ ਹੀ ਅਸੀਂ ਕਿਰਤ ਕਰਦਿਆਂ, ਸਮੁੱਚ ਵਿਚ ਹਾਜ਼ਰ-ਨਾਜ਼ਰ, ਪੂਰਨ ਸਮਰੱਥਾ, ਤਾਕਤ ਅਤੇ ਤਨਦੇਹੀ ਨਾਲ ਨਵੇਂ ਕੀਰਤੀਮਾਨ ਸਥਾਪਤ ਕਰਦੇ। ਕਿਰਤ ਵਿਚੋਂ ਕਰਤਾਰੀ ਸ਼ਕਤੀਆਂ ਦਾ ਉਦੈ ਹੋਣਾ ਹੀ ਇਹ ਸਾਬਤ ਕਰਦਾ ਕਿ ਕਿਰਤੀ ਖੁਦ ਨੂੰ ਪਿਆਰ ਕਰਦਾ।

ਖੁਦ ਨੂੰ ਪਿਆਰ ਦੇ ਪ੍ਰਗਟਾਅ ਲਈ ਬੋਲਾਂ ਦੀ ਲੋੜ ਨਹੀਂ, ਨਾ ਹੀ ਸ਼ਬਦਾਂ ਦੀ ਮੁਥਾਜ਼ੀ। ਪਿਆਰ ਮਨੁੱਖ ਵਿਚੋਂ ਆਪਣੇ ਆਪ ਪ੍ਰਗਟਦਾ। ਕਿਰਤ ਵਿਚੋਂ ਲਿਸ਼ਕੋਰਦਾ, ਕਲਾ ਵਿਚੋਂ ਪ੍ਰਤੱਖ। ਕਿਰਦਾਰ, ਰਫਤਾਰ, ਗੁਫਤਾਰ ਅਤੇ ਵਿਹਾਰ ਵਿਚੋਂ ਦਿੱਸਦਾ।

ਖੁਦ ਨੂੰ ਪਿਆਰ ਕਰਨ ਵਾਲਿਆਂ ਦੇ ਮੱਥੇ 'ਤੇ ਸੂਰਜਾਂ ਦਾ ਵਾਸ। ਨੈਣਾਂ ਵਿਚ ਸਤਰੰਗੀ ਆਭਾ, ਦਿੱਖ ਵਿਚ ਦਿੱਬ-ਦ੍ਰਿਸ਼ਟੀ ਦਾ ਰੈਣ-ਬਸੇਰਾ ਅਤੇ ਕਾਇਆ ਵਿਚ ਕਾਇਨਾਤ ਦੀਆਂ ਅਸੀਮ ਬਖਸ਼ਿਸ਼ਾਂ ਦੀ ਰਹਿਮਤ।

ਖੁਦ ਨੂੰ ਪਿਆਰ ਕਰਨ ਵਾਲਿਆਂ ਦੇ ਆਭਾ-ਮੰਡਲ ਵਿਚ ਵਿਚਰਨ ਵਾਲੇ ਲੋਕ ਵੀ ਉਨ੍ਹਾਂ ਦੇ ਰੰਗ ਵਿਚ ਰੰਗੇ ਜਾਂਦੇ। ਇਸੇ ਲਈ ਖੁਦ ਨੂੰ ਪਿਆਰ ਕਰਨ ਵਾਲੇ ਮਹਾਤਮਾ ਕਿਸੇ ਰੱਬ ਨੂੰ ਪੂਜਣ ਲਈ ਨਹੀਂ ਕਹਿੰਦੇ। ਉਨ੍ਹਾਂ ਦਾ ਜੋਰ ਖੁਦ ਨੂੰ ਪੂਜਣ 'ਤੇ ਹੁੰਦਾ। ਪਰਮਾਤਮਾ ਕਿਸੇ ਧਾਰਮਿਕ ਅਸਥਾਨ ਵਿਚ ਨਹੀਂ ਵੱਸਦਾ। ਸਗੋਂ ਮਨੁੱਖ ਦੇ ਅੰਦਰ ਵੱਸਦਾ ਅਤੇ ਖੁਦ ਨੂੰ ਪਿਆਰ ਦਾ ਮਤਲਬ ਹੈ, ਰੱਬ ਨੂੰ ਪਿਆਰ ਕਰਨਾ। ਉਸ ਵਿਚ ਅਭੇਦ ਹੋਣਾ। ਉਸ ਦੇ ਭਾਣੇ ਵਿਚ ਜੀਵਨ ਨੂੰ ਨਿਰਧਾਰਤ ਕਰਨਾ। ਸ਼ੁਭ-ਕਰਮਨ ਅਤੇ ਸ਼ੁਭ-ਚਿੰਤਨ ਨੂੰ ਸੋਚ ਦਾ ਹਿੱਸਾ ਬਣਾਉਣਾ।

ਖੁਦ ਨੂੰ ਪਿਆਰ ਤੋਂ ਮੁਨਕਰੀ ਦਾ ਮਤਲਬ ਹੈ, ਖੁਦ ਦੇ ਅੰਦਰ ਵੱਸਦੀ ਖੁਦਾਈ, ਬੰਦਿਆਈ ਅਤੇ ਚੰਗਿਆਈ ਤੋਂ ਮੁਨਕਰ ਹੋ, ਬੇਦਾਵਾ ਦੇਣਾ।

ਖੁਦ ਨੂੰ ਪਿਆਰ ਕਰਨ ਵਾਲੇ ਹੀ ਕਿਤਾਬ ਦੇ ਰੂਪ ਵਿਚ ਸਭ ਤੋਂ ਸੁੰਦਰ ਸਾਥ ਭਾਲਦੇ। ਕਮਰੇ ਨੂੰ ਕਰਮਸ਼ਾਲਾ ਬਣਾਉਂਦੇ। ਕਲਮ ਨੂੰ ਕਲਾਕਾਰੀ ਦਾ ਮੁਜੱਸਮਾ ਅਤੇ ਉਨ੍ਹਾਂ ਦੇ ਪੋਟਿਆਂ ਵਿਚੋਂ ਕਸਤੂਰੀ ਦੀ ਮਹਿਕ ਆਉਂਦੀ।

ਖੁਦ ਨੂੰ ਪਿਆਰ ਕਰਨ ਵਾਲੇ ਹੀ ਆਪਣੀ ਛੱਤ 'ਤੇ ਚੰਦਰਮਾ ਉਤਾਰਦੇ। ਦਿਲ ਦੀਆਂ ਰਮਜ਼ਾਂ ਸਾਂਝੀਆਂ ਕਰਦੇ, ਚਾਨਣੀ ਵਿਚ ਨਹਾਉਂਦੇ ਅਤੇ ਪੁੰਨਿਆ ਨੂੰ ਜੀਵਨ-ਅੰਧਰਾਤਿਆਂ ਦੇ ਨਾਮ ਕਰਦੇ। ਤਾਰਿਆਂ ਨਾਲ ਗੱਲਾਂ ਕਰਨ, ਅੰਬਰ ਨੂੰ ਆਪਣੀ ਗਲਵੱਕੜੀ ਵਿਚ ਲੈਣ ਅਤੇ ਇਸ ਦੀਆਂ ਅਸੀਮਤਾ ਵਿਚੋਂ ਆਪਣੇ ਨਿੱਕੇਪਣ ਦਾ ਅਹਿਸਾਸ ਮਨ ਵਿਚ ਪੈਦਾ ਹੋ ਜਾਵੇ ਤਾਂ ਮਨੁੱਖ ਨੂੰ ਆਪਣੀ ਔਕਾਤ ਸਦਾ ਯਾਦ ਰਹਿੰਦੀ। ਤਾਂ ਹੀ ਖੁਦ ਦੇ ਪ੍ਰੇਮੀ ਆਪਣੇ ਪੈਰ ਧਰਤੀ ਤੋਂ ਨਹੀਂ ਚੁੱਕਦੇ। ਉਨ੍ਹਾਂ ਲਈ ਆਪਣੀ ਰਹਿਤਲ, ਪਿੰਡ ਦੀ ਮਿੱਟੀ, ਪੁਰਾਣਾ ਘਰ, ਕੱਚੀ ਹਵੇਲੀ, ਖੂਹ ਤੇ ਖਰਾਸ ਅਤੇ ਛੱਪੜਾਂ ਵਿਚ ਲਾਈਆਂ ਤਾਰੀਆਂ ਸਦਾ ਯਾਦ ਰਹਿੰਦੀਆਂ, ਭਾਵੇਂ ਉਹ ਕਿੰਡੇ ਵੀ ਰੁਤਬੇ 'ਤੇ ਪਹੁੰਚ ਜਾਣ।

ਖੁਦ ਨੂੰ ਪਿਆਰ ਕਰਨ ਨਾਲ ਮਿਟ ਜਾਂਦੀਆਂ ਨੇ ਮਰਦ/ਔਰਤ ਦੀਆਂ ਵਿੱਥਾਂ, ਜਾਤਾਂ/ਪਾਤਾਂ ਦੀਆਂ ਵਿਰਲਾਂ, ਹੱਦਾਂ/ਸਰਹੱਦਾਂ ਦੇ ਬਖੇੜੇ ਅਤੇ ਅਮੀਰ/ਗਰੀਬ ਵਿਚਲਾ ਅੰਤਰ। ਖੁਦ ਦੇ ਪਿਆਰ ਲਈ ਅਸੀਂ ਖੁਦ ਹੀ ਪ੍ਰੇਮੀ ਅਤੇ ਖੁਦ ਹੀ ਪਿਆਰ ਕਰਨ ਵਾਲੇ। ਖੁਦ ਹੀ ਆਪਣੀਆਂ ਸੀਮਾਵਾਂ ਤੇ ਸੇਧਾਂ ਨਿਰਧਾਰਤ ਕਰਦੇ। ਖੁਦ ਹੀ ਸੁਪਨੇ ਉਣਦੇ ਅਤੇ ਖੁਦ ਹੀ ਇਨ੍ਹਾਂ ਦੀ ਪੂਰਤੀ ਬਣਦੇ।

ਖੁਦ ਵਿਚੋਂ ਖੁਦ ਦੀ ਪ੍ਰਾਪਤੀ ਨੂੰ ਮਨ ਦੀ ਸਲੇਟ 'ਤੇ ਉਕਰਨਾ ਹੀ, ਖੁਦ ਨੂੰ ਪਿਆਰ ਕਰਨ ਦਾ ਸਭ ਤੋਂ ਵੱਡਾ ਹਾਸਲ ਅਤੇ ਇਸ ਹਾਸਲ ਨੂੰ ਹੀ ਲੋਚਦਾ ਏ ਹਰ ਕੋਈ।

ਖੁਦ ਨੂੰ ਪਿਆਰ ਕਰਨ 'ਤੇ ਮਿਟ ਜਾਂਦੀ ਈਰਖਾ, ਨਫਰਤ, ਕੁੜੱਤਣ, ਘ੍ਰਿਣਾ, ਬਦਲਾਖੋਰੀ, ਧਾਰਮਿਕ ਕੱਟੜਤਾ, ਕਠੋਰਤਾ, ਕਮੀਨਗੀ ਤੇ ਕੋਹਝਾਪਣ ਅਤੇ ਉਗਮ ਪੈਂਦੀ ਏ ਸੁਹਲ, ਸੰਜਮ, ਸੀਰਤ, ਸੂਰਤ, ਸਾਦਗੀ, ਸਿਰੜ ਅਤੇ ਸਦਭਾਵਨਾ ਦੀ ਸਰਘ-ਜੋਤ।

ਖੁਦ ਨੂੰ ਪਿਆਰ ਕੀਤਿਆਂ ਹੁੰਦਾ ਏ ਆਪਣੇਪਣ ਦਾ ਅਹਿਸਾਸ, ਮਨ ਵਿਚ ਪੈਦਾ ਹੁੰਦਾ ਏ ਹੁਲਾਸ, ਜੁੜਦਾ ਏ ਤਿੜਕਿਆ ਵਿਸ਼ਵਾਸ, ਪੂਰੀ ਹੁੰਦੀ ਹੈ ਅਧੂਰਨ ਆਸ ਅਤੇ ਬੱਝਦਾ ਏ ਹਾਰਿਆਂ ਨੂੰ ਮੰਜ਼ਿਲਾਂ ਸਰ ਕਰਨ ਦਾ ਧਰਵਾਸ।

ਖੁਦ ਨੂੰ ਪਿਆਰ ਕੀਤਿਆਂ ਹੀ ਬਚਪਨੇ, ਜਵਾਨੀ, ਬਜੁਰਗੀ ਵਿਚਲੇ ਪਾੜੇ ਪੂਰੇ ਜਾਂਦੇ। ਜੀਵਨ ਦੀ ਸਰਘੀ, ਦੁਪਹਿਰ, ਲੌਢਾ ਵੇਲਾ ਜਾਂ ਸ਼ਾਮ ਵਿਚਲੀ ਵੱਖਰਤਾ ਵਿਅਰਥ। ਉਮਰਾਂ ਦਾ ਪਰਛਾਵਾਂ ਅਲੋਪ। ਮਜੀਠੀ ਰੰਗ ਵਿਚ ਰੰਗੇ ਹੋਏ ਮਨ ਵਿਚ ਜੀਵਨੀ ਉਤਰਾਅ-ਚੜਾਅ ਅਤੇ ਆਉਣ ਵਾਲੀਆਂ ਸਰਦ-ਰਾਤਾਂ ਜਾਂ ਤਪਦੀਆਂ ਦੁਪਹਿਰਾਂ ਨਾਲ ਨਹੀਂ ਪੈਂਦਾ ਕੋਈ ਵੀ ਫਰਕ। ਇਕਸਾਰ, ਇਕਸੁਰ ਅਤੇ ਇਕੱਤਰਤਾ ਵਿਚ ਹੋ ਜਾਂਦੀ ਏ ਸਾਹ-ਸੁਰੰਗੀ। ਜੀਵਨ ਧੜਕਣ ਵਿਚੋਂ ਗੈਰ-ਹਾਜ਼ਰ ਹੋ ਜਾਂਦੀ ਅਵਾਰਗੀ, ਬੇਚੈਨੀ ਅਤੇ ਅਵਾਜ਼ਾਰੀ।

ਖੁਦ ਦੇ ਪ੍ਰੇਮੀ ਹੁੰਦੇ ਨੇ ਮਨੁੱਖ ਤੋਂ ਪਰਮ-ਮਨੁੱਖ ਵੱਲ ਦਾ ਸਫਰ-ਨਾਮਾ। ਮਾਨਵ ਤੋਂ ਇਨਸਾਨ ਬਣਨ ਦਾ ਕਰਮਨਾਮਾ ਅਤੇ ਬਿਖਰੇ ਹਰਫਾਂ ਤੋਂ ਸੁਰਖ-ਇਤਿਹਾਸ ਦੀ ਤਵਾਰੀਖ।

ਖੁਦ ਨੂੰ ਪਿਆਰ ਕਰਨ ਦੇ ਹਿੱਸੇ ਆਇਆ ਏ ਆਪਣੇ ਦੀਦਿਆਂ ਵਿਚ ਆਪਣੇ ਉਜਵਲ ਰੂਪ ਨੂੰ ਨਿਹਾਰਨਾ, ਆਪਣੀਆਂ ਪੈੜਾਂ ਦੇ ਨਕਸ਼ਾਂ ਦੀ ਨਿਸ਼ਾਨਦੇਹੀ ਕਰਨਾ, ਆਪਣੇ ਹੀ ਕੀਰਤੀਮਾਨਾਂ ਵਿਚੋਂ ਆਪਣੇ ਸਫਰ ਦੀਆਂ ਯਾਦਾਂ ਨੂੰ ਤਾਜਾ ਕਰਨਾ ਅਤੇ ਆਪਣੀ ਵਿਲੱਖਣਤਾ, ਵਿਸ਼ੇਸ਼ਤਾ ਅਤੇ ਵਿਕੋਲਿਤਰੇਪਣ ਨੂੰ ਵਕਤ ਦੀ ਤਵਾਰੀਖ ਦੇ ਨਾਮ ਕਰਨਾ। ਇਹ ਸੰਭਵ ਸਿਰਫ ਖੁਦ ਦੇ ਪਿਆਰ ਵਿਚੋਂ ਹੀ ਹੁੰਦਾ।




***ਖੁਦ ਵਿਚੋਂ ਖੁਦ ਦੀ ਪ੍ਰਾਪਤੀ ਨੂੰ ਮਨ ਦੀ ਸਲੇਟ 'ਤੇ ਉਕਰਨਾ ਹੀ, ਖੁਦ ਨੂੰ ਪਿਆਰ ਕਰਨ ਦਾ ਸਭ ਤੋਂ ਵੱਡਾ ਹਾਸਲ ਅਤੇ ਇਸ ਹਾਸਲ ਨੂੰ ਹੀ ਲੋਚਦਾ ਏ ਹਰ ਕੋਈ।... ਖੁਦ ਨੂੰ ਪਿਆਰ ਕੀਤਿਆਂ ਹੀ ਅਸੀਂ ਕਿਰਤ ਕਰਦਿਆਂ, ਸਮੁੱਚ ਵਿਚ ਹਾਜ਼ਰ-ਨਾਜ਼ਰ, ਪੂਰਨ ਸਮਰੱਥਾ, ਤਾਕਤ ਅਤੇ ਤਨਦੇਹੀ ਨਾਲ ਨਵੇਂ ਕੀਰਤੀਮਾਨ ਸਥਾਪਤ ਕਰਦੇ।***

ਖੁਦ ਨੂੰ ਪਿਆਰ ਕਰਨ ਵਾਲੇ ਹੀ ਸਮਾਜਿਕ ਦਾਇਰਿਆਂ ਦੇ ਸਤੰਭ। ਨਵੀਆਂ ਨਸਲਾਂ ਲਈ ਰੋਲ ਮਾਡਲ। ਉਨ੍ਹਾਂ ਦੀਆਂ ਪੈੜਾਂ ਵਿਚ ਤੁਰਦਿਆਂ, ਖੁਦ ਦੀਆਂ ਪੈੜਾਂ ਵੀ ਸਿਰਜਣਹਾਰੀਆਂ ਹੋ ਜਾਂਦੀਆਂ। ਹਰ ਪੈੜ ਵਿਚੋਂ ਹੀ ਨਵੀਆਂ ਪੈੜਾਂ ਨੇ ਜਨਮ ਲੈਣਾ ਹੁੰਦਾ। ਇਕ ਮੰਜ਼ਿਲ 'ਤੇ ਪਹੁੰਚ ਕੇ ਦੂਸਰੀ ਮੰਜ਼ਿਲ ਦੇ ਸਿਰਨਾਵੇਂ ਦੇ ਨਕਸ਼ ਮਨ ਵਿਚ ਉਕਰਨੇ ਸ਼ੁਰੂ ਹੁੰਦੇ।

ਖੁਦ ਨੂੰ ਪਿਆਰ ਕਰਨ ਲਈ ਜਰੂਰੀ ਹੈ ਕਿ ਆਪਣੀ ਖੁਸ਼ੀ ਲਈ ਕਿਸੇ ਦੇ ਮੁੱਖ 'ਤੇ ਮਾਯੂਸੀ ਨਾ ਉਕਰੋ। ਆਪਣੀ ਪ੍ਰਾਪਤੀ ਲਈ ਕਿਸੇ ਲਈ ਖਾਈ ਨਾ ਬਣੋ। ਨਾ ਹੀ ਖੁਦ ਨੂੰ ਇੰਨਾ ਗਿਰਾਓ ਕਿ ਆਪਣੀ ਕੀਮਤ ਹੀ ਪੈਰਾਂ ਵਿਚ ਰੋਲ ਦਿਓ। ਤੁਹਾਡਾ ਸਮਾਜ ਵਿਚ ਇਕ ਸਥਾਨ ਅਤੇ ਇਸ ਤੋਂ ਹੇਠਾਂ ਡਿੱਗਣਾ, ਤੁਹਾਡੀ ਬੇਰੁਹਮਤੀ। ਫਿਰ ਤੁਸੀਂ ਖੁਦ ਹੀ ਆਪਣੇ ਲਈ ਵੀ ਨਫਰਤ ਦੇ ਪਾਤਰ ਬਣ ਜਾਂਦੇ। ਆਪਣੀਆਂ ਹੀ ਨਜ਼ਰਾਂ ਵਿਚ ਡਿੱਗੇ ਹੋਏ ਲੋਕਾਂ ਨੂੰ ਆਪਣੀਆਂ ਹੀ ਨਜ਼ਰਾਂ ਵਿਚ ਉਪਰ ਉਠਣ ਲਈ ਕਈ ਵਾਰ ਉਮਰਾਂ ਲੱਗ ਜਾਂਦੀਆਂ।

ਖੁਦ ਨੂੰ ਪਿਆਰ ਦਾ ਅਰਥ ਹੈ ਕਿ ਤੁਸੀਂ ਆਪਣਾ ਵਿਕਾਸ ਤੇ ਵਿਸਥਾਰ ਕਿਵੇਂ ਕਰਨਾ? ਚੰਗਾ ਮਹਿਸੂਸ ਕਰਦਿਆਂ ਵੀ ਹੋਰ ਚੰਗਾ ਮਹਿਸੂਸ ਕਰਨ ਲਈ ਕਿਹੜੇ ਯਤਨ ਕਰਨੇ ਚਾਹੀਦੇ? ਕਿਹੜੇ ਕਦਮਾਂ ਨਾਲ ਤੁਹਾਡੀਆਂ ਰਾਹਾਂ ਨੂੰ ਮਹਿਕ ਨਸੀਬ ਹੋਵੇਗੀ।

ਖੁਦ ਨੂੰ ਪਿਆਰ ਕੀਤਿਆਂ ਅਤੇ ਅਦਬ ਕੀਤਿਆਂ ਹੀ ਤੁਸੀਂ ਸਮਾਜ ਕੋਲੋਂ ਪਿਆਰ ਜਾਂ ਅਦਬ ਪ੍ਰਾਪਤ ਕਰ ਸਕਦੇ ਹੋ। ਅਦਬ ਕਮਾਇਆ ਜਾਂਦਾ। ਖਰੀਦਿਆ ਜਾਂ ਖੋਹਿਆ ਨਹੀਂ ਜਾ ਸਕਦਾ। ਇਸ ਲਈ ਜਰੂਰੀ ਹੈ ਖੁਦ ਨਾਲ ਪਿਆਰ।

ਇਸ ਦੇ ਉਲਟ ਜਦ ਤੁਸੀਂ ਦੂਸਰਿਆਂ ਨੂੰ ਖੁਸ਼ ਕਰਨ ਲਈ ਆਪਣੇ ਹਿੱਤ ਕੁਰਬਾਨ ਕਰਦੇ ਹੋ, ਗਲਤ ਫੈਸਲੇ ਕਰਦੇ ਹੋ, ਮਾੜੀਆਂ ਨਸੀਹਤਾਂ ਦਿੰਦੇ ਹੋ, ਗਲਤ ਧਾਰਨਾਵਾਂ ਮਨ ਵਿਚ ਪੈਦਾ ਕਰਦੇ ਹੋ ਜਾਂ ਕਿਸੇ ਦਾ ਭਾਵਨਾਤਮਿਕ, ਸਰੀਰਕ ਜਾਂ ਮਾਨਸਿਕ ਸ਼ੋਸ਼ਣ ਕਰਦੇ ਹੋ ਤਾਂ ਮਨ ਵਿਚ ਗੁਨਾਹ ਦੀ ਭਾਵਨਾ ਪੈਦਾ ਹੁੰਦੀ, ਜੋ ਤੁਹਾਨੂੰ ਉਚਾਟ ਕਰਦੀ। ਤੁਹਾਡੀਆਂ ਖੁਸ਼ੀਆਂ ਖੋਂਹਦੀ, ਤੁਹਾਡੀ ਤਲੀ 'ਤੇ ਉਦਾਸੀ, ਨਮੋਸ਼ੀ, ਨਕਾਰਾਤਮਕਤਾ ਦਾ ਦਾਗ ਲਾਉਂਦੀ। ਅਜਿਹੀ ਮਾਨਸਿਕ ਅਵਸਥਾ ਦੇ ਪੈਦਾ ਹੋਣ ਤੋਂ ਬਚਣ ਲਈ ਜਰੂਰੀ ਹੈ ਕਿ ਖੁਦ ਨੂੰ ਪਿਆਰ ਕਰੋ। ਖੁਦ ਨੂੰ ਪਿਆਰ ਕਰਦੇ ਸਮੇਂ ਤੁਸੀਂ ਕੁਝ ਵੀ ਅਜਿਹਾ ਨਹੀਂ ਕਰੋਗੇ, ਜੋ ਤੁਹਾਨੂੰ ਸੂਲੀ 'ਤੇ ਟੰਗੇਗਾ।

ਖੁਦ ਨੂੰ ਪਿਆਰ ਕੀਤਿਆਂ ਪੱਤਝੜ ਵਿਚੋਂ ਵੀ ਬਹਾਰ ਦਾ ਝਉਲਾ ਪਵੇਗਾ। ਬੋਟਾਂ ਦੀ ਚਹਿਕਣੀ ਅਤੇ ਹਵਾ ਦੀ ਰੁਮਕਣੀ ਸਕੂਨ ਦੇਵੇਗੀ। ਉਦਾਸ ਪਲਾਂ ਵਿਚੋਂ ਹੁਲਾਸ, ਢਹਿੰਦੀਆਂ ਕਲਾਂ ਵਿਚੋਂ ਧਰਵਾਸ, ਮੱਸਿਆ ਦੀ ਰਾਤ ਵਿਚ ਜਗਮਗਾਉਂਦਾ ਅਕਾਸ਼ ਅਤੇ ਵਿਨਾਸ਼ ਵਿਚੋਂ ਵੀ ਵਿਕਾਸ ਦਾ ਨਜ਼ਰੀਆ ਉਤਪੰਨ ਹੋਵੇਗਾ।

ਖੁਦ ਨੂੰ ਪਿਆਰ ਕਰਨ ਦੀ ਆਦਤ ਨੂੰ ਜੀਵਨ-ਸ਼ੈਲੀ ਬਣਾਉਣ ਲਈ ਜਰੂਰੀ ਹੈ ਕਿ ਤੁਹਾਡੀ ਗੱਲਬਾਤ ਅਤੇ ਦਿੱਖ ਵਿਚ ਸਕਾਰਾਤਮਕਤਾ ਹੋਵੇ। ਮਨ ਦੀ ਪਕਿਆਈ, ਤਕੜਾਈ ਅਤੇ ਸਚਿਆਈ ਵਿਚੋਂ ਹੀ ਉਚੀ-ਸੁੱਚੀ ਅਤੇ ਉਸਾਰੂ ਸੋਚ, ਤੁਹਾਡੀ ਸਮੁੱਚੀ ਊਰਜਾ ਨੂੰ ਸਕਾਰਾਤਮਕ ਪਾਸੇ ਲਾ, ਇਸ ਵਿਚੋਂ ਲਾਭਦਾਇਕ ਸਿੱਟਿਆਂ ਨੂੰ ਜੀਵਨ ਦਾ ਮਾਣ ਬਣਾਉਂਦੀ।

ਜਰੂਰੀ ਹੈ ਆਪਣੀਆਂ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਸਮਾਜਿਕ ਲੋੜਾਂ ਦਾ ਪੂਰਨ ਖਿਆਲ ਰੱਖ ਕੇ, ਇਨ੍ਹਾਂ ਦੀ ਪੂਰਤੀ ਲਈ ਸੰਜਮ, ਸਖਤ ਮਿਹਨਤ ਅਤੇ ਦਿਆਨਤਦਾਰੀ ਨੂੰ ਕਰਮ-ਧਰਮ ਬਣਾਇਆ ਜਾਵੇ। ਕਦਰਾਂ-ਕੀਮਤਾਂ 'ਤੇ ਪਹਿਰਾ ਦੇਣ ਵਾਲੇ, ਆਪਣੇ ਵਰਤਾਰੇ ਵਿਚੋਂ ਸਮਾਜ ਦੇ ਨਾਮ ਮਹਿਕ ਕਰਨ ਵਾਲੇ, ਪਿਆਰ ਦੇ ਸੱਚੇ ਸੁੱਚੇ ਪੁਜਾਰੀ।

ਖੁਦ ਨੂੰ ਪਿਆਰ ਕਰਨ ਲਈ ਜਰੂਰੀ ਹੈ ਖੁਦ ਨੂੰ ਮੁਆਫ ਵੀ ਕਰੋ। ਦੂਸਰਿਆਂ ਨੂੰ ਉਨ੍ਹਾਂ ਦੇ ਕੁਕਰਮਾਂ ਲਈ ਮੁਆਫ ਕਰਨਾ, ਜੀਵਨ-ਜੁਗਤੀ ਬਣਾਓ ਕਿਉਂਕਿ ਮੁਆਫ ਕਰਨ ਵਾਲੇ ਹਮੇਸ਼ਾ ਹੀ ਮਹਾਨ ਹੁੰਦੇ।

ਖੁਦ ਨੂੰ ਪਿਆਰਯੋਗ ਬਣਾਉਣ ਲਈ ਅਤਿਅੰਤ ਜਰੂਰੀ ਹੈ ਕਿ ਖੁਦ ਲਈ ਸੁਪਨਾ ਲਓ, ਇਸ ਦੀਆਂ ਸੇਧਾਂ, ਸੰਭਾਵਨਾਵਾਂ ਅਤੇ ਸੀਮਾਵਾਂ ਨੂੰ ਨਿਸ਼ਚਿਤ ਕਰੋ। ਇਨ੍ਹਾਂ ਦੀ ਪ੍ਰਾਪਤੀ ਨੂੰ ਜੀਵਨ-ਮਕਸਦ ਬਣਾਓ। ਇਨ੍ਹਾਂ ਦੀ ਪੂਰਨਤਾ ਨਾਲ ਤੁਹਾਨੂੰ ਆਪਣੀ ਸਮਰੱਥਾ ਅਤੇ ਸਿਦਕ ਤੇ ਨਾਜ਼ ਹੋਵੇਗਾ ਅਤੇ ਤੁਸੀਂ ਖੁਦ ਨੂੰ ਪਿਆਰ ਕਰਨ ਲੱਗ ਪਵੋਗੇ।

ਖੁਦ ਨੂੰ ਖੁਦ ਦੇ ਪਿਆਰ ਦੇ ਰੰਗ ਵਿਚ ਰੰਗਣ ਵਾਲੇ ਦਰਅਸਲ ਖੁਦ ਬਾਰੇ ਬਹੁਤ ਸੁਚੇਤ ਅਤੇ ਸਾਵਧਾਨ ਹੁੰਦੇ। ਖੁਦ ਦੀ ਫਿਕਰਮੰਦੀ, ਸੰਵਾਦ ਅਤੇ ਸੁਚੇਤਨਾ ਵਿਚੋਂ ਹੀ ਅਸੀਂ ਖੁਦ ਨੂੰ ਨਵੀਆਂ ਬੁਲੰਦੀਆਂ ਦਾ ਹਾਣੀ ਬਣਾ ਕੇ, ਖੁਦ ਨੂੰ ਹੋਰ ਪਿਆਰਾ ਤੇ ਨਿਆਰਾ ਬਣਾਉਂਦੇ। ਤੇ ਫਿਰ ਖੁਦ 'ਤੇ ਪਿਆਰ ਹੋਣਾ ਤਾਂ ਲਾਜ਼ਮੀ ਹੁੰਦਾ।

ਖੁਦ ਨੂੰ ਹੋਰ ਹੁਸੀਨ, ਅਜ਼ੀਜ਼, ਤੇ ਅਜ਼ੀਮ ਬਣਾਉਣ ਲਈ ਜੀਵਨ ਦਾ ਮਕਸਦ ਹੋਣਾ ਜਰੂਰੀ। ਅਜਿਹਾ ਮਕਸਦ, ਜਿਸ ਵਿਚੋਂ ਜੀਵਨ ਦਾ ਸੁੱਚਮ ਅਤੇ ਉਚਮ ਨਿਆਰਾ, ਜਿਸ ਨਾਲ ਮਨੁੱਖਤਾ ਦਾ ਮੁੱਖ ਹੋਰ ਉਜਵਲ ਹੋਵੇ, ਜਿਸ ਸਦਕਾ ਖੂਬਸੂਰਤ ਜ਼ਿੰਦਗੀ ਨੂੰ ਹੋਰ ਖੂਬਸੂਰਤ ਅਤੇ ਖੂਬਸੀਰਤ ਹੋਣ ਦਾ ਮਾਣ ਹੋਵੇ। ਬੇ-ਮਕਸਦੇ ਲੋਕ ਕਿਵੇਂ ਖੁਦ ਨੂੰ ਪਿਆਰ ਕਰਨ ਦੇ ਕਾਬਲ ਬਣਾ ਸਕਦੇ?

ਖੁਦ ਨੂੰ ਪਿਆਰ ਕਰਨ ਲਈ ਜਰੂਰੀ ਹੈ ਕਿ ਆਪਣੀਆਂ ਨਜ਼ਰਾਂ ਵਿਚ ਸਹੀ ਤੇ ਸੱਚੇ ਹੋਵੋ, ਕਿਉਂਕਿ ਦੁਨੀਆਂ ਦਾ ਕੀ ਆ। ਉਹ ਤਾਂ ਰੱਬ ਨੂੰ ਵੀ ਬਹੁਤ ਕੁਝ ਕਹਿ ਦਿੰਦੀ ਆ।

ਖੁਦ ਨੂੰ ਪਿਆਰ ਕਰਨ 'ਤੇ ਅਸੀਂ ਆਪਣੇ ਸਰੀਰ, ਮਨ ਅਤੇ ਰੂਹ ਵਿਚ ਸੰਤੁਲਨ ਬਣਾ ਕੇ, ਜੀਵਨ ਦੇ ਸੰਧੂਰੀ ਰੰਗਾਂ ਦੀ ਕਲਾਕਾਰੀ ਨਾਲ ਜੀਵਨ ਦੀ ਬਹੁਪ੍ਰਤੀਤੀਆਂ ਵਿਚੋਂ ਜੀਵਨ-ਲਿਸ਼ਕੋਰ ਨੂੰ ਰੂਹ-ਰੰਗਤਾ ਅਤੇ ਰੂਹ-ਰੇਜ਼ਤਾ ਦੇ ਨਾਮ ਕਰਦੇ। ਜ਼ਿੰਦਗੀ ਦੀ ਦਾਤਾਂ ਨਾਲ ਵਰਸੋਏ ਜਾ ਸਕਦੇ ਹਾਂ। ਸਭ ਤੋਂ ਅਸਰਮਈ, ਅਨੰਦਮਈ, ਅਸੀਸਮਈ ਅਤੇ ਅਰਥਮਈ ਹੈ-ਕਾਇਆ, ਮਨ ਅਤੇ ਅੰਤਰੀਵ ਦੀ ਰੁਹਦਾਰੀ।

ਖੁਦ ਨੂੰ ਪਿਆਰ ਕਰਨ ਦਾ ਕੇਹਾ ਆਲਮ ਕਿ,

ਟਿੱਕੀ ਹੋਈ ਰਾਤ ਗੁੰਮਸੁੰਮ ਹੈ, ਪਰ ਖਾਮੋਸ਼ ਨਹੀਂ,
ਕਿਵੇਂ ਕਹਾਂ ਕਿ ਖੁਦ ਦੇ ਪਿਆਰ 'ਚ ਮਦਹੋਸ਼ ਨਹੀਂ,
ਇੰਨਾ ਡੁੱਬ ਗਿਆ ਹਾਂ ਖੁਦਾਈ ਦੇ ਆਲਮ

*(ਬਾਕੀ ਸਫਾ 27 ਉਤੇ)*

# ਜਗਦੇਵ ਸਿੰਘ ਜੱਸੋਵਾਲ ਦੀਆਂ ਖੇਡਾਂ

ਪੰਜਾਬੀ ਖੇਡ ਸਾਹਿਤ 41



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਜੱਸੋਵਾਲ ਦਾ ਕੱਦ ਸਵਾ ਛੇ ਫੁੱਟ ਤੇ ਭਾਰ ਸਵਾ ਕੁਇੰਟਲ ਸੀ। ਮਣਾਂ ਵਿਚ ਤਿੰਨ ਮਣ ਤੇਰਾਂ ਸੇਰ। ਉਹ ਤਿੰਨਾਂ ਵਿਚ ਵੀ ਸੀ ਤੇ ਤੇਰਾਂ 'ਚ ਵੀ। ਖੜ੍ਹਾ ਤਾਂ ਦਿਸਣਾ ਸੀ, ਬੈਠਾ ਵੀ ਦਿਸਦਾ ਸੀ। ਉਹਦਾ ਕੱਦ ਹੀ ਵੱਡਾ ਨਹੀਂ, ਨਾਂ ਵੀ ਵੱਡਾ ਸੀ। ਪੂਰਾ ਨਾਂ ਉਹਦੇ ਕੱਦ ਕਾਠ ਜਿੱਡਾ ਸੀ-ਜਥੇਦਾਰ ਜਗਦੇਵ ਸਿੰਘ ਜੱਸੋਵਾਲ। ਉਹ ਵੱਡੀ ਫਿਫਟੀ ਲਾਉਂਦਾ ਸੀ ਤੇ ਪੱਗ ਵੀ ਵੱਡੀ ਬੰਨ੍ਹਦਾ ਸੀ। ਉਹਦੀ ਦਾੜ੍ਹੀ ਵੀ ਵੱਡੀ ਸੀ ਤੇ ਮੁੱਛਾਂ ਵੀ ਵੱਡੀਆਂ। ਝੱਗਾ ਵੀ ਵੱਡਾ, ਜੇਬਾਂ ਖੀਸੇ ਵੀ ਵੱਡੇ ਤੇ ਹੱਡ-ਗੋਡੇ ਵੀ ਵੱਡੇ ਸਨ। ਜੇ ਉਹ ਕਬੱਡੀ ਦਾ ਧਾਵੀ ਹੁੰਦਾ ਤਾਂ ਕਿਸੇ ਤੋਂ ਡੱਕਿਆ ਨਹੀਂ ਸੀ ਜਾਣਾ। ਜੇ ਜਾਫੀ ਹੁੰਦਾ ਤਾਂ ਕਿਸੇ ਨੂੰ ਜਾਣ ਨਹੀਂ ਸੀ ਦੇਣਾ। ਖੇਡ ਜਗਤ ਵਿਚ ਉਹਦੀ ਧੰਨ-ਧੰਨ ਹੋਣੀ ਸੀ। ਫਿਰ ਮੈਂ ਉਹਦੇ ਰੇਖਾ ਚਿੱਤਰ ਦਾ ਨਾਂ 'ਧਰਤੀ ਧਕੇਲ' ਰੱਖਦਾ, ਜਿਵੇਂ ਪਰਵੀਨ ਕੁਮਾਰ ਦਾ 'ਧਰਤੀਧੱਕ' ਰੱਖਿਆ ਸੀ। ਕੁਮੈਂਟਰੀ ਕਰਦਿਆਂ ਕਹਿਣਾ ਸੀ, "ਟੇਕ ਕੇ ਧਰਤੀ ਮਾਂ ਨੂੰ ਮੱਥਾ, ਮੰਗ ਕੇ ਸੂਰਜ ਤੋਂ ਵਰ, ਚੱਲਿਆ ਜੱਗਾ ਜੱਸੋਵਾਲੀਆ ਕੌਡੀ ਪਾਉਣ... ਜੁਆਨ ਦੀ ਚੜ੍ਹਤ ਵੇਖੋ, ਧਰਤੀ ਕੰਬਦੀ ਆ ਧਰਤੀ ਧਕੇਲ ਦੇ ਕਦਮਾਂ ਥੱਲੇ! ਬੱਬੇ ਬੱਬੇ ਦੇ ਪੱਟ, ਮੂੰਗਲਿਆਂ ਵਰਗੇ ਡੌਲੇ, ਖਰਾਸ ਦੇ ਪੁੜ ਵਰਗੀ ਛਾਤੀ, ਮੁਗਦਰ ਵਰਗਾ ਜੁੱਸਾ, ਵੇਖਦੇ ਆਂ ਕਿਹੜਾ ਮਾਈ ਦਾ ਲਾਲ ਜੱਗੇ ਨੂੰ ਡੱਕਦਾ? ਕਬੱਡੀ ਕਬੱਡੀ ਕਬੱਡੀ... ਔਹ ਮਾਰਿਆ ਜਾਫੀ ਚਲਾ ਕੇ ਮੱਕੀ ਦੇ ਪੂਲੇ ਵਾਂਗ, ਨਈਂ ਰੀਸਾਂ ਜੱਗੇ ਦੀਆਂ, ਜੀਂਦਾ ਰਹਿ ਓ ਜੁਆਨਾਂ!"



ਜਗਦੇਵ ਸਿੰਘ ਜੱਸੋਵਾਲ

ਉਸ ਨੇ ਪਿੰਡ ਜੱਸੋਵਾਲ ਦੀ ਮਸ਼ਹੂਰੀ ਉਵੇਂ ਹੀ ਕਰਾਈ ਜਿਵੇਂ ਕਿਲਾ ਰਾਇਪੁਰ ਦੀਆਂ ਖੇਡਾਂ ਨੇ ਕਿਲਾ ਰਾਇਪੁਰ ਦੀ ਕਰਾਈ। ਜੇ ਜਗਦੇਵ ਸਿੰਘ ਨਾਂ ਨਾਲ ਗੋਤ ਗਰੇਵਾਲ ਜੋੜੀ ਰੱਖਦਾ ਤਾਂ ਪਿੰਡ ਜੱਸੋਵਾਲ ਨੂੰ ਦੂਰ-ਦੁਰਾਡੇ ਦੇ ਲੋਕ ਨਾ ਜਾਣ ਸਕਦੇ। ਜਗਦੇਵ ਸਿੰਘ ਦੇ ਨਾਂ ਨਾਲ ਜੱਸੋਵਾਲ ਦਾ ਨਾਂ ਵੀ ਦੂਰ ਤਕ ਧੁੰਮਿਆ। ਉਹ ਪੰਜਾਬੀ ਸਭਿਆਚਾਰ ਦਾ ਬਾਬਾ ਬੋਹੜ ਸੀ ਤੇ ਗਾਉਣ ਮੇਲਿਆਂ ਦਾ ਮੋਤੀਗੱਡ। ਮੇਲਿਆਂ-ਗੇਲਿਆਂ 'ਚ ਮੇਲ੍ਹਦਾ ਉਹ ਹੱਸਦਾ ਖੇਲ੍ਹਦਾ ਤੁਰ ਗਿਆ।

ਉਸ ਨੇ ਗਾਉਣ ਮੇਲਿਆਂ ਨਾਲ ਖੇਡ ਮੇਲਿਆਂ ਵਿਚ ਵੀ ਯੋਗਦਾਨ ਪਾਇਆ, ਜਿਸ ਦਾ ਬਹੁਤੇ ਬੰਦਿਆਂ ਨੂੰ ਪਤਾ ਨਹੀਂ। ਉਸ ਨੇ ਦਸਵੀਂ ਤਕ ਦੀ ਪੜ੍ਹਾਈ ਕਿਲਾ ਰਾਇਪੁਰ ਦੇ ਹਾਈ ਸਕੂਲ ਤੋਂ ਕੀਤੀ ਸੀ, ਜਿਥੇ ਉਹ ਹਾਕੀ ਵੀ ਖੇਡਿਆ। ਫਿਰ ਕਿਲਾ ਰਾਇਪੁਰ ਦੀਆਂ ਖੇਡਾਂ ਨਾਲ ਜੁੜ ਕੇ ਗਾਉਣ ਵਜਾਉਣ ਵਾਲਿਆਂ ਦਾ ਪ੍ਰਬੰਧ ਕਰਦਾ ਰਿਹਾ। ਇਕ ਵਾਰ ਉਸ ਨੇ ਮੈਨੂੰ ਕਿਲਾ ਰਾਇਪੁਰ ਦੀਆਂ ਖੇਡਾਂ 'ਚ ਉਚੇਚਾ ਸੱਦਿਆ। ਮੰਤਵ ਸੀ ਓਲੰਪਿਕ ਚੈਂਪੀਅਨ ਅਲੈਕਸੀ ਸਿੰਘ ਗਰੇਵਾਲ ਨਾਲ ਮਿਲਾਉਣਾ ਤੇ ਉਹਦੇ ਬਾਰੇ ਆਰਟੀਕਲ ਲਿਖਵਾਉਣਾ। ਅਲੈਕਸੀ ਅਮਰੀਕਾ ਦਾ ਜੰਮਪਲ ਹੋਣ ਕਰਕੇ ਅਮਰੀਕਨ ਸਿਟੀਜ਼ਨ ਸੀ। ਉਸ ਨੇ ਅਮਰੀਕਾ ਵੱਲੋਂ ਹੀ ਓਲੰਪਿਕ ਖੇਡਾਂ ਵਿਚ ਭਾਗ ਲਿਆ ਸੀ ਤੇ ਸਾਈਕਲ ਦੌੜ ਵਿਚੋਂ ਗੋਲਡ ਮੈਡਲ ਜਿੱਤਿਆ ਸੀ। ਉਸ ਦਾ ਪਿਤਾ ਨਾਰੰਗਵਾਲ ਦਾ ਗਰੇਵਾਲ ਸੀ ਤੇ ਮਾਂ ਜਰਮਨ ਮੂਲ ਦੀ। ਉਦੋਂ ਅਲੈਕਸੀ ਖੇਡਾਂ 'ਤੇ ਨਹੀਂ ਸੀ ਪਹੁੰਚ ਸਕਿਆ, ਕਿਉਂਕਿ ਅਗਲੀ ਓਲੰਪਿਕਸ ਲਈ ਤਿਆਰੀ ਚਲਦੀ ਸੀ; ਪਰ 2019 ਵਿਚ ਉਹ ਕਿਲਾ ਰਾਇਪੁਰ ਆਇਆ, ਜਿਥੇ ਮੈਂ ਉਸ ਨੂੰ ਮਿਲਿਆ, ਫੋਟੋ ਖਿੱਚੀ ਤੇ ਉਹਦੇ ਬਾਰੇ ਲਿਖਿਆ।

ਜੱਸੋਵਾਲ ਖੇਡਾਂ ਦਾ ਪ੍ਰੇਮੀ ਸੀ ਤੇ ਕਦੇ ਕਦੇ ਖੇਡਾਂ ਬਾਰੇ ਕੁਝ ਲਿਖ ਵੀ ਦਿੰਦਾ ਸੀ। ਪਹਿਲਵਾਨ ਦਾਰਾ ਸਿੰਘ, ਓਲੰਪੀਅਨ ਬਲਬੀਰ ਸਿੰਘ, ਪ੍ਰਿਥੀਪਾਲ ਸਿੰਘ, ਫਲਾਈਂਗ ਸਿੱਖ ਮਿਲਖਾ ਸਿੰਘ ਤੇ ਬਿਸ਼ਨ ਸਿੰਘ ਬੇਦੀ ਦੀਆਂ ਅਕਸਰ ਗੱਲਾਂ ਕਰਦਾ। ਇਕ ਵਾਰ ਪ੍ਰੋ. ਮੋਹਨ ਸਿੰਘ ਮੇਲੇ 'ਚ ਉਸ ਨੇ ਦੇਵੀ ਦਿਆਲ ਹੋਰਾਂ ਦਾ ਕਬੱਡੀ ਮੈਚ ਕਰਵਾਇਆ। ਨਾਲ ਕੁਸ਼ਤੀਆਂ ਵੀ ਕਰਵਾਈਆਂ। ਪਿੰਡ ਸੂਜਾਪੁਰ ਦਾ ਵਿਸ਼ਵ ਪ੍ਰਸਿੱਧ ਪਹਿਲਵਾਨ ਟਾਈਗਰ ਜੀਤ ਸਿੰਘ ਉਹਦਾ ਦੋਸਤ ਸੀ, ਜੀਹਨੂੰ ਉਹਨੇ ਪ੍ਰੋ. ਮੋਹਨ ਸਿੰਘ ਮੇਲੇ ਵਿਚ ਸਨਮਾਨਿਆ। ਪੱਤਰਕਾਰ ਸੁਰਿੰਦਰਪ੍ਰੀਤ ਸਿੰਘ ਨੇ 'ਜੀਤ ਨੇ ਜੱਗ ਜਿੱਤਿਆ' ਪੁਸਤਕ ਲਿਖੀ ਤਾਂ ਜੱਸੋਵਾਲ ਨੇ ਲਿਖਿਆ:

ਮੁਖਬੰਦ

ਕੁਸ਼ਤੀਆਂ ਦੇ ਅਖਾੜੇ ਸਾਡੇ ਪੁਰਾਤਨ ਪੇਂਡੂ ਪੰਜਾਬ ਦੀ ਵਿਰਾਸਤ ਦਾ ਵਡਮੁੱਲਾ ਅੰਗ ਹਨ। ਪਹਿਲੇ ਸਮਿਆਂ ਵਿਚ ਕਿਸੇ ਪਿੰਡ ਦੀ ਸ਼ਨਾਖਤ ਉਸ ਪਿੰਡ ਦੇ ਪਹਿਲਵਾਨਾਂ ਕਰਕੇ ਹੋਇਆ ਕਰਦੀ ਸੀ। ਉਹ ਉਸ ਪਿੰਡ ਦੀ ਮਿੱਟੀ 'ਚੋਂ ਜੰਮ ਕੇ, ਸਰੀਰ ਨੂੰ ਸੰਭਾਲ ਕੇ, ਵਰਜਿਸ਼ ਕਰ ਕੇ, ਕੁਸ਼ਤੀ ਦੇ ਦਾਅ ਪੇਚ ਸਿੱਖ ਕੇ, ਆਲੇ-ਦੁਆਲੇ ਦੇ ਪਿੰਡਾਂ ਵਿਚ, ਪਹਿਲਵਾਨੀ ਨਾਲ ਆਪਣੇ ਪਿੰਡ ਦਾ ਨਾਂ ਚਮਕਾਇਆ ਕਰਦੇ ਸਨ। ਤਾਹੀਉਂ ਪਿੰਡ ਦੇ ਲੋਕ ਉਸ ਨੂੰ ਦੁੱਧ ਘਿਉ ਤੇ ਬਦਾਮ ਖਵਾਉਂਦੇ, ਲੀੜਾ ਲੱਤਾ ਦਿੰਦੇ ਤੇ ਦੂਰ ਦੂਰ ਤਕ ਉਸ ਦੇ ਨਾਲ ਇਉਂ ਤੁਰਿਆ ਕਰਦੇ ਸਨ, ਜਿਵੇਂ ਲਾੜੇ ਨਾਲ ਬਰਾਤ ਜਾਇਆ ਕਰਦੀ ਹੈ। ਉਨ੍ਹਾਂ ਸਮਿਆਂ ਵਿਚ ਜੀਵਨ ਵਿਚ ਨਾ ਜ਼ਿਆਦਾ ਕਾਹਲੀ ਹੁੰਦੀ ਸੀ, ਨਾ ਕੁਤੱਤਣ, ਨਾ ਵੈਰ ਵਿਰੋਧ ਤੇ ਨਾ ਹੀ ਬੰਦਿਆਂ ਦੇ ਦਿਲ ਦਿਮਾਗ ਵਿਚ ਕ੍ਰੋਧ ਹੁੰਦਾ ਸੀ। ਪੰਜਾਬ ਦੇ ਅਨੇਕਾਂ ਭਲਵਾਨਾਂ ਦੇ ਨਾਂ ਗੱਭਰੂਆਂ ਨੂੰ ਤੇ ਆਮ ਲੋਕਾਂ ਨੂੰ ਸਕੂਲੀ ਪਹਾੜਿਆਂ ਵਾਂਗ ਯਾਦ ਹੁੰਦੇ ਸਨ। ਪਹਿਲਵਾਨ ਕਿੱਕਰ ਸਿੰਘ ਤੇ ਗਾਮੇ ਦੇ ਨਾਂ ਬੱਚੇ-ਬੱਚੇ ਦੀ ਜ਼ਬਾਨ 'ਤੇ ਸਨ।

ਜਿਵੇਂ ਸੰਗੀਤ ਦੇ ਅਨੇਕਾਂ ਘਰਾਣੇ ਹਨ, ਉਵੇਂ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਅਨੇਕਾਂ ਪਹਿਲਵਾਨੀ ਅਖਾੜੇ ਹੁੰਦੇ ਸਨ। ਸ਼ੇਰੋਂ ਤੇ ਸੁਰ ਸਿੰਘ ਅੰਮ੍ਰਿਤਸਰ ਜਿਲੇ ਵਿਚ, ਸ਼ਾਹਕੋਟ ਤੇ ਨਾਥਾਂ ਦੀ ਬਗੀਚੀ ਆਦਿ ਜਲੰਧਰ ਵਿਚ, ਆਲਮਗੀਰ ਤੇ ਜਗਰਾਓਂ ਲੁਧਿਆਣੇ, ਹੀਰੋਂ ਤੇ ਝਾਲੋਂ ਦੇ ਅਖਾੜੇ ਸੰਗਰੂਰ ਜਿਲੇ ਵਿਚ, ਸਰਹਿੰਦ ਤੇ ਜੱਸੋਵਾਲ ਪਟਿਆਲਾ, ਹੁਸ਼ਿਆਰਪੁਰ ਦਾ ਅਖਾੜਾ, ਡੂੰਮਛੇੜੀ, ਕਾਈਨੌਰ ਤੇ ਕੁੰਭੜਾ ਰੋਪੜ ਜਿਲੇ 'ਚ, ਡੱਡੂ ਮਾਜਰਾ ਹੁਣ ਚੰਡੀਗੜ੍ਹ 'ਚ ਚਲਾ ਗਿਆ ਹੈ। ਬਿਲਗੇ ਦਾ ਅਖਾੜਾ ਵੀ ਮਸ਼ਹੂਰ ਸੀ। ਕੱਲੂ, ਗੁਲਾਮ, ਗੁੰਗਾ, ਗੰਡਾ ਸਿੰਘ ਜੌਹਲ, ਕੇਸਰ ਸਿੰਘ, ਦਾਰਾ, ਕਰਤਾਰ, ਟਾਈਗਰ ਜੁਗਿੰਦਰ ਸਿੰਘ, ਮੇਹਰਦੀਨ, ਚਾਂਦਗੀ ਰਾਮ, ਸਕੰਦਰ ਪਹਿਲਵਾਨ, ਰਾਮ ਕ੍ਰਿਸ਼ਨ, ਕੇਹਰ ਸ਼ਮੇਰ, ਭੋਲਾ ਪਹਿਲਵਾਨ ਤੇ ਜਗਦੀਸ਼ ਕਿੰਨੇ ਹੀ ਨਾਂ ਯਾਦ ਆ ਰਹੇ ਹਨ।

ਘੁਲਦਿਆਂ ਦਾਅ ਮਾਰਨ ਦਾ ਬੜਾ ਮਹੱਤਵ ਰਿਹਾ ਹੈ। ਅਸਲ ਵਿਚ ਕੁਸ਼ਤੀ ਹੈ ਹੀ ਦਾਅ ਮਾਰਨ ਤੇ ਰੋਕਣ ਦੀ ਖੇਡ। ਕਲਾਜੰਗ ਮਾਰਨਾ, ਰੇਲਾ ਕਰਨਾ, ਢਾਕ ਚਾੜ੍ਹਨਾ, ਪੱਟੀ ਪੈਣਾ, ਮੁਲਤਾਨੀ ਮਾਰਨੀ, ਅੰਦਰ ਟੰਗੀ, ਬਾਹਰ ਟੰਗੀ, ਧੋਬੀ ਪਟੜਾ, ਮੋੜਾ, ਕਿੱਲੀ, ਸੁਤਨੇ ਹੱਥ ਪਾਉਣਾ, ਅੰਦਰਲੀ ਤੇ ਬਾਹਰਲੀ ਮਾਰਨੀ, ਸੁੱਟ ਕਰਨੀ, ਠਿੱਬੀ ਲਾਉਣੀ, ਕਰਚੀ ਮਾਰਨੀ, ਸਵਾਲ ਸੁੱਟਣਾ, ਬਾਹਾਂ ਬੰਨ੍ਹਣੀਆਂ, ਭੰਨ ਕੇ ਢਾਹੁਣਾ, ਝੋਲੀ ਕਰਨੀ, ਗਫੂਆ ਮਾਰਨਾ, ਨਕਾਲੋਂ ਪੁੱਟਣਾ, ਘੋੜੀ ਪਾਉਣੀ, ਮੱਛੀ ਗੋਤਾ ਮਾਰਨਾ, ਗੋਡਾ ਟੇਕਣਾ, ਬੁੜ੍ਹਕਾ ਕੱਢਣਾ, ਸਾਲਤੂ, ਮੂੰਨਾ ਫੇਰਨਾ, ਕੁੜੰਗਾ, ਜੁੜ, ਕੁੰਲਾ, ਚੌਮੁਖੀਆ, ਬਾਗੜੀ, ਰਾਮ ਬਾਣ, ਪੈਂਤੀ, ਕੁੰਡਾ, ਇੱਕ ਟੰਗੀ, ਸਵਾਰੀ, ਰੇੜ੍ਹ, ਚਰਖਾ, ਜਨੇਊ, ਕਰਾਸ, ਪੁੱਠੀ, ਪੁੱਠਾ, ਬਗਲ, ਸਾਵੀਂ, ਦਸਤੀ ਤੇ ਤੇਗਾ ਆਦਿ ਅਨੇਕਾਂ ਦਾਅ ਹਨ, ਜਿਨ੍ਹਾਂ ਨੇ ਦੇਸੀ ਕੁਸ਼ਤੀ ਨੂੰ ਕਲਾਮਈ ਤੇ ਮਨਮੋਹਣੀ ਬਣਾਈ ਰੱਖਿਆ।

ਜਗਜੀਤ ਸਿੰਘ ਹਾਂਸ, ਜੋ ਬਾਅਦ ਵਿਚ ਟਾਈਗਰ ਜੀਤ ਸਿੰਘ ਦੇ ਨਾਂ ਨਾਲ ਸੰਸਾਰ ਭਰ ਵਿਚ ਜਾਣਿਆ ਗਿਆ, ਉਹ ਲੁਧਿਆਣੇ ਜਿਲੇ ਦੇ ਛੋਟੇ ਜਿਹੇ ਪਿੰਡ ਸੂਜਾਪੁਰ 'ਚ ਜਨਮ ਲੈ ਕੇ ਕੌਮਾਂਤਰੀ ਪੱਧਰ ਦਾ, ਫਰੀ ਸਟਾਈਲ ਹੈਵੀ ਵੇਟ ਕੁਸ਼ਤੀਆਂ ਦਾ ਪਹਿਲਵਾਨ ਹੈ। ਉਸ ਦਾ ਲੜਕਾ ਟਾਈਗਰ ਅਲੀ ਸਿੰਘ ਸੰਸਾਰ ਦੇ ਪਹਿਲੇ ਦਰਜੇ ਦੇ ਪਹਿਲਵਾਨਾਂ 'ਚੋਂ ਇਕ ਹੈ। ਟਾਈਗਰ ਜੀਤ ਸਿੰਘ ਡਬਲਿਯੂ. ਡਬਲਿਯੂ. ਈ. ਦਾ ਮਘਦਾ ਚਿਰਾਗ ਹੈ। ਮੈਂ ਉਸ ਨੂੰ, ਉਸ ਦੇ ਪਿੰਡ ਸੂਜਾਪੁਰ ਤੋਂ ਲੈ ਕੇ ਕੈਨੇਡਾ 'ਚ ਓਨਟਾਰੀਓ ਸੂਬੇ ਦੇ ਮਿਲਟਨ ਸ਼ਹਿਰ ਵਿਚਲੇ ਉਸ ਦੇ ਕਿਲਾਨੁਮਾ ਬੰਗਲੇ ਤਕ, ਉਸ ਦਾ ਰਹਿਣ-ਸਹਿਣ, ਬੋਲਣ-ਚਾਲਣ, ਉਠਣ-ਬੈਠਣ ਦੇਖਿਆ ਹੈ। ਉਸ ਦਾ ਲੰਬਾ ਕੱਦ, ਗੁੰਦਵਾਂ ਸਰੀਰ, ਮਘਦਾ ਚਿਹਰਾ, ਚਮਕਦੀਆਂ ਅੱਖਾਂ, ਫੜਕਦੇ ਡੌਲੇ ਦੇਖ ਕੇ ਉਹ ਇੱਕੀਵੀਂ ਸਦੀ ਦਾ ਇਕ ਅਜੂਬਾ ਲੱਗਦਾ ਹੈ। ਉਸ ਦੀ ਮਿੱਠੀ ਬੋਲੀ ਤੇ ਮਿਲਾਪੜਾ ਸੁਭਾਅ ਦੇਖ ਕੇ ਹਰ ਬੰਦਾ ਉਸ ਨਾਲ ਪਲਾਂ ਵਿਚ ਹੀ ਘਿਉ ਖਿੱਚੜੀ ਹੋ ਜਾਂਦਾ ਹੈ ਤੇ ਇਉਂ ਮਹਿਸੂਸ ਕਰਦਾ ਹੈ, ਜਿਵੇਂ ਉਹ ਉਸ ਨੂੰ ਚਿਰਾਂ ਤੋਂ ਜਾਣਦਾ ਹੋਵੇ।

ਅਜੋਕੇ ਪੰਜਾਬ ਵਿਚ ਨੌਜੁਆਨ ਆਪਣੀ ਜੁਆਨੀ ਨੂੰ ਮਿੱਟੀ ਵਿਚ ਰੋਲ ਰਹੇ ਹਨ, ਨਸ਼ਿਆਂ 'ਚ ਖਚਤ ਹਨ ਤੇ ਲੜਾਈਆਂ ਝਗੜਿਆਂ 'ਚ ਮਰ ਰਹੇ ਹਨ। ਕਾਟੋ ਕਲੇਸ਼ ਵਿਚ ਪਏ ਹੋਏ ਹਨ ਤੇ ਨਸ਼ਿਆਂ ਦੇ ਦਰਿਆ ਵਿਚ ਚੁੱਭੀਆਂ ਮਾਰਦੇ ਡੁੱਬ ਰਹੇ ਹਨ। ਉਨ੍ਹਾਂ ਨੂੰ ਕੁਦਰਤ ਵੱਲੋਂ ਮਿਲੀ ਜ਼ਿੰਦਗੀ ਦੀ ਅਨਮੁੱਲੀ ਦਾਤ ਸੰਭਾਲਣ ਵਾਸਤੇ ਟਾਈਗਰ ਜੀਤ ਸਿੰਘ ਦੀ ਸਿੱਖਿਆਦਾਇਕ ਜੀਵਨੀ ਪੜ੍ਹਨ ਦੀ ਲੋੜ ਹੈ। ਮੈਂ ਇਸ ਦੇ ਲੇਖਕ ਸੁਰਿੰਦਰਪ੍ਰੀਤ ਸਿੰਘ ਦੀ ਕਲਮ ਅੱਗੇ ਆਪਣਾ ਸਿਰ ਨਿਵਾਉਂਦਾ ਹਾਂ। ਇਨ੍ਹਾਂ ਨੇ ਇਹ ਪੁਸਤਕ ਲਿਖ ਕੇ ਕਾਲੀ ਬੋਲੀ ਰਾਤ ਦੇ ਹਨੇਰੇ ਵਿਚ ਭਾਵੇਂ ਇਕ ਛੋਟਾ ਜਿਹਾ ਦੀਵਾ ਹੀ ਜਗਾਇਆ ਹੈ, ਪਰ ਇਹ ਦੱਸਣ ਦਾ ਜ਼ਰੂਰ ਯਤਨ ਕੀਤਾ ਹੈ ਕਿ ਡੁੱਲ੍ਹੇ ਬੇਰਾਂ ਨੂੰ ਹਾਲੇ ਵੀ ਸੰਭਾਲਿਆ ਜਾ ਸਕਦਾ ਹੈ। ਲੋੜ ਟਾਈਗਰ ਜੀਤ ਸਿੰਘ ਵਰਗੇ ਹੀਰਿਆਂ ਦੇ ਦੱਸੇ ਮਾਰਗ 'ਤੇ ਚੱਲ ਕੇ ਆਪਣੇ ਜੀਵਨ ਨੂੰ ਸੁਧਾਰਨ ਦੀ ਹੈ। ਸੰਸਾਰ ਤੇ ਪਰਿਵਾਰ ਵਿਚ ਮਨੁੱਖ ਦਾ ਸਰੀਰ ਹੀ ਅਜਿਹਾ ਪੁਲ ਹੈ, ਜੋ ਦੋਹਾਂ ਪੱਤਣਾਂ ਨੂੰ ਜੋੜਦਾ ਹੈ। ਜੇ ਸਰੀਰ ਹੀ ਨਰੋਆ ਨਾ ਰਿਹਾ ਤਾਂ ਨਾ ਪਰਿਵਾਰ ਹੈ ਤੇ ਨਾ ਹੀ ਸੰਸਾਰ। ਇਕ ਚੰਗੇ ਨਰੋਏ ਸਰੀਰ ਵਿਚ ਹੀ ਇਕ ਚੰਗੀ ਆਤਮਾ ਵਾਸ ਕਰ ਸਕਦੀ ਹੈ। ਜੇ ਬੰਦੇ ਦਾ ਸਰੀਰ ਹੀ ਵਿਚਕੂੰ ਵਿਚਕੂੰ ਕਰਦਾ ਹੋਵੇ, ਬਿਮਾਰੀਆਂ ਦਾ ਖਾਧਾ ਜਾਂ ਨਸ਼ਈ ਹੋਵੇ ਤਾਂ ਉਸ ਵਿਚ ਚੰਗੀ ਆਤਮਾ ਦਾ ਵਾਸਾ ਨਹੀਂ ਹੋ ਸਕਦਾ। ਜਿਵੇਂ ਤਿੜਕੇ ਘੜੇ ਵਿਚ ਪਾਣੀ ਦੀ ਤਿੱਪ ਨਹੀਂ ਬਚਦੀ, ਇਉਂ ਹੀ ਤਿੜਕੇ ਸਰੀਰ ਵਿਚ ਵੀ ਚੰਗੀ ਆਤਮਾ ਬਚ ਨਹੀਂ ਸਕਦੀ। ਨਵੀਂ ਪੀੜ੍ਹੀ ਨੂੰ ਸੁਰਿੰਦਰਪ੍ਰੀਤ ਸਿੰਘ ਨੇ ਟਾਈਗਰ ਜੀਤ ਸਿੰਘ ਦੀ ਜੀਵਨੀ ਲਿਖ ਕੇ ਇਕ ਚੰਗਾ ਸੁਨੇਹਾ ਦਿੱਤਾ ਹੈ ਕਿ ਅਸੀਂ ਆਪਣੀ ਸਰੀਰ ਰੂਪੀ ਵਡਮੁੱਲੀ ਦੌਲਤ ਨੂੰ ਅਜਾਈਂ ਨਾ ਗਵਾਈਏ ਤੇ ਦੁੱਧ ਦੇ ਵਲਟੋਹਿਆਂ ਨੂੰ ਬੰਜਰ ਜਾਂ ਟਿੱਬਿਆਂ ਵਿਚ ਨਾ ਵਹਾਈਏ। ਇਸ ਯਤਨ ਲਈ ਲੇਖਕ ਵਧਾਈ ਦਾ ਪਾਤਰ ਹੈ। ਇਹ ਉਸ ਦਾ ਪੱਤਰਕਾਰੀ ਦੇ ਕਿੱਤੇ ਪ੍ਰਤੀ ਹੀ ਨਹੀਂ, ਸਗੋਂ ਕੌਮ ਪ੍ਰਤੀ ਵੀ ਸ਼ਲਾਘਾਯੋਗ ਯਤਨ ਹੈ। ਪੰਜਾਬੀ ਗੱਭਰੂ ਇਹ ਪੁਸਤਕ ਪੜ੍ਹ ਕੇ ਜ਼ਰੂਰ ਨਵੀਂ ਸੇਧ ਲੈਣਗੇ। ਉਹ ਟਾਈਗਰ ਜੀਤ ਸਿੰਘ ਵਰਗਿਆਂ ਦੇ ਗੌਰਵਮਈ ਜੀਵਨ ਨੂੰ ਅਪਨਾਉਣ ਲਈ ਉਤਸ਼ਾਹਿਤ ਹੋਣਗੇ, ਨਾ ਕਿ ਫਿਲਮਾਂ ਦੇ ਝੂਠੇ, ਮਨਘੜਤ ਤੇ ਦਿਖਾਵੇ ਦੇ ਐਕਟਰਾਂ ਦੀ ਨਕਲ ਕਰਨਗੇ।

ਪੰਜਾਬ ਦੇ ਪੁੱਤਰ ਸਦਾ ਜਿਉਣਯੋਗ ਜੀਵਨ ਧਾਰਾ ਵਿਚ ਕਾਰਜਸ਼ੀਲ ਰਹਿੰਦੇ ਆਏ ਹਨ। ਅਭਿਆਸ, ਕਿਰਤ, ਕਰਮ, ਸੰਜਮ, ਸਾਧਨਾ, ਸਮਰੱਥਾ, ਸੰਘਰਸ਼, ਸਹਿਯੋਗ, ਸਿਹਤਮੰਦ ਮਨੋਰੰਜਨ, ਸਹੀ ਮੁਕਾਬਲੇ, ਮੱਲਾਂ ਮਾਰਨੀਆਂ, ਮੱਲ ਤੇ ਚੋਬਰ ਬਣ ਕੇ ਰਹਿਣਾ, ਪੰਜਾਬੀ ਜੁੱਸਿਆਂ ਦਾ ਜ਼ਰੂਰੀ ਅੰਗ ਰਿਹਾ ਹੈ। ਗੁਰਵਾਕ ਵੀ ਹੈ:

ਹਉ ਗੁਸਾਈ ਕਾ ਪਹਲਵਾਨੜਾ॥
ਮੈ ਗੁਰ ਮਿਲਿ ਉਚ ਦੁਮਾਲੜਾ॥

ਪਹਿਲਵਾਨ, ਫੱਕਰ ਤੇ ਦਰਵੇਸ਼ ਹੋਇਆ ਕਰਦੇ ਹਨ। ਇਨ੍ਹਾਂ ਫੱਕਰਾਂ ਦੀ ਜੀਵਨ ਘਾਲਣਾ ਅਤੇ ਮਿਹਨਤ-ਮੁਸ਼ੱਕਤ ਚੰਦਨ ਦੀ ਮਹਿਕ ਵਰਗੀ ਹੁੰਦੀ ਹੈ। ਬਠਿੰਡੇ ਵਾਲੇ ਪ੍ਰੋ. ਕਰਮ ਸਿੰਘ ਨੇ ਠੀਕ ਹੀ ਕਿਹਾ ਹੈ:

ਡੰਡ ਬੈਠਕਾਂ ਬਾਝ ਨਾ ਬਣੇ ਮੱਲੀ,
ਜਿਉਂ ਹਿਸਾਬ ਨਾ ਬਾਝ ਪਹਾੜਿਆਂ ਦੇ।
ਭਾਈਆਂ ਬਾਝ ਨਾ ਮਹਿਫਿਲਾਂ ਸੋਂਹਦੀਆਂ ਨੇ,
ਜੰਞਾਂ ਸੋਂਹਦੀਆਂ ਨਾ ਬਾਝ ਲਾੜਿਆਂ ਦੇ।

ਪ੍ਰੋ. ਕਰਮ ਸਿੰਘ ਦੇ ਸ਼ਾਗਿਰਦ ਪਿਆਰਾ ਸਿੰਘ ਰਛੀਨ ਨੇ ਪੰਜਾਬ ਦੇ ਨਾਮਵਰ ਪਹਿਲਵਾਨਾਂ ਅਤੇ ਕੁਸ਼ਤੀ ਅਖਾੜਿਆਂ ਬਾਰੇ ਪੁਸਤਕ ਲਿਖ ਕੇ ਵਡਮੁੱਲਾ ਕਾਰਜ ਕੀਤਾ ਸੀ। ਸੁਰਿੰਦਰਪ੍ਰੀਤ ਸਿੰਘ ਨੇ ਪਹਿਲਵਾਨੀ ਦੇ ਧਰੂ ਤਾਰੇ ਟਾਈਗਰ ਜੀਤ ਸਿੰਘ ਦੀ ਜੀਵਨੀ 'ਤੇ ਪੁਸਤਕ ਲਿਖ ਕੇ ਸੋਨੇ 'ਤੇ ਸੁਹਾਗੇ ਵਾਲਾ ਕੰਮ ਕੀਤਾ ਹੈ। ਅਜਿਹੇ ਯਤਨਾਂ ਦਾ ਸੁਆਗਤ ਕਰਨਾ ਬਣਦਾ ਹੈ। ਇਹ ਤਸੱਲੀ ਤੇ ਖੁਸ਼ੀ ਵਾਲੀ ਗੱਲ ਹੈ ਕਿ ਟਾਈਗਰ ਜੀਤ ਸਿੰਘ ਨੇ ਆਪਣੀ ਬਾਕੀ ਦੀ ਜ਼ਿੰਦਗੀ ਪੰਜਾਬ ਦੇ ਨੌਜੁਆਨਾਂ ਨੂੰ ਨਸ਼ਿਆਂ ਤੋਂ ਮੁਕਤ ਕਰਵਾਉਣ ਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਅਰਪਨ ਕਰਨ ਦਾ ਫੈਸਲਾ ਕੀਤਾ ਹੈ। ਉਹ ਪੰਜਾਬ ਵਿਚ ਦੋ ਵੱਡੇ ਖੇਡ ਕੰਪਲੈਕਸ ਵੀ ਉਸਾਰਨ ਦੀ ਸੋਚ ਰਿਹਾ ਹੈ, ਜਿਨ੍ਹਾਂ ਨਾਲ ਆਪਣੀ ਜੰਮਣ ਭੋਇੰ ਦਾ ਕਰਜ਼ ਉਤਾਰਨਾ ਚਾਹੁੰਦਾ ਹੈ। ਸਾਨੂੰ ਸਭ ਨੂੰ ਇਸ ਸ਼ੁਭ ਕਾਰਜ ਵਾਸਤੇ ਉਸ ਦਾ ਸਾਥ ਦੇਣਾ ਚਾਹੀਦਾ ਹੈ। ਇਹ ਪੁਸਤਕ ਉਸੇ ਰਸਤੇ ਵੱਲ ਚੁੱਕਿਆ ਇਕ ਸਾਰਥਕ ਕਦਮ ਹੈ।

ਜਗਦੇਵ ਸਿੰਘ ਜੱਸੋਵਾਲ
27 ਅਪਰੈਲ 2003, ਲੁਧਿਆਣਾ।

---

ਜੱਸੋਵਾਲ ਵੱਡੇ ਦਿਲ ਵਾਲਾ ਬੰਦਾ ਸੀ। ਪਰਾਂਤ ਜਿੱਡਾ ਦਿਲ ਸੀ ਉਹਦਾ। ਆਇਆਂ ਗਿਆਂ ਨੂੰ ਪਰਾਂਤਾਂ ਭਰ-ਭਰ ਛਕਾਉਂਦਾ। ਜੱਗ ਭਰ-ਭਰ ਪਿਆਉਂਦਾ। ਉਹਦਾ ਘਰ ਆਉਣ-ਜਾਣ ਵਾਲਿਆਂ ਦਾ ਜੰਕਸ਼ਨ ਸੀ, ਜਿਥੇ ਆਵਾਜਾਈ ਬਣੀ ਰਹਿੰਦੀ। ਉਥੇ ਸਾਜ਼ ਵੀ ਵਜਦੇ ਤੇ ਭਾਂਡੇ ਵੀ ਖੜਕਦੇ। ਉਹਦੇ ਘਰ ਆਉਣ ਵਾਲਿਆਂ 'ਚ ਵਿਚੇ ਗਵੱਈਏ ਹੁੰਦੇ, ਵਿਚੇ ਹਸੱਈਏ; ਵਿਚੇ ਲਿਖਾਰੀ, ਵਿਚੇ ਮਦਾਰੀ; ਵਿਚੇ ਜੋਗੀ, ਵਿਚੇ ਭੋਗੀ; ਵਿਚੇ ਭੰਡ, ਵਿਚੇ ਨਕਲੀਏ; ਵਿਚੇ ਜੋਤੇ ਤੇ ਵਿਚੇ ਭੌਰੇ। ਵਿਚੇ ਮਹਿੰਦਰ ਚੀਮਾ, ਵਿਚੇ ਪਰਗਟ ਗਰੇਵਾਲ। ਸਵਾ ਕੁਇੰਟਲ ਦੇ ਗੁਰਭਜਨ ਗਿੱਲ ਤੋਂ ਲੈ ਕੇ ਪੰਜਾਹ ਕਿੱਲੋ ਦੇ ਨਿੰਦਰ ਘੁਗਿਆਣਵੀ ਤੇ ਸਵਾ ਮਣ ਦੇ ਸੁਰਜੀਤ ਪਾਤਰ ਤੋਂ ਲੈ ਕੇ ਢਾਈ ਮਣ ਦੇ ਸ਼ਮਸ਼ੇਰ ਸੰਧੂ ਤਕ-ਸਭ ਆਉਂਦੇ ਜਾਂਦੇ ਰੌਣਕਾਂ ਲਾਈ ਰੱਖਦੇ। ਜੱਸੋਵਾਲ ਦਾ 'ਆਲ੍ਹਣਾ' ਉਹਦੇ ਲਈ ਭਾਵੇਂ ਆਲ੍ਹਣਾ ਸੀ, ਪਰ ਆਉਣ-ਜਾਣ ਵਾਲਿਆਂ ਲਈ ਨੂਰ ਮਹਿਲ ਦੀ ਸਰਾਂ ਸੀ, ਜਿਥੇ ਚਹਿਲ-ਪਹਿਲ ਹੁੰਦੀ ਰਹਿੰਦੀ। ਚੁੱਲ੍ਹੇ ਤਪਦੇ ਰਹਿੰਦੇ ਤੇ ਲੰਗਰ ਚਲਦਾ ਰਹਿੰਦਾ। ਉਹਦਾ ਕੁੱਤਾ ਕਿਸੇ ਨੂੰ ਭੌਂਕਦਾ, ਕਿਸੇ ਨੂੰ ਨਾ ਭੌਂਕਦਾ। ਜੱਸੋਵਾਲ ਬਿਮਾਰ ਹੋਇਆ ਤਾਂ ਦੁੱਧ ਲਈ ਬੱਕਰੀ ਰੱਖਣੀ ਪਈ। ਉਹ ਵਿਚੇ ਮਿਆਂਕੀ ਜਾਂਦੀ, ਵਿਚੇ ਮੀਂਗਣਾਂ ਨਾਲ ਵਿਹੜਾ ਸ਼ਿੰਗਾਰੀ ਜਾਂਦੀ। ਜੱਸੋਵਾਲ ਦੀ ਸਰਦਾਰਨੀ ਸੁਰਜੀਤ ਕੌਰ ਬੱਕਰੀ ਨੂੰ ਬੁਰਾ ਭਲਾ ਕਲਪਦੀ, "ਨੀ ਤੂੰ ਆਉਣ ਸਾਰ ਈ ਮਿਆਂਕੀ ਜਾਨੀ ਐਂ। ਮੈਨੂੰ ਦੇਖ'ਲਾ ਤੀਹ ਸਾਲ ਹੋ'ਗੇ, ਸੀ ਨੀ ਕੀਤੀ। ਚੁੱਪ ਕਰ'ਜਾ ਭੈਣੇ, ਬਥੇਰਾ ਮਿਆਂਕ ਲਿਆ।" ਉਹਦੀ ਬੁੜ ਬੁੜ ਕਿਸੇ ਨੂੰ ਸੁਣਦੀ, ਕਿਸੇ ਨੂੰ ਨਾ ਸੁਣਦੀ।

ਵਿਚੇ ਬੰਦੇ ਆਈ ਜਾਂਦੇ, ਵਿਚੇ ਜਾਈ ਜਾਂਦੇ। ਚੁੱਲ੍ਹਾ ਤਪਦਾ ਰਹਿੰਦਾ, ਰੌਣਕ ਮੇਲਾ ਲੱਗਿਆ ਰਹਿੰਦਾ। ਜਦੋਂ ਬੰਦੇ ਆਉਂਦੇ ਤਾਂ ਉਹ ਭੌਂਪੂ ਵਜਾਉਂਦਾ, ਜਿਸ ਦੀ ਆਵਾਜ਼ ਸੁਣ ਕੇ ਨੌਕਰ ਭੱਜਿਆ ਆਉਂਦਾ। ਉਹ ਕਹਿੰਦਾ, "ਕਾਕਾ, ਬੰਦੇ ਗਿਣ ਲੈ। ਦੋ ਦੋ ਮਿੱਸੇ ਪਰੌਂਠੇ, ਦਹੀਂ ਦੀ ਇਕ ਇਕ ਬਾਟੀ, ਅੰਬ ਦਾ ਅਚਾਰ, ਗੰਢਾ ਤੇ ਹਰੀ ਮਿਰਚ, ਲੱਸੀ ਤੇ ਗੁੜ। ਲੈ ਆ, ਬੱਸ ਛੇਤੀ ਲੈ ਆ। ਬੰਦੇ ਆ'ਗੇ। ਜਾਹ ਬੀਬੀ ਨੂੰ ਪੁੱਛ ਕਿਹੜੀ ਚੀਜ਼ ਹੈਗੀ, ਕਿਹੜੀ ਹੈਨੀ? ਆਹ ਸੁਣ ਹੋਕਾ। ਲੱਗਦਾ ਸਬਜ਼ੀ ਆਲਾ ਹੋਕਾ ਦਿੰਦਾ।"

ਜੱਸੋਵਾਲ ਨਾਲ ਨਿੰਦਰ ਘੁਗਿਆਣਵੀ ਤੇ ਨੌਕਰ ਬਾਹਰ ਨਿਕਲੇ। ਰੇਹੜੀ ਉਤੇ ਭਈਆ ਸਾਗ ਵੇਚਦਾ ਫਿਰਦਾ ਸੀ। ਜੱਸੋਵਾਲ ਨੇ ਪੁੱਛਿਆ, "ਕਾਕਾ, ਹਾਅ ਸਾਰਾ ਸਾਗ ਕਿੰਨੇ ਦਾ?"

ਭਈਆ ਬੋਲਿਆ, "ਇਹ ਸੌ ਰੁਪਏ ਕਾ ਹੈ ਜੀ।"

ਜੱਸੋਵਾਲ ਨੇ ਸੌ ਦਾ ਨੋਟ ਦਿੰਦਿਆਂ ਕਿਹਾ, "ਆਹ ਲੈ, ਲਾਹ ਦੇ ਸਾਰਾ ਈ।"

ਜਦੋਂ ਸਾਗ ਦੀ ਪੰਡ ਰਸੋਈ 'ਚ ਰੱਖੀ ਤਾਂ ਬੀਬੀ ਰੌਲਾ ਪਾਉਣ ਲੱਗੀ, "ਲੈ ਹੈਅ, ਦੱਸੋ ਖਾਂ ਭਲਾ, ਐਨਾ ਸਾਗ ਕੀ ਪਸ਼ੂਆਂ ਨੂੰ ਪਾਉਣਾ ਸੀ? ਕੌਣ ਰਿੰਨ੍ਹੂ ਇਹਨੂੰ? ਮਣ ਪੱਕਾ ਸਾਗ ਚੱਕ ਲਿਆਏ... ਫੂਕਣਾ ਸੀ ਐਨਾ ਸਾਗ?"

ਜੱਸੋਵਾਲ ਨੇ ਆਖਿਆ, "ਗੁਆਂਢੀਆਂ ਦੇ ਘਰੀਂ ਦੇ ਆਓ... ਵੰਡ ਦਿਓ, ਚੁੰਡ ਦਿਓ, ਦਾਨ-ਪੁੰਨ ਕਰ ਦਿਓ, ਹਰੇਵਾਈ ਦਾਨ ਕਰਨੀ ਚੰਗੀ ਹੁੰਦੀ ਆ... ਘਰੇ ਹਰੇਵਾਈ ਆਈ ਆ, ਲੋਕ ਤਰਸਦੇ ਆ ਹਰੇਵਾਈ ਨੂੰ... ਚਾਰ-ਚੁਫੇਰੇ ਪੱਤਝੜ



ਕਿਲਾ ਰਾਇਪੁਰ ਦੀਆਂ ਖੇਡਾਂ ਵਿਚ ਮੁੱਕੇਬਾਜ਼ੀ ਦੇ ਕੋਚ ਗੁਰਬਖਸ਼ ਸਿੰਘ ਸੰਧੂ, ਓਲੰਪੀਅਨ ਅਥਲੀਟ ਗੁਰਬਚਨ ਸਿੰਘ ਰੰਧਾਵਾ, ਓਲੰਪਿਕ ਚੈਂਪੀਅਨ ਸਾਈਕਲਿਸਟ ਅਲੈਕਸੀ ਸਿੰਘ ਗਰੇਵਾਲ, ਗੁਰਭਜਨ ਸਿੰਘ ਗਿੱਲ ਤੇ ਪ੍ਰਿੰ. ਸਰਵਣ ਸਿੰਘ

(ਬਾਕੀ ਅਗਲੇ ਸਫੇ 'ਤੇ)

# ਮਾਸਟਰ ਮਹਿੰਗਾ ਰਾਮ

## ਯਾਦਾਂ ਦੇ ਝਰੋਖੇ 'ਚੋਂ



ਕਲਵੰਤ ਸਿੰਘ ਸਹੋਤਾ
ਫੋਨ: 604-589-5919

ਮਾਸਟਰ ਮਹਿੰਗਾ ਰਾਮ ਹਿਸਾਬ, ਭਾਵ ਮੈਥੇਮੈਟਿਕਸ ਦਾ ਟੀਚਰ ਸੀ। ਉਸ ਨੇ ਅੰਗਰੇਜ਼ਾਂ ਦੇ ਪ੍ਰਬੰਧ ਅਧੀਨ ਵੀ ਪੜ੍ਹਾਇਆ ਤੇ ਨਵੇਂ ਆਜ਼ਾਦ ਹੋਏ ਭਾਰਤ ਦੇ ਨਵੇਂ ਭਾਰਤੀ ਪ੍ਰਬੰਧ ਥੱਲੇ ਵੀ। ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਜਾਂਦੇ-ਜਾਂਦੇ ਅੰਗਰੇਜ਼ ਭਾਰਤ ਨੂੰ ਤਿੰਨ ਹਿੱਸਿਆਂ-ਮੌਜੂਦਾ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼ (ਪੂਰਬੀ ਪਾਕਿਸਤਾਨ) 'ਚ ਵੰਡ ਗਏ ਤਾਂ ਭਾਰਤੀ ਸਕੂਲਾਂ ਦਾ ਸਾਰਾ ਪ੍ਰਬੰਧ ਵੀ ਉਥਲ-ਪੁਥਲ ਹੋ ਗਿਆ। ਜਿਵੇਂ ਪਹਿਲਾਂ ਸਕੂਲਾਂ 'ਚ ਉਰਦੂ ਪੜ੍ਹਾਇਆ ਜਾਂਦਾ ਸੀ ਤੇ ਦੇਸ਼ ਦੀ ਵੰਡ ਮਗਰੋਂ ਪਾਕਿਸਤਾਨ ਦੀ ਅੱਡਰੀ ਵੰਡ ਹੋਣ ਨਾਲ ਉਰਦੂ ਨੂੰ ਵੀ ਨਾਲ ਹੀ ਪਾਕਿਸਤਾਨ ਵਾੜ ਦਿੱਤਾ, ਤੇ ਇਸ ਦੀ ਪੜ੍ਹਾਈ ਸਕੂਲਾਂ 'ਚ ਬੰਦ ਕਰਕੇ ਇਸ ਦੀ ਥਾਂ ਹਿੰਦੀ ਪੜ੍ਹਾਈ ਜਾਣ ਲੱਗੀ; ਤਾਂ ਇੱਕ ਵਾਰੀ ਤਾਂ ਵਿੱਦਿਆ ਪ੍ਰਬੰਧ ਵਿਚ ਇੱਕ ਖਲਾਅ ਜਿਹਾ ਪੈਦਾ ਹੋਇਆ ਲੱਗਿਆ।

ਮਾਸਟਰ ਮਹਿੰਗਾ ਰਾਮ ਦਾ ਵਿਸ਼ਾ ਹਿਸਾਬ ਦਾ ਹੋਣ ਕਾਰਕੇ ਉਸ ਨੂੰ ਸਕੂਲ 'ਚ ਕੋਈ, ਵੰਡ ਦੀ ਹੋਈ ਤਬਦੀਲੀ ਦਾ ਬਹੁਤਾ ਝਟਕਾ ਨਾ ਲੱਗਿਆ। ਉਸ ਪਹਿਲਾਂ ਅੰਗਰੇਜ਼ਾਂ ਦੇ ਸਕੂਲੀ ਪ੍ਰਬੰਧ ਥੱਲੇ ਪੂਰੀ ਵਫਾਦਾਰੀ ਤੇ ਸ਼ਿੱਦਤ ਨਾਲ ਸਕੂਲ 'ਚ ਪੜ੍ਹਾਇਆ, ਫਿਰ ਜਦੋਂ ਨਵੇਂ ਸਿਰਜੇ ਭਾਰਤ 'ਚ ਕਾਂਗਰਸ ਦੀ ਨਵੀਂ ਸਰਕਾਰ ਬਣੀ ਤਾਂ ਉਸ ਨੇ ਆਪਣੇ ਆਪ ਨੂੰ ਉਸ ਪ੍ਰਬੰਧ ਦੇ ਅਨੁਕੂਲ ਢਾਲਣ ਲਈ ਵੀ ਬਹੁਤਾ ਚਿਰ ਨਾ ਲਾਇਆ। ਵਿਦਿਆਰਥੀਆਂ ਨੂੰ ਵਿਦਿਆ ਪ੍ਰਦਾਨ ਕਰਾਉਣ ਪ੍ਰਤੀ ਉਸ ਝੱਟ ਹੀ ਨਵੇਂ ਆਜ਼ਾਦ ਭਾਰਤ ਦੇ ਪ੍ਰਬੰਧ ਮੁਤਾਬਕ ਆਪਣੇ ਆਪ ਨੂੰ ਤਿਆਰ ਕਰ ਲਿਆ। ਉਹ ਆਪਣੇ ਵਿਸ਼ੇ 'ਚ ਮਾਹਿਰ ਸੀ, ਵਿਦਿਆਰਥੀਆਂ ਨੂੰ ਹਿਸਾਬ ਦੇ ਵਿਸ਼ੇ 'ਚ ਪਰਪੱਕ ਕਰਨ ਲਈ, ਪੜ੍ਹਾਉਣ ਦੇ ਉਸ ਦੇ ਆਪਣੇ ਹੀ ਤੌਰ-ਤਰੀਕੇ ਤੇ ਵਿਧੀਆਂ ਸਨ। ਉਹ ਸਖਤ ਵੀ ਬੜਾ ਸੀ, ਰੋਹਬ ਵੀ ਸੀ ਤੇ ਹਿਸਾਬ ਪੜ੍ਹਾਉਣ ਦੇ ਤੌਰ-ਤਰੀਕਿਆਂ ਉਤੇ ਉਸ ਦੀ ਪਕੜ ਵੀ ਮਜਬੂਤ ਸੀ। ਚਿੱਟੀ ਪੱਗ, ਤੁਰਲੇਦਾਰ, ਖੱਬੇ ਪਾਸੇ ਪੱਗ ਦਾ ਲੰਬਾ ਲੜ ਲਮਕਦਾ ਹੁੰਦਾ ਸੀ। ਸਿਰੋਂ ਭਾਵੇਂ ਰੋਡਾ ਸੀ, ਪਰ ਆਪਣੇ ਤਰੀਕੇ ਨਾਲ ਬੰਨੀ ਚਿੱਟੀ ਪੱਗ, ਕੁੰਡਲੀਆਂ ਮੁੱਛਾਂ ਤੇ ਸਫਾ-ਚੱਟ ਦਾਹੜੀ ਵਾਲੀ ਉਸ ਦੀ ਆਪਣੀ ਹੀ ਵਿਲੱਖਣ ਦਿੱਖ ਸੀ, ਜੋ ਸਭ ਨੂੰ ਪ੍ਰਭਾਵਿਤ ਕਰਦੀ ਸੀ। ਪੰਜਵੀਂ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਉਹ ਹਿਸਾਬ ਪੜ੍ਹਾਉਂਦਾ ਸੀ। ਅੱਠਵੀਂ ਜਮਾਤ ਦਾ ਇਮਤਿਹਾਨ 'ਪੰਜਾਬ ਸਕੂਲ ਬੋਰਡ' ਦੇ ਅਧੀਨ ਸੀ; ਜਿਸ 'ਚ ਉਸ ਦੇ ਵਿਦਿਆਰਥੀ ਅੱਬਲ ਦਰਜੇ 'ਚ ਇਮਤਿਹਾਨ ਪਾਸ ਕਰਕੇ, ਅਗਲੇਰੀਆਂ ਜਮਾਤਾਂ ਲਈ ਪਰਪੱਕ ਆਧਾਰ ਬਣਾ ਕੇ ਹਾਈ ਸਕੂਲ 'ਚ ਵੜਦੇ ਸਨ।

ਮੇਰਾ ਜਨਮ ਪਾਕਿਸਤਾਨ ਬਣਨ ਤੋਂ ਬਾਅਦ ਦਾ ਹੋਣ ਕਰਕੇ ਮੈਨੂੰ ਪਹਿਲੇ ਅੰਗਰੇਜ਼ਾਂ ਦੇ ਪ੍ਰਬੰਧ ਦੇ ਪ੍ਰਸੰਗ 'ਚ ਤਾਂ ਕੋਈ ਅਨੁਭਵ ਨਹੀਂ ਹੋਇਆ, ਪਰ ਮਾਸਟਰ ਮਹਿੰਗਾ ਰਾਮ ਦੇ ਨਾਲ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਰਹੇ ਲਗਾਤਾਰ ਸਬੰਧ ਕਰਕੇ ਉਸ ਦੇ ਪੜ੍ਹਾਉਣ ਦੇ ਤੌਰ-ਤਰੀਕਿਆਂ ਤੋਂ ਅੰਗਰੇਜ਼ੀ ਪ੍ਰਬੰਧ ਦੇ ਅਸਰ ਦੀ ਝਲਕ ਜਰੂਰ ਪੈਂਦੀ ਰਹਿੰਦੀ ਸੀ। ਨਵੇਂ ਸਕੂਲ ਪ੍ਰਬੰਧ ਮੁਕਾਬਲੇ ਉਹ ਅੰਗਰੇਜ਼ਾਂ ਦੇ ਪ੍ਰਬੰਧ ਦਾ ਦੀਵਾਨਾ ਸੀ, ਉਸ ਦੀ ਉਹ ਘਾਟ ਵੀ ਮਹਿਸੂਸ ਕਰਦਾ ਸੀ, ਜੋ ਜਮਾਤ ਪੜ੍ਹਾਉਂਦਿਆਂ ਉਹ ਅਕਸਰ ਹੀ ਜ਼ਿਕਰ ਕਰਦਾ ਰਹਿੰਦਾ ਸੀ।

ਭਾਰਤ ਆਜ਼ਾਦ ਹੋਣ ਮਗਰੋਂ ਸਕੂਲਾਂ 'ਚ ਪਹਿਲੀ ਤਬਦੀਲੀ ਦੇਖਣ ਨੂੰ ਇਹ ਮਿਲੀ ਕਿ ਬੱਚਿਆਂ ਨੂੰ ਸਿੱਖਾਇਆ ਜਾਣ ਲੱਗਾ ਕਿ 'ਸਤਿ ਸ੍ਰੀ ਅਕਾਲ', 'ਨਮਸਤੇ' ਜਾਂ 'ਅਸਲਾਮਾਲੇਕਮ' ਕਹਿਣ ਦੀ ਥਾਂ 'ਜੈ ਹਿੰਦ' ਕਿਹਾ ਜਾਏ; ਖਾਸ ਕਰ ਜਦੋਂ ਕਿਸੇ ਵੀ ਮਾਸਟਰ ਨੂੰ ਮਿਲਣਾ ਤਾਂ ਵੜੇ ਅਦਬ ਨਾਲ ਸੱਜਾ ਹੱਥ ਉੱਪਰ ਚੁੱਕ, 'ਗੂਠੇ ਨਾਲ ਦੀਆਂ ਦੋ ਉਂਗਲੀਆਂ ਖੋਲ੍ਹ ਕੇ ਮੱਥੇ ਨੂੰ ਲਾ ਜ਼ੋਰ ਨਾਲ ਉਚੀ ਦੇ ਕੇ ਕਹਿਣਾ, 'ਮਾਹਟ ਜੀ, ਜੈ ਹਿੰਦ।' ਮਾਸਟਰ ਤੋਂ ਬਦਲ ਕੇ 'ਮਾਹਟ' ਜਾਂ 'ਮਾਹਟਰ' ਹੀ ਬੋਲਿਆ ਕਰਦੇ ਸੀ। ਇਕੱਲੇ ਸਕੂਲ ਵਿਚ ਹੀ ਨਹੀਂ, ਸਗੋਂ ਸਕੂਲੋਂ ਬਾਹਰ ਵੀ ਜੇ ਕਦੇ ਕੋਈ ਮਾਸਟਰ ਟੱਕਰੇ ਤਾਂ ਉਚੀ ਦੇ ਕੇ ਫੌਜੀਆਂ ਵਾਂਗ ਸਲੂਟ ਮਾਰ ਕੇ 'ਮਾਹਟਰ ਜੀ ਜੈ ਹਿੰਦ' ਕਹਿਣਾ; ਜੇ ਕਿਤੇ ਸਕੂਲੋਂ ਬਾਹਰ ਟੱਕਰਿਆ 'ਤੇ ਮਾਸਟਰ ਨੂੰ 'ਜੈ ਹਿੰਦ' ਨਾ ਕਿਹਾ ਤਾਂ ਅਗਲੇ ਦਿਨ ਸਕੂਲੇ ਆਉਂਦਿਆਂ ਦੀ ਹੀ ਸ਼ਾਮਤ ਆ ਜਾਇਆ ਕਰਦੀ ਸੀ: ਤੇ ਮਾਸਟਰ ਨੇ ਕਹਿਣਾ ਕਿ ਤੈਂ ਜਦ ਕੱਲ੍ਹ ਮੈਨੂੰ ਦੇਖਿਆ ਤਾਂ 'ਜੈ ਹਿੰਦ' ਕਿਉਂ ਨਹੀਂ ਕਿਹਾ?

ਇੱਕ ਵਾਰੀ ਦੀ ਗੱਲ ਹੈ, ਅਸੀਂ ਛੋਟੇ ਛੋਟੇ ਕਈ ਜਣੇ ਬਾਹਰ ਖੇਡਦੇ ਸੀ। ਮਾਸਟਰ ਮਹਿੰਗਾ ਰਾਮ ਸਾਈਕਲ 'ਤੇ ਆਉਂਦਾ ਦਿਸ ਪਿਆ। ਤੁਰਲੇ ਵਾਲੀ ਬੰਨੀ ਚਿੱਟੀ ਪੱਗ, ਕੰਨ ਉਪਰ ਦੀ ਖੱਬੇ ਪਾਸੇ ਛੱਡਿਆ ਲੜ, ਉਹ ਲੰਡਾ ਸਾਈਕਲ ਰੱਖਦਾ ਸੀ, ਭਾਵ ਉਸ ਦੇ ਸਾਈਕਲ ਮਗਰ ਕੈਰੀਅਰ ਨਹੀਂ ਸੀ ਹੁੰਦਾ, ਸ਼ਾਇਦ ਇਸ ਦਾ ਕਾਰਨ ਇਹ ਸੀ ਕਿ ਕਿਸੇ ਨੂੰ ਮਗਰ ਬਿਠਾ ਕੇ ਨਾ ਲੈਜਾਣਾ ਪਏ; ਕਿਉਂਕਿ ਦੂਹਰੀ ਸਵਾਰੀ ਨਾਲ ਸਾਈਕਲ ਕੱਚੇ ਰਾਹਾਂ 'ਚ ਚਲਾਉਣਾ ਡਾਢੀ ਮੁਸ਼ੱਕਤ ਵਾਲੀ



ਗੱਲ ਸੀ: ਸੜਕਾਂ ਬਣੀਆਂ ਨਹੀਂ ਸਨ, ਰਸਤੇ ਕੱਚੇ, ਖੁੱਭਲੀਆਂ ਟੋਇਆਂ ਵਾਲੇ ਉਚੇ ਨੀਂਵੇ ਸਨ। ਜਦੋਂ ਮਾਸਟਰ ਮਹਿੰਗਾ ਰਾਮ ਦਾ ਜੰਗਾਲਿਆ ਲੰਡਾ ਸਾਈਕਲ ਨੇੜੇ ਆਇਆ ਤਾਂ ਸਾਰੇ ਨਿਆਣੇ ਚੌਕੰਨੇ ਹੋ ਗਏ ਤੇ ਇੱਕ ਦੂਸਰੇ ਤੋਂ ਕਾਹਲੇ, ਤੇ ਹਰ ਕੋਈ ਚਾਹੇ ਕਿ ਸਭ ਤੋਂ ਪਹਿਲਾਂ 'ਜੈ ਹਿੰਦ' ਮੈਂ ਕਹਿਣੀ ਹੈ!

ਜਿਉਂ ਹੀ ਮਾਸਟਰ ਮਹਿੰਗਾ ਰਾਮ ਦਾ ਸਾਈਕਲ ਬਰਾਬਰ ਆਇਆ ਤਾਂ ਅਸਾਂ ਸਾਰੇ ਨਿਆਣਿਆਂ ਦਾ ਝੁੰਡ ਉਚੀ ਉਚੀ 'ਮਾਹਟਰ ਜੀ ਜੈ ਹਿੰਦ, ਮਾਹਟ ਜੀ ਜੈ ਹਿੰਦ' ਕਹਿਣ ਲੱਗੇ ਤਾਂ ਇਸ ਰੌਲੇ-ਗੌਲੇ 'ਚ ਸਾਨੂੰ ਮਾਸਟਰ ਜੀ ਨੂੰ ਬੁਲਾਈ 'ਜੈ ਹਿੰਦ' ਦਾ ਉਸ ਦਿੱਤਾ ਜੁਆਬ ਖਬਰੇ ਸੁਣਿਆ ਕਿ ਨਹੀਂ, ਇਸ ਦਾ ਤਾਂ ਸਾਨੂੰ ਕੋਈ ਪਤਾ ਨਹੀਂ, ਪਰ ਉਸ ਸੁਰਕ ਦੇ ਕੇ ਸਾਡੇ ਕੋਲੋਂ ਨਿਕਲਣ ਲਈ ਆਪਣਾ ਸਾਈਕਲ ਤੇਜ਼ ਜਰੂਰ ਕਰ ਲਿਆ। ਹੁਣ ਮਾਸਟਰ ਮਹਿੰਗਾ ਰਾਮ ਮੂਹਰੇ ਮੂਹਰੇ ਸਾਈਕਲ ਉਤੇ ਅਤੇ ਅਸੀਂ ਮਗਰ ਮਗਰ 'ਜੈ ਹਿੰਦ, ਜੈ ਹਿੰਦ' ਕਰਦੇ ਦੌੜ ਤੁਰੇ; ਜਿਉਂ ਜਿਉਂ ਅੱਗੇ ਅੱਗੇ ਜਾਂਦੇ ਮਾਸਟਰ ਦੇ ਮਗਰ ਦੌੜਦੇ ਗਏ, ਤਾਂ ਰੌਲਾ ਰੱਪਾ ਸੁਣ ਏਧਰ-ਓਧਰ ਖੇਡਦੇ ਹੋਰ ਵੀ ਹਮ ਉਮਰ ਨਿਆਣੇ ਨਾਲ ਰਲਦੇ ਗਏ। ਕੱਚੇ ਰਾਹੇ ਮਾਸਟਰ ਮਹਿੰਗਾ ਰਾਮ ਦਾ ਸਾਈਕਲ ਧੂੜਾਂ ਪੁੱਟਦਾ ਪਿੰਡ ਦੀ ਫਿਰਨੀ 'ਚ ਮੂਹਰੇ ਮੂਹਰੇ ਅਤੇ ਅਸੀਂ, ਹੁਣ ਤੱਕ ਪੰਦਰਾਂ ਵੀਹ ਨਿਆਣਿਆਂ ਦਾ ਵੱਡਾ ਹੋ ਚੁਕਾ ਜਥਾ, ਮਗਰੇ ਮਗਰ ਧੂੜਾਂ ਉਡਾਉਂਦਾ, ਸੰਘ ਪਾੜਦੇ, ਉਚੀ ਤੋਂ ਉਚੀ ਇੱਕ ਦੂਸਰੇ ਤੋਂ ਹੋਰ ਉਚੀ ਆਵਾਜ਼ ਵਿਚ 'ਮਾਹਟ ਜੀ ਜੈ ਹਿੰਦ, ਮਾਹਟ ਜੀ ਜੈ ਹਿੰਦ' ਕਰਦੇ, ਆਲੇ-ਦੁਆਲੇ ਦੇ ਘਰਾਂ ਵਾਲਿਆਂ ਨੂੰ ਵੀ ਚੌਕੰਨੇ ਕਰਦੇ ਆਪਣੇ 'ਜੈ ਹਿੰਦ' ਦੇ ਮਿਸ਼ਨ ਵਿਚ ਮਘਨ ਪੂਰੀ ਰਫਤਾਰ ਨਾਲ ਫਿਰਨੀ ਤੇ ਖੜਦੁੰਬ ਮਚਾਈ ਰੱਖਿਆ।

ਨਾ ਹੀ ਮਾਸਟਰ ਸਾਡੀ ਬੁਲਾਈ 'ਜੈ ਹਿੰਦ' ਦਾ ਜੁਆਬ ਦਏ ਤੇ ਨਾ ਹੀ ਅਸੀਂ ਪਿੱਛੇ ਪਿੱਛੇ ਦੌੜਨੋ ਹਟੀਏ। ਮਾਸਟਰ ਮਹਿੰਗਾ ਰਾਮ ਨੇ ਪੂਰੇ ਪਿੰਡ 'ਚ ਆਪਣਾ ਨਿਕਲਦਾ ਜਲੂਸ ਦੇਖ, ਸਾਥੋਂ ਖਹਿੜਾ ਛੁਡਾਉਣ ਲਈ ਤੇਜ ਤੋਂ ਤੇਜ ਸਾਈਕਲ ਚਲਾ ਚਲਾ ਆਪ ਵੀ ਹੰਭ ਗਿਆ ਤੇ ਨਿਆਣਿਆਂ ਨੂੰ ਵੀ ਮਗਰ ਦੌੜਦਿਆਂ ਸਾਹੋ ਸਾਹੀ ਕਰ ਦਿੱਤਾ। ਮਾਸਟਰ ਜੀ ਦਾ ਉਤਨਾ ਚਿਰ ਖਹਿੜਾ ਨਾ ਛੁੱਟਿਆ ਜਿੰਨਾ ਚਿਰ ਨਿਆਣੇ ਥੱਕ-ਟੁੱਟ ਕੇ ਖਿਲਰ ਪੱਤਰ ਨਾ ਗਏ ਤੇ ਮਸਟਰ ਜੀ ਸੂਟਾਂ ਵੱਟਦੇ ਅਗਲੇ ਪਿੰਡ ਦੇ ਰਾਹੇ ਨਾ ਚੜ੍ਹ ਗਏ!

ਅਗਲੇ ਦਿਨ ਜਦੋਂ ਸਕੂਲ ਪਹੁੰਚੇ ਤਾਂ ਮਾਸਟਰ ਮਹਿੰਗਾ ਰਾਮ ਨੇ ਪਹਿਲਾ ਕੰਮ ਇਹ ਕੀਤਾ ਕਿ ਜਿਹੜੇ ਨਿਆਣੇ ਉਸ ਦੀ ਪਛਾਣ 'ਚ ਆਏ, ਕੰਨੋ ਫੜ ਫੜ ਜਮਾਤ ਤੋਂ ਬਾਹਰ ਕੱਢ ਇੱਕ ਕਤਾਰ 'ਚ ਖੜ੍ਹੇ ਕਰ ਲਏ। ਗੁੱਸੇ ਨਾਲ ਲਾਲੋ-ਲਾਲ, ਪਸੀਨੇ ਨਾਲ ਤ੍ਰੇਲੋ-ਤ੍ਰੇਲੀ ਹੋਏ ਸਾਡੇ ਹਿਸਾਬ ਦੇ ਮਾਸਟਰ ਜੀ ਨੇ ਖੂਭ ਝਿੜਕਿਆ, ਡਾਂਟ ਪਾਈ ਤੇ ਨਾਲ ਹੀ ਡੰਡਾ ਪ੍ਰੇਡ ਵੀ ਕੀਤੀ, ਤੇ ਨਾਲੇ ਆਖੀ ਜਾਵੇ, 'ਤੁਸੀਂ ਕੱਲ੍ਹ ਸਾਰੇ ਪਿੰਡ 'ਚ ਮੇਰਾ ਰੱਜ ਕੇ ਜਲੂਸ ਕੱਢਿਆ।' ਸਾਨੂੰ ਜਲੂਸ-ਜਲਾਸ ਦਾ ਤਾਂ ਕੋਈ ਪਤਾ ਨਾ ਲੱਗਿਆ ਕਿ ਕਿਵੇਂ ਨਿਕਲਿਆ! ਅਸੀਂ ਤਾਂ ਨਵੀਂ ਨਵੀਂ ਸਿੱਖੀ 'ਜੈ ਹਿੰਦ' ਬੁਲਾਉਣ ਵਲ ਧਿਆਨ ਦਿੰਦਿਆਂ ਮਾਸਟਰ ਜੀ ਨੂੰ ਸਾਈਕਲ ਮਗਰ ਦੌੜਦਿਆਂ 'ਜੈ ਹਿੰਦ' ਜਰੂਰ ਬੁਲਾਈ। ਇਹ ਵੀ ਚੇਤੇ ਹੈ ਕਿ ਸਾਰੇ ਪਿੰਡ ਦੀ ਫਿਰਨੀ ਦੁਆਲੇ ਦੌੜਦਿਆ ਤੇ ਅਗਲੇ ਪਿੰਡ ਦੇ ਰਾਹ ਪੈਣ ਤੱਕ, ਸਾਨੂੰ ਮਾਸਟਰ ਜੀ ਨੂੰ ਬੁਲਾਈ 'ਜੈ ਹਿੰਦ' ਦੇ ਸਵੀਕਾਰ ਹੋਣ ਦਾ ਜੁਆਬ ਕੋਈ ਨਹੀਂ ਸੀ ਸੁਣਿਆ, ਇਸੇ ਕਰਕੇ ਹੋਰ ਉਚੀ ਉਚੀ 'ਜੈ ਹਿੰਦ' ਬੁਲਾਉਂਦਾ ਨਿਆਣਿਆਂ ਦਾ ਜਥਾ ਮਗਰੇ ਮਗਰ ਭਗਦੜ ਮਚਾਉਂਦਾ ਦੌੜੀ ਗਿਆ।

ਕਈ ਦਿਨ ਸਮਝ ਨਾ ਪਈ ਕਿ 'ਜੈ ਹਿੰਦ' ਕਹਿਣ ਬਦਲੇ ਇਹ ਅਣਕਿਆਸੀ ਸਾਡੀ ਝਾੜ ਝੰਬ ਤੇ ਡੰਡਾ ਪਰੇਡ ਕਿਸ ਖੁਸ਼ੀ 'ਚ ਹੋ ਗਈ? ਅਸੀ ਤਾਂ ਵਿਦਿਆਰਥੀਆਂ ਨੂੰ ਨਵੀਆਂ ਚਾੜ੍ਹੀਆਂ ਜਾ ਰਹੀਆਂ 'ਜੈ ਹਿੰਦ' ਦੀਆਂ ਹਦਾਇਤਾਂ 'ਤੇ ਹੀ ਫੁੱਲ ਚੜ੍ਹਾਉਣ ਦੀ ਕੋਸ਼ਿਸ਼ ਕਰਦੇ ਮਾਸਟਰ ਜੀ ਦੇ ਸਾਈਕਲ ਦੇ ਪਿੱਛੇ ਪਿੱਛੇ ਦੌੜਦੇ ਗਏ ਤੇ ਦੌੜਦੇ ਹੀ ਗਏ। ਉਨ੍ਹਾਂ ਦੀ 'ਜੈ ਹਿੰਦ' ਦੀ ਪਰਵਾਨਗੀ ਦਾ ਜੁਆਬ ਜਾਂ ਸਾਨੂੰ ਰੌਲੇ ਰੱਪੇ 'ਚ ਸੁਣਿਆ ਨਾ, ਜਾਂ ਉਨ੍ਹਾਂ ਜੁਆਬ ਦੇਣਾ ਮੁਨਾਸਬ ਹੀ ਨਾ ਸਮਝਿਆ-ਇਸ ਦਾ ਵੀ ਸਾਨੂੰ ਕੋਈ ਥਹੁ ਪਤਾ ਨਹੀਂ। ਇਸ ਘਟਨਾ ਤੋਂ ਬਾਅਦ ਤਾਂ ਘਰੇ ਆਏ ਕਿਸੇ ਪ੍ਰਾਹੁਣੇ ਨੂੰ 'ਸਤਿ ਸ੍ਰੀ ਅਕਾਲ' ਬੁਲਾਉਣੋਂ ਵੀ ਝਿਜਕ ਹੋਣ ਲੱਗਿਆ ਸੀ ਕਿ ਜੇ ਅਣਜਾਣਪੁਣੇ 'ਚ ਕੋਈ ਕੁਤਾਹੀ ਹੋ ਗਈ ਤਾਂ ਕਿਤੇ ਘਰੋਂ ਪ੍ਰਾਹੁਣੇ ਦੇ ਜਾਣ ਮਗਰੋਂ, ਆਪਣੇ ਘਰ 'ਚ ਹੀ ਸ਼ਾਮਤ ਨਾ ਆ ਜਾਏ।

ਹੁਣ ਮੁੜ ਮਾਸਟਰ ਜੀ ਦੇ 'ਹਿਸਾਬ' ਦਾ ਵਿਸ਼ਾ ਪੜ੍ਹਾਉਣ ਵਲ ਆਉਂਦੇ ਹਾਂ; ਸ਼ਾਇਦ ਮਾਸਟਰ ਜੀ ਨੇ ਵੀ ਆਪਣੇ ਹਿਸਾਬ-ਕਿਤਾਬ ਦੀਆਂ ਗਿਣਤੀਆਂ ਮਿਣਤੀਆਂ ਲਾ ਬੀਜ-ਗਣਿਤ (ਅਲਜਬਰਾ) ਦਾ ਸਮੀਕਰਨ (ਇਕੁਏਜਨ) ਹੱਲ ਕਰ ਲਿਆ ਹੋਵੇ ਕਿ ਵਿੱਦਿਆ ਮਹਿਕਮੇ ਨੇ ਚੰਗਾ 'ਜੈ ਹਿੰਦ' ਬੁਲਾਉਣ ਦਾ ਨਵਾਂ ਪੰਗਾ ਸਕੂਲਾਂ 'ਚ ਪਾ ਦਿੱਤਾ ਕਿ ਜਦੋਂ ਨਮਸਤੇ, ਅਸਲਾਮਾਲੇਕਮ ਅਤੇ ਸਤਿ ਸ੍ਰੀ ਅਕਾਲ ਬੁਲਾਉਣ ਦੀਆਂ ਖੁੱਲ੍ਹਾਂ ਸਨ ਤਾਂ ਪਿੰਡਾਂ ਵਿਚ ਦੀ ਸਾਈਕਲ 'ਤੇ ਲੰਘਦਿਆਂ ਅਜਿਹੇ ਨਿਆਣਿਆਂ ਦੇ ਪਾਏ ਖੜਦੁੰਬ ਦਾ ਸਾਹਮਣਾ ਨਹੀਂ ਸੀ ਕਰਨਾ ਪੈਂਦਾ। ਜਿਉਂ ਜਿਉਂ ਅੱਗੇ ਸਮਝ ਪੈਂਦੀ ਗਈ ਤਾਂ ਆਪਣੇ ਮਨ ਦਾ ਉਲਝਿਆ ਬੀਜ-ਗਣਿਤ ਦਾ ਸਮੀਕਰਨ ਵੀ ਹੱਲ ਹੁੰਦਾ ਲੱਗਿਆ ਕਿ ਮਾਸਟਰ ਮਹਿੰਗਾ ਰਾਮ ਨੇ ਭਾਵੇਂ ਆਜ਼ਾਦ ਭਾਰਤ ਦੇ ਨਵੇਂ ਵਿੱਦਿਆ ਪ੍ਰਬੰਧ ਮੁਤਾਬਕ ਆਪਣੇ ਆਪ ਨੂੰ ਢਾਲ ਕੇ ਬਰਾਬਰ ਤੁਰਨ ਦਾ ਯਤਨ ਕੀਤਾ ਤਾਂ 'ਜੈ ਹਿੰਦ' ਦੇ ਝਮੇਲੇ ਨੇ ਉਸ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਤਾਜ਼ੀ ਤਾਜ਼ੀ ਆਈ ਆਜ਼ਾਦੀ ਜਿਹੜੀ ਅੰਗਰੇਜ਼ਾਂ ਦੇ ਚਲੇ ਜਾਣ ਉਪਰੰਤ ਭਾਰਤ ਦੇਸ਼ ਦੇ ਟੁਕੜੇ ਹੋਣ ਦੇ ਨਾਲ ਨਾਲ ਲੱਖਾਂ ਲੋਕਾਂ ਦਾ ਕਤਲੇਆਮ ਕਰ ਕਰਾ; ਬਰਾਬਰ ਖੁਸ਼ੀ ਖੁਸ਼ੀ ਵਸਦੇ ਭਾਈਚਾਰਿਆਂ ਦੇ ਮਨਾਂ 'ਚ ਜ਼ਹਿਰ ਦਾ ਬੀਜ ਭਰ ਨੁਕਸਾਨ ਹੋ ਗਿਆ, ਉਹ ਇਕੱਲੀ ਫੋਕੀ 'ਜੈ ਹਿੰਦ' ਦੀ ਰਟ ਲਾਉਣ ਨਾਲ ਪੂਰਾ ਨਹੀਂ ਹੋਣਾ।

ਬਟਵਾਰੇ ਸਮੇਂ ਹੋਏ ਬੇਤਹਾਸ਼ਾ ਜਾਨੀ-ਮਾਲੀ ਨੁਕਸਾਨ ਨੂੰ ਕਿਸੇ ਵੀ ਨਵੇਂ ਤਕੀਆ ਕਲਾਮ ਜਾਂ ਨਾਹਰੇ ਨਾਲ ਸਹਿਜੇ ਪੂਰਾ ਨਹੀਂ ਕੀਤਾ ਜਾ ਸਕਦਾ। ਸਾਡੀ ਹੋਈ ਝਾੜ ਝੰਬ ਤੇ ਡੰਡਾ ਪ੍ਰੇਡ ਨਾਲ ਮਨਾਂ 'ਤੇ ਹੋਏ ਜ਼ਖਮਾਂ ਨੂੰ ਇਉਂ ਮੱਲਮ ਲਾਉਣ ਦਾ ਯਤਨ ਕਰਨ ਲੱਗੇ ਕਿ ਸਾਡੇ 'ਹਿਸਾਬ' ਦੇ ਵਿਸ਼ੇ 'ਚ ਬਹੁਤ ਕਾਬਲ ਮਾਸਟਰ ਮਹਿੰਗਾ ਰਾਮ ਦੀ ਆਪਣੀ ਵੀ ਮਜਬੂਰੀ ਹੋ ਸਕਦੀ ਹੈ, ਜਿਹੜੀ ਦੇਸ਼ ਦੇ ਬਟਵਾਰੇ ਉਪਰੰਤ ਹੋਈ ਬਰਬਾਦੀ ਦੇ, ਉਸ ਦੇ ਅੰਦਰ ਸਮੋਏ ਦਰਦ ਨੂੰ ਫੋਕੇ 'ਜੈ ਹਿੰਦ' ਕਹਿਣ ਨਾਲ ਕਿਵੇਂ ਦੂਰ ਕੀਤਾ ਜਾ ਸਕਦਾ ਹੈ?

---

# ਜਗਦੇਵ ਸਿੰਘ ਜੱਸੋਵਾਲ ਦੀਆਂ ਖੇਡਾਂ

(ਪਿਛਲੇ ਸਫੇ ਦੀ ਬਾਕੀ)

ਈ ਪੱਤਝੜ ਆ... ਵੰਡੋ ਕਾਕਾ, ਹਰੇਵਾਈ ਵੰਡੋ। ਮੈਂ ਖੁਸ਼ ਆਂ...।"

ਉਹ ਖੁਸ਼ੀ ਵੰਡਦਾ ਰਹਿੰਦਾ, ਬੀਬੀ ਬੁੜ ਬੁੜ ਕਰਨ ਪਿੱਛੋਂ ਚੁੱਪ ਵੱਟ ਲੈਂਦੀ। ਜੀਵਨ ਨੂੰ ਉਹ ਸਮਝਦਾ ਹੀ ਮੇਲਾ-ਗੇਲਾ ਸੀ। ਹਰੇਕ ਗੱਲ ਪਿੱਛੋਂ ਉਹ 'ਹੈਂ ਜੀ' ਕਹਿੰਦਾ। ਹੁੰਗਾਰਾ ਨਾ ਮਿਲਦਾ ਤਾਂ ਆਪ ਹੀ 'ਹਾਂ ਜੀ' ਕਹਿ ਕੇ ਗੱਲ ਮੁਕਾ ਦਿੰਦਾ। ਕਹਿੰਦਾ ਰਹਿੰਦਾ, "ਬੱਸ ਆਹੀ ਹੁੰਦਾ, ਆਹੀ ਹੋਣਾ ਸੀ, ਹੈ ਕਿ ਨਾ, ਹੈਂ ਜੀ?"

ਉਹਦਾ ਜਨਮ ਲੁਧਿਆਣੇ ਤੋਂ ਨੌਂ ਕਿਲੋਮੀਟਰ ਲਾਂਭੇ ਪਿੰਡ ਜੱਸੋਵਾਲ ਸੂਦਾਂ ਵਿਚ 30 ਅਪਰੈਲ 1935 ਨੂੰ ਹੋਇਆ ਸੀ। ਉਸ ਦਾ ਪਿਤਾ ਕਹਿੰਦਾ-ਕਹਾਉਂਦਾ ਜ਼ੈਲਦਾਰ ਕਰਤਾਰ ਸਿੰਘ ਗਰੇਵਾਲ ਸੀ, ਜਿਸ ਦੀ ਪਤਨੀ ਸਰਦਾਰਨੀ ਅਮਰ ਕੌਰ ਦੀ ਕੁੱਖੋਂ ਪੰਜ ਪੁੱਤਰਾਂ ਨੇ ਜਨਮ ਲਿਆ। ਉਹਦਾ ਨਿੱਕੇ ਹੁੰਦੇ ਦਾ ਨਾਂ 'ਜੁਗੋ' ਸੀ, ਜੋ ਪੰਜਾਬੀ ਸੂਬੇ ਦੇ ਮੋਰਚੇ ਵੇਲੇ ਜਥੇਦਾਰ ਜਗਦੇਵ ਸਿੰਘ ਜੱਸੋਵਾਲ ਬਣਿਆ। ਉਹ ਅੱਸੀ ਸਾਲਾਂ ਨੂੰ ਢੁੱਕਦਿਆਂ 22 ਦਸੰਬਰ 2014 ਨੂੰ ਪੂਰਾ ਹੋਇਆ।

'ਜੁਗੋ' ਜਦੋਂ ਬੱਚਾ ਸੀ ਤਾਂ ਕਾਟੋਆਂ ਦਾ ਸ਼ਿਕਾਰ ਕਰਦਾ ਸੀ। ਉਨ੍ਹਾਂ ਦਿਨਾਂ ਵਿਚ ਪੇਂਡੂ ਬੱਚਿਆਂ ਨੂੰ ਭੁਲੇਖਾ ਸੀ ਕਿ ਕਾਟੋ ਦੇ ਚੌਰਸ ਸਿਰ ਵਿਚ ਦੁਆਨੀ ਹੁੰਦੀ ਹੈ। ਕਾਟੋ ਕਿੱਕਰ 'ਤੇ ਚੜ੍ਹ ਕੇ ਜਾਨ ਬਚਾਉਣ ਲੱਗਦੀ ਤਾਂ ਜੁਗੋ ਹੋਰੀਂ ਡਲੇ ਮਾਰ ਕੇ ਕਾਟੋ ਨੂੰ ਹੇਠਾਂ ਸੁੱਟ ਲੈਂਦੇ। ਫਿਰ ਸਿਰ ਫੇਹ ਕੇ ਵੇਖਦੇ, ਪਰ ਦੁਆਨੀ ਨਾ ਨਿਕਲਦੀ। ਫਾਇਰ ਫੋਕਾ ਨਿਕਲ ਜਾਣ 'ਤੇ ਦੂਜੀ ਕਾਟੋ ਮਗਰ ਪੈਂਦੇ, ਪਰ ਦੁਆਨੀ ਫਿਰ ਵੀ ਨਾ ਮਿਲਦੀ। ਉਨ੍ਹਾਂ ਨੇ ਬਥੇਰੀਆਂ ਕਾਟੋਆਂ ਮਾਰੀਆਂ। ਸ਼ਾਇਦ ਉਨ੍ਹਾਂ ਕਾਟੋਆਂ ਨੂੰ ਮਾਰਨ ਦਾ ਪਾਪ ਹੀ ਲੱਗਾ ਕਿ ਜੁਗੋ ਤੋਂ ਜਥੇਦਾਰ ਜਗਦੇਵ ਸਿੰਘ ਬਣੇ ਜੱਸੋਵਾਲ ਨੂੰ ਸਿਆਸਤ ਰਾਸ ਨਾ ਆਈ। ਸਿਆਸਤ ਵਿਚ ਉਹ ਖੱਜਲ ਖੁਆਰ ਹੀ ਹੋਇਆ।

ਪਹਿਲਾਂ ਪਹਿਲ ਲੱਗਦਾ ਰਿਹਾ ਕਿ ਅਕਾਲੀ ਦਲ 'ਚੋਂ ਕੁਛ ਨਿਕਲੂ, ਫਿਰ ਲੱਗਣ ਲੱਗਾ ਕਿ ਕਾਂਗਰਸ 'ਚੋਂ ਨਿਕਲੂ। ਉਹ ਕਦੇ ਅਕਾਲੀਆਂ ਨਾਲ ਤੇ ਕਦੇ ਕਾਂਗਰਸੀਆਂ ਨਾਲ ਰਲਦਾ ਰਿਹਾ। ਕਦੇ ਕਾਂਗਰਸ ਦੀ ਟਿਕਟ 'ਤੇ ਚੋਣ ਲੜਦਾ, ਕਦੇ ਅਕਾਲੀ ਦਲ ਦੀ ਟਿਕਟ 'ਤੇ। ਉਹ ਦੋਹਾਂ ਦਾ ਸ਼ਿਕਾਰ ਕਰਦਾ ਖੁਦ ਦੋਹਾਂ ਦਾ ਸ਼ਿਕਾਰ ਹੁੰਦਾ ਰਿਹਾ। 'ਦੁਆਨੀ' ਕਿਸੇ ਪਾਸਿਓਂ ਨਾ ਨਿਕਲੀ। ਸਮਝ ਲਓ ਸਿਆਸਤਦਾਨਾਂ ਦੇ ਕਾਟੋ ਕਲੇਸ਼ ਦੀ ਭੇਟ ਚੜ੍ਹਦਾ ਰਿਹਾ। ਅਖੀਰ ਕਹਿਣ ਲੱਗ ਪਿਆ, "ਕਾਂਗਰਸੀ ਤੇ ਅਕਾਲੀ ਇਕੋ ਜੇ ਹਨ!" ਸਿਆਸਤਦਾਨ ਬਣੇ ਖਿਡਾਰੀ ਨਵਜੋਤ ਸਿੱਧੂ ਤੇ ਪਰਗਟ ਹੋਰੀਂ ਵੀ ਹੁਣ ਇਹੋ ਕਹੀ ਜਾਂਦੇ ਹਨ।

1980ਵਿਆਂ ਦਾ ਦਹਿਸ਼ਤੀ ਦੌਰ ਸੀ। ਅਸੀਂ ਪੰਜਾਬੀ ਸਾਹਿਤ ਅਕਾਦਮੀ ਦੀਆਂ ਵੋਟਾਂ ਪਾਉਣ ਪੰਜਾਬੀ ਭਵਨ ਗਏ। ਲਾਈਨ 'ਚ ਲੱਗੇ ਤਾਂ ਜੱਸੋਵਾਲ ਵੀ ਮਗਰੇ ਆ ਖੜ੍ਹਾ ਹੋਇਆ। ਖੜ੍ਹੇ-ਖੜ੍ਹੇ ਨੇ ਪੁੱਛਿਆ, "ਵੋਟ ਪਾ ਕੇ ਕੀ ਕਰਨੈ?" ਮੈਂ ਆਖਿਆ, "ਢੁੱਡੀਕੇ ਮੁੜਨੈਂ।" ਉਸ ਨੇ ਖੇਡ ਮੇਲੇ ਦਾ ਫੀਲਾ ਸੁੱਟਿਆ, "ਚੱਲੋ ਜਗਤਪੁਰ ਟੂਰਨਾਮੈਂਟ 'ਤੇ ਚੱਲੀਏ। ਉਨ੍ਹਾਂ ਨੇ ਕਿਹਾ ਹੋਇਆ, ਸਰਵਣ ਨੂੰ ਵੀ ਨਾਲ ਲੈ ਕੇ ਆਈਂ।" 'ਨਾਈ ਬੱਦੋਵਾਲ ਦਾ, ਇਹੋ ਕੁਛ ਭਾਲਦਾ' ਵਾਲੀ ਗੱਲ ਸੀ। ਅਸੀਂ ਪੰਜ ਜਣੇ ਉਹਦੀ ਗੱਡੀ ਵਿਚ ਜਗਤਪੁਰ ਨੂੰ ਚੱਲ ਪਏ। ਨਾਲ ਉਹਦਾ ਗੰਨਮੈਨ ਤੇ ਡਰਾਈਵਰ ਸੀ। ਮੇਰੇ ਨਾਲ ਢੁੱਡੀਕੇ ਕਾਲਜ ਦਾ ਸਾਥੀ ਸੀ। ਇਕ ਮੈਚ ਦੀ ਕੁਮੈਂਟਰੀ ਕਰ ਕੇ ਮੈਂ ਹਾਜ਼ਰੀ ਲੁਆ ਦਿੱਤੀ। ਸਾਨੂੰ ਵਾਪਸ ਮੁੜਨ ਦੀ ਕਾਹਲੀ ਸੀ, ਪਰ ਜੱਸੋਵਾਲ ਨੂੰ ਕੋਈ ਕਾਹਲ ਨਹੀਂ ਸੀ। ਮੇਲੇ 'ਚੋਂ ਨਿਕਲਣ ਨੂੰ ਉਹਦਾ ਦਿਲ ਨਹੀਂ ਸੀ ਕਰਦਾ। ਪੰਛੀ ਆਲ੍ਹਣਿਆਂ ਨੂੰ ਮੁੜਨ ਲੱਗ ਪਏ ਸਨ। ਅਸੀਂ ਉਹਨੂੰ ਖਿੱਚ ਕੇ ਬਾਹਰ ਲਿਆਂਦਾ।

ਗੱਡੀ 'ਚ ਬੈਠੇ ਤਾਂ ਉਹ ਸਾਨੂੰ ਕਿਸੇ ਦੇ ਖੂਹ 'ਤੇ ਲੈ ਗਿਆ। ਉਥੇ ਗੰਨੇ ਸਨ, ਦੁੱਧ ਸੀ ਤੇ ਦਾਰੂ ਸੀ। ਜੱਸੋਵਾਲ ਸਭ ਕੁਝ ਛਕੀ ਛਕਾਈ ਗਿਆ। ਖੂਹ ਤੋਂ ਵੀ ਉਸ ਨੂੰ ਖਿੱਚ ਕੇ ਹੀ ਗੱਡੀ 'ਚ ਬਿਠਾਉਣਾ ਪਿਆ। ਉਹ ਲੋਰ ਵਿਚ ਸੀ। ਉਤੋਂ ਦਿਨ ਛਿਪ ਗਿਆ, ਬੱਤੀਆਂ ਜਗ ਪਈਆਂ। ਅਗਾਂਹ ਗਏ ਤਾਂ ਘੁਲਾੜੀ ਤੋਂ ਕੜ੍ਹਦੇ ਗੁੜ ਦੀ ਮਹਿਕ ਆ ਗਈ। ਗੱਡੀ ਘੁਲਾੜੀ ਵੱਲ ਮੋੜ ਲਈ। ਦਹਿਸ਼ਤੀ ਦੌਰ ਦਾ ਜੱਸੋਵਾਲ ਨੂੰ ਚੇਤਾ ਹੀ ਨਾ ਰਿਹਾ। ਘੁਲਾੜੀ 'ਤੇ ਗਰਮਾ ਗਰਮ ਗੁੜ ਖਾਧਾ ਤੇ ਘਰ ਦੀ ਕੱਢੀ ਵੀ ਨਾ ਛੱਡੀ। ਡੂੰਘੇ ਹਨੇਰੇ ਲੁਧਿਆਣੇ ਨੂੰ ਚਾਲੇ ਪਾਏ। ਜੱਸੋਵਾਲ ਨੇ ਆਪਣੀ ਕਾਲੀ ਪੱਗ ਬੱਧੀ ਬਧਾਈ ਗੰਨਮੈਨ ਦੇ ਸਿਰ 'ਤੇ ਰੱਖ ਦਿੱਤੀ, ਬਈ ਜੇ ਗੋਲੀ ਵੱਜੀ ਤਾਂ ਉਹਦੇ ਭੁਲੇਖੇ ਗੰਨਮੈਨ ਨੂੰ ਈ ਵੱਜੂ! ਗੱਡੀ ਫਿਲੌਰ ਤੋਂ ਜਰਨੈਲੀ ਸੜਕ ਉਤੇ ਆ ਚੜ੍ਹੀ। ਨਿਸ਼ਚਿੰਤ ਹੋਏ ਜੱਸੋਵਾਲ ਨੇ ਲੋਰ ਵਿਚ ਖੱਬਾ ਹੱਥ ਕੰਨ 'ਤੇ ਰੱਖਿਆ ਤੇ ਸੱਜੀ ਬਾਂਹ ਬਾਰੀ 'ਚੋਂ ਬਾਹਰ ਕੱਢ ਕੇ ਕਲੀ ਲਾਈ, ਜੋ ਹਨੇਰੇ ਵਿਚ ਦੂਰ ਤਕ ਗੂੰਜੀ। ਚਾਂਭਲਿਆ ਹੋਇਆ ਕਦੇ ਉਹ ਬੱਕਰੇ ਬੁਲਾਉਂਦਾ, ਕਦੇ ਗਿੱਧਾ ਪਾਉਂਦਾ।

ਸਤਲੁਜ ਦਾ ਪੁਲ ਆਇਆ ਤਾਂ ਗੱਡੀ ਰੁਕਵਾ ਲਈ। ਜੱਸੋਵਾਲ ਬਾਹਰ ਨਿਕਲ ਕੇ ਡੋਲਦਾ ਮੇਲ੍ਹਦਾ ਕੂਕਾਂ ਮਾਰਨ ਲੱਗਾ। ਉਹਦੀਆਂ ਕੂਕਾਂ ਪੁਲ ਤੋਂ ਲੰਘਦੀਆਂ ਸਤਲੁਜ ਦੇ ਕੰਢਿਆਂ 'ਤੇ ਕੱਖ ਕਾਨ ਵਿਚ ਜਾ ਲੁਕੀਆਂ। ਉਹ ਵਜਦ ਵਿਚ ਆਇਆ ਬੋਲਿਆ, "ਮੇਰਾ ਜੀਅ ਕਰਦਾ ਬਈ ਮੈਂ ਇਉਂ ਈ ਗਾਉਂਦਾ ਮੇਲ੍ਹਦਾ ਮਰਾਂ। ਮੈਨੂੰ ਮੰਜੇ 'ਤੇ ਪੈ ਕੇ ਹੱਡ ਗੋਡੇ ਨਾ ਰਗੜਾਉਣੇ ਪੈਣ।"

ਮੈਂ ਆਖਿਆ, "ਜੱਸੋਵਾਲ ਸਾਹਿਬ, ਇਹ ਤਾਂ ਕੰਮ ਈ ਬੜਾ ਸੌਖੈ। ਆਪਾਂ ਪੁਲ 'ਤੇ ਖੜ੍ਹੇ ਆਂ ਤੇ ਗਾ ਵੀ ਰਹੇ ਆਂ। ਤੁਸੀਂ ਜੈਕਾਰਾ ਛੱਡੋ ਤੇ ਪੁਲ ਦੀ ਬੰਨੀ 'ਤੇ ਖੜ੍ਹ ਕੇ ਸਤਲੁਜ 'ਚ ਛਾਲ ਮਾਰੋ। ਸਿੱਧੇ ਸੱਚਖੰਡ ਜਾਓਗੇ। ਜਾਂ ਫੇਰ ਲਿਖ ਕੇ ਦੇ ਦਿਓ, ਧੱਕਾ ਦੇਣ ਦੀ ਸੇਵਾ ਅਸੀਂ ਕਰ ਦਿੰਨੇ ਆਂ!"

ਜੱਸੋਵਾਲ ਵਿਚਲਾ ਜੱਗਾ ਖਿਡਾਰੀ ਬੋਲਿਆ, "ਓਏ ਮੈਂ ਛਾਲ ਤਾਂ ਮਾਰ ਦਿਆਂ, ਪਰ ਸਤਲੁਜ 'ਚ ਡੁੱਬਣ ਜੋਗਾ ਪਾਣੀ ਤਾਂ ਹੋਵੇ! ਇਹ ਤਾਂ ਊਈਂ ਸੁੱਕਾ ਪਿਆ। ਛਾਲ ਮਾਰ ਕੇ ਰੜੇ ਈ ਡਿੱਗੂੰ ਤੇ ਚੂਕਣਾ ਵਾਧੂ ਦਾ ਤੁੜਾਊਂ। ਫੇਰ ਤਾਂ ਹੱਡ ਗੋਡੇ ਹੋਰ ਵੀ ਰਗੜਾਉਣੇ ਪੈਣਗੇ। ਫੇਰ ਮੇਲੇ ਕੌਣ ਲਾਊ?"

---

# ਖੁਦ ਨੂੰ ਪਿਆਰ ਕਰੋ

(ਸਫਾ 25 ਦੀ ਬਾਕੀ)

'ਚ ਮੈਂ,
ਕਿ ਪਿਆਸ ਬਹੁਤ ਹੈ ਪਰ ਪੀਣ ਦੀ ਹੋਸ਼ ਨਹੀਂ।

ਖੁਦ ਨੂੰ ਪਿਆਰ ਕਰਨ ਦਾ ਮਤਲਬ ਹੈ, ਆਪਣੇ ਬੀਤੇ ਨੂੰ ਯਾਦ ਰੱਖਣਾ। ਆਉਣ ਵਾਲੇ ਕੱਲ੍ਹ ਨੂੰ ਕਿਆਸ ਕਰਨਾ ਅਤੇ ਵਰਤਮਾਨ ਨੂੰ ਭਰਪੂਰਤਾ ਸੰਗ ਜਿਉਣਾ। ਕਦੇ ਲਿਖਿਆ ਸੀ,

ਮੈਂ 'ਅੱਜ' ਹਾਂ, ਮੈਂ 'ਅੱਜ' 'ਚੋਂ
ਬੀਤੇ 'ਕੱਲ' ਦੀ ਨਿਸ਼ਾਨਦੇਹੀ ਤਾਂ ਕਰ ਸਕਦਾਂ
ਪਰ
'ਕੱਲ' ਨੂੰ 'ਅੱਜ' ਨਹੀਂ ਬਣਾ ਸਕਦਾ।
ਮੈਂ 'ਅੱਜ' ਹਾਂ
ਮੈਂ ਆਉਣ ਵਾਲੇ 'ਕੱਲ' ਨੂੰ ਚਿਤਵ ਸਕਦਾਂ
ਪਰ
ਆਉਣ ਵਾਲਾ 'ਕੱਲ', 'ਕੱਲ' ਹੀ ਹੋਵੇਗਾ
'ਅੱਜ' ਨਹੀਂ ਹੋ ਸਕਦਾ
ਕਿਉਂਕਿ
'ਕੱਲ' ਕਦੇ ਵੀ ਵਤਰਮਾਨ ਨਹੀਂ ਹੁੰਦਾ
ਇਸ ਲਈ
'ਅੱਜ' ਨੂੰ 'ਅੱਜ' ਸਮਝ ਕੇ ਹੀ ਮਾਣੋ।

'ਖੁਦ ਨੂੰ ਪਿਆਰ ਕਰੋ' ਤੋਂ 'ਖੁਦ ਨੂੰ ਪੂਜੋ' ਤੀਕ ਦੇ ਮਾਣਮੱਤੇ ਅਤੇ ਰੂਹ-ਰੱਤੇ ਜੀਵਨੀ ਸਫਰ ਨੂੰ ਹਮਸਫਰ ਬਣਾ ਕੇ ਦੇਖਣਾ, ਜੀਵਨ ਦੇ ਰੰਗ-ਢੰਗ ਹੀ ਬਦਲ ਜਾਣਗੇ।

# ਅਨੂੰ ਤੇ ਸ਼ਿਵ

*'ਬਾਤ ਇਕ ਬੀਤੇ ਦੀ' ਵਰਗੀ ਮਿਸਾਲੀ ਅਤੇ ਵਿਚਾਰ ਉਤੇਜਕ ਵਾਰਤਕ ਲਿਖਣ ਵਾਲੇ ਸੁਕੀਰਤ ਨੇ 'ਅਨੂੰ ਤੇ ਸ਼ਿਵ' ਨਾਂ ਦੇ ਇਸ ਲੇਖ ਵਿਚ ਜਿਹੜਾ ਕਿੱਸਾ ਛੋਹਿਆ ਹੈ, ਉਹ ਇਤਿਹਾਸ ਦੇ ਇਕ ਖਾਸ ਪੰਨੇ ਤੋਂ ਕੰਨੀ ਚੁੱਕਣ ਵਾਲਾ ਹੈ। ਇਹ ਕਿੱਸਾ ਪੰਜਾਬੀ ਸ਼ਾਇਰ ਸ਼ਿਵ ਬਟਾਲਵੀ ਅਤੇ ਉਘੇ ਲਿਖਾਰੀ ਗੁਰਬਖਸ਼ ਸਿੰਘ ਦੀ ਧੀ ਦੇ ਰਿਸ਼ਤੇ ਬਾਰੇ ਹੈ ਜਿਸ ਬਾਰੇ ਚਰਚਾ ਪੰਜਾਬੀ ਸਾਹਿਤ ਜਗਤ ਵਿਚ ਵੱਖ-ਵੱਖ ਕੋਣ-ਦ੍ਰਿਸ਼ਟੀਕੋਣ ਤੋਂ ਅਕਸਰ ਚੱਲਦੀ ਰਹੀ ਹੈ। ਸੁਕੀਰਤ ਨੇ ਇਸ ਰਿਸ਼ਤੇ ਦੀ ਬਾਤ ਬਹੁਤ ਤਹੱਮਲ ਨਾਲ ਪਾਈ ਹੈ ਅਤੇ ਹਕੀਕਤ ਬਿਆਨ ਕਰਨ ਦਾ ਯਤਨ ਕੀਤਾ ਹੈ।*

ਦਿੱਲੀ: ਅਗਸਤ 2019 ਦੀ ਗੱਲ ਹੈ। ਪੰਜਾਬੀ ਸਾਹਿਤ ਸਭਾ ਦੀ ਰਸਮੀ ਬੈਠਕ ਤੋਂ ਬਾਅਦ ਅਸੀਂ ਪੰਜ ਛੇ ਜਣੇ ਘਰੋ-ਘਰੀ ਜਾਣ ਤੋਂ ਪਹਿਲਾਂ ਬਚਦੀ ਚਾਹ ਦੀਆਂ ਆਖਰੀ ਚੁਸਕੀਆਂ ਲੈ ਰਹੇ ਸਾਂ। ਅਚਾਨਕ ਕੋਲ ਬੈਠੇ ਡਾ. ਕੁਲਜੀਤ ਸ਼ੈਲੀ ਨੇ ਮੇਰੇ ਵੱਲ ਮੂੰਹ ਮੋੜਦਿਆਂ ਕਿਹਾ, "ਇਕ ਗੱਲ ਪੁੱਛਣੀ ਸੀ ਤੁਹਾਡੇ ਕੋਲੋਂ, ਪੁੱਛ ਲਵਾਂ?"

"ਜ਼ਰੂਰ।"

"ਸ. ਗੁਰਬਖਸ਼ ਸਿੰਘ ਵਰਗੇ ਖੁਲ੍ਹੇ ਖਿਆਲਾਂ ਵਾਲੇ ਇਨਸਾਨ ਨੇ ਆਪਣੀ ਵੱਡੀ ਬੇਟੀ ਦਾ ਵਿਆਹ ਸ਼ਿਵ ਬਟਾਲਵੀ ਨਾਲ ਕਿਉਂ ਨਾ ਹੋਣ ਦਿੱਤਾ?"

ਮੇਰੀ ਆਪਮੁਹਾਰੇ ਮੁਸਕੜੀ ਨਿਕਲ ਗਈ। ਡਾ. ਕੁਲਜੀਤ ਸ਼ੈਲੀ ਗੁਰਬਖਸ਼ ਸਿੰਘ ਹੋਰਾਂ ਦੀ ਸਭ ਤੋਂ ਵੱਡੀ ਬੇਟੀ (ਉਮਾ) ਅਤੇ ਸਭ ਤੋਂ ਛੋਟੀ ਬੇਟੀ (ਅਨੁਸੂਈਆ) ਵਿਚਕਾਰ ਟਪਲਾ ਖਾ ਗਏ ਸਨ। ਵੈਸੇ ਇਸ ਗਲਤਫਹਿਮੀ ਨੂੰ ਪੈਦਾ ਕਰਦਾ ਆਧਾਰ ਜ਼ਰੂਰ ਹੈ ਸੀ: ਉਮਾ ਨੂੰ ਜੱਗ ਜਾਣਦਾ ਸੀ, ਤੇ ਇਹ ਗੱਲ ਵੀ ਕਿ ਉਨ੍ਹਾਂ ਕਦੇ ਵਿਆਹ ਨਹੀਂ ਸੀ ਕਰਾਇਆ ਪਰ 1960 ਤੋਂ ਹੀ ਹਿੰਦੁਸਤਾਨ ਛੱਡ ਕੇ ਚਲੀ ਗਈ ਹੋਈ ਅਨੁਸੂਈਆ ਨੂੰ ਏਥੇ ਹੁਣ



**ਸੁਕੀਰਤ**
**ਈਮੇਲ:** sukirat.anand@gmail.com

ਕੋਈ ਵਿਰਲਾ ਹੀ ਜਾਣਦਾ ਸੀ।

"ਤੁਸੀਂ ਦੋ ਭੈਣਾਂ ਨੂੰ ਰਲਗੱਡ ਕਰ ਬੈਠੇ ਹੋ। ਜੋ ਗੱਲ ਤੁਸੀਂ ਜਾਣਨਾ ਚਾਹੁੰਦੇ ਹੋ, ਉਹ ਮੇਰੀ ਸਭ ਤੋਂ ਛੋਟੀ ਮਾਸੀ ਅਨੁਸੂਈਆ ਜਾਂ ਅਨੂੰ ਨਾਲ ਜੁੜਦੀ ਹੈ, ਉਮਾ ਮਾਸੀ ਦਾ ਉਸ ਕਿੱਸੇ ਨਾਲ ਕੋਈ ਲਾਗਾ-ਦੇਗਾ ਨਹੀਂ। ਤੇ ਨਾ ਹੀ ਇਹ ਗੱਲ ਸਹੀ ਹੈ ਕਿ ਅਨੂੰ ਅਤੇ ਸ਼ਿਵ ਦਾ ਵਿਆਹ ਦਾਰ ਜੀ ਦੀ ਨਾਂਹ ਕਾਰਨ ਨਾ ਹੋ ਸਕਿਆ। ਇਹ ਅਨੂੰ ਮਾਸੀ ਦਾ ਆਪਣਾ ਫੈਸਲਾ ਸੀ। ਹੁਣ ਤਕ ਬੜੀਆਂ ਝੂਠੀਆਂ ਸੱਚੀਆਂ ਜੁੜ ਚੁੱਕੀਆਂ ਨੇ, ਅਸਲ ਗੱਲ ਮੈਂ ਸੁਣਾ ਦੇਂਦਾ ਹਾਂ।"

ਤੇ ਫੇਰ, ਅਗਲੇ ਵੀਹ ਪੰਝੀ ਮਿੰਟ ਵਿਚ ਮੈਂ ਸਾਰਾ ਕੁਝ ਵਿਸਤਾਰ ਨਾਲ ਕੋਲ ਬੈਠੇ ਦੋਸਤਾਂ ਨੂੰ ਸੁਣਾ ਦਿੱਤਾ, ਜਿਵੇਂ ਹੁਣ ਕਈ ਵਰ੍ਹਿਆਂ ਤੋਂ ਮੇਰੀ ਜਾਣਕਾਰੀ ਵਿਚ ਹੈ: ਬਹੁਤਾ ਹਿੱਸਾ ਪੁੱਛਿਆ ਤੇ ਸੁਣਿਆ ਪਰ ਕੁਝ ਕੁ ਆਪ ਦੇਖਿਆ ਹੋਇਆ ਵੀ।

ਜਦੋਂ ਮੈਂ ਸਾਰੀ ਕਹਾਣੀ ਸੁਣਾ ਲਈ ਤਾਂ ਗੁਲਜ਼ਾਰ ਸੰਧੂ ਹੋਰਾਂ ਕਿਹਾ, "ਇਹ ਤਾਂ ਬੜੀ ਦਿਲਚਸਪ ਕਹਾਣੀ ਹੈ, ਤੂੰ ਇਸ ਨੂੰ ਲਿਖ ਦੇ, ਇਸ ਨੂੰ ਛਾਪਿਆ ਜਾਏ।"

ਮੇਰਾ ਜਵਾਬ ਸੀ ਕਿ ਕਿਸੇ ਦਿਨ ਜ਼ਰੂਰ ਲਿਖਾਂਗਾ ਪਰ ਅਜੇ ਨਹੀਂ। ਅਜੇ ਮੇਰੀਆਂ ਸਾਰੀਆਂ ਮਾਸੀਆਂ ਜਿਉਂਦੀਆਂ ਹਨ। ਅਨੂੰ ਮਾਸੀ ਨੂੰ ਤਾਂ ਕੋਈ ਉਜ਼ਰ ਨਹੀਂ ਹੋਣ ਲੱਗੀ ਪਰ ਉਮਾ ਮਾਸੀ ਕੁਝ ਉਹਲਾ-ਪਸੰਦ ਸੁਭਾਅ ਦੇ ਹਨ, ਉਨ੍ਹਾਂ ਨੂੰ ਮੰਦਾ ਲੱਗੇਗਾ ਕਿ ਮੈਂ ਘਰ ਵਿਚ ਹੋਈਆਂ ਬੀਤੀਆਂ ਨੂੰ ਇੰਝ ਲਿਖਤੀ ਰੂਪ ਵਿਚ ਪਰੋਸ ਰਿਹਾ ਹਾਂ। ਉਨ੍ਹਾਂ ਦੇ ਜਾਣ ਤੋਂ ਬਾਅਦ ਹੀ...।

ਉਦੋਂ ਕੌਣ ਜਾਣਦਾ ਸੀ ਕਿ ਇਸ ਗੱਲਬਾਤ ਨੂੰ ਹੋਇਆਂ ਮਸਾਂ ਸਾਲ ਹੀ ਬੀਤੇਗਾ ਕਿ ਦੋਵੇਂ ਭੈਣਾਂ ਉੱਤੋੜਿੱਤੀ ਟੁਰ ਜਾਣਗੀਆਂ। ਵੱਡੇ ਉਮਾ ਮਾਸੀ ਮਈ 2020 ਵਿਚ ਪ੍ਰੀਤਨਗਰ ਵਿਖੇ, ਤੇ ਘਰ ਵਿਚ ਸਾਰਿਆਂ ਤੋਂ ਛੋਟੇ ਅਨੂੰ ਮਾਸੀ ਹਜ਼ਾਰਾਂ ਮੀਲ ਦੂਰ ਸਤੰਬਰ 2020 ਵਿਚ ਦੁਰੇਡਲੇ ਦੇਸ ਵੈਨੇਜ਼ੁਏਲਾ ਦੇ ਯੂਨੀਵਰਸਟੀ ਸ਼ਹਿਰ ਮੈਰੀਦਾ ਵਿਚ, ਜਿੱਥੇ ਉਨ੍ਹਾਂ ਸਾਰੀ ਉਮਰ ਪੜ੍ਹਾਇਆ ਅਤੇ ਰਹਿੰਦੇ ਰਹੇ।

ਹੁਣ, ਜਦੋਂ ਮੇਰੇ ਵਡੇਰਿਆਂ ਵਿਚੋਂ ਬਹੁਤੇ ਜਾ ਚੁੱਕੇ ਹਨ, ਤੇ ਵੱਡੇ ਵੀਰਾਂ ਸੁਮੀਤ ਤੇ ਪਾਬਲੋ ਦੀਆਂ ਬੇਵੇਲੇ ਹੋਈਆਂ ਮੌਤਾਂ ਨੇ ਮੈਨੂੰ ਘਰ ਦੀ ਅਗਲੇਰੀ ਪੀੜ੍ਹੀ ਵਿਚ ਸਭ ਤੋਂ ਵੱਡਾ ਥਾਪ ਧਰਿਆ ਹੈ, ਉਹ ਸਾਰੀ ਹੋਈ-ਬੀਤੀ ਇੰਨ-ਬਿੰਨ ਸੁਣਾਉਣ ਦਾ ਸਮਾਂ ਆ ਗਿਆ ਹੈ ਜਿਸ ਵਿਚ ਲੋਕਾਂ, ਤੇ ਕੁਝ ਲਿਖਾਰੀਆਂ ਨੇ ਵੀ, ਸਮੇਂ ਸਮੇਂ ਆਪ ਹੀ ਕਈ ਕੁਝ ਜੜ ਛੱਡਿਆ ਹੈ।

ਅਨੂੰ ਮਾਸੀ ਮੇਰੇ ਨਾਲੋਂ ਐਨ ਵੀਹ ਵਰ੍ਹੇ ਵੱਡੇ ਸਨ। ਮੇਰਾ ਜਨਮ 1956 ਦਾ ਹੈ, ਉਹ 1936 ਦੀ ਪੈਦਾਇਸ਼ ਸਨ।

1960 ਵਿਚ ਜਦੋਂ ਮੈਂ ਚਾਰ ਵਰ੍ਹਿਆਂ ਦਾ ਸਾਂ, ਉਹ ਉਚੇਰੀ ਪੜ੍ਹਾਈ ਲਈ ਮਾਸਕੋ ਚਲੇ ਗਏ। ਉਮਰ ਦੇ ਪਹਿਲੇ 7 ਸਾਲ ਉਨ੍ਹਾਂ ਦੀ ਹੋਂਦ ਮੇਰੇ ਲਈ ਐਲਬਮ ਵਿਚ ਜੜੀਆਂ ਤਸਵੀਰਾਂ ਤੋਂ ਵੱਧ ਨਹੀਂ ਸੀ - ਇਕ ਮਾਸੀ ਜਿਹੜੀ ਰੂਸ ਰਹਿੰਦੀ ਸੀ ਪਰ ਜਿਸ ਨੇ ਜੇਕਰ ਕਦੇ ਮੈਨੂੰ ਕੁੱਛੜ ਚੁੱਕਿਆ ਵੀ ਸੀ ਤਾਂ ਮੇਰੇ ਚੇਤੇ ਵਿਚ ਉਸ ਦੀ ਕੋਈ ਬਚਦੀ ਛਾਪ ਤਕ ਨਹੀਂ ਸੀ ਮੌਜੂਦ।

ਆਪਣੀ ਯਾਦ ਵਿਚ ਮੈਂ ਉਨ੍ਹਾਂ ਨੂੰ ਪਹਿਲੀ ਵਾਰ 1963 ਵਿਚ ਦੇਖਿਆ। ਉਹ ਗਰਮੀਆਂ ਦੀਆਂ ਛੁੱਟੀਆਂ ਵਿਚ ਹਿੰਦੁਸਤਾਨ ਆਏ ਸਨ। ਉਨ੍ਹਾਂ ਨਾਲ ਉਨ੍ਹਾਂ ਦੇ ਦੋ ਦੋਸਤ ਵੀ ਸਨ: ਕੋਲੰਬੀਆ ਦਾ ਘੱਟ-ਬੋਲੜਾ ਐਲਫ੍ਰੈਡੋ ਤੇ ਵੈਨੇਜ਼ੁਏਲਾ ਦਾ ਬਹੁ-ਬੋਲੜਾ ਤੇ ਮਜ਼ੇਦਾਰ ਰਾਊਲ। ਏਸੇ ਰਾਊਲ ਨੇ ਹੋਰ ਦੋ ਸਾਲਾਂ ਨੂੰ ਮੇਰਾ ਮਾਸੜ ਬਣ ਜਾਣਾ ਸੀ। ਉਦੋਂ ਭਾਵੇਂ ਮੈਨੂੰ ਪਤਾ ਨਹੀਂ ਸੀ ਹੋ ਸਕਦਾ ਪਰ ਅਨੂੰ ਮਾਸੀ ਦਰਅਸਲ ਰਾਊਲ ਨੂੰ ਆਪਣੇ ਟੱਬਰ ਨਾਲ ਮਿਲਵਾਣ ਅਤੇ ਦਾਰ ਜੀ ਕੋਲੋਂ ਉਸ ਨਾਲ ਵਿਆਹ ਕਰਾਣ ਦੀ ਪ੍ਰਵਾਨਗੀ ਲੈਣ ਆਏ ਸਨ।

ਦੋ ਦਿਨ ਉਹ ਸਾਡੇ ਕੋਲ ਜਲੰਧਰ ਰਹੇ। ਉਸ ਫੇਰੀ ਤੋਂ ਮੈਨੂੰ ਅਨੂੰ ਮਾਸੀ ਦਾ ਚੇਤਾ ਘੱਟ ਹੈ, ਰਾਊਲ ਦਾ ਵੱਧ। ਰਾਊਲ ਜਿਹੜਾ ਮੈਨੂੰ ਸਾਰਾ ਦਿਨ ਮੋਢਿਆਂ 'ਤੇ ਬਿਠਾ ਕੇ ਹੂਟੇ ਦੁਆਂਦਾ ਸੀ। ਰਾਊਲ ਜਿਹੜਾ ਮੇਰੀ ਮਾਂ ਨੂੰ ਮੀਲਾ ਪੈਨਜੀ ਕਹਿੰਦਾ ਸੀ ਕਿਉਂਕਿ ਉਸ ਕੋਲੋਂ ਮੀਲਾ ਭੈਣ ਜੀ ਨਹੀਂ ਸੀ ਬੋਲਿਆ ਜਾਂਦਾ - ਤੇ ਮੈਂ ਹੱਸ ਹੱਸ ਦੂਹਰਾ ਹੋ ਜਾਂਦਾ ਸਾਂ। ਰਾਊਲ, ਜਿਹੜਾ ਐਲਫ੍ਰੈਡੋ ਤੋਂ ਉਲਟ ਸਾਡਾ ਮਿਰਚਾਂ ਵਾਲਾ ਦੇਸੀ ਖਾਣਾ ਬੜੇ ਮਜ਼ੇ ਨਾਲ ਖਾਂਦਾ ਸੀ ਪਰ ਕੱਚੇ ਗੰਢੇ ਦੀ ਹਵਾੜ ਤੋਂ ਹੀ ਸ਼ੂਟ ਵੱਟ ਕੇ ਭੱਜਦਾ ਸੀ। ਕਿਸੇ ਨੇ ਮੇਰੀ ਰਾਇ ਮੰਗਣੀ ਤੇ ਨਹੀਂ ਸੀ ਪਰ ਜੇ ਮੰਗਣੀ ਹੁੰਦੀ ਤਾਂ ਮੈਂ ਫ਼ੌਰਨ ਹਾਂ ਵਿਚ ਜਵਾਬ ਦੇ ਦੇਂਦਾ। ਰਾਊਲ ਤੋਂ ਵਧੀਆ ਮਾਸੜ ਹੋ ਹੀ ਨਹੀਂ ਸੀ ਸਕਦਾ।

ਦੋ ਕੁ ਮਹੀਨੇ ਦੇਸ ਬਿਤਾ ਕੇ ਆਪਣੇ ਪਰਦੇਸੀ ਦੋਸਤਾਂ ਨੂੰ ਪੰਜਾਬ ਹੀ ਨਹੀਂ, ਹਿੰਦੁਸਤਾਨ ਦੇ ਕੁਝ ਹੋਰ ਇਲਾਕਿਆਂ ਦੀ ਵੀ ਸੈਰ ਕਰਾ ਕੇ ਅਨੂੰ ਮਾਸੀ ਵਾਪਸ ਮਾਸਕੋ ਚਲੇ ਗਏ। ਉਨ੍ਹਾਂ ਦੀ ਪੜ੍ਹਾਈ ਦੇ ਅਜੇ ਦੋ ਸਾਲ ਹੋਰ ਬਾਕੀ ਸਨ, ਤੇ ਹੁਣ ਸਾਡੀ ਅਗਲੀ ਮੁਲਾਕਾਤ 1965 ਵਿਚ ਹੋਣੀ ਸੀ।

ਪਰ ਵਿਚਕਾਰ ਅਜੇ 1964 ਦਾ ਸਾਲ ਵੀ ਆਣਾ ਸੀ। ਮੇਰੀ ਆਪਣੀ ਉਮਰ ਦਾ ਅੱਠਵਾਂ ਵਰ੍ਹਾ।

1964 ਦੇ ਆਖਰੀ ਮਹੀਨੇ ਅਸੀਂ ਸਾਰੇ ਬੰਬਈ ਗਏ: ਭਾਪਾ ਜੀ (ਜਗਜੀਤ ਸਿੰਘ ਆਨੰਦ), ਅੰਮੀ (ਉਰਮਿਲਾ ਆਨੰਦ), ਮੈਂ, ਤੇ ਮੇਰੀ ਛੋਟੀ ਭੈਣ। ਉਥੇ ਭਾਰਤੀ ਕਮਿਊਨਿਸਟ ਪਾਰਟੀ ਦੀ 7ਵੀਂ ਸਰਬ ਹਿੰਦ ਕਾਨਫਰੰਸ ਹੋਣ ਵਾਲੀ ਸੀ, ਤੇ ਭਾਪਾ ਜੀ ਨੇ ਨਾਲ ਹੀ ਸਾਰੇ ਪਰਿਵਾਰ ਨੂੰ ਬੰਬਈ ਸ਼ਹਿਰ ਤਕਾ ਲਿਆਉਣਾ ਵੀ ਵਿਉਂਤ ਲਿਆ। ਅਸੀਂ ਭਾਪਾ ਜੀ ਦੇ ਕਰੀਬੀ ਦੋਸਤ ਹੁਕਮ ਸਿੰਘ ਭੱਟੀ ਦੇ ਘਰ ਬਾਂਦਰਾ ਵਿਖੇ ਠਹਿਰੇ। ਉਨ੍ਹੀਂ ਦਿਨੀਂ ਵਿਚ ਸ਼ਿਵ ਮਾਮਾ ਜੀ (ਸ਼ਿਵ ਬਟਾਲਵੀ) ਵੀ ਬੰਬਈ ਰੁਕੇ ਹੋਏ ਸਨ ਦਾਦਰ ਦੇ ਕਿਸੇ ਹੋਟਲ ਵਿਚ। ਉਹ ਉਥੇ 'ਸ਼ੌਂਕਣ ਮੇਲੇ ਦੀ' ਫਿਲਮ ਦੇ ਗੀਤ ਲਿਖਣ ਆਏ ਹੋਣ ਕਾਰਨ ਆਪਣੇ ਫਿਲਮ ਨਿਰਮਾਤਾ ਦੇ ਮਹਿਮਾਨ ਸਨ। ਭਾਪਾ ਜੀ ਤਾਂ ਸ਼ੁਰੂਆਤੀ ਦਿਨਾਂ ਵਿਚ ਕਾਨਫਰੰਸ ਵਿਚ ਮਸਰੂਫ ਰਹੇ ਪਰ ਅੰਮੀ ਸਾਨੂੰ ਲੈ ਕੇ ਤਕਰੀਬਨ ਰੋਜ਼ ਹੀ ਸ਼ਿਵ ਮਾਮਾ ਜੀ ਕੋਲ ਆ ਜਾਂਦੇ ਸਨ ਜਿਨ੍ਹਾਂ ਸਾਨੂੰ ਬੜੀ ਸੈਰ ਕਰਾਈ। ਇਕ ਦਿਨ ਕਿਸੇ ਗੀਤ ਦੀ ਰਿਕਾਰਡਿੰਗ 'ਤੇ ਵੀ ਲੈ ਕੇ ਗਏ ਜਿੱਥੇ ਮੈਂ ਮੁਹੰਮਦ ਰਫੀ ਨੂੰ ਨੇੜਿਉਂ ਦੇਖਿਆ। ਸ਼ਿਵ ਮਾਮਾ ਜੀ ਅਤੇ ਅੰਮੀ ਵਿਚ ਬੜਾ ਅਪਣੱਤ ਦਾ ਰਿਸ਼ਤਾ ਸੀ, ਤੇ ਉਹ ਜਦੋਂ ਵੀ ਜਲੰਧਰ ਆਉਣ ਆਮ ਕਰ ਕੇ ਰਾਤ ਸਾਡੇ ਘਰ ਹੀ ਰੁਕਦੇ ਸਨ।

ਦਸੰਬਰ ਦੇ ਆਖਰੀ ਦਿਨ ਸਨ। ਪਾਰਟੀ ਕਾਨਫਰੰਸ ਮੁੱਕ ਚੁੱਕੀ ਸੀ, ਤੇ ਬਲਰਾਜ (ਸਾਹਨੀ) ਅੰਕਲ ਦੇ ਘਰ ਕੋਈ ਪਾਰਟੀ ਸੀ। ਸਾਡਾ ਸਾਰਾ ਪਰਿਵਾਰ ਤੇ ਸ਼ਿਵ ਮਾਮਾ ਜੀ ਵੀ ਉਸ ਪਾਰਟੀ ਵਿਚ ਸ਼ਾਮਲ ਸਾਂ। ਉਹ ਸ਼ਾਮ ਕ੍ਰਿਸਮਸ ਦੀ ਸੀ ਜਾਂ ਨਵੇਂ ਵਰ੍ਹੇ ਦੀ, ਮੈਨੂੰ ਚੇਤੇ ਨਹੀਂ ਪਰ ਪਾਰਟੀ ਦੇਰ ਰਾਤ ਤਾਈਂ ਚਲਦੀ ਰਹੀ। ਏਨਾ ਚਿਰਾਕਾ ਹੋਣ 'ਤੇ ਮੁੱਕੀ ਕਿ ਅਸਾਂ ਸਾਰਿਆਂ ਉਹ ਰਾਤ ਬਲਰਾਜ ਅੰਕਲ ਦੇ ਘਰ ਜੁਹੂ ਵਿਚ ਹੀ ਕੱਟੀ। ਘਰ ਦੀ ਉਤਲੀ ਮੰਜ਼ਲ ਦੇ ਕਮਰਿਆਂ ਵਿਚੋਂ ਇਕ ਮੇਰੇ ਮਾਪਿਆਂ ਤੇ ਭੈਣ ਨੂੰ ਦਿੱਤਾ ਗਿਆ, ਤੇ ਦੂਜੇ ਵਿਚ ਸ਼ਿਵ ਮਾਮਾ ਜੀ ਨਾਲ ਮੈਨੂੰ ਪਾ ਦਿੱਤਾ ਗਿਆ।

ਉਹ ਰਾਤ ਮੇਰੇ ਬਾਲ-ਮਨ ਲਈ ਬੜੀ ਅਜੀਬ ਰਾਤ ਸੀ। ਸ਼ਿਵ ਮਾਮਾ ਜੀ ਨੇ ਮੇਰੇ ਨਾਲ ਕਿਸੇ ਮੁਹਾਰਨੀ ਵਾਂਗ ਇਕੋ ਗੱਲ ਦਾ ਜਿਵੇਂ ਜਾਪ ਹੀ ਸ਼ੁਰੂ ਕਰ ਦਿੱਤਾ, "ਤੇਰੀ ਮਾਸੀ ਬੜੀ ਭੈੜੀ ਏ, ਤੇਰੀ ਮਾਸੀ ਬੜੀ ਚੰਦਰੀ ਏ, ਤੇਰੀ ਮਾਸੀ ਮੈਨੂੰ ਛੱਡ ਕੇ ਚਲੀ ਗਈ ਏ, ਤੇਰੀ ਮਾਸੀ ਨੇ ਹੁਣ ਨਹੀਓਂ ਮੁੜਨਾ, ਤੇਰੀ ਮਾਸੀ ਨੇ ਮੇਰੇ ਨਾਲ ਧੋਖਾ ਕੀਤਾ ਏ"... ਮਾਸੀ, ਮਾਸੀ, ਮਾਸੀ। ਤੇ ਫੇਰ ਮੈਨੂੰ ਕਲਾਵੇ ਵਿਚ ਲੈ ਕੇ ਡੁਸਕਣਾ, ਜਾਂ ਸ਼ਾਇਦ ਰੋਣਾ ਹੀ ਸ਼ੁਰੂ ਕਰ ਦਿੱਤਾ।

ਮਨੁੱਖੀ ਚੇਤਾ ਬੜੀ ਗੁੰਝਲਦਾਰ ਸ਼ੈਅ ਹੈ। ਇਹ ਹੋਈ-ਵਾਪਰੀ ਨੂੰ ਕਿਸੇ ਕੈਮਰੇ ਵਾਂਗ ਇੰਨ-ਬਿੰਨ ਰਿਕਾਰਡ ਨਹੀਂ ਕਰਦਾ, ਉਸ ਵਿਚ ਆਪਣੇ ਅਹਿਸਾਸ ਦੇ ਬੁਰਸ਼ ਦੀਆਂ ਛੋਹਾਂ ਵੀ ਲਾ ਦੇਂਦਾ ਹੈ, ਤੇ ਸਮੇਂ ਨਾਲ ਉਸ ਦੇ ਰੰਗ ਵੀ ਗਾੜ੍ਹੇ ਜਾਂ ਫਿੱਕੇ ਕਰ ਲੈਂਦਾ ਹੈ। ਸੋ, ਉਸ ਰਾਤ ਨੂੰ ਤੇ ਸ਼ਿਵ ਮਾਮਾ ਜੀ ਦੇ ਕਹੇ ਲਫਜ਼ਾਂ ਨੂੰ ਇੰਨ-ਬਿੰਨ ਬਿਆਨ ਕਰਨ ਦਾ ਦਾਅਵਾ ਨਹੀਂ ਕਰ ਸਕਦਾ, ਤੇ ਨਾ ਹੀ ਕਿਸੇ ਪੱਕ ਨਾਲ ਇਹ ਦੱਸ ਸਕਦਾ ਹਾਂ ਕਿ ਇਹ ਵਾਪਰਨੀ ਕਿੰਨਾ ਕੁ ਚਿਰ ਜਾਰੀ ਰਹੀ ਪਰ ਪੱਕ ਨਾਲ ਇਹ ਜ਼ਰੂਰ ਕਹਿ ਸਕਦਾ ਹਾਂ ਕਿ ਕਿਸੇ (!?) ਮਾਸੀ ਨੂੰ ਲਾਹਨਤਾਂ, ਇਕ ਵੱਡੀ ਉਮਰ ਦੇ ਆਦਮੀ ਦਾ ਮੈਨੂੰ ਜਕੜ ਕੇ ਹਟਕੋਰੇ ਭਰਨਾ, ਤੇ ਉਸ ਦੇ ਮੂੰਹ ਵਿਚੋਂ ਆਣ ਵਾਲੀ ਤਿੱਖੀ ਹਵਾੜ - ਇਨ੍ਹਾਂ ਦਾ ਰਲਵਾਂ ਅਸਰ ਇਹ ਹੋਇਆ ਕਿ ਘਬਰਾ ਕੇ ਮੈਂ ਅੱਧੀ ਰਾਤੀਂ ਨਾਲ ਦੇ ਕਮਰੇ 'ਚ ਸੁੱਤੇ ਮਾਪਿਆਂ ਦਾ ਬੂਹਾ ਜਾ ਖੜਕਾਇਆ ਤੇ ਆਣ ਕੇ ਉਨ੍ਹਾਂ ਨਾਲ ਪੈ ਗਿਆ।

ਮਾਪਿਆਂ ਨੂੰ ਮੈਂ ਕੀ ਦੱਸਿਆ ਤੇ ਕੀ ਨਹੀਂ, ਉਸ ਦਾ ਵੀ ਸਪਸ਼ਟ ਚੇਤਾ ਹੁਣ ਕੋਈ ਨਹੀਂ ਪਰ ਅਗਲੀ ਸਵੇਰ ਜਿਹੜੀ ਡੰਝ ਅੰਮੀ ਨੇ ਸ਼ਿਵ ਮਾਮਾ ਜੀ ਦੀ ਲਾਹੀ, ਉਹ ਜ਼ਰੂਰ ਯਾਦ ਹੈ। ਉਸ ਵੇਲੇ ਉਨ੍ਹਾਂ ਕੀ ਕਿਹਾ ਤੇ ਕੀ ਨਾ ਕਿਹਾ, ਉਸ ਕਿਆਸ ਆਰਾਈ ਵਿਚ ਜਾਣਾ ਵੀ ਸਹੀ ਨਹੀਂ ਹੋਵੇਗਾ ਕਿਉਂਕਿ ਹੁਣ ਉਸ ਸਭ ਉੱਤੇ ਬਾਅਦ ਦੀਆਂ ਘਟਨਾਵਾਂ ਦੀ ਪਾਣ ਚੜ੍ਹ ਚੁੱਕੀ ਹੈ। ਹਾਂ, ਏਨਾ ਜ਼ਰੂਰ ਯਾਦ ਹੈ ਕਿ ਜਿਵੇਂ ਅੰਮੀ ਸ਼ਿਵ ਮਾਮੇ ਨੂੰ ਝਿੜਕ ਰਹੇ ਸਨ, ਤੇ ਜਿਵੇਂ ਸ਼ਿਵ ਮਾਮਾ ਸ਼ਰਮਿੰਦਿਆਂ ਹੋ ਕੇ ਚੁੱਪਚਾਪ ਸੁਣ ਰਹੇ ਸਨ, ਮੇਰੇ ਬਾਲ-ਮਨ ਨੂੰ ਉਨ੍ਹਾਂ 'ਤੇ ਤਰਸ ਆਣ ਲੱਗ ਪਿਆ ਸੀ, ਤੇ ਆਪਣੇ 'ਤੇ ਨਮੋਸ਼ੀ ਕਿ ਮੈਂ ਉਨ੍ਹਾਂ ਦੀ ਸ਼ਿਕਾਇਤ ਕਿਉਂ ਲਾਈ। ਐਵੇਂ ਹੀ ਦੋ ਵੱਡਿਆਂ ਵਿਚ ਲੜਾਈ ਕਰਾ ਦਿੱਤੀ।

ਮੈਨੂੰ ਜੋ ਮਰਜ਼ੀ ਜਾਪਿਆ ਹੋਵੇ, ਅੰਮੀ ਤੇ ਸ਼ਿਵ ਮਾਮਾ ਜੀ ਦਾ ਰਿਸ਼ਤਾ ਏਨਾ ਕੱਚਾ ਥੋੜ੍ਹਾ ਸੀ ਕਿ ਇਕ ਨਾਰਾਜ਼ਗੀ ਨਾਲ ਮੁੱਕ ਜਾਂਦਾ। ਸ਼ਿਵ ਮਾਮਾ ਜੀ ਪਹਿਲਾਂ ਵਾਂਗ ਹੀ ਸਾਡੇ ਘਰ ਆਂਦੇ ਤੇ ਠਹਿਰਦੇ ਰਹੇ, ਆਪਣੀ ਸਿਗਰਟ (ਤੇ ਸ਼ਾਇਦ ਸ਼ਰਾਬ ਵੀ) ਪੀਣ ਦੀ ਵਾਦੀ ਕਾਰਨ ਤਕਰੀਬਨ ਹਰ ਫੇਰੀ ਅੰਮੀ ਕੋਲੋਂ ਝਾੜਾਂ ਵੀ ਖਾਂਦੇ ਰਹੇ। ਨਾ ਸ਼ਿਵ ਮਾਮਾ ਇਨ੍ਹਾਂ ਵਾਦੀਆਂ ਨੂੰ ਤਜੇ, ਨਾ ਅੰਮੀ ਆਪਣੀਆਂ ਨਸੀਹਤੀ ਝਿੜਕਾਂ ਮਾਰਨ ਦੀ ਆਦਤ ਨੂੰ ਛੱਡਣ। ਹੁਣ ਤੇ ਭਾਪਾ ਜੀ ਵੀ ਕਹਿਣ ਲੱਗ ਪਏ ਸਨ, "ਮੀਲਾ, ਕਿਉਂ ਹਰ ਵੇਲੇ ਮੁੰਡੇ ਦੇ ਪਿੱਛੇ ਪਈ ਰਹਿਨੀ ਏਂ?, ਇਹਨੇ ਤੇਰੇ ਆਖੇ ਕੋਈ ਬਦਲ ਥੋੜ੍ਹਾ ਜਾਣਾ ਏ।"

ਮੈਂ ਵੀ ਵੱਡਾ ਹੋ ਰਿਹਾ ਸਾਂ। ਕੱਦ ਕਾਠ ਵਜੋਂ ਭਾਵੇਂ ਨਹੀਂ ਪਰ ਆਪਣੀ ਵਰ੍ਹੇਸ ਤੋਂ ਕੁਝ ਅਗੇਤੀ ਸੂਝ ਦਾ ਦਾਅਵੇਦਾਰ ਬਣ ਰਿਹਾ ਸਾਂ। ਸ਼ਾਇਦ ਘਰ ਦੇ ਸਮੁੱਚੇ ਮਾਹੌਲ ਕਾਰਨ ਆਪਣੀ ਉਮਰ ਦੀ ਪਹੁੰਚ ਤੋਂ ਉਤਲੇਰਾ ਸਾਹਿਤ ਪੜ੍ਹਨ ਲੱਗ ਪਿਆ ਸਾਂ। ਸ਼ਿਵ ਮਾਮਾ ਜੀ ਦੀ ਸ਼ਾਹਕਾਰ ਕਿਤਾਬ 'ਲੂਣਾ' ਛਪੀ। ਉਦੋਂ ਤੋਂ ਹੁਣ ਤਕ ਕਈ ਵਾਰ ਛਪ ਚੁੱਕੀ ਇਸ ਪੁਸਤਕ ਦੀ ਜਿਹੜੀ ਐਡੀਸ਼ਨ ਸਾਡੇ ਘਰ ਹੁੰਦੀ ਸੀ, ਉਹ ਬੜੇ ਸ਼ੌਕ ਨਾਲ ਛਾਪੀ ਗਈ ਗ੍ਰੰਥ-ਆਕਾਰੀ ਐਡੀਸ਼ਨ ਸੀ, ਕਈ ਹਿੱਸਿਆਂ ਵਿਚ ਵੰਡੀ ਹੋਈ ਤੇ ਹਰ ਭਾਗ ਕੁਝ ਇਸਤਰੀ ਨਾਵਾਂ ਨੂੰ ਸਮਰਪਤ। ਇਕ ਹਿੱਸਾ ਉਮਾ, ਉਰਮਿਲਾ ਤੇ ਅਨੂੰ ਨੂੰ ਸਮਰਪਤ ਸੀ; ਦੋ ਮੇਰੀਆਂ ਮਾਸੀਆਂ, ਤੇ ਤੀਜੀ ਮੇਰੀ ਮਾਂ। ਇਹ ਸਮਰਪਣ ਏਨਾ ਸਹਿਜ ਸੀ ਕਿ ਕਿਸੇ ਖਾਸ ਉਣਸ ਦੀ ਇਸ ਵਿਚੋਂ ਕੋਈ ਭਿਣਕ ਨਹੀਂ ਸੀ ਪੈਂਦੀ। ਅੰਮੀ ਦੀ 1963 ਦੀ ਛਪੀ ਹੋਈ ਕਿਤਾਬ 'ਧਰੇਕ ਪੁੰਗਰ ਪਈ' ਵੀ ਮੈਂ ਏਸੇ ਉਮਰ ਵਿਚ ਪਹੁੰਚ ਕੇ ਪੜ੍ਹੀ। ਉਸ ਵਿਚਲੇ ਇਕ ਲੇਖ 'ਤੂੰ ਉਦਾਸੀਆਂ ਛੱਡ' ਨੇ ਮੇਰਾ ਖਾਸ ਧਿਆਨ ਖਿੱਚਿਆ। ਇਸ ਲੇਖ ਵਿਚ ਭਾਵੇਂ ਕਿਤੇ ਵੀ ਸ਼ਿਵ ਦਾ ਨਾਂ ਤਕ ਨਹੀਂ ਸੀ ਵਰਤਿਆ ਗਿਆ, ਮੇਰੇ ਲਈ ਇਹ ਸਮਝਣਾ ਔਖਾ ਨਹੀਂ ਸੀ, ਕਿਸੇ ਨੂੰ ਲਿਖੇ ਨਸੀਹਤੀ ਖਤ ਦੀ ਸੁਰ ਵਿਚ ਸਿਰਜਿਆ ਗਿਆ ਅੰਮੀ ਦਾ ਇਹ ਲੇਖ ਸ਼ਿਵ ਮਾਮਾ ਜੀ ਵੱਲ ਮੁਖਾਤਬ ਸੀ। ਇਸ ਲੇਖ ਵਿਚ 'ਖੋਹੇ ਗਏ ਪਿਆਰ' ਦਾ ਜ਼ਿਕਰ ਤਾਂ ਜ਼ਰੂਰ ਹੈ ਪਰ ਉਸ ਖੋਹੇ ਗਏ ਪਿਆਰ ਦੇ ਉਲੀਕੇ ਨਕਸ਼ਾਂ ਤੇ ਵੇਰਵੇ ਵਿਚੋਂ ਅਨੂੰ ਮਾਸੀ ਦਾ ਚਿਹਰਾ ਨਾ ਉਦੋਂ ਮੇਰੇ ਜ਼ਿਹਨ ਵਿਚ ਉਭਰਿਆ ਸੀ, ਨਾ ਹੀ ਹੁਣ ਵੀ ਪੜ੍ਹਿਆਂ ਉਭਰਦਾ ਹੈ। ਸ਼ਾਇਦ ਇਸ ਵਿਚ ਕੀਤਾ ਗਿਆ ਜ਼ਿਕਰ ਵੀ ਕਿਸੇ ਹੋਰ ਮੁਹੱਬਤ ਦਾ ਹੀ ਹੋਵੇ। ਤਿੱਖੇ ਤਰਾਸ਼ੇ ਨਕਸ਼ਾਂ ਵਾਲੇ ਸੁਨੱਖੇ ਨੌਜਵਾਨ, ਅਤੇ ਆਪਣੀਆਂ ਦਰਦੀਲੀਆਂ ਇਸ਼ਕ ਗੜੁੱਚੀਆਂ ਨਜ਼ਮਾਂ ਨੂੰ ਦਿਲ-ਧੂਹਵੀਂ ਆਵਾਜ਼ ਵਿਚ ਪੇਸ਼ ਕਰਨ ਵਾਲੇ ਸ਼ਿਵ ਉੱਤੇ ਫਿਦਾ ਹੋਣ ਵਾਲੇ ਕੁੜੀਆਂ ਤੇ ਮੁੰਡਿਆਂ ਦੀਆਂ ਉਨ੍ਹੀਂ ਦਿਨੀਂ ਪਾਲਾਂ ਹੁੰਦੀਆਂ ਸਨ, ਤੇ ਉਨ੍ਹਾਂ ਨੇ ਮੁਹੱਬਤਾਂ ਕਮਾਈਆਂ ਵੀ ਬਹੁਤ। ਉਨ੍ਹਾਂ ਵਿਚੋਂ ਕੁਝਨਾਂ ਬਾਰੇ ਹਲਕੀ ਜਿਹੀ ਸੋਝੀ ਮੈਨੂੰ ਹੈ ਸੀ। ਕੁਝ ਤਾਂ ਉਨ੍ਹਾਂ ਵੇਲਿਆਂ ਵਿਚ ਤਰਦੀਆਂ ਚਿਹਮਿਹਗੋਈਆਂ ਕਾਰਨ, ਤੇ ਸ਼ਿਵ ਮਾਮਾ ਜੀ ਦੇ ਵਕਤੀ ਖ਼ਬਤਾਂ ਵਿਚੋਂ ਕੁਝ ਕੁ ਨੂੰ ਜਾਣਦਾ ਹੋਣ ਕਾਰਨ ਵੀ ਪਰ ਇਸ ਸੋਝੀ ਪਿਛਲਾ ਸਭ ਤੋਂ ਅਹਿਮ ਕਾਰਨ ਇਹ ਸੀ ਕਿ ਸ਼ਿਵ ਨੂੰ ਨਸੀਹਤਾਂ ਦੇਣ, ਇਸ ਜਾਂ ਉਸ ਗੱਲ ਤੋਂ ਹੋੜਨ ਦਾ ਮੌਕਾ ਮੇਰੀ ਮਾਂ ਕਦੇ ਵੀ ਨਹੀਂ ਸੀ ਖੁੰਝਾਉਂਦੀ। ਗੱਲਾਂ ਜੋ ਥੋੜ੍ਹੀਆਂ ਬਹੁਤ ਸਾਡੇ ਕੰਨਾਂ ਤਕ ਵੀ ਪਹੁੰਚ ਜਾਂਦੀਆਂ ਸਨ। ਦੋਹਾਂ ਦੀ ਉਮਰ ਵਿਚ ਸਿਰਫ ਅੱਠ ਸਾਲ ਦਾ ਫਰਕ ਸੀ ਪਰ ਅੰਮੀ ਨੇ ਆਪੇ ਹੀ 'ਦੀਦੀ' ਨਾਲੋਂ ਵੱਧ 'ਮਾਂ' ਦਾ ਰੂਪ ਧਾਰਿਆ ਹੋਇਆ ਸੀ। ਸ਼ਾਇਦ ਇਹ ਮਾਂ-ਪੁਣਾ ਅੰਮੀ ਦੇ ਸੁਭਾਅ ਦਾ ਹੀ ਹਿੱਸਾ ਸੀ।

ਉਦੋਂ ਤੀਕ ਸ਼ਿਵ ਮਾਮਾ ਜੀ ਦਾ ਬੰਬਈ ਵਿਚਲੀ ਉਸ ਰਾਤ ਕਿਸੇ ਮਾਸੀ ਨੂੰ ਯਾਦ ਕਰ ਕਰ ਕੇ ਵਿਲਕਣਾ ਮੇਰੇ ਬਾਲ-ਮਨ ਨੇ ਚਿਰੋਕਣਾ ਵਿਸਾਰ ਛੱਡਿਆ ਹੋਇਆ ਸੀ।

ਓਧਰ, ਅਨੂੰ ਮਾਸੀ 1963 ਦੇ ਹੁਨਾਲ ਵਾਲੀ ਫੇਰੀ ਤੋਂ ਪੂਰੇ ਦੋ ਸਾਲ ਬਾਅਦ ਹੀ ਹਿੰਦੁਸਤਾਨ ਮੁੜੇ। ਇਨ੍ਹਾਂ ਦੋ ਸਾਲਾਂ ਵਿਚ ਉਨ੍ਹਾਂ ਮਾਸਕੋ ਵਿਚ ਆਪਣੀ ਪੜ੍ਹਾਈ ਮੁਕਾ ਲਈ ਸੀ, ਤੇ ਰਾਊਲ ਨਾਲ ਵਿਆਹ ਕਰਾ ਕੇ ਉਥੋਂ ਹੀ ਉਸ ਦੇ ਦੇਸ ਵੈਨੇਜ਼ੁਏਲਾ ਜਾ ਚੁੱਕੇ ਸਨ। ਉਹ ਸਤੰਬਰ 1965 ਵਿਚ ਵਤਨ ਪਰਤੇ, ਆਪਣੇ ਪਲੇਠੇ ਬਾਲ ਨੂੰ ਜਨਮ ਦੇਣ ਲਈ। ਅਨੂੰ ਮਾਸੀ ਨਾਲ ਜੁੜੀਆਂ ਮੇਰੀਆਂ ਸਾਰੀਆਂ ਸਪਸ਼ਟ ਯਾਦਾਂ ਉਨ੍ਹਾਂ ਦੀ ਇਸ ਫੇਰੀ ਤੋਂ ਹੀ ਸ਼ੁਰੂ ਹੁੰਦੀਆਂ ਹਨ। ਹੁਣ ਉਹ ਤਕਰੀਬਨ ਹਰ ਸਾਲ ਮਾਪਿਆਂ ਤੇ ਭੈਣਾਂ ਭਰਾਵਾਂ ਨੂੰ ਮਿਲਣ ਆਂਦੇ: ਉਨ੍ਹਾਂ ਦੇ ਤਕਰੀਬਨ ਉੱਤੋੜਿੱਤੀ ਹੋਏ ਤਿੰਨ ਬਾਲਾਂ ਵਿਚੋਂ ਦੋ ਦਾ ਜਨਮ ਵੀ ਪ੍ਰੀਤਨਗਰ ਦਾ ਹੈ। ਜਣੇਪਾ ਕੱਟਣ ਆਏ ਅਨੂੰ ਮਾਸੀ ਕਈ ਕਈ ਮਹੀਨੇ ਹਿੰਦੁਸਤਾਨ ਰਹਿ ਕੇ ਜਾਂਦੇ। ਇਨ੍ਹਾਂ ਫੇਰੀਆਂ ਦੌਰਾਨ ਉਹ ਕਦੇ ਕਦੇ ਦਿੱਲੀ ਤੇ ਬੰਬਈ ਵਸਦੀਆਂ ਆਪਣੀਆਂ ਕਾਲਜ ਸਮੇਂ ਦੀਆਂ ਸਹੇਲੀਆਂ ਨੂੰ ਮਿਲਣ ਵੀ ਜਾਂਦੇ ਪਰ ਉਨ੍ਹਾਂ ਕਦੇ ਵੀ ਸ਼ਿਵ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਹੋਵੇ, ਜਾਂ ਸਰਸਰੀ ਤੌਰ 'ਤੇ ਵੀ ਕੋਈ ਜ਼ਿਕਰ ਕੀਤਾ ਹੋਵੇ, ਮੇਰੇ ਪਤੇ ਵਿਚ ਕਦੇ ਵੀ ਨਹੀਂ।

ਦੂਜੇ ਪਾਸੇ, ਸ਼ਿਵ ਮਾਮਾ ਜੀ ਕੋਲੋਂ ਵੀ, ਅਗਲੇ ਸਾਰੇ ਸਾਲਾਂ ਵਿਚ, ਉਨ੍ਹਾਂ ਦੀ ਕਿਸੇ ਵੀ ਜਲੰਧਰ ਫੇਰੀ ਦੌਰਾਨ ਮੈਂ ਅਨੂੰ ਮਾਸੀ ਬਾਰੇ ਕੋਈ ਘੋਖਵਾਂ ਸਵਾਲ ਤਾਂ ਕੀ, ਕਦੇ ਕੋਈ ਇਸ਼ਾਰਤਨ ਗੱਲ ਵੀ ਅੰਮੀ ਨਾਲ ਹੁੰਦੀ ਨਾ ਸੁਣੀ। 1968 ਵਿਚ ਉਨ੍ਹਾਂ ਦਾ ਅਰੁਣਾ ਜੀ ਨਾਲ ਵਿਆਹ ਹੋ ਗਿਆ। ਹੁਣ ਅੰਮੀ ਦੀਆਂ ਨਸੀਹਤਾਂ ਦੀ ਝੜੀ ਵਿਚ ਨਵੀਂ ਵਿਆਹਦੜ ਦਾ ਫਿਕਰ ਵੀ ਸ਼ਾਮਲ ਹੋ ਗਿਆ ਸੀ, "ਸ਼ਿਵ, ਤੂੰ ਉਸ ਕੁੜੀ ਦਾ ਸੋਚ, ਉਸ ਦੀ ਖਾਤਰ ਹੀ ਆਪਣੀਆਂ ਆਦਤਾਂ ਸੁਧਾਰ।"

1965 ਅਤੇ 1973 ਵਿਚਕਾਰ ਸਿਰਫ ਅੱਠ ਸਾਲਾਂ ਦਾ ਅੰਤਰ ਹੈ। 75-80 ਸਾਲ ਲੰਮੀ ਔਸਤ ਜ਼ਿੰਦਗੀ ਵਿਚ ਇਹ ਕੋਈ ਲੰਮਾ ਅਰਸਾ ਨਹੀਂ ਪਰ ਇਨ੍ਹਾਂ ਅੱਠ ਸਾਲਾਂ ਵਿਚ ਮੈਂ ਬਾਲ ਤੋਂ ਜਵਾਨ ਹੋਇਆ। 1973 ਵਿਚ ਮੈਂ ਉਚੇਰੀ ਪੜ੍ਹਾਈ ਲਈ ਮਾਸਕੋ ਚਲਾ ਗਿਆ, ਉਸੇ ਵਿਸ਼ਵਵਿਦਿਆਲੇ ਵਿਚ ਜਿੱਥੋਂ ਅਜੇ ਅੱਠ ਸਾਲ ਪਹਿਲਾਂ ਹੀ ਅਨੂੰ ਮਾਸੀ ਆਪਣੀ ਪੜ੍ਹਾਈ ਮੁਕਾ ਕੇ ਗਏ ਸਨ। ਤੇ ਏਸੇ ਹੀ ਸਾਲ, ਮੇਰੇ ਵਤਨ ਛੱਡਣ ਤੋਂ ਦੋ ਮਹੀਨੇ ਪਹਿਲਾਂ, 1973 ਦੀ ਮਈ ਵਿਚ ਸ਼ਿਵ ਮਾਮਾ ਜੀ ਜੋਬਨ ਰੁੱਤੇ ਹੀ ਪੂਰੇ ਹੋ ਗਏ।

ਅਨੂੰ ਮਾਸੀ ਤਾਂ ਉਸੇ ਨੇਮ ਨਾਲ ਹਿੰਦੁਸਤਾਨ ਆਂਦੇ ਰਹੇ, ਹੁਣ ਮੈਂ ਹੀ ਦੇਸ ਤੋਂ ਬਾਹਰ ਰਹਿ ਰਿਹਾ ਸਾਂ। 1973 ਤੋਂ 1980 ਤਕ (ਮੇਰੀ ਪੜ੍ਹਾਈ ਦੇ ਸਾਲਾਂ 'ਚ) ਸ਼ਾਇਦ ਇਕ ਵਾਰ ਅਜਿਹਾ ਮੌਕਾ ਆਇਆ ਕਿ ਅਸੀਂ ਦੋਵੇਂ ਇਕੋ ਵੇਲੇ ਭਾਰਤ ਵਿਚ ਸਾਂ। 1975 ਦੇ ਅੰਤਲੇ ਦਿਨਾਂ 'ਚ ਜਦੋਂ ਮਾਤਾ ਜੀ (ਸਰਦਾਰਨੀ ਗੁਰਬਖਸ਼ ਸਿੰਘ) ਪੂਰੇ ਹੋਏ। 80ਵਿਆਂ ਦੇ ਦਹਾਕੇ 'ਚ ਵੀ ਅਸੀਂ ਕੋਈ ਬਹੁਤਾ ਨੇਮ ਨਾਲ ਨਾ ਮਿਲੇ। ਅਨੂੰ ਮਾਸੀ ਦੇ ਬੱਚੇ ਜਵਾਨ ਹੋ ਰਹੇ ਸਨ, ਉਨ੍ਹਾਂ ਦੀਆਂ ਪੜ੍ਹਾਈਆਂ ਤੇ ਹੋਰ ਲੋੜਾਂ ਕਾਰਨ ਵਤਨ ਦੀਆਂ ਸਾਲਾਨਾ ਫੇਰੀਆਂ ਸੰਭਵ ਨਹੀਂ ਸਨ ਰਹੀਆਂ। ਮੇਰੀ ਨੌਕਰੀ ਵੀ ਮੈਨੂੰ ਸ਼ਹਿਰੋਂ ਸ਼ਹਿਰ ਭਜਾਈ ਰੱਖਣ ਵਾਲੀ ਸੀ।

ਪਰ ਸਾਡੇ ਵਿਚਕਾਰ ਦੋਸਤੀ ਵਾਲਾ ਰਿਸ਼ਤਾ ਬਣ ਗਿਆ ਸੀ, ਰਵਾਇਤੀ ਮਾਸੀ ਭਣੇਵੇਂ ਵਾਲੇ ਤੋਂ ਹਟ ਕੇ। ਹੁਣ ਪਿੱਛਲ ਝਾਤ ਮਾਰ ਕੇ ਦੇਖਾਂ ਤਾਂ ਇਸ ਪਿੱਛੇ ਕਈ ਕਾਰਨ ਲੱਭਦੇ ਹਨ। ਦੋਵੇਂ ਇਕੋ ਮਾਹੌਲ, ਇਕੋ ਵਿਸ਼ਵਵਿਦਿਆਲੇ ਵਿਚ ਪੜ੍ਹਾਈ ਦੇ ਤਰਾਸ਼ੇ ਹੋਏ ਸਾਂ। ਦੋਵੇਂ ਮੂੰਹ-ਫਟ ਹੱਦ ਤਕ ਸਾਫ-ਗੋ ਸਾਂ। ਜੋ ਕੁਝ ਵੀ, ਜਾਂ ਜਿਹੜਾ ਕੋਈ ਵੀ ਪਸੰਦ ਨਾ ਹੋਵੇ, ਉਸ ਨਾਲ ਸਾਂਝਾ ਸੂਤਰ ਲੱਭਣ ਦੀ ਕੋਸ਼ਿਸ਼ ਕਰਨ ਦੇ ਵੱਲ ਤੋਂ ਹੀ ਵਿਰਵੇ ਸਾਂ। ਸਹਿਣਸ਼ੀਲਤਾ ਦੀ ਘਾਟ ਸੀ। ਸਾਡੇ ਬਾਰੇ ਕੋਈ ਕੀ ਕਹਿੰਦਾ ਜਾਂ ਸੋਚਦਾ ਹੈ, ਇਸ ਗੱਲ ਦੀ ਦੋਹਾਂ ਨੇ ਕਦੀ ਪਰਵਾਹ ਨਹੀਂ ਸੀ ਕੀਤੀ। ਕਿਸੇ ਹੋਰ 'ਤੇ ਆਪਣੀ ਰਾਏ ਭਾਵੇਂ ਨਾ ਵੀ ਥੋਪੀਏ ਪਰ ਖੁਦ ਨਾਲ ਜੁੜੇ ਮਾਮਲਿਆਂ ਵਿਚ ਆਪਣੀ ਮਰਜ਼ੀ ਪੁਗਾ ਲੈਂਦੇ ਸਾਂ। ਸਵੈ-

**(ਬਾਕੀ ਅਗਲੇ ਸਫੇ 'ਤੇ)**





*ਸ਼ਿਵ ਕੁਮਾਰ ਬਟਾਲਵੀ ਅਤੇ (ਸੱਜੇ) ਅਨੁਸੂਈਆ।*

# ਅੰਨੂ ਤੇ ਸ਼ਿਵ

*(ਪਿਛਲੇ ਸਫੇ ਦੀ ਬਾਕੀ)*

ਕੇਂਦਰਤ ਸੁਭਾਵਾਂ ਦੇ ਮਾਲਕ ਸਾਂ। ਤੇ ਆਪਣੇ ਸਿਰ 'ਤੇ ਤਣਿਆ ਅਸਮਾਨ ਜਿੰਨਾ ਮਰਜੀ ਹਨੇਰਾ ਹੋ ਗਿਆ ਦਿਸਦਾ ਹੋਵੇ, ਉਸ ਵਿਚੋਂ ਚਾਨਣ ਦੀ ਲਿਸ਼ਕੋਰ ਲੱਭ ਹੀ ਲੈਂਦੇ ਸਾਂ।

90ਵਿਆਂ ਦੇ ਸ਼ੁਰੂ ਵਿਚ, ਸਿਰਫ ਦਸ ਵਰ੍ਹੇ ਰਵਾਇਤੀ ਨੌਕਰੀ ਕਰਨ ਤੋਂ ਬਾਅਦ ਅਜਿਹੀਆਂ ਨੌਕਰੀਆਂ ਨੂੰ ਮੈਂ ਹਮੇਸ਼ਾ ਲਈ ਤਿਲਾਂਜਲੀ ਦੇ ਦਿੱਤੀ। ਇੰਟਰਨੈਟ ਰਾਹੀਂ ਤਰਜਮਿਆਂ ਦਾ ਕੰਮ ਕਰਨ ਦੇ ਉਸ ਦੌਰ ਵਿਚ, ਜਦੋਂ ਮੈਂ ਆਪਣੇ ਸਾਰੇ ਵਕਤ ਦਾ ਆਪ ਮਾਲਕ ਸਾਂ, ਮੈਂ ਖੂਬ ਸੈਰ ਕੀਤੀ, ਦੁਨੀਆ ਦੇ ਪਹਿਲੋਂ ਅਣਗਾਹੇ ਰਹੇ ਕੋਨੇ ਦੇਖੇ। 1995, ਤੇ ਫੇਰ 1998 ਦੀਆਂ ਗਰਮੀਆਂ ਵਿਚ ਦੋ ਵਾਰ ਵੈਨੇਜ਼ੁਏਲਾ ਵੀ ਗਿਆ।

ਦੱਖਣੀ (ਲਾਤੀਨੀ) ਅਮਰੀਕਾ ਦੇ ਉੱਤਰੀ ਸਾਹਿਲ 'ਤੇ ਫੈਲਿਆ ਹੋਇਆ ਵੈਨੇਜ਼ੁਏਲਾ ਕੋਈ ਛੋਟਾ ਮੁਲਕ ਨਹੀਂ। ਰਾਜਧਾਨੀ ਕਾਰਾਕਸ ਵਿਚ ਉਤਰ ਕੇ ਪਹਿਲੋਂ ਕੁਝ ਦਿਨ ਮੈਂ ਆਪਣੇ ਦੋਹਾਂ ਵੱਡੇ ਮਸੇਰਾਂ ਕੋਲ ਬਿਤਾਏ ਜੋ ਆਪੋ-ਆਪਣੇ ਸਾਥੀਆਂ ਨਾਲ ਇਸ ਸਭ ਤੋਂ ਵੱਡੇ ਸ਼ਹਿਰ ਵਿਚ ਰਹਿ ਰਹੇ ਸਨ, ਤੇ ਫੇਰ ਦੇਸ ਦੇ ਪੱਛਮੀ ਹਿੱਸੇ ਮੈਰੀਦਾ ਚਲਾ ਗਿਆ, ਜਿੱਥੇ ਅਨੂੰ, ਰਾਹੂਲ ਤੇ ਸਭ ਤੋਂ ਛੋਟਾ ਮਸੇਰ ਰਹਿੰਦੇ ਸਨ। ਦੱਖਣੀ ਅਮਰੀਕਾ ਦੀ ਆਂਦੇਸ ਪਰਬਤ ਲੜੀ ਦੇ ਪੈਰਾਂ ਵਿਚ ਵਸਿਆ ਮੈਰੀਦਾ ਨੀਮ-ਪਹਾੜੀ ਸ਼ਹਿਰ ਹੈ, ਅਧਿਆਪਕਾਂ ਤੇ ਵਿਦਿਆਰਥੀਆਂ ਨਾਲ ਔਟਿਆ ਹੋਇਆ। ਏਥੇ ਮੁਲਕ ਦੀ ਦੂਜੀ ਸਭ ਤੋਂ ਵੱਡੀ ਲੋਸ ਆਂਦੇਸ ਯੂਨੀਵਰਸਿਟੀ ਹੈ, ਜਿੱਥੇ ਸਾਰੀ ਉਮਰ ਪੜ੍ਹਾਉਣ ਤੋਂ ਬਾਅਦ ਰਾਹੂਲ ਤੇ ਅਨੂੰ ਅਜੇ ਲੰਘੇ ਵਰ੍ਹੇ ਹੀ ਸੇਵਾ-ਮੁਕਤ ਹੋਏ ਸਨ।

ਉਂਞ ਰਾਹੂਲ ਤੇ ਅਨੂੰ ਬੜੇ ਸਾਲਾਂ ਤੋਂ ਅੱਡ ਹੋ ਚੁੱਕੇ ਸਨ, ਤੇ ਭਾਵੇਂ ਹਰ ਜਣੇ-ਖਣੇ ਨੂੰ ਇਸ ਬਾਰੇ ਪਤਾ ਨਾ ਵੀ ਹੋਵੇ, ਪਰਿਵਾਰ ਦੇ ਮੈਂਬਰਾਂ ਕੋਲੋਂ ਇਹ ਤੱਥ ਕਦੇ ਵੀ ਲੁਕਾ ਕੇ ਨਹੀਂ ਸੀ ਰੱਖਿਆ ਗਿਆ। ਅਨੂੰ ਮਾਸੀ ਸ਼ਹਿਰ ਦੇ ਕੇਂਦਰੀ ਹਿੱਸੇ ਵਿਚ ਇਕੱਲੇ ਰਹਿ ਰਹੇ ਸਨ, ਉਸ ਫਲੈਟ ਵਿਚ ਜੋ ਕਿਸੇ ਜ਼ਮਾਨੇ ਵਿਚ ਰਾਹੂਲ ਤੇ ਅਨੂੰ ਦਾ ਸਾਂਝਾ ਘਰ ਹੁੰਦਾ ਸੀ। ਰਾਹੂਲ ਨੇ ਬੜੇ ਸਾਲ ਪਹਿਲਾਂ ਦੂਜਾ ਵਿਆਹ ਕਰਾ ਲਿਆ ਸੀ ਤੇ ਹੁਣ ਉਹ ਸ਼ਹਿਰੋਂ ਬਾਹਰ ਆਪਣੀ ਪਤਨੀ ਸੋਇਲਾ, ਤੇ ਉਸ ਵਿਆਹ ਵਿਚੋਂ ਹੋਏ ਪੁੱਤਰ ਪਾਬਲੋ ਨਾਲ ਇਕ ਪਹਾੜੀ ਸ਼ਾਂ ਉੱਤੇ ਬੜੀ ਰੀਝ ਨਾਲ ਬਣਾਏ ਘਰ ਵਿਚ ਰਹਿ ਰਿਹਾ ਸੀ। ਮੇਰਾ ਤੀਜਾ, ਸਭ ਤੋਂ ਛੋਟਾ ਤੇ ਅਣਵਿਆਹਿਆ ਮਸੇਰ ਕਰੂਨ ਵੀ ਓਸੇ ਘਰ ਦੇ ਇਕ ਹਿੱਸੇ ਵਿਚ ਰਹਿੰਦਾ ਸੀ।

ਰਾਹੂਲ ਭਾਵੇਂ ਹੁਣ ਮੇਰਾ ਮਾਸੜ ਨਹੀਂ ਵੀ ਸੀ ਰਿਹਾ ਪਰ ਮੇਰੇ ਆਣ ਦਾ ਚਾਅ ਉਸ ਨੇ ਉਸ ਤੋਂ ਘੱਟ ਨਾ ਕੀਤਾ, ਜਿੰਨਾ ਕੋਈ ਮੋਹ ਵਾਲਾ ਮਾਸੜ ਕਰ ਸਕਦਾ ਹੈ। ਉਂਞ ਵੀ ਰਾਹੂਲ ਤੇ ਸੋਇਲਾ ਨਾਲ ਅਨੂੰ ਮਾਸੀ ਦਾ ਰਿਸ਼ਤਾ ਬੜਾ ਸਹਿਜ ਤੇ ਸਾਂਵਾਂ ਦਿਸਦਾ ਸੀ। ਤੋੜ-ਵਿਛੋੜੇ ਦੇ ਸ਼ੁਰੂਆਤੀ ਸਾਲਾਂ ਵਿਚ ਜੇ ਕੋਈ ਕੌੜ ਉਨ੍ਹਾਂ ਵਿਚਕਾਰ ਪੱਲਰੀ ਵੀ ਸੀ, ਤਾਂ ਹੁਣ ਤਕ ਉਸ ਦਾ ਕੁਸੈਲਾਪਣ ਬੀਤੇ ਦੀ ਬਾਤ ਬਣ ਚੁੱਕਾ ਸੀ।

ਰਾਹੂਲ ਤੇ ਅਨੂੰ ਦੇ ਰਹਿ ਚੁੱਕੇ ਵਿਦਿਆਰਥੀ ਹੁਣ ਸਾਰੇ ਮੁਲਕ ਵਿਚ ਫੈਲੇ ਹੋਏ ਸਨ। ਇਨ੍ਹਾਂ ਲਈ ਦਿੱਤੇ ਗਏ ਸਿਫਾਰਸ਼ੀ ਰੁੱਕੇ ਲੈ ਕੇ, ਸਪੇਨੀ ਜ਼ਬਾਨ ਦੀ ਮੂਲੋਂ ਸੀਮਤ ਜਿਹੀ ਜਾਣਕਾਰੀ ਹੋਣ ਦੇ ਬਾਵਜੂਦ, ਮੈਂ ਬੜੀ ਸੌਖ ਨਾਲ ਸ਼ਹਿਰੋ-ਸ਼ਹਿਰ ਘੁੰਮ ਸਕਿਆ ਤੇ ਇਨ੍ਹਾਂ ਦੋ ਫੇਰੀਆਂ ਵਿਚ ਵੈਨੇਜ਼ੁਏਲਾ ਦਾ ਕੋਨਾ ਕੋਨਾ ਗਾਹ ਛੱਡਿਆ। ਤੇ ਇਨ੍ਹਾਂ ਦੋ ਫੇਰੀਆਂ ਵਿਚ ਹੀ ਮੇਰੀ ਅਨੂੰ ਮਾਸੀ ਨਾਲ ਅਸਲੀ ਅਰਥਾਂ ਵਿਚ ਦੋਸਤੀ ਹੋਈ। ਉਨ੍ਹਾਂ ਨੂੰ ਪੁੱਛ ਸਕਿਆ ਕਿ ਪਹਿਲੋਂ ਮਾਪਿਆਂ, ਤੇ ਪਿੱਛੋਂ ਜਾ ਕੇ ਮੋਹਵੰਤੇ ਭੈਣਾਂ-ਭਰਾਵਾਂ ਦੀਆਂ ਅੱਡੀਆਂ ਬਾਹਵਾਂ ਤੇ ਹਾੜ੍ਹਿਆਂ ਦੇ ਬਾਵਜੂਦ ਉਨ੍ਹਾਂ ਨੇ ਛੇਤੀ ਹੀ ਟੁੱਟ ਗਏ ਵਿਆਹ ਖਾਤਰ ਸਹੇੜੇ ਨਵੇਂ ਵਤਨ ਨੂੰ ਛੱਡ ਕੇ ਵਾਪਸ ਹਿੰਦੁਸਤਾਨ ਆ ਵੱਸਣ ਦੀ ਸੰਭਾਵਨਾ ਨੂੰ ਹਮੇਸ਼ਾ ਨਕਾਰੀ ਕਿਉਂ ਰੱਖਿਆ। ਮੈਨੂੰ ਸਪਸ਼ਟ ਸਮਝ ਪਈ ਕਿ 24 ਸਾਲ ਦੀ ਉਮਰ ਤੋਂ ਬਾਅਦ ਹਮੇਸ਼ਾ ਪਰਦੇਸਾਂ ਵਿਚ ਹੀ ਰਹੇ ਅਨੂੰ ਮਾਸੀ ਲਈ ਵਤਨ ਤੇ ਆਮ ਵਤਨੀਆਂ ਦੀ ਮਾਨਸਿਕਤਾ ਕਿੰਨੇ ਓਪਰੇ ਹੋ ਚੁੱਕੇ ਸਨ, ਤੇ ਇਸ ਪਾੜ ਨੂੰ ਪੂਰ ਸਕਣਾ ਹੁਣ ਕਿਉਂ ਅਸੰਭਵ ਸੀ।

ਪਰ ਇਨ੍ਹਾਂ ਦੋ ਲੰਮੀਆਂ ਫੇਰੀਆਂ, ਤੇ ਉਨ੍ਹਾਂ ਦੌਰਾਨ ਹੋਈਆਂ ਅਣਗਿਣਤ ਗਲੋਕੜੀਆਂ ਦੇ ਬਾਵਜੂਦ ਮੈਨੂੰ ਕਦੀ ਖਿਆਲ ਵੀ ਨਾ ਆਇਆ ਕਿ ਉਨ੍ਹਾਂ ਨੂੰ ਪੁੱਛਾਂ, 'ਮਾਸੀ, ਸ਼ਿਵ ਨਾਲ ਤੁਹਾਡਾ ਕੀ ਰਿਸ਼ਤਾ ਸੀ?'

ਇਹ ਸਵਾਲ ਪੁੱਛਣ ਦਾ ਖਿਆਲ ਹੀ ਮੈਨੂੰ ਕੁਝ ਹੋਰ ਸਾਲ ਠਹਿਰ ਕੇ ਆਇਆ, ਮਨ ਦੀਆਂ ਤਹਿਆਂ ਵਿਚ ਕਿਤੇ ਡੂੰਘੀ ਦੱਬੀ ਗਈ ਇਸ ਗੱਲ ਬਾਰੇ ਜਾਣਣ ਦੀ ਜਿਗਿਆਸਾ ਕੁਝ ਹੋਰ ਵਰ੍ਹੇ ਲੰਘ ਜਾਣ 'ਤੇ ਜਾਗੀ।

2001 ਦੀ ਗੱਲ ਹੈ, ਮੈਂ ਮਾਪਿਆਂ ਨੂੰ ਮਿਲਣ ਕੁਝ ਦਿਨਾਂ ਲਈ ਦਿੱਲੀ ਤੋਂ ਜਲੰਧਰ ਆਇਆ ਹੋਇਆ ਸਾਂ। ਫੋਨ ਦੇ ਕੋਲ ਬੈਠਾ ਹੋਇਆ ਸਾਂ, ਘੰਟੀ ਵੱਜੀ ਤੇ ਮੈਂ ਚੁੱਕ ਲਿਆ। ਕੋਈ ਜ਼ਨਾਨਾ ਆਵਾਜ਼ ਦੱਸ ਰਹੀ ਸੀ ਕਿ ਉਹ ਫਲਾਣੇ ਕਾਲਜ ਤੋਂ ਬੋਲ ਰਹੀ ਹੈ ਤੇ ਕੀ ਉਰਮਿਲਾ ਆਨੰਦ ਨਾਲ ਗੱਲ ਹੋ ਸਕਦੀ ਹੈ। ਮੈਂ ਫੋਨ ਅੰਮੀ ਨੂੰ ਫੜਾ ਦਿੱਤਾ। ਦੂਜੇ ਪਾਸਿਓਂ ਕੋਈ ਕੀ ਕਹਿ ਰਿਹਾ ਸੀ, ਇਹ ਤੇ ਮੈਨੂੰ ਸੁਣਾਈ ਨਹੀਂ ਸੀ ਦੇ ਰਿਹਾ ਪਰ ਅੰਮੀ ਦੇ ਜਵਾਬ ਤਾਂ ਕੰਨੀਂ ਪੈ ਰਹੇ ਸਨ।

"ਨਹੀਂ, ਮੈਂ ਉਹ ਨਹੀਂ।"

---

"ਨਹੀਂ, ਮੈਂ ਇਹ ਨਹੀਂ ਕਹਿ ਰਹੀ ਕਿ ਸ਼ਿਵ ਨੂੰ ਜਾਣਦੀ ਨਹੀਂ ਸਾਂ, ਉਸ ਨਾਲ ਮੇਰਾ ਬੜਾ ਕਰੀਬੀ ਰਿਸ਼ਤਾ ਜ਼ਰੂਰ ਸੀ ਪਰ ਭੈਣ-ਭਰਾ ਵਾਲਾ। ਉਸ ਨੇ ਹਮੇਸ਼ ਮੈਨੂੰ ਦੀਦੀ ਕਿਹਾ ਤੇ ਮੰਨਿਆ।"

---

"ਨਹੀਂ, ਮੈਂ ਕੁਝ ਵੀ ਲੁਕਾਣ ਦੀ ਕੋਸ਼ਿਸ਼ ਨਹੀਂ ਕਰ ਰਹੀ। ਜਿਸ 'ਅਫੇਅਰ' ਵੱਲ ਤੁਸੀ ਇਸ਼ਾਰਾ ਕਰ ਰਹੇ ਹੋ, ਉਹ ਮੇਰੇ ਨਾਲ ਨਹੀਂ, ਮੇਰੀ ਛੋਟੀ ਭੈਣ ਨਾਲ ਜੋੜਿਆ ਜਾਂਦਾ ਹੈ।"

---

"ਨਹੀਂ, ਤੁਸੀਂ ਉਸ ਨੂੰ ਨਹੀਂ ਮਿਲ ਸਕਦੇ, ਉਹ ਬੜੇ ਸਾਲਾਂ ਤੋਂ ਬਾਹਰ ਰਹਿੰਦੀ ਹੈ।"

---

"ਹਾਂ, ਉਹ ਵਿਆਹੀ ਹੋਈ ਏ, ਉਸ ਦੇ ਜਵਾਨ ਬੱਚੇ ਵੀ ਨੇ।"

---

"ਨਹੀਂ, ਮੈਨੂੰ ਤੁਹਾਡੇ ਨਾਲ ਮਿਲਣ ਵਿਚ ਤੇ ਕੋਈ ਇਤਰਾਜ਼ ਨਹੀਂ ਪਰ ਜੋ ਕੁਝ ਤੁਹਾਨੂੰ ਹੁਣ ਫੋਨ 'ਤੇ ਦੱਸ ਰਹੀ ਹਾਂ, ਉਸ ਤੋਂ ਵੱਧ ਹੋਰ ਕੋਈ ਜਾਣਕਾਰੀ ਮੇਰੇ ਕੋਲ ਹੈ ਨਹੀਂ।"

---

"ਇਹ ਤੁਸੀਂ ਕਹਿ ਰਹੇ ਹੋ, ਮੈਂ ਨਹੀਂ ਕਹਿ ਰਹੀ। ਤੇ ਨਾ ਇਸ ਗੱਲ ਦੀ ਤਸਦੀਕ ਕਰ ਸਕਦੀ ਹਾਂ ਕਿ ਜੋ ਕੁਝ ਤੁਸੀਂ ਸੁਣਿਆ ਹੋਇਆ ਹੈ, ਉਹ ਸਹੀ ਹੈ।"

ਦਿਸ ਰਿਹਾ ਸੀ ਕਿ ਅੰਮੀ ਇਸ ਇਸਰਾਰੀ 'ਤੇ ਲਟਕਦੇ ਜਾ ਰਹੇ ਸਵਾਲ ਜਵਾਬ ਤੋਂ ਉਪਰਾਮ ਹੋ ਰਹੇ ਸਨ। ਆਖਰ ਜਦੋਂ ਫੋਨ ਮੁੱਕਿਆ ਤਾਂ ਕਹਿਣ ਲੱਗੇ, "ਕਾਹਲੋਂ ਦਾ ਨਾਵਲ ਕਿਸੇ ਨੇ ਪੜ੍ਹਿਆ ਹੈ ਤੇ ਮੈਨੂੰ ਅਨੂੰ ਸਮਝ ਕੇ ਫੋਨ ਕੀਤਾ ਸੂ।"

ਮੈਨੂੰ ਉਸ ਸਮੇਂ ਇਸ ਨਾਵਲ ਬਾਰੇ ਕੁਝ ਨਹੀਂ ਸੀ ਪਤਾ। ਅੰਮੀ ਨੇ ਦੱਸਿਆ ਕਿ ਕੁਝ ਝੂਠੀਆਂ-ਸੱਚੀਆਂ ਜੋੜ ਕੇ ਮੋਹਨ ਕਾਹਲੋਂ ਨੇ ਸ਼ਿਵ ਦੀ ਜ਼ਿੰਦਗੀ 'ਤੇ ਨਾਵਲ ਲਿਖਿਆ ਸੀ ਜਿਸ ਵਿਚ ਇਕ ਕਾਂਡ ਅਨੂੰ 'ਤੇ ਵੀ ਆਧਾਰਤ ਹੈ ਪਰ ਦਾਰ ਜੀ ਦੀ ਜਾਣੀ ਜਾਂਦੀ ਧੀ ਹੋਣ ਕਰ ਕੇ ਕਦੀ ਕਦਾਈਂ ਇਹੋ ਜਿਹੇ ਜਿਗਿਆਸਾ-ਗਰੱਸੇ ਲੋਕਾਂ ਦੇ ਫੋਨ ਅੰਮੀ ਨੂੰ ਆ ਜਾਂਦੇ ਸਨ, ਤੇ ਆਮ ਤੌਰ 'ਤੇ ਇਹ ਕਾਲਜ ਪੜ੍ਹਦੀਆਂ ਕੁੜੀਆਂ ਦੇ ਹੀ ਹੁੰਦੇ ਸਨ।

ਸ਼ਿਵ ਨੂੰ ਗਿਆਂ ਤਕਰੀਬਨ ਤਿੰਨ ਦਹਾਕੇ ਹੋ ਚੱਲੇ ਸਨ, ਅਨੂੰ ਮਾਸੀ ਨੂੰ ਦੇਸ ਛੱਡਿਆਂ ਚਾਰ ਤੋਂ ਵੀ ਵੱਧ। ਤੇ ਅਜੇ ਤੀਕ ਲੋਕਾਂ ਨੂੰ ਇਸ ਕਿੱਸੇ ਵਿਚ ਦਿਲਚਸਪੀ ਸੀ! ਉਸ ਦਿਨ ਪਹਿਲੀ ਵਾਰ ਮੇਰੇ ਅੰਦਰ ਵੀ ਇਸ ਕਿੱਸੇ ਬਾਰੇ ਵਧੇਰੇ ਜਾਨਣ ਦੀ ਖਾਹਸ ਪੈਦਾ ਹੋਈ।

"ਅੰਮੀ, ਅਨੂੰ ਮਾਸੀ ਤੇ ਸ਼ਿਵ ਵਿਚਕਾਰ ਕੀ ਸੀ? 'ਅਫੇਅਰ'?"

"ਕਹਿ ਨਹੀਂ ਸਕਦੀ ਪਰ ਦੋਸਤੀ ਜ਼ਰੂਰ ਸੀ। ਅਨੂੰ ਲਈ ਇਹ 'ਅਫੇਅਰ' ਸੀ ਜਾਂ ਨਹੀਂ, ਉਹੋ ਦੱਸ ਸਕਦੀ ਹੈ। ਮੈਂ ਉਸ ਨਾਲ ਇਸ ਬਾਰੇ ਕਦੇ ਗੱਲ ਨਹੀਂ ਕੀਤੀ।"

"ਤੇ ਸ਼ਿਵ ਲਈ?"

"ਸ਼ਿਵ ਨੇ ਬੜੀ ਵਾਰ, ਬੜਿਆਂ ਨਾਲ ਦੋਸਤੀਆਂ ਕੀਤੀਆਂ, ਤੇ ਉਹ ਹਰ ਦੋਸਤੀ ਵਿਚ ਖੁਭ ਜਾਂਦਾ ਸੀ। ਇੰਞ ਸ਼ਿੱਦਤ ਨਾਲ ਮੋਹ ਕਰਨਾ ਉਸ ਦੇ ਸੁਭਾਅ ਦਾ ਹਿੱਸਾ ਸੀ। ਅਨੂੰ ਨੂੰ ਵੀ ਉਸ ਨੇ ਓਸੇ ਸ਼ਿੱਦਤ ਨਾਲ ਪਿਆਰ ਕੀਤਾ।"

"ਤੇ ਸ਼ਿਵ ਨੇ ਤੇ ਤੁਹਾਡੇ ਨਾਲ ਆਪਣੀਆਂ 'ਫੀਲਿੰਗਜ਼' ਦੀ ਗੱਲ ਕੀਤੀ ਹੋਣੀ ਏ?"

"ਬੜੀ ਵਾਰ ਕੀਤੀ, ਤੇ ਸਿਰਫ ਅਨੂੰ ਬਾਰੇ ਹੀ ਨਹੀਂ, ਮੈਂ ਉਸ ਨੂੰ ਬੜੀ ਵਾਰ ਸਮਝਾਇਆ ਵੀ ਪਰ ਉਹ ਸੁਣਦਾ ਨਹੀਂ ਸੀ। ਅਸਲ ਵਿਚ ਉਹ 'ਡਿਪ੍ਰੈਸ਼ਨ' ਦਾ ਸ਼ਿਕਾਰ ਸੀ ਪਰ ਉਦੋਂ ਸਾਨੂੰ ਇਸ ਗੱਲ ਦੀ ਸੋਝੀ ਹੀ ਨਹੀਂ ਸੀ ਹੁੰਦੀ ਕਿ ਡਿਪ੍ਰੈਸ਼ਨ ਕੀ ਹੁੰਦਾ ਹੈ, ਤੇ ਉਸ ਦਾ ਇਲਾਜ ਵੀ ਹੋ ਸਕਦਾ ਹੈ।"

ਪਰ ਹੁਣ ਜਦੋਂ ਅੰਮੀ ਦਾ 1962 ਵਿਚ ਲਿਖਿਆ, ਸ਼ਿਵ ਨੂੰ ਮੁਖਾਤਬ ਖਤਨੁਮਾ ਲੇਖ (ਜਿਸ ਦਾ ਜ਼ਿਕਰ ਮੈਂ ਪਹਿਲਾਂ ਵੀ ਕਰ ਚੁੱਕਾ ਹਾਂ) ਪੜ੍ਹਦਾ ਹਾਂ ਤਾਂ ਜਾਪਦਾ ਹੈ ਕਿ ਡਿਪ੍ਰੈਸ਼ਨ ਬਾਰੇ ਸੋਝੀ ਤੋਂ ਵਿਰਵੇ ਹੋਣ ਦੇ ਬਾਵਜੂਦ ਅੰਮੀ ਨੇ ਉਸ ਦੇ ਮਰਜ਼ ਨੂੰ ਠੀਕ ਪਛਾਣ ਲਿਆ ਸੀ। ਉਸ ਲੇਖ ਵਿਚਲੀਆਂ ਇਹ ਸਤਰਾਂ ਦੇਖੋ:

"ਤੂੰ ਉਦਾਸੀ ਦੀ ਉਹ ਝੁਲਾਰਤ ਏਂ ਜਿਹੜੀ ਖੁਲ੍ਹਣ ਲੱਗਿਆਂ ਹੋਰ ਡੂੰਘੀ ਹੁੰਦੀ ਚਲੀ ਜਾਂਦੀ ਹੈ। ਤੂੰ ਉਹ ਖਿਜ਼ਾਂ ਏਂ ਜਿਸ ਵਿਚ ਹਨੇਰੀਆਂ ਤੇ ਮੁਸੀਬਤਾਂ ਦੀ ਕੋਈ ਨਾ ਕੋਈ ਇਕਲਾਪੀ ਧੱਤੀ ਹਰ ਘੜੀ ਝੜਦੀ ਰਹਿੰਦੀ ਹੈ। ਤੂੰ ਮੁਸੀਬਤਾਂ ਦੇ ਚੰਦਰੇ ਚੱਕਰ ਵਿਚ ਘਿਰਿਆ ਇਕ ਅਨਾੜੀ ਏਂ। ਤੂੰ ਗਮਾਂ ਦੀਆਂ ਘੁੰਮਣ-ਘੇਰੀਆਂ ਵਿਚ ਕੁਝ ਅਜਿਹਾ ਪੈ ਗਿਆ ਏਂ ਕਿ ਹੁਣ ਤੈਥੋਂ ਇਨ੍ਹਾਂ ਵਿਚੋਂ ਨਿਕਲਿਆ ਕਦੇ ਨਹੀਂ ਜਾਂਦਾ।...

ਤੂੰ ਕਹਿੰਦਾ ਏਂ ਕਿ ਤੂੰ ਡਾਢੇ ਦੁੱਖਾਂ ਵਿਚ ਘਿਰਿਆ ਹੋਇਆ ਏਂ ਪਰ ਤੂੰ ਤਾਂ ਉਨ੍ਹਾਂ ਦੀ ਧੁੰਦ ਤੋਂ ਪਰੇ ਨਹੀਂ ਹੋਣਾ ਚਾਹੁੰਦਾ। ਇਵੇਂ ਲੱਗਦਾ ਹੈ, ਇਨ੍ਹਾਂ ਹੀ ਸ਼ਾਮਾਂ ਵਿਚ ਰਹਿ ਰਹਿ ਕੇ ਤੂੰ ਇਨ੍ਹਾਂ ਦਾ ਇਨ੍ਹਾਂ ਆਦੀ ਹੋ ਗਿਆ ਏਂ ਕਿ ਹੁਣ ਇਨ੍ਹਾਂ ਤੋਂ ਬਿਨਾਂ ਤੂੰ ਆਪਣੇ ਆਪ ਨੂੰ ਸੱਖਣਾ ਮਹਿਸੂਸ ਕਰਦਾ ਏਂ। ਇਸ ਪੀੜਾਂ-ਮੱਲੀ ਦੁਨੀਆ ਨਾਲ ਤੇਰੀ ਇਤਨੀ ਸਾਂਝ ਪੈ ਚੁੱਕੀ ਹੈ ਕਿ ਤੈਨੂੰ ਹੁਣ ਪੀੜਾਂ ਦਾ ਹੀ ਸੁਆਦ ਆਣ ਲੱਗ ਪਿਆ ਏ। ਤੂੰ ਜ਼ਿੰਦਗੀ ਦੀ ਡਾਢੀ ਜ਼ਖਮੀ ਸ਼ਾਮ ਏਂ, ਤੂੰ ਜਵਾਨੀ ਵਿਚ ਹੀ ਪੀੜਾਂ ਨਾਲ ਨੋਚਿਆ ਇਕ ਕਰੰਗ ਏਂ। ਤੂੰ ਗੀਤ ਨਹੀਂ, ਤੂੰ ਤਾਂ ਪੀੜਾਂ ਤੇ ਮੁਸੀਬਤਾਂ ਦੀ ਢੇਰੀ ਕੀਤੀ ਹੋਈ ਗਠੜੀ ਏਂ। ਤੂੰ ਤਾਂ ਗਮੀਆਂ ਦਾ ਉਹ ਬੱਦਲ ਏਂ ਜਿਹੜਾ ਹਰ ਘੜੀ ਵੱਸਣ ਵੱਸਣ ਕਰਦਾ ਰਹਿੰਦਾ ਏ। ਤੂੰ ਤਾਰਿਆਂ ਦੀ ਉਹ ਛਾਂ ਏਂ ਜਿੱਥੇ ਹਨੇਰੇ ਵੀ ਜਾਣੋਂ ਡਰਦੇ ਨੇ। ਤੇਰੇ ਬੋਲਾਂ ਦੀ ਪੀੜ ਤੋਂ ਵੱਧ ਕੋਈ ਹੋਰ ਪੀੜ ਨਹੀਂ ਹੋ ਸਕਦੀ।

ਪਰ ਤੂੰ ਇਤਨਾ ਪੀੜ ਪੀੜ ਕਿਉਂ ਏਂ, ਇਤਨਾ ਤਰਾਟ ਤਰਾਟ ਕਿਉਂ ਏਂ? ਕਈ ਤੇਰੇ ਨਾਲ ਆਪਣੇ ਦੁੱਖ ਦੀ ਗੰਢ ਗੰਢ ਕੇ ਆਖਦੇ ਨੇ ਕਿ ਦੁਖੀ ਤਾਂ ਉਹ ਵੀ ਹਨ ਪਰ ਉਹ ਜ਼ਿੰਦਗੀ ਤੋਂ ਇਤਨੇ ਬੇਮੁਖ ਨਹੀਂ, ਜ਼ਿੰਦਗੀ ਤੋਂ ਇਤਨੇ ਉਦਾਸ ਨਹੀਂ।"

ਜਦੋਂ ਸਾਡੀ ਇਹ ਗੱਲਬਾਤ ਹੋਈ, ਅਨੂੰ ਮਾਸੀ ਕੁਝ ਹੀ ਦਿਨਾਂ ਬਾਅਦ ਆਪਣੀ ਅਗਲੀ ਫੇਰੀ 'ਤੇ ਭਾਰਤ ਆਣ ਹੀ ਵਾਲੇ ਸਨ। ਮੈਂ ਸੋਚ ਲਿਆ ਕਿ ਇਸ ਵਾਰ ਉਨ੍ਹਾਂ ਦੇ ਸ਼ਿਵ ਨਾਲ ਰਿਸ਼ਤੇ ਬਾਰੇ ਗੱਲ ਜ਼ਰੂਰ ਕਰਾਂਗਾ।

ਤੇ ਜਦੋਂ ਗੱਲਬਾਤ ਹੋਈ, ਮੈਨੂੰ ਸਭ ਤੋਂ ਵੱਡੀ ਹੈਰਾਨੀ ਇਸ ਗੱਲ ਦੀ ਹੋਈ ਕਿ ਅਨੂੰ ਮਾਸੀ ਨੂੰ ਪਤਾ ਹੀ ਨਹੀਂ ਸੀ ਕਿ ਸ਼ਿਵ ਦਾ ਪੰਜਾਬੀ ਸਾਹਿਤ ਵਿਚ ਕਿੰਨਾ ਵੱਡਾ ਰੁਤਬਾ ਸੀ ਤੇ ਉਹ ਅਜੇ ਤੀਕ ਕਿੰਨਾ ਮਕਬੂਲ ਕਵੀ ਸੀ। ਤੇ ਅਨੂੰ ਮਾਸੀ ਨੂੰ ਹੈਰਾਨੀ ਇਸ ਗੱਲ ਦੀ ਹੋਈ ਕਿ ਸ਼ਿਵ ਨੇ ਉਨ੍ਹਾਂ 'ਤੇ ਕਵਿਤਾਵਾਂ ਵੀ ਲਿਖੀਆਂ ਸਨ, ਜਾਂ ਘੱਟੋ-ਘੱਟ ਕਿਹਾ ਜਾਂ ਮੰਨਿਆ ਇਹੋ ਜਾਂਦਾ ਹੈ।

"ਸ਼ਿਵ ਨੇ ਮੇਰੇ ਬਾਰੇ ਕਵਿਤਾਵਾਂ ਲਿਖੀਆਂ ਸਨ!", ਸਵਾਲ ਵਾਂਗ ਇਹ ਗੱਲ ਪੁੱਛਦਿਆਂ, ਪਰ ਅਸਲ ਵਿਚ ਮੇਰੇ ਹੀ ਦੱਸੇ ਨੂੰ ਦੁਹਰਾ ਕੇ ਜਿਵੇਂ ਪੱਕਾ ਕਰਦਿਆਂ, ਅਨੂੰ ਮਾਸੀ ਦੀਆਂ ਅੱਖਾਂ ਵਿਚ ਕੋਈ ਖੀਵੀ ਲਿਸ਼ਕ ਸੀ ਪਰ ਉਸ ਬਾਰੇ ਗੱਲ ਬਾਅਦ ਵਿਚ... ਪਹਿਲੋਂ ਸ਼ਿਵ ਤੇ ਅਨੂੰ ਦੇ ਰਿਸ਼ਤੇ ਬਾਰੇ। ਅਨੂੰ ਦੇ ਦੱਸੇ ਮੁਤਾਬਕ।...

ਅਨੂੰ ਤੇ ਸ਼ਿਵ 1958 ਦੇ ਅਖੀਰ ਜਾਂ ਸ਼ਾਇਦ 1959 ਦੇ ਸ਼ੁਰੂ ਵਿਚ ਪ੍ਰੀਤਨਗਰ ਮਿਲੇ ਸਨ। ਵੀਰਾ ਜੀ (ਨਵਤੇਜ ਸਿੰਘ) ਸ਼ਿਵ ਨੂੰ ਬੜਾ ਪ੍ਰਤਿਭਾਵਾਨ ਕਵੀ ਮੰਨਦੇ ਸਨ ਤੇ ਉਸ ਦਾ ਪ੍ਰੀਤਨਗਰ ਕਾਫੀ ਆਣਾ-ਜਾਣਾ ਸੀ। ਅਨੂੰ ਤੇ ਸ਼ਿਵ ਵਿਚਕਾਰ ਚੋਖੀ ਦੋਸਤੀ ਹੋ ਗਈ, ਦੋਵੇਂ ਬਿਲਕੁਲ ਹਾਣ ਦੇ ਸਨ। ਇਕੋ ਵਰ੍ਹੇ, 1936, ਦਾ ਜਨਮ। ਪ੍ਰੀਤਨਗਰ ਵਿਚ ਕੁੜੀਆਂ-ਮੁੰਡਿਆਂ, ਔਰਤਾਂ-ਮਰਦਾਂ ਵਿਚਕਾਰ ਕਿਸੇ ਕਿਸਮ ਦੀ ਅਲਹਿਦਗੀ ਜਾਂ ਪਰਦਾਦਾਰੀ ਦਾ ਰਿਵਾਜ ਕਦੇ ਵੀ ਨਹੀਂ ਸੀ ਰਿਹਾ। ਸ਼ਿਵ ਦੀਆਂ ਪ੍ਰੀਤਨਗਰ ਫੇਰੀਆਂ ਦੌਰਾਨ ਅਨੂੰ ਤੇ ਸ਼ਿਵ ਵੀ ਚੋਖਾ ਸਮਾਂ ਇਕੱਠਿਆਂ ਗੁਜ਼ਾਰਦੇ। ਦੋਹਾਂ ਵਿਚਕਾਰ ਵਧ ਰਹੀ ਨੇੜਤਾ ਨੂੰ ਭਾਂਪਦਿਆਂ ਕੁਝ ਮਹੀਨਿਆਂ ਬਾਅਦ ਗੁਰਬਖਸ਼ ਸਿੰਘ ਹੋਰਾਂ ਅਨੂੰ ਨੂੰ ਪੁੱਛਿਆ ਕਿ ਸ਼ਿਵ ਨਾਲ ਉਸ ਦੀ ਮਿੱਤਰਤਾ ਕਿੰਨੀ ਕੁ ਡੂੰਘੀ ਹੈ ਅਤੇ ਕੀ ਉਹ ਸ਼ਿਵ ਨੂੰ ਜੀਵਨ ਸਾਥੀ ਵਜੋਂ ਲੋਚਦੀ ਹੈ।

"ਦਾਰ ਜੀ, ਸ਼ਿਵ ਮੈਨੂੰ ਬੜਾ ਚੰਗਾ ਲੱਗਦਾ ਹੈ ਪਰ ਉਸ ਨਾਲ ਵਿਆਹ ਕਰਾਣ ਦਾ ਮੈਂ ਕਦੇ ਨਹੀਂ ਸੋਚਿਆ, ਤੇ ਨਾ ਹੀ ਕੋਈ ਇਰਾਦਾ ਹੈ।"

"ਤੇ ਫੇਰ ਤੈਨੂੰ ਇਹ ਗੱਲ ਸ਼ਿਵ ਨੂੰ ਸਪਸ਼ਟ ਕਰ ਦੇਣੀ ਚਾਹੀਦੀ ਹੈ ਤਾਂ ਜੋ ਉਹ ਕਿਸੇ ਕਿਸਮ ਦਾ ਭਰਮ ਨਾ ਪਾਲ ਬੈਠੇ।"

ਗੁਰਬਖਸ਼ ਸਿੰਘ ਹੋਰਾਂ ਦੀ ਤਜਰਬੇਕਾਰ ਅੱਖ ਨੇ ਭਾਂਪ ਲਿਆ ਸੀ ਕਿ ਪ੍ਰੀਤਨਗਰ ਦੀਆਂ ਖੁਲ੍ਹ-ਭਰਪੂਰ ਫਿਜ਼ਾਵਾਂ ਵਿਚ ਪਲੀ ਅਨੂੰ ਲਈ ਜੋ ਕੁਝ ਮਹਿਜ਼ ਦੋਸਤੀ ਦਾ ਸਹਿਜ ਵਰਤਾਰਾ ਸੀ, ਸ਼ਿਵ ਲਈ ਕਿਸੇ ਡੂੰਘੇਰੀ ਚਾਹਤ ਦਾ ਇਸ਼ਾਰਾ ਵੀ ਹੋ ਸਕਦਾ ਸੀ।



*ਇਸ ਤਸਵੀਰ ਵਿਚ (ਖੱਬਿਓਂ) ਗੁਰਬਖਸ਼ ਸਿੰਘ, ਮਹਿੰਦਰ ਸਿੰਘ ਰੰਧਾਵਾ ਤੇ ਖੁਸ਼ਵੰਤ ਸਿੰਘ ਅਤੇ ਪਿਛਾਂਹ ਸ਼ਿਵ ਕੁਮਾਰ ਨਜ਼ਰ ਆ ਰਹੇ ਹਨ।*

"ਸੋ, ਦਾਰ ਜੀ ਦੇ ਕਹਿਣ 'ਤੇ ਤੁਸੀਂ ਸ਼ਿਵ ਨਾਲ ਗੱਲ ਕੀਤੀ, ਤੁਸੀਂ ਉਨ੍ਹਾਂ ਨੂੰ ਕੀ ਕਿਹਾ?"

"ਹੁਣ ਇੰਨ-ਬਿੰਨ ਤਾਂ ਯਾਦ ਨਹੀਂ, ਪਰ ਏਨਾ ਯਾਦ ਏ ਕਿ ਉਹ ਬੜਾ ਨਾਰਾਜ਼ ਹੋ ਕੇ ਅਚਾਨਕ ਪ੍ਰੀਤਨਗਰੋਂ ਚਲਾ ਗਿਆ ਸੀ।"

"ਫੇਰ ਮਿਲੇ ਕਦੀ?"

"ਸ਼ਾਇਦ ਇਕ ਵਾਰ, ਪਰ ਉਸ ਨੇ ਠੀਕ ਤਰ੍ਹਾਂ ਗੱਲ ਨਹੀਂ ਸੀ ਕੀਤੀ। ਤੇ ਫੇਰ ਮੈਂ ਮਾਸਕੋ ਚਲੀ ਗਈ, ਮੁੜ ਕਦੇ ਮੇਲ ਹੀ ਨਾ ਹੋਇਆ।"

ਆਪਣੇ ਹੀ ਪਰਿਵਾਰ ਅੰਦਰ ਹੋਈਆਂ ਬੀਤੀਆਂ, ਜਿਨ੍ਹਾਂ ਦੇ ਕਿੱਸਿਆਂ ਨਾਲ ਮੈਂ ਵਾਕਫ ਸਾਂ, ਕਾਰਨ ਇਸ ਕਹਾਣੀ ਨੂੰ ਵੀ ਸਮਝ ਸਕਣਾ ਮੇਰੇ ਲਈ ਔਖਾ ਨਹੀਂ ਸੀ। ਬੜੇ ਵਰ੍ਹੇ ਪਹਿਲਾਂ, ਜਦੋਂ ਲਾਹੌਰ ਵਿਚ ਮੇਰੇ ਹੋਣ ਵਾਲੇ ਮਾਪਿਆਂ ਵਿਚਕਾਰ ਦਾ ਇਸ਼ਕ ਦਾ ਮੁੱਢ ਬੱਝ ਰਿਹਾ ਸੀ, ਤਾਂ ਵੀ ਦਾਰ ਜੀ ਨੇ ਆਪਣੀ ਧੀ ਨੂੰ ਬੁਲਾ ਕੇ ਪੁੱਛਿਆ ਸੀ ਕਿ ਕੀ ਉਹ ਇਸ ਨੌਜਵਾਨ ਪ੍ਰਤੀ ਗੰਭੀਰ ਸੀ। ਉਰਮਿਲਾ ਦੇ ਹਾਂ ਕਹਿਣ 'ਤੇ ਉਨ੍ਹਾਂ ਕਿਹਾ ਸੀ ਕਿ ਇਹੋ ਸਵਾਲ ਉਹ ਛੇ ਮਹੀਨੇ ਮਗਰੋਂ ਫੇਰ ਪੁੱਛਣਗੇ ਤੇ ਜੇ ਜਵਾਬ ਉਦੋਂ ਵੀ 'ਹਾਂ' ਵਿਚ ਹੀ ਹੋਇਆ ਤਾਂ ਆਪਣੀ ਪ੍ਰਵਾਨਗੀ ਦੇ ਦੇਣਗੇ। ਫੇਰ ਜਦੋਂ ਦਾਰ ਜੀ ਨੂੰ ਪਤਾ ਲੱਗਾ ਕਿ ਅੰਮੀ ਨੇ ਅੰਮ੍ਰਿਤਾ (ਪ੍ਰੀਤਮ) ਦੇ ਘਰ ਰਹਿਣ ਦਾ ਬਹਾਨਾ ਬਣਾ ਕੇ ਰਾਤ ਆਪਣੇ ਮਹਿਬੂਬ ਨਾਲ ਕੱਟੀ ਹੈ ਤਾਂ ਉਨ੍ਹਾਂ ਨੇ ਅੰਮੀ ਨੂੰ ਬੁਲਾ ਕੇ ਸਮਝਾਇਆ ਸੀ ਕਿ ਅੱਗੇ ਤੋਂ ਝੂਠ ਕਦੇ ਨਹੀਂ ਬੋਲਣਾ ਤੇ ਜਗਜੀਤ ਜਦੋਂ ਚਾਹੇ ਪ੍ਰੀਤਨਗਰ ਆ ਕੇ ਰਹਿ ਸਕਦਾ ਹੈ। ਏਸੇ ਵਾਪਰੀ ਨੇ ਗੁਰਬਖਸ਼ ਸਿੰਘ ਹੋਰਾਂ ਨੂੰ 'ਜਵਾਨ ਹੁੰਦੀ ਧੀ ਨਾਲ ਲਿੰਗ ਵਿਚਾਰ' ਸਿਰਲੇਖ ਹੇਠ ਲੇਖ ਲਿਖਣ ਲਈ ਪ੍ਰੇਰਿਆ ਜੋ ਸਾਡੀ ਬੋਲੀ 'ਚ ਇਸ ਵਿਸ਼ੇ ਬਾਰੇ ਪਹਿਲਾ ਲੇਖ ਹੈ।

ਪਰ ਜਦੋਂ ਇਹੋ ਸਵਾਲ ਦਾਰ ਜੀ ਨੇ ਅਨੂੰ ਮਾਸੀ ਕੋਲੋਂ ਪੁੱਛਿਆ ਤਾਂ ਉਨ੍ਹਾਂ ਨੇ ਸ਼ਿਵ ਨਾਲ ਵਿਆਹ ਕਰਾਉਣ ਦਾ ਕੋਈ ਇਰਾਦਾ ਨਾ ਹੋਣ ਬਾਰੇ ਸਪਸ਼ਟ ਨਾਂਹ ਵਿਚ ਜਵਾਬ ਕਿਉਂ ਦਿੱਤਾ, ਜਦਕਿ ਉਹ ਚੰਗਾ ਵੀ ਲੱਗਦਾ ਸੀ!

"ਚੰਗਾ ਜ਼ਰੂਰ ਲੱਗਦਾ ਸੀ, ਪਰ ਸਿਰਫ ਦੋਸਤ ਵਾਂਗ। ਮੈਂ ਵੀ ਉਨ੍ਹਾਂ ਦਿਨਾਂ ਵਿਚ ਬੜੀ ਉਦਾਸ ਰਹਿੰਦੀ ਸਾਂ, ਉਹ ਵੀ। ਅਸੀਂ ਇਕ ਦੂਜੇ ਨਾਲ ਆਪਣੀ ਉਦਾਸੀ ਸ਼ੇਅਰ ਕਰਦੇ ਸਾਂ।"

(1956 ਵਿਚ 20 ਵਰ੍ਹੇ ਦੀ ਉਮਰ ਵਿਚ ਅਨੂੰ ਦਾ ਪ੍ਰੇਮ ਵਿਆਹ ਹੋਇਆ ਸੀ, ਦਿੱਲੀ ਦੇ ਇਕ ਸਿੱਖ ਘਰਾਣੇ ਦੇ ਫਰਜ਼ੰਦ ਨਾਲ। ਵਿਆਹ ਦੇ ਅੱਠ ਮਹੀਨੇ ਬਾਅਦ ਹੀ ਵਿਧਵਾ ਹੋ ਕੇ ਉਹ ਮਾਪਿਆਂ ਦੇ ਘਰ ਵਾਪਸ ਪ੍ਰੀਤਨਗਰ ਆ ਗਈ ਸੀ। ਇਹ ਮੇਰੀ ਹੋਸ਼ ਤੋਂ ਪਹਿਲਾਂ ਦਾ ਸਮਾਂ ਹੈ ਪਰ ਮੇਰੀ ਹੋਸ਼ ਦੇ ਸਮਿਆਂ ਵਿਚ ਵੀ ਪ੍ਰੀਤਨਗਰ, ਮਾਤਾ ਜੀ ਦੀ ਹਾਜ਼ਰੀ ਵਿਚ 'ਪਿਆਸਾ' ਫਿਲਮ ਦੇ ਮਸ਼ਹੂਰ ਗੀਤ 'ਜਾਨੇ ਵੋ ਕੈਸੇ ਲੋਗ ਥੇ ਜਿਨਕੇ ਪਿਆਰ ਕੋ ਪਿਆਰ ਮਿਲਾ' ਦਾ ਤਵਾ ਸੁਣਨਾ ਮਨ੍ਹਾ ਸੀ। ਅਨੂੰ ਭਾਵੇਂ ਉਦੋਂ ਤਕ ਬਾਹਰ ਜਾ ਚੁੱਕੀ ਸੀ ਪਰ ਮਾਤਾ ਜੀ ਅਜੇ ਵੀ ਉਸ ਗੀਤ ਨੂੰ ਸੁਣਨਾ ਨਹੀਂ ਸਨ ਜਰ ਸਕਦੇ ਜਿਸ ਨੂੰ ਲਗਾਤਾਰ ਸੁਣ ਸੁਣ ਕੇ ਉਨ੍ਹਾਂ ਦੀ ਲਾਡਲੀ ਧੀ ਕਦੇ ਵਾਵੀਂ ਹੁੰਦੀ ਰਹੀ ਸੀ।)

"ਉਦਾਸੀ ਸ਼ੇਅਰ ਕਰਦੇ ਸੌ, ਹਾਣ ਵੀ ਬਰਾਬਰ ਦਾ ਸੀ, ਦੋਸਤੀ ਵੀ ਬਹੁਤ ਸੀ, ਫੇਰ ਉਸ ਉਮਰ ਵਿਚ ਵਿਆਹ ਬਾਰੇ ਕਿਉਂ ਨਾ ਸੋਚਿਆ?"

"ਕਈ ਕਾਰਨ ਰਹੇ ਹੋਣਗੇ, ਸ਼ਾਇਦ, ਪਰ ਹੁਣ ਕੋਈ ਖਾਸ ਵਜ੍ਹਾ ਚੁਣ ਕੇ ਦੱਸਣੀ ਮੁਸ਼ਕਿਲ ਹੈ। ਮੈਂ ਕਦੇ ਇਸ ਬਾਰੇ ਸੋਚਿਆ ਹੀ ਨਹੀਂ ਸੀ ਪਰ ਇਕ ਗੱਲ ਯਾਦ ਹੈ ਜਿਸ ਕਾਰਨ ਸਾਡੀ ਕਈ ਵਾਰ ਲੜਾਈ ਵੀ ਹੋ ਜਾਂਦੀ ਸੀ। ਸ਼ਿਵ 'ਪੋਜ਼ੈਸਿਵ' ਬਹੁਤ ਸੀ। ਕਿਸੇ ਨਾਲ ਵੀ ਗੱਲ ਕਰ ਰਹੀ ਹੋਵਾਂ, ਭਾਵੇਂ ਉਮਾ ਭੈਣ ਜੀ ਨਾਲ ਹੀ, ਉਹ ਹਮੇਸ਼ਾ ਸੁਣਨਾ ਜਾਂ ਜਾਣਨਾ ਚਾਹੁੰਦਾ ਸੀ। ਜਿਵੇਂ ਜ਼ਿੰਦਗੀ ਦੀ ਹਰ ਗੱਲ ਉਸ ਨਾਲ ਸਾਂਝੀ ਕਰਨਾ ਹੀ ਦੋਸਤੀ ਦੀ ਸ਼ਰਤ ਹੋਵੇ। ਇਸ ਕਿਸਮ ਦੀ (ਚੰਬੜਵੀਂ ਨੇੜਤਾ) ਮੈਨੂੰ ਕਦੇ ਵੀ, ਕਿਸੇ ਨਾਲ ਵੀ ਮਨਜ਼ੂਰ ਨਹੀਂ ਹੋਈ।"

"ਤੁਹਾਨੂੰ ਸ਼ਿਵ ਹੋਰਾਂ ਕਦੇ ਕੋਈ ਕਵਿਤਾ ਸੁਣਾਈ ਜੋ ਉਨ੍ਹਾਂ ਤੁਹਾਡੇ ਉੱਤੇ ਜਾਂ ਤੁਹਾਡੇ ਲਈ ਲਿਖੀ ਹੋਵੇ?"

"ਨਹੀਂ, ਇਹੋ ਜਿਹੀ ਕੋਈ ਗੱਲ ਮੈਨੂੰ ਯਾਦ ਨਹੀਂ ਸਗੋਂ ਮੇਰੇ ਚੇਤੇ ਵਿਚ ਇਹ ਹੈ ਕਿ ਜਿਹੜੀਆਂ ਕਵਿਤਾਵਾਂ ਸ਼ਿਵ ਮੈਨੂੰ ਸੁਣਾਂਦਾ ਸੀ, ਉਹ ਉਸ ਕੁੜੀ ਬਾਰੇ ਸਨ ਜਿਸ ਨੂੰ ਉਹ ਬੜਾ ਪਿਆਰ ਕਰਦਾ ਸੀ, ਪਰ ਗੁਆ ਬੈਠਾ ਸੀ; ਪਰ ਤੂੰ ਕਹਿਨਾ ਏਂ ਕਿ ਉਸ ਨੇ ਮੇਰੇ ਉੱਤੇ ਵੀ ਕਵਿਤਾਵਾਂ ਲਿਖੀਆਂ, ਉਹ ਕਿਹੜੀਆਂ ਹਨ?"

" ਮੈਂ ਨਹੀਂ ਕਹਿੰਦਾ, ਲੋਕ ਕਹਿੰਦੇ ਨੇ ਸਗੋਂ ਲੋਕ ਤਾਂ ਇਹ ਵੀ ਕਹਿੰਦੇ ਨੇ ਕਿ ਸ਼ਿਵ ਦੀ ਸਾਰੀ ਹੇਰਵੇ ਵਾਲੀ ਸ਼ਾਇਰੀ ਹੈ ਹੀ ਤੁਹਾਡੇ ਬਾਰੇ।"

ਮੈਂ ਅਨੂੰ ਮਾਸੀ ਨੂੰ ਦੋ ਕਵਿਤਾਵਾਂ ਦਾ ਹਵਾਲਾ ਦਿੱਤਾ ਜੋ ਮੈਨੂੰ ਤਕਰੀਬਨ ਜ਼ਬਾਨੀ ਹੀ ਯਾਦ ਸਨ। ਇਨ੍ਹਾਂ ਵਿਚੋਂ ਪਹਿਲੀ 'ਮੈਂ ਇਕ ਸ਼ਿਕਰਾ ਯਾਰ ਬਣਾਇਆ' ਮੇਰੀ ਨਿਜੀ ਰਾਇ ਵਿਚ ਕਿਸੇ ਪਾਸਿਓਂ ਵੀ ਅਨੂੰ ਮਾਸੀ ਨਾਲ ਮੇਲ ਨਹੀਂ ਖਾਂਦੀ, ਸਿਵਾਏ ਇਕ ਸਤਰ ਦੇ: 'ਇਕ ਉਡਾਰੀ ਐਸੀ ਮਾਰੀ, ਉਹ ਮੁੜ ਵਤਨੀਂ ਨਾ ਆਇਆ'। ਇਸ ਦੇ ਬਾਵਜੂਦ, ਮੇਰੀ ਜਾਚੇ ਇਹ ਕਿਸੇ ਹੋਰ ਬਾਰੇ ਵੀ ਲਿਖੀ ਹੋ ਸਕਦੀ ਹੈ, ਸਮੇਤ ਇਸ ਸਤਰ ਦੇ ਪਰ ਅਨੂੰ ਵਾਲੇ ਕਿੱਸੇ ਨਾਲ ਸਭ ਤੋਂ ਵੱਧ ਜੋੜਿਆ ਇਸੇ ਕਵਿਤਾ ਨੂੰ ਜਾਂਦਾ ਹੈ। ਦੂਜੇ ਬੰਨੇ ਸਗੋਂ ਮੇਰੀ ਪੱਕੀ ਰਾਇ ਹੈ ਕਿ ਇਸ ਤੋਂ ਕਿਤੇ ਘੱਟ ਜਾਣੀ ਜਾਂਦੀ, ਜਾਂ ਹਵਾਲੇ ਵਜੋਂ ਪੇਸ਼ ਕੀਤੀ ਜਾਣ ਵਾਲੀ ਕਵਿਤਾ 'ਰੋਗ ਬਣ ਕੇ ਰਹਿ ਗਿਆ ਹੈ, ਪਿਆਰ ਤੇਰੇ ਸ਼ਹਿਰ ਦਾ' ਯਕੀਨਨ ਅਨੂੰ ਬਾਰੇ ਹੀ ਹੈ। ਮੇਰਾ ਮੰਨਣਾ ਹੈ ਕਿ ਇਸ ਦੀ ਸ਼ੁਰੂਆਤੀ ਸਤਰ ਦਾ ਸਪਸ਼ਟ ਇਸ਼ਾਰਾ ਪ੍ਰੀਤ ਨਗਰ ਵੱਲ ਹੈ, ਤੇ 'ਮੈਂ ਮਸੀਹਾ ਦੇਖਿਆ ਬੀਮਾਰ ਤੇਰੇ ਸ਼ਹਿਰ ਦਾ' ਵਾਲੀ ਸਤਰ ਵਿਚ ਗੁਰਬਖਸ਼ ਸਿੰਘ ਵੱਲ।

ਆਪਣੇ ਇਸ ਨਿਚੋੜ ਨੂੰ ਮੈਂ ਅਨੂੰ ਮਾਸੀ ਅੱਗੇ ਵੀ ਰੱਖ ਦਿੱਤਾ ਪਰ ਉਨ੍ਹਾਂ ਨੇ ਇਸ ਵਿਸ਼ਲੇਸ਼ਣ ਵਿਚ ਕੋਈ ਦਿਲਚਸਪੀ ਜ਼ਾਹਰ ਨਾ ਕੀਤੀ। ਉਹ ਤਾਂ ਉਸ ਮਨੁੱਖ ਬਾਰੇ ਵੱਧ ਤੋਂ ਵੱਧ ਜਾਣਨਾ ਚਾਹੁੰਦੇ ਸਨ ਜਿਸ ਨੂੰ ਉਹ ਕਦੇ ਦਾ ਵਿਸਾਰ ਚੁੱਕੇ ਸਨ।

"ਸ਼ਿਵ ਨੇ ਵਿਆਹ ਕਰਾ ਲਿਆ ਸੀ?"

ਮੈਂ ਉਨ੍ਹਾਂ ਨੂੰ ਅਰੁਣਾ ਜੀ, ਤੇ ਉਨ੍ਹਾਂ ਦੇ ਦੋ ਬੱਚਿਆਂ ਬਾਰੇ ਦੱਸਿਆ। ਅਰੁਣਾ ਜੀ ਉਸ ਸਮੇਂ ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਸਨ ਤੇ ਪਟਿਆਲਾ ਰਹਿੰਦੇ ਸਨ।

"ਮੈਂ ਅਰੁਣਾ ਨੂੰ ਮਿਲਣਾ ਚਾਹੁੰਦੀ ਹਾਂ।"

"ਤੁਸੀਂ ਅਰੁਣਾ ਨੂੰ ਮਿਲ ਕੇ ਕੀ ਕਰੋਗੇ?", ਸਵਾਲ ਮੈਂ ਨਹੀਂ, ਅੰਮੀ ਨੇ ਪੁੱਛਿਆ ਸੀ।

"ਬਸ, ਮਿਲਣ ਤੇ ਜੀਅ ਕਰਦਾ ਹੈ।"

ਅੰਮੀ ਨੇ ਅਰੁਣਾ ਜੀ ਦਾ ਨੰਬਰ ਦੇ ਦਿੱਤਾ, ਫੋਨ 'ਤੇ ਗੱਲ ਵੀ ਕਰਾ ਦਿੱਤੀ ਪਰ ਨਾਲ ਹੀ ਇਹ ਵੀ ਕਿਹਾ, "ਉਮਾ ਨੂੰ ਇਹ ਗੱਲ ਚੰਗੀ ਨਹੀਉਂ ਲੱਗਣੀ।"

"ਇਹ ਮੇਰੀ ਜ਼ਿੰਦਗੀ ਏ, ਉਮਾ ਭੈਣ ਜੀ ਦੀ ਨਹੀਂ।" ਆਪਣੀ ਹਰ ਗੱਲ ਪੁਗਾ ਲੈਣ ਵਾਲੇ ਆਪਹੁਦਰੇ ਅਨੂੰ ਮਾਸੀ ਨੂੰ ਕੋਈ ਪਰਵਾਹ ਨਹੀਂ ਸੀ।

ਪਰ ਅੰਮੀ ਦੀ ਗੱਲ ਵੀ ਸੱਚੀ ਨਿਕਲੀ। ਪ੍ਰੀਤ ਨਗਰ ਤੋਂ ਅਨੂੰ ਮਾਸੀ ਦਾ ਫੋਨ ਆਇਆ, "ਉਮਾ ਭੈਣ ਜੀ ਬੜੇ ਹੀ 'ਕੰਜ਼ਰਵੇਟਿਵ' ਨੇ, ਮੇਰੇ ਨਾਲ ਬੇਮਤਲਬ ਹੀ ਔਖੇ ਹੋਈ ਜਾਂਦੇ ਨੇ।"

ਅੰਮੀ ਨੂੰ ਇਤਰਾਜ਼ ਕੋਈ ਨਹੀਂ ਸੀ ਪਰ ਉਮਾ ਮਾਸੀ ਦੇ ਔਖਿਆਂ ਹੋਣ ਦਾ ਕਾਰਨ ਵੀ ਸਮਝਦੇ ਸਨ। ਉਮਾ ਮਾਸੀ ਸਾਡੇ ਪਰਿਵਾਰ ਦੀ ਸਭ ਤੋਂ ਵੱਧ ਮੀਠੀ-ਮੁੱਠੀ ਸ਼ਖ਼ਸੀਅਤ ਸਨ, ਆਪਣੇ ਦਿਲ

*(ਬਾਕੀ ਅਗਲੇ ਸਫੇ 'ਤੇ)*

# "ਨਾਮ 'ਚ ਕੀ ਰੱਖਿਐ?"

## ਵਿਅੰਗ

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 91-98766-55055

ਅੰਗਰੇਜ਼ੀ ਦਾ ਮਹਾਨ ਲੇਖਕ ਵਿਲੀਅਮ ਸ਼ੇਕਸਪੀਅਰ ਆਪਣੇ ਇਕ ਨਾਟਕ 'ਰੋਮੀਓ ਐਂਡ ਜੂਲੀਅਟ' ਵਿਚ ਇਕ ਥਾਂ ਪ੍ਰਸ਼ਨ ਕਰਦੈ ਕਿ 'ਨਾਮ 'ਚ ਕੀ ਰਖਿਐ? ਇਕ ਗੁਲਾਬ ਨੂੰ ਜਿਸ ਨਾਮ ਨਾਲ ਮਰਜ਼ੀ ਪੁਕਾਰੋ, ਉਸ ਦੀ ਸੁਗੰਧੀ ਓਨੀ ਹੀ ਮਿੱਠੀ-ਪਿਆਰੀ ਹੋਵੇਗੀ!'

ਪਰ ਨਾਮਵਰ ਅਮਰੀਕਨ ਲੇਖਕ ਡੇਲ ਕਾਰਨੇਗੀ ਬਿਲਕੁਲ ਇਸ ਦੇ ਉਲਟ ਵਿਚਾਰ ਦਿੰਦੈ। ਵਿਸ਼ਵ ਭਰ ਵਿਚ ਪਬਲਿਕ ਸਪੀਕਿੰਗ ਦੇ ਪ੍ਰਾਰੰਭਕਾਰ ਵਜੋਂ ਜਾਣੇ ਜਾਂਦੇ ਇਸ ਲੇਖਕ ਦਾ ਕਹਿਣਾ ਕਿ 'ਇਕ ਸ਼ਖਸ ਲਈ ਉਸ ਦਾ ਨਾਮ ਸਭ ਤੋਂ ਪਿਆਰਾ/ਮਿੱਠਾ ਤੇ ਕਿਸੇ ਵੀ ਭਾਸ਼ਾ ਵਿਚਲੀ ਸਭ ਤੋਂ ਅਹਿਮ ਧੁਨੀ (ਸਾਊਂਡ) ਹੁੰਦਾ ਹੈ!

ਭਾਵੇਂ ਨਾਮ ਸਭ ਕੁਛ ਨਹੀਂ ਹੁੰਦਾ, ਬੰਦੇ ਅੰਦਰ ਗੁਣ ਹੋਣੇ ਵੀ ਬਹੁਤ ਜ਼ਰੂਰੀ ਹਨ, ਪਰ ਫਿਰ ਵੀ ਨਾਮ ਬਹੁਤ ਕੁਛ ਹੁੰਦੈ। ਨਾਮ ਵਿਅਕਤੀ ਦੀ ਪਛਾਣ ਹੁੰਦੈ। ਉਸ ਦੀ ਆਨ, ਬਾਨ, ਸ਼ਾਨ ਹੁੰਦੈ। ਬੰਦਾ ਤਾਂ ਕੀ, ਜਾਨਵਰ ਨੂੰ ਵੀ ਨਾਮ ਨਾਲ ਸੱਦੋ ਤਾਂ ਉਹ ਵੀ ਪ੍ਰਤੀਕ੍ਰਿਆ ਦਿਖਾਉਂਦੈ। ਪਾਲਤੂ ਜਾਨਵਰ ਤਾਂ ਨਾਮ ਸੁਣ ਕੇ ਭੱਜੇ ਆਉਂਦੇ ਹਨ।

ਵੈਸੇ ਵੀ ਜੇ ਗੁਲਾਬ ਦੇ ਫੁੱਲ ਦਾ ਨਾਮ ਗੋਭੀ ਦਾ ਫੁੱਲ ਰੱਖ ਦਈਏ ਤਾਂ ਭਾਵੇਂ ਖੁਸ਼ਬੂ ਵਿਚ ਤਾਂ ਨਾ ਫਰਕ ਪਵੇ, ਪਰ ਮੂੰਹ ਅੰਦਰ ਸਵਾਦ ਗੋਭੀ ਦੀ ਸਬਜ਼ੀ ਵਰਗਾ ਹੀ ਆਊ! ਉਂਜ ਵੀ ਅੱਜ ਕੱਲ੍ਹ ਤਾਂ ਗੁਲਾਬ ਹੀ ਅਨੇਕਾਂ ਵੰਨਗੀਆਂ ਦੇ ਹਨ, ਵੱਖ ਵੱਖ ਖੁਸ਼ਬੂਆਂ/ਰੰਗਾਂ ਵਾਲੇ। ਉਤੋਂ ਲੋਕਾਂ ਦੀ ਖੁਸ਼ਬੂਆਂ ਦੀ ਪਸੰਦ ਵੀ ਵੱਖ ਵੱਖ ਹੁੰਦੀ ਐ।

ਜੇ ਨਾਮ ਦੀ ਮਹੱਤਤਾ ਬਾਰੇ ਜਾਣਨਾ ਹੋਵੇ ਤਾਂ ਭਾਜਪਾਈਆਂ ਨੂੰ ਪੁਛ ਕੇ ਦੇਖ ਲਵੋ, ਜੋ ਮੁਗਲਾਂ ਦੇ ਸਮੇਂ ਦੀਆਂ ਬਣੀਆਂ ਖਾਸ ਖਾਸ ਥਾਂਵਾਂ ਦਾ ਨਾਮ ਬਦਲ-ਬਦਲ ਕੇ ਆਰ. ਐਸ. ਐਸ./ਭਾਜਪਾ ਆਗੂਆਂ ਦੇ ਨਾਂਵਾਂ 'ਤੇ ਰੱਖੀ ਜਾ ਰਹੇ ਹਨ!

ਨਾਮ ਹੈ ਕੀ? ਨਾਮ ਕਿਸੇ ਸ਼ਖਸ, ਸ਼ੈਅ ਜਾਂ ਸਥਾਨ ਦਾ ਹੁੰਦੈ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਇਹ ਸ਼ਬਦ ਦਾ ਮੂਲ ਸੰਸਕ੍ਰਿਤ ਦਾ 'ਨਾਮਨ' ਅਤੇ ਫਾਰਸੀ ਦੇ 'ਨਾਮ' ਹਨ। ਬਤੌਰ ਸੰਗਯਾ (ਨਾਉਂ) ਇਹ ਕਿਸੇ ਵਸਤੂ ਦਾ ਬੋਧ ਕਰਾਉਣ ਵਾਲਾ ਸ਼ਬਦ, ਜਿਸ ਕਰਕੇ ਅਰਥ ਜਾਣਿਆ ਜਾਵੇ, ਸੋ ਨਾਮ ਹੈ। ਨਾਮ ਦੇ ਮੁੱਖ ਭੇਦ ਦੋ ਹਨ-ਵਸਤੂਵਾਚਕ ਅਤੇ ਭਾਵਵਾਚਕ। ਕੋਸ਼ ਅਨੁਸਾਰ ਗੁਰਬਾਣੀ ਵਿਚ 'ਨਾਮ' ਕਰਤਾਰ ਅਤੇ ਉਸ ਦਾ ਹੁਕਮ ਬੋਧਕ ਸ਼ਬਦ ਵੀ ਹੈ, ਯਥਾ-"ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥" (ਸੁਖਮਨੀ ਸਾਹਿਬ ਦੀ ਇਸ ਅਸ਼ਟਪਦੀ ਅੰਦਰ ਨਾਮ ਸ਼ਬਦ 8 ਵਾਰ ਆਉਂਦੈ-ਉਂਜ ਗੁਰਬਾਣੀ ਵਿਚ ਨਾਮ ਸ਼ਬਦ ਸੈਂਕੜੇ ਵਾਰ ਆਉਂਦੈ)। ਤੀਸਰਾ ਅਰਥ ਅੰਗੀਕਾਰ, ਚੌਥਾ ਸਮਰਣ, ਚੇਤਾ ਅਤੇ ਪੰਜਵਾਂ ਪ੍ਰਸਿੱਧੀ, ਮਸ਼ਹੂਰੀ ਕੀਤਾ ਗਿਆ ਹੈ।

ਇਸ ਲਈ ਹੋਰ ਸ਼ਬਦ ਨਾਂਯ, ਨਾਉਂ, ਨਾਮਾ, ਨਮੋ ਆਦਿ ਵੀ ਵਰਤੇ ਗਏ ਹਨ। ਨਾਮਿ, ਨਾਮੀ, ਨਾਮੈ ਵੱਖਰੇ ਅਰਥਾਂ ਵਿਚ ਵਰਤੇ ਗਏ ਹਨ। ਕਰਤਾਰ, ਵਾਹਿਗੁਰੂ ਲਈ ਸ਼ਬਦ ਨਾਮੁ ਅਤੇ ਨਾਮ-ਦੋਵੇਂ ਵਰਤੇ ਗਏ ਹਨ, 'ਐਸਾ ਨਾਮੁ ਨਿਰੰਜਨ ਹੋਇ॥' 'ਨਾਮ ਦਾਨੁ ਇਸ਼ਨਾਨ ਨ ਕੀਓ॥' 'ਨਾਮੇ' (ਨਾਮ ਕਰਕੇ) ਸ਼ਬਦ ਦਾ ਵੀ ਜ਼ਿਕਰ ਹੈ, 'ਨਾਮੇ ਸਗਲੇ ਕੁਲ ਉਧਰੇ॥' 'ਨਾਮਹੁ' ਅਤੇ 'ਨਾਇ' ਸ਼ਬਦਾਂ ਵੀ ਆਉਂਦੇ ਹਨ, 'ਨਾਮਹੁ ਹੀ ਨਾਮੁ ਮੰਨੀਐ ਨਾਮੇ ਵਡਿਆਈ॥' 'ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥'

ਨਾਮ ਲਈ ਅੰਗਰੇਜ਼ੀ ਸ਼ਬਦ 'ਨੇਮ' ਹੈ, ਜੋ ਸਾਡੇ ਸ਼ਬਦਾਂ ਨਾਲ ਰਲਦਾ-ਮਿਲਦਾ ਜਿਹਾ ਹੀ ਲਗਦੈ। ਇਹ ਪੁਰਾਤਨ ਇੰਗਲਿਸ਼ ਦੇ 'ਨਾਮਾ', ਓਲਡ ਹਾਈ ਜਰਮਨ ਦੇ 'ਨਾਮੋ', ਲਾਤੀਨੀ ਦੇ 'ਨੋਮਨ' ਅਤੇ ਯੂਨਾਨੀ ਭਾਸ਼ਾ ਦੇ 'ਓਨੋਮਾ' ਰਾਹੀਂ ਹੁੰਦਾ ਹੋਇਆ 'ਨੇਮ' ਤਕ ਅੱਪੜਿਆ ਹੈ।

ਬੰਦਾ ਜਦੋਂ ਕਿਸੇ ਦੂਸਰੇ ਬੰਦੇ ਨੂੰ ਮਿਲਦੈ ਤਾਂ ਸਭ ਤੋਂ ਪਹਿਲਾਂ ਉਸ ਦਾ ਨਾਮ ਪੁਛਦੈ। ਹਾਂ, ਔਰਤ ਜਾਂ ਲੜਕੀ ਨੂੰ ਪੈਂਦੀ ਸੱਟੇ ਉਸ ਦਾ ਨਾਮ ਪੁੱਛਣਾ ਮਹਿੰਗਾ ਪੈ ਸਕਦਾ ਅਤੇ ਹੋ ਸਕਦਾ ਮੌਰ ਵੀ ਸੇਕੇ ਜਾਣ! ਪਰ ਫਿਰ ਵੀ 1993 ਦੀ ਹਿੰਦੀ ਫਿਲਮੀ "ਆਂਖੇਂ" ਦਾ ਇਕ ਗਾਣਾ ਹੈ, ਜਿਸ ਵਿਚ ਹੀਰੋ ਅਤੇ ਉਸ ਦਾ ਸਾਥੀ ਅਭਿਨੇਤਰੀ ਤੇ ਉਸ ਦੀ ਸਾਥਣ ਨੂੰ ਪੁਛਦੇ ਐ, "ਓ ਲਾਲ ਦੁਪੱਟੇ ਵਾਲੀ ਤੇਰਾ ਨਾਮ ਤੋ ਬਤਾ, ਉਹ ਕਾਲੇ ਕੁੜਤੇ ਵਾਲੀ ਤੇਰਾ ਨਾਮ ਤੋ ਬਤਾ' ਅਤੇ ਅੱਗਿਉਂ ਉਹ ਦੋਨੋਂ ਜਵਾਬ ਦਿੰਦੀਆਂ ਹਨ ਕਿ 'ਨਾਮ ਕੇ ਦੀਵਾਨੇ ਤੇਰਾ ਕਾਮ ਤੋ ਬਤਾ, ਕਾਮ ਤੋ ਬਤਾ ਤੇਰਾ ਕਾਮ ਤੋ ਬਤਾ।' ਬਾਲੀਵੁੱਡ 'ਚ ਸਭ ਚਲਦੈ, ਅਸਲੀ ਜੀਵਨ ਵਿਚ ਕੁੜਤੇ ਤਕ ਤਾਂ ਕੀ, ਦੁਪੱਟੇ ਤਕ ਪੁੱਜਦਿਆਂ ਹੀ ਛਿੱਤਰ ਪਰੇਡ ਹੋ ਜਾਂਦੀ ਐ!

ਪਛਾਣ ਦੇ ਨਾਲ ਨਾਲ ਨਾਮ ਵਿਅਕਤੀ ਦਾ ਰੁਤਬਾ, ਪੁਜੀਸ਼ਨ, ਪੁੱਜਤ, ਪਾਵਰ, ਪਹੁੰਚ ਦਾ ਲਖਾਇਕ ਵੀ ਹੈ। ਵਿਸ਼ਵ ਭਰ ਵਿਚ ਕਈ ਵੱਡੇ ਨਾਮ ਹਨ। ਕਈ ਤਾਂ ਮੁਹਾਵਰੇ ਬਣ ਚੁਕੇ ਹਨ। ਸ਼ੇਕਸਪੀਅਰ ਸਿਰਫ ਇਕ ਨਾਮ ਨਹੀਂ ਰਿਹਾ, ਸਗੋਂ ਬੌਧਿਕਤਾ ਅਤੇ ਬਾ-ਕਮਾਲ ਲੇਖਣੀ ਦਾ ਮੁਹਾਵਰਾ ਬਣ ਚੁਕੈ। ਦਾਰਾ ਸਿੰਘ ਇਕ ਨਾਮ ਨਹੀਂ ਰਿਹਾ ਸਗੋਂ ਤਾਕਤ, ਸ਼ਕਤੀ, ਸੁਡੌਲਤਾ ਦਾ ਪ੍ਰਤੀਕ ਬਣ ਚੁਕੈ। 'ਉਡਣੇ ਸਿੱਖ' ਮਿਲਖਾ ਸਿੰਘ ਸਮੇਤ ਹੋਰ ਵੀ ਬੜੇ ਨਾਮ ਹਨ, ਜੋ ਇਸ ਕੈਟੇਗਰੀ ਵਿਚ ਆਉਂਦੇ ਹਨ।

ਕਈ ਨਾਮ ਬਰਾਂਡ ਬਣ ਜਾਂਦੇ ਹਨ ਅਤੇ ਕਈ ਬਰਾਂਡ ਨਾਮੀ! ਪਰ ਕੁਆਲਟੀ ਤੋਂ ਬਿਨਾ ਬਰਾਂਡ 'ਉਚਾ ਲੰਮਾ ਗੱਭਰੂ, ਬੋਝੇ 'ਚ ਗਾਜਰਾਂ' ਵਾਲੀ ਗੱਲ ਹੋਊ! ਕਈ ਨਾਮ ਸੁਭਾਅ ਦੇ ਪ੍ਰਗਟਾ ਹੁੰਦੇ ਹਨ, ਪਰ ਕਈ ਬਿਲਕੁਲ ਉਲਟ, ਜਿਵੇਂ ਅੱਖੀਂ ਦਿਸੇ ਨਾ ਤੇ ਨਾਮ ਨੈਣ ਸੁਖ! ਅੱਖੋਂ ਅੰਨ੍ਹਾ ਤੇ ਨਾਮ ਸੁਜਾਖਾ!' ਸਾਰੇ ਪਿੰਡ ਦੀ ਜੂਠ ਨਹੀਂ ਛੱਡਣੀ, ਨਾਂ ਸੁੱਚਾ ਸਿੰਘ। ਕਈ ਸੁਭਾਅ ਵਜੋਂ ਅੱਗ ਦੇ ਭਾਂਬੜ ਹੁੰਦੇ ਹਨ, ਪਰ ਨਾਮ ਠੰਡ ਵਰਤਾਉਂਦਾ ਸੀਤਲ ਹੋਵੇਗਾ! ਕਈ ਗੋਰੇ-ਚਿੱਟੇ ਹੋਣਗੇ, ਪਰ ਨਾਮ ਕਾਲੂ ਹੋਵੇਗਾ। ਕਾਲ-ਕਲੂਟਿਆਂ ਦਾ ਗੋਰਾ, ਕਾਂਗੜ/ਹਵਾ-ਹਿਲਣੇ ਸਰੀਰ ਵਾਲਿਆਂ ਦਾ ਭਲਵਾਨ, ਠਿੰਗਣਿਆਂ ਦਾ ਦਾਰਾ, ਢਿੱਲੜਾਂ ਦਾ ਮਿਲਖਾ, ਢਿੱਡਲਾਂ ਦਾ ਜੌਹਨ ਇਬਰਾਹੀਮ ਹੋਣਗੇ! ਹੋਰ ਤਾਂ ਹੋਰ, ਕਈ ਸ਼ੌਕੀਨ ਆਪਣੇ ਪਾਲਤੂ ਕੁੱਤੇ/ਬਿੱਲੀਆਂ ਦਾ ਨਾਮ ਬਾਲੀਵੁੱਡ ਦੇ ਪ੍ਰਸਿੱਧ ਸਿਤਾਰਿਆਂ ਦੇ ਨਾਂਵਾਂ ਵਾਲੇ ਰੱਖ ਲੈਂਦੇ ਹਨ!

ਨਾਮ ਸਬੰਧੀ ਅਸੀਂ ਇਕ ਬਹੁਤ ਹੀ ਰੋਚਕ ਪਰ ਚੋਟ ਕਰਨ ਵਾਲੀ ਪੋਸਟ ਪੜ੍ਹੀ। ਚੂਜ਼ੇ ਨੇ ਆਪਣੀ ਮੁਰਗੀ-ਮਾਂ ਨੂੰ ਪੁਛਿਆ, "ਮਾਂ, ਇਨਸਾਨ ਆਪਣੀ ਸੰਤਾਨ ਦਾ ਨਾਮਕਰਨ ਕਰਦੇ ਐ, 'ਚਿਕਨ-ਖਾਨਦਾਨ' ਵਿਚ ਸਾਡਾ ਨਾਮਕਰਨ ਕਿਉਂ ਨਹੀਂ ਹੁੰਦਾ?" ਮਾਂ ਨੇ ਜਵਾਬ ਦਿੱਤਾ, "ਪੁੱਤਰ, ਸਾਡੀ ਕੁਲ ਵਿਚ ਮਰਨ ਮਗਰੋਂ ਨਾਮਕਰਨ ਹੁੰਦੈ-ਜਿਵੇਂ ਚਿਕਨ-ਟਿੱਕਾ, ਚਿਕਨ-ਤੰਦੂਰੀ, ਬਟਰ ਚਿਕਨ, ਕੜਾਹੀ ਚਿਕਨ, ਆਦਿ!"

ਨਾਂਵਾਂ ਨਾਲ ਕਈ ਮੁਹਾਵਰੇ/ਅਖਾਣ ਜੁੜੇ ਹਨ-ਨਾਂ ਵੱਡਾ ਦੇਹ ਸੁੰਜ, ਨਾਉਂ ਮੇਰਾ ਚੁਆਤੀ ਨੀ, ਕੋਈ ਘਰ ਸੜਾਓ, ਨਾਉਂ ਵੱਡੇ ਤੇ ਦਰਸ਼ਨ ਛੋਟੇ, ਨਾਉਂ ਉਜਲਾ ਕਰਨਾ-ਉਜਲ ਜਾਏ ਕੇ ਬਾਪ ਦਾ ਨਾਉਂ ਕੀਤੋ, ਸਾਰੇ ਜਗਤ ਤੋਂ ਚਾਕ ਸਦਾਏ ਕੇ ਜੀ (ਹੀਰ-ਹਾਮਦ), ਨਾਮ ਹੀ ਨਾ ਲੈਣਾ, ਨਾਮ ਨੂੰ ਵੱਟਾ ਲਾਉਣਾ, ਨਾਮ ਪੈਦਾ ਕਰਨਾ, ਨਾਂ ਕੱਢਣਾ, ਨਾਂਵ ਮਾਤਰ, ਨਾਂ ਸਦਾਉਣਾ, ਨਾਂ ਗਾਉਣਾ, ਨਾਂ ਗਿਣੌਣਾ, ਨਾਂ ਦੀ ਸਹੁੰ ਖਾਣਾ, ਨਾਂ ਨਮੂਜ਼ ਡੋਬ ਦੇਣਾ, ਨਾਂ ਰੌਸ਼ਨ ਹੋਣਾ/ਕਰਨਾ, ਨਾਂ ਲਗਣਾ, ਨਾਂ ਵਟਾ ਛੱਡਣਾ, ਨਾਂ ਪਿਛੇ ਮਰਨਾ, ਨਾਮੀ-ਗਰਾਮੀ, ਨਾਮ-ਧਰੀਕ (ਨਾਮ ਧਾਰੀਕ ਝੂਠੇ ਸਭ ਸਾਕ॥ -ਗੁਰਬਾਣੀ) ਆਦਿ।

ਨਾਂ-ਕੁਨਾਂ ਵੀ ਹੋ ਜਾਂਦੇ ਹਨ। ਕਈ ਨਾਂਵਾਂ ਦੀਆਂ ਅੱਲਾਂ ਪੈ ਜਾਂਦੀਆਂ ਹਨ, ਜੋ ਕਈ ਪੀੜ੍ਹੀਆਂ ਪਿੱਛਾ ਨਹੀਂ ਛੱਡਦੀਆਂ। ਛੇੜਾਂ ਵਾਲੇ ਨਾਮ ਦੂਸਰੇ ਨੂੰ ਚਿੜਾਉਣ ਲਈ ਵਰਤੇ ਜਾਂਦੇ ਹਨ। ਕਈ ਨਾਮ ਛੋਟੇ ਰੂਪ 'ਚ ਪ੍ਰਚੱਲਤ ਹੋ ਜਾਂਦੇ ਹਨ, ਜੋ ਵੱਡੇ ਹੋਣ ਉਪਰੰਤ ਭੈੜੇ ਲਗਦੇ ਹਨ ।ਲੜਕੀਆਂ ਨੂੰ ਇਹ ਸਮੱਸਿਆ ਵਿਆਹ ਬਾਅਦ ਬਹੁਤ ਆਉਂਦੀ ਹੈ, ਜਦ ਉਨ੍ਹਾਂ ਦੇ ਪੇਕੇ ਪਿੰਡ ਪਹਿਲਾਂ ਵਾਲੇ ਨਿੱਕੇ ਨਾਮ ਨਾਲ ਪੁਕਾਰਿਆ ਜਾਂਦੈ (ਧੀਆਂ-ਪੁੱਤਾਂ ਵਾਲੀਆਂ ਹੋਣ ਮਗਰੋਂ ਵੀ ਉਹ ਪੇਕੇ 'ਗੁੱਡੀਆਂ' ਹੀ ਰਹਿੰਦੀਆਂ ਹਨ)। ਕਈ ਅੱਲਾਂ/ਛੇੜਾਂ ਜਾਂ ਛੋਟੇ ਨਾਮ ਤਾਂ ਬਹੁਤ ਹੀ ਹਾਸੋਹੀਣੇ ਅਤੇ ਕਈ ਵਾਰ ਅਪਮਾਨਜਨਕ/ਛੁਟਿਆਉਣ ਵਾਲੇ ਵੀ ਹੁੰਦੇ ਹਨ, ਜੋ ਲੜਾਈ ਦਾ ਕਾਰਨ ਬਣਦੇ ਹਨ।

ਕਈ ਨਾਮ ਬਹੁਤ ਲੰਮੇ ਹੁੰਦੇ ਹਨ। ਕਈ ਪ੍ਰਾਂਤਾਂ ਵਿਚ, ਖਾਸ ਕਰਕੇ ਦੱਖਣੀ ਭਾਰਤ ਵਿਚ ਤਾਂ ਬੱਚੇ ਦੇ ਨਾਮ ਨਾਲ ਉਸ ਦੇ ਪਿਤਾ, ਦਾਦਾ, ਕੁਲ ਦਾ ਨਾਮ ਵੀ ਲਗਦੈ, ਜਿਸ ਕਾਰਨ ਨਾਮ ਬਹੁਤ ਲੰਮੇਰੇ ਹੋ ਜਾਂਦੇ ਹਨ।

ਕਈ ਤ੍ਰੀਮਤਾਂ ਆਪਣੇ ਪਤੀ ਦਾ ਨਾਮ ਨਹੀਂ ਲੈਂਦੀਆਂ। ਬਸ 'ਇਹ ਜੀ, ਉਹ ਜੀ, ਮੈਂ ਕਿਹਾ ਸੁਣੋ ਜੀ' ਕਹਿ ਕੇ ਸਾਰ ਲੈਂਦੀਆਂ ਹਨ। ਜਾਂ ਫਿਰ ਆਪਣੇ ਬੱਚਿਆਂ ਦਾ ਨਾਮ ਲੈ ਕੇ 'ਪੱਪੂ ਦੇ ਪਾਪਾ', 'ਬੁਗਨੀ ਦੇ ਬਾਪੂ', 'ਡੱਬੂ ਦੇ ਡੈਡੀ' ਨਾਲ ਕੰਮ ਚਲਾ ਲੈਂਦੀਆਂ ਹਨ। ਮਾਡਰਨ ਦੌਰ ਵਿਚ 'ਜਾਨੂੰ', 'ਬੇਬੀ' ਅਤੇ 'ਬਾਬੂ' ਬਹੁਤ ਪ੍ਰਚੱਲਤ ਹਨ।

ਨਿੱਕੇ ਹੁੰਦਿਆਂ ਜੇ ਕਿਸੇ ਨਾਲ 'ਕੱਟੀ' ਪੈ ਜਾਣੀ ਤਾਂ ਉਸ ਦਾ ਨਾਮ ਨਹੀਂ ਸੀ ਲਈਦਾ। ਅਭੋਲ ਬਚਪਨ ਦੀ ਮਨੌਤ ਸੀ ਕਿ ਜੇ 'ਕੱਟੀ' ਦੌਰਾਨ ਨਾਮ ਲੈ ਲਉ ਤਾਂ ਕੱਟੀ ਟੁੱਟ ਜਾਂਦੀ ਐ। ਜਿੰਨਾ ਚਿਰ 'ਕੱਟੀ' ਰਹਿਣੀ ਤਾਂ ਕਿਸੇ ਨਾਲ ਗੱਲ ਕਰਦਿਆਂ ਕੱਟੀ ਵਾਲੇ ਲੜੇ ਹੋਏ ਸਾਥੀ ਨੂੰ 'ਉਹ' ਕਹਿ ਕੇ ਹਵਾਲਾ ਦਈਦਾ ਸੀ। ਜਾਂ ਫਿਰ ਉਸ ਲਈ 'ਬੇਸ਼ਰਮ' ਅਤੇ 'ਦੁਸ਼ਮਣ' ਆਦਿ ਵਿਸ਼ੇਸ਼ਣ ਤਕ ਵੀ ਵਰਤੀਦੇ ਸਨ, ਪਰ ਸੁਲਾਹ ਹੋਣ ਉਪਰੰਤ ਫਿਰ ਸਭ ਪਹਿਲੇ ਵਰਗਾ ਹੋ ਜਾਂਦਾ ਸੀ।

ਪਹਿਲਾਂ ਨਾਮਕਰਨ ਧਾਰਮਿਕ ਰਹੁ-ਰੀਤਾਂ ਅਨੁਸਾਰ ਹੁੰਦੇ ਸਨ। ਸਿੱਖ ਧਰਮ ਵਿਚ ਸੰਗਤ ਦੀ ਮੌਜੂਦਗੀ ਵਿਚ ਗੁਰੂ ਗ੍ਰੰਥ ਸਾਹਿਬ 'ਚੋਂ ਵਾਕ ਲਿਆ ਜਾਂਦਾ ਸੀ ਅਤੇ ਵਾਕ ਦੇ ਪਹਿਲੇ ਅੱਖਰ ਅਨੁਸਾਰ ਨਾਮਕਰਨ ਕੀਤਾ ਜਾਂਦਾ ਸੀ। ਸਾਡਾ ਆਪਣਾ ਨਾਂ ਵੀ ਇਸ ਤਰ੍ਹਾਂ ਹੀ ਰਖਿਆ ਗਿਆ ਸੀ।

ਪਰ ਕਈ ਵਾਰ ਨਾਮ ਜਾਂ ਉਪ-ਨਾਂ/ਕੁਲ-ਨਾਂ (ਸਰਨੇਮ) ਗੜਬੜ ਵੀ ਬੜੀ ਕਰਦੇ ਹਨ। ਸਾਡਾ ਸਰਨੇਮ ਸਾਡੀ ਗੋਤ 'ਗੰਢੂ' ਤੋਂ ਢਾਲ ਕੇ 'ਗੰਡਮ'/'ਗੰਢਮ' ਕਰ ਲਿਆ ਗਿਆ ਸੀ। ਇਸ ਦਾ ਕਾਰਨ ਮੇਰੇ ਪਿਤਾ ਜੀ, ਜੋ 1938 ਵਿਚ ਬ੍ਰਿਟਿਸ਼ ਫੌਜ ਵਿਚ ਭਰਤੀ ਹੋਏ ਸਨ, ਦਸਦੇ ਸਨ ਕਿ ਅੰਗਰੇਜ਼ ਅਫਸਰ 'ਗੰਢੂ' ਸ਼ਬਦ ਉਚਾਰਨ ਵਿਚ ਬੜੀ ਗੜਬੜ ਕਰ ਦਿੰਦੇ ਸਨ, ਜਿਸ ਕਾਰਨ ਅਰਥ ਦੇ ਅਨਰਥ ਹੋ ਜਾਂਦੇ ਸਨ। ਸੋ ਉਨ੍ਹਾਂ ਅਤੇ ਬਾਅਦ ਵਿਚ ਬਾਹਰਲੇ ਮੁਲਕਾਂ ਵਿਚ ਜਾਣ ਵਾਲੇ ਹਮਗੋਤ ਪਿੰਡਵਾਸੀਆਂ ਨੇ, ਇਸ ਨੂੰ 'ਗੰਡਮ/ਗੰਢਮ' ਕਰ ਲਿਆ।

ਪਰ ਸਮੱਸਿਆ ਉਵੇਂ ਹੀ ਬਣੀ ਰਹੀ। ਸਾਨੂੰ ਹੁਣ ਵੀ ਕਈ 'ਗੰਡਮ' ਦੀ ਥਾਂ 'ਘੁੰਮਣ, ਗੌਤਮ, ਗੰਢਾਮ, ਗੰਧਾਮ' ਆਦਿ ਕਹਿ ਦਿੰਦੇ ਹਨ। ਹੋਰ ਤਾਂ ਹੋਰ, ਸਾਡਾ ਇਕ ਮਿਹਰਬਾਨ ਮਿੱਤਰ ਤਾਂ ਸਾਨੂੰ 'ਗੰਦਮ' (ਜਿਸ ਦਾ ਅਰਥ ਕਣਕ ਹੁੰਦੈ) ਹੀ ਕਹਿੰਦੈ! ਕਈ 'ਕੰਡਮ' (ਨਕਾਰਾ/ਨਿਕੰਮਾ) ਵੀ ਕਹਿ ਦਿੰਦੇ ਹਨ!

ਖੈਰ, ਅਸੀਂ ਭਲਾ ਕਿਸ ਬਾਗ ਦੀ ਮੂਲੀ ਹਾਂ? ਇਥੇ ਤਾਂ ਮਸ਼ਹੂਰ ਫਿਲਮੀ ਸਿਤਾਰੇ ਸ਼ੱਤਰੂਘਨ ਸਿਨਹਾ ਵਰਗਿਆਂ ਦਾ ਨਾਮ ਵੀ ਲੋਕ ਠੀਕ ਢੰਗ ਨਾਲ ਨਹੀਂ ਉਚਾਰਦੇ। ਆਪਣੀ ਇਕ ਇੰਟਰਵਿਊ ਵਿਚ ਖੁਦ ਸ਼ੱਤਰੂਘਨ ਸਿਨਹਾ, ਜਿਸ ਨੂੰ 'ਸ਼ੌਟਗਨ' ਵੀ ਕਹਿੰਦੇ ਹਨ, ਨੇ ਇਹ ਗੱਲ ਦੱਸੀ। ਉਸ ਨੇ ਬੜੇ ਹੀ ਖੂਬਸੂਰਤ ਅੰਦਾਜ਼ ਵਿਚ ਦੱਸਿਆ ਕਿ ਉਨ੍ਹਾਂ ਦਾ ਮੌਲਿਕ ਨਾਮ ਸ਼ੱਤਰੂਘਨਾ (ਦੁਸ਼ਮਣਾਂ ਦਾ ਨਾਸ ਕਰਨ ਵਾਲਾ) ਸਿਨਹਾ ਸੀ, ਜੋ ਬਾਅਦ ਵਿਚ ਸ਼ੱਤਰੂਘਨ ਸਿਨਹਾ ਕਰ ਲਿਆ ਗਿਆ, ਪਰ ਫਿਰ ਵੀ ਉਸ ਦੇ ਬੰਗਾਲੀ ਦੋਸਤ ਉਸ ਨੂੰ 'ਸ਼ੌਤਰੂਗਨੋ', ਪੰਜਾਬੀ ਦੋਸਤ 'ਸ਼ੱਤਰੂਗੰਜ' (ਜਿਵੇਂ ਦਰਿਆਗੰਜ, ਪਹਾੜਗੰਜ), ਗੁਜਰਾਤੀ 'ਸ਼ੱਤਰੂਜੰਸੀਆ', ਬਿਹਾਰੀ 'ਸ਼ੱਤਰੂਹਨ, ਸ਼ਤਰੂਧੰਨ' ਕਹਿੰਦੇ ਹਨ। ਸਿਰਾ ਤਾਂ ਉਸ ਵੇਲੇ ਲੱਗ ਗਿਆ, ਜਦ ਉਹ ਪਾਕਿਸਤਾਨ ਗਿਆ ਤਾਂ ਇਕ ਸਮਾਗਮ ਵਿਚ ਉਸ ਨੂੰ 'ਸ਼ਤਰੂਮੁਰਗ' ਸਿਨਹਾ ਕਹਿ ਕੇ ਪੇਸ਼ ਕੀਤਾ ਗਿਆ!

## ਹਰਾਮੀ

### ਮਿਨੀ ਕਹਾਣੀ

ਇੱਕ ਸੰਘਣੇ ਜੰਗਲ ਵਿਚ ਇੱਕ ਆਦਮੀ ਤੇ ਇੱਕ ਔਰਤ ਇੱਕ ਰੁੱਖ ਥੱਲੇ ਆ ਗਏ, ਜਿਥੇ ਇੱਕ ਬੱਚਾ ਖੜ੍ਹਾ ਰੋ ਰਿਹਾ ਸੀ। ਮਨੁੱਖ ਨੇ ਝੁਕ ਕੇ ਉਸ ਨੂੰ ਵਰ੍ਹਾਉਣ ਦਾ ਯਤਨ ਕੀਤਾ ਅਤੇ ਔਰਤ ਨੇ ਉਸ ਨੂੰ ਲਾਡ ਨਾਲ ਪੁਚਕਾਰਿਆ, ਦੁਲਾਰਿਆ। ਬੱਚਾ ਰੋਣੋਂ ਚੁੱਪ ਕਰ ਗਿਆ। ਮਨੁੱਖ ਨੇ ਉਸ ਦਾ ਖੱਬਾ ਹੱਥ ਫੜਿਆ ਤੇ ਔਰਤ ਨੇ ਸੱਜਾ। ਔਰਤ ਤੇ ਆਦਮੀ ਨੇ ਇੱਕ ਦੂਜੇ ਨਾਲ ਅੱਖ ਨਾ ਮਿਲਾਈ ਅਤੇ ਨਾ ਹੀ ਜ਼ਬਾਨ ਸਾਂਝੀ ਕੀਤੀ। ਉਹ ਜੰਗਲ 'ਚ ਤੁਰਦੇ ਗਏ। ਸਿੱਧੇ ਤੁਰਦੇ ਗਏ ਪੂਰਬ ਵੱਲ। ਸੂਰਜ ਦੀ ਚਮਕ ਨਾਲ ਅੱਖਾਂ ਚੰਧਿਆਉਂਦੀਆਂ, ਜੰਗਲ ਦੇ ਖੂੰਖਾਰ ਜਾਨਵਾਰ ਦੀ ਦਹਾੜ ਅਤੇ ਰਾਹ 'ਚ ਵਗਦੇ ਨਦੀ ਨਾਲਿਆਂ ਦੀ ਡੂੰਘਾਈ ਉਨ੍ਹਾਂ ਦੇ ਹੌਸਲੇ ਨੂੰ ਪਸਤ ਨਾ ਕਰ ਸਕੀ।

ਜਦ ਬੱਚਾ ਥੱਕ ਜਾਂਦਾ ਆਦਮੀ ਚੁੱਕ ਕੇ ਉਸ ਨੂੰ ਆਪਣੇ ਮੋਢਿਆਂ 'ਤੇ ਬਿਠਾ ਲੈਂਦਾ ਅਤੇ ਜਦ ਬੱਚਾ ਭੁਖ ਨਾਲ ਰੋਣ ਲੱਗ ਜਾਂਦਾ ਤਾਂ ਔਰਤ ਉਸ ਨੂੰ ਚੁੱਕ ਕੇ ਹਿੱਕ ਨਾਲ ਲਾ ਲੈਂਦੀ। ਉਸ ਨੂੰ ਆਪਣਾ ਦੁੱਧ ਪਿਆ ਦਿੰਦੀ। ਉਹ ਤੁਰਦੇ ਗਏ, ਇੱਕ ਦੂਜੇ ਨਾਲ ਗੱਲਾਂ ਕਰੇ ਬਿਨਾ। ਬਿਨਾ ਇੱਕ ਦੂਜੇ ਨਾਲ ਅੱਖਾਂ ਮਿਲਾਏ। ਉਹ ਸੂਰਜ ਡੁੱਬਦੇ ਨੂੰ ਇੱਕ ਵੱਡੇ ਦਰਿਆ 'ਤੇ ਪਹੁੰਚ ਗਏ।

ਇਸ ਦਰਿਆ ਨੂੰ ਪਾਰ ਕਰਨ ਲਈ ਇੱਕ ਵੱਡੀ ਕਿਸ਼ਤੀ ਸੀ, ਜਿਸ ਨੂੰ ਇੱਕ ਬੁੱਢਾ ਮਲਾਹ ਚਲਾ ਰਿਹਾ ਸੀ। ਬੱਚਾ ਭੱਜ ਕੇ ਕਿਸ਼ਤੀ ਵਿਚ ਚੜ੍ਹ ਗਿਆ। ਜਦ ਬੱਚਾ ਤੇ ਔਰਤ ਕਿਸ਼ਤੀ ਵੱਲ ਵਧੇ ਤਾਂ ਮਲਾਹ ਨੇ ਰੋਕ ਦਿੱਤੇ।

"ਕਿਸ਼ਤੀ ਵਿਚ ਹਰਾਮੀਆਂ ਲਈ ਕੋਈ ਥਾਂ ਨਹੀਂ।" ਮਲਾਹ ਬੋਲਿਆ।

ਉਹ ਦੋਵੇਂ ਪਿੱਛੇ ਹਟ ਗਏ। ਪਰ ਬੱਚਾ ਕਿਸ਼ਤੀ 'ਚ ਬੈਠਾ ਰਿਹਾ। ਇਸ ਵਾਰ ਉਨ੍ਹਾਂ ਦਾ ਮੂੰਹ ਪਿਛਲੇ ਪਾਸੇ ਨੂੰ ਹੋ ਗਿਆ। ਔਰਤ ਦੀਆਂ ਅੱਖਾਂ 'ਚ ਹੰਝੂ ਛਲਕ ਪਏ। ਇਹ ਵੇਖ ਕੇ ਮਲਾਹ ਬੋਲਿਆ, "ਆ ਜਾਉ। ਬੱਚੇ ਨਾਲ ਕੋਈ ਹਰਾਮੀ ਨਹੀਂ ਹੁੰਦਾ।"

ਉਹ ਬੇੜੀ 'ਚ ਬੈਠ ਗਏ। ਮਲਾਹ ਉਨ੍ਹਾਂ ਨੂੰ ਦਰਿਆ ਤੋਂ ਪਾਰ ਉਤਾਰ ਲੰਘ ਗਏ। ਬੱਚਾ ਰੰਗ ਬਰੰਗੇ ਸੁਗੰਧੀ ਭਰੇ ਫੁੱਲਾਂ 'ਚ ਤਿਤਲੀਆਂ ਨਾਲ ਖੇਡਣ ਲੱਗ ਪਿਆ। ਆਦਮੀ ਅਤੇ ਔਰਤ ਇਕੱਠੇ ਬਾਂਸ ਦੇ ਬੰਬੂ ਅਤੇ ਹੋਰ ਟਿੰਬਰ ਦੇ ਅਣ-ਘੜ ਮੋਛੇ ਚੁੱਗ ਕੇ ਕੁੱਲੀ ਬਣਾਉਣ ਲੱਗ ਪਏ।

-ਕਰਮ ਸਿੰਘ ਮਾਨ
ਫੋਨ: 559-261-5024

## ਅੰਨੂ ਤੇ ਸ਼ਿਵ

(ਪਿਛਲੇ ਸਫੇ ਦੀ ਬਾਕੀ)

ਦੀ ਗੱਲ ਅੰਦਰ ਹੀ ਘੁੱਟ ਕੇ ਰੱਖ ਲੈਣ ਵਾਲੇ। ਦੂਜੇ ਪਾਸੇ ਦਾਰ ਜੀ (ਤੇ ਹੁਣ ਉਨ੍ਹਾਂ ਦੀ ਯਾਦ) ਵੱਲ ਉਨ੍ਹਾਂ ਦੀ ਵਫਾਦਾਰੀ ਅਥਾਹ ਤੇ ਅਮੁੱਕ ਸੀ। ਸ਼ਿਵ ਨਾਲ ਅਨੂੰ ਦਾ ਨਾਂ ਜੋੜਦੇ ਕਿੱਸੇ ਨੂੰ ਆਧਾਰ ਬਣਾ ਕੇ ਵਰ੍ਹਿਆਂ ਬੱਧੀ ਗੁਰਬਖਸ਼ ਸਿੰਘ ਉੱਤੇ ਵੀ ਚਿੱਕੜ ਉਛਾਲਿਆ ਗਿਆ ਸੀ: ਅਣ-ਜਾਣਦੇ ਲੋਕਾਂ ਵੱਲੋਂ ਅਣਜਾਣੇ ਵਿਚ, ਤੇ ਜਾਣਕਾਰ ਲੋਕਾਂ ਵੱਲੋਂ ਜਾਣ ਬੁੱਝ ਕੇ। ਅਨੂੰ ਮਾਸੀ (ਤੇ ਕਿਸੇ ਹੱਦ ਤਕ ਮੈਂ ਵੀ) ਉਨ੍ਹਾਂ ਸਮਿਆਂ ਤੋਂ ਅਣਭਿੱਜ ਰਹੇ ਸਾਂ ਪਰ ਉਮਾ ਮਾਸੀ ਨੇ ਇਸ ਸਭ ਵਿਚੋਂ ਲੰਘ ਕੇ ਦੇਖਿਆ ਸੀ। ਉਨ੍ਹਾਂ ਨੂੰ ਸ਼ਾਇਦ ਜਾਪਿਆ ਹੋਵੇ ਕਿ ਅਨੂੰ ਮਾਸੀ ਤੇ ਅਰੁਣਾ ਜੀ ਦੀ ਇਹ ਮਿਲਣੀ ਵਿਹਲੀਆਂ ਜੀਭਾਂ ਤੇ ਕਲਮਾਂ ਨੂੰ ਕੋਈ ਹੋਰ ਮਸੌਦਾ ਮੁਹੱਈਆ ਕਰ ਦੇਵੇਗੀ।

ਅਨੂੰ ਮਾਸੀ ਕੁਝ ਦਿਨਾਂ ਲਈ ਚੰਡੀਗੜ੍ਹ ਗਏ ਸਨ, ਤੇ ਉਥੋਂ ਹੀ ਅਰੁਣਾ ਜੀ ਨਾਲ ਸਮਾਂ ਮਿਥ ਕੇ ਉਨ੍ਹਾਂ ਨੂੰ ਮਿਲ ਵੀ ਆਏ। ਅਰੁਣਾ ਜੀ ਤੇ ਅਨੂੰ ਮਾਸੀ ਵਿਚਕਾਰ ਕੀ ਗੱਲਾਂ ਹੋਈਆਂ, ਇਹ ਤਾਂ ਉਹ ਹੀ ਦੱਸ ਸਕਦੇ ਹਨ। ਮੇਰਾ ਵਧੇਰੇ ਧਿਆਨ ਅਨੂੰ ਮਾਸੀ ਨੂੰ ਛੇੜਨ ਵੱਲ ਸੀ , "ਫੇਰ, ਕਿਹੋ ਜਿਹੀ ਰਹੀ ਮਿਲਣੀ ਸ਼ਿਵ ਕੁਮਾਰ ਦੀ ਪਤਨੀ ਤੇ ਉਸ ਦੇ 'ਪਹਿਲੇ ਪਿਆਰ' ਦੀ? 'ਪਹਿਲਾ ਪਿਆਰ' ਹੁਣ ਝੱਲਾ ਤਾਂ ਨਹੀਂ ਹੋ ਕੇ ਮੁੜਿਆ?"

'ਪਹਿਲੇ ਪਿਆਰ' ਦੇ 'ਝੱਲੇ' ਹੋਣ ਤੋਂ ਮੇਰਾ ਇਸ਼ਾਰਾ ਮੇਰੇ ਭਾਪਾ ਜੀ ਤੇ ਅਨੂੰ ਮਾਸੀ ਵਿਚਕਾਰ ਵਰ੍ਹਿਆਂ ਤੋਂ ਤੁਰੇ ਆਂਦੇ ਪਰਿਵਾਰਕ ਮਖੌਲ ਵੱਲ ਸੀ। ਭਾਪਾ ਜੀ ਨੇ ਆਪਣੇ ਪਹਿਲੇ ਇਕ-ਪਾਸੜ ਪਿਆਰ ਬਾਰੇ 'ਕਹਾਣੀ ਅਸਫਲ ਪਿਆਰ ਤੇ ਸੁਹੰਢਣੇ ਕੰਮ ਸਾਥ ਦੀ' ਦੇ ਸਿਰਨਾਵੇਂ ਹੇਠ ਲਿਖ ਕੇ ਆਪਣੀ ਜਵਾਨੀ ਵੇਲੇ ਦੀ ਅਣ-ਜਵਾਬੀ ਮੁਹੱਬਤ ਦੀ ਸ਼ਿੱਦਤ ਨੂੰ ਬੜੀ ਤਫਸੀਲ ਨਾਲ ਬਿਆਨ ਕੀਤਾ ਹੋਇਆ ਹੈ ਪਰ ਲੇਖ 'ਚ ਕਲਮਬੱਧ ਹੋਣ ਤੋਂ ਵੀ ਬਹੁਤ ਪਹਿਲਾਂ ਤੋਂ ਇਸ ਕਿੱਸੇ ਨੂੰ ਅੰਮੀ ਹੀ ਭਾਪਾ ਜੀ ਨੂੰ ਛੇੜਨ ਲਈ ਪਰਿਵਾਰ ਦੇ ਜੀਆਂ ਨੂੰ ਗਾਹੇ-ਬਗਾਹੇ ਸੁਣਾਂਦੇ ਰਹਿੰਦੇ ਸਨ, ਤੇ ਭਾਪਾ ਜੀ ਅਜੇ ਵੀ ਉਹ ਵੇਲਾ ਯਾਦ ਕਰ ਕੇ ਜਜ਼ਬਾਤੀ ਹੋ ਜਾਂਦੇ ਸਨ। ਇਹ ਕਿੱਸਾ ਸੁਣ ਕੇ ਅਨੂੰ ਮਾਸੀ ਬਹੁਤ ਹੱਸੇ ਸਨ ਤੇ ਉਦੋਂ ਤੋਂ ਭਾਪਾ ਜੀ ਨੂੰ 'ਝੱਲੇ ਜੀਜਾ ਜੀ' ਦਾ ਖਿਤਾਬ ਦੇ ਦਿੱਤਾ ਸੀ ਤੇ ਹੁਣ ਉਨ੍ਹਾਂ ਨੂੰ ਏਸੇ ਸੰਬੋਧਨ ਨਾਲ ਬੁਲਾਂਦੇ ਸਨ।

ਝੱਲੇ ਨਾ ਵੀ ਹੋਏ ਹੋਣ, ਮੈਨੂੰ ਮਹਿਸੂਸ ਹੋਇਆ ਕਿ ਨਾ ਸਿਰਫ ਅਨੂੰ ਮਾਸੀ ਪਟਿਆਲਾ ਫੇਰੀ ਤੋਂ ਬੜੇ ਖੁਸ਼ ਮੁੜੇ ਸਨ, ਉਨ੍ਹਾਂ ਨੂੰ ਇਸ ਗੱਲ ਦਾ ਵੀ ਬੜਾ ਹਿਲੋਰਾ ਸੀ ਕਿ ਕਿਸੇ ਨੇ ਉਨ੍ਹਾਂ ਨੂੰ ਏਨੀ ਸ਼ਿੱਦਤ ਨਾਲ ਪਿਆਰ ਕੀਤਾ, ਉਨ੍ਹਾਂ ਦੇ ਤਸੱਵੁਰ ਨੂੰ ਮਨ ਵਿਚ ਧਰ ਕੇ ਪਿਆਰ ਕਵਿਤਾਵਾਂ ਲਿਖੀਆਂ, ਭਾਵੇਂ ਚਾਰ ਦਹਾਕਿਆਂ ਤਕ ਉਹ ਆਪ ਇਸ ਮੁਹੱਬਤ ਤੋਂ ਅਣਜਾਣ ਹੀ ਰਹੇ।

"ਦਾਰ ਜੀ ਤੇ ਮਾਤਾ ਜੀ ਦੇ ਜਾਣ ਤੋਂ ਬਾਅਦ ਮੈਂ ਅਸਮਾਨ ਵਿਚ ਦੋ ਤਾਰਿਆਂ ਨੂੰ ਉਨ੍ਹਾਂ ਦਾ ਨਾਂ ਦੇ ਦਿੱਤਾ ਹੋਇਐ, ਰੋਜ਼ ਰਾਤ ਨੂੰ ਉਨ੍ਹਾਂ ਨੂੰ ਲੱਭ ਕੇ ਵੇਖਨੀ ਆਂ ਤੇ ਮੈਨੂੰ ਲੱਗਦਾ ਏ, ਦਾਰ ਜੀ ਤੇ ਮਾਤਾ ਜੀ ਨੂੰ ਵੇਖ ਰਹੀ ਆਂ, ਉਨ੍ਹਾਂ ਨਾਲ ਗੱਲਾਂ ਕਰ ਲੈਨੀ ਆਂ। ਹੁਣ ਮੈਂ ਇਕ ਤਾਰੇ ਨੂੰ ਸ਼ਿਵ ਦਾ ਨਾਂ ਵੀ ਦੇ ਦਿੱਤਾ ਏ ...।"

'ਜੋਬਨ ਰੁੱਤੇ ਜੋ ਵੀ ਮਰਦਾ, ਫੁੱਲ ਬਣੇ ਜਾਂ ਤਾਰਾ' ਲਿਖਦਿਆਂ ਸ਼ਿਵ ਨੂੰ ਪਤਾ ਸੀ ਭਲਾ ਕਿ ਇਕ ਦਿਨ, ਭਾਵੇਂ ਬਹੁਤ ਪਛੜ ਕੇ ਹੀ ਸਹੀ, ਕੋਈ ਸੱਚਮੁੱਚ ਉਸ ਨੂੰ ਤਾਰਾ ਚਿਤਵ ਲਏਗਾ!

ਤੇ ਹੁਣ, ਅਨੂੰ ਮਾਸੀ ਆਪ ਵੀ ਤਾਰਾ ਬਣ ਗਏ ਹਨ।

*(ਤ੍ਰੈਮਾਸਿਕ 'ਸਿਰਜਣਾ' ਵਿਚੋਂ ਧੰਨਵਾਦ ਸਹਿਤ)*

## ਅਮੋਲਕ ਸਿੰਘ ਜੰਮੂ ਨੂੰ ਸੱਚੀ ਸ਼ਰਧਾਂਜਲੀ

'ਪੰਜਾਬ ਟਾਈਮਜ਼' ਦਾ 24 ਅਪਰੈਲ 2021 ਲਈ ਜਾਰੀ ਹੋਇਆ ਅੰਕ ਨੰਬਰ 17 ਜਦੋਂ 21 ਅਪਰੈਲ ਨੂੰ ਖੋਲ੍ਹਿਆ ਤਾਂ ਪਹਿਲੇ ਹੀ ਸਫੇ 'ਤੇ ਜਦ ਪੜ੍ਹਿਆ ਕਿ 'ਅਮੋਲਕ ਸਿੰਘ ਜੰਮੂ ਨਹੀਂ ਰਹੇ', ਬਹੁਤ ਦੁੱਖ ਹੋਇਆ। ਇਹ ਤਾਂ ਪਤਾ ਸੀ ਕਿ ਉਹ ਬਹੁਤ ਸਾਲਾਂ ਤੋਂ ਇਕ ਨਾ-ਮੁਰਾਦ ਬਿਮਾਰੀ ਨਾਲ ਜੂਝ ਰਹੇ ਸਨ, ਪਰ ਅਖਬਾਰ ਵਿਚ ਕਦੇ ਉਨ੍ਹਾਂ ਦੀ ਹਾਲਤ ਬਾਰੇ ਨਹੀਂ ਸੀ ਲਿਖਿਆ ਗਿਆ। ਹਰ ਹਫਤੇ 'ਪੰਜਾਬ ਟਾਈਮਜ਼' ਦੀ ਇੰਨੀ ਉਡੀਕ ਹੁੰਦੀ ਸੀ, ਜਿਸ ਤਰ੍ਹਾਂ ਕਦੇ 'ਪ੍ਰੀਤ ਲੜੀ' ਨੂੰ ਉਡੀਕਿਆ ਜਾਂਦਾ ਸੀ।

ਮੈਂ ਪਰਚੇ ਲਈ 2014 ਤੋਂ ਲਗਾਤਾਰ ਕੈਪਸ਼ਨਾਂ ਲਿਖ ਰਿਹਾ ਹਾਂ। ਮੇਰੇ ਲਈ ਇਹ ਬੜੇ ਹੀ ਮਾਣ ਵਾਲੀ ਗੱਲ ਹੈ ਕਿ ਕਦੇ ਕਦੇ ਮੇਰੀ ਕੋਈ ਕਵਿਤਾ ਜਾਂ ਲੇਖ ਛਪਿਆ ਤਾਂ ਲਿਖਣ ਸ਼ਕਤੀ ਨੂੰ ਬਲ ਮਿਲਿਆ। 'ਕਮਲਿਆਂ ਦੇ ਟੱਬਰ ਦੇ ਆਸ-ਪਾਸ' ਪੜ੍ਹ ਕੇ ਪਤਾ ਲੱਗਦਾ ਕਿ ਅਮੋਲਕ ਸਿੰਘ ਕਿਸ ਮਿੱਟੀ ਦੇ ਬਣੇ ਹੋਏ ਸਨ। ਇਹੀ ਕਾਰਨ ਸੀ ਕਿ ਉਨ੍ਹਾਂ ਨੇ ਪੇਪਰ ਵਿਚ ਤੱਥਾਂ ਤੋਂ ਬਗੈਰ ਕੋਈ ਲਿਖਤ ਨਹੀਂ ਛਾਪੀ, ਪਰਚੇ ਦਾ ਮਿਆਰ ਕਾਇਮ ਰੱਖਿਆ ਅਤੇ ਕਿਸੇ ਗਲਤ ਧਿਰ ਨਾਲ ਸਮਝੌਤਾ ਨਹੀਂ ਕੀਤਾ।

ਮੇਰੀ ਪੂਰੀ ਹਮਦਰਦੀ ਉਨ੍ਹਾਂ ਦੇ ਪਰਿਵਾਰ, ਸਟਾਫ ਅਤੇ ਸੰਪਾਦਕੀ ਬੋਰਡ ਨਾਲ ਹੈ। ਆਸ ਹੈ ਕਿ ਜਸਪ੍ਰੀਤ ਕੌਰ ਹੁਰਾਂ ਜਿਸ ਤਰ੍ਹਾਂ ਅਮੋਲਕ ਸਿੰਘ ਦੀ ਸਾਂਭ-ਸੰਭਾਲ ਕੀਤੀ, ਉਹ 'ਪੰਜਾਬ ਟਾਈਮਜ਼' ਦਾ ਵੀ ਓਨਾ ਹੀ ਧਿਆਨ ਰੱਖਣਗੇ।

ਆਸ ਹੈ ਕਿ ਸੰਪਾਦਕੀ ਬੋਰਡ ਵੀ ਇਸ ਮਿਆਰੀ ਪਰਚੇ ਨੂੰ ਚੱਲਣ ਵਿਚ ਪਹਿਲਾਂ ਵਾਂਗ ਸਹਿਯੋਗ ਦੇਵੇਗਾ। ਅਮੋਲਕ ਸਿੰਘ ਜੀ ਨੂੰ ਸੱਚੀ ਸ਼ਰਧਾਂਜਲੀ ਇਹੀ ਹੈ ਕਿ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖਿਆ ਜਾਵੇ।

-ਦਰਸ਼ਨਪਾਲ ਦੋਸਾਂਝ

# ਉਹ ਇੱਕੀ ਦਿਨ: ਮਹਾਮਾਰੀ ਤੇ ਇਕਾਂਤਵਾਸ ਦੀ ਪ੍ਰਮਾਣਿਕ ਬਿਰਤਾਂਤਕਾਰੀ

'ਉਹ ਇੱਕੀ ਦਿਨ' ਗੁਰਮੀਤ ਕੜਿਆਲਵੀ ਦਾ ਪਲੇਠਾ ਨਾਵਲ ਹੈ। ਇਸ ਤੋਂ ਪਹਿਲਾਂ ਉਹ ਪੰਜਾਬੀ ਗਲਪ ਜਗਤ 'ਚ ਛੇ ਕਹਾਣੀ ਸੰਗ੍ਰਹਿ: 'ਅੱਕ ਦਾ ਬੂਟਾ', 'ਉਣੇ', 'ਆਤੂ ਖੋਜੀ', 'ਢਾਲ', 'ਸਾਰੰਗੀ ਦੀ ਮੌਤ ਤੇ ਹੋਰ ਕਹਾਣੀਆਂ', 'ਹਾਰੀ ਨਾ ਬਚਨਿਆ' ਅਤੇ ਦੋ ਬਾਲ ਸਾਹਿਤ ਦੇ ਕਹਾਣੀ ਸੰਗ੍ਰਹਿਆਂ: 'ਟਾਂਗੇ ਵਾਲਾ ਸੰਤਾ' ਅਤੇ 'ਭੱਠੀ ਵਾਲੀ ਗਿੰਦਰੋ' ਨਾਲ ਆਪਣੀ ਭਰਵੀਂ ਹਾਜ਼ਰੀ ਲਵਾ ਚੁਕਾ ਹੈ। ਇਸ ਤੋਂ ਇਲਾਵਾ ਉਹ ਪੰਜ ਨਾਟਕ: 'ਅਸੀਂ ਹਾਂ ਮਿੱਤਰ ਤੁਹਾਡੇ', 'ਕਰਾਮਾਤੀ ਪੈੱਨ', 'ਅਸੀਂ ਉੱਡਣਾ ਚਾਹੁੰਦੇ ਹਾਂ', 'ਸ਼ੇਰ ਸ਼ਾਹ ਸੂਰੀ' ਅਤੇ 'ਪੰਚ ਪਰਮੇਸ਼ਰ' ਵੀ ਪੰਜਾਬੀ ਨਾਟਕ ਜਗਤ ਨੂੰ ਦੇ ਚੁਕਾ ਹੈ। ਉਸ ਦੀਆਂ ਦੋ ਵਾਰਤਕ ਪੁਸਤਕਾਂ: 'ਖਤਰਨਾਕ ਅਤਿਵਾਦੀ ਦੀ ਜੇਲ੍ਹ ਯਾਤਰਾ' ਅਤੇ 'ਦਹਿਸ਼ਤ ਭਰੇ ਦਿਨ' ਨੇ ਪੰਜਾਬੀ ਪਾਠਕਾਂ ਦਾ ਧਿਆਨ ਖਿੱਚਿਆ।

## ਪੁਸਤਕ ਚਰਚਾ

**ਮਨਮੋਹਨ**
**ਫੋਨ: 91-82839-48811**

'ਉਹ ਇੱਕੀ ਦਿਨ' ਦੇ ਨਾਮ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਨਾਵਲ 'ਚ ਮਹਾਮਾਰੀ ਕਾਰੋਨਾ ਦੌਰਾਨ ਸਰਕਾਰ ਵੱਲੋਂ ਐਲਾਨੇ ਇਕਾਂਤਵਾਸ ਦੇ ਅਨੁਭਵਾਂ ਨੂੰ ਬਿਰਤਾਂਤ ਦਾ ਮੂਲ ਆਧਾਰ ਬਣਾਇਆ ਗਿਆ ਹੈ। ਇਕਾਂਤਵਾਸ ਭਾਵ ਕੁਆਰਨਟੀਨ। ਮਹਾਮਾਰੀਆਂ ਨਾਲ ਲੜਨ ਲਈ ਰੋਕਥਾਮ ਦੀ ਦਵਾਈ ਦੀ ਈਜਾਦ ਹੋਣ ਤੋਂ ਪਹਿਲਾਂ ਇਕ ਇਕੋ ਹੱਲ ਸਿਹਤ ਵਿਗਿਆਨ ਕੋਲ ਸੀ ਕਿ ਮਹਾਮਾਰੀ ਦੇ ਮਰੀਜ਼ ਨੂੰ ਇਕਾਂਤਵਾਸ ਕਰ ਦਿੱਤਾ ਜਾਵੇ ਤਾਂ ਕਿ ਬਿਮਾਰੀ ਦੇ ਪ੍ਰਭਾਵ ਵਿਰੁਧ ਮਨੁੱਖੀ ਸਰੀਰ ਆਪਣੀ ਅੰਦਰੂਨੀ ਸ਼ਕਤੀ ਸਿਰ ਲੜ ਕੇ ਮੁੜ ਤੰਦਰੁਸਤ ਹੋ ਸਕੇ ਅਤੇ ਨਾਲ ਹੀ ਉਸ ਤੋਂ ਕਿਸੇ ਹੋਰ ਨੂੰ ਲਾਗ ਲੱਗਣ ਤੋਂ ਵੀ ਬਚਿਆ ਜਾਵੇ।

ਫਾਰਸ ਦੇ ਔਸ਼ਧੀ ਵਿਦਵਾਨ ਇਬਨੇ ਸਿਨਾ (980-1037) ਨੂੰ ਸ਼ੱਕ ਹੋਇਆ ਕਿ ਕੁਝ ਬਿਮਾਰੀਆਂ ਦੇ ਫੈਲਣ ਦਾ ਕਾਰਨ ਸੂਖਮ ਜੀਵ/ਪਰਜੀਵ ਹਨ, ਜੋ ਬੰਦੇ ਅਤੇ ਜਾਨਵਰ ਦਰਮਿਆਨ ਵਟਾਂਦਰੇ ਨਾਲ ਹੋਰ ਸ਼ਕਤੀਸ਼ਾਲੀ ਰੂਪ 'ਚ ਪ੍ਰਗਟ ਹੋ ਕੇ ਵੱਡੀ ਪੱਧਰ 'ਤੇ ਲਾਗ ਅਤੇ ਛੂਤ ਦਾ ਕਾਰਨ ਬਣਦੇ ਹਨ। ਬੰਦੇ ਤੋਂ ਬੰਦੇ ਦੀ ਲਾਗ ਦੇ ਨਿਰੋਧ ਲਈ ਉਸ ਨੂੰ ਇਕ ਵਿਚਾਰ-ਵਿਧੀ ਸੁੱਝੀ ਕਿ ਬੰਦਿਆਂ ਨੂੰ ਚਾਲੀ ਦਿਨਾਂ ਲਈ 'ਕੱਲਿਆਂ ਕਰ ਦਿੱਤਾ ਜਾਵੇ ਤਾਂ ਕਿ ਮਨੁੱਖ ਇਕੱਲਤਾ 'ਚ ਰਹਿ ਕੇ ਬਿਮਾਰੀ ਵਿਰੁਧ ਅੰਦਰੂਨੀ ਤੌਰ 'ਤੇ ਲੜ ਕੇ ਤੰਦਰੁਸਤ ਹੋ ਜਾਵੇ। ਇਸ ਨੂੰ ਉਸ ਨੇ 'ਅੱਲ-ਅਰਬਾ ਈਨੀਆ' ਕਿਹਾ, ਜਿਸ ਦਾ ਭਾਵ ਹੈ ਚਾਲੀ ਦਿਨ। ਇਟਲੀ ਦੇ ਵੀਨਸ ਸ਼ਹਿਰ ਦੇ ਵਪਾਰੀਆਂ ਨੇ ਜਦੋਂ ਇਸ ਦੀ ਸਫਲਤਾ ਬਾਰੇ ਸੁਣਿਆ ਤਾਂ ਉਹ ਇਸ ਗਿਆਨ ਨੂੰ ਆਪਣੇ ਨਾਲ ਇਟਲੀ ਲੈ ਗਏ। ਉਥੇ ਉਨ੍ਹਾਂ ਇਸ ਦਾ ਨਾਮ ਲਾਤੀਨੀ 'ਚ ਤਰਜਮਾ ਕਰ 'Quarantena' ਰੱਖ ਦਿੱਤਾ, ਜਿਸ ਦਾ ਭਾਵ ਇਤਾਲਵੀ ਭਾਸ਼ਾ 'ਚ ਚਾਲੀ ਹੈ। ਇਥੋਂ ਹੀ ਅੱਜ ਦਾ ਸ਼ਬਦ 'ਕੁਆਰਨਟੀਨ' ਪ੍ਰਸਿੱਧ ਹੋਇਆ।

ਕੁਆਰਨਟੀਨ ਦੇ ਸੰਕਲਪ ਦੀ ਨਸਲਵਾਦੀ ਭੇਦਭਾਵ ਵਜੋਂ ਦੁਰਵਰਤੋਂ ਵੀ ਹੋਈ। ਯੂਰਪੀ ਦੇਸ਼ਾਂ ਨੇ ਬਸਤੀਵਾਦੀ ਦੌਰ 'ਚ ਬਸਤੀਆਂ ਦੀ ਸਭਿਅਤਾ ਨਾਲ ਦੁਜੈਲਾ ਅਤੇ ਭੇਦਭਾਵ ਭਰਿਆ ਵਿਹਾਰ ਕੀਤਾ। ਫਰਾਂਜ਼ ਫਾਨਨ ਦੀ ਕਿਤਾਬ 'The Wretched of Earth' ਦੀ ਭੂਮਿਕਾ 'ਚ ਜਾਨ ਪਾਲ ਸਾਰਤਰ ਲਿਖਦਾ ਹੈ ਕਿ ਇਸ ਅਮਲ 'ਚ ਯੂਰਪੀ ਉਤਮਤਾ ਅਤੇ ਸੁੱਚਤਾ ਦਾ ਦੰਭ ਪਿਆ ਹੈ। ਯੂਰਪ 'ਚ ਫੈਲੀ ਪਲੇਗ ਪਿੱਛੇ ਯੂਰਪੀ ਲੋਕਾਂ ਨੂੰ ਇਸ ਦਾ ਕਾਰਨ ਅਫਰੀਕਾ ਅਤੇ ਏਸ਼ੀਆ ਤੋਂ ਸਮੁੰਦਰੀ ਜਹਾਜ਼ਾਂ ਰਾਹੀਂ ਪੁੱਜਣ ਵਾਲੇ ਯਾਤਰੀ ਪ੍ਰਤੀਤ ਹੁੰਦੇ ਸਨ। ਇਸ ਲਈ ਉਨ੍ਹਾਂ ਦਾ ਚਾਲੀ ਦਿਨ ਗਰਮ ਮੌਸਮ 'ਚ ਸ਼ੁੱਧੀਕਰਣ ਕੀਤਾ ਜਾਂਦਾ ਸੀ। ਭਾਰਤੀਆਂ ਨੇ ਵੀ ਵੀਹਵੀਂ ਸਦੀ ਦੇ ਅਰੰਭ 'ਚ ਬਹੁਤ ਜ਼ੁਲਮ ਅਤੇ ਸ਼ੋਸ਼ਣ ਭੋਗਿਆ। ਯੂਰਪੀਆਂ ਦੀਆਂ ਸ਼ਾਂਤ ਅਤੇ ਪ੍ਰਸ਼ਾਂਤ ਮਹਾਸਾਗਰਾਂ ਦੇ ਦੀਪ ਸਮੂਹਾਂ 'ਚ ਵੱਸੀਆਂ ਬਸਤੀਆਂ 'ਚ ਜਾਣ ਵਾਲੇ ਭਾਰਤੀਆਂ ਨੂੰ ਕੰਬੋਡੀਆ, ਫਰਾਮੂਸਾ, ਵੀਅਤਨਾਮ, ਫਿਜੀ, ਫਿਲਪੀਨਜ਼ ਅਤੇ ਗੁਆਮ ਆਦਿ 'ਚ ਕੁਆਰਨਟੀਨ ਕੀਤਾ ਜਾਂਦਾ।

ਕੁਆਰਨਟੀਨ ਦੇ ਚਾਲੀ ਦਿਨ ਦੇ ਇਕਾਂਤਵਾਸ ਦੀ ਨੀਰਸਤਾ ਤੋਂ ਮੁਕਤ ਹੋਣ ਲਈ ਸਾਹਿਤ ਸਿਰਜਣ ਦੇ ਖੇਤਰ 'ਚ ਖਾਸ ਕਰਕੇ ਗਲਪ ਅਤੇ ਵਾਰਤਕ ਦੀਆਂ ਕਈ ਵੱਡੀਆਂ ਸ਼ਖਸੀਅਤਾਂ ਨੇ ਇਸ ਮਜਬੂਰਨ ਕੈਦ ਦਾ ਸਕਾਰਾਤਮਕ ਅਤੇ ਸਿਰਜਣਾਤਮਕ ਪ੍ਰਯੋਗ ਵੀ ਕੀਤਾ। ਐਲਬੇਅਰ ਕਾਮੂ ਨੇ ਯੂਰਪ 'ਚ ਜਰਮਨੀ ਦੇ ਕਬਜ਼ੇ ਵਾਲੇ ਫਰਾਂਸ 'ਚ ਫੈਲੀ ਮਹਾਮਾਰੀ 'ਤੇ 'ਪਲੇਗ' ਨਾਵਲ ਲਿਖਿਆ, ਜਿਸ ਨਾਲ ਪੱਛਮੀ ਨਾਵਲ ਪਰੰਪਰਾ 'ਚ ਇਕ ਨਵਾਂ ਰੁਝਾਨ ਪੈਦਾ ਹੋਇਆ। ਉਸ ਨੇ ਬੜੀ ਸਟੀਕ ਭਾਸ਼ਾ 'ਚ ਲਿਖਿਆ, "ਮਹਾਮਾਰੀ ਬੜੀ ਚਲਾਕ, ਸ਼ਾਤਿਰ ਅਦਿੱਖ ਵੈਰਣ ਹੈ, ਜੋ ਆਪਣੇ ਕੰਮ 'ਚ ਬੜੀ ਮਾਹਿਰ ਤੇ ਕੁਸ਼ਲ ਪ੍ਰਬੰਧਕ ਹੈ ਅਤੇ ਆਪਣਾ ਕਾਰਜ ਬੜੇ ਸਲੀਕੇ ਤੇ ਕਾਰਗਰ ਢੰਗ ਨਾਲ ਸਮੁੱਚਤਾ 'ਚ ਨੇਪਰੇ ਚਾੜ੍ਹਦੀ ਹੈ।"

ਉਰਦੂ 'ਚ ਰਾਜਿੰਦਰ ਸਿੰਘ ਬੇਦੀ ਦੀ ਕਹਾਣੀ 'ਕੁਆਰਨਟੀਨ' ਪਲੇਗ ਦੀ ਮਹਾਮਾਰੀ ਦੇ ਸਬੰਧ 'ਚ ਹੈ। ਇਸ ਵਿਚ ਬੇਦੀ ਨੇ ਪਲੇਗ ਦੀ ਮਹਾਮਾਰੀ 'ਚ ਵਿਲੀਅਮ ਭਾਗਵ ਨਾਮੀ ਸਫਾਈ ਕਰਮਚਾਰੀ ਦੀ ਸੇਵਾ ਭਾਵਨਾ ਦੇ ਬਰਅਕਸ ਮੱਧਵਰਗ ਦੇ ਸਵਾਰਥ ਅਤੇ ਲੋਭ ਨੂੰ ਬੜੇ ਤਨਜ਼ੀਆ ਅੰਦਾਜ਼ 'ਚ ਪੇਸ਼ ਕੀਤਾ ਹੈ।

ਹਿੰਦੀ ਦੇ ਮਸ਼ਹੂਰ ਕਵੀ ਸੂਰਯਕਾਂਤ ਤ੍ਰਿਪਾਠੀ ਨਿਰਾਲਾ ਨੇ ਆਪਣੀ ਸਵੈਜੀਵਨੀ 'ਕੁਲੀ ਭਾਟ' 'ਚ 1918 ਬਾਰੇ ਲਿਖਿਆ, "ਮੈਂ ਦਾਲਭੂਮ 'ਚ ਗੰਗਾ ਕਿਨਾਰੇ ਖੜ੍ਹਾ ਸੀ ਤੇ ਜਿੱਥੋਂ ਤੱਕ ਨਜ਼ਰ ਜਾਂਦੀ ਸੀ, ਗੰਗਾ ਦੇ ਪਾਣੀਆਂ 'ਚ ਲਾਸ਼ਾਂ ਹੀ ਲਾਸ਼ਾਂ ਦਿੱਸ ਰਹੀਆਂ ਸਨ। ਮੇਰੇ ਸਹੁਰਿਆਂ ਤੋਂ ਖਬਰ ਆਈ ਕਿ ਮੇਰੀ ਪਤਨੀ ਮਨੋਹਰਾ ਦੇਵੀ ਵੀ ਚੱਲ ਵੱਸੀ। ਮੇਰੇ ਭਰਾ ਦਾ ਸਭ ਤੋਂ ਵੱਡਾ ਬੇਟਾ, ਜੋ ਪੰਦਰਾਂ ਸਾਲ ਦਾ ਸੀ ਅਤੇ ਮੇਰੀ ਇਕ ਸਾਲ ਦੀ ਬੇਟੀ ਨੇ ਵੀ ਪ੍ਰਾਣ ਤਿਆਗ ਦਿੱਤੇ। ਮੇਰੇ ਪਰਿਵਾਰ ਦੇ ਹੋਰ ਵੀ ਕਈ ਜੀਅ ਸਦਾ ਲਈ ਤੁਰ ਗਏ। ਲੋਕਾਂ ਦੇ ਸਸਕਾਰ ਲਈ ਲੱਕੜਾਂ ਘੱਟ ਪੈ ਗਈਆਂ ਸਨ। ਪਲਕਾਂ ਝਪਕਦਿਆਂ ਹੀ ਮੇਰਾ ਪਰਿਵਾਰ ਮੇਰੀਆਂ ਅੱਖਾਂ ਮੂਹਰਿਓਂ ਗਾਇਬ ਹੋ ਗਿਆ। ਮੇਰੀਆਂ ਅੱਖਾਂ ਮੂਹਰੇ ਹਨੇਰਾ ਹੀ ਹਨੇਰਾ ਸੀ।"

ਹਿੰਦੀ 'ਚ 1922 ਦੌਰਾਨ ਸ੍ਰੀਨਾਥ ਸਿੰਘ ਦਾ ਨਾਵਲ 'ਉਲਝਨ' ਆਇਆ, ਜੋ ਚੇਤਨ ਨਾਮ ਦੇ ਭਾਰਤੀ ਲੜਕੇ ਦੀ ਕਹਾਣੀ ਹੈ। ਉਹ ਪੜ੍ਹਾਈ ਲਈ ਲੰਡਨ ਜਾ ਰਿਹਾ ਸੀ, ਪਰ ਮੱਧ ਪੂਰਬ 'ਚ ਉਸ ਨੂੰ ਕਿਸੇ ਰੇਗਿਸਤਾਨੀ ਇਲਾਕੇ 'ਚ ਕੁਆਰਨਟੀਨ ਕਰ ਦਿੱਤਾ ਜਾਂਦਾ ਹੈ। ਉਥੇ ਉਸ ਦਾ ਪੱਲਵੀ ਨਾਮੀ ਕੁੜੀ ਨਾਲ ਪਿਆਰ ਹੁੰਦਾ ਹੈ, ਜੋ ਉਸ ਅੰਦਰ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਲਈ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਦੀ ਹੈ। ਫਣੀਸ਼ਵਰ ਨਾਥ ਰੇਣੂ ਦਾ 'ਮੈਲਾ ਆਂਚਲ' ਉਦੋਂ ਲਿਖਿਆ ਗਿਆ, ਜਦੋਂ ਉੱਤਰੀ ਬਿਹਾਰ ਦੇ ਪੂਰਨੀਆ ਖੇਤਰ 'ਚ ਦਿਮਾਗੀ ਬੁਖਾਰ ਫੈਲਿਆ ਹੋਇਆ ਸੀ, ਜੋ ਲਾਇਲਾਜ ਸੀ। ਉਸ ਬਹੁਤ ਹੀ ਗਰੀਬ ਇਲਾਕੇ ਤੇ ਉਸ ਗੰਭੀਰ ਸੰਕਟ 'ਚੋਂ 'ਮੈਲਾ ਆਂਚਲ' ਨਿਕਲਿਆ। ਨਾਵਲ 'ਗਾਡੀ ਵਾਲੋਂ ਕਾ ਕਟੜਾ' ਅਤੇ ਰਾਹੀ ਮਾਸੂਮ ਰਜ਼ਾ ਦੇ 'ਆਧਾ ਗਾਂਵ' 'ਚ ਮਹਾਮਾਰੀ ਦਾ ਬਿਰਤਾਂਤ ਹੈ।


ਇਸ ਵਿਚ ਕੋਈ ਸ਼ੱਕ ਨਹੀਂ ਕਿ ਯਾਤਰੀ ਅਤੇ ਵਪਾਰੀ ਆਪਣੇ ਸੰਗ ਬਿਮਾਰੀਆਂ ਦੇ ਵਿਸ਼ਾਣੂਆਂ ਦੇ ਨਾਲ ਨਾਲ ਬਹੁਤ ਸਾਰੇ ਕਥਾ ਬਿਰਤਾਂਤ ਵੀ ਲੈ ਕੇ ਚੱਲਦੇ ਅਤੇ ਇਹ ਦੂਰ ਦੁਰਾਡੀਆਂ ਧਰਤੀਆਂ ਤੇ ਸੱਭਿਅਤਾਵਾਂ ਦੇ ਮਨ ਦਾ ਹਿੱਸਾ ਬਣ ਜਾਂਦੇ। ਇਹੋ ਹੀ ਸ਼ਾਇਦ ਮਹਾਮਾਰੀਆਂ ਵਿਰੁਧ ਲੜਨ ਦੀ ਮਾਨਵੀ ਸਿਰਜਣਾਤਮਕਤਾ ਦਾ ਦਿਓਤਕ ਹੈ, ਜਿਸ ਨੂੰ ਜ਼ਿੰਦਾ ਰੱਖਣਾ ਹਰ ਲੇਖਕ ਦੀ ਸਮਾਜਿਕ ਜ਼ਿੰਮੇਵਾਰੀ ਹੈ। ਪੰਜਾਬੀ ਗਲਪ 'ਚ ਮਹਾਮਾਰੀਆਂ ਦੇ ਸਮਿਆਂ ਦੇ ਸਾਹਿਤ ਸਿਰਜਣ 'ਚ ਕੋਈ ਜ਼ਿਕਰਯੋਗ ਪ੍ਰਯੋਗ ਹੋਇਆ ਨਹੀਂ ਦਿੱਸਦਾ, ਪਰ ਇਸ ਕਮੀ ਨੂੰ 'ਉਹ ਇੱਕੀ ਦਿਨ' ਦੀ ਆਮਦ ਭਰਦੀ ਹੋਈ ਦਿਖਾਈ ਦਿੰਦੀ ਹੈ।

ਗੁਰਮੀਤ ਕੜਿਆਲਵੀ ਮੂਲ ਰੂਪ 'ਚ ਕਹਾਣੀਕਾਰ ਹੈ। ਇਸ ਲਈ ਉਸ ਦੀ ਬਿਰਤਾਂਤਕਾਰੀ 'ਚ ਕਥਾਕਾਰੀ ਦੀ ਵਿਧੀ ਬਿਰਤਾਂਤਕ ਜੁਗਤ ਵਾਂਗ ਇਸ ਨਾਵਲ ਦੇ ਆਰ ਪਾਰ ਫੈਲੀ ਹੋਈ ਹੈ। 'ਉਹ ਇੱਕੀ ਦਿਨ' ਦਾ ਬਿਰਤਾਂਤ ਸਰਕਾਰ ਵੱਲੋਂ ਤਾਲਾਬੰਦੀ ਦੌਰਾਨ ਪੰਜਾਬ ਤੋਂ ਬਾਹਰੋਂ ਆਏ ਬਹੁਤ ਸਾਰੇ ਲੋਕਾਂ ਦਾ ਕਿਸੇ ਸ਼ਹਿਰ ਦੇ 'ਡਿਵਾਈਨ ਲਾਈਟ ਪਬਲਿਕ ਸਕੂਲ' 'ਚ ਇਕਾਂਤਵਾਸ ਦੇ ਇੱਕੀ ਦਿਨ ਦਾ ਘਟਨਾਕ੍ਰਮ ਹੈ। ਬਿਰਤਾਂਤਕਾਰ ਨੂੰ ਸਰਕਾਰੀ ਕਾਰਗੁਜ਼ਾਰੀ ਦਾ ਨਿਜੀ ਤੇ ਸਿੱਧਾ ਅਨੁਭਵ ਹੋਣ ਕਾਰਨ ਸਰਕਾਰੀ ਨੌਕਰਸ਼ਾਹੀ ਦੀ ਅਸੰਵੇਦਨਹੀਣਤਾ ਦਾ ਗਿਆਨ ਹੈ। ਇਸ ਲਈ 'ਉਹ ਇੱਕੀ ਦਿਨ' ਦਾ ਬਿਰਤਾਂਤ ਪਹਿਲੇ ਅਧਿਆਇ ਤੋਂ ਹੀ ਆਪਣੀ ਵਸਤੂਗਤਤਾ ਨੂੰ ਯਥਾਰਥਕ ਦ੍ਰਿਸ਼ਟੀ ਤੋਂ ਬੜੀ ਪਾਰਦਰਸ਼ੀ ਅਤੇ ਪੁਖਤਗੀ ਨਾਲ ਸਮਝ ਕੇ ਪੇਸ਼ ਕਰਦਾ ਹੈ। ਨਾਵਲ ਦੇ ਪ੍ਰਕਾਸ਼ਕ ਖੁਸ਼ਵੰਤ ਬਰਗਾੜੀ ਵੱਲੋਂ ਨਾਵਲ ਦੀ ਪਿੱਠ 'ਤੇ ਲਿਖੇ ਸ਼ਬਦ ਇਸ ਗੱਲ ਦੀ ਪ੍ਰੋੜਤਾ ਕਰਦੇ ਦਿਖਾਈ ਦਿੰਦੇ ਹਨ;

'ਉਹ ਇੱਕੀ ਦਿਨ' ਦੀ ਕਥਾ ਜੁਗਤ ਇਵੇਂ ਖੁਲ੍ਹਦੀ ਹੈ ਕਿ ਹਰ ਅਧਿਆਇ ਇਕ ਵਿਸ਼ੇਸ਼ ਦ੍ਰਿਸ਼ ਚਿੱਤਰਣ ਨਾਲ ਪੇਸ਼ ਹੁੰਦਾ ਹੈ ਅਤੇ ਬਾਕੀ ਦਾ ਬਿਰਤਾਂਤ ਉਸੇ ਦ੍ਰਿਸ਼ ਦੀ ਪ੍ਰਕਿਰਤੀ ਤੇ ਸੁਭਾਅ ਨੂੰ ਆਪਣੀ ਪੇਸ਼ਕਾਰੀ 'ਚ ਅਪਨਾਉਂਦਾ ਹੈ। ਪਹਿਲਾ ਅਧਿਆਇ ਇਸ ਦ੍ਰਿਸ਼ ਨਾਲ ਖੁਲ੍ਹਦਾ ਹੈ, 'ਵਿਸਾਖ ਮਹੀਨੇ ਦੀ ਤਿੱਖੜ ਦੁਪਹਿਰ... ਅੱਖਾਂ ਨੂੰ ਚੁਭਣ ਵਾਲੀ ਤਿੱਖੀ ਤੇ ਮੀਸਣੀ ਧੁੱਪ।'



ਗੁਰਮੀਤ ਕੜਿਆਲਵੀ




ਬਾਕੀ ਦਾ ਬਿਰਤਾਂਤ ਸਕੂਲ ਦੇ ਦ੍ਰਿਸ਼ 'ਚ ਸਰਕਾਰੀ ਅਧਿਕਾਰੀਆਂ ਦੇ ਅਸੰਵੇਦਨਸ਼ੀਲ ਅਤੇ ਮਸ਼ੀਨੀ ਵਿਹਾਰ ਦੀ ਪੇਸ਼ਕਾਰੀ ਹੈ, ਜਿਸ ਦੀ ਵਿਧੀ ਲਘੂ ਕਥਾਤਮਕਤਾਮੂਲਕ ਹੈ। ਅਧਿਕਾਰੀ ਆਪਣੇ ਕਈ ਮਸਲਿਆਂ ਤੇ ਝਮੇਲਿਆਂ 'ਚ ਉਲਝੇ ਪਏ ਹਨ। ਇਕਾਂਤਵਾਸ ਦੀਆਂ ਹਦਾਇਤਾਂ ਨੂੰ ਬੜੇ ਮਕਾਨਕੀ, ਯਾਂਤਰਿਕ ਅਤੇ ਅਸੰਵੇਦਨਸ਼ੀਲ ਢੰਗ ਨਾਲ ਲਾਗੂ ਕਰ ਰਹੇ ਹਨ। ਉਨ੍ਹਾਂ ਨੂੰ ਇਕਾਂਤਵਾਸੀਆਂ ਦੇ ਅੰਦਰਲੇ ਡਰ, ਸਹਿਮ ਅਤੇ ਖਦਸ਼ਿਆਂ ਨਾਲ ਕੋਈ ਬਹੁਤਾ ਮਾਨਵੀ ਸਰੋਕਾਰ ਜਾਂ ਸਾਂਝ ਨਹੀਂ। ਦੂਜੇ ਅਧਿਆਇ 'ਚ ਆਏ ਇਕਾਂਤਵਾਸੀਆਂ ਦਾ ਇਕ ਤਰ੍ਹਾਂ ਨਾਲ ਪਰਿਚਯ ਹੁੰਦਾ ਹੈ। ਹਰ ਇਕਾਂਤਵਾਸੀ ਹੋਰਾਂ ਵਾਂਗ ਇਕਾਂਤਵਾਸੀ ਹੀ ਹੈ, ਪਰ ਕਰੋਨਾ ਤੋਂ ਇਲਾਵਾ ਉਸ ਨੂੰ ਹੋਰ ਵੀ ਨਿਜੀ ਦੁੱਖ ਤੇ ਸੰਤਾਪ, ਡਰ ਤੇ ਸ਼ੰਕੇ, ਅਸੁਰੱਖਿਅਤਾਵਾਂ ਤੇ ਖਦਸ਼ੇ, ਸੁਪਨੇ ਤੇ ਖਵਾਹਿਸ਼ਾਂ, ਚਾਹਤਾਂ ਤੇ ਕਾਮਨਾਵਾਂ ਅਤੇ ਚਿੰਤਾਵਾਂ ਤੇ ਚੇਤਨਾਵਾਂ ਹਨ। ਹਰ ਇਕ ਨੂੰ ਇੱਕੀ ਦਿਨਾਂ ਦੇ ਇਕਾਂਤਵਾਸ ਤੋਂ ਮੁਕਤ ਹੋ ਘਰ ਜਾਣ ਦੀ ਕਾਹਲ ਹੈ। ਚਿੱਟੇ ਵਾਲਾਂ ਵਾਲੀ ਦਾਨੀ ਬੀਬੀ ਜੰਤਰੀ 'ਤੇ ਪੈਨਸਿਲ ਦੀਆਂ ਨਿਸ਼ਾਨੀਆਂ ਲਾਉਂਦੀ ਜੇਠ ਮਹੀਨੇ ਦੀ ਆਮਦ ਦੀ ਉਡੀਕ 'ਚ ਹੈ। ਇਕ ਹੋਰ ਬੀਬੀ ਨਿੱਤ ਘਰ ਜਾਣ ਹਿੱਤ ਦਿਨਾਂ ਦਾ ਹਿਸਾਬ-ਕਿਤਾਬ ਲਾਉਂਦੀ ਰਹਿੰਦੀ ਹੈ। ਨਛੱਤਰ ਸਿੰਘ ਨਾਮ ਦਾ ਪਾਤਰ ਵਿਆਜੂ ਦਿੱਤੇ ਪੈਸਿਆਂ ਦਾ ਹਿਸਾਬ ਆਪਣੀ ਡਾਇਰੀ 'ਚ ਲਿਖਦਾ ਰਹਿੰਦਾ ਹੈ। ਕਾਹਲੇ ਸੁਭਾਅ ਵਾਲਾ ਮੁੰਡਾ ਮਨਵੀਰ ਉਰਫ ਲਵੀ ਆਪਣੇ ਮੋਬਾਈਲ ਫੋਨ 'ਤੇ ਜਾਣ ਦੀ ਤਰੀਕ ਦਾ ਰੀਮਾਂਈਡਰ ਲਾ ਲੈਂਦਾ ਹੈ। ਸਰਕਾਰੀ ਬੱਸ ਦਾ ਡਰਾਈਵਰ ਗੁਰਚਰਨ ਬਾਹਰਲੇ ਸੂਬੇ 'ਚੋਂ ਸੰਗਤ ਨੂੰ ਲਿਆਉਣ ਕਾਰਨ ਇਕਾਂਤਵਾਸ ਮਗਰੋਂ ਓਸ ਦਿਨ ਨੂੰ ਪਛਤਾਅ ਰਿਹੈ, ਜਿਸ ਦਿਨ ਉਸ ਨੇ ਹਾਮੀ ਭਰੀ ਸੀ।

ਆਨੰਦ ਨਾਮ ਦਾ ਪਾਤਰ ਸਾਰੀਆਂ ਚਿੰਤਾਵਾਂ ਤੋਂ ਮੁਕਤ ਹੈ। ਉਹ ਕਹਿੰਦਾ ਹੈ, "ਮਹਾਮਾਰੀ ਦੀ ਸਿਆਸਤ ਦੇ ਇਹ ਦਿਨ ਆਤਮ ਚਿੰਤਨ ਦੇ ਦਿਨ ਹਨ। ਕੁਦਰਤੀ ਅਤੇ ਮਨੁੱਖੀ ਮਹਾਮਾਰੀਆਂ ਬਾਰੇ 'ਕੀ, ਕਿਉਂ ਤੇ ਕਿਵੇਂ' ਵਰਗੇ ਸਵਾਲ ਖੜ੍ਹੇ ਕਰਨੇ ਚਾਹੀਦੇ ਹਨ। ਇਸ ਸਮੇਂ ਘਬਰਾਉਣ ਦੀ ਨਹੀਂ-ਜ਼ਿੰਦਗੀ ਨਾਲ ਜੁੜੇ ਬਹੁਤ ਸਾਰੇ ਸਵਾਲਾਂ ਬਾਰੇ ਚਿੰਤਨ ਕਰਨ ਦੀ ਜ਼ਰੂਰਤ ਹੈ।" ਨੀਝ ਨਾਲ ਦੇਖਿਆਂ ਇਹ ਪਾਤਰ ਦਰਅਸਲ ਬਿਰਤਾਂਤਕਾਰ ਹੈ। ਜਦੋਂ ਉਸ ਨੇ ਕੋਈ ਵਸਤੂਗਤ ਤਾਰਕਿਕਤਾ ਜਾਂ ਗਿਆਨਾਤਮਕ ਦ੍ਰਿਸ਼ਟੀਕੋਣ ਨੂੰ ਬਿਰਤਾਂਤ ਦਾ ਹਿੱਸਾ ਬਣਾਉਣਾ ਹੁੰਦਾ ਹੈ ਤਾਂ ਆਨੰਦ ਦਾ ਸਹਾਰਾ ਲੈਂਦਾ ਹੈ। ਭਾਰਤੀ ਇਤਿਹਾਸ 'ਚ ਜਾਤਕ ਕਥਾਵਾਂ 'ਚ ਮਹਾਤਮਾ ਬੁੱਧ ਦੇ ਬਿਰਤਾਂਤਾਂ ਨਾਲ ਵੀ ਆਨੰਦ ਨਾਮ ਦਾ ਪਾਤਰ ਜੁੜਿਆ ਹੈ। ਆਨੰਦ ਦਰਅਸਲ ਮਹਾਤਮਾ ਬੁੱਧ ਦਾ ਗਿਆਨ ਵਾਹਕ ਹੈ। ਪੱਛਮੀ ਚਿੰਤਕ ਨਾਰਥਰੋਪ ਫਰਾਈ ਆਪਣੀ ਕਿਤਾਬ 'Anotomy of Criticism' 'ਚ ਵਸਤੂਗਤ ਸਹਿ ਸਬੰਧਕ 'Objective Correlative' ਕਹਿੰਦਾ ਹੈ। ਇਹੋ ਪਾਤਰ ਕਥਾ ਧਾਰਕ ਦੇ ਰੂਪ 'ਚ ਕਾਰੋਨਾ ਮਹਾਮਾਰੀ ਕਾਰਨ ਆਏ ਸੰਕਟ ਦਾ ਤਾਰਕਿਕ ਦਾਰਸ਼ਨਿਕੀਕਰਣ ਕਰਦਾ ਹੈ, "ਸੋ ਭਾਈ, ਇਹ ਜਿਹੜਾ 'ਆਈਸੋਲੇਸ਼ਨ ਸੈਂਟਰ ਹੈ ਨਾ-ਇਹ ਯਾਤਰਾ ਦੀ ਚੌਥੀ ਕੂਟ ਹੈ। ਇਹ ਜ਼ਿੰਦਗੀ ਦੀਆਂ ਤਲਖੀਆਂ ਨੂੰ ਸਮਝਣ ਦਾ ਇਕ ਮੱਠ ਹੈ। ਸਮਝ ਲਓ ਕੁਦਰਤ ਨੇ ਇਹ ਤੁਹਾਨੂੰ ਆਪਣੇ ਅੰਦਰ ਝਾਤੀ ਮਾਰਨ ਦਾ ਮੌਕਾ ਦਿੱਤਾ ਹੈ। ਅਸੀਂ ਹੁਣ ਤੱਕ ਕੀ ਖੱਟਿਆ, ਕੀ ਗੁਆਇਆ? ... ਸੋ ਪਿਆਰਿਓ ਇਨ੍ਹਾਂ ਸਵਾਲਾਂ ਬਾਰੇ ਵਿਚਾਰਾਂ ਕਰੋ ਤੇ ਆਈਸੋਲੇਸ਼ਨ ਸੈਂਟਰ 'ਚ ਮੌਜ ਕਰੋ।"

ਇਕ ਹੋਰ ਅਧਿਆਇ ਇਸ ਦ੍ਰਿਸ਼ ਚਿਤਰਣ ਨਾਲ ਅਰੰਭ ਹੁੰਦੈ: 'ਮੌਸਮ ਹੁੰਮਸ ਨਾਲ ਭਰਿਆ ਹੋਇਆ... ਅਸਮਾਨ 'ਤੇ ਗਹਿਰ ਚੜ੍ਹੀ ਹੋਈ। ਦ੍ਰਿਸ਼ਕਾਰੀ ਦੀ ਇਸ ਭਾਸ਼ਾ 'ਚ ਇਕਾਂਤਵਾਸ ਸੈਂਟਰ ਦਾ ਮਾਹੌਲ ਕਰੋਨਾ ਦੇ ਟੈਸਟਾਂ ਅਤੇ ਸੈਂਪਲਾਂ ਜਾਂ ਫਿਰ 'ਸਸਪੈਕਟਿਡ ਪੇਸ਼ੈਂਟ' ਅਤੇ 'ਕਰੋਨਾ ਪੇਸ਼ੈਂਟ' ਆਦਿ ਵਾਕਾਂਸ਼ਾਂ ਨਾਲ ਜੁੜੇ ਸੰਵਾਦਾਂ ਦਰਮਿਆਨ ਉਸਰਦਾ ਹੈ। ਜਿੱਥੇ ਜੇ ਭੈਅ ਤੇ ਚਿੰਤਾ ਦਾ ਆਲਮ ਹੈ, ਉਥੇ ਗੁਰਬਾਣੀ ਦੀ 'ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ' ਦੀ ਸ਼ਰਣ ਵੀ ਹੈ। ਇਸ ਸਾਰੇ ਬਿਰਤਾਂਤ 'ਚ ਪਾਠਕ ਦ੍ਰਿਸ਼, ਭਾਸ਼ਾ ਅਤੇ ਸੰਵਾਦਾਂ ਰਾਹੀਂ ਆਪਣੇ ਆਪ ਪਾਠ ਨਾਲ ਜੁੜਦਾ ਚਲਿਆ ਜਾਂਦਾ ਹੈ।

ਇਸੇ ਤਰ੍ਹਾਂ ਇਕ ਅਧਿਆਇ ਦਾ ਦ੍ਰਿਸ਼ ਇਸ ਭਾਸ਼ਾ 'ਚ ਸਿਰਜਿਆ ਗਿਆ ਹੈ, 'ਸਹਿਮੀ ਤੇ ਖੁਸ਼ਕ ਹਵਾ ਵਗ ਰਹੀ ਹੈ... ਮੌਸਮ 'ਚ ਗਰਮੀ ਹੀ ਨਹੀਂ, ਬੇਪ੍ਰਤੀਤੀ ਵੀ ਭਾਰੂ ਹੋਈ ਪਈ ਹੈ।' ਆਈਸੋਲੇਸ਼ਨ ਸੈਂਟਰ ਦੇ ਬਾਹਰੀ ਮਾਹੌਲ ਦੀ ਦ੍ਰਿਸ਼ਕਾਰੀ ਦੇ ਨਾਲ ਨਾਲ ਹੁਣ ਇਕਾਂਤਵਾਸੀਆਂ ਦੇ ਮਨਾਂ ਦੇ ਅੰਦਰੂਨੀ ਜਗਤ 'ਚ ਪੈਦਾ ਹੋ ਰਹੀਆਂ ਸਥਿਤੀਆਂ-ਪ੍ਰਸਥਿਤੀਆਂ ਦਾ ਬਿਰਤਾਂਤ ਵੀ ਸਿਰਜਿਆ ਜਾਣ ਲਗਦਾ ਹੈ। ਸਿਕੰਦਰ ਨਾਮ ਦਾ ਪਾਤਰ ਨਸ਼ਿਆਂ ਦਾ ਆਦੀ ਹੈ। ਆਈਸੋਲੇਸ਼ਨ ਸੈਂਟਰ 'ਚ ਨਸ਼ਾ ਨਹੀਂ ਮਿਲਦਾ। ਉਸ ਦੀ ਮਾਂ ਤੇ ਭੈਣ ਗੁਰਬੀਰ ਨੂੰ ਬੇਨਤੀ ਕਰਦੀਆਂ ਨੇ ਕਿ ਇਸ ਨੂੰ ਇਥੇ ਚਾਰ ਪੰਜ ਮਹੀਨੇ ਹੋਰ ਰੱਖ ਲਵੋ। ਕਰੋਨੇ ਦੀ ਬਿਮਾਰੀ ਨਾਲ ਤਾਂ ਨਹੀਂ ਮਰਦਾ, ਪਰ ਜੇ ਬਾਹਰ ਆ ਗਿਆ ਤਾਂ ਨਸ਼ੇ ਨਾਲ ਜ਼ਰੂਰ ਮਰ ਜਾਵੇਗਾ।

ਅਗਲੇ ਅਧਿਆਇ ਦਾ ਅਰੰਭ ਇਨ੍ਹਾਂ ਸ਼ਬਦਾਂ ਰਾਹੀਂ ਕੀਤੀ ਦ੍ਰਿਸ਼ਕਾਰੀ ਨਾਲ ਹੁੰਦਾ ਹੈ: 'ਹੁੰਸੜ ਨਾਲ ਭਰੀ ਦੁਪਹਿਰ ਜੋਬਨ ਹੰਢਾ ਕੇ ਆਥਣ ਵੱਲ ਹੋ ਤੁਰੀ ਹੈ... ਥੱਕੇ ਹੋਏ ਪੈਰ ਮਣਾਂ ਮੂੰਹੀਂ ਬੋਝ ਚੁੱਕੀ ਫਿਰਦੇ ਨੇ।' ਸੈਂਟਰ ਦੇ ਬਾਹਰੀਕਰਨ ਦੇ ਅਜਿਹੇ ਦ੍ਰਿਸ਼ 'ਚ ਇਕਾਂਤਵਾਸੀਆਂ ਦੀ ਉੱਭਰ ਰਹੀ ਅੰਦਰੂਨੀ ਮਾਨਸਿਕਤਾ 'ਚ ਉੱਭ, ਬੇਬਸੀ ਅਤੇ ਮਜਬੂਰੀ ਕਾਰਨ ਇਕ ਸਮਾਨੰਤਰ ਬਿਰਤਾਂਤ ਦਾ ਵੀ ਨਿਰਮਾਣ ਹੋਣ ਲਗਦਾ ਹੈ, "ਦੇਖਿਆ ਤਾਂ ਹੈਗਾ... ਦੇਖਿਆ ਕਿਉਂ ਨ੍ਹੀਂ। ਦੇਖਣ ਨੂੰ ਕਿਹੜਾ ਅੱਖਾਂ ਬੰਦ ਹੋ ਗਈਆਂ।... ਹੋਰ ਕੰਮ ਵੀ ਕੀ ਆ ਏਥੇ? ਖਾ ਲਿਆ-ਪੀ ਲਿਆ। ਏਧਰ ਝਾਕ ਲਿਆ-ਓਧਰ ਝਾਕ ਲਿਆ। ਕਦੇ ਬਹਿ'ਗੇ-ਕਦੇ ਪੈ'ਗੇ। ਚੱਲ ਦੱਸ ਤਾਂ ਸਹੀ ਵਿਚੋਂ ਗੱਲ ਕੀ ਐ?"

'ਉਹ ਇੱਕੀ ਦਿਨ' ਦੇ ਬਿਰਤਾਂਤ 'ਚ ਤਾਲਾਬੰਦੀ ਦੇ ਦਿਨਾਂ 'ਚ ਦਿਨ ਪ੍ਰਤੀ ਦਿਨ ਉੱਭਰ ਰਹੇ ਮਸਲਿਆਂ ਜਿਵੇਂ ਮੌਤਾਂ ਦੀ ਵਿਸ਼ਵ ਅਤੇ ਦੇਸ਼ ਦੀ ਪੱਧਰ 'ਤੇ ਲਗਾਤਾਰ ਵਧ ਰਹੀ ਗਿਣਤੀ ਦਾ ਭੈਅ, ਭਵਿੱਖ ਦੀ ਅਸੁਰੱਖਿਅਤਾ, ਇਸ ਤੋਂ ਪੈਦਾ ਹੋਈਆਂ ਮਾਨਸਿਕ ਗੁੰਝਲਾਂ, ਸੁਪਨਿਆਂ ਤੇ ਨੀਂਦ ਦੇ ਸਬੰਧਾਂ ਦੇ ਮਹੱਤਵ, ਤਣਾਓ ਤੋਂ ਮੁਕਤੀ ਲਈ ਢੰਗ ਅਤੇ ਤਰੀਕਿਆਂ, ਸੋਸ਼ਲ ਮੀਡੀਆ ਦੇ ਅਭਾਸੀ ਯਥਾਰਥ ਦੀ ਦੁਨੀਆਂ ਕਾਰਨ ਪੈਦਾ ਹੋ ਰਹੇ ਪ੍ਰਤੱਖਣ ਦੇ ਵਿਗਾੜ ਅਤੇ ਵਿਕਾਰ ਦੇ ਨਾਲ ਨਾਲ ਸਰੀਰ ਦੀਆਂ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵਧਾਉਣ ਦੇ ਦੇਸੀ ਅਤੇ ਅੰਗਰੇਜ਼ੀ ਨੁਸਖੇ ਦੇ ਵਰਣਨ ਨੂੰ ਅਤੇ ਵਹਿਮਾਂ ਭਰਮਾਂ ਜਿਵੇਂ ਸੁੱਚਮ, ਸ਼ੁੱਧਤਾ ਅਤੇ ਛੁਆਛੂਤ ਨਾਲ ਜੁੜੇ ਸਮਾਜਿਕ ਜੀਵਨ ਪਸਾਰਾਂ ਨੂੰ ਵੀ ਬਿਰਤਾਂਤ ਦਾ ਅੰਗ ਬਣਾਇਆ ਗਿਆ ਹੈ।

ਮਹਾਮਾਰੀਆਂ ਦੇ ਦੌਰ 'ਚ ਬੰਦੇ ਨੂੰ ਸਰੀਰਕ ਇਲਾਜ ਦੇ ਇਲਾਵਾ ਧਾਰਮਿਕ ਆਸਥਾ ਦੀ ਵੀ ਵੱਡੀ ਟੇਕ ਹੁੰਦੀ ਹੈ। ਗਿਆਨੀ ਟਹਿਲ ਸਿੰਘ ਉੱਚੀ ਆਵਾਜ਼ 'ਚ ਪਾਠ ਕਰਦਾ ਤੁਰਿਆ ਫਿਰਦਾ ਰਹਿੰਦਾ ਹੈ,

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥
---
ਪ੍ਰਭ ਡੋਰੀ ਹਾਥਿ ਤੁਮਾਰੇ...॥
---
ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥
---
ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥

ਗੁਰਬਾਣੀ ਦੀਆਂ ਇਹ ਸਾਰੀਆਂ ਤੁਕਾਂ ਦੇ ਭਾਵ ਅਰਥ ਮੌਤ ਦੇ ਮੂਹਰੇ ਖੜ੍ਹੇ ਬੰਦੇ ਦੀ ਮਾਨਸਿਕਤਾ ਦਾ ਪ੍ਰਤੌਅ ਹਨ, ਜੋ ਸੰਕਟ ਦੀ ਘੜੀ ਗੁਰਬਾਣੀ ਰਾਹੀਂ ਅਧਿਆਤਮਕਤਾ ਦੀ ਟੇਕ ਦੀ ਤਲਾਸ਼ 'ਚ ਹੈ। ਗੁਰਮੀਤ ਲਿਖਦਾ ਹੈ, "ਮੌਤ ਦਾ ਭੈਅ, ਮੌਤ ਨਾਲੋਂ ਕਈ ਗੁਣਾ ਵੱਧ ਖਤਰਨਾਕ ਹੁੰਦਾ ਹੈ। ਇਹ ਮਨੁੱਖ ਨੂੰ ਮਰਨ ਤੋਂ ਪਹਿਲਾਂ ਹੀ ਮਾਰ ਦਿੰਦਾ ਹੈ।"

'ਉਹ ਇੱਕੀ ਦਿਨ' 'ਚ ਗੁਰਮੀਤ ਪ੍ਰਕਿਰਤਕ ਅਤੇ ਮਨੁੱਖ ਦੁਆਰਾ ਪੈਦਾ ਕੀਤੇ ਸੰਕਟਾਂ 'ਚ ਮਨੁੱਖੀ ਹੋਂਦ ਤੇ ਵਜੂਦ ਨਾਲ ਜੁੜੇ ਸਰੋਕਾਰਾਂ ਨੂੰ ਸੰਬੋਧਿਤ ਹੁੰਦਿਆਂ ਦਾਰਸ਼ਨਿਕ ਚਿੰਤਨ ਦੇ ਸਹਾਰੇ ਦਾ ਵੀ ਬਿਰਤਾਂਤੀਕਰਣ ਕਰਦਾ ਹੈ। ਉਹ ਮਨੁੱਖੀ ਸਵੈ-ਵਿਸ਼ਵਾਸ ਦੇ ਪ੍ਰਸੰਗ 'ਚ ਲਿਖਦਾ ਹੈ, "ਰੁੱਖ ਦੀ ਟਾਹਣੀ 'ਤੇ ਬੈਠਾ ਪੰਛੀ ਡਿੱਗਣ ਤੋਂ ਕਦੇ ਨਹੀਂ ਡਰਦਾ, ਕਿਉਂਕਿ ਉਸ ਨੂੰ ਟਾਹਣੀ 'ਤੇ ਨਹੀਂ, ਆਪਣੇ ਖੰਭਾਂ 'ਤੇ ਵਿਸ਼ਵਾਸ ਹੁੰਦਾ ਹੈ। ਇਹ ਮੈਂ ਨਹੀਂ ਆਖਦਾ, ਦੁਨੀਆਂ ਦਾ ਮਹਾਨ ਚਿੰਤਕ ਆਖਦਾ ਹੈ। ਸੋ ਪਿਆਰੇ ਵੀਰ, ਆਪਣੇ ਅੰਦਰ ਵਿਸ਼ਵਾਸ ਪੈਦਾ ਕਰੋ। ਜਦੋਂ ਤੂੰ ਆਪਣੇ ਅੰਦਰ ਵਿਸ਼ਵਾਸ ਪੈਦਾ ਕਰ ਲਿਆ-ਨਸ਼ੇ ਵਾਲੀ ਜੰਗ ਜਿੱਤਣੀ ਤੇਰੇ ਲਈ ਬੜੀ ਆਸਾਨ ਹੋ ਜਾਵੇਗੀ।"

'ਉਹ ਇੱਕੀ ਦਿਨ' ਮਹਾਮਾਰੀਆਂ ਦੇ ਸੰਕਟ 'ਚ ਮਨੁੱਖੀ ਉਪਜੀਵਿਕਾ ਲਈ ਸੰਘਰਸ਼ ਕਰ ਰਹੀਆਂ ਜ਼ਿੰਦਗੀਆਂ ਦਾ 'ਉਤਸਵ/ਕਾਰਨੀਵਲ' ਹੈ, ਜੋ ਆਪਣੇ ਇਕਾਂਤਵਾਸ ਦਾ ਸਮਾਂ ਖੱਟ ਨਵੇਂ ਭਵਿੱਖ ਵੱਲ ਵਧਦੇ ਹੋਏ ਨਵਾਂ ਜੀਵਨ ਜਿਉਣ ਦੀ ਆਸ ਲੈ ਕੇ ਘਰਾਂ ਨੂੰ ਪਰਤਦੇ ਹਨ। ਇਸ ਇਕਾਂਤਵਾਸ ਰਾਹੀਂ ਉਹ ਆਪਣੇ ਆਪ, ਦੂਜਿਆਂ ਅਤੇ ਸਮਾਜ ਨੂੰ ਨਵੇਂ ਦ੍ਰਿਸ਼ਟੀਕੋਣਾਂ ਨਾਲ ਦੇਖਣ ਲਗਦੇ ਹਨ।

ਮਿਖਾਇਲ ਮਿਖਾਇਲੋਵਿਚ ਬਾਖਤਿਨ ਆਪਣੀ ਕਿਤਾਬ 'Problems of Dostoevsky's poetics' ਵਿਚ ਇਸ ਉਤਸਵ ਦੇ ਸੰਕਲਪ ਬਾਰੇ ਲਿਖਦਾ ਹੈ ਕਿ 'ਉਤਸਵ' ਅਜਿਹਾ ਪ੍ਰਸੰਗ ਹੈ, ਜਿਸ ਵਿਚ ਵੱਖਰੀਆਂ ਅਤੇ ਵਿਭਿੰਨ ਆਵਾਜ਼ਾਂ ਤੇ ਧੁਨੀਆਂ ਸੁਣਦੀਆਂ, ਪਨਪਦੀਆਂ ਤੇ ਇਕ ਦੂਜੇ ਨਾਲ ਅੰਤਰਕਿਰਿਆ 'ਚ ਰਹਿੰਦੀਆਂ ਹਨ। ਇਸ ਪ੍ਰਕਿਰਿਆ ਨੂੰ ਉਹ 'ਸ਼ਬਦ ਸੰਚਾਰੀ ਵੰਨ ਸੁਵੰਨਤਾ' ਭਾਵ ਹੈਟਰੋਗਲੋਸੀਆ ਕਹਿੰਦਾ ਹੈ। ਉਤਸਵ ਇਕ ਅਜਿਹੀ ਦਹਿਲੀਜ਼ ਜਾਂ ਦੁਆਰ ਸਥਿਤੀ ਹੈ, ਜਿੱਥੇ ਨਿਰੰਤਰ ਪਰੰਪਰਕ ਰੀਤਾਂ ਟੁੱਟਦੀਆਂ ਤੇ ਪੁੱਠਾ ਗੇੜਾ ਖਾਂਦੀਆਂ ਨੇ। ਇਸੇ ਕਰਕੇ ਹੀ ਸੰਵਾਦ ਸੰਭਵ ਹੁੰਦਾ ਹੈ। ਇਹ ਉਤਸਵੀਕਰਣ 'ਉਹ ਇੱਕੀ ਦਿਨ' ਦੀ ਕਥਾਤਮਕਤਾ, ਸਭਿਆਚਾਰਕ ਦ੍ਰਿਸ਼ਕਾਰੀ, ਭਾਸ਼ਾਕਾਰੀ, ਲੋਕਤਾ ਤੇ ਮੁਹਾਵਰਾਮੂਲਕਤਾ ਇਸ ਬਿਰਤਾਂਤ ਨੂੰ ਪ੍ਰਮਾਣਿਕ ਬਣਾਉਣ 'ਚ ਸਹਾਈ ਹੁੰਦਾ ਹੈ, ਜੋ ਇਸ ਬਿਰਤਾਂਤ ਨੂੰ ਹੋਰ ਵੱਧ ਪੜ੍ਹਨਯੋਗਤਾ ਪ੍ਰਦਾਨ ਕਰਦਾ ਹੈ।

ਕਹਾਣੀ

# ਪੁੱਠੇ ਪੈਰਾਂ ਵਾਲਾ

ਸਭ ਤੋਂ ਵੱਡੀ ਗੱਲ ਇਹ ਹੈ ਕਿ ਕੋਈ ਬੰਦਾ ਐਹੋ ਜਿਹਾ ਨਹੀਂ, ਜਿਸ ਨੇ ਸੋਲ੍ਹਾਂ ਸਾਲ ਦੀ ਉਮਰ ਤੋਂ ਲੈ ਕੇ ਛੱਬੀ ਸਾਲ ਦੀ ਉਮਰ ਤੱਕ ਕਿਤੇ ਨਾ ਕਿਤੇ ਪੰਗਾ ਨਾ ਲਿਆ ਹੋਵੇ! ਬੰਦਾ ਲਾਜ਼ਮੀ ਕਿਤੇ ਨਾ ਕਿਤੇ ਲੱਤਾਂ ਤੁੜਵਾਉਣ ਨੂੰ ਤੁਰਿਆ ਫਿਰਦਾ ਰਹਿੰਦੈ! ਕੋਈ ਭੰਨੇ ਜਾਂ ਨਾ ਭੰਨੇ, ਬਚ ਜਾਣ ਤਾਂ ਕਰਮ ਚੰਗੇ, ਨਹੀਂ ਤਾਂ ਅਗਲਾ ਚੱਪਣੀ ਕੋਲੋਂ ਵੱਢ ਕੇ ਕਿੱਕਰ ਦੀ ਟੀਸੀ 'ਤੇ ਟੰਗ ਦਿੰਦੈ! ਕਈਆਂ ਬਾਰੇ ਆਮ ਕਹਾਵਤ ਹੁੰਦੀ ਹੈ ਕਿ ਜਿੰਨਾ ਚਿਰ ਕੁੱਟ ਨਾ ਖਾਣ, ਉਤਨਾ ਚਿਰ ਉਨ੍ਹਾਂ ਦੇ ਰੋਟੀ ਹਜ਼ਮ ਨਹੀਂ ਹੁੰਦੀ। ਅੱਡੋ-ਅੱਡੀ ਆਦਤਾਂ ਹੁੰਦੀਆਂ ਹਨ। ਖਾਸ ਕਰਕੇ ਹਰ ਆਦਮੀ ਆਪੋ-ਆਪਣੀ ਆਦਤ ਤੋਂ ਮਜਬੂਰ ਹੁੰਦਾ ਹੈ! ਚਾਹੇ ਉਹ ਚੰਗੀ ਹੋਵੇ ਜਾਂ ਮਾੜੀ। ਕੁੱਤੇ ਦੀ ਆਦਤ ਹੈ ਹਮੇਸ਼ਾ ਲੱਤ ਚੁੱਕ ਕੇ ਪਿਸ਼ਾਬ ਕਰਨ ਦੀ। ਭਲਾ ਕੋਈ ਪੁੱਛਣ ਵਾਲਾ ਹੋਵੇ ਕਿ ਬਾਈ ਜੀ ਦੀ ਕਿਹੜਾ ਪੈਂਟ ਭਿੱਜਦੀ ਐ?

ਇਸੇ ਤਰ੍ਹਾਂ ਹੀ ਗੰਦੀ ਆਦਤ ਹਰਨਾਮ ਦੀ ਸੀ।

ਹਰਨਾਮ ਜ਼ਿੱਦੀ ਬਹੁਤ ਸੀ। ਜੇ ਉਸ ਨੂੰ ਕੋਈ ਸਿੱਧੀ ਮੱਤ ਦਿੰਦਾ ਤਾਂ ਉਹ ਬਿਲਕੁਲ ਉਸ ਦੇ ਉਲਟ ਕਰਦਾ। ਲੋਕ ਉਸ ਨੂੰ "ਪੁੱਠਪੈਰਾ" ਕਹਿੰਦੇ। ਹਰਨਾਮ ਦੀ ਮਾਂ ਚਿੰਤੀ ਉਸ ਨੂੰ ਵਿਆਹ ਬਾਰੇ ਕਹਿੰਦੀ ਤਾਂ ਹਰਨਾਮ ਚਾਰੇ ਖੁਰ ਚੁੱਕ ਕੇ ਆਉਂਦਾ।



ਸ਼ਿਵਚਰਨ ਜੱਗੀ ਕੁੱਸਾ
jaggikussa@yahoo.de

"ਜੇ ਬੇਬੇ ਮੈਂ ਤੈਨੂੰ ਬੁਰਾ ਲੱਗਦੈਂ, ਉਂਈਂ ਗਲ ਘੁੱਟ ਕੇ ਮਾਰ ਦੇਹ ਖਾਂ...? ਬਿਗਾਨੀ ਧੀ ਤੋਂ ਜ਼ਰੂਰੀ ਛਿੱਤਰ ਪੌਲਾ ਕਰਵਾਉਣੈਂ...? ਹਰ ਬਖਤ ਬਿਆਹ-ਬਿਆਹ ਕਰੀ ਜਾਊਗੀ..!"

"ਵੇ ਡੁੱਬ ਜਾਣਿਆਂ ਕਿਸੇ ਨੇ ਰੋਟੀ ਨ੍ਹੀਂ ਦੇਣੀ...! ਨਾਲੇ ਮੇਰਾ ਬੁੜ੍ਹਾਪਾ ਸੌਖਾ ਨੰਘਜੂ...।" ਚਿੰਤੀ ਫਿਰ ਆਖਦੀ।

"ਤੂੰ ਛੋਟੇ ਨੂੰ ਬਿਆਹ ਲੈ। ਲੰਘਾ ਲਈਂ ਬੁੜ੍ਹਾਪਾ। ਆਹ ਜਿਹੜੀ ਲੂੰਡਕੀ ਜਿਹੀ ਲਈ ਫਿਰਦੀਂ ਐਂ, ਅਗਲੀ ਨਿੱਤ ਪੱਟਿਆ ਕਰੂ, ਖੁਆਊ ਤੈਨੂੰ ਚੂਰੀ...!" ਉਹ ਆਦਤ ਅਨੁਸਾਰ ਪੈਰਾਂ 'ਤੇ ਪਾਣੀ ਨਾ ਪੈਣ ਦਿੰਦਾ।

ਚਿੰਤੀ ਬੇਚਾਰੀ ਚੁੱਪ ਕਰ ਰਹਿੰਦੀ।

ਹਰ ਰੋਜ਼ ਦੀ ਤਰ੍ਹਾਂ ਰਾਤ ਨੂੰ ਧਰਮਸ਼ਾਲਾ ਵਿਚ ਬੈਠੇ ਮੁੰਡੇ ਗੱਪਾਂ ਮਾਰ ਰਹੇ ਸਨ। ਹਰਨਾਮ ਰਾਤ ਦੀ ਮਹਿਫਿਲ ਦਾ ਪ੍ਰਧਾਨ ਹੁੰਦਾ ਸੀ। ਉਹ ਮੁੰਡਿਆਂ ਨੂੰ ਪੂਰਨ ਭਗਤ, ਸੁੱਚਾ ਸੂਰਮਾ, ਜਾਨੀ ਚੋਰ, ਰਾਜਾ ਬਿਕਰਮਾਜੀਤ ਅਤੇ ਗਾਜੀਆਣੇ ਵਾਲੇ ਕੂੰਢਾ ਸਿੰਘ ਦੇ ਕਿੱਸੇ ਸੁਣਾਉਂਦਾ ਹੁੰਦਾ ਸੀ। ਅਚਾਨਕ ਬਾਣੀਆਂ ਦੇ ਹਰੀ ਦਾ ਮੁੰਡਾ ਗੋਪਾਲਾ ਹਰਨਾਮ ਦੀ ਨਜ਼ਰ ਪਿਆ। ਉਹ ਲੰਡਰ ਢਾਣੀ ਕੋਲੋਂ ਬਿੱਲੀ ਵਾਂਗ ਛਹਿ ਕੇ ਹੀ ਲੰਘ ਜਾਣਾ ਚਾਹੁੰਦਾ ਸੀ।

"ਗੱਲ ਸੁਣ ਉਏ ਕਰਾੜਾ...!" ਹਰਨਾਮ ਨੇ ਆਵਾਜ਼ ਦਿੱਤੀ।

"ਮੇਰੇ 'ਆਰ ਸਿੱਧਾ ਤਾਂ ਬੋਲ...!" ਬਾਣੀਆਂ ਬਿੰਡੇ ਵਾਂਗ ਟਿਆਂਕਿਆ।

"ਕਿਉਂ...? ਮੈਂ ਤੇਰੇ ਟਕੂਆ ਮਾਰ'ਤਾ ਸਾਲਿਆ ਨਲੀ ਚੋਚਲਾ...? ਗੱਲ ਸੁਣ...!" ਉਸ ਨੇ ਹੁਕਮੀਆ ਕਿਹਾ, "ਸਾਲਾ ਸੀਂਢਲ...!"

"ਗੱਲ ਤਾਂ ਮੈਂ ਤੇਰੀ ਨ੍ਹਾਮਿਆਂ ਸੁਣ ਲਊਂ, ਜੇ ਚੱਜ ਦੀ ਕਰੇਂਗਾ ਤਾਂ...!" ਗੋਪਾਲੇ ਨੇ ਕਿਹਾ।

"ਕਰਾੜਾ ਕਿਉਂ ਮੋਕ ਮਾਰਦੈਂ...? ਚੱਜ ਦੀ ਗੱਲ ਈ ਕਰੂੰ...! ਉਰ੍ਹੇ ਆ ਮੇਰਾ ਪੁੱਤ...!" ਉਹ ਤਕਰੀਬਨ ਹਾਣ ਦੇ ਮੁੰਡੇ ਨੂੰ "ਪੁੱਤ" ਆਖ ਰਿਹਾ ਸੀ, ਪਰ ਬਾਣੀਆਂ ਦੋਚਿੱਤੀ ਵਿਚ ਖੜ੍ਹਾ ਬਾਚੀਆਂ ਭੰਨ ਰਿਹਾ ਸੀ।

"ਸਾਲਿਆ ਤੈਨੂੰ ਇਹ ਖਾਂਦਾ ਤਾਂ ਨ੍ਹੀਂ...?" ਪਾਸਿਓਂ ਤਮਾਸ਼ਬੀਨ ਮੁੰਡਿਆਂ ਨੇ ਕਿਹਾ।

ਬਾਣੀਆਂ ਹਰਨਾਮ ਕੋਲ ਆ ਗਿਆ।

"ਹਾਂ ਬੋਲ ਕੀ ਕਹਿੰਨੈਂ...?" ਉਸ ਨੇ ਦਿਖਾਵੇ ਲਈ ਦਿਲ ਜਿਹਾ ਕੱਢਿਆ।

"ਸੁਣਿਐਂ ਮੰਗਣਾ ਹੋ ਗਿਆ...?"

"ਹਾਂ! ਹੋ ਗਿਆ...!"

"ਕਿੱਥੇ ਮੰਗਿਐਂ?" ਉਸ ਨੇ ਠਾਣੇਦਾਰ ਵਾਂਗ ਪੁੱਛਿਆ।

"ਬਾਜੇਖਾਨੇ!"

"ਵਿਆਹ ਕਦੋਂ ਐਂ?"

"ਅਗਲੇ ਹਫਤੇ ਮੰਗਲਵਾਰ ਨੂੰ ਐਂ।"

"ਕੁਛ ਕਰੇ ਕੱਤਰੇਂਗਾ ਵੀ ਜਾਂ ਬੋਛਕੀ ਦੀ ਨਿਕਰ ਪਾ ਕੇ ਪੱਦ ਮਾਰਨ ਜੋਗਾ ਈ ਐਂ..?"

ਇਕ ਹਾਸੜ ਮੱਚ ਗਈ।

"ਸਹੁੰ ਦੇਵੀ ਦੀ, ਮੈਨੂੰ ਤਾਂ ਪਹਿਲਾਂ ਈ ਪਤਾ ਸੀ ਬਈ ਤੂੰ ਕੋਈ ਲੁੱਚੀ ਗੱਲ ਈ ਕਰੇਂਗਾ! ਮੇਰੇ 'ਆਰ ਧਾਨੂੰ ਕੁਛ ਹੋਰ ਨ੍ਹੀਂ ਆਂਦਾ, ਕਿੰਨੇ ਕਮਲੇ ਐ?" ਲਾਲਾ ਤੁਰ ਗਿਆ।

"ਜੁਆਨੋਂ, ਮੈਂ ਸ਼ਰਤ ਕਰਦੈਂ ਜੇ ਇਹੇ ਪਿਉ-ਪੁੱਤ ਬਹੂ ਸਾਂਭ ਲੈਣ...।" ਉਸ ਨੇ ਆਖਿਆ।

"ਇਹ ਤਾਂ ਕਿਸੇ ਮ੍ਹਾਤੜ ਨੂੰ ਈ ਹੂਲਾ ਫੱਕਣਾ ਪਊ...!"

"ਖਰੂਦੀ ਮ੍ਹਾਤੜ ਕਰਾੜੀ ਉਂ ਮਾਰ-ਦੂ...।" ਕਿਸੇ ਨੇ ਕਿਹਾ।

ਫਿਰ ਹਾਸੜ ਮੱਚ ਗਈ।

"ਜੁਆਨੋਂ ਆਪਾਂ ਇਹਦੇ ਵਿਆਹ 'ਚ ਖਰੂਦ ਜਰੂਰ ਕਰਨੈਂ...।"

"ਜਿਵੇਂ ਤੂੰ ਕਹੇਂ!" ਮੁੰਡਿਆਂ ਨੇ ਹਾਮੀ ਭਰੀ।

ਖੈਰ! ਗੋਪਾਲੇ ਦੇ ਵਿਆਹ ਦਾ ਦਿਨ ਵੀ ਆ ਗਿਆ। ਹਰਨਾਮ ਦੇ ਮੁੰਨੇ ਚੇਲੇ ਮੁੱਠੀਆਂ ਵਿਚ ਥੁੱਕੀ ਫਿਰਦੇ ਸਨ। ਸਾਰੇ ਘਰ ਵਿਚ ਗਹਿਮਾ-ਗਹਿਮੀ ਸੀ। ਜੰਨ ਜਾਣ ਵਾਲੀਆਂ ਕਾਰਾਂ 'ਤੇ ਫੁੱਲ ਲਾਏ ਜਾ ਰਹੇ ਸਨ।

"ਨਾ ਸਪੀਕਰ ਨਾ ਸਪੂਕਰ, ਸਾਲੇ ਬਿਆਹ ਦੇ, ਕੁੱਤੇ ਕਰਾੜ...!" ਗਾਲ੍ਹ ਕੱਢ ਕੇ ਹਰਨਾਮ ਨੇ ਦਿਲ ਠਾਰ ਲਿਆ।

"ਕਰਾੜੀਆਂ ਕਰੀ ਤਾਂ ਜਾਂਦੀਐਂ ਤਾਤੇ ਬਾਤੇ, ਸਪੀਕਰ ਦੀ ਕੀ ਲੋੜ ਐ?" ਹਰਨਾਮ ਦੇ ਸ਼ਾਗਿਰਦ ਨੇ ਕਿਹਾ।

"ਜੁਆਨੋਂ ਤੁਸੀਂ ਕੈਮ ਓਂ?" ਹਰਨਾਮ ਨੇ ਇੰਜ ਪੁੱਛਿਆ, ਜਿਵੇਂ ਕੋਈ ਕਾਫੀ ਵੱਡਾ ਐਕਸ਼ਨ ਕਰਨਾ ਹੋਵੇ।

"ਬਿਲਕੁਲ...!" ਸਾਂਝੀ ਆਵਾਜ਼ ਆਈ।

ਘਸਿਆ ਜਿਹਾ ਬਾਣੀਆਂ ਸਿਹਰਿਆਂ ਨਾਲ ਲੱਦਿਆ ਪਿਆ ਸੀ। ਬਰਾਬਰ ਸਰਬਾਲ੍ਹਾ ਖੜ੍ਹਾ ਸੀ। ਬਨਾਣੀਆਂ ਭਾਂਤ-ਭਾਂਤ ਦੇ ਗੀਤ-ਦੋਹੇ ਗਾ ਰਹੀਆਂ ਸਨ। ਫੁੱਲਾਂ ਨਾਲ ਸ਼ਿੰਗਾਰੀ ਘੋੜੀ ਆ ਗਈ। ਗੋਪਾਲਾ ਪਲਾਕੀ ਮਾਰ ਕੇ ਘੋੜੀ 'ਤੇ ਬਹਿ ਗਿਆ ਅਤੇ ਨਾਲ ਹੀ ਸਰਬਾਲ੍ਹਾ ਚੜ੍ਹ ਗਿਆ। ਗੋਪਾਲੇ ਦੀ ਭੈਣ ਨੇ ਦੋਹਿਆਂ ਦੀ ਛੂਟ ਵੱਟ ਲਈ, "ਬਈਆ ਮੋਰਾ ਗੋੜੀ ਚੜ੍ਹਾ...!"

ਭੀੜ ਵਿਚੋਂ ਤਿਲ੍ਹਕ ਕੇ ਹਰਨਾਮ ਨੇ ਘੋੜੀ ਦੇ ਗੁੱਝੀ 'ਆਰ' ਮਾਰੀ। ਆਰ ਐਸੀ ਬੇਕਿਰਕੀ ਨਾਲ ਮਾਰੀ ਸੀ ਕਿ ਘੋੜੀ ਪਹਿਲਾਂ ਪਿਛਲੇ ਪੈਰਾਂ 'ਤੇ ਖੜ੍ਹ ਕੇ ਹਿਣਕੀ ਅਤੇ ਫਿਰ ਲਗਾਮ ਛੁਡਾ ਕੇ ਸਿਰ ਤੋੜ ਦੌੜ ਪਈ। ਸਰਬਾਲ੍ਹਾ ਮੱਕੀ ਦੇ ਗੁੱਲ ਵਾਂਗ ਉਤੋਂ ਡਿੱਗਿਆ। ਗੋਪਾਲਾ ਘੋੜੀ ਉਪਰ ਬੈਠਾ ਡਾਡਾਂ ਮਾਰ ਰਿਹਾ ਸੀ। ਉਸ ਨੇ ਘੋੜੀ ਦੀ ਧੌਣ ਦੇ ਵਾਲ ਘੁੱਟ ਕੇ ਫੜ ਰੱਖੇ ਸਨ। ਲਾਲੀਆਂ ਦੇ ਗੀਤਾਂ ਦੀ ਆਵਾਜ਼ ਚੀਕਾਂ ਵਿਚ ਬਦਲ ਗਈ। ਸਰਬਾਲ੍ਹਾ ਥਾਂਏਂ ਬੈਠਾ ਰੋ ਰਿਹਾ ਸੀ, "ਅਰ੍ਹੇ ਮੇਰਾ ਕੁਛ ਟੂਟ ਗਿਆ...!" ਉਹ ਵਿਲ੍ਹਕ ਰਿਹਾ ਸੀ। ਪਰ ਕੀ 'ਟੂਟ' ਗਿਆ..? ਉਹ ਦੱਸ ਨਹੀਂ ਸੀ ਰਿਹਾ!

ਅਖੀਰ ਬਾਣੀਏਂ ਬੈਟਰੀਆਂ ਲੈ ਕੇ ਗੋਪਾਲੇ ਨੂੰ ਇੱਕ ਕਿਲੋਮੀਟਰ ਤੋਂ ਡਿੱਗੇ ਪਏ ਨੂੰ ਚੁੱਕ ਕੇ ਲਿਆਏ। ਉਸ ਦਾ ਖੱਬਾ ਗੁੱਟ ਟੁੱਟ ਗਿਆ ਸੀ। ਪੱਗੂ ਖਿਲਰ ਗਿਆ ਸੀ। ਸਿਹਰੇ ਪਤਾ ਨਹੀਂ ਕਿੱਥੇ ਡਿੱਗ ਪਏ ਸਨ? ਘੋੜੀ ਦੀ ਉੱਘ-ਸੁੱਘ ਨਹੀਂ ਸੀ। ਘੋੜੀ ਦਾ ਮਾਲਕ ਮਿਰਾਸੀ ਦੁਹਾਈ ਦੇ ਰਿਹਾ ਸੀ, "ਪ੍ਰਭਾ ਮੇਰੀ ਘੋੜੀ ਦਿਓ ਜਾਂ ਘੋੜੀ ਦਾ ਮੁੱਲ ਦਿਓ, ਨਹੀਂ ਤਾਂ ਥੋਡੇ ਦਰਵਾਜੇ 'ਚ ਮਰੂੰ...!"

"ਕੋਈ ਨਾ ਪ੍ਰਭਾ ਤੇਰੀ ਘੋੜੀ ਦਾ ਮੁੱਲ ਦੁਆ ਦਿਆਂਗੇ, ਮਜਾਲ ਐ ਸੇਠ ਮੁੱਕਰ'ਜੇ?" ਕਿਸੇ ਨੇ ਬਲਦੀ 'ਤੇ ਪਾਣੀ ਛਿੜਕਿਆ।

"ਲੈ ਵਿਚੇ ਤੇਰੀ 'ਮਜਾਲ ਐ' ਤੁਰੀ ਫਿਰੂ...! ਮੈਨੂੰ ਤਾਂ ਹੁਣੇ ਪੈਸੇ ਜਾਂ ਘੋੜੀ ਚਾਹੀਦੀ ਐ..!"

"ਰਾਮ ਭਲੀ ਕਰੂ ਪ੍ਰਭਾ! ਤੈਨੂੰ ਮੇਰੇ 'ਤੇ ਵੀ ਇਤਬਾਰ ਨਹੀਂ? ਹੌਸਲਾ ਰੱਖ!" ਬੱਦਰੀ ਬਾਣੀਏਂ ਨੇ ਭੁਲੱਥਾ ਮਾਰਿਆ। ਮਿਰਾਸੀ ਚੁੱਪ ਕਰ ਗਿਆ। ਮਿਰਾਸੀ ਨੇ ਉਸ ਦਾ ਕਰਜ਼ਾ ਦੇਣਾ ਸੀ।

ਗੋਪਾਲੇ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਸਹੁਰਿਆਂ ਨੂੰ ਮਨਹੂਸ ਖਬਰ ਦੇ ਕੇ ਬੰਦਾ ਭੇਜ ਦਿੱਤਾ। ਫੁੱਲਾਂ ਨਾਲ ਲੱਦੀਆਂ ਕਾਰਾਂ ਵਾਪਿਸ ਕਰ ਦਿੱਤੀਆਂ। ਮਜਬੂਰਨ ਵਿਆਹ ਪਿੱਛੇ ਪਾਉਣਾ ਪਿਆ।

ਅਗਲੇ ਦਿਨ ਸੇਠ ਦੇ ਕੰਨ ਵਿਚ ਕਿਸੇ ਨੇ ਹਰਨਾਮ ਦੇ ਕਾਰਨਾਮੇ ਬਾਰੇ ਫੂਕ ਮਾਰੀ। ਭੂਸਰਿਆ ਸੇਠ ਦੋ ਸੌ ਰੁਪਏ ਦੇ ਕੇ ਠਾਣਾ ਚਾੜ੍ਹ ਲਿਆਇਆ। ਪੁਲਿਸ ਹਰਨਾਮ ਨੂੰ ਫੜ ਕੇ ਲੈ ਗਈ। ਘੋੜੀ ਲੱਭਣ ਤੋਂ ਪਹਿਲਾਂ ਹੀ ਹਰਨਾਮ ਨੇ ਠਾਣੇਦਾਰ ਨੂੰ 'ਬੁਸ਼ਕਾਰ' ਲਿਆ। 'ਚੋਗਾ' ਠਾਣੇ ਖਿਲਾਰ ਕੇ ਹਰਨਾਮ ਬੜੇ ਅਰਾਮ ਨਾਲ ਪਿੰਡ ਆ ਗਿਆ। 'ਇਮਾਨਦਾਰ' ਠਾਣੇਦਾਰ ਨੇ ਉਸ ਨੂੰ ਫੁੱਲ ਦੀ ਨਹੀਂ ਲਾਈ ਸੀ, ਸਗੋਂ ਹੱਲਾਸ਼ੇਰੀ ਦਿੱਤੀ ਸੀ, "ਤੂੰ ਅਰਾਮ ਨਾਲ ਘਰ ਨੂੰ ਜਾਹ, ਕਰਾੜਾਂ ਨੂੰ ਭੌਂਕਦੇ ਫਿਰਨ ਦੇ...! ਜੇ ਚੂੰ-ਚਰਾਂ ਕਰਨ, ਚਾਰ ਮਾਰੀਂ ਫਰਾਂ 'ਤੇ! ਜੇ ਬਾਹਲਾ ਜਾਣਗੇ, ਲੱਤ ਬਾਂਹ ਵੱਢ ਕੇ ਪਰ੍ਹਾਂ ਕਰੀਂ, ਬਾਕੀ ਮੇਰੀ ਜ਼ਿੰਮੇਵਾਰੀ...!"

ਜਦੋਂ ਸੇਠਾਂ ਨੂੰ ਹਰਨਾਮ ਦੇ ਘਰ ਆ ਜਾਣ ਬਾਰੇ ਪਤਾ ਲੱਗਿਆ ਤਾਂ ਉਹ ਹੋਰ ਭੜਕ ਉਠੇ। ਟੋਲੀ ਬਣਾ ਕੇ ਠਾਣੇ ਪੁੱਜ ਗਏ, ਪਰ ਮੁਣਸ਼ੀ ਦੀ ਇੱਕੋ ਗੱਲ ਨੇ ਹੀ ਉਨ੍ਹਾਂ ਨੂੰ ਖੂੰਜੇ ਲਾ ਦਿੱਤਾ, "ਸੇਠੋ! ਅਗਲੇ ਨੇ ਘੋੜੀ ਨੂੰ ਆਰ ਈ ਲਾਈ ਐ, ਕੋਈ ਕਰਾੜੀ ਤਾਂ ਨ੍ਹੀਂ ਫੜ ਲਈ? ਤੁਸੀਂ ਤਾਂ ਇਉਂ ਪੰਚੈਤ ਬਣਾ ਕੇ ਆ ਗਏ, ਜਿਵੇਂ ਅਗਲੇ ਨੇ ਕਰਾੜੀ ਨਾਲ ਬਲਾਤਕਾਰ ਕਰ'ਤਾ ਹੁੰਦੈ?"

"ਕਹਾਂ ਸੇ ਮਿਲੇਗਾ ਇਨਸਾਫ...?" ਗੋਪਾਲੇ ਦਾ ਹਰਿਆਣਵੀ ਮਾਮਾ ਜਿਵੇਂ ਕੰਧ 'ਤੇ ਲੱਗੀ ਮਹਾਤਮਾ ਗਾਂਧੀ ਦੀ ਫੋਟੋ ਤੋਂ ਪੁੱਛ ਰਿਹਾ ਸੀ।

ਸੇਠ ਮੂੰਹ ਲਟਕਾ ਕੇ ਆ ਗਏ।

ਜਦੋਂ ਹਰਨਾਮ ਨੇ ਵਿਆਹ ਨੂੰ ਅਖੀਰ ਲੱਤ ਹੀ ਨਾ ਲਾਈ ਤਾਂ ਚਿੰਤੀ ਨੇ ਹਰਨਾਮ ਤੋਂ ਛੋਟੇ ਜੱਗਰ ਦਾ ਵਿਆਹ ਧਰ ਲਿਆ। ਪਹਿਲੇ ਦਿਨ ਮੰਗਣਾ ਅਤੇ ਅਗਲੇ ਦਿਨ ਵਿਆਹ ਸੀ।

ਖੈਰ! ਪਰਮਾਤਮਾ ਦੀ ਕਿਰਪਾ ਨਾਲ ਸਭ ਕੁਝ ਠੀਕ ਹੋ ਗਿਆ। ਦੋਹੇਂ ਧਿਰਾਂ ਸੰਤੁਸ਼ਟ ਸਨ। ਕਾਰਜ ਰਾਸ ਆ ਗਿਆ ਸੀ। ਕਿਸੇ ਵੱਲੋਂ ਕੋਈ ਸ਼ਿਕਾਇਤ ਨਹੀਂ ਸੀ, ਪਰ ਹਰਨਾਮ ਨੇ ਦੋ-ਚਾਰ ਦਿਨ ਜ਼ਰੂਰ ਝੋਰਾ ਕੀਤਾ ਸੀ। ਆਪਣੀ ਕੀਤੀ ਗਲਤੀ ਦਾ ਅਹਿਸਾਸ ਹੋਇਆ ਸੀ, ਕਿਉਂਕਿ ਵਾਰੀ ਪਹਿਲਾਂ ਉਸ ਦੀ ਸੀ, ਜਿਹੜੀ ਉਸ ਤੋਂ ਸਾਂਭੀ ਨਾ ਗਈ। ਹੁਣ ਲੀਹ ਕੁੱਟਣ ਦਾ ਫਾਇਦਾ ਵੀ ਕੀ ਸੀ? ਸੱਪ ਤਾਂ ਲੰਘ ਚੁਕਾ ਸੀ। ਅਖੀਰ ਉਸ ਨੇ ਹਿੱਕ 'ਤੇ ਪੱਥਰ ਰੱਖ ਲਿਆ, ਪਰ ਫਿਰ ਵੀ ਭਾਬੀ ਦੇ ਪਿੰਡੇ ਦੀ ਖੁਸ਼ਬੂ ਉਸ ਨੂੰ ਪਾਗਲ ਕਰ ਦਿੰਦੀ! ਜਦ ਭਾਬੀ ਰਸੋਈ ਵਿਚ ਸਬਜ਼ੀ ਨੂੰ ਤੜਕਾ ਲਾ ਰਹੀ ਹੁੰਦੀ, ਤਾਂ ਹਰਨਾਮ ਵਰਾਂਡੇ ਵਿਚ ਖੜ੍ਹ ਕੇ ਮਸਾਲੇ ਦੀ ਸੁਗੰਧੀ ਨੂੰ ਚੌੜੀਆਂ ਨਾਸਾਂ ਰਾਹੀਂ ਪੀਣਾ ਸ਼ੁਰੂ ਕਰ ਦਿੰਦਾ! ਭਰਜਾਈ ਦਾ ਘੁੰਡ ਅਤੇ 'ਭਾਈ ਜੀ' ਸ਼ਬਦ ਉਸ ਨੂੰ ਜ਼ਹਿਰ ਵਰਗੇ ਲੱਗਦੇ।

ਹਰਨਾਮ ਆਨੇ-ਬਹਾਨੇ, ਕਿਵੇਂ ਨਾ ਕਿਵੇਂ ਛੋਟੀ ਭਾਬੀ ਨੂੰ ਬੁਲਾਉਣ ਦਾ ਯਤਨ ਕਰਦਾ, "ਪੀਹਣ ਕਰ'ਤਾ ਜਸਮੇਲ ਕੁਰੇ?" ਤਾਂ ਜਸਮੇਲ ਕੌਰ ਸਿਰਫ ਇੱਕ ਲਫਜ਼ ਵਿਚ ਹੀ ਸਾਰ ਦਿੰਦੀ, "ਹਾਂ ਕਰ'ਤਾ ਭਾਈ ਜੀ!" ਤਾਂ ਉਹ ਖੂਨ ਦੀ ਘੁੱਟ ਭਰ ਕੇ ਰਹਿ ਜਾਂਦਾ।

ਅਖੀਰ ਚਿੰਤੀ ਬਿਮਾਰ ਪੈ ਗਈ। ਹਰਨਾਮ ਅਤੇ ਜੱਗਰ ਨੇ ਕਾਫੀ ਦੁਆਈ ਬੂਟੀ ਕਰਵਾਈ, ਪਰ ਕੋਈ ਫਰਕ ਨਾ ਪਿਆ। ਸ਼ਹਿਰ ਹਸਪਤਾਲ ਦਾਖਲ ਕਰਵਾਈ, ਪਰ ਬੇਚਾਰੀ ਦੀ ਘਟੀ ਸੀ। ਬਚ ਨਾ ਸਕੀ। ਮਿੱਟੀ ਪਿੰਡ ਲਿਆਂਦੀ ਗਈ।

ਸਭ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਆਖਰੀ ਰਸਮ ਸਿਰਫ ਸਸਕਾਰ ਦੀ ਰਹਿ ਗਈ। ਲਾਸ਼ ਸ਼ਮਸ਼ਾਨ ਭੂਮੀ ਵਿਖੇ ਲਿਆਂਦੀ ਗਈ।

"ਹਰਨਾਮ ਸਿਆਂ, ਦਾਗ ਦੇਹ ਭਾਈ, ਤੂੰ ਵੱਡੈਂ!" ਕਿਸੇ ਸਿਆਣੀ ਬੁੜ੍ਹੀ ਨੇ ਕਿਹਾ ਤਾਂ ਪੁੱਠਪੈਰਾ ਹਰਨਾਮ ਜਿੰਨ ਵਾਂਗ ਟੱਪਿਆ, "ਕਿਉਂ? ਮੈਂ ਦਾਗ ਕਿਉਂ ਦੇਵਾਂ...? ਪਾਣੀ ਵਾਰਦੀ ਇਨ੍ਹਾਂ ਦੇ ਸਿਰਾਂ ਤੋਂ ਮਰ'ਗੀ!" ਸਿਆਣੇ ਬੰਦੇ-ਬੁੜ੍ਹੀਆਂ ਵਿਚਾਰ ਕਰਨ ਲੱਗ ਪਏ। ਅਜਿਹੇ ਦੁਖਦਾਈ ਮੌਕੇ 'ਤੇ ਕੱਛ 'ਚੋਂ ਮੂੰਗਲਾ ਸ਼ੋਭਾ ਨਹੀਂ ਦਿੰਦਾ ਸੀ।

"ਬਾਈ ਇਹ ਮੌਕਾ ਐਹੋ ਜੀਆਂ ਗੱਲਾਂ ਕਰਨ ਦਾ ਨ੍ਹੀਂ!" ਜੱਗਰ ਨੇ ਸਿਆਣੀ ਗੱਲ ਆਖੀ; ਪਰ ਹਰਨਾਮ ਮੁਨਕਰ ਸੀ।

"ਚੱਲ ਜੱਗਰ ਸਿਆਂ, ਤੂੰ ਦਾਗ ਦੇਹ ਪੁੱਤ! ਉਹਦੀ ਬੇਚਾਰੀ ਦੀ ਚਿਖਾ ਨਾ ਖਰਾਬ ਕਰੋ!" ਹਰਨਾਮ ਦੀ ਮਾਸੀ ਕਹਿ ਕੇ ਰੋ ਪਈ।

ਜੱਗਰ ਨੇ ਅਕਹਿ ਦੁੱਖ ਨਾਲ ਚਿਤਾ ਨੂੰ ਲਾਂਬੂ ਲਾ ਦਿੱਤਾ।

ਮਾਂ ਤਾਂ ਚਲੀ ਗਈ, ਪਰ ਹਰਨਾਮ ਦੀ ਜ਼ਿੰਦਗੀ 'ਚ ਹਨੇਰ ਪੈ ਗਿਆ। ਜਸਮੇਲ ਕੌਰ ਸੱਸ ਦੇ ਡਰ, ਸ਼ਰਮ ਕਰਕੇ ਹੀ ਹਰਨਾਮ ਨੂੰ ਰੋਟੀ ਦਿੰਦੀ ਸੀ। ਹੁਣ ਜਦੋਂ ਸੱਸ ਤੁਰ ਗਈ ਸੀ ਤਾਂ ਜਸਮੇਲ ਕੌਰ ਨੂੰ ਕਿਸ ਦਾ ਡਰ ਸੀ? ਉਹ ਤਾਂ ਸਿਰੋਂ ਸਰਦਾਰਨੀ ਸੀ! ਹਾਨੀਸਾਰ ਨੂੰ ਜਸਮੇਲ ਕੌਰ ਨੇ ਹਰਨਾਮ ਨੂੰ ਰੋਟੀ ਵੱਲੋਂ ਹੱਥ ਖੜ੍ਹੇ ਕਰ ਦਿੱਤੇ। ਛੜਾ ਜੇਠ ਬੋਹੜ ਦਾ ਬੂਟਾ ਉਸ ਨੇ ਜ਼ਰੂਰੀ ਹਿੱਕ 'ਤੇ ਪਿੱਪਲ ਲਾਉਣਾ ਸੀ? ਜੱਗਰ ਨੇ ਬਥੇਰੀ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਪਰਨਾਲਾ ਲੋਟ ਨਾ ਆਇਆ। ਘਰ ਵਿਚ ਕਲੇਸ਼ ਰਹਿਣ ਲੱਗ ਪਿਆ। ਹਰਨਾਮ ਦਾ ਤਾਂ ਬਿਲਕੁਲ ਹੀ ਠੂਠੇ ਨਾਲ ਕੁਨਾਲ ਖੜਕਣ ਲੱਗ ਪਿਆ ਸੀ। ਰਾਤ ਨੂੰ ਕਦੇ-ਕਦੇ ਇਕੱਲਾ ਪਿਆ ਉਹ 'ਹਾਏ ਨੀ ਅੰਮੜੀਏ!' ਕਹਿ-ਕਹਿ ਕੇ ਮਾਂ ਨੂੰ ਯਾਦ ਕਰਦਾ ਰਹਿੰਦਾ। ਝੂਰਦਾ ਰਹਿੰਦਾ। ਮਾਂ ਦਾ ਵਿਛੋੜਾ ਉਸ ਨੂੰ ਡੰਗਦਾ। ਕਿਸੇ ਚੀਜ਼ ਦੀ ਹੋਂਦ ਜਾਂ ਅਣਹੋਂਦ ਦਾ ਉਸ ਦੇ ਖੁੱਸ ਜਾਣ ਪਿਛੋਂ ਹੀ ਅਹਿਸਾਸ ਹੁੰਦਾ ਹੈ।

ਆਥਣ-ਸਵੇਰ ਡੰਡਾ ਖੜਕਦਾ ਰਹਿੰਦਾ। ਅਖੀਰ ਹਰਨਾਮ ਨੇ ਅੱਕ ਕੇ ਅੱਡ ਹੋਣ ਦੀ ਲਕੀਰ ਖਿੱਚ ਦਿੱਤੀ।

ਪੰਚਾਇਤ ਬੁਲਾਈ ਗਈ। ਸਭ ਸਮਾਨ ਦੀਆਂ ਵੰਡੀਆਂ ਪੈ ਗਈਆਂ, ਪਰ ਇਕ ਮੱਝ 'ਤੇ ਆ ਕੇ ਗੱਲ ਅੜ ਗਈ। ਮੱਝਾਂ ਪੰਜ ਸਨ। ਦੋ-ਦੋ ਤਾਂ ਵੰਡ ਲਈਆਂ, ਪਰ ਪੰਜਵੀਂ ਮੱਝ ਕਿਵੇਂ ਵੰਡਦੇ? ਹਰਨਾਮ ਕਹੀ ਲੈ ਕੇ ਇੱਕ ਗੱਲ 'ਤੇ ਹੀ ਅੜ ਗਿਆ, "ਮੈਂ ਤਾਂ ਮੱਝ ਅੱਧੀ ਵੱਢਣੀ ਐਂ!" ਪੰਚਾਇਤ ਕਹੇ, "ਮੱਝ ਤੂੰ ਈ ਰੱਖ ਲੈ!" ਪਰ ਹਰਨਾਮ ਇਸ ਦੇ ਉਲਟ, "ਮੈਂ ਇਨ੍ਹਾਂ ਬੇਈਮਾਨਾਂ ਦਾ ਖਾ ਕੇ ਜਾਊਂ ਕਿੱਥੇ? ਅੱਧੀ ਇਨ੍ਹਾਂ ਦੀ ਤੇ ਅੱਧੀ ਮੇਰੀ, ਮੈਂ ਤਾਂ ਮੱਝ ਅੱਧੀ ਵੱਢਣੀ ਐਂ!"

ਖੈਰ! ਸ਼ਾਮ ਤੱਕ ਫੈਸਲਾ ਨਾ ਹੋ ਸਕਿਆ। ਪੰਚਾਇਤ ਸਵੇਰੇ ਸਾਝਰੇ ਆਉਣ ਦਾ ਵਾਅਦਾ ਕਰ ਕੇ ਚਲੀ ਗਈ।

ਹਰਨਾਮ ਬਾਹਰਲੇ ਘਰੇ ਜਾ ਕੇ ਪੈ ਗਿਆ।

ਰਾਤ ਨੂੰ ਜੱਗਰ ਨੇ ਜਸਮੇਲ ਕੌਰ ਨੂੰ ਠੰਢੇ ਮਤੇ ਨਾਲ ਸਮਝਾਇਆ।

"ਲੋਕ ਤਾਂ ਬਿਗਾਨਿਆਂ ਦੀ ਗੁਲਾਮੀ ਕਰ ਕੇ ਲਾਹਾ ਲੈ ਜਾਂਦੇ ਐ, ਮੇਲੋ! ਤੈਥੋਂ ਪਟਾਰੀ ਆਲਾ ਸੱਪ ਵੀ ਨ੍ਹੀਂ ਕੀਲਿਆ ਜਾਂਦਾ...? ਮਾਰ ਬੁੜ੍ਹੀਆਂ ਆਲਾ ਤਿੰਨ ਸੌ ਪੈਂਹਟਵਾਂ ਚਲਿੱਤਰ ਤੇ ਕਰ ਕਲਗੀ ਆਲੇ ਸੱਪ ਨੂੰ ਵੱਸ! ਕੰਜਰ ਦੀਏ ਰਾਣੀ ਬਣ ਕੇ ਰਾਜ ਕਰੇਂਗੀ, ਕੀ ਕੁਛ ਘਸਦੈ...?"

ਜੱਗਰ ਦੀਆਂ ਗੱਲਾਂ ਜਸਮੇਲ ਕੌਰ ਦੇ ਦਿਲ ਲੱਗੀਆਂ।

"ਨ੍ਹੀਂ ਕੁੜੀ ਯ੍ਹਾਵੇ ਦੀਏ ਯੱਭਲੇ...! ਪੈਲੀ ਆਲੇ ਛੜੇ ਨੂੰ ਤਾਂ ਲੋਕ ਸੋਨ-ਚਿੜੀ ਮਾਂਗੂੰ ਪੈਂਦੇ ਐ...! ਸਿਆਣੇ ਆਖਦੇ ਐ ਮੇਲੋ, ਬਈ ਜੁੱਲ ਕੰਧੋਲੇ ਮੌਜਾਂ ਮਾਣਨ ਤੇ ਆਕੜ ਪਾਲੇ ਮਰਦੀ ਐ! ਸਹੁਰੇ ਦੀਏ ਲੋਲ੍ਹੀਏ, ਜੇ ਕੱਲ੍ਹ ਨੂੰ ਚਾਰ ਜੁਆਕ ਹੋ'ਗੇ, ਸਾਂਭੀ ਤਾਂ ਫਿਰੂ, ਜਮੀਨ ਬਾਧੂ ਦੀ ਹੱਥ ਆਊ, ਅਕਲਾਂ ਬਿਨਾ ਖੂਹ ਖਾਲੀ ਰਹਿ ਜਾਂਦੇ ਐ, ਨਾਲੇ ਜਦੋਂ ਤੈਨੂੰ ਮੈਂ ਕਹਿੰਨੈਂ...?"

ਜਸਮੇਲ ਕੌਰ ਦਾ ਚਿਹਰਾ ਟਹਿਕ ਉਠਿਆ।

"ਅੱਗ ਲੱਗੜੀ ਮੇਰੀ ਮੱਤ ਈ ਮਾਰੀ ਗਈ!" ਉਸ ਨੂੰ ਅਫਸੋਸ ਵੀ ਹੋਇਆ ਕਿ ਉਹ ਤਾਂ ਆਪਣੇ ਪੈਰੀਂ ਆਪ ਕੁਹਾੜਾ ਮਾਰ ਰਹੀ ਸੀ! ਮੁਫਤੀ ਦਾ ਸੀਰੀ, ਸੋਨੇ ਦੀ ਖਾਣ ਉਹਨੂੰ ਕਿੱਥੋਂ ਮਿਲਣੀ ਸੀ? ਜੱਗਰ ਦੇਖ ਰਿਹਾ ਸੀ ਕਿ ਉਸ ਦੇ ਛੱਡੇ ਹੋਏ ਤੀਰ ਬਿਲਕੁਲ ਠੀਕ ਨਿਸ਼ਾਨੇ 'ਤੇ ਹੀ ਵੱਜੇ ਸਨ।

"ਮੇਲੋ! ਸਿਆਣੇ ਆਖਦੇ ਐ, ਬਖਤੋਂ ਖੁੰਝੀ ਡੂੰਮਣੀ ਗਾਹੇ ਆਲ ਪਤਾਲ, ਅੱਖਾਂ 'ਚ ਘਸੁੰਨ ਦੇ ਕੇ ਰੋਇਆ ਕਰੇਂਗੀ!"

ਗੱਲ ਜਸਮੇਲ ਕੌਰ ਨੂੰ ਜਚ ਗਈ।

ਉਹ ਉਠੀ। ਰੋਟੀਆਂ ਪਕਾਈਆਂ। ਖੀਰ ਬਣਾਈ। ਤਿੰਨ ਮੇਲ ਦਾ ਪ੍ਰਸ਼ਾਦ ਬਣਾਇਆ। ਸਾਰਾ ਕੁਝ ਬੰਨ੍ਹ ਕੇ ਉਸ ਨੇ ਬਾਹਰਲੇ ਘਰ ਨੂੰ ਚਾਲੇ ਪਾ ਦਿੱਤੇ।

ਟਿਕੀ ਰਾਤ ਵਿਚ ਮੰਜੇ 'ਤੇ ਪਏ ਹਰਨਾਮ ਨੂੰ ਪੈੜ-ਚਾਲ ਜਿਹੀ ਸੁਣਾਈ ਦਿੱਤੀ। ਉਹ ਸੰਭਲ ਕੇ ਜਿਹੇ ਬੈਠ ਗਿਆ।

"ਕਿਹੜੈ ਬਈ...?" ਉਸ ਨੇ ਖੰਘੂਰਾ ਮਾਰਿਆ। ਗੰਡਾਸਾ ਹੱਥ ਹੇਠ ਕੀਤਾ। ਅੰਦਰ ਜਾ ਕੇ ਜਸਮੇਲ ਕੌਰ ਨੇ ਦੀਵਾ ਜਗਾਇਆ।

"ਤੂੰ ਏਥੇ ਕੀ ਕਰਨ ਆਈਂ ਐਂ, ਬਹੇਲੇ?" ਉਹ ਭਮੱਤਰ ਗਿਆ।

"ਤੂੰ ਭੈੜਿਆ ਥੁੱਕ ਗੁੱਸੇ ਨੂੰ...! ਲੈ ਟੁੱਕ ਖਾਹ, ਹੈਂ..! ਐਨਾ ਗੁੱਸਾ ਵੀ ਕੀ ਆਖ...? ਦੋ ਭਾਂਡੇ ਤਾਂ ਖੜਕਦੇ ਈ ਰਹਿੰਦੇ ਐ, ਆਬਦਿਆਂ 'ਤੇ ਕਾਹਦਾ ਗੁੱਸਾ? ਲੋਕ 'ਕੱਠੇ ਵਸਦਿਆਂ ਨੂੰ ਦੇਖ ਕੇ ਜਰਦੇ ਨ੍ਹੀਂ, ਮੈਂ ਤਾਂ ਤੀਮੀ ਮਾਨੀ ਬੇ-ਡਮਾਕਣ ਐਂ, ਤੂੰ ਕਾਹਨੂੰ ਐਵੇਂ ਤਮਾਸ਼ਾ ਬਣਾਇਐ? ਚੰਗਾ ਭਲਾ ਗੰਧਾਲੇ ਅਰਗਾ ਡਮਾਕੀ ਬੰਦਾ!" ਉਹ ਪ੍ਰਸ਼ਾਦ ਫੜਾਉਂਦੀ ਆਖ ਰਹੀ ਸੀ।

"... ...!" ਹਰਨਾਮ ਹੈਰਾਨੀ ਨਾਲ ਟਿਕਟਿਕੀ ਲਾ ਕੇ ਕੌਲੇ ਵੱਲ ਝਾਕ ਰਿਹਾ ਸੀ।

"ਸਾਲੇ ਦੀ ਨੇ ਵਿਚ ਸੈਂਖੀਆ ਈ ਨਾ ਪਾ ਦਿੱਤਾ ਹੋਵੇ?" ਉਸ ਦਾ ਦਿਲ ਬੋਲਿਆ।

"ਭੈੜਿਆ! ਤੇਰਾ ਘਰ, ਤੇਰਾ ਬਾਰ, ਤੇਰਾ ਭਰਾ, ਤੇਰੀ ਮੈਂ ਭਰਜਾਈ, ਕੁਛ ਮਰਜੀ ਐ, ਪੰਜ ਕਰ ਪੰਜਾਹ ਕਰ! ਤੇਰਾ ਕਿਸੇ ਨੇ ਹੱਥ ਫੜਨੈਂ?" ਉਸ ਨੇ ਇੱਕ ਤਰ੍ਹਾਂ ਨਾਲ 'ਸਾਰੇ' ਦਰਵਾਜੇ ਖੋਲ੍ਹ ਦਿੱਤੇ। ਹਰਨਾਮ ਦੀ ਸ਼ੱਕੀ ਬਿਰਤੀ ਟੁੱਟੀ। ਔਰਤ ਵੀ ਕੀ ਚੀਜ਼ ਹੈ? ਪਿਆਰ ਨਾਲ ਹੱਥ ਲਾ ਦੇਵੇ, ਸੁੱਕੇ ਦਰੱਖਤ ਹਰੇ ਹੋ ਜਾਣ! ਗਲਵੱਕੜੀ ਪਾ ਲਵੇ, ਜੁਗੜਿਆਂ ਜੁਗਾਂਤਰਾਂ ਦੇ ਦੁੱਖ ਟੁੱਟ ਜਾਣ! ਬੁੱਲ੍ਹਾਂ 'ਤੇ ਬੁੱਲ੍ਹ ਧਰੇ, ਮੁਰਦਾ ਉਠ ਕੇ ਬੈਠ ਜਾਵੇ! ਹਰਨਾਮ ਘਿਉ ਵਾਂਗ ਪੰਘਰ ਗਿਆ। ਉਸ ਨੇ ਰਜਾਈ ਦਾ ਲੜ ਚੁੱਕਿਆ ਤਾਂ ਜਸਮੇਲ ਕੌਰ 'ਗੜੱਪ' ਦੇਣੇ ਰਜਾਈ ਵਿਚ ਵੜ ਗਈ।

"ਮਿੱਠਾ ਤਾਂ ਨ੍ਹੀਂ ਘੱਟ...?" ਉਹ ਹਰਨਾਮ ਦੇ ਮੂੰਹ ਵਿਚ ਚਮਚੇ ਪਾਉਂਦੀ ਪੁੱਛ ਰਹੀ ਸੀ।

"ਨਹੀਂ ਸੂਤ ਐ...!" ਉਹ ਬਲਦ ਵਾਂਗ ਬੁਰਕ ਜਿਹੇ ਮਾਰਦਾ ਕਹਿ ਰਿਹਾ ਸੀ। ਉਸ ਦੀ 'ਟੁੱਚ-ਟੁੱਚ' ਨੂੰ ਪਸੂ ਕੰਨ ਚੁੱਕ-ਚੁੱਕ ਸੁਣ ਰਹੇ ਸਨ।

ਪਾਠੀ ਬੋਲਦੇ ਨਾਲ ਹੀ ਜਸਮੇਲ ਕੌਰ ਉਠ ਖੜ੍ਹੀ ਹੋਈ। ਭਾਂਡੇ ਉਸ ਨੇ ਪੋਣੇ ਵਿਚ ਬੰਨ੍ਹ ਲਏ।

"ਜੇ ਅਜੇ ਵੀ ਕੋਈ ਗੁੱਸੈ ਤਾਂ ਦੱਸ...? ਚਾਹੇ ਮੱਝ ਦੀ ਥਾਂ ਮੈਨੂੰ ਵੱਢ ਲੈ...!" ਉਹ ਹਰਨਾਮ ਨੂੰ ਕਿਸੇ ਨਖਰੇ, ਕਿਸੇ ਅਜੀਬ ਅੰਦਾਜ਼ ਵਿਚ ਆਖ ਰਹੀ ਸੀ।

"ਨਾ ਕਿਉਂ ਵੱਢੂੰ...? ਮੈਂ ਕਮਲੈਂ? ਨਾਲੇ ਮੱਝ ਕਿਤੇ ਮੁਖਤੀ ਆਈ ਐ?" ਹਰਨਾਮ ਤੁਰੰਤ ਬੋਲਿਆ ਸੀ।

"ਚੰਗਾ! ਹੁਣ ਤੂੰ ਬਿੰਦ ਅੱਖ ਲਾ ਲੈ! ਮੈਂ ਚਾਹ ਲੈ ਕੇ ਆਉਂਨੀ ਆਂ, ਹੰਭ ਗਿਆ ਹੋਵੇਂਗਾ।" ਉਹ ਮੁਛਕੜੀਏਂ ਹੱਸਦੀ ਚਲੀ ਗਈ।

ਅੱਧੇ ਕੁ ਘੰਟੇ ਬਾਅਦ ਚਾਹ ਆ ਗਈ। ਚਾਹ ਪੀ ਕੇ ਉਹ ਫਿਰ ਸੌਂ ਗਿਆ।

ਸੂਰਜ ਚੜ੍ਹਨ ਸਾਰ ਪੰਚਾਇਤ ਹਰਨਾਮ ਕੇ ਬਾਹਰਲੇ ਘਰੇ ਇਕੱਠੀ ਹੋ ਗਈ। ਜੱਗਰ ਨੇ ਧੁੱਪੇ ਚਾਹ ਦੀ ਬਾਲਟੀ ਪੰਚਾਇਤ ਅੱਗੇ ਲਿਆ ਰੱਖੀ।

"ਹਰਨਾਮ ਸਿਆਂ! ਥੋਡਾ ਰੌਲਾ ਹੁਣ ਕਿਵੇਂ ਨਿਬੇੜੀਏ...?" ਚਾਹ ਦੇ ਸੜ੍ਹਾਕੇ ਮਾਰਦਾ ਨੰਬਰਦਾਰ ਪੁੱਛ ਰਿਹਾ ਸੀ।

"ਰੌਲਾ? ਕਿਹੜਾ ਰੌਲਾ?" ਹਰਨਾਮ ਜਿਵੇਂ ਕਾਫੀ ਹੈਰਾਨ ਸੀ।

"ਮੱਝ ਆਲਾ...!" ਸਰਪੰਚ ਬੋਲਿਆ।

"ਸਾਡਾ ਕੋਈ ਮੱਝ ਮੁੱਝ ਦਾ ਰੌਲਾ ਨ੍ਹੀਂ ਸਰਪੈਂਚਾ...!" ਉਸ ਨੇ ਸਿੱਧੀ ਹੀ ਨਿਬੇੜ ਦਿੱਤੀ।

"ਤੁਸੀਂ ਫਿਰ ਅੱਡ ਨਹੀਂ ਹੋਣਾ...?" ਸਰਪੰਚ ਦੰਗ ਸੀ।

"ਸਰਪੈਂਚਾ...! ਅਸੀਂ ਬੋਟਾਂ ਤੈਨੂੰ ਇਸ ਲਈ ਪਾਈਐਂ ਬਈ ਤੂੰ ਲੋਕਾਂ ਨੂੰ ਮੱਲੋਮੱਲੀ ਅੱਡ ਕਰਵਾਉਂਦਾ ਫਿਰੇਂ...?" ਹਰਨਾਮ ਪੁੱਛ ਰਿਹਾ ਸੀ।

"... ...!" ਸਰਪੰਚ ਸਤੰਭ, ਮਜੌਰਾਂ ਦੀ ਮਾਂ ਵਾਂਗ ਕਦੇ ਹਰਨਾਮ ਅਤੇ ਕਦੇ ਜੱਗਰ ਵੱਲ ਤੱਕ ਰਿਹਾ ਸੀ।

"ਕੱਲ੍ਹ ਤਾਂ ਤੂੰ ਮੱਝ ਅੱਧੀ ਵੱਢਣ ਨੂੰ ਫਿਰਦਾ ਸੀ?"

"ਮੇਰੇ ਡਮਾਕ 'ਤੇ ਮੇਰਾ ਹੱਕ ਐ, ਕੁਛ ਕਰਾਂ...!"

ਪੰਚਾਇਤ ਸੁੰਨ ਹੋ ਗਈ।

"ਸਰਪੈਂਚਾ! ਪੰਚੈਤ 'ਨਸਾਫ ਕਰਨ ਆਸਤੇ ਬਣਾਈਦੀ ਐ, ਅੱਡੋ ਅੱਡੀ ਕਰਵਾਉਣ ਆਸਤੇ ਨ੍ਹੀਂ! ਹੁਣ ਤੁਸੀਂ ਚਾਹ ਪੀ ਲਈ, ਤੇ ਹੁਣ ਜਾਓ ਮੇਰੇ ਵੀਰ!" ਉਹ ਦਾਤੀ ਚੁੱਕ ਪੱਠੇ ਵੱਢਣ ਤੁਰ ਪਿਆ।

"ਉਏ ਵਾਹ ਉਏ ਪੁੱਠੇ ਪੈਰਾਂ ਆਲਿਆ...! ਐਮੇ ਨ੍ਹੀਂ ਲੋਕ ਤੈਨੂੰ ਪੁੱਠਪੈਰਾ ਆਖਦੇ! ਅਖੇ ਪੱਟਿਆ ਪਹਾੜ ਨਿਕਲਿਆ ਚੂਹਾ।" ਪੰਚਾਇਤ ਨਾਲ ਤੁਰਿਆ ਜਾਂਦਾ ਸਰਪੰਚ ਕਹਿ ਰਿਹਾ ਸੀ।

"ਸਰਪੈਂਚਾ! ਤੀਮੀ ਤੇ ਧਤੂਰੇ 'ਚ ਬੜਾ ਨਸ਼ਾ ਹੁੰਦੈ, ਬੰਦੇ ਨੂੰ ਕਮਲਾ ਕਰ ਦਿੰਦੈ!" ਮੈਂਬਰ ਨੇ ਸਰਪੰਚ ਦੇ ਕੰਨ 'ਚ ਕਿਹਾ।

"ਗੱਲ ਤੇਰੀ ਸੋਲ੍ਹਾਂ ਆਨੇ ਸੱਚ ਐ, ਮਿੰਬਰਾ...!" ਸਰਪੰਚ ਵੀ ਗੁੱਝਾ ਹੱਸਿਆ।

ਜੱਗਰ ਅਤੇ ਜਸਮੇਲ ਕੌਰ ਇਕ ਖੂੰਜੇ ਖੜ੍ਹੇ ਮੁਸਕੜੀਏਂ ਹੱਸ ਰਹੇ ਸਨ। ਸੂਰਜ ਦੀਆਂ ਕਿਰਨਾਂ ਉਨ੍ਹਾਂ ਦੇ ਚਿਹਰਿਆਂ 'ਤੇ ਨੱਚ ਰਹੀਆਂ ਸਨ।

---

**ਨੋਟ:** ਇਸ ਕਹਾਣੀ ਉਪਰ "ਪੁੱਠੇ ਪੈਰਾਂ ਵਾਲਾ" ਫਿਲਮ ਵੀ ਬਣ ਚੁਕੀ ਐ ਅਤੇ ਯੂ-ਟਿਊਬ ਉਪਰ ਉਪਲੱਭਦ ਹੈ।

# ਬੈਚ ਫੁੱਲ ਹੈਦਰ: ਸਿਰਖਾਊ ਨਿਜਸਵਾਰਥੀ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਬੈਚ ਫੁੱਲ ਦਵਾਈਆਂ ਦਾ ਸਬੰਧ ਵਿਅਕਤੀ ਦੀ ਮਾਨਸਿਕਤਾ ਨਾਲ ਹੈ। ਇਹ ਉਸ ਦੇ ਮਾਨਸਿਕ ਵਿਕਾਰਾਂ ਨੂੰ ਸਹੀ ਕਰ ਕੇ ਉਸ ਦੇ ਸਰੀਰ ਨੂੰ ਦਰੁਸਤ ਕਰਦੀਆਂ ਹਨ। ਗਿਣਤੀ ਵਿਚ ਇਹ ਅਠੱਤੀ ਦਵਾਈਆਂ ਮਨੁੱਖੀ ਸਰੀਰ ਦੇ ਅਠੱਤੀ ਜਾਂ ਇਸ ਤੋਂ ਵੀ ਵੱਧ ਕਿਸਮ ਦੇ ਵਿਕਾਰਾਂ ਜਾਂ ਰਿਣਾਤਮਿਕ ਝੁਕਾਵਾਂ ਨੂੰ ਧਨਆਤਮਿਕ ਮੋੜ ਦਿੰਦੀਆਂ ਹਨ। ਮਨੁੱਖੀ ਸੁਭਾਅ ਦੀਆਂ ਵਿਗੜੀਆਂ ਪ੍ਰਵਿਰਤੀਆਂ ਠੀਕ ਹੋਣ ਨਾਲ ਸਰੀਰਕ ਰੋਗ ਆਪਣੇ ਆਪ ਠੀਕ ਹੋ ਜਾਂਦੇ ਹਨ। ਇਸ ਲਈ ਮਰੀਜ਼ ਨੂੰ ਦਵਾਈ ਲੈਣ ਦਾ ਵਿਚਾਰ ਭਾਵੇਂ ਸਰੀਰਕ ਤਕਲੀਫ ਕਾਰਨ ਆਉਂਦਾ ਹੈ, ਪਰ ਉਸ ਦੀ ਤਕਲੀਫ ਦਾ ਸਮਾਧਾਨ ਉਸ ਦੇ ਸੁਭਾਅ ਤੇ ਆਦਤਾਂ ਦਾ ਅਧਿਐਨ ਕਰ ਕੇ ਉਨ੍ਹਾਂ ਮੁਤਾਬਿਕ ਢੁਕਵੀਂ ਦਵਾਈ ਦੇ ਕੇ ਹੁੰਦਾ ਹੈ। ਬੈਚ ਫੁੱਲ ਚਿਕਿਤਸਾ ਦੀ ਖੇਡ ਮੁੱਖ ਤੌਰ 'ਤੇ ਇੰਨੀ ਕੁ ਹੀ ਹੈ। ਜੇ ਕੋਈ ਇਨਸਾਨ ਆਪਣੇ ਮਾਨਸਿਕ ਤਾਣੇ-ਬਾਣੇ ਤੇ ਸੁਭਾਵਿਕ ਤਾਸੀਰ ਦਾ ਜਾਇਜ਼ਾ ਆਪ ਲਾ ਕੇ ਉਸ ਨੂੰ ਕਿਸੇ ਫੁੱਲ ਦਵਾਈ ਦੇ ਗੁਣਾਂ ਵਿਚ ਤਬਦੀਲ ਕਰ ਕੇ ਉਹ ਦਵਾਈ ਲੈ ਸਕੇ ਤਾਂ ਉਹ ਆਪਣੀ ਸਿਹਤ ਦਾ ਆਪ ਬਾਦਸ਼ਾਹ ਬਣ ਸਕਦਾ ਹੈ।

ਇਹ ਕੋਈ ਮੁਸ਼ਕਿਲ ਕੰਮ ਨਹੀਂ ਹੈ। ਇਸ ਵਿਚ ਮਨੁੱਖੀ ਸਰੀਰ ਦੀ ਅਨਾਟਮੀ, ਫਿਜ਼ਿਆਲੋਜੀ, ਪੈਥੋਲੋਜੀ, ਸਾਈਕਾਲੋਜੀ ਆਦਿ ਦੇ ਗਿਆਨ ਦੀ ਲੋੜ ਨਹੀਂ ਪੈਂਦੀ, ਹਾਲਾਂਕਿ ਇਨ੍ਹਾਂ ਵਿਸ਼ਿਆਂ ਦਾ ਵੱਧ ਤੋਂ ਵੱਧ ਗਿਆਨ ਹੋਣਾ ਹਮੇਸ਼ਾ ਹੀ ਲਾਹੇ ਵਾਲੀ ਗੱਲ ਹੁੰਦੀ ਹੈ। ਡਾ. ਬੈਚ ਦੇ ਉਪਰਾਲੇ ਨੇ ਮਨੁੱਖੀ ਸਿਹਤ ਨੂੰ ਮਨੁੱਖ ਦੇ ਬਿਲਕੁਲ ਕਰੀਬ ਤੇ ਸਨਮੁੱਖ ਲੈ ਆਂਦਾ ਹੈ। ਜਿਵੇਂ ਕਿਸੇ ਟੀ. ਵੀ. ਦੇ ਅਣਗਿਣਤ ਫੰਕਸ਼ਨਾਂ ਨੂੰ ਬਿਨਾ ਕਿਸੇ ਤਕਨੀਕੀ ਗਿਆਨ ਤੋਂ ਇਕ ਆਮ ਰਿਮੋਟ ਦੇ ਕੁਝ ਬਟਨਾਂ ਰਾਹੀਂ ਚਲਾਇਆ ਜਾ ਸਕਦਾ ਹੈ, ਇਵੇਂ ਹੀ ਮਨੁੱਖੀ ਸਿਹਤ ਦੇ ਬਹੁਤੇ ਮਸਲੇ ਬੈਚ ਫੁੱਲ ਔਸ਼ਧੀਆਂ ਦੇਣ ਨਾਲ ਘਰ ਬੈਠੇ ਹੀ ਹੱਲ ਕੀਤੇ ਜਾ ਸਕਦੇ ਹਨ; ਪਰ ਇਸ ਅਨੁਭਵ ਨੂੰ ਗ੍ਰਹਿਣ ਕਰਨ ਤੇ ਇਸ ਦਾ ਲਾਭ ਉਠਾਉਣ ਲਈ ਪਹਿਲਾਂ ਇਨ੍ਹਾਂ ਦਵਾਈਆਂ ਦੇ ਨਾਂਵਾਂ ਤੇ ਲੱਛਣਾਂ ਦੀ ਪਛਾਣ ਹੋਣੀ ਜਰੂਰੀ ਹੈ।

ਇਸ ਸਿਲਸਿਲੇ ਵਿਚ ਬੈਚ ਫੁੱਲ ਦਵਾਈ ਹੈਦਰ (Heather) ਇਕ ਵਿਲੱਖਣ ਤੇ ਵਿਚਿੱਤਰ ਗੁਣਾਂ ਵਾਲੀ ਦਵਾਈ ਹੈ। ਇਸ ਦਾ ਮਰੀਜ਼ ਸਵੈ-ਕੇਂਦ੍ਰਿਤ ਹੁੰਦਾ ਹੈ ਤੇ ਆਪੇ ਤੋਂ ਬਾਹਰ ਨਿਕਲ ਕੇ ਨਹੀਂ ਸੋਚਦਾ। ਉਸ ਨੂੰ ਆਪਣਾ ਆਪ ਤੇ ਆਪਣੀਆਂ ਤਕਲੀਫਾਂ ਸੰਸਾਰ ਦੇ ਸਭ ਮਸਲਿਆਂ ਤੋਂ ਅਹਿਮ ਦਿਸਦੀਆਂ ਹਨ। ਉਹ ਜਿੱਥੇ ਵੀ ਜਾਵੇਗਾ, ਆਪਣੀ ਹੀ ਗੱਲ ਕਰੇਗਾ-ਬਿਮਾਰ ਹੋਵੇਗਾ ਤਾਂ ਬਿਮਾਰੀ ਦੀ ਨਹੀਂ ਤਾਂ ਆਪਣੀਆਂ ਸ਼ੇਖੀਆਂ ਵਿਦਵਤਾ ਜਾਂ ਫੜ੍ਹਾਂ ਦੀ। ਚਾਹੇ ਉਸ ਦੀ ਗੱਲ ਦਾ ਕੋਈ ਸੰਦਰਵ ਨਾ ਵੀ ਹੋਵੇ, ਤਾਂ ਵੀ ਉਹ ਦੂਜਿਆਂ ਨੂੰ ਵਿਚਕਾਰੋਂ ਟੋਕ ਕੇ ਉਨ੍ਹਾਂ ਦਾ ਧਿਆਨ ਆਪਣੇ ਜਾਂ ਆਪਣੀ ਸਮੱਸਿਆ ਵਲ ਖਿੱਚਣ ਦੀ ਕੋਸ਼ਿਸ਼ ਕਰਦਾ ਹੈ। ਜੇ ਉਹ ਅਜਿਹਾ ਨਾ ਕਰੇ ਤਾਂ ਉਸ ਦਾ ਦਮ ਘੁਟਦਾ ਹੈ। ਇਸ ਲਈ ਉਹ ਇਕਾਂਤ ਨੂੰ ਜਾਂ ਇਕੱਲੇਪਣ ਨੂੰ ਪਸੰਦ ਨਹੀਂ ਕਰਦਾ। ਜੇ ਕੋਈ ਉਸ ਕੋਲ ਆ ਜਾਵੇ ਫਿਰ ਤਾਂ ਕਹਿਣੇ ਹੀ ਕਿਆ, ਨਹੀਂ ਤਾਂ ਉਸ ਨੂੰ ਆਪਣਾ ਦੁਖ ਸੁਣਾਉਣ ਲਈ ਕਿਸੇ ਨੂੰ ਬਾਹਰ ਜਾ ਕੇ ਲੱਭਣਾ ਪੈਂਦਾ ਹੈ। ਜੇ ਉੱਥੇ ਵੀ ਕੋਈ ਨਾ ਲੱਭੇ ਤਾਂ ਉਹ ਕਿਸੇ ਨੂੰ ਫੋਨ ਕਰਦਾ ਹੈ ਜਾਂ ਸੁਨੇਹਾ ਲਾ ਕੇ ਕੋਲ ਸੱਦਦਾ ਹੈ, ਪਰ ਅਜਿਹਾ ਘੱਟ ਹੀ ਹੁੰਦਾ ਹੈ ਕਿ ਪਹਿਲੀ ਵਾਰ ਸੁਣਨ ਤੋਂ ਬਾਅਦ ਅੱਕਿਆ ਕੋਈ ਲੋਕ ਉਸ ਨੂੰ ਮੂੰਹ ਲਾਵੇ। ਕਾਰਨ ਇਹ ਕਿ ਉਹ ਆਪਣੀ ਗੱਲ ਹੀ ਸੁਣਾਉਂਦਾ ਹੈ, ਸਗੋਂ ਦੂਜੇ ਦੀ ਸੁਣਦਾ ਵੀ ਨਹੀਂ। ਕਿਉਂਕਿ ਉਹ ਦੂਜਿਆਂ ਦਾ ਖਿਆਲ ਨਹੀਂ ਕਰਦਾ, ਇਸ ਲਈ ਉਹ ਸਮਾਜ ਸੇਵਕ ਜਾਂ ਪਰਉਪਕਾਰੀ ਜੀਵ ਨਹੀਂ ਬਣ ਸਕਦਾ। ਕੋਈ ਉਸ ਨੂੰ ਸ਼ੇਖੀਖੋਰ ਕਹਿੰਦਾ ਹੈ, ਕੋਈ ਮੀਆਂ ਮਿੱਠੂ, ਕੋਈ ਮਹਾਂ-ਬੋਰ, ਕੋਈ ਸਿਰੇ ਦਾ ਮਤਲਬੀ, ਕੋਈ ਸਿਰਖਾਣਾ ਤੇ ਕੋਈ ਲੀਚੜ। ਸੰਖੇਪ ਵਿਚ ਉਹ ਆਪਣੀਆਂ ਤੇ ਆਪਣੇ ਘਰ ਦੀਆਂ ਸਮੱਸਿਆਵਾਂ ਤੋਂ ਅੱਗੇ ਅੱਖ ਨਹੀਂ ਪੁੱਟਦਾ।

ਸਮਾਜ ਵਿਚ ਅਜਿਹੇ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਇਸ ਲਈ ਉਹ ਸਭ ਦੇ ਸੰਪਰਕ ਵਿਚ ਆਉਂਦੇ ਰਹਿੰਦੇ ਹਨ। ਇਨ੍ਹਾਂ ਦੀ ਪਛਾਣ ਕਰਨੀ ਕੋਈ ਬਹੁਤੀ ਔਖੀ ਨਹੀਂ। ਇਹ ਲੋਕ ਬਹੁਤਾ ਬੋਲਦੇ ਹਨ। ਥੋੜ੍ਹੀ ਗੱਲ ਨਾਲ ਇਨ੍ਹਾਂ ਦਾ ਗੁਜ਼ਾਰਾ ਨਹੀਂ ਹੁੰਦਾ। ਜੇ ਇਕ ਵਾਰ ਇਨ੍ਹਾਂ ਦੀ ਗੱਲ ਸੁਣ ਲਵੋ ਤਾਂ ਇਹ ਕਣਤਾਅ ਕੇ ਰੱਖਦੇ ਹਨ। ਇਹ ਆਪਣੇ ਸਮੇਂ ਦਾ ਪੂਰਾ ਲਾਭ ਲੈਂਦੇ ਹਨ ਤੇ ਦੂਜੇ ਦੇ ਸਮੇਂ ਦਾ ਖਿਆਲ ਨਹੀਂ ਕਰਦੇ। ਇਨ੍ਹਾਂ ਦੀ ਗੱਲ ਬਾਤ ਇਕ-ਪਾਸੜ ਤੇ ਇਕਹਿਰੀ ਹੁੰਦੀ ਹੈ। ਜੇ ਇਹ ਬੀਮਾਰ ਹੋਣ ਤਾਂ ਆਪਣੀਆਂ ਤਕਲੀਫਾਂ ਦੇ ਵੇਰਵਿਆਂ ਨੂੰ ਵਾਰ ਵਾਰ ਦੁਹਰਾਈ ਜਾਂਦੇ ਹਨ ਤੇ ਜੇ ਠੀਕ ਠਾਕ ਹੋਣ ਤਾਂ ਆਪਣੇ ਤਜ਼ਰਬਿਆਂ, ਜਾਣਕਾਰੀਆਂ ਤੇ ਕਾਰਨਾਮਿਆਂ ਦੇ ਗੋਗੇ ਗਾਈ ਜਾਣਗੇ। ਕਈ ਵਾਰ ਤਾਂ ਇਹ ਰੋਕਿਆਂ ਵੀ ਨਹੀਂ ਰੁਕਦੇ। ਦੂਜਿਆਂ ਨੂੰ ਅਮੁਕ ਮੂਰਖ ਸਮਝਦੇ ਹਨ ਤੇ ਆਪਣੀਆਂ ਗੱਲਾਂ ਝਾੜ ਕੇ ਚਲਦੇ ਬਣਦੇ ਹਨ। ਜੋ ਇਨ੍ਹਾਂ ਦੀ ਗੱਲ ਨੂੰ ਧਿਆਨ ਨਾਲ ਸੁਣ ਲੈਂਦੇ ਹਨ, ਉਹ ਉਨ੍ਹਾਂ ਦੇ ਨਿਸ਼ਾਨੇ 'ਤੇ ਆ ਜਾਂਦੇ ਹਾਂ। ਇਹ ਉਨ੍ਹਾਂ ਕੋਲ ਦੂਜੇ ਦਿਨ ਫਿਰ ਪਹੁੰਚ ਜਾਂਦੇ ਹਨ ਤੇ ਉਹੀ ਸਿਲਸਿਲਾ ਅਰੰਭ ਕਰ ਦਿੰਦੇ ਹਨ। ਇਨ੍ਹਾਂ ਨਾਲ ਬਿਤਾਇਆ ਸਮਾਂ ਨਸ਼ਟ ਹੀ ਸਮਝੋ। ਇਸ ਲਈ ਇਨ੍ਹਾਂ ਨੂੰ ਦੂਰੋਂ ਆਉਂਦਿਆਂ ਦੇਖ ਕੇ ਹੀ ਛਿਪ ਜਾਣ ਨੂੰ ਦਿਲ ਕਰਦਾ ਹੈ, ਪਰ ਇਸ ਵਿਚ ਉਨ੍ਹਾਂ ਦਾ ਕੋਈ ਕਸੂਰ ਨਹੀਂ ਹੁੰਦਾ। ਉਨ੍ਹਾਂ ਦੇ ਮਾਨਸਿਕ ਸੰਤੁਲਨ ਦੀ ਕੋਈ ਤਣੀ ਢਿੱਲੀ ਜਾਂ ਕੋਈ ਵਧੇਰੇ ਕਸੀ ਹੁੰਦੀ ਹੈ, ਜੋ ਉਨ੍ਹਾਂ ਦੀ ਸੋਚ ਤੇ ਵਿਹਾਰ ਨੂੰ ਵਿਗਾੜ ਕੇ ਉਨ੍ਹਾਂ ਦੇ ਸੁਭਾਅ ਦਾ ਪੱਕਾ ਹਿੱਸਾ ਬਣ ਗਈ ਹੁੰਦੀ ਹੈ। ਆਪਣੀ ਇਸ ਆਦਤ ਅਨੁਸਾਰ ਉਹ ਆਪਣੇ ਦੁੱਖਾਂ ਦਾ ਹੱਲ ਦੂਜਿਆਂ ਨੂੰ ਸੁਣਾ ਕੇ ਲੱਭਦੇ ਹਨ। ਕਿਉਂਕਿ ਉਹ ਸਮਝਦੇ ਹਨ ਕਿ ਉਨ੍ਹਾਂ ਦੀ ਗੱਲ ਸੁਣ ਕੇ ਪ੍ਰਸ਼ੰਸਾ ਕਰਨ ਵਾਲਾ ਕੋਈ ਨਹੀਂ ਹੈ, ਇਸ ਲਈ ਉਹ ਆਪਣੇ ਦੁੱਖਾਂ ਜਾਂ ਗੁਣਾਂ ਦਾ ਢੋਲ ਆਪ ਵਜਾਉਂਦੇ ਹਨ।

ਕਾਰਨ ਭਾਵੇਂ ਕੁਝ ਵੀ ਹੋਵੇ, ਪਰ ਗੱਲ ਇੰਨੀ ਹੀ ਹੈ ਕਿ ਹੈਦਰ ਦੇ ਮਰੀਜ਼ ਆਪਾ-ਕੇਂਦਰਿਤ (Self-centered), ਸਵਾਰਥੀ, ਆਪਣੇ ਮੂੰਹ ਮੀਆਂ ਮਿੱਠੂ ਬਣਨ ਵਾਲੇ ਗਾਲ੍ਹੜੂ ਤੇ ਕੰਨ ਖਾਣ ਵਾਲੇ ਹੁੰਦੇ ਹਨ। ਕਿਤੇ ਵੀ ਮਿਲਣ, ਕਿਵੇਂ ਵੀ ਮਿਲਣ ਇਨ੍ਹਾਂ ਤੋਂ ਬਚਣ ਦੀ ਲੋੜ ਨਹੀਂ ਤੇ ਇਨ੍ਹਾਂ ਨਾਲ ਉਲਝਣ ਦੀ ਲੋੜ ਨਹੀਂ। ਇਨ੍ਹਾਂ ਦਾ ਇਲਾਜ ਹੈਦਰ ਦੀਆਂ ਕੁਝ ਖੁਰਾਕਾਂ ਹਨ। ਇਹ ਲੈਣ ਤੋਂ ਬਾਅਦ ਇਨ੍ਹਾਂ ਨੂੰ ਸਬਰ, ਸ਼ਾਂਤੀ ਤੇ ਦੂਜਿਆਂ ਦੇ ਸਮੇਂ ਦੀ ਕਦਰ ਕਰਨ ਦੀ ਤੌਫੀਕ ਆ ਜਾਵੇਗੀ। ਇਹ ਵਧੀਆ ਇਨਸਾਨ ਬਣ ਜਾਣਗੇ। ਹੈਦਰ ਲੈਣ ਨਾਲ ਇਨ੍ਹਾਂ ਵਿਚੋਂ ਕਈ ਪ੍ਰਭਾਵਸ਼ਾਲੀ ਪ੍ਰਵਕਤਾ, ਕਈ ਚੰਗੇ ਸੰਗੀਤ ਰਸੀਏ, ਕਈ ਪ੍ਰਚਾਰਕ ਤੇ ਕਈ ਦੂਜਿਆਂ ਦੀ ਮਦਦ ਕਰਨ ਵਾਲੇ ਸਮਾਜ ਸੇਵੀ ਬਣ ਜਾਣਗੇ। ਇਨ੍ਹਾਂ ਦੇ ਆਪਣੇ ਦੁੱਖ ਦਰਦ ਸਮਾਪਤ ਹੋ ਜਾਣਗੇ ਤੇ ਇਹ ਦੂਜਿਆਂ ਦੇ ਦੁੱਖਾਂ ਨੂੰ ਸੁਣ ਸਮਝ ਕੇ ਉਨ੍ਹਾਂ ਦੇ ਜ਼ਖਮਾਂ ਤੇ ਮੱਲ੍ਹਮ ਲਾਉਣ ਵਾਲੇ ਬਣ ਜਾਣਗੇ। ਇਹ ਆਪਣੀਆਂ ਗੱਲਾਂ ਛੱਡ ਕੇ ਦੂਜਿਆਂ ਦੀਆਂ ਗੱਲਾਂ ਸੁਣਨ ਵਿਚ ਦਿਲਚਸਪੀ ਲੈਣਗੇ ਤੇ ਆਪਣੇ ਗਿਆਨ ਦਾ ਘੇਰਾ ਮੋਕਲਾ ਕਰਨਗੇ। ਇਹ ਸੌੜੇਪਣ ਤੋਂ ਉੱਪਰ ਉੱਠ ਕੇ ਪ੍ਰਮਾਰਥੀ ਬਣਨਗੇ ਤੇ ਇਨ੍ਹਾਂ ਦੇ ਜੀਵਨ ਦੀ ਗੁਣਾਤਮਿਕ ਉੱਨਤੀ ਹੋਵੇਗੀ। ਇਨ੍ਹਾਂ ਦੇ ਸੁਭਾਅ ਦੀਆਂ ਢਿੱਲ੍ਹੀਆਂ ਤਾਰਾਂ ਜਰਾ ਕਸੀਆਂ ਜਾਣਗੀਆਂ ਤੇ ਕਸੀਆਂ ਹੋਈਆਂ ਜਰਾ ਨਰਮ ਹੋ ਜਾਣਗੀਆਂ। ਫਿਰ ਇਹ ਇਕ ਨਰੋਏ ਮਾਨਸਿਕ ਤਵਾਜ਼ਨ ਨਾਲ ਨਿਵਾਜ਼ੇ ਜਾਣਗੇ ਤੇ ਲੋਕ ਇਨ੍ਹਾਂ ਕੋਲੋਂ ਬਚਣ ਦੀ ਥਾਂ ਇਨ੍ਹਾਂ ਦੀ ਆਉਭਗਤ ਕਰਨਗੇ। ਕੋਈ ਸਮਝੇ ਤਾਂ ਇਹ ਕੋਈ ਘੱਟ ਕਰਮ ਨਹੀਂ।

ਡਾ. ਬੈਚ ਦੀ ਇਸ ਖੋਜ ਦੀ ਕਰਾਮਾਤ ਅਜ਼ਮਾਇਆਂ ਹੀ ਬਣਦੀ ਹੈ। ਮੇਰਾ ਇਕ ਮਰੀਜ਼ ਜਦੋਂ ਵੀ ਆਉਂਦਾ, ਮੇਰਾ ਬੜਾ ਸਮਾਂ ਖਾਂਦਾ। ਉਹ ਆਉਣ ਤੋਂ ਪਹਿਲਾਂ ਮੈਨੂੰ ਲੰਮੀਆਂ ਲੰਮੀਆਂ ਈਮੇਲਾਂ ਭੇਜਦਾ, ਜਿਨ੍ਹਾਂ ਵਿਚ ਉਹ ਆਪਣੀ ਸਿਹਤ ਦੇ ਇਕ ਇਕ ਪਹਿਲੂ ਬਾਰੇ ਆਪਣੇ ਅਨੁਭਵ ਲਿਖਦਾ। ਉਹ ਤਾਰੀਖ ਤੇ ਸਮਾਂ ਲਿਖ ਕੇ ਬਿਆਨ ਕਰਦਾ ਕਿ ਫਲਾਂ ਦਿਨ ਫਲਾਂ ਵੇਲੇ ਉਸ ਦੀ ਤਕਲੀਫ ਨੇ ਕੀ ਮੋੜ ਖਾਧਾ। ਫਿਰ ਇਨ੍ਹਾਂ ਬਾਰੇ ਗੱਲ ਕਰਨ ਲਈ ਲੰਮਾ ਸਮਾਂ ਮੰਗਦਾ। ਜੇ ਮੈਂ ਉਸ ਨੂੰ ਕਹਿੰਦਾ ਕਿ ਅੱਜ ਫਲਾਂ ਵੇਲੇ ਅੱਧੇ ਘੰਟੇ ਦਾ ਸਮਾਂ ਹੈ ਤਾਂ ਉਹ ਇੰਨੇ ਘੱਟ ਸਮੇਂ ਵਾਲੀ ਵਾਰੀ 'ਤੇ ਆਉਣ ਲਈ ਰਜ਼ਾਮੰਦ ਨਾ ਹੁੰਦਾ। ਜਦੋਂ ਵੀ ਆਉਂਦਾ, ਉਹ ਆਪਣੇ ਨਾਲ ਆਪਣੇ ਦੁੱਖਾਂ ਦੀ ਇਕ ਲੰਮੀ ਲਿਸਟ ਤੇ ਲੈਬ-ਟੈਸਟਾਂ ਦੀਆਂ ਕਾਪੀਆਂ ਦਾ ਥੱਬਾ ਲੈ ਕੇ ਆਉਂਦਾ। ਉਹ ਇਨ੍ਹਾਂ ਬਾਰੇ ਇੰਨੀ ਤਫਸੀਲ ਨਾਲ ਗੱਲ ਕਰਦਾ, ਜਿੰਨੀ ਕੋਈ ਸੰਸਦ ਮੈਂਬਰ ਕਿਸੇ ਬਿਲ 'ਤੇ ਵੀ ਨਾ ਕਰਦਾ ਹੋਵੇ। ਉਹ ਉਨ੍ਹਾਂ ਬਾਰੇ ਕੀਤੀ ਆਪਣੀ ਗੂਗਲ ਰਿਸਰਚ ਦਾ ਜ਼ਿਕਰ ਕਰਦਾ ਤੇ ਆਪਣੀਆਂ ਤਕਲੀਫਾਂ ਦੀਆਂ ਮੈਡੀਕਲ ਸੰਭਾਵਨਾਵਾਂ ਪੜ੍ਹ ਪੜ੍ਹ ਸੁਣਾਉਂਦਾ। ਕਈ ਵਾਰ ਮੇਰਾ ਧਿਆਨ ਇੱਧਰ ਉੱਧਰ ਹੋ ਜਾਂਦਾ ਤਾਂ ਟੋਕ ਕੇ ਪੁੱਛਦਾ ਕਿ ਕੀ ਮੈਂ ਸੁਣ ਰਿਹਾ ਹਾਂ। ਮੈਂ ਉਸ ਨੂੰ ਸੰਖੇਪ ਵਿਚ ਰਹਿਣ ਲਈ ਕਹਿੰਦਾ, ਪਰ ਉਹ ਕੁਝ ਨਾ ਗੌਲਦਾ। ਬਹਾਨੇ ਬਹਾਨੇ ਮੈਨੂੰ ਪਿਛਲੀਆਂ ਕਹੀਆਂ ਗੱਲਾਂ ਬਾਰੇ ਪ੍ਰਸ਼ਨ ਕਰਦਾ ਤੇ ਵੇਰਵੇ ਨਾਲ ਸਮਝਾਉਣ ਲਈ ਕਹਿੰਦਾ। ਸਭ ਕੁਝ ਕਰ ਕਤਰਨ ਪਿਛੋਂ ਵੀ ਕਿਸੇ ਰਹੀ ਖੁਹੀ ਗੱਲ ਨੂੰ ਢੂੰਡਦਾ ਰਹਿੰਦਾ ਤੇ ਜਾਣ ਤੋਂ ਪੈਰ ਮਲਦਾ ਰਹਿੰਦਾ। ਮੈਂ ਉਸ ਨੂੰ ਸਮਾਂ ਦੇਣ ਤੋਂ ਕਤਰਾਉਂਦਾ ਤੇ ਵਾਹ ਲਗਦੀ ਉਸ ਦਾ ਫੋਨ ਵੀ ਨਾ ਚੁੱਕਦਾ।

ਇਲਾਜ ਦੌਰਾਨ ਉਸ ਨੂੰ ਕਈ ਹੋਮਿਓਪੈਥਿਕ ਦਵਾਈਆਂ ਦਿੱਤੀਆਂ ਗਈਆਂ, ਪਰ ਕਿਸੇ ਨੇ ਵੀ ਚਿਰ-ਸਥਾਈ ਅਸਰ ਨਾ ਕੀਤਾ। ਅਖੀਰ ਨੂੰ ਉਪਰੋਕਤ ਅਲਾਮਤਾਂ ਅਨੁਸਾਰ ਉਸ ਨੂੰ ਹੈਦਰ ਨਾਮਕ ਬੈਚ ਫੁੱਲ ਦਵਾਈ ਦਿੱਤੀ ਗਈ। ਮੈਨੂੰ ਹੈਰਾਨੀ ਹੋਈ ਕਿ ਕਈ ਮਹੀਨੇ ਉਸ ਦਾ ਕੋਈ ਫੋਨ ਨਾ ਆਇਆ। ਫਿਰ ਅਚਾਨਕ ਇਕ ਦਿਨ ਉਸ ਨੇ ਵੱਟਸਐਪ ਉੱਤੇ ਸੰਦੇਸ਼ ਭੇਜ ਕੇ ਫੋਨ ਮੀਟਿੰਗ ਲਈ ਸਮਾਂ ਮੰਗਿਆ। ਲੰਮੀਆਂ ਗੱਲਾਂ ਕਰਨ ਵਾਲੇ ਦਾ ਸੰਖੇਪ ਜਿਹਾ ਸੁਨੇਹਾ ਪੜ੍ਹ ਕੇ ਮੈਨੂੰ ਸਮਝ ਨਾ ਆਈ ਕਿ ਉਹ ਛੋਟੀ ਜਿਹੀ ਗੱਲ ਨਾਲ ਕਿਵੇਂ ਸੰਤੁਸ਼ਟ ਹੋਇਆ ਹੋਵੇਗਾ। ਉਸ ਦਾ ਫੋਨ ਆਉਣ 'ਤੇ ਜਦੋਂ ਮੈਂ ਉਸ ਤੋਂ ਉਸ ਦਾ ਹਾਲ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਸ ਆਖਰੀ ਦਵਾਈ ਤੋਂ ਬਾਅਦ ਉਹ ਲਗਭਗ ਠੀਕ ਹੈ। ਉਸ ਨੇ ਦੱਸਿਆ ਕਿ ਜ਼ਿੰਦਗੀ ਵਿਚ ਪਹਿਲੀ ਵਾਰ ਜਿਊਣ ਦਾ ਮਜ਼ਾ ਆਇਆ ਹੈ। ਉਸ ਨੇ ਪੁੱਛਿਆ ਕਿ ਕੀ ਉਹ ਉਸ ਦਵਾਈ ਨੂੰ ਹੋਰ ਲਈ ਜਾਵੇ। ਨਾ ਸਿਰਫ ਉਹ ਗੱਲੀਂ-ਬਾਤੀਂ ਸੰਖੇਪ ਹੋ ਗਿਆ ਸੀ, ਸਗੋਂ ਛੋਟੀਆਂ ਛੋਟੀਆਂ ਤਕਲੀਫਾਂ ਲਈ ਸਿਰ ਖਾਣੋਂ ਹਟ ਕੇ ਆਪਣੀ ਸ਼ਕਤੀ ਆਪਣੇ ਕੰਮ ਵਿਚ ਲਾਉਣ ਲੱਗ ਪਿਆ ਸੀ।




ਸਾਲ ਕੁ ਪਹਿਲਾਂ ਇੰਡੀਆ ਰਹਿੰਦੀ ਮੇਰੀ ਇਕ ਰਿਸ਼ਤੇਦਾਰੀ ਵਿਚ ਪੈਂਦੀ ਮਰੀਜ਼ ਨੇ ਕਿਸੇ ਹੋਰ ਰਿਸ਼ਤੇਦਾਰ ਤੋਂ ਫੋਨ ਕਰਵਾਇਆ ਕਿ ਉਹ ਬਹੁਤ ਬੀਮਾਰ ਹੈ। ਫੋਨ ਕਰਨ ਵਾਲੇ ਨੇ ਕਿਹਾ, "ਉਸ ਦੇ ਤਾਂ ਜੀ ਗੋਡੇ ਹੀ ਬਹੁਤ ਦੁਖਦੇ ਨੇ, ਜਿਸ ਕਾਰਕੇ ਉਹ ਚਲ ਫਿਰ ਨਹੀਂ ਸਕਦੀ। ਡਾਕਟਰਾਂ ਨੇ ਦੱਸਿਆ ਹੈ ਕਿ ਉਸ ਦੇ ਜੋੜਾਂ ਦੀ 'ਗਲੀਸ' ਖਤਮ ਹੋ ਗਈ ਹੈ। ਸੁੱਕੇ ਜੋੜ ਘਸਣ ਨਾਲ ਰੜਕ ਪੈਂਦੀ ਹੈ ਤੇ ਦਰਦ ਹੁੰਦਾ ਹੈ। ਡਾਕਟਰ ਕਹਿੰਦੇ ਹਨ, ਗੋਡੇ ਬਦਲਾਉਣੇ ਪੈਣਗੇ। ਉਹੀ ਇਕ ਹੱਲ ਹੈ। ਇਸ ਲਈ ਜੀ ਤੁਸੀਂ ਆਪਣੀ ਹੀ ਕੋਈ ਦਵਾਈ ਦੇ ਦਿਓ। ਬੀਬੀ ਜੀ ਕਹਿੰਦੇ ਨੇ, ਪਹਿਲਾਂ ਵੀ ਤੁਹਾਡੀ ਦਵਾਈ ਨਾਲ ਹੀ ਆਰਾਮ ਆਇਆ ਸੀ।" ਮੈਨੂੰ ਯਾਦ ਆਇਆ ਕਿ ਇਹ ਬੀਬੀ ਅੱਜ ਤੋਂ ਪੰਦਰਾਂ ਕੁ ਸਾਲ ਪਹਿਲਾਂ ਮੇਰੇ ਕੋਲੋਂ ਆਪਣੇ ਪੈਰਾਂ ਦੇ ਦਰਦਾਂ ਦੇ ਇਲਾਜ ਲਈ ਆਈ ਸੀ ਤੇ ਦੋ ਕੁ ਮਹੀਨੇ ਦਵਾਈ ਖਾ ਕੇ ਠੀਕ ਹੋ ਗਈ ਸੀ। ਮੈਨੂੰ ਇਹ ਵੀ ਯਾਦ ਆਇਆ ਕਿ ਇਹ ਬੀਬੀ ਬੜੀ ਹੀ ਸਵਾਰਥੀ ਸੀ। ਉਹ ਸਿਰਫ ਆਪਣੇ ਮਤਲਬ ਦੀ ਗੱਲ ਕਰਦੀ ਸੀ ਤੇ ਮਤਲਬ ਤੋਂ ਬਿਨਾ ਕੋਈ ਗੱਲ ਨਹੀਂ ਸੀ ਕਰਦੀ। ਆਉਂਦਿਆਂ ਹੀ ਜੁਰਾਬ ਲਾਹ ਕੇ ਆਪਣਾ ਗਿੱਟਾ ਫੜ ਕੇ ਬੈਠ ਜਾਂਦੀ ਤੇ ਵਾਰ ਵਾਰ ਉਸ ਦੀਆਂ ਤਕਲੀਫਾਂ ਗਿਣਾਈ ਜਾਂਦੀ। ਆਉਂਦਿਆਂ ਹੀ ਕੰਧ 'ਤੇ ਲੱਗੀ ਘੜੀ 'ਤੇ ਨਜ਼ਰ ਗੱਡ ਲੈਂਦੀ ਤੇ ਕਹਿੰਦੀ ਰਹਿੰਦੀ, "ਵੀਰ ਜੀ ਜਲਦੀ ਤੋਰੋ, ਮੇਰੀ ਤਾਂ ਬੱਸ ਲੰਘ ਜੂ।" ਉਸ ਦਾ ਇਹ ਸਵੈ-ਕੇਂਦਰੀ ਵਤੀਰਾ ਮੇਰੇ ਲਈ ਬੜਾ ਅਸਹਿ ਹੁੰਦਾ। ਕਈ ਵਾਰ ਤਾਂ ਮੈਂ ਉਸ ਨੂੰ ਸਮਝਾਉਣ ਲਈ ਉਸ ਨੂੰ ਦੇਖਦਿਆਂ ਹੀ ਉਸ ਦੀ ਦਵਾਈ ਬਣਾ ਕੇ ਮੇਜ਼ 'ਤੇ ਰੱਖ ਦਿੰਦਾ ਤੇ ਆਉਂਦਿਆਂ ਹੀ ਕਹਿ ਦਿੰਦਾ, ਜਦੋਂ ਬੱਸ ਦਾ ਟਾਈਮ ਹੋ ਜਾਵੇ, ਚੁੱਕ ਕੇ ਚਲੀ ਜਾਵੇ।

ਇਸ ਬੀਬੀ ਨੂੰ ਉਸ ਵੇਲੇ ਦਿੱਤੀ ਗਈ ਹੋਮਿਓਪੈਥਿਕ ਦਵਾਈ ਮੈਨੂੰ ਯਾਦ ਸੀ, ਪਰ ਮੈਂ ਉਸ ਦਾ ਨਾਂ ਨਹੀਂ ਸੀ ਦੱਸਣਾ ਚਾਹੁੰਦਾ। ਛੇਤੀ ਕੀਤੇ ਦੱਸਣਾ ਚਾਹੀਦਾ ਵੀ ਨਹੀਂ, ਕਿਉਂਕਿ ਮਰੀਜ਼ ਉਸ ਦਾ ਦੁਰਉਪਯੋਗ ਕਰਦਾ ਹੈ। ਉਹ ਉਸ ਦਵਾਈ ਨੂੰ ਉਸੇ ਬਿਮਾਰੀ ਨਾਲ ਜੋੜ ਕੇ ਹਮੇਸ਼ਾ ਖਾਈ ਜਾਂਦਾ ਹੈ ਤੇ ਦੂਜਿਆਂ ਨੂੰ ਸੁਝਾਈ ਜਾਂਦਾ ਹੈ; ਪਰ ਇਹ ਗਲਤ ਹੈ ਕਿਉਂਕਿ ਹੋਮਿਓਪੈਥੀ ਵਿਚ ਤਾਂ ਛੋਟੀ ਜਿਹੀ ਅਲਾਮਤ ਭਿੰਨ ਹੋਣ ਨਾਲ ਦਵਾਈ ਬਦਲ ਜਾਂਦੀ ਹੈ। ਇਸ ਗੱਲ ਨੂੰ ਕੋਈ ਸਮਝਾਇਆਂ ਵੀ ਨਹੀਂ ਸਮਝਦਾ। ਇਸ ਲਈ ਮੈਂ ਉਸ ਨੂੰ ਉਸ ਦੇ ਕਿਰਦਾਰ ਮੁਤਾਬਿਕ ਬੈਚ ਫਲਾਵਰ ਚਿਕਿਤਸਾ ਦੀ ਹੈਦਰ ਨਾਮੀ ਦਵਾਈ ਲੈਣ ਲਈ ਕਿਹਾ। ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਖਬਰ ਸੁਣੀ ਕਿ ਉਹ ਠੀਕ ਹੋ ਕੇ ਮੇਰੇ ਤੇ ਦਵਾਈ ਦੇ ਗੁਣ ਗਾ ਰਹੀ ਹੈ। ਮੈਨੂੰ ਇਸ ਗੱਲ ਦੀ ਪੁਸ਼ਟੀ ਉਦੋਂ ਹੋਈ, ਜਦੋਂ ਉਸ ਇਲਾਕੇ ਦੇ ਉਸੇ ਤਕਲੀਫ ਬਾਰੇ ਕਈ ਹੋਰ ਮਰੀਜ਼ਾਂ ਦੇ ਫੋਨ ਆਏ। ਸਭ ਉਸੇ ਦੇ ਹਵਾਲੇ ਨਾਲ ਸਨ। ਯਾਦ ਰਹੇ, ਹੈਦਰ ਦਾ ਮਰੀਜ਼ ਕਿਸੇ ਦੇ ਗੁਣ ਨਹੀਂ ਗਾਉਂਦਾ ਭਾਵੇਂ ਉਹ ਉਸ ਦਾ ਇਲਾਜ ਕਰਨ ਵਾਲਾ ਡਾਕਟਰ ਹੀ ਕਿਉਂ ਨਾ ਹੋਵੇ। ਉਹ ਤਾਂ ਸਮੱਸਿਆਵਾਂ ਗਿਣਾਉਂਦਾ ਰਹਿੰਦਾ ਹੈ।

ਪੰਜਾਬ ਵਿਚ ਰਹਿੰਦਿਆਂ ਇਕ ਦੂਜੇ ਦੇ ਘਰ ਘੁੰਮਦੇ ਘੁਮਾਉਂਦਿਆਂ ਇਉਂ ਹੀ ਹਾਲ ਚਾਲ ਪੁੱਛਣ ਲਈ ਜਾ ਵੜੀਦਾ ਸੀ। ਉਸ ਵੇਲੇ ਕਿਹੜਾ ਫੋਨ ਹੁੰਦੇ ਸਨ, ਬਸ ਮਿਲ ਕੇ ਹੀ ਗੱਲ ਬਾਤ ਹੁੰਦੀ ਸੀ। ਉਦੋਂ ਸਾਡਾ ਇਕ ਸਹਿਕਰਮੀ ਹੁੰਦਾ ਸੀ, ਜੋ ਅੰਗਰੇਜ਼ੀ ਦਾ ਪ੍ਰੋਫੈਸਰ ਹੋਣ ਕਰਕੇ ਸਾਰਾ ਦਿਨ ਟਿਊਸ਼ਨਾਂ ਪੜ੍ਹਾਉਂਦਾ ਰਹਿੰਦਾ ਸੀ। ਆਪ ਤਾਂ ਉਹ ਕਦੇ ਕਿਸੇ ਲਈ ਆਪਣਾ ਬੂਹਾ ਨਾ ਖੋਲ੍ਹਦਾ ਤੇ ਖਾਸ ਜਾਣਕਾਰਾਂ ਨੂੰ ਵੀ ਬਾਰੀ 'ਚੋਂ ਜਵਾਬ ਦੇ ਕੇ ਮੋੜ ਦਿੰਦਾ। ਲੋਕ ਠੱਠਾ ਕਰਦੇ ਕਿ ਇਹ ਅੰਦਰ ਨੋਟ ਛਾਪ ਰਿਹਾ ਹੈ, ਪਰ ਜਿਸ ਘੰਟੇ ਉਹ ਟਿਊਸ਼ਨ ਤੋਂ ਵਿਹਲਾ ਹੁੰਦਾ ਤਾਂ ਬੀਵੀ ਬੱਚਿਆਂ ਸਮੇਤ ਕਿਸੇ ਨਾ ਕਿਸੇ ਦੇ ਘਰ ਜਾ ਪਹੁੰਚਦਾ ਤੇ ਫਿਰ ਉੱਥੋਂ ਅਗਲੀ ਟਿਊਸ਼ਨ ਦੇ ਸਮੇਂ ਤੀਕ ਨਾ ਉੱਠਦਾ। ਸਭ ਨੂੰ ਪਤਾ ਹੁੰਦਾ ਸੀ ਕਿ ਇਹ ਫਲਾਂ ਵਜੇ ਵਿਹਲਾ ਹੋ ਕੇ ਆਪਣਾ ਥਕੇਵਾਂ ਲਾਹੁਣ ਤੇ ਦੂਜਿਆਂ ਦਾ ਸਿਰ ਖਾਣ ਲਈ ਆਉਂਦਾ ਹੈ। ਕਹਿੰਦਾ ਕੋਈ ਕੁਝ ਨਾ, ਪਰ ਉਸ ਵੇਲੇ ਸਾਰੇ ਬੂਹਾ ਚੌਕੰਨਾ ਹੋ ਕੇ ਖੋਲ੍ਹਦੇ।

ਮੇਰੇ 'ਤੇ ਤਾਂ ਉਸ ਦੀ ਵਿਸ਼ੇਸ਼ ਕਿਰਪਾ ਸੀ ਕਿ ਜਿੰਨੀ ਦੇਰ ਬੈਠਦਾ, ਉਨੀ ਦੇਰ ਆਪਣੀਆਂ ਬਿਮਾਰੀਆਂ ਦੇ ਦੁਖੜੇ ਰੋਂਦਾ ਰਹਿੰਦਾ। ਮੈਂ ਉਸ ਨੂੰ ਸਮਝਾਇਆ ਕਿ ਹੋਮਿਓਪੈਥੀ ਮੁਕੰਮਲ ਇਲਾਜ ਦਾ ਸਿਸਟਮ ਹੈ, ਇੰਨੀਆਂ ਬੀਮਾਰੀਆਂ ਦਾ ਇਲਾਜ ਤੂੰ ਆਪੇ ਪੜ੍ਹ ਕੇ ਬਿਹਤਰ ਕਰ ਸਕਦਾ ਹੈਂ। ਇਸ ਸੁਝਾਓ ਦਾ ਅਸਰ ਮੇਰੇ ਲਈ ਹੀ ਉਲਟਾ ਪਿਆ। ਕਹਿਣ ਲੱਗਾ, ਮੇਰੇ ਕੋਲ ਤਾਂ ਸਮਾਂ ਨਹੀਂ ਤੂੰ ਮੇਰੀ ਪਤਨੀ ਨੂੰ ਸਿਖਾ ਦੇ। ਉਹ ਤੇ ਉਸ ਦੀ ਪਤਨੀ ਇਸੇ ਬਹਾਨੇ ਹਰ ਰੋਜ਼ ਮੇਰੇ ਕੋਲ ਆਉਣ ਲੱਗੇ। ਬੜੀ ਮੁਸ਼ਕਿਲ ਨਾਲ ਮੈਂ ਉਨ੍ਹਾਂ ਨੂੰ ਹੋਮਿਓਪੈਥੀ ਦੀ ਮੁਢਲੀ ਜਾਣਕਾਰੀ ਪ੍ਰਾਪਤ ਕਰਨ ਲਈ ਆਪਣੇ ਇਕ ਮਿੱਤਰ ਸ਼ਾਗਿਰਦ ਕੋਲ ਭੇਜ ਕੇ ਖਹਿੜਾ ਛੁਡਾਇਆ। ਹੋਮਿਓਪੈਥੀ ਵਿਚ ਅਜਿਹੇ ਸਿਰਖਾਣੇ ਮਤਲਬੀਆਂ ਲਈ ਕੋਈ ਦਵਾਈ ਨਹੀਂ। ਬੈਚ ਫਲਾਵਰ ਸਿਸਟਮ ਤੋਂ ਮੈਂ ਉਸ ਵੇਲੇ ਅਣਜਾਣ ਸੀ। ਜੇ ਇਸ ਦਾ ਪਤਾ ਹੁੰਦਾ ਤਾਂ ਮੀਆਂ-ਬੀਵੀ ਦੋਹਾਂ ਨੂੰ ਹੈਦਰ ਦੇ ਕੇ ਬੰਦੇ ਜਰੂਰ ਬਣਾਉਂਦਾ।

ਇਹ ਪ੍ਰੋਫੈਸਰ ਤਾਂ ਪੜ੍ਹਿਆ-ਲਿਖਿਆ ਸੀ, ਬਸ ਟਿਊਸ਼ਨਾਂ ਵਿਚ ਰੁਝਿਆ ਹੋਣ ਕਰਕੇ ਸਵੈ-ਕੇਂਦਰਿਤ ਸੀ। ਇੱਥੇ ਅਜਿਹੇ ਵੀ ਵਿਅਕਤੀ ਹਨ, ਜੋ ਪੜ੍ਹਾਈ-ਲਿਖਾਈ ਵਿਚ ਤਾਂ ਬਿਲਕੁਲ ਕੋਰੇ ਹੁੰਦੇ ਹਨ, ਪਰ ਆਪਣੇ ਮਤਲਬ ਪੱਖੋਂ ਦੂਜਿਆਂ ਦੇ ਸਿਰ ਚੜ੍ਹੇ ਰਹਿੰਦੇ ਹਨ। ਕਈ ਕੁਝ ਸਿੱਖਣ ਲਈ, ਕਦੇ ਕੁਝ ਸੰਵਰਾਉਣ ਲਈ, ਕਦੇ ਕੁਝ ਸਮਝਾਉਣ ਲਈ ਤੇ ਕਦੇ ਕੁਝ ਲਿਖਾਉਣ ਜਾਂ ਪੜ੍ਹਾਉਣ ਲਈ। ਉਹ ਆਪ ਕਦੇ ਕੁਝ ਸਿੱਖਦੇ ਨਹੀਂ, ਬਸ ਦੂਜਿਆਂ ਦੇ ਸਹਾਰੇ ਚਲੇ ਚਲਦੇ ਹਨ। ਛੋਟੀ ਛੋਟੀ ਗੱਲ ਲਈ ਦੂਜਿਆਂ ਨੂੰ ਕਣਤਾਉਣ ਤੋਂ ਨਹੀਂ ਝਿਜਕਦੇ। ਅਜਿਹੇ ਵਿਅਕਤੀ ਭਾਰਤ ਵਿਚ ਡਾਕਖਾਨਿਆਂ ਜਾਂ ਬੈਂਕਾਂ ਦੇ ਸਾਹਮਣੇ ਆਮ ਮਿਲ ਜਾਣਗੇ। ਉਹ ਕਦੇ ਪੈਨ ਮੰਗਣਗੇ, ਫਿਰ ਫਾਰਮ ਭਰਨ ਲਈ ਕਹਿਣਗੇ ਤੇ ਕਦੇ ਗਵਾਹੀ ਪਾਉਣ ਲਈ। ਬੈਂਕ ਕਲਰਕ ਦੀ ਤਾਂ ਉਹ ਖਿੜਕੀ ਛੱਡਣ ਵਿਚ ਨਹੀਂ ਆਉਂਦੇ। ਆਪਣੇ ਤੋਂ ਪਿੱਛੇ ਲਾਈਨ ਵਿਚ ਲੱਗੇ ਗਾਹਕਾਂ ਦੀ ਪ੍ਰਵਾਹ ਕੀਤੇ ਬਿਨਾ ਉਹ ਉੱਥੇ ਹੀ ਪੈਰ ਮਲੀ ਜਾਂਦੇ ਹਨ। ਉਨ੍ਹਾਂ ਦੇ ਪ੍ਰਸ਼ਨ ਹੀ ਇੰਨੇ ਜ਼ਿਆਦਾ ਹੁੰਦੇ ਹਨ ਕਿ ਇੱਕ ਵਾਰ ਤਾਂ ਮੇਰੇ ਨਾਲ ਖੜ੍ਹੇ ਇਕ ਦੁਖੀ ਉਡੀਕ ਕਰਤਾ ਨੇ ਕਹਿ ਹੀ ਦਿੱਤਾ, "ਬਾਬੂ ਸਾਹਿਬ ਇਨ੍ਹਾਂ ਦੀ ਗੱਲ ਸਮਝੋ। ਇਹ ਤੁਹਾਨੂੰ ਗੱਡੀ ਵਿਚ ਬਿਠਾ ਕੇ ਘਰ ਛੱਡ ਕੇ ਆਉਣ ਨੂੰ ਕਹਿੰਦੇ ਹਨ!" ਥੋੜ੍ਹਾ ਹੀ ਸਹੀ, ਅਜਿਹੇ ਲੋਕ ਕੰਮ ਦੀ ਰਫਤਾਰ ਵਿਚ ਵਿਘਨ ਪਾਉਂਦੇ ਹਨ। ਉਨ੍ਹਾਂ ਨੂੰ ਆਪਣੇ ਤੌਰ 'ਤੇ ਸਿੱਖਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਇਨ੍ਹਾਂ ਨੂੰ ਬੈਚ ਫਲਾਵਰ ਰੈਮਿਡੀ ਹੈਦਰ ਤਾਂ ਲੈਣੀ ਹੀ ਚਾਹੀਦੀ ਹੈ, ਪਰ ਇਸ ਦੇ ਨਾਲ ਚੈਸਟਨਟ ਬੱਡ ਦਾ ਵੀ ਸੇਵਨ ਕਰਨਾ ਚਾਹੀਦਾ ਹੈ। ਤਾਂ ਕੀ ਇਹ ਦਵਾਈਆਂ ਵੀ ਬੈਂਕ ਜਾਂ ਡਾਕਖਾਨੇ ਦੇ ਕਲਰਕ ਹੀ ਰੱਖਣ? ਕਿਤੇ ਤਾਂ ਮਨੁੱਖ ਨੂੰ ਇਸ ਅਹਿਮ ਸਵਾਲ ਬਾਰੇ ਸੋਚਣਾ ਹੀ ਪਵੇਗਾ।

ਮੇਰੀ ਇਕ ਮਰੀਜ਼ ਦੇ ਸਿਰਦਰਦ ਦਾ ਮੈਂ ਇਲਾਜ ਕੀਤਾ। ਫਿਰ ਉਸ ਨੇ ਸ਼ੂਗਰ ਦੀ ਦਵਾਈ ਮੰਗਣੀ ਸ਼ੁਰੂ ਕਰ ਦਿੱਤੀ। ਮੇਰੀ ਇਹ ਮਰੀਜ਼ ਵੀ ਪੰਜਾਬ ਵਿਚ ਰਹਿੰਦੀ ਹੈ। ਮੈਂ ਉਸ ਨੂੰ ਖਾਣ ਦੇ ਪਰਹੇਜ਼ ਦੱਸ ਕੇ ਰੋਜ਼ਾਨਾ ਕਸਰਤ ਕਰਨ ਦੀ ਸਲਾਹ ਦਿੱਤੀ। ਕਹਿੰਦੀ, ਨਹੀਂ ਦਵਾਈ ਵੀ ਦਿਓ। ਪਰਉਪਕਾਰ ਸਮਝ ਕੇ ਮੈਂ ਉਸ ਨੂੰ ਬੈਚ ਫਲਾਵਰ ਦਵਾਈ (ਹੈਦਰ ਨਹੀਂ) ਲਿਖ ਕੇ ਭੇਜ ਦਿੱਤੀ। ਉਸ ਨੂੰ ਅਜਿਹੀ ਲਤ ਲੱਗੀ ਕਿ ਵੱਟਸਐਪ 'ਤੇ ਹਰ ਰੋਜ਼ ਇਕ ਲੰਮਾ ਵਾਇਸ ਸੁਨੇਹਾ ਬੋਲ ਕੇ ਭੇਜ ਦਿੰਦੀ। ਰੋਜ਼ਾਨਾ ਕਦੇ ਕਿਸੇ ਤੇ ਕਦੇ ਕਿਸੇ ਤਕਲੀਫ ਦਾ ਵਿਵਰਣ ਦਿੱਤਾ ਹੁੰਦਾ। ਕਦੇ ਕਦੇ ਤਾਂ ਗਵਾਂਢ ਦੇ ਮਰੀਜ਼ਾਂ ਲਈ ਵੀ ਦਵਾਈ ਪੁੱਛਦੀ। ਉਸ ਨੂੰ ਲਗਦਾ ਹੈ ਕਿ ਮੇਰਾ ਇਕੋ ਇਕ ਰੁਝੇਵਾਂ ਉਸ ਨੂੰ ਤੇ ਉਸ ਦੇ ਵਾਕਫਾਂ ਨੂੰ ਫਿੱਟ ਰੱਖਣਾ ਸੀ। ਕੋਈ ਸੁਣਨ-ਪੜ੍ਹਨ ਵਾਲਾ ਕਹਿ ਸਕਦਾ ਹੈ, 'ਛੱਡਦਾ ਪਰੇ, ਤੂੰ ਕਿਹੜਾ ਉਸ ਕੋਲ ਵਿਕਿਆ ਹੋਇਆ ਸੀ।' ਪਰ ਮੈਂ ਇੰਦਾਂ ਨਹੀਂ ਕਹਿ ਸਕਦਾ। ਉਸ ਅੱਗੇ ਨਾ ਸਹੀ ਮੈਡੀਕਲ ਅਸੂਲ ਅੱਗੇ ਮੈਂ ਬਿਲਕੁਲ ਮਜ਼ਬੂਰ ਹਾਂ। ਮੇਰੇ ਕੋਲ ਆ ਕੇ ਕੋਈ ਦੁਸ਼ਮਣ ਵੀ ਮਦਦ ਮੰਗੇ, ਮੈਂ ਨਾਂਹ ਨਹੀਂ ਕਰ ਸਕਦਾ। ਮੇਰਾ ਕੰਮ ਉਸ ਦਾ ਰੋਗ ਸਮਝ ਕੇ ਇਲਾਜ ਕਰਨਾ ਹੈ। ਹੁਣ ਉਸ ਦਾ ਕੋਈ ਸੁਨੇਹਾ ਆਇਆ ਤਾਂ ਮੈਂ ਉਸ ਨੂੰ ਹੈਦਰ ਲੈਣ ਦੀ ਸਲਾਹ ਦਿਆਂਗਾ।

ਬੈਚ ਫਲਾਵਰ ਰੈਮੇਡੀਜ਼ (Bach Flower Remedies) ਦੀ ਇਸ ਲੇਖ ਲੜੀ ਦਾ ਮੰਤਵ ਆਮ ਆਦਮੀ ਨੂੰ ਕੁਦਰਤੀ, ਸੁਖਾਲੇ ਤੇ ਸ਼ਤਾਬੀ ਢੰਗ ਨਾਲ ਸਿਹਤਯਾਬ ਬਣਾਉਣਾ ਤੇ ਮੈਡੀਕਲ

(ਬਾਕੀ ਅਗਲੇ ਸਫੇ 'ਤੇ)

# ਕਾਵਿ-ਜਗਤ

## ਉਠੋ! ਜਾਗੋ!!

**(ਮਈ ਦਿਵਸ ‘ਤੇ ਵਿਸ਼ੇਸ਼)**

ਲਹਿਰਾਂ ਬਣ ਉੱਠੋ, ਭੁੱਖਾਂ ਦਿਓ ਲਤਾੜਿਓ।
ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ।

ਬੱਝੀਆਂ ਨਾ ਰਹਿਣ ਇਹ ਰਵਾਇਤੀ ਲੜੀਆਂ
ਉੱਠੋ ਵੇ ਗੁਲਾਮੀ ਦੀਆਂ ਤੋੜੋ ਕੜੀਆਂ।
ਕਿਰਤਾਂ ਦਾ ਜ਼ੋਰ ਜੁੱਸਿਆਂ ‘ਚ ਭਰ ਕੇ
ਲੁੱਟ ਦਾ ਇਹ ਰਾਜ ਜੜ੍ਹਾਂ ਤੋਂ ਉਖਾੜਿਓ।

ਬੁੱਢਾ ਹੋ ਪੁਰਾਣਾ ਢਾਂਚਾ ਜਦੋਂ ਥੰਮ੍ਹਦਾ
ਉਹਨੂੰ ਤੋੜ ਨਵਾਂ ਸੰਸਾਰ ਜੰਮਦਾ।
ਨਵਾਂ ਤੇ ਉਸਾਰੂ ਜੱਗ ਰਚਣੇ ਲਈ
ਗਲੀ-ਸੜੀ ਹਰ ਚੀਜ਼ ਨੂੰ ਨਕਾਰਿਓ।

ਨਵੀਆਂ ਹੀ ਲੀਹਾਂ ‘ਤੇ ਉਸਾਰ ਹੋਊਗਾ
ਸਾਰਾ ਜੱਗ ਸਾਡਾ ਪਰਿਵਾਰ ਹੋਊਗਾ।
ਲੋਟੂਆਂ ਦੇ ਹੱਥਾਂ ਨੇ ਤੁਹਾਥੋਂ ਖੋਹਿਆ ਜੋ
ਸਭ ਹੋਊ ਤੁਹਾਡਾ ਸਿਰਜਣਹਾਰਿਓ।

ਮਹਿਲਾਂ ‘ਚੋਂ ਨਾ ਸਾਡੇ ‘ਤੇ ਕੋਈ ਰਾਜ ਵੇ ਕਰੇ
ਰਾਜਿਆਂ ਦੀ ਸਾਨੂੰ ਹੁਣ ਵਫਾ ਨਾ ਫੜੇ।
ਧੁਖ ਰਹਿਓ ਮੱਚੋ ਹੁਣ ਲਾਟਾਂ ਬਣ ਕੇ
ਤਖਤਾਂ ਨੂੰ ਢਾਹਵੋ, ਤਾਜਾਂ ਨੂੰ ਉਛਾਲਿਓ।

ਹਾਕਮਾਂ ਦੇ ਲਾਰਿਆਂ ਨੂੰ ਉੱਠੋ ਤੋੜ ਕੇ
ਸਮਾਂ ਲੰਘ ਜਾਵੇ ਨਾ ਤੁਹਾਨੂੰ ਰੋਲ ਕੇ।
ਰਾਜ ਮਹਿਲਾਂ ਤਾਈਂ ਦੇਵੇ ਕਾਂਬਾ ਛੇੜ ਜੋ
ਐਸੀ ਤੋਰ ਤੁਰੋ ਕੁੱਲੀਓ ਤੇ ਢਾਰਿਓ।

ਲੋਟੂਆਂ ਤੋਂ ਲੁੱਟ ਵਾਲਾ ਰਾਜ ਖੋਹਣ ਲਈ
ਕੈਦ ਹੋਈਆਂ ਰੂਹਾਂ ਦੇ ਆਜ਼ਾਦ ਹੋਣ ਲਈ।
ਸਾਂਝਿਆਂ ਦੁੱਖਾਂ ਦੇ ਵਿਚ ਸ਼ਰੀਕ ਹੋਇਕੇ
ਮੁਕਤੀ ਦੇ ਰਾਹ ਸੋਚਿਓ ਵਿਚਾਰਿਓ।

ਖੁਦ ਆਪਣੇ ਹੀ ਕੰਮਕਾਰ ਮਿਥਾਂਗੇ
ਕਿੱਦਾਂ ਦਾ ਇਹ ਹੋਊ ਸੰਸਾਰ ਮਿਥਾਂਗੇ।
ਮਿਹਨਤ ‘ਚੋਂ ਉੱਸਰੀ ਏ ਹਰ ਰਚਨਾ
ਦੁਨੀਆਂ ਤੁਹਾਡੀ, ਦੁਨੀਆਂ ਦੇ ਘਾੜਿਓ।

ਧਰਤੀ ਜਾਗੀਰ ਨਹੀਂਓ ਇੱਲ੍ਹਾਂ-ਜੋਕਾਂ ਦੀ
ਧਰਤੀ ਹੈ ਮਾਂ ਧਰਤੀ ਦੇ ਲੋਕਾਂ ਦੀ।
ਇੱਲ੍ਹਾਂ, ਕਾਂਵਾਂ, ਜੋਕਾਂ ਦਾ ਸਫਾਇਆ ਕਰਕੇ
ਕਿਰਤਾਂ ਦਾ ਝੰਡਾ ਸੂਰਜਾਂ ‘ਤੇ ਚਾੜ੍ਹਿਓ।

ਫੌਜੀਓ ਸਿਪਾਹੀਓ ਜਾਣੋ ਹੱਲਚੱਲ ਨੂੰ
ਮੋੜ ਲਓ ਬੰਦੂਕਾਂ ਹਾਕਮਾਂ ਦੇ ਵੱਲ ਨੂੰ।
ਜਿਨ੍ਹਾਂ ਦੀਆਂ ਗੋਦਾਂ ਵਿਚ ਜੰਮੇ ਪਲੇ ਹੋ
ਓ! ਲੋਕਾਂ ਦਿਓ ਜਾਇਓ,
ਲੋਕਾਂ ਨੂੰ ਨਾ ਮਾਰਿਓ।

ਆਖਰੀ ਏ ਆਪਣੀ ਲੜਾਈ ਸਾਥੀਓ
ਥਾਂ ਥਾਂ ਉੱਠੋ ਕਰ ਦਓ ਚੜ੍ਹਾਈ ਸਾਥੀਓ।
ਲੁੱਟ ਦੇ ਮਸੀਹੇ ਤਾਈਂ ਰੱਦ ਕਰਕੇ
ਹੁਕਮ-ਕਾਨੂੰਨ ਪੈਰਾਂ ‘ਚ ਲਤਾੜਿਓ।

ਲਹਿਰਾਂ ਬਣ ਉੱਠੋ ਭੁੱਖਾਂ ਦੇ ਲਿਤਾੜਿਓ
ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ।

***ਮੌਲਿਕ ਲੇਖਕ: ਯੂਜੀਨ ਪੋਤੀਏ***
***ਪੰਜਾਬੀ ਰੂਪ: ਡਾ. ਸੁਖਪਾਲ ਸੰਘੇੜਾ***
*dr.sukhpal.sanghera@gmail.com*

---

## ਕਰੋਨਾ ਤੇ ਲਾਵਾਰਿਸ ਲੋਕ

ਨੇਤਾ ਇਨਸਾਨ ਨਹੀਂ ਰਹੇ, ਹੈਵਾਨ ਬਣ ਗਏ ਨੇ,
ਪੀਂਦੇ ਖੂਨ ਬੇਦਰਦੀ ਇਹ, ਸ਼ੈਤਾਨ ਬਣ ਗਏ ਨੇ।
ਭੁੱਲੇ ਨੇ ਦੁੱਖ ਮਜ਼ਲੂਮਾਂ ਦਾ, ਬੇਜਾਨ ਬਣ ਗਏ ਨੇ।
ਪੱਥਰਾਂ ਦੇ ਸ਼ਹਿਰ ਰਹਿ ਕੇ, ਭਗਵਾਨ ਬਣ ਗਏ ਨੇ।

ਨ ਅਰਦਾਸ ਨ ਅਰਜ਼ੋਈ, ਹੁਣ ਕੰਮ ਨਾ ਕਰਦੀ,
ਜਨਤਾ ਬੇਵੱਸ, ਲਾਚਾਰ ਹੈ, ਬਿਨ ਇਲਾਜੋਂ ਮਰਦੀ।
ਘੁੱਟਿਆ ਸਾਹ ਕਰੋਨਾ ਨੇ, ਆਕਸੀਜਨ ਨ ਸਰਦੀ,
ਸੱਪ ਕੁੰਡਲੀ ਮਾਰ ਕੇ ਬੈਠੇ, ਜ਼ਹਿਰ ਸਿਰੀ ਭਰਦੀ।

ਚੋਰ ਬਾਜ਼ਾਰੀ ਹੈ ਸ਼ੱਰੇਆਮ, ਦਵਾਈ ਹੁਣ ਗੁੰਮ ਹੈ,
ਨੇਤਾ ਚੋਣਾਂ ‘ਚੋਂ ਹਾਰ ਗਏ, ਉਸ ਦੀ ਹੋਸ਼ ਗੁੰਮ ਹੈ।
ਹਸਪਤਾਲਾਂ ‘ਚ ਬੈੱਡ ਮੁੱਕੇ, ਬੱਸ ਲੁੱਟ ਦੀ ਧੁੰਮ ਹੈ,
ਮਰੀਜ਼ ਰੁੱਲਦੇ ਫੁੱਟਪਾਥੀਂ, ਮੌਤ ਰਹੀ ਘੁੰਮ ਹੈ।


ਇਹ ਮੰਜ਼ਰ ਹੈ ਵਤਨ ਦਾ, ਸਭ ਜੱਗ ਦੇਖ ਰਿਹਾ,
ਜਸ਼ਨ ਲਾਸ਼ਾਂ ‘ਤੇ ਮੰਨਾਉਂਦੇ, ਕਰਤੂਤ ਵੀ ਪੇਖ ਰਿਹਾ।

***-ਸੇਵਾ ਸਿੰਘ ਨੂਰਪੁਰੀ***

---

## ਆਕਸੀਜਨ

ਮੀਂਹ ਪੈ ਕੇ ਹਟਿਆ,
ਠੰਡੀ ਹਵਾ ਰੁਮਕੀ ਏ
ਗਰਮੀ ਤੋਂ ਰਾਹਤ ਮਹਿਸੂਸ ਹੋਈ
ਬਨਾਸਪਤੀ ਦਾ ਚਿਹਰਾ ਨਿਖਰਿਆ,
ਖੁਸ਼ੀ ਵਿਚ ਝੂਮੀ
ਫੋਰਸਿਥੀਆ ਦੀ ਝਾੜੀ ‘ਤੇ ਨਿਗਾਹ ਟਿਕੀ,



ਮੀਂਹ ਨਾਲ ਧੋਤੇ ਹੋਏ ਸੁਨਹਿਰੀ ਪੱਤੇ
ਜਾਪਣ ਇਸ ਤਰ੍ਹਾਂ
ਜਿਵੇਂ ਇੱਕ ਸੱਜ ਵਿਆਹੀ
ਸੋਨੇ ਦੇ ਗਹਿਣੇ ਪਹਿਨ
ਮੁਸਕਰਾ ਰਹੀ ਏ,
ਸੁੰਦਰ ਪਿੱਪਲ ਪੱਤੀਆਂ
ਕੰਨਾਂ ਵਿਚ ਕਲੋਲਾਂ ਕਰਦੀਆਂ।

ਦਾਤੇ ਦਾ ਸ਼ੁਕਰਗੁਜ਼ਾਰ,
ਇਕ ਅਜੀਬ ਨਸ਼ੇ ਨਾਲ
ਭਰਪੂਰ ਸੋਚਦਾ ਹਾਂ
ਕੁਦਰਤ ਕਿਤਨੀ ਮਿਹਰਵਾਨ ਹੈ,
ਦਿਆਲੂ ਹੈ,
ਕਾਇਨਾਤ ਨੂੰ ਰੁਸ਼ਨਾ ਰਹੀ ਹੈ।
ਪਰ ਇਹ ਮਨੁੱਖ ਰੁੱਖਾਂ ਨੂੰ ਖਤਮ ਕਰ
ਕੰਕਰੀਟ ਦੇ ਜੰਗਲ ਉਸਾਰਨ ਵਿਚ
ਰੁਝਿਆ ਹੋਇਆ ਲੱਭਦਾ ਏ
ਆਕਸੀਜਨ ਦੇ ਸਿਲੰਡਰ
ਤਾਂ ਜੋ ਸਾਫ ਹਵਾ ਵਿਚ ਸਾਹ ਲੈ ਸਕੇ।

***-ਅਜੀਤ ਸਿੰਘ ਕੋਟਕਪੂਰਾ***
***ਫੋਨ: 585-305-0443***

---

## ਕਲਿਯੁਗ

ਸੁਹਣੇ ਲੋਕ ਅਦਾਵਾਂ ਵੇਚਣ ਲੱਗ ਪਏ ਨੇ
ਲੀਡਰ ਲੋਕ ਵਫਾਵਾਂ ਵੇਚਣ ਲੱਗ ਪਏ ਨੇ।
ਵੈਦਾਂ ਕੋਲੇ ਕਿਹੜਾ ਜਾਂਦਾ ਹਿਕਮਤ ਲਈ
ਡੇਰਿਆਂ ਵਿਚ ਦੁਆਵਾਂ ਵੇਚਣ ਲੱਗ ਪਏ ਨੇ।

ਕਰਦੇ ਚੋਰ ਪਰ ਡੰਨ ਸਾਧਾਂ ਨੂੰ ਲਗਦੇ ਨੇ
ਮੁਜ਼ਰਿਮ ਲੋਕ ਸਜ਼ਾਵਾਂ ਵੇਚਣ ਲੱਗ ਪਏ ਨੇ।

ਮਾਂਵਾਂ ਪੁੱਤਰ ਪਾਲੇ ਸੀ ਕੁਲ ਤੋਰਨ ਲਈ
ਨਸ਼ੇੜੀ ਪੁੱਤ ਉਹ ਮਾਂਵਾਂ ਵੇਚਣ ਲੱਗ ਪਏ ਨੇ।

ਕਲਿਯੁਗ ਇਸ ਤੋਂ ਬੁਰਾ ‘ਕੈਲ’ ਕੀ ਹੋਰ ਹੋਊ!
ਬਾਪ ਹੀ ਧੀਆਂ ਤੇ ਲਾਵਾਂ ਵੇਚਣ ਲਗ ਪਏ ਨੇ।

***-ਕਰਨੈਲ ਸਿੰਘ ‘ਕੈਲ’, ਸਿਆਟਲ***
***ਫੋਨ: 206-557-9419***

---

## ਕਿਰਪਾ ਰਾਮ ਉਦਾਸ ਹੈ

ਮਾਕੋਵਾਲ, ਚੱਕ ਨਾਨਕੀ
ਅਨੰਦਪੁਰ ਸਾਹਿਬ 1675
ਨਮੋਸ਼ੀ ਗ੍ਰਸਿਆ ਉਤਰਿਆ
ਰੰਗੋਂ ਬਦਰੰਗ ਚਿਹਰਾ,
ਹੀਣਤਾ ਭਰਪੂਰ ਝੁਲਸੀ ਆਤਮਾ
ਸੀਨੇ ਵਿਚ ਰੜਕਦੀ ਚੀਸ
ਗਲੇਡੂ ਪਥਰਾਏ ਗੱਲ੍ਹਾਂ ‘ਤੇ...
ਸਿਤਮ ਦੀ ਇਬਾਰਤ ਬੁੱਲ੍ਹਾਂ ‘ਤੇ...
ਊਂਧੀ ਪਾਈਆਂ ਪੁਤਲੀਆਂ,
ਸਹਿਮਿਆ ਖੜ੍ਹਾ ਉਦਾਸ
ਕਸ਼ਮੀਰੀ ਪੰਡਤ ਕਿਰਪਾ ਰਾਮ।
ਹੱਥ ਜੋੜਦਾ ਚਰਨੀਂ ਢਹਿ ਪਿਆ
ਗੁਰੂ ਤੇਗ ਬਹਾਦਰ ਦੇ ਦਰਬਾਰ।
‘ਬਾਬਾ ਬਕਾਲਾ ਵਾਲਿਆ,
ਭਵਜਲ ‘ਚੋਂ ਤਾਰਨ ਹਾਰਿਆ,
ਬੇੜਾ ਡੁੱਬਦਾ ਮੋਢਾ ਦੇ ਤਾਰਿਆ,
ਮੱਖਣ ਸ਼ਾਹ ਲੁਬਾਣੇ ਦਾ ਤੂੰ ਪਤਵਾਰ।
ਸਾਡੀ ਮਦਦ ਕਰੋ ਸਰਕਾਰ।’

ਘੋਰ ਕਲਯੁਗ ਹਿੰਦੂਆਂ ‘ਤੇ ਆਇਆ
ਜੱਨਤ-ਏ-ਕਸ਼ਮੀਰ ਹੋ ਗਿਆ ਪਰਾਇਆ।
ਗਵਰਨਰ ਦਾ ਸ਼ਾਹੀ ਫੁਰਮਾਣੁ...
ਧੋਤੀ ਟੋਪੀ ਜਨੇਊ
ਸਭਿਆਚਾਰ ਰੂੜ੍ਹੀ ਰਵਾਇਤਾਂ
ਕਾਫਰਾਂ ਦਾ ਕਰ ਦਿਓ ਸਫਾਇਆ।
ਖਾਲਸ ਇਸਲਾਮੀ ਰਾਜ ਬਣਾਉਣਾ,
ਨਮਾਜ਼ਾਂ ਕਲਮਾ ਪੜ੍ਹੋ
ਸੁੰਨਤ ਕਰਵਾਓ
ਰੁਤਬੇ ਵਜੀਰੀਆਂ ਲਓ
ਮੂੰਹ ਮੰਗੀਆਂ ਮੁਰਾਦਾਂ ਪਾਓ।
ਕੁਫਰ ਹਨ ਹੋਰ ਧਰਮ ਸਾਰੇ
ਇਸਲਾਮ ਅਪਨਾਓ ਜਾਂ ਫਿਰ ਅਜ਼ਮਾਓ
ਸ਼ਾਹੀ ਤਿੱਖੀ ਤਲਵਾਰ।...
ਸਾਡੀ ਰੱਖਿਆ ਕਰੋ ਸਰਕਾਰ।

ਟੈਕਸ ਜਜ਼ੀਆ ਭਾਰੀ
ਪੰਡਤਾਂ ‘ਤੇ ਲਾਇਆ,
ਜ਼ਬਰਦਸਤੀ ਕਰਦੇ ਨੇ
ਬੋਹਲ ਵੰਡਾਇਆ,
ਹਿੰਦੂ ਘਰਾਂ ਸ਼ਹਿਰਾਂ
ਪਿੰਡਾਂ ਦੀ ਨਾਕਾਬੰਦੀ!
ਬੰਦੀ ਬਣਾ ਲੈ ਜਾਂਦੇ
ਪੰਡਤਾਂ ਨੂੰ ਗੁਲਾਮਾਂ ਵਾਂਗ,
ਸ਼ਾਂਤੀ ਦਾ ਪ੍ਰਤੀਕ
ਹਿੰਦੂ ਧਰਮ ਟਾਰਗੈਟ,
ਸੰਖਾਂ ਟੱਲੀਆਂ ਦੀ ਘੁੱਟੀ ਸੰਘੀ,
ਮੰਦਰ ਦੁਆਰੇ ਢਾਹ ਦਿੱਤੇ ਸਾਰੇ,
ਬੇਤਹਾਸ਼ਾ ਕਹਿਰ ਮਚਾਇਆ।
ਦਿਨ-ਦੀਵੀ ਨਿਧੜਕ ਡਾਕੇ
ਥਾਂ ਥਾਂ ਮੱਚੀ ਹਾਹਾਕਾਰ।
ਸਾਡਾ ਜਿਊਣਾ ਦੁੱਭਰ ਦੁਰਕਾਰ।
ਸਾਡੀ ਮਦਦ ਕਰੋ ਸਰਕਾਰ।

ਲੈ ਜਾਂਦੇ ਧੂਹ ਕੇ
ਜਰਵਾਣੇ ਸਰਕਾਰੀ ਏਜੰਟ...
ਸਾਡੇ ਕੋਲੋਂ, ਸਾਡੇ ਹੱਥੋਂ...
ਸ਼ੱਰੇਆਮ ਦਿਨ-ਦੀਵੀ,
ਧੀਆਂ, ਭੈਣਾਂ, ਪਤਨੀਆਂ
ਮਾਂਵਾਂ ਨੂੰ ਸ਼ੱਰੇ-ਬਾਜ਼ਾਰ।
ਲੀਰੋ-ਲੀਰ ਕਰਦੇ
ਜੱਗ ਜਣਨੀ ਦੀ ਮਰਿਆਦਾ,
ਇੱਜ਼ਤਾਂ ਅਜ਼ਮਤਾਂ ਦਾ
ਅੰਨ੍ਹੇਵਾਹ ਖਿਲਵਾੜ।
ਅਬਲਾਵਾਂ ਸੰਗ ਦੁਸ਼ਕਰਮ
ਸਮੂਹਕ ਬਲਾਤਕਾਰ।
ਜੱਨਤ ਦੀਆਂ ਹੂਰਾਂ ਲੱਭਦੇ
ਉਜਾੜ ਰਹੇ ਜੱਨਤ।
ਚੋਰਾਂ ਨਾਲ ਰਲ ਗਈ ਕੁੱਤੀ
ਖੇਤਾਂ ਨੂੰ ਖਾਂਦੀ ਵਾੜ।...
ਸਾਡੀ ਮਦਦ ਕਰੋ ਸਰਕਾਰ।

ਗਾਉਂਦੇ ਉੱਲੂ ਕਰੁਣਾਮਈ
ਵਿਰਾਨੀਆਂ ਦਾ ਮਰਸੀਆ।
ਗਊ ਗਰੀਬ ਨਿਆਸਰਿਆਂ ਦਾ ਸ਼ੋਸ਼ਣ,
ਸੁੰਦਰ ਹੁਸੀਨ ਵਾਦੀ ਵਿਚ ਜੰਗਲ ਰਾਜ,
ਹੱਕ ਸੱਚ ਨਿਆਂ ਦਾ ਬੰਦ ਕਿਵਾੜ,
ਉੱਭੇ-ਸਾਹ ਲੈਂਦੀ ਇਨਸਾਨੀਅਤ।
ਐਲੀ ਐਲੀ ਕਰਦੇ
ਮੁਤਅੱਸਬ ਕੱਟੜਪੰਥੀ,
ਦਿੰਦੇ ਤਾਹਨੇ ਮਿਹਣੇ ਸ਼ੱਰੇਆਮ,
‘ਬੁਲਾਓ ਆਪਣਾ ਪੀਰ
ਤਿਲਕ ਜੰਞੂ ਦਾ ਰਾਖਾ,
ਖੁਦਾ ਬੰਦਾ ਪਰਵਰਦਿਗਾਰ,
ਬਣ ਜਾਵੇ ਮੁਸਲਮਾਨ
ਜਾਂ ਦਿਖਾਵੇ ਚਮਤਕਾਰ।...
ਸਾਡੀ ਮਦਦ ਕਰੋ ਸਰਕਾਰ।

ਸਰਕਾਰੀ ਲੋਭ ਲਾਲਚ
ਇਵਜ਼ਾਨਾ, ਹਰਜਾਨਾ!
ਕੀ ਕਿਵੇਂ ਕਦੋਂ
ਭਰ ਸਕਦੇ ਨੇ ਇਹ ਖਸਾਰਾ?
ਕੀ ਹੋ ਸਕਦੀ ਹੈ
ਸਤ ਭੰਗ ਹੋਣ ਦੀ ਭਰਪਾਈ!
ਕੀ ਹੋ ਸਕਦੀ ਹੈ
ਇੱਜ਼ਤਾਂ ਰੋਲਣ ਦੀ ਮੁਜਰਾਈ?
ਕਿਉਂ ਕਰੀਏ ਅਸੀਂ/ਤੁਸੀਂ
ਧਰਮ ਪਰਿਵਰਤਣ?
ਗੁੰਮ-ਸੁੰਮ ਚਿੰਤਾਤੁਰ
ਬਾਬਾ ਤੇਗਾ ਮੱਲ
ਢੂੰਡ ਰਿਹਾ ਜੁਆਬ।
ਨਿਰਾਸ਼ ਹੈ ਕਿਰਪਾ ਰਾਮ...
ਉਦਾਸ ਹੈ ਗੁਰੂ ਤੇਗ ਬਹਾਦਰ।

**ਗੁਰੂ ਤੇਗ ਬਹਾਦਰ:**
ਇਹ ਹਿੰਦੂ ਧਰਮ ਬਚਾਉਣ ਦਾ ਸਾਕਾ।
ਸਿਰ ਆ ਚੜ੍ਹਿਆ
ਕਰਤੱਵ ਨਿਭਾਉਣ ਦਾ ਸਾਕਾ।
ਮਤਲਬ...ਦਿੱਲੀ ਨਾਲ
ਟਕਰਾਉਣ ਦਾ ਸਾਕਾ।
ਸਰਕਾਰਾਂ ਨਾਲ
ਸਿੰਗ ਫਸਾਉਣ ਦਾ ਸਾਕਾ।
ਮਖਮਲੀ ਅਰਮਾਨ
ਲੁਟਾਉਣ ਦਾ ਸਾਕਾ।
ਸ਼ਾਹੀ ਤਾਜ ਕਲਗੀ
ਗਵਾਉਣ ਦਾ ਸਾਕਾ।
ਅੱਗ ਵਿਚ ਹੱਥ
ਸੜਵਾਉਣ ਦਾ ਸਾਕਾ
ਆਰੇ ਨਾਲ ਤਨ
ਚਿਰਾਉਣ ਦਾ ਸਾਕਾ।
ਦੇਗਾਂ ਵਿਚ ਤਨ
ਉਬਲਾਉਣ ਦਾ ਸਾਕਾ।
ਇਹ ਹੈ ਯੁੱਗ
ਪਲਟਾਉਣ ਦਾ ਸਾਕਾ।
ਵੱਡੇ ਫੱਕਰ ਦੀ ਬਲੀ
ਦਿਵਾਉਣ ਦਾ ਸਾਕਾ!
ਚਾਂਦਨੀ ਚੌਕ ਵਿਚ
ਸੀਸ ਕਟਵਾਉਣ ਦਾ ਸਾਕਾ।...

**ਗੋਬਿੰਦ ਰਾਏ:**
ਸੁਣ ਕੇ ਤਲਖ ਹਕੀਕਤ ਗੋਬਿੰਦ ਰਾਏ
ਮਲਕੜੇ ਉੱਠ ਗੋਦੀ ਵਿਚ ਆਏ।
ਜਾਓ ਪਿਤਾ ਜੀ ਨਿਸ਼ਚਿੰਤ ਜਾਓ
ਦੁਖੀਆਂ ਦਾ ਤੁਸੀਂ ਦੀਨ ਬਚਾਓ।
ਹਿੰਦੂਆਂ ਦਾ ਹੋ ਰਿਹਾ ਨਿਰਾਦਰ
ਸਵੈਮਾਣ ਇਨ੍ਹਾਂ ਬਹਾਲ ਕਰਾਓ।
ਮੇਰਾ ਫਿਕਰ ਨਾ ਕਰਿਓ ਕੋਈ
ਮੁਗਲਾਂ ਨੂੰ ਤੁਸੀਂ ਸਬਕ ਸਿਖਾਓ।
ਤੁਹਾਥੋਂ ਵੱਡਾ ਨਾ ਕੋਈ ਸਰਬੰਸ ਦਾਨੀ
ਦਿੱਲੀ ਜਾਓ ਸੀਸ ਕਟਾਓ।
ਬੋਲੇ ਸੋ ਨਿਹਾਲ...ਸਤਿ ਸ੍ਰੀ ਅਕਾਲ।

**ਗੁਰੂ ਤੇਗ ਬਹਾਦਰ:**
ਸਿਰ ਧੜ ਦੀ ਬਾਜੀ ਲਾਵਾਂਗੇ
ਅਸੀਂ ਆਪਣਾ ਧਰਮ ਬਚਾਵਾਂਗੇ।
ਗੁਰੂ ਅਰਜਨ ਦੇਵ ਨੂੰ ਦਿੱਲੀ ਨੇ ਪਾਈ
ਭਾਜੀ ਦਾ ਮੁੱਲ ਚੁਕਾਵਾਂਗੇ।
ਨਾ ਧੌਂਸ ਦੇਣੀ ਨਾ ਮੰਨਣੀ
ਸੁਨਹਿਰੀ ਮਰਿਆਦਾ ‘ਤੇ ਫੁੱਲ ਚੜ੍ਹਾਵਾਂਗੇ।
ਪਿਉ-ਦਾਦਾ ਦੇ ਗਏ ਨਸੀਹਤ
ਨਾ ਜਬਰ ਮੂਹਰੇ ਸੀਸ ਝੁਕਾਵਾਂਗੇ।
ਕਹਿ ਦਿਓ ਔਰੰਗਜ਼ੇਬ ਨੂੰ ਜਾ ਕੇ
ਅਸੀਂ ਝਬਦੇ ਹੀ ਦਿੱਲੀ ਜਾਵਾਂਗੇ।
ਸਮੂਹਕ ਸ਼ਹੀਦੀਆਂ ਦੇਵਾਂਗੇ
ਉਸ ਲੋਂਙ ਦੀ ਪਿਆਸ ਮਿਟਾਵਾਂਗੇ।
ਇੱਟ ਨਾਲ ਇੱਟ ਖੜਕਾਵਾਂਗੇ
ਕਾਣੀ ਸਰਕਾਰ ਦੇ ਕਿੰਗਰੇ ਢਾਹਵਾਂਗੇ।
ਲਾਲ ਕਿਲ੍ਹੇ ਨਾਲ ਮੱਥਾ ਮਾਰਾਂਗੇ
ਮੁਗਲਾਂ ਦਾ ਤੁਖਮ ਮਿਟਾਵਾਂਗੇ।
ਬੋਲੇ ਸੋ ਨਿਹਾਲ... ਸਤਿ ਸ੍ਰੀ ਅਕਾਲ।

***-ਚਰਨਜੀਤ ਸਿੰਘ ਪੰਨੂ***

## ਗੱਲਾਂ ਤੇਰੇ ਨਾਲ...

ਪੁੱਤ ਸੀ ਕਿਸਾਨ ਦਾ ਤੇ ਪੂਰਾ ਟੌਹਰ ਟੱਪਾ ਸੀ
ਬਲਦਾਂ ਨਾਲ ਸ਼ੁਰੂ ਕੀਤੀ, ਕੋਲ ਨਾਰਾ-ਚੱਪਾ ਸੀ।
ਦਿਨ ਰਾਤ ਮਿਹਨਤਾਂ ਨੇ ਰੰਗ ਭਾਗ ਲਾਏ ਸੀ
ਬਾਦਸ਼ਾਹੀ ਵਾਲੇ ਦਿਨ ਨੱਬੇ ਵਿਚ ਆਏ ਸੀ।
ਤਿੰਨ ਸੀ ਟਰੈਕਟਰ ਤੇ ਕੋਲ ਚਿੱਟੀ ਕਾਰ ਸੀ
ਗੁਣਾਚੌਰ ਵਿਚ ਸਿਰ ਕੱਢ ਸਰਦਾਰ ਸੀ।
ਲੋੜਵੰਦਾਂ ਨਾਲ ਪੂਰਾ ਖੜ੍ਹਦਾ ਸੀ ਡੱਟ ਕੇ
ਅੱਜ ਵੀ ਉਹ ਬੋਲ ਮੇਰੇ ਕੰਨਾਂ ਵਿਚ ਖੜਕੇ।

“ਜ਼ਿੰਦਗੀ ਹਜ਼ਾਰ ਸਾਲ ਜਿਉਣ ਨਹੀਂਓਂ ਆਏ,
ਬੰਦਾ ਪਾਵੇ ਚੰਗਾ ਕੱਪੜਾ ਤੇ ਮਨ ਭਾਉਂਦਾ ਖਾਏ।”

ਪਿਛਲੇ ਮਹੀਨੇ ਬਾਪੂ ਅਠਾਰਾਂ ਸਾਲ ਹੋ ਗਏ
ਤੇਰੇ ਜਾਣ ਨਾਲ ਕਈ ਰਿਸ਼ਤੇ ਵੀ ਖੋਹ ਗਏ।
ਸਰੀਰ ਤੁਰ ਜਾਂਦੇ, ਬੰਦਾ ਕਦੇ ਵੀ ਨਹੀਂ ਮਰਦਾ
ਅੱਜ ਵੀ ਮੈਂ ਰਹਿਨਾਂ ਗੱਲਾਂ ਤੇਰੇ ਨਾਲ ਕਰਦਾ।
ਗੱਲ ਵੱਖਰੀ ਤੂੰ ਅੱਗਿਓਂ ਹੁੰਗਾਰਾ ਨਹੀਂਓ ਭਰਦਾ
ਗੱਲ ਵੱਖਰੀ ਤੂੰ ਅੱਗਿਓਂ ਹੁੰਗਾਰਾ ਨਹੀਂਓ ਭਰਦਾ।

***-ਅਮੋਲਕ ਸਿੰਘ***

# ਬੈਚ ਫੁੱਲ ਹੈਦਰ: ਸਿਰਖਾਊ ਨਿਜਸਵਾਰਥੀ

***(ਪਿਛਲੇ ਸਫੇ ਦੀ ਬਾਕੀ)***

ਤੌਰ ‘ਤੇ ਆਤਮ ਨਿਰਭਰ ਬਣਾਉਣਾ ਹੈ। ਇਸ ਦਾ ਉਦੇਸ਼ ਉਨ੍ਹਾਂ ਨੂੰ ਇਹ ਦੱਸਣਾ ਹੈ ਕਿ ਚੰਗੀ ਸਿਹਤ ਉਨ੍ਹਾਂ ਦੇ ਕਿੰਨਾ ਨੇੜੇ ਹੈ ਤੇ ਉਹ ਪੈਸੇ ਪੁੱਟਦੇ ਇੱਧਰ ਉੱਧਰ ਘੁੰਮਦੇ ਫਿਰ ਰਹੇ ਹਨ; ਪਰ ਇੰਨੀ ਕੁ ਗੱਲ ਸਮਝਣ ਵਿਚ ਵੀ ਕਈਆਂ ਦੇ ਰਸਤੇ ਵਿਚ ‘ਹੈਦਰ’ ਖੜ੍ਹੀ ਹੋ ਜਾਂਦੀ ਹੈ। ਉਹ ਕਿਸੇ ਦਵਾਈ ਨੂੰ ਲੈ ਕੇ ਵਾਰ ਵਾਰ ਪੁੱਛਦੇ ਰਹਿਣਗੇ ਕਿ ਜੀ ਇਸ ਤਕਲੀਫ ਦੀ ਦਵਾਈ ਇਹੀ ਹੈ? ਸ਼ਾਇਦ ਉਹ ਇਹ ਲੇਖ ਪੜ੍ਹਦੇ ਨਹੀਂ ਜਾਂ ਪੜ੍ਹ ਕੇ ਅਣਗੌਲਿਆ ਕਰ ਦਿੰਦੇ ਹਨ। ਉਨ੍ਹਾਂ ਨੂੰ ਇਹ ਵੀ ਸ਼ੌਕ ਨਹੀਂ ਹੁੰਦਾ ਕਿ ਉਹ ਨਵੀਂ ਗੱਲ ਨੂੰ ਸਿੱਖ ਕੇ ਪੱਲੇ ਬੰਨ ਲੈਣ ਤੇ ਇਸ ਪ੍ਰਤੀ ਹੋਰ ਜਾਣਨ ਲਈ ਇਸ ਤੇ ਉਪਲਭਦ ਸਾਹਿਤ ਪੜ੍ਹਨ; ਪਰ ਉਨ੍ਹਾਂ ਦੀ ਸਵੈ-ਕੇਂਦਰਿਤ ਭਾਵਨਾ ਉਨ੍ਹਾਂ ਨੂੰ ਆਪਣੀ ਬੀਮਾਰੀ ਦੀ ਇਕ ਵਿਸ਼ੇਸ਼ ਦਵਾਈ ਨਾਲ ਜੋੜ ਕੇ ਰੱਖ ਦਿੰਦੀ ਹੈ। ਉਹ ਸਵਾਰਥੀ ਭਾਵਨਾ ਨਾਲ ਇਸੇ ਬਾਰੇ ਪੁੱਛਦੇ ਰਹਿਣਗੇ।

ਕਦੇ ਦਵਾਈ ਦੀ ਫੋਟੋ ਖਿੱਚ ਕੇ ਭੇਜਦੇ ਹਨ ਤੇ ਪੁੱਛਦੇ ਹਨ, “ਇਹੀ ਹੈ ਜੀ, ਲੈ ਲਈਏ?” ਕਈ ਕਹਿਣਗੇ, “ਚਾਰ ਕੁ ਦਿਨ ਤਾਂ ਲੈ ਲਈ ਹੈ ਜੀ, ਹੋਰ ਕਿੰਨਾ ਕੁ ਚਿਰ ਲਈਏ?” ਜੇ ਉਨ੍ਹਾਂ ਨੂੰ ਕਹੋ ਕਿ ਇਸ ਦੇ ਉੱਤਰ ਲਈ ਫਲਾਂ ਲੇਖ ਪੜ੍ਹੋ, ਤਾਂ ਕਈ ਪੁੱਛਣਗੇ ਕਿ ਇਹ ਲੇਖ ਕਿੱਥੇ ਹੈ ਜੀ? ਜੇ ਯਾਦ ਕਰਵਾ ਦਿਓ ਕਿ ‘ਪੰਜਾਬ ਟਾਈਮਜ਼’ ਵਿਚ ਹੀ ਹੈ ਤਾਂ ਅਖਬਾਰ ਦਾ ਸਫਾ ਨੰਬਰ ਪੁੱਛਣਗੇ। ਇਕ ਬੀਬੀ ਨੇ ਤਾਂ ਆਪਣੇ ਨਿੱਕੇ ਬਾਲ ਦੀ ਦਵਾਈ ਬਾਰੇ ਛੋਟੀ ਜਿਹੀ ਗੱਲ ਸਮਝਣ ਲਈ ਅੱਠ ਫੋਨ ਕੀਤੇ। ਅਖੀਰ ਉਸ ਨੂੰ ਕਹਿਣਾ ਪਿਆ ਕਿ ਬੀਬੀ ਬੱਚੇ ਦੇ ਇਲਾਜ ਦੇ ਨਾਲ ਤੂੰ ਆਪ ਸੈਂਟਾਉਰੀ ਤੇ ਹੈਦਰ ਨਾਮਕ ਦਵਾਈਆਂ ਲੈ ਤਾਂ ਜੋ ਨਿਜ-ਸਵਾਰਥ ਤੋਂ ਉੱਪਰ ਉੱਠ ਕੇ ਇਨ੍ਹਾਂ ਬਾਰੇ ਸੰਪੂਰਨ ਜਾਣਕਾਰੀ ਪ੍ਰਾਪਤ ਕਰ ਸਕੇਂ।

ਬੈਚ ਫੁੱਲ ਚਿਕਿਤਸਾ ਨੂੰ ਯੋਗਤਾ ਨਾਲ ਸਮਝਣ ਤੇ ਲਾਗੂ ਕਰਨ ਲਈ ਇਹ ਜਾਣਨਾ ਅਤਿ ਜਰੂਰੀ ਹੈ ਕਿ ਇਹ ਮਰੀਜ਼ ਦੇ ਸੁਭਾਅ ਤੇ ਸੋਚ ਅਨੁਸਾਰ ਲਾਭ ਕਰਦੀਆਂ ਹਨ। ਇਹ ਇੰਦਾਂ ਕੰਮ ਨਹੀਂ ਕਰਦੀਆਂ ਕਿ ਕਿਸੇ ਦੇ ਢਿੱਡ ਪੀੜ ਹੈ ਤਾਂ ਅਜਵੈਣ ਦੇ ਦਿਓ। ਇੱਥੇ ਅਜਵੈਣ ਇਕ ਹਥੌੜੇ ਵਜੋਂ ਵਰਤੀ ਜਾਂਦੀ, ਜਿਸ ਨੂੰ ਮਾਰ ਕੇ ਹਰ ਜੰਦਰਾ ਤੋੜਿਆ ਜਾ ਸਕਦਾ ਹੈ। ਪਰ ਤੋੜਨਾ, ਕੱਟਣਾ, ਮਾਰਨਾ ਜਾਂ ਆਪਰੇਸ਼ਨ ਕਰਨਾ ਕਿਸੇ ਰੋਗ ਦਾ ਇਲਾਜ ਨਹੀਂ ਹੈ। ਬੈਚ ਚਿਕਿਤਸਾ ਰਾਹੀਂ ਇਲਾਜ ਕਰਨ ਲਈ ਤਾਂ ਮਰੀਜ਼ ਦਾ ਸੁਭਾਅ ਤੇ ਉਸ ਦਾ ਆਪਣੀ ਮਰਜ਼ ਪ੍ਰਤੀ ਪ੍ਰਤੀਕਰਮ ਦੇਖਣਾ ਪਵੇਗਾ। ਜੇ ਉਹ ਪੇਟ ਦਰਦ ਛੁਪਾਉਂਦਾ ਹੈ ਤੇ ਇਸ ਦੇ ਹੁੰਦਿਆਂ ਵੀ ਮੁਸਕਰਾਉਂਦਾ ਹੈ ਤਾਂ ਐਗਰੀਮਨੀ ਦਿਓ, ਜੇ ਹੰਝੂ ਕੇਰ ਕੇ ਰੋਂਦਾ ਹੈ ਤਾਂ ਚੈਰੀ ਪਲੰਮ ਦਿਓ, ਜੇ ਰਾਤ ਨੂੰ ਉੱਠ ਕੇ ਬੈਠਦਾ ਹੈ ਤਾਂ ਵ੍ਹਾਈਟ ਚੈਸਟਨਟ ਦਿਓ ਤੇ ਜੇ ਇਸ ਨੂੰ ਫੌਰਨ ਦੂਰ ਕਰਨ ਲਈ ਚਾਕੂ ਨਾਲ ਕੱਟ ਕੇ ਬਾਹਰ ਕੱਢਣ ਦੀ ਜਾਂ ਆਪਰੇਸ਼ਨ ਕਰਾਉਣ ਦੀ ਰਟ ਲਾਉਂਦਾ ਹੈ ਤਾਂ ਕਰੈਬ ਐਪਲ ਦਿਓ। ਉਸ ਦੇ ਮਾਨਸਿਕ ਮੜ੍ਹੰਗੇ ਨਾਲ ਮੇਲ ਖਾਣ ‘ਤੇ ਹੀ ਦਵਾਈ ਲਾਭ ਕਰੇਗੀ।

# ਹਰਮਨ ਪਿਆਰੀ ਅਦਾਕਾਰਾ ਜ਼ੋਹਰਾ ਸਹਿਗਲ

***ਜ਼ੋਹਰਾ ਸਹਿਗਲ ਆਪਣੇ ਜ਼ਮਾਨੇ ਦੀ ਉਮਦਾ ਕਲਾਕਾਰ ਸੀ। ਉਸ ਨੇ ਪਹਿਲਾਂ ਥੀਏਟਰ, ਫਿਰ ਫਿਲਮਾਂ ਅਤੇ ਇਸ ਦੇ ਨਾਲ ਨਾਲ ਆਪਣੀ ਜ਼ਿੰਦਗੀ ਵਿਚ ਵੀ ਯਾਦਗਾਰੀ ਕਾਰਜ ਸਿਰੇ ਚੜ੍ਹਾਏ। ਉਸ ਦਾ ਜਨਮ 27 ਅਪਰੈਲ 1912 ਨੂੰ ਸਹਾਰਨਪੁਰ (ਉੱਤਰ ਪ੍ਰਦੇਸ਼) ਵਿਚ ਰੂੜੀਵਾਦੀ ਪਠਾਨ ਪਰਿਵਾਰ ਵਿਚ ਹੋਇਆ। ਬਚਪਨ ਦੇਹਰਾਦੂਨ ਵਿਚ ਬੀਤਿਆ। ਸ਼ੁਰੂਆਤੀ ਪੜ੍ਹਾਈ ਵੀ ਉਥੇ ਹੀ ਕੀਤੀ। 5 ਜਨਵਰੀ 1921 ਨੂੰ ਜ਼ੋਹਰਾ ਜਦੋਂ ਸਿਰਫ ਸਾਢੇ ਅੱਠ ਸਾਲ ਦੀ ਸੀ ਤਾਂ ਉਨ੍ਹਾਂ ਦੀ ਮਾਤਾ ਨਾਤਿਕਾ ਬੇਗਮ ਦਾ ਲੰਮੀ ਬਿਮਾਰੀ ਮਗਰੋਂ ਇੰਤਕਾਲ ਹੋ ਗਿਆ। ਫਿਰ ਤਾਂ ਚੱਲ ਸੋ ਚੱਲ...***

ਸਿਨੇਮਾ ਦੇ ਪਿਛਲੇ ਸੌ ਸਾਲ ਬਾਰੇ ਸੋਚਦਾ ਹਾਂ ਤਾਂ ਮਨ ਅੰਦਰ ਸਿਨੇਮਾ ਤੋਂ ਵੀ ਇਕ ਸਾਲ ਵੱਡੀ ਜ਼ੋਹਰਾ ਸਹਿਗਲ ਦਾ ਧੁੰਦਲਾ ਜਿਹਾ ਚਿਹਰਾ ਦਿਖਾਈ ਦਿੰਦਾ ਹੈ। ਜਿਵੇਂ ਜਿਵੇਂ ਯਾਦਾਂ ਕੁਰੇਦਦਾ ਹਾਂ ਤਾਂ ਇਹ ਚਿਹਰਾ ਹੋਰ ਸਾਫ ਨਜ਼ਰ ਆਉਣ ਲੱਗਦਾ ਹੈ। ਮੈਨੂੰ ਉਹ ਵੀ ਦਿਨ ਯਾਦ ਹੈ ਜਦੋਂ ਮੈਂ ਅਤੇ ਆਕ੍ਰਿਤੀ ਸਾਹਨੀ ਨੇ ਜ਼ੋਹਰਾ ਆਪਾ ਨੂੰ ਫੜ ਕੇ ਸਟੇਜ 'ਤੇ ਚੜ੍ਹਾਇਆ ਸੀ। ਉਸ ਵਕਤ ਉਨ੍ਹਾਂ ਦੀ ਉਮਰ ਸੌ ਸਾਲ ਨੂੰ ਢੁੱਕਣ ਵਾਲੀ ਸੀ। ਉਮਰ ਦੇ ਇਸ ਪੜਾਅ ਵਿਚ ਕਹਿੰਦੇ ਕਹਾਉਂਦੇ ਖੱਬੀਖਾਨ ਮੰਜਾ ਫੜ ਬਹਿ ਜਾਂਦੇ ਹਨ। ਜਦੋਂ ਅਸੀਂ ਉਨ੍ਹਾਂ ਨੂੰ ਫੜ ਕੇ ਸਟੇਜ 'ਤੇ ਚੜ੍ਹਾਇਆ ਤਾਂ ਮਨ ਵਿਚ ਖਿਆਲ ਇਹ ਵੀ ਆ ਰਿਹਾ ਸੀ ਕਿ ਜ਼ੋਹਰਾ ਆਪਾ ਇਸ ਉਮਰ ਵਿਚ ਪੇਸ਼ਕਾਰੀ ਕਰ ਸਕਣਗੇ? ਪਰ ਜਿਵੇਂ ਹੀ ਉਹ ਸਟੇਜ 'ਤੇ ਪਹੁੰਚੇ, ਲਾਈਟਾਂ ਆਨ ਹੋਈਆਂ ਤਾਂ ਉਹ ਜਿੰਨੀ ਦੇਰ ਸਟੇਜ 'ਤੇ ਰਹੇ ਦਰਸ਼ਕਾਂ ਨੇ ਅੱਖਾਂ ਝਪਕੇ ਬਿਨਾਂ ਉਨ੍ਹਾਂ ਦੀ ਅਦਾਕਾਰੀ ਨੂੰ ਦੇਖਿਆ। ਜ਼ੋਹਰਾ ਨੇ ਇਕ ਵਾਰ ਇੰਟਰਵਿਊ ਵਿਚ ਦੱਸਿਆ ਸੀ: "ਜਦੋਂ ਮੈਂ ਸਟੇਜ 'ਤੇ ਜਾਂਦੀ ਹਾਂ ਤਾਂ ਮੈਨੂੰ ਲੱਗਦਾ ਹੈ, ਜਿਵੇਂ ਮੈਂ ਉੱਡ ਰਹੀ

**ਅਮਰਦੀਪ**
ਫੋਨ: +91-77105-07450

ਹੋਵਾਂ, ਕਿਉਂਕਿ ਥੀਏਟਰ ਹੀ ਉਨ੍ਹਾਂ ਦਾ ਪਹਿਲਾ ਪਿਆਰ ਸੀ।" ਜਿਹੜੇ ਦਰਸ਼ਕਾਂ ਨੇ ਉਨ੍ਹਾਂ ਦੀ ਪੇਸ਼ਕਾਰੀ ਦੇਖੀ ਹੈ, ਉਹ ਆਪਣੇ ਆਪ ਨੂੰ ਧੰਨਭਾਗ ਸਮਝ ਰਹੇ ਸਨ। ਸਾਨੂੰ ਤਾਂ ਫਿਰ ਵੀ ਉਨ੍ਹਾਂ ਦੇ ਸੰਗ ਵਿਚਰਨ ਦਾ ਮੌਕਾ ਮਿਲਿਆ। ਉਹ ਕਮਾਲ ਦੇ ਕਲਾਕਾਰ ਸਨ।

ਜ਼ੋਹਰਾ ਦਾ ਜਨਮ 27 ਅਪਰੈਲ 1912 ਨੂੰ ਸਹਾਰਨਪੁਰ (ਉੱਤਰ ਪ੍ਰਦੇਸ਼) ਵਿਚ ਰੂੜੀਵਾਦੀ ਪਠਾਨ ਪਰਿਵਾਰ ਵਿਚ ਹੋਇਆ। ਇਨ੍ਹਾਂ ਦਾ ਬਚਪਨ ਦੇਹਰਾਦੂਨ ਵਿਚ ਬੀਤਿਆ। ਸ਼ੁਰੂਆਤੀ ਪੜ੍ਹਾਈ ਵੀ ਏਥੇ ਹੀ ਕੀਤੀ। ਇਨ੍ਹਾਂ ਦੀਆਂ ਤਿੰਨ ਭੈਣਾਂ ਤੇ ਇਕ ਭਰਾ ਸੀ। 5 ਜਨਵਰੀ 1921 ਨੂੰ ਜਦੋਂ ਜ਼ੋਹਰਾ ਆਪਾ ਦੀ ਉਮਰ ਸਿਰਫ ਸਾਢੇ ਅੱਠ ਸਾਲ ਸੀ ਤਾਂ ਉਨ੍ਹਾਂ ਦੀ ਮਾਤਾ ਨਾਤਿਕਾ ਬੇਗਮ ਦਾ ਲੰਮੀ ਬਿਮਾਰੀ ਮਗਰੋਂ ਇੰਤਕਾਲ ਹੋ ਗਿਆ। ਜ਼ੋਹਰਾ ਦੀ ਮਾਂ ਨੂੰ ਜਿਵੇਂ ਆਪਣੀ ਮੌਤ ਬਾਰੇ ਪਹਿਲਾਂ ਹੀ ਪਤਾ ਲੱਗ ਗਿਆ ਸੀ, ਉਨ੍ਹਾਂ ਆਪਣੀ ਵਸੀਅਤ ਪਹਿਲਾਂ ਹੀ ਤਿਆਰ ਕਰ ਲਈ ਸੀ; ਉਨ੍ਹਾਂ ਲਿਖਿਆ ਕਿ ਉਨ੍ਹਾਂ ਦੇ ਮਰਨ ਦੇ ਬਾਅਦ ਉਨ੍ਹਾਂ ਦੇ ਹਿੱਸੇ ਦੇ ਪੈਸੇ ਬੱਚਿਆਂ ਦੀ ਪੜ੍ਹਾਈ ਲਿਖਾਈ 'ਤੇ ਹੀ ਖਰਚ ਕੀਤੇ ਜਾਣ, ਖਾਸ ਤੌਰ 'ਤੇ ਪੁੱਤਰੀਆਂ ਦੀ ਪੜ੍ਹਾਈ ਲਈ। ਉਸ ਜ਼ਮਾਨੇ ਵਿਚ ਇਉਂ ਸੋਚਣਾ ਬਹੁਤ ਵੱਡੀ ਗੱਲ ਸੀ। ਜ਼ੋਹਰਾ ਦੇ ਪਿਤਾ ਨੇ ਆਪਣੀ ਪਤਨੀ ਦੀ ਇੱਛਾ ਦਾ ਸਨਮਾਨ ਕਰਦੇ ਹੋਏ ਜ਼ੋਹਰਾ ਨੂੰ ਲਾਹੌਰ ਦੇ ਕੁਈਨ ਮੈਰੀ ਸਕੂਲ ਵਿਚ ਪੜ੍ਹਨ ਲਗਾ ਦਿੱਤਾ ਜਿੱਥੇ ਅਮੀਰਾਂ ਦੇ ਬੱਚਿਆਂ ਨੂੰ ਹੀ ਦਾਖਲਾ ਮਿਲਦਾ ਸੀ। ਉਸ ਸਮੇਂ ਦੇਸ਼ ਤਕਸੀਮ ਨਹੀਂ ਹੋਇਆ ਸੀ। ਇਹ ਸਕੂਲ ਕੇਵਲ ਲੜਕੀਆਂ ਲਈ ਹੀ ਸੀ। ਇੱਥੇ ਜ਼ੋਹਰਾ ਨੂੰ ਦੋ ਵਾਰ ਅੱਵਲ ਵਿਦਿਆਰਥਣ ਦਾ ਸਨਮਾਨ ਵੀ ਮਿਲਿਆ। ਜਦੋਂ ਜ਼ੋਹਰਾ ਦਸਵੀਂ ਕਲਾਸ 'ਚ ਪੜ੍ਹਦੀ ਸੀ ਤਾਂ ਘਰ ਵਿਚ ਵਿਆਹ ਦੀ ਗੱਲ ਹੋਣ ਲੱਗੀ ਪਰ ਉਸ ਦੇ ਸਕੂਲ ਦੀ ਅੰਗਰੇਜ਼ ਪ੍ਰਿੰਸੀਪਲ ਵਿਆਹ ਦੇ ਖਿਲਾਫ ਸੀ। ਇਸ ਲਈ ਉਸ ਦੀ ਪ੍ਰਿੰਸੀਪਲ ਨੇ ਢਾਈ ਸਾਲ ਉਸ ਨੂੰ ਦਸਵੀਂ ਕਲਾਸ ਵਿਚ ਹੀ ਰੱਖਿਆ। ਉਸੇ ਸਮੇਂ ਉਸ ਨੇ ਨਾਟਕਾਂ 'ਚ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਜ਼ੋਹਰਾ ਦਾ ਮਾਮਾ ਸਾਹਿਬਜ਼ਾਦਾ ਸਈਦੂ ਜਫਰ ਖਾਨ ਵਿਦੇਸ਼ ਤੋਂ ਡਾਕਟਰੀ ਪਾਸ ਕਰ ਕੇ ਆਇਆ ਸੀ। ਉਸ ਨੇ 17 ਸਾਲ ਦੀ ਜ਼ੋਹਰਾ ਨੂੰ ਭਾਰਤ ਦੀ ਪਹਿਲੀ ਮਹਿਲਾ ਪਾਇਲਟ ਬਣਨ ਲਈ ਪ੍ਰੇਰਿਆ। ਜ਼ੋਹਰਾ ਨੂੰ ਉਸ ਦੇ ਪਿਤਾ ਨੇ ਪਾਇਲਟ ਤਾਂ ਬਣਨ ਨਾ ਦਿੱਤਾ ਪਰ ਐਕਟਿੰਗ ਸਿੱਖਣ ਦੀ ਇਜਾਜ਼ਤ ਜ਼ੋਹਰਾ ਨੂੰ ਮਿਲ ਗਈ, ਜ਼ੋਹਰਾ ਭਾਵੇਂ ਨ੍ਰਿਤ ਸਿੱਖਣਾ ਚਾਹੁੰਦੀ ਸੀ। ਅਕਤੂਬਰ 1930 ਦੀ ਇਕ ਸਵੇਰ ਜ਼ੋਹਰਾ ਆਪਣੇ ਮਾਮੇ ਨਾਲ ਖੁੱਲ੍ਹੀ ਜੀਪ 'ਚ ਸੜਕ ਦੇ ਰਸਤੇ ਦੇਹਰਾਦੂਨ, ਲਾਹੌਰ, ਮੁਲਤਾਨ, ਕੋਇਟਾ, ਤਹਿਰਾਨ, ਬਗਦਾਦ, ਅਰਬ ਦਾ ਰੇਗਿਸਤਾਨ, ਲੇਬਨਾਨ, ਬੈਰੂਤ, ਗਾਜਾ, ਜੇਰੂਸਲਮ, ਮਿਸਰ, ਕਹਿਰਾ, ਅਲੈਗਜੇਂਡਰੀਆ ਤਕ 90 ਦਿਨ ਦਾ ਸਫਰ ਤੈਅ ਕਰ ਕੇ ਫਿਰ ਪਾਣੀ ਦੇ ਰਸਤੇ ਜਨਵਰੀ 1931 ਨੂੰ ਬਰਲਿਨ (ਜਰਮਨੀ) ਜਾ ਪਹੁੰਚੀ। ਯੂਰਪ ਪਹੁੰਚ ਕੇ ਉਸ ਨੇ ਪਹਿਲਾਂ ਡੱਚ ਸਿੱਖੀ, ਫਿਰ ਨ੍ਰਿਤ ਤੇ ਅਭਿਨੈ ਦੀਆਂ ਕਲਾਸਾਂ ਲਗਾਉਣੀਆਂ ਸ਼ੁਰੂ ਕੀਤੀਆਂ। ਉਹ ਚੌਦਾਂ-ਚੌਦਾਂ ਘੰਟੇ ਨ੍ਰਿਤ ਦਾ ਅਭਿਆਸ ਕਰਦੀ। ਯੂਰਪ ਰਹਿੰਦੇ ਹੋਏ ਜ਼ੋਹਰਾ ਹੰਗਰੀ, ਆਸਟਰੀਆ, ਫਰਾਂਸ, ਇਟਲੀ, ਸਵਿਟਜ਼ਰਲੈਂਡ, ਇੰਗਲੈਂਡ ਤੇ ਨਾਰਵੇ ਵਿਚ ਵੀ ਖੂਬ ਘੁੰਮੀ। ਇਨ੍ਹਾਂ ਦਿਨਾਂ 'ਚ ਹੀ ਉਸ ਦੀ ਮੁਲਾਕਾਤ ਉਦੈ ਸ਼ੰਕਰ ਨਾਲ ਹੋਈ ਜੋ ਮਸ਼ਹੂਰ ਸਿਤਾਰਵਾਦਕ ਰਵੀ ਸ਼ੰਕਰ ਦੇ ਵੱਡੇ ਭਰਾ ਸਨ। ਉਹ ਪੈਰਿਸ ਦੇ ਕੈਬਰੇ ਹਾਲ ਵਿਚ ਭਾਰਤੀ ਨ੍ਰਿਤ ਕਰਦੇ ਸਨ।



ਜ਼ੋਹਰਾ ਸਹਿਗਲ



ਜਵਾਨੀ ਵੇਲੇ ਜ਼ੋਹਰਾ ਸਹਿਗਲ।

ਉਹ ਵੀਹਵੀ ਸਦੀ ਦੇ ਤੀਜੇ ਦਹਾਕੇ 'ਚ ਲੰਡਨ ਵਿਚ ਵੀ ਰਹੀ। ਇਸ ਨੇ ਯੂਰਪ ਵਿਚ ਰਹਿੰਦੇ ਹੋਏ ਉਦੈ ਸ਼ੰਕਰ ਦੀ ਨ੍ਰਿਤ ਮੰਡਲੀ ਦੀਆਂ ਪੇਸ਼ਕਾਰੀਆਂ ਦੇਖੀਆਂ ਤੇ ਉਨ੍ਹਾਂ ਨਾਲ ਕੰਮ ਕਰਨ ਦਾ ਮਨ ਬਣਾ ਕੇ ਉਨ੍ਹਾਂ ਤੋਂ ਕੰਮ ਲੈਣ ਦਾ ਵਾਅਦਾ ਵੀ ਲੈ ਲਿਆ। ਲੰਡਨ ਵਿਚ ਹੀ ਰਹਿੰਦੇ ਜਪਾਨ ਪਹੁੰਚਣ ਦਾ ਟੈਲੀਗ੍ਰਾਮ ਉਦੈ ਸ਼ੰਕਰ ਪਾਸੋਂ ਪ੍ਰਾਪਤ ਹੋਇਆ। ਫਿਰ ਭਾਰਤ ਆ ਕੇ ਅਲਮੋੜਾ ਪਹੁੰਚੀ ਅਤੇ 1935 'ਚ ਉਦੈ ਸ਼ੰਕਰ ਦੀ ਨ੍ਰਿਤ ਮੰਡਲੀ ਦਾ ਹਿੱਸਾ ਬਣੀ।

1939 'ਚ ਉੱਤਰ ਪ੍ਰਦੇਸ਼ ਦੇ ਅਲਮੋੜਾ 'ਚ ਉਦੈ ਸ਼ੰਕਰ ਸੰਸਕ੍ਰਿਤਕ ਕੇਂਦਰ ਸ਼ੁਰੂ ਹੋਇਆ ਜਿਸ ਵਿਚ ਜ਼ੋਹਰਾ ਨ੍ਰਿਤ ਸਿਖਾਉਂਦੀ ਸੀ। ਇਸੇ ਸੰਸਕ੍ਰਿਤਕ ਕੇਂਦਰ ਵਿਚ ਇਕ ਦਿਨ ਇੰਦੌਰ ਦਾ ਕਾਮੇਸ਼ਵਰ ਸਹਿਗਲ ਨ੍ਰਿਤ ਸਿੱਖਣ ਲਈ ਆਇਆ। ਏਥੇ ਹੀ ਜ਼ੋਹਰਾ ਤੇ ਕਾਮੇਸ਼ਵਰ ਦੀ ਮੁਲਾਕਾਤ ਹੋਈ। ਕਾਮੇਸ਼ਵਰ ਹਿੰਦੂ ਸੀ ਤੇ ਜ਼ੋਹਰਾ ਤੋਂ 8 ਸਾਲ ਛੋਟਾ ਸੀ ਪਰ ਇਕ ਦਿਨ ਕਾਮੇਸ਼ਵਰ ਨੇ ਜ਼ੋਹਰਾ ਕੋਲ ਵਿਆਹ ਦੀ ਗੱਲ ਕੀਤੀ ਜਿਸ ਨੂੰ ਜ਼ੋਹਰਾ ਨੇ ਕਬੂਲ ਕਰ ਲਿਆ। ਘਰ ਦਿਆਂ ਦੇ ਵਿਰੋਧ ਦੇ ਬਾਵਜੂਦ 14 ਜੂਨ 1949 ਨੂੰ ਉਨ੍ਹਾਂ ਨੇ ਕੋਰਟ ਮੈਰਿਜ ਕਰਵਾ ਲਈ। ਇਸ ਜੋੜੀ ਨੇ ਦੇਸ ਪਰਦੇਸ ਵਿਚ ਯਾਦਗਾਰ ਪੇਸ਼ਕਾਰੀਆਂ ਦਿੱਤੀਆਂ। ਮੁੰਬਈ ਵਿਚ ਜ਼ੋਹਰਾ ਨੇ ਪ੍ਰਿਥਵੀ ਰਾਜ ਕਪੂਰ ਨਾਲ ਥੀਏਟਰ 'ਚ ਕੰਮ ਕਰਨਾ ਸ਼ੁਰੂ ਕੀਤਾ। ਪ੍ਰਿਥਵੀ ਥੀਏਟਰ ਦੇ ਬਿਨਾਂ ਜ਼ੋਹਰਾ ਇਪਟਾ, ਪ੍ਰਗਤੀਸ਼ੀਲ ਅੰਦੋਲਨ ਨਾਲ ਵੀ ਜੁੜੀ। ਉਨ੍ਹਾਂ ਨੇ ਇਪਟਾ ਦੀ ਮਦਦ ਨਾਲ ਬਣੀ ਫਿਲਮ 'ਨੀਚਾ ਨਗਰ' ਵਿਚ ਅਦਾਕਾਰੀ ਕੀਤੀ ਜਿਸ ਨੂੰ ਚੇਤਨ ਅਨੰਦ ਨੇ ਡਾਇਰੈਕਟ ਕੀਤਾ ਸੀ। ਕਾਨ ਫਿਲਮ ਫੈਸਟੀਵਲ 'ਚ ਪਹਿਲੀ ਵਾਰ ਪੁਰਸਕਾਰ ਜਿੱਤਣ ਵਾਲੀ ਇਹ ਪਹਿਲੀ ਭਾਰਤੀ ਫਿਲਮ ਸੀ। ਇਕ ਸਮਾਂ ਆਇਆ ਜਦੋਂ ਜ਼ੋਹਰਾ ਆਪਣੇ ਪਤੀ ਨਾਲ ਪਾਕਿਸਤਾਨ ਚਲੀ ਗਈ ਪਰ ਉੱਥੇ ਇਹ ਦੋਵੇਂ ਜ਼ਿਆਦਾ ਦੇਰ ਨਹੀਂ ਟਿਕ ਸਕੇ ਤੇ ਵਾਪਸ ਭਾਰਤ ਆ ਕੇ ਮੁੰਬਈ ਰਹਿਣ ਲੱਗੇ। ਪਤੀ ਦੀ ਮੌਤ ਦੇ ਬਾਅਦ ਜ਼ੋਹਰਾ ਨੇ ਨਾਟਕ, ਟੀ.ਵੀ. ਤੇ ਫਿਲਮਾਂ ਕੀਤੀਆਂ ਪਰ 1962 ਵਿਚ ਵਾਪਸ ਲੰਡਨ ਚਲੀ ਗਈ। ਉੱਥੇ ਵੀ ਕੁਝ ਸਮਾਂ ਫਿਲਮਾਂ, ਨਾਟਕ ਤੇ ਟੀ.ਵੀ. ਲਈ ਕੰਮ ਕੀਤਾ। ਫਿਰ 1990 'ਚ ਵਾਪਸ ਭਾਰਤ 'ਚ ਟੀਵੀ ਤੇ ਫਿਲਮਾਂ ਲਈ ਕੰਮ ਕਰਨਾ ਸ਼ੁਰੂ ਕੀਤਾ। 1945 ਤੋਂ 1959 ਤਕ ਸੌ ਤੋਂ ਜ਼ਿਆਦਾ ਸ਼ਹਿਰਾਂ ਵਿਚ 2000 ਤੋਂ ਜ਼ਿਆਦਾ ਸ਼ੋਅ ਪ੍ਰਿਥਵੀ ਥੀਏਟਰ ਨਾਲ ਕੀਤੇ। ਜ਼ੋਹਰਾ ਦੇ ਘਰ ਇਕ ਲੜਕੀ ਕਿਰਨ ਅਤੇ ਲੜਕਾ ਪਵਨ ਪੈਦਾ ਹੋਏ। ਲੜਕੀ ਉੜੀਸੀ ਡਾਂਸਰ ਹੈ ਤੇ ਲੜਕਾ ਡਬਲਿਊ.ਐਚ.ਓ. ਵਿਚ ਆਲ੍ਹਾ ਅਫਸਰ ਰਹਿ ਚੁੱਕਿਆ ਹੈ।

ਜਦੋਂ ਭਾਰਤੀ ਨਾਟ ਸੰਘ ਨੇ ਏਸ਼ੀਅਨ ਥੀਏਟਰ ਇੰਸਟੀਚਿਊਟ ਸ਼ੁਰੂ ਕੀਤਾ। ਉਸ ਦੇ ਬਾਅਦ ਇਹ ਫੈਸਲਾ ਹੋਇਆ ਕਿ ਹਰ ਸੂਬੇ ਵਿਚ ਨਾਟਿਆ ਅਕਾਦਮੀ ਬਣੇਗੀ। ਜਦੋਂ ਦਿੱਲੀ 'ਚ ਨਾਟਿਆ ਅਕਾਦਮੀ ਬਣਾਉਣ ਦਾ ਫੈਸਲਾ ਹੋਇਆ ਤਾਂ ਜ਼ੋਹਰਾ ਸੰਗੀਤ ਨਾਟਕ ਅਕਾਦਮੀ ਦਿੱਲੀ ਦੀ ਪਹਿਲੀ ਪ੍ਰਿੰਸੀਪਲ ਬਣੀ। 1963 ਵਿਚ ਉਨ੍ਹਾਂ ਨੂੰ ਥੀਏਟਰ ਲਈ ਘਾਲੀ ਘਾਲਣਾ ਬਦਲੇ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਨਾਲ ਨਿਵਾਜਿਆ ਗਿਆ। 1990 'ਚ ਭਾਰਤ ਸਰਕਾਰ ਵੱਲੋਂ ਅਮੈਰਿਟਸ ਫੈਲੋਸ਼ਿਪ ਐਵਾਰਡ ਮਿਲਿਆ। 1991 'ਚ ਉਨ੍ਹਾਂ ਨੂੰ ਉੱਤਰ ਪ੍ਰਦੇਸ਼ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਮਿਲਿਆ। 1996 'ਚ ਉਨ੍ਹਾਂ ਨੂੰ ਬਹੁ ਸੰਸਕ੍ਰਿਤੀ ਤੇ ਟੈਲੀਵਿਜ਼ਨ ਡਰਾਮਾ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਲਈ ਬਰਮਿੰਘਮ ਵਿਚ ਨਾਰਮਨ ਬੀਟਨ ਐਵਾਰਡ ਨਾਲ ਨਿਵਾਜਿਆ ਗਿਆ। ਸ਼ੌਕਤ ਆਜ਼ਮੀ (ਕੈਫੀ ਆਜ਼ਮੀ ਦੀ ਪਤਨੀ), ਪ੍ਰਿਥਵੀ ਰਾਜ ਕਪੂਰ ਦੇ ਬਾਅਦ ਜ਼ੋਹਰਾ ਸਹਿਗਲ ਨੂੰ ਆਪਣਾ ਗੁਰੂ ਮੰਨਦੀ ਸੀ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਆਪਣੇ ਕਰੀਅਰ ਤੇ ਸ਼ੌਕ ਪੂਰੇ ਕਰਨ ਲਈ ਬਹੁਤ ਸਾਰੀਆਂ ਰੁਕਾਵਟਾਂ ਦਾ ਸਾਹਮਣਾ ਕੀਤਾ। ਉਨ੍ਹਾਂ ਦੀ ਜ਼ਿੰਦਗੀ ਵਿਚ ਇਕ ਸਮਾਂ ਅਜਿਹਾ ਵੀ ਆਇਆ, ਜਦੋਂ ਉਨ੍ਹਾਂ ਨੇ ਆਪਣੇ ਪਰਿਵਾਰ ਜਾਂ ਕਰੀਅਰ ਨੂੰ ਚੁਣਨਾ ਸੀ। ਇਨ੍ਹਾਂ ਲਈ ਇਹ ਮੁਸ਼ਕਿਲ ਦੀ ਘੜੀ ਸੀ ਪਰ ਉਹ ਕਹਿੰਦੀ: "ਜੇਕਰ ਮੈਂ ਆਪਣੀ ਇੱਛਾ ਅਨੁਸਾਰ ਕਰੀਅਰ ਨੂੰ ਨਾ ਚੁਣਦੀ ਤਾਂ ਮੈਂ ਖੁਦ ਆਪਣੀਆਂ ਨਜ਼ਰਾਂ 'ਚ ਮੁਜਰਿਮ ਬਣ ਜਾਂਦੀ। ਸਾਨੂੰ ਬੜੀ ਛੋਟੀ ਜਿਹੀ ਜ਼ਿੰਦਗੀ ਮਿਲਦੀ ਹੈ। ਬਚਪਨ ਸਿੱਖਣ ਤੇ ਸਮਝਣ 'ਚ ਚਲਾ ਜਾਂਦਾ। ਬੁਢਾਪੇ ਦੀਆਂ ਜ਼ੰਜੀਰਾਂ ਬੜੀ ਜਲਦੀ ਪੈਰਾਂ ਵਿਚ ਪੈ ਜਾਂਦੀਆਂ ਨੇ ਜਿਹੜੀ ਵਿਚਕਾਰ ਛੋਟੀ ਜਿਹੀ ਮੋਹਲਤ ਮਿਲਦੀ ਹੈ ਜਿਸ ਵਿਚ ਅਸੀਂ ਆਪਣੇ ਹੋਣ ਦਾ ਸਬੂਤ ਦੇ ਸਕਦੇ ਹਾਂ, ਕੋਈ ਅਜਿਹਾ ਕੰਮ ਕਰ ਕੇ ਜਿਸ ਕਰ ਕੇ ਲੋਕੀਂ ਸਾਨੂੰ ਯਾਦ ਰੱਖ ਸਕਣ ਪਰ ਅਸੀਂ ਇਸ ਛੋਟੀ ਜਿਹੀ ਮੋਹਲਤ ਨੂੰ ਝਿਜਕ, ਡਰ ਤੇ ਕਸ਼ਮਕਸ਼ ਵਿਚ ਹੀ ਕੱਢ ਦਿੰਦੇ ਹਾਂ। ਬਹੁਤ ਘੱਟ ਲੋਕ ਅਜਿਹੇ ਹਨ ਜਿਹੜੇ ਆਖਰੀ ਵਕਤ ਪਿੱਛੇ ਦੇਖ ਕੇ ਇਹ ਕਹਿ ਸਕਦੇ ਹਨ ਕਿ ਅਸੀਂ ਜ਼ਿੰਦਗੀ ਨੂੰ ਗੁਜ਼ਾਰਿਆ ਹੈ, ਜ਼ਿੰਦਗੀ ਨੇ ਸਾਨੂੰ ਨਹੀਂ ਗੁਜ਼ਾਰਿਆ।"

ਜ਼ੋਹਰਾ ਨੇ ਉਦੈ ਸ਼ੰਕਰ ਦੇ ਸ਼ੰਕਰ ਬੈਲੇ ਗਰੁੱਪ ਨਾਲ ਰੰਗੂਨ, ਮੱਧ ਏਸ਼ੀਆ, ਸੀਰੀਆ, ਇਰਾਨ, ਮਿਸਰ, ਯੂਨਾਨ, ਚੈਕੋਸਲਵਾਕਿਆ, ਸਵਿਟਜ਼ਰਲੈਂਡ ਤੇ ਲੰਡਨ ਵਿਚ ਸੌ ਸ਼ੋਅ ਕੀਤੇ। ਜ਼ੋਹਰਾ ਨੇ ਮਸ਼ਹੂਰ ਲੇਖਕ ਅੰਤੋਨ ਚੈਖਵ ਦੇ ਭਤੀਜੇ ਮਾਈਕਲ ਚੈਖਵ ਕੋਲੋਂ ਅਭਿਨੈ ਦੀਆਂ ਬਾਰੀਕੀਆਂ ਸਿੱਖੀਆਂ। ਜ਼ੋਹਰਾ ਦਾ ਪਤੀ ਉਰਦੂ ਤੇ ਫਾਰਸੀ ਦਾ ਵੀ ਗਿਆਨ ਰੱਖਦਾ ਸੀ ਤੇ ਉਹ ਇਕ ਕਾਬਲ ਡਾਂਸਰ ਤੇ ਇਕ ਕਲਾ ਨਿਰਦੇਸ਼ਕ ਵੀ ਸੀ।

ਸਵਿਟਜ਼ਰਲੈਂਡ ਦੀ ਮਹਿਲਾ ਮੂਰਤੀਕਾਰ ਐਲਿਸ ਬੋ ਉਨ੍ਹਾਂ ਦੇ ਨ੍ਰਿਤ ਦੀ ਅਜਿਹੀ ਦੀਵਾਨੀ ਹੋਈ ਕਿ ਉਹ ਉਸ ਨੂੰ ਭਾਰਤ ਵਾਪਸ ਲੈ ਆਈ ਤੇ ਦੋਵਾਂ ਨੇ ਭਾਰਤ ਵਿਚ ਸੰਗੀਤ ਮੰਡਲੀ ਬਣਵਾਈ। ਉਹ ਵੱਖ-ਵੱਖ ਦੇਸ਼ਾਂ 'ਚ ਪ੍ਰੋਗਰਾਮ ਕਰਦੇ। ਜਦੋਂ ਉਦੈ ਸ਼ੰਕਰ ਦਾ ਸ਼ੋਅ ਜਰਮਨ 'ਚ ਹੋਇਆ ਤਾਂ ਜ਼ੋਹਰਾ ਆਪਣੇ ਜਰਮਨ ਦੋਸਤਾਂ ਨਾਲ ਸ਼ਿਵ ਪਾਰਵਤੀ ਸ਼ੋਅ ਦੇਖਣ ਗਈ। ਇਹ ਸ਼ੋਅ ਉਸ ਦੇ ਦਿਲ ਤੇ ਦਿਮਾਗ 'ਤੇ ਅਜਿਹਾ ਛਾਇਆ ਕਿ ਉਸ ਨੇ ਉਦੈ ਸ਼ੰਕਰ ਨਾਲ ਕੰਮ ਕਰਨ ਦਾ ਮਨ ਬਣਾ ਲਿਆ ਤੇ ਉਦੈ ਸ਼ੰਕਰ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਦੀ ਮੰਡਲੀ 'ਚ ਕੰਮ ਕਰਨ ਦੀ ਇੱਛਾ ਪ੍ਰਗਟਾਈ। 20 ਸਤੰਬਰ 1933 ਨੂੰ ਜ਼ੋਹਰਾ ਭਾਰਤ ਵਾਪਸ ਆ ਗਈ। ਲਗਭਗ ਦੋ ਸਾਲ ਬਾਅਦ ਉਦੈ ਸ਼ੰਕਰ ਆਪਣੀ ਨ੍ਰਿਤ ਮੰਡਲੀ ਨਾਲ ਲਾਹੌਰ ਆਏ ਤੇ ਜ਼ੋਹਰਾ ਉਨ੍ਹਾਂ ਨੂੰ ਫਿਰ ਮਿਲੀ। ਇਕੱਠੇ ਕੰਮ ਕਰਨ ਦੀ ਫਿਰ ਗੱਲ ਹੋਈ। ਉਦੈ ਸ਼ੰਕਰ ਦੇ ਲਾਹੌਰ ਤੋਂ ਜਾਣ ਦੇ ਕੁਝ ਸਮਾਂ ਬਾਅਦ ਉਸ ਨੂੰ ਇਕ ਤਾਰ ਮਿਲੀ ਜਿਸ ਵਿਚ ਉਨ੍ਹਾਂ ਨੇ ਲਿਖਿਆ ਕਿ 11 ਅਗਸਤ ਨੂੰ ਜਪਾਨ ਜਾਣਾ ਹੈ। ਕੀ ਤੂੰ ਸਾਡੀ ਨ੍ਰਿਤ ਮੰਡਲੀ 'ਚ ਸ਼ਾਮਲ ਹੋ ਸਕਦੀ ਹੈਂ? ਉਦੈ ਸ਼ੰਕਰ ਨੇ ਜ਼ੋਹਰਾ ਨੂੰ ਬਕਾਇਦਾ ਟ੍ਰੇਨਿੰਗ ਦਿੱਤੀ ਤੇ 8 ਅਗਸਤ 1935 ਨੂੰ ਕਲਕੱਤਾ ਦੇ ਨਿਊ ਐਮਪਾਇਰ ਥੀਏਟਰ ਵਿਚ ਉਨ੍ਹਾਂ ਦੀ ਜ਼ਿੰਦਗੀ ਦਾ ਪਹਿਲਾ ਨ੍ਰਿਤ ਪ੍ਰਦਰਸ਼ਨ ਹੋਇਆ। ਇਸ ਤੋਂ ਬਾਅਦ ਉਹ ਸਿੰਗਾਪੁਰ, ਰੰਗੂਨ ਤੇ ਕੁਆਲਾਲੰਮਪੁਰ 'ਚ ਮੰਡਲੀ ਨਾਲ ਨ੍ਰਿਤ ਕਰਨ ਗਈ। ਜਦੋਂ ਜ਼ੋਹਰਾ ਵਾਪਸ ਭਾਰਤ ਆਈ ਤਾਂ ਉਹ ਸੁਪਰ ਸਟਾਰ ਬਣ ਚੁੱਕੀ ਸੀ। ਜਨਵਰੀ 1936 ਵਿਚ ਉਹ ਫਿਰ ਬੰਬਈ ਤੋਂ ਸਮੁੰਦਰ ਦੇ ਰਸਤੇ ਫਲਸਤੀਨ, ਸੀਰੀਆ, ਇਰਾਕ, ਮਿਸਰ , ਇਟਲੀ, ਚੈਕੋਸਲਵਾਕੀਆ, ਸਵਿਟਜ਼ਰਲੈਂਡ, ਪੈਰਿਸ ਹੁੰਦੇ ਹੋਏ ਇੰਗਲੈਂਡ ਜਾ ਪਹੁੰਚੀ ਜਿੱਥੇ ਉਨ੍ਹਾਂ ਉਦੈ ਸ਼ੰਕਰ ਦੀ ਨ੍ਰਿਤ ਮੰਡਲੀ ਨਾਲ ਪ੍ਰੋਗਰਾਮ ਦਿੱਤੇ। 1940 ਵਿਚ ਉਦੈ ਸ਼ੰਕਰ ਸੰਸਕ੍ਰਿਤ ਕੇਂਦਰ ਕਿਸੇ ਕਾਰਨ ਬੰਦ ਹੋ ਗਿਆ। ਜ਼ੋਹਰਾ ਤੇ ਕਾਮੇਸ਼ਵਰ ਨੇ ਫੈਸਲਾ ਕੀਤਾ ਕਿ ਆਪਣਾ ਡਾਂਸ ਸਕੂਲ ਸ਼ੁਰੂ ਕੀਤਾ ਜਾਵੇ। ਸਿਰਫ ਦਸ ਹਜ਼ਾਰ ਰੁਪਏ ਨਾਲ ਇਨ੍ਹਾਂ ਦੋਵਾਂ ਨੇ ਲਾਹੌਰ ਵਿਚ ਜ਼ੋਰੇਸ਼ ਡਾਂਸ ਇੰਸਟੀਚਿਊਟ ਸ਼ੁਰੂ ਕਰ ਦਿੱਤਾ। ਇਸ ਇੰਸਟੀਚਿਊਟ ਨੇ ਥੋੜ੍ਹੇ ਹੀ ਸਮੇਂ ਵਿਚ ਆਪਣੇ ਪੈਰ ਜਮਾ ਲਏ ਤੇ ਲੋਕ ਇੱਥੇ ਦੂਰੋਂ-ਦੂਰੋਂ ਨ੍ਰਿਤ ਸਿੱਖਣ ਆਉਂਦੇ।

ਜ਼ੋਹਰਾ ਨੇ ਪ੍ਰਿਥਵੀ ਥੀਏਟਰ ਦੇ 'ਸ਼ਕੁੰਤਲਾ', 'ਦੀਵਾਰ', 'ਪਠਾਨ', 'ਗੱਦਾਰ', 'ਆਹੂਤੀ', 'ਪੈਸਾ', 'ਕਲਾਕਾਰ' ਤੇ 'ਕਿਸਾਨ' ਨਾਟਕਾਂ 'ਚ ਕੰਮ ਕੀਤਾ। ਚੌਦਾ ਸਾਲ 'ਚ 8 ਨਾਟਕਾਂ ਦੇ 2262 ਸ਼ੋਅ ਹੋਏ। ਇਹ ਵਿਸ਼ਵ ਰਿਕਾਰਡ ਹੈ। ਪ੍ਰਿਥਵੀ ਥੀਏਟਰ 'ਚ ਬਾਕਾਇਦਾ ਐਕਟਿੰਗ ਦੀ ਕਲਾਸ ਵੀ ਲੱਗਦੀ ਸੀ। ਜ਼ੋਹਰਾ ਡਾਂਸ ਸਿਖਾਉਂਦੀ। ਜ਼ੋਹਰਾ ਵੀ ਇਹ ਮੰਨਦੀ ਸੀ ਕਿ ਜੇਕਰ ਤੁਸੀਂ ਮੇਰੀ ਅਦਾਕਾਰੀ ਨੂੰ ਪਸੰਦ ਕਰਦੇ ਹੋ ਤਾਂ ਇਹ ਸਭ ਮੈਂ ਪਾਪਾ ਜੀ ਦੀ ਬਦੌਲਤ ਹੀ ਸਿੱਖ ਸਕੀ ਹਾਂ।

ਜ਼ੋਹਰਾ ਸਹਿਗਲ ਨੇ 'ਨੀਚਾ ਨਗਰ', 'ਧਰਤੀ ਕੇ ਲਾਲ', 'ਅਫਸਰ', 'ਫਰੇਬ', 'ਹੀਰ', 'ਪੈਸਾ', 'ਦਿ ਲੌਂਗ ਡਿਯੂਲ' 'ਤਮੰਨਾ', 'ਦਿਲ ਸੇ...', 'ਹਮ ਦਿਲ ਦੇ ਚੁਕੇ ਸਨਮ', 'ਦਿਲਲਗੀ', 'ਤੇਰਾ ਜਾਦੂ ਚਲ ਗਿਆ', 'ਕੱਲ ਹੋ ਨਾ ਨਾ ਹੋ', 'ਵੀਰ ਜ਼ਾਰਾ', 'ਚੀਨੀ ਕਮ', 'ਸਾਂਵਰੀਆ' ਤੇ ਇਕ ਸਮੇਂ ਦਿੱਲੀ ਦੂਰਦਰਸ਼ਨ 'ਤੇ ਚੱਲੇ ਸੀਰੀਅਲ 'ਗੁਲ ਗੁਲਸ਼ਨ ਗੁਲਫਾਮ' ਵਿਚ ਯਾਦਗਾਰੀ ਭੂਮਿਕਾਵਾਂ ਨਿਭਾਈਆਂ। ਜ਼ੋਹਰਾ ਨੇ ਆਪਣੀ ਜ਼ਿੰਦਗੀ ਦੇ 80 ਸਾਲ ਨ੍ਰਿਤ, ਥੀਏਟਰ ਤੇ ਅਦਾਕਾਰੀ ਨੂੰ ਦਿੱਤੇ। ਜਿਸ ਸਮੇਂ ਭਾਰਤੀ ਸਿਨੇਮਾ ਸੌ ਸਾਲ ਦਾ ਹੋਇਆ ਉਸ ਵਕਤ ਜ਼ੋਹਰਾ ਆਪਾ ਦੀ ਉਮਰ 101 ਸਾਲ ਸੀ। ਇਨ੍ਹਾਂ ਨੂੰ ਪਦਮਸ੍ਰੀ, ਪਦਮ ਵਿਭੂਸ਼ਣ, ਪਦਮ ਭੂਸ਼ਣ, ਸੰਗੀਤ ਨਾਟਕ ਅਕਾਦਮੀ ਐਵਾਰਡ ਅਤੇ ਕਾਲੀਦਾਸ ਸਨਮਾਨ ਨਾਲ ਨਿਵਾਜਿਆ ਗਿਆ। ਸਾਡੀ ਸਭ ਦੀ ਹਰਮਨ ਪਿਆਰੀ ਅਦਾਕਾਰਾ 10 ਜੁਲਾਈ 2014 ਨੂੰ 102 ਸਾਲ ਦੀ ਉਮਰ ਹੰਢਾ ਕੇ ਸਾਥੋਂ ਸਦਾ ਲਈ ਰੁਖਸਤ ਹੋ ਗਈ।

***ਜ਼ੋਹਰਾ ਸਹਿਗਲ ਨੇ ਉਦੈ ਸ਼ੰਕਰ ਦੇ ਸ਼ੰਕਰ ਬੈਲੇ ਗਰੁੱਪ ਨਾਲ ਰੰਗੂਨ, ਮੱਧ ਏਸ਼ੀਆ, ਸੀਰੀਆ, ਇਰਾਨ, ਮਿਸਰ, ਯੂਨਾਨ, ਚੈਕੋਸਲਵਾਕਿਆ, ਸਵਿਟਜ਼ਰਲੈਂਡ ਤੇ ਲੰਡਨ ਵਿਚ ਸੌ ਸ਼ੋਅ ਕੀਤੇ। ਜ਼ੋਹਰਾ ਨੇ ਮਸ਼ਹੂਰ ਲੇਖਕ ਅੰਤੋਨ ਚੈਖਵ ਦੇ ਭਤੀਜੇ ਮਾਈਕਲ ਚੈਖਵ ਕੋਲੋਂ ਅਭਿਨੈ ਦੀਆਂ ਬਾਰੀਕੀਆਂ ਸਿੱਖੀਆਂ। ਜ਼ੋਹਰਾ ਦਾ ਪਤੀ ਉਰਦੂ ਤੇ ਫਾਰਸੀ ਦਾ ਵੀ ਗਿਆਨ ਰੱਖਦਾ ਸੀ ਤੇ ਉਹ ਇਕ ਕਾਬਲ ਡਾਂਸਰ ਤੇ ਇਕ ਕਲਾ ਨਿਰਦੇਸ਼ਕ ਵੀ ਸੀ। ਸਵਿਟਜ਼ਰਲੈਂਡ ਦੀ ਮਹਿਲਾ ਮੂਰਤੀਕਾਰ ਐਲਿਸ ਬੋ ਉਨ੍ਹਾਂ ਦੇ ਨ੍ਰਿਤ ਦੀ ਅਜਿਹੀ ਦੀਵਾਨੀ ਹੋਈ ਕਿ ਉਹ ਉਸ ਨੂੰ ਭਾਰਤ ਵਾਪਸ ਲੈ ਆਈ ਤੇ ਦੋਵਾਂ ਨੇ ਭਾਰਤ ਵਿਚ ਸੰਗੀਤ ਮੰਡਲੀ ਬਣਵਾਈ। ਉਹ ਵੱਖ-ਵੱਖ ਦੇਸ਼ਾਂ ਵਿਚ ਪ੍ਰੋਗਰਾਮ ਕਰਦੇ। ਜਦੋਂ ਉਦੈ ਸ਼ੰਕਰ ਦਾ ਸ਼ੋਅ ਜਰਮਨ ਵਿਚ ਹੋਇਆ ਤਾਂ ਜ਼ੋਹਰਾ ਆਪਣੇ ਜਰਮਨ ਦੋਸਤਾਂ ਨਾਲ ਸ਼ਿਵ ਪਾਰਵਤੀ ਸ਼ੋਅ ਦੇਖਣ ਗਈ। ਇਹ ਸ਼ੋਅ ਉਸ ਦੇ ਦਿਲ ਤੇ ਦਿਮਾਗ 'ਤੇ ਅਜਿਹਾ ਛਾਇਆ ਕਿ ਉਸ ਨੇ ਉਦੈ ਸ਼ੰਕਰ ਨਾਲ ਕੰਮ ਕਰਨ ਦਾ ਮਨ ਬਣਾ ਲਿਆ ਤੇ ਉਦੈ ਸ਼ੰਕਰ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਦੀ ਮੰਡਲੀ ਵਿਚ ਕੰਮ ਕਰਨ ਦੀ ਇੱਛਾ ਪ੍ਰਗਟਾਈ। 20 ਸਤੰਬਰ 1933 ਨੂੰ ਜ਼ੋਹਰਾ ਭਾਰਤ ਵਾਪਸ ਆ ਗਈ।***

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com